# ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ:
# ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ

**ਗੁਰਮਤਿ ਸੰਗੀਤ ਵਿਸ਼ੇ ਵਿਚ ਪੀਐਚ.ਡੀ.** ਦੀ ਉਪਾਧੀ ਲਈ ਪ੍ਰਸਤੁਤ

ਖੋਜ ਪ੍ਰਬੰਧ


ਨਿਗਰਾਨ

**ਡਾ. ਦੇਵਿੰਦਰ ਕੌਰ**

ਸਾਬਕਾ ਪ੍ਰੋਫ਼ੈਸਰ ਅਤੇ ਮੁਖੀ,

ਸੰਗੀਤ ਵਾਦਨ ਵਿਭਾਗ,

ਸਰਕਾਰੀ ਕਾਲਜ ਲੜਕੀਆਂ,

ਪਟਿਆਲਾ।

ਖੋਜਾਰਥੀ

**ਰਣਜੀਤ ਸਿੰਘ**



**(Established Under Punjab Act No. 35 of 1961)**

ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨਵੰਬਰ, 2017

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ **ਰਣਜੀਤ ਸਿੰਘ** ਨੇ **'ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ'** ਵਿਸ਼ੇ ਉਤੇ ਪੀਐਚ.ਡੀ. ਦੀ ਡਿਗਰ੍ਹੀ ਲਈ ਮੇਰੀ ਨਿਗਰਾਨੀ ਅਧੀਨ ਖੋਜ ਕੀਤੀ ਹੈ। ਇਹ ਖੋਜਾਰਥੀ ਰਣਜੀਤ ਸਿੰਘ ਦੀ ਪ੍ਰਮਾਣਿਕ ਕਿਰਤ ਹੈ। ਇਸ ਦੀ ਸਵੈ-ਮਿਹਨਤ ਦਾ ਫ਼ਲ ਹੈ। ਇਸ ਖੋਜ ਪ੍ਰਬੰਧ ਦਾ ਕੋਈ ਵੀ ਹਿੱਸਾ ਕਿਸੇ ਵੀ ਪੁਸਤਕ, ਖੋਜ ਪ੍ਰਬੰਧ, ਖੋਜ ਪੱਤਰ ਆਦਿ ਦੇ ਹਵਾਲੇ ਤੋਂ ਬਿਨ੍ਹਾਂ ਨਹੀਂ ਲਿਆ ਗਿਆ। ਇਸ ਵਿਸ਼ੇ ਉਤੇ ਪਹਿਲਾਂ ਕਿਸੇ ਵੀ ਯੂਨੀਵਰਸਿਟੀ ਵਲੋਂ ਕੋਈ ਖੋਜ ਕਾਰਜ ਨਹੀਂ ਹੋਇਆ। ਮੈਂ ਇਸ ਖੋਜ ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਪ੍ਰਦਾਨ ਕਰਨ ਦੇ ਯੋਗ ਸਮਝਦੀ ਹੋਈ, ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦੀ ਹਾਂ।

**ਮਿਤੀ:** 3.11.2017

**ਨਿਗਰਾਨ**

**ਡਾ. ਦੇਵਿੰਦਰ ਕੌਰ**
**ਸਾਬਕਾ ਪ੍ਰੋਫ਼ੈਸਰ ਅਤੇ ਮੁਖੀ,**
**ਸੰਗੀਤ ਵਾਦਨ ਵਿਭਾਗ,**
**ਸਰਕਾਰੀ ਕਾਲਜ ਲੜਕੀਆਂ,**
**ਪਟਿਆਲਾ।**

# ਪਹਿਲਾ ਅਧਿਆਇ
# ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਇਤਿਹਾਸਿਕ ਸਰਵੇਖਣ

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਇਤਿਹਾਸਿਕ ਸਰਵੇਖਣ ਕਰਨ ਤੋਂ ਪਹਿਲਾਂ ਗੁਰਮਤਿ ਸੰਗੀਤ ਨੂੰ ਪਰਿਭਾਸ਼ਿਤ ਕਰਨਾ ਜਰੂਰੀ ਹੈ।

## 1.1 ਗੁਰਮਤਿ ਸੰਗੀਤ

ਸਧਾਰਣ ਭਾਸ਼ਾ ਵਿਚ ਗੁਰੂ ਦੀ ਮਤ ਦੇ ਅਨੁਸਾਰੀ ਸੰਗੀਤ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇਸ ਸਬੰਧੀ ਵੱਖ-ਵੱਖ ਵਿਦਵਾਨਾਂ ਅਤੇ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਇਸ ਨੂੰ ਪਰਿਭਾਸ਼ਿਤ ਕੀਤਾ ਹੈ।

ਮਹਾਨ ਵਿਦਵਾਨ **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ, "ਗੁਰਮਤ ਦਾ ਅਰਥ ਹੈ ਸਤਿਗੁਰ ਦਾ ਸਿਧਾਂਤ, ਗੁਰੂ ਦਾ ਥਾਪਿਆ ਧਰਮ ਨਿਯਮ। ਗੁਰਮਤਿ ਦਾ ਅਰਥ ਹੈ ਗੁਰੂ ਦੀ ਰਾਇ, ਸਤਿਗੁਰੂ ਦੀ ਇਛਾ, ਗੁਰੂ ਦੀ ਨਸੀਹਤ, ਗੁਰਮਤ ਦਵਾਰਾ।"[1]

**ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ, "ਸੰਗੀਤ ਦਾ ਅਰਥ ਹੈ ਨ੍ਰਿਤਯ, ਗਾਯਨ ਅਤੇ ਬਜਾਉਣਾ, ਇੰਨਾਂ ਤਿੰਨਾਂ ਦਾ ਸਮੁਦਾਯ, ਇੰਨ੍ਹਾਂ ਤੇਹਾਂ ਦਾ ਜਿਸ ਵਿਚ ਵਰਣਨ ਹੋਵੇ, ਉਹ ਗ੍ਰੰਥ।"[2]

**ਡਾ. ਗੁਰਨਾਮ ਸਿੰਘ,** ਮੁਖੀ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਗੁਰਮਤਿ ਸੰਗੀਤ ਨੂੰ ਇਸ ਤਰਾਂ ਪਰਿਭਾਸ਼ਿਤ ਕੀਤਾ ਹੈ, "ਸਿੱਖ ਗੁਰੂ ਸਾਹਿਬਾਨ ਦੁਆਰਾ ਮਰਿਆਦਤ ਸ਼ਬਦ ਕੀਰਤਨ ਪਰੰਪਰਾ ਜੋ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਸਿਧਾਂਤ ਦੀ ਅਨੁਸਾਰੀ ਹੈ।"[3] "ਬਾਣੀ ਵਿਚ ਸ਼ਬਦ ਤੇ ਸੰਗੀਤ ਦੁਆਰਾ ਸਿਰਜਿਤ ਅਧਿਆਤਮਿਕ-ਸਤਿ ਤੇ ਅਧਿਆਤਮਿਕ-ਸੰਦੇਸ਼ ਦਾ ਪ੍ਰਸਤੁਤੀ-ਵਿਧਾਨ 'ਗੁਰਮਤਿ ਸੰਗੀਤ' ਹੈ। ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਜਿਥੇ ਬਾਣੀ-ਪ੍ਰਬੰਧ ਦੀਆਂ ਵਿਭਿੰਨ ਇਕਾਈਆਂ ਕਾਰਜਸ਼ੀਲ ਰਹਿੰਦੀਆਂ ਹਨ ਉਥੇ ਗੁਰਮਤਿ ਸੰਗੀਤ ਆਪਣੇ ਵਿਸ਼ਿਸ਼ਟ ਸੰਗੀਤ ਪ੍ਰਬੰਧ / ਸੰਗੀਤ ਅਨੁਸ਼ਾਸ਼ਨ ਦੁਆਰਾ ਇਸਨੂੰ ਸੁਨਿਸ਼ਚਿਤ ਤੇ ਸਥਾਪਿਤ ਸਰੂਪ ਪ੍ਰਦਾਨ ਕਰਵਾਉਂਦਾ ਹੈ। ਗੁਰਮਤਿ ਸੰਗੀਤ ਮੂਲ ਰੂਪ ਵਿਚ ਸ਼ਬਦ-ਕੀਰਤਨ ਦਾ ਗਾਇਨ ਪ੍ਰਬੰਧ ਹੈ। ਇਸ ਗਾਇਨ ਪ੍ਰਬੰਧ ਵਿਚ ਵਿਭਿੰਨ ਗਾਇਨ ਰੂਪ ਸਕ੍ਰਿਆ ਹਨ।"[4]

---

1 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 418.

2 ---ਉਹੀ---, ---ਉਹੀ---, ਪੰਨਾ 241.

3 Gurnam Singh (Dr.) (Editor-In-Chief): Gurmat Sangit Terminology, 2012, Page 91.

4 ਗੁਰਨਾਮ ਸਿੰਘ (ਡਾ.): ਗਾਇਨ ਰੂਪ: ਨਵ ਪਰਿਪੇਖ, ਵਿਸਮਾਦੁ ਨਾਦ ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 59.

**ਭਾਈ ਮਨਜੀਤ ਸਿੰਘ** ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਅਨੁਸਾਰ, "ਜਿਵੇ ਕਿ ਸਪੱਸ਼ਟ ਹੈ ਕਿ ਸਿੱਖ ਪੰਥ ਵਿਚ ਕੀਰਤਨ ਦਾ ਅਰਥ ਗੁਰਬਾਣੀ ਨੂੰ ਸੰਗੀਤ ਵਿਚ ਸਮੋਂ ਕੇ ਗਾਉਣਾ ਹੈ। ਇਸ ਨੂੰ ਮਨ ਬੁੱਧੀ ਅਤੇ ਰੂਹ ਦੇ ਅਤਿ ਨੇੜੇ ਰੱਖਣ ਲਈ ਗੁਰੂ ਪਿਤਾ ਨੇ ਗੰਭੀਰ ਤੇ ਵੈਰਾਗਮਈ ਗੁਰਬਾਣੀ ਨੂੰ ਸੰਗੀਤ ਦੀਆਂ ਹੁਲਾਸ-ਭਰਪੂਰ ਪ੍ਰਕਿਰਤੀ ਵਾਲੀਆਂ ਸੰਗੀਤਕ ਸੁਰਾਂ ਨਾਲ ਓਤ-ਪੋਤ ਕਰ ਕੇ ਆਪ ਗਾਵਿਆ ਤੇ ਕੀਰਤਨ-ਅਭਿਲਾਖੀਆਂ ਨੂੰ ਗਾਉਣ ਦਾ ਆਦੇਸ਼ ਦਿਤਾ ਹੈ। ਇਸੇ ਕਰਕੇ ਇਸ ਨੂੰ ਗੁਰਮਤਿ ਸੰਗੀਤ ਦਾ ਨਾਮ ਦਿਤਾ ਗਿਆ ਹੈ।"[5]

**ਪ੍ਰੋ. ਤਾਰਾ ਸਿੰਘ** ਨੇ ਗੁਰਮਤਿ ਸੰਗੀਤ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ, "ਗੁਰੂ ਅਤੇ ਸੰਗਤ ਦੀ ਹਜ਼ੂਰੀ ਵਿਚ ਕੀਰਤਨਕਾਰ ਜਦੋਂ ਤੰਤੀ ਸਾਜ਼ਾਂ ਨਾਲ ਨਿਰਧਾਰਤ ਰਾਗਾਂ ਵਿਚ ਗੁਰਬਾਣੀ ਦਾ ਸੁਰ-ਤਾਲ ਬੱਧ ਰਸ ਭਿੰਨਾ ਅਖੰਡ ਕੀਰਤਨ ਕਰਦੇ ਹਨ ਜਿਸ ਵਿਚ "ਰਹਾਉ ਅਤੇ ਪਦਿਆਂ ਦੇ ਅੰਕਾਂ" ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੋਵੇ ਅਤੇ ਜੋ ਪ੍ਰਾਣੀ ਮਾਤਰ ਦੇ ਚਿੱਤ ਨੂੰ ਨਾਮ ਸਿਮਰਨ ਦੁਆਰਾ ਸਹਿਜ ਅਵਸਥਾ ਰਾਹੀ ਅਕਾਲ ਪੁਰਖ ਨਾਲ ਜੋੜੇ, ਉਸ ਨੂੰ ਗੁਰਬਾਣੀ ਸੰਗੀਤ ਦੀ ਸੰਗਿਆ ਦਿਤੀ ਜਾ ਸਕਦੀ ਹੈ।"[6]

**ਡਾ. ਜਾਗੀਰ ਸਿੰਘ** ਅਨੁਸਾਰ, "ਗੁਰਮਤਿ ਸੰਗੀਤ ਉਸ ਸੰਗੀਤ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਹੈ। ਅਕਾਦਮਿਕ ਖੇਤਰ ਵਿਚ ਇਸ ਸੰਗੀਤ ਲਈ ਗੁਰਮਤਿ ਸੰਗੀਤ ਵਿਸ਼ੇਸ਼ਣ ਵੀ ਪ੍ਰਯੋਗ ਕੀਤਾ ਜਾਂਦਾ ਹੈ।"[7]

**ਸੰਤ ਸਰਵਣ ਸਿੰਘ ਗੰਧਰਵ** ਨੇ ਸੁਰ ਸਿਮਰਨ ਸੰਗੀਤ ਪੁਸਤਕ ਵਿਚ ਗੁਰਮਤਿ ਸੰਗੀਤ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, "ਗੁਰੂ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਕੀਰਤਨੀਏ ਜਦ ਤੰਤੀ ਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਦਾ ਸੁਰ-ਤਾਲ ਬੱਧ ਆਸਾ-ਵਾਦ ਪੂਰਣ ਅਖੰਡ-ਕੀਰਤਨ ਕਰਦੇ ਹਨ ਅਤੇ ਜਿਸ ਵਿਚ ਰਹਾਉ ਅਤੇ ਪਦਾਂ ਦੇ ਅੰਕਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਅਤੇ ਜੋ ਪ੍ਰਾਣੀ ਮਾਤਰ ਨੂੰ ਨਾਮ ਸਿਮਰਨ ਦੁਆਰਾ ਸਹਿਜ ਅਵਸਥਾ ਵਿਚ ਉਸ ਪਰਮਾਤਮਾਂ ਦੇ ਨਾਲ ਜੋੜਦਾ ਹੈ, ਉਸ ਨੂੰ ਗੁਰਮਤਿ ਸੰਗੀਤ ਜਾਂ ਗੁਰਬਾਣੀ ਸੰਗੀਤ ਦੀ ਸੰਗਿਆ ਦਿਤੀ ਜਾ ਸਕਦੀ ਹੈ।"[8]

---

5 ਭਾਈ ਮਨਜੀਤ ਸਿੰਘ: ਜੋ ਜੋ ਕਥੈ ਸੁਨੈ ਹਰਿ ਕੀਰਤਨ, ਗੁਰਬਾਣੀ ਸੰਗੀਤ ਦਰਪਣ, ਪੰਨਾ 1.

6 ਪ੍ਰੋ. ਤਾਰਾ ਸਿੰਘ: ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਿਕ ਅਧਿਐਨ, ਵਿਸਮਾਦੁ ਨਾਦ ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 22.

7 ਜਾਗੀਰ ਸਿੰਘ (ਡਾ.): ਗੁਰਮਤਿ ਸੰਗੀਤ ਅਤੇ ਸ੍ਰੀ ਰਾਗ, ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 124.

8 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 23.

**ਡਾ. ਦੇਵਿੰਦਰ ਕੌਰ** ਪ੍ਰੋਫ਼ੈਸਰ ਅਤੇ ਮੁਖੀ, ਸੰਗੀਤ ਵਾਦਨ ਵਿਭਾਗ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਅਨੁਸਾਰ, "ਸੰਗੀਤ ਦੇ ਖੇਤਰ ਵਿਚ 'ਗੁਰਮਤਿ ਸੰਗੀਤ' ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿਚ, ਆਪਣਾ ਵਿਸ਼ੇਸ਼ ਸਥਾਨ ਰਖਦੀ ਹੈ। ਭਾਰਤੀ ਸੰਗੀਤ ਤੋਂ ਇਸ ਦੀਆਂ ਵਿਸ਼ੇਸ਼ਤਾਵਾਂ ਕੁਝ ਭਿੰਨ ਹਨ, ਜਿਸ ਕਾਰਨ ਇਸਦਾ ਆਪਣਾ ਅਲੱਗ ਸਵਰੂਪ ਹੈ। ਗੁਰਮਤਿ ਸੰਗੀਤ ਦੇ ਅੰਤਰਗਤ, ਸਿਖਾਂ ਦੇ ਧਾਰਮਿਕ ਗ੍ਰੰਥ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਅੰਕਿਤ ਬਾਣੀ ਦਾ ਗਾਇਨ, ਉਸਦੇ ਨਿਰਧਾਰਿਤ ਰਾਗਾਂ ਵਿਚ ਹੁੰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਗੇਯ ਰੂਪ (ਜਿਸਨੂੰ ਗਾਇਆ ਜਾ ਸਕੇ) ਵਿਚ ਹੈ। ਇਸ ਵਿਚ ਸੰਗੀਤ ਨੂੰ ਮਹੱਤਵ ਪੂਰਣ ਸਥਾਨ ਮਿਲਿਆ ਹੈ। ਇਸ ਗ੍ਰੰਥ ਦੇ ਸੰਗੀਤਕ ਸੰਕਲਨ ਅਤੇ ਇਸ ਵਿਚ ਦਰਜ ਬਾਣੀ ਦੇ ਗਾਇਨ ਤੋਂ, ਇਕ ਮਹਾਨ ਸੰਗੀਤ ਪਰੰਪਰਾ ਦਾ ਜਨਮ ਹੋਇਆ ਹੈ। ਜਿਸ ਨੂੰ ਅੱਜ 'ਗੁਰਮਤਿ ਸੰਗੀਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।"[9]

**ਡਾ. ਦਰਸ਼ਨ ਸਿੰਘ** ਅਨੁਸਾਰ, "ਆਪਣੇ-ਆਪਣੇ ਅਲੱਗ ਸਮਿਆਂ ਵਿਚ, ਸਮਾਜਿਕ ਸੋਚ ਅਤੇ ਅਨੁਭਵ ਅਨੁਸਾਰ ਸੰਗੀਤ ਵਿਚ ਅਨੇਕਾਂ ਪਰਿਵਰਤਨ ਅਤੇ ਅਵਿਸ਼ਕਾਰ ਹੋਏ ਹਨ। ਇਸੇ ਤਰ੍ਹਾਂ ਦੇ ਸਫਰ ਨੂੰ ਸਮਾਜ ਰੂਪੀ ਨਦੀ ਵਿਚੋਂ ਲੰਘਦੇ ਹੋਏ ਜੋ ਸੰਗੀਤ ਅੱਜ ਸਾਡੇ ਤੱਕ ਪੁੱਜਾ ਹੈ, ਉਸ ਦਾ ਕਈ ਸ਼ੈਲੀਆਂ ਵਿਚ ਵਰਗੀਕਰਨ ਹੋ ਚੁਕਿਆ ਹੈ-ਜਿਸ ਤਰਾਂ ਉਤਰੀ ਸੰਗੀਤ ਵਿਚ ਖਿਆਲ ਗਾਇਕੀ ਅਤੇ ਇਸ ਦੇ ਕਈ ਘਰਾਣੇ, ਇਸੇ ਤਰ੍ਹਾਂ ਧਰੁਪਦ, ਠੁਮਰੀ, ਟੱਪਾ, ਹੋਰੀ, ਧਮਾਰ, ਗਜ਼ਲ, ਕਵਾਲੀ, ਗੀਤ, ਭਜਨ ਆਦਿ ਸਾਡੇ ਸਾਹਮਣੇ ਚੰਗੀ ਤਰ੍ਹਾਂ ਪ੍ਰਚਲਨ ਵਿਚ ਹਨ। ਪਰ ਇਨਾਂ ਸਾਰਿਆਂ ਤੋਂ ਅਲੱਗ ਇਕ ਹੋਰ ਸੰਗੀਤ ਦੀ ਸ਼ੈਲੀ ਜੋ ਕਿ ਕਿਸੇ ਸੁਭਾਗੇ ਸਮੇਂ ਸਮਾਜਿਕ ਲੋੜ ਅਨੁਸਾਰ ਸਿੱਖ ਸਤਿਗੁਰੂਆਂ ਵਲੋਂ ਹੋਂਦ ਵਿਚ ਆਈ ਜਿਸ ਵਿਚ ਕੇਵਲ ਈਸ਼ਵਰ ਪ੍ਰਭੂ, ਮਨੁੱਖੀ ਗੁਣ-ਅਵਗੁਣ, ਸੰਤ ਮਹਿਮਾ, ਮਨੁੱਖ ਨੂੰ ਸਹੀ ਸੋਚ ਦੇਣ ਵਾਲੀ ਸੁੰਦਰ ਸ਼ਬਦਾਵਲੀ ਨੂੰ ਵਰਤਿਆ ਗਿਆ। ਇਸ ਵਿਚ ਅਸ਼ਲੀਲਤਾ ਜਾਂ ਘਟੀਆ ਸ਼ਬਦਾਵਲੀ ਦਾ ਕੋਈ ਨਾਮੋ ਨਿਸ਼ਾਨ ਨਹੀਂ। ਐਸੀ ਸੰਗੀਤ ਸ਼ੈਲੀ ਜੋ ਕਿ ਪਹਿਲੀਆਂ ਨਾਲੋਂ ਬਿਲਕੁਲ ਅਲੱਗ ਹੋ ਗਈ ਅਤੇ ਗੁਰੂ ਨਾਨਕ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਇੰਨ ਬਿੰਨ ਚਲਦੀ ਰਹੀ ਅਤੇ ਬਾਅਦ ਵਿਚ ਉਨ੍ਹਾਂ ਦੀ ਸਿੱਖ ਸੰਗਤ ਨੇ ਪ੍ਰਚਾਰੀ ਰੱਖਿਆ। ਇਸੇ ਸੰਗੀਤ ਸ਼ੈਲੀ ਨੂੰ ਅੱਜ ਅਸੀਂ ਗੁਰਮਤਿ ਸੰਗੀਤ ਦੇ ਨਾਂ ਨਾਲ ਪਹਿਚਾਣਦੇ ਹਾਂ।"[10]

---

9 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-1), ਪੰਨਾ 148.

10 ਦਰਸ਼ਨ ਸਿੰਘ (ਡਾ.): ਗੁਰਮਤਿ ਸੰਗੀਤ, ਸੰਗਤ ਅਤੇ ਸਮੱਸਿਆਵਾਂ, ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 66.

**ਡਾ. ਡੀ. ਐਸ. ਨਰੂਲਾ** ਅਨੁਸਾਰ, "ਗੁਰਬਾਣੀ ਸੰਗੀਤ ਅੱਜ ਇਕ ਪਰਿਭਾਸ਼ਕ ਸ਼ਬਦ ਵਜੋਂ ਸਥਾਪਿਤ ਹੋ ਚੁੱਕਾ ਹੈ, ਕਿਉਂਕਿ ਮੱਧਕਾਲੀਨ ਭਗਤੀ ਯੁੱਗ ਵਿਚ, ਜਿਨਾਂ ਮਹਾਨ ਸੰਤ-ਸੰਗੀਤਕਾਰਾਂ ਨੇ ਭਗਤੀ ਅਤੇ ਸਮਾਜ ਸੁਧਾਰ ਦੀ ਵਾਗ-ਡੋਰ ਸੰਭਾਲੀ ਸੀ, ਉਨਾਂ ਦੀਆਂ ਲੱਗਭਗ ਸਾਰੀਆਂ ਹੀ ਰਚਨਾਵਾਂ ਸੰਗੀਤਕ ਗੁਣਾਂ ਨਾਲ ਭਰਪੂਰ ਸਨ। ਉਨ੍ਹਾਂ ਵਿਚੋਂ ਸਿੱਖ ਗੁਰੂਆਂ ਨੇ ਵਿਸ਼ੇਸ਼ ਰੂਪ ਵਿਚ ਸੰਗੀਤ ਕਲਾ ਨੂੰ ਮਹੱਤਵ ਦਿਤਾ ਹੈ ਅਤੇ ਆਪਣੀਆਂ ਰਚਨਾਵਾਂ ਨੂੰ ਰਾਗ ਬੱਧ ਕਰਕੇ ਗਾਉਣ ਦੀ ਇਕ ਅਜਿਹੀ ਸ਼ੈਲੀ ਨੂੰ ਜਨਮ ਦਿਤਾ, ਜਿਸ ਨੂੰ ਅੱਜ ਅਸੀਂ 'ਗੁਰਬਾਣੀ ਸੰਗੀਤ' ਆਖਦੇ ਹਾਂ।"[11]

ਉਪਰੋਕਤ ਹਵਾਲਿਆਂ ਤੋ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਇਕ ਪ੍ਰਫੁਲਿਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੋ ਚੁੱਕਾ ਹੈ। ਭਾਰਤੀ ਸੰਗੀਤ ਤੋਂ ਇਸ ਦੀਆਂ ਵਿਸ਼ੇਸ਼ਤਾਵਾਂ ਕੁਝ ਅਲੱਗ ਹੋਣ ਕਾਰਨ ਇਹ ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਸੰਗੀਤ ਸ਼ੈਲੀ ਵਿਚ ਜਿਥੇ ਪ੍ਰਭੂ ਭਗਤੀ, ਮਨੁੱਖੀ ਗੁਣ-ਅਵਗੁਣ, ਸੰਤ ਮਹਿਮਾ ਅਤੇ ਮਨੁੱਖ ਨੂੰ ਸਹੀ ਸੋਚ ਦੇਣ ਵਾਲੀ ਸੁੰਦਰ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ ਹੈ, ਉਥੇ ਅਸ਼ਲੀਲਤਾ, ਘਟੀਆ ਸ਼ਬਦਾਵਲੀ ਅਤੇ ਰਾਜਿਆਂ-ਮਹਾਂਰਾਜਿਆਂ ਦੀ ਉਸਤਤ ਵਿਚ ਗਾਈਆਂ ਜਾਣ ਵਾਲੀਆਂ ਸ਼ਿਗਾਰ ਰਸ ਭਰਪੂਰ ਅਤੇ ਚੰਚਲ ਪ੍ਰਵਿਰਤੀ ਦੀਆ ਕਾਵਿ ਰਚਨਾਵਾਂ ਨੂੰ ਕੋਈ ਸਥਾਨ ਨਹੀ ਦਿਤਾ ਗਿਆ।

## 1.2 ਗੁਰਮਤਿ ਸੰਗੀਤ ਦਾ ਆਰੰਭ ਅਤੇ ਵਿਕਾਸ

ਗੁਰਮਤਿ ਸੰਗੀਤ ਦਾ ਆਰੰਭ ਸਿਖ ਧਰਮ ਦੇ ਪਹਿਲੇ ਗੁਰੂ, **ਸ੍ਰੀ ਗੁਰੂ ਨਾਨਕ ਦੇਵ ਜੀ** (1469-1539) ਤੋਂ ਮੰਨਿਆ ਜਾਂਦਾ ਹੈ। 'ਗੂਰੂ ਨਾਨਕ ਦੇਵ ਜੀ ਦਾ ਜਨਮ 15 ਅਪਰੈਲ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਹੁਣ ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਹੋਇਆ।'[12] ਆਪ ਜੀ ਦੇ ਅਵਤਾਰ ਧਾਰਣ ਦੇ ਸਮੇਂ ਤੋਂ ਹੀ ਸਿੱਖ ਕਾਲ ਦੀ ਅਰੰਭਤਾ ਮੰਨੀ ਜਾਂਦੀ ਹੈ।

ਜਿਸ ਸਮੇਂ (ਪੰਦਰਵੀ ਸਦੀ ਵਿਚ) ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਉਸ ਸਮੇਂ (ਮੁਗਲ ਕਾਲ) ਰਾਜਿਆਂ-ਮਹਾਂਰਾਜਿਆਂ ਦੀ ਉਸਤਤ ਵਿਚ ਗਾਈਆਂ ਜਾਣ ਵਾਲੀਆਂ ਸ਼ਿਗਾਰ ਰਸ ਭਰਪੂਰ ਅਤੇ ਚੰਚਲ ਪ੍ਰਵਿਰਤੀ ਦੀਆਂ ਕਾਵਿ ਰਚਨਾਵਾਂ ਦਾ ਬੋਲਬਾਲਾ ਸੀ। **ਡਾ. ਦੇਵਿੰਦਰ ਕੌਰ** ਅਨੁਸਾਰ "ਗੁਰੂ ਨਾਨਕ ਦੇਵ ਨੇ ਰਾਜਾ ਮਹਾਰਾਜਾ ਦੀ ਉਸਤਤ ਦੀ ਬਜਾਏ, ਅਧਿਆਤਮਕ ਵਿਸ਼ਿਆਂ ਨਾਲ ਭਰਪੂਰ ਕਾਵਿ ਰਚਨਾਵਾਂ ਕੀਤੀਆਂ। ਇਨ੍ਹਾਂ ਰਚਨਾਵਾਂ ਨੂੰ ਗਾਉਣ ਨਾਲ 'ਕੀਰਤਨ ਗਾਇਨ' ਦੀ ਪ੍ਰਥਾ ਅਰੰਭ ਹੋਈ। ਇਸਨੂੰ

---

11 ਡੀ. ਐਸ. ਨਰੂਲਾ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ, 1995, ਪੰਨਾ 32-33.

12 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 692.

ਹੋਰ ਗੁਰੂ ਸਾਹਿਬਾਨ ਨੇ ਵੀ ਕਾਇਮ ਰੱਖਿਆ ਅਤੇ ਵੱਧ ਤੋ ਵੱਧ ਵਿਕਸਤ ਕੀਤਾ। ਇਹ ਪ੍ਰਥਾ ਅੱਜ ਤੱਕ ਕਾਇਮ ਹੈ।"[13]

ਆਪ ਜੀ ਨੇ ਵੱਖ-ਵੱਖ ਜਾਤੀਆਂ, ਸਭਿਆਚਾਰ ਅਤੇ ਖਿਤਿਆਂ ਦੇ ਲੋਕਾਂ ਨੂੰ ਸ਼ਬਦ ਕੀਰਤਨ ਦੇ ਸਹਾਰੇ ਆਪਣਾ ਉਪਦੇਸ਼ ਦਿਤਾ ਅਤੇ ਭੁਲੀ ਭਟਕੀ ਲੋਕਾਈ ਨੂੰ ਸਿਧੇ ਰਸਤੇ ਪਾਇਆ। ਆਪ ਨੇ ਗੁਰਬਾਣੀ ਦਾ ਉਚਾਰਣ ਕੀਤਾ ਅਤੇ ਜਿਸ ਦੀ ਸੰਗਤ ਇਹਨਾਂ ਦੇ ਸਾਥੀ ਭਾਈ ਮਰਦਾਨਾ ਨੇ ਰਬਾਬ ਤੇ ਕੀਤੀ। ਜਦੋਂ ਵੀ ਬਾਬਾ ਨਾਨਕ ਗੁਰਬਾਣੀ ਦਾ ਗਾਇਨ ਕਰਦੇ ਤਾਂ ਉਨਾਂ ਦੇ ਬਚਪਨ ਦੇ ਸਾਥੀ ਭਾਈ ਮਰਦਾਨਾ ਉਨਾਂ ਨਾਲ ਰਬਾਬ ਵਜਾ ਕੇ ਸਾਥ ਦਿੰਦੇ। ਭਾਈ ਮਰਦਾਨਾ ਉਚ ਕੋਟੀ ਦੇ ਰਬਾਬ ਵਾਦਕ ਸਨ, ਉਨਾਂ ਦੀ ਸਿਫਤ ਸਲਾਹ ਕਰਦਿਆ ਭਾਈ ਗੁਰਦਾਸ ਜੀ ਲਿਖਦੇ ਹਨ-

**"ਭਲਾ ਰਬਾਬ ਵਜਾਇੰਦਾ ਮਜਲਜ ਮਰਦਾਨਾ ਮੀਰਾਸੀ।"[14]**

ਭਾਈ ਮਰਦਾਨੇ ਦੀ ਰਬਾਬ ਵਾਦਨ ਤੋਂ ਪ੍ਰਭਾਵਿਤ ਹੋ ਕੇ ਇਕ ਹੋਰ ਜਗਾ ਭਾਈ ਗੁਰਦਾਸ ਜੀ ਲਿਖਦੇ ਹਨ-

**"ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**
**ਦਿਤੀ ਬਾਂਗਿ ਨਿਵਾਜਿ ਕਰਿ ਸੁੰਨ ਸਮਾਨਿ ਹੋਆ ਜਹਾਨਾ।"[15]**

ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ **ਡਾ. ਗੁਰਨਾਮ ਸਿੰਘ** ਅਨੁਸਾਰ, "ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸ਼ਬਦ ਗਾਇਨ ਕਰਦੇ ਤਾਂ ਭਾਈ ਮਰਦਾਨਾ ਰਬਾਬ ਦੁਆਰਾ ਉਹਨਾਂ ਨਾਲ ਸੰਗਤ ਕਰਦੇ। ਇਹ ਰਬਾਬ ਵਿਸ਼ੇਸ਼ ਰੂਪ ਵਿਚ ਭਾਈ ਫਿਰੰਦਾ (ਜੋ ਭਾਈ ਫੇਰੂ ਦੇ ਨਾਮ ਤੋਂ ਵੀ ਪ੍ਰਸਿਧ ਹਨ) ਕੋਲੋਂ ਤਿਆਰ ਕਰਵਾਇਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਪਰਸਤੁਤੀ ਲਈ ਭਾਈ ਮਰਦਾਨਾ ਨੂੰ ਸਾਥੀ ਵਜੋਂ ਚੁਣਨਾ ਅਤੇ ਉਸਦੇ ਮਾਧਿਅਮ ਵਜੋਂ ਬਾਣੀ ਨੂੰ ਸੰਚਾਰਤ ਕਰਨਾ ਗੁਰਮਤਿ ਦੀ ਉਤਪਤੀ ਦੇ ਪਰਵਾਹ ਨੂੰ ਹੋਰ ਅਗਾਂਹ ਤੋਰਦੀ ਹੈ।"[16]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮੁਖ ਤੋਂ ਉਚਾਰੀ ਬਾਣੀ ਨੂੰ ਭਿੰਨ-ਭਿੰਨ ਰਾਗਾਂ ਵਿਚ ਦਰਜ ਕੀਤਾ। ਇਸ ਪ੍ਰਕਾਰ ਗੁਰਬਾਣੀ ਨੂੰ ਰਾਗਾਂ ਵਿਚ ਲਿਖਣ ਅਤੇ ਗਾਇਨ ਕਰਨ ਦੀ ਅਰੰਭਤਾ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਹੋਈ।

---

13 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-1), ਪੰਨਾ 149.

14 ਵਾਰਾਂ ਭਾਈ ਗੁਰਦਾਸ: ਵਾਰ 11, ਪਉੜੀ 13.

15 ---ਉਹੀ---, ਵਾਰ 1, ਪਉੜੀ 35.

16 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਦੂਜਾ, ਪੰਨਾ 9-10.

**ਡਾ. ਗੁਰਨਾਮ ਸਿੰਘ** ਅਨੁਸਾਰ, "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਭਿੰਨ ਮੁੱਖ ਰਾਗਾਂ ਅਤੇ ਰਾਗ ਪਰਕਾਰਾਂ ਦੇ ਅੰਤਰਗਤ ਉਪਲਬਧ ਹੁੰਦੀ ਹੈ। ਇਹਨਾਂ ਰਾਗਾਂ ਅਤੇ ਰਾਗ ਪਰਕਾਰਾਂ ਦਾ ਵੇਰਵਾ ਇਸ ਪਰਕਾਰ ਹੈ :

ਮੁੱਖ ਰਾਗ- ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ ਆਦਿ।

ਉਪ ਰਾਗ- ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਵੀ ਦੀਪਕੀ, ਗਉੜੀ ਪੂਰਵੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸ ਦਖਣੀ, ਸੂਹੀ ਕਾਫੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ ਆਦਿ।"[17]

ਗੁਰੂ ਨਾਨਕ ਦੇਵ ਜੀ ਦੁਆਰਾ ਵੱਖ-ਵੱਖ ਰਾਗਾਂ ਵਿਚ 976 ਸ਼ਬਦਾਂ ਦੀ ਰਚਨਾ ਕੀਤੀ ਗਈ, ਜੋ ਕਿ ਸੰਗੀਤ ਜਗਤ ਅਤੇ ਆਮ ਲੋਕਾਈ ਨੂੰ ਇਕ ਵਡਮੁੱਲੀ ਦੇਣ ਹੈ। ਆਪ ਜੀ ਨੇ ਆਪਣੇ ਅਧਿਆਤਮਕ ਸੰਦੇਸ਼ ਨੂੰ ਭਾਈ ਮਰਦਾਨੇ ਦੀ ਰਬਾਬ ਦੀ ਮਧੁਰ ਧੁਨੀ ਦੇ ਮਾਧਿਅਮ ਰਾਹੀਂ ਜਨ ਸਧਾਰਨ ਤੱਕ ਪਹੁੰਚਾਇਆ। ਇਸ ਪ੍ਰਕਾਰ ਗੁਰਮਤਿ ਸੰਗੀਤ ਦਾ ਆਰੰਭ ਜਿਥੇ ਅਸੀਂ ਗੁਰੂ ਨਾਨਕ ਦੇਵ ਜੀ ਤੋਂ ਮੰਨ ਸਕਦੇ ਹਾਂ ਉਥੇ ਬਾਕੀ ਗੁਰੂ ਸਾਹਿਬਾਨ ਨੇ ਵੀ ਬਾਣੀ ਦੀ ਰਚਨਾ ਕਰਕੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ।

**ਸ੍ਰੀ ਗੁਰੂ ਅੰਗਦ ਦੇਵ ਜੀ** (1504-1552) ਨੇਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ ਤੇ ਚਲਦਿਆਂ ਬਾਣੀ ਦੀ ਰਚਨਾ ਕੀਤੀ ਅਤੇ ਕੀਰਤਨ ਦੇ ਪ੍ਰਵਾਹ ਨੂੰ ਜਾਰੀ ਰੱਖਿਆ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ 'ਆਪ ਜੀ ਦਾ ਜਨਮ 'ਮੱਤੇ ਦੀ ਸਰਾਂ' ਪਿੰਡ ਵਿਚ 31 ਮਾਰਚ 1504 ਈ. ਨੂੰ ਫੇਰੂ ਮੱਲ ਖੱਤਰੀ ਦੇ ਘਰ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ਭਾਈ ਲਹਿਣਾ ਸੀ।'[18] ਗੁਰੂ ਨਾਨਕ ਦੇਵ ਜੀ ਤੋਂ ਬਾਅਦ ਆਪ ਜੀ ਨੇ ਸ਼ਬਦ ਕੀਰਤਨ ਪਰੰਪਰਾ ਦਾ ਵਿਵਹਾਰਿਕ ਰੂਪ ਵਿਚ ਪਰਚਾਰ ਕਰਨ ਲਈ ਖਡੂਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ :

**"ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥"[19]**

---

17 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 38.

18 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 111.

19 ਸ੍ਰੀ ਗੁਰੂ ਗ੍ਰੰਥ ਸਾਹਿਬ: ਪੰਨਾ 967.

ਸਪਸ਼ਟ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਕੀਰਤਨ ਦਾ ਕੇਂਦਰ ਕਰਤਾਰਪੁਰ ਤੋਂ ਖਡੂਰ ਸਾਹਿਬ ਬਣ ਗਿਆ, ਇਸ ਦਾ ਵਰਣਨ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕਰਦੇ ਹਨ:

**"ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ॥**

**ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ॥"**[20]

**ਡਾ. ਜਸਬੀਰ ਸਿੰਘ ਸਾਬਰ** ਅਨੁਸਾਰ, "ਇਸ ਸੇਵਾ ਭਾਵਨਾ ਦੇ ਫਲਸਰੂਪ ਹੀ ਆਪ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਿੱਖ ਧਰਮ ਦੇ ਦੂਸਰੇ ਗੁਰੂ ਹੋਣ ਦਾ ਮਾਣ ਪ੍ਰਾਪਤ ਹੋਇਆ। ਆਪ ਜੀ ਦੀ ਰਚੀ ਬਾਣੀ ਦੇ 9 ਵਾਰਾਂ ਵਿਚ ਕੇਵਲ 63 ਸਲੋਕ ਹੀ ਪ੍ਰਾਪਤ ਹੁੰਦੇ ਹਨ।"[21]

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਾਰੇ ਵਿਚ ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ **ਡਾ. ਗੁਰਨਾਮ ਸਿੰਘ** ਨੇ ਇਸ ਤਰ੍ਹਾਂ ਲਿਖਿਆ ਹੈ, "ਸਲੋਕਾਂ ਦੇ ਰੂਪ ਵਿਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲਾਰ, ਰਾਗਾਂ ਅਧੀਨ ਬਾਣੀ ਦਰਜ ਹੈ। ਸ਼ਬਦ ਗਾਇਨ ਦੇ ਪਰਚਾਰ ਤੇ ਪਸਾਰ ਹਿਤ ਆਪ ਦੇ ਦਰਬਾਰ ਵਿਚ ਭਾਈ ਮਰਦਾਨਾ ਦੇ ਪੁੱਤਰ ਸਜ਼ਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜ਼ਾਦਾ, ਭਾਈ ਸਜ਼ਾਦਾ ਅਤੇ ਭਾਈ ਬਲਵੰਡ ਆਦਿ ਰਬਾਬੀ ਕੀਰਤਨੀਏ ਹੋਏ। ਆਪ ਸਵੇਰੇ ਸ਼ਾਮ ਗੁਰੂ ਦੇ ਦਰਬਾਰ ਵਿਚ ਸ਼ਬਦ ਕੀਰਤਨ ਦਾ ਗਾਇਨ ਕਰਦੇ ਸਨ।"[22]

ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਗਾਇਨ ਦੀ ਪਰੰਪਰਾ ਨੂੰ ਨਿਰੰਤਰ ਜਾਰੀ ਰੱਖਿਆ। ਆਪ ਜੀ ਦੀ ਸਮੁੱਚੀ ਬਾਣੀ ਸਲੋਕਾਂ ਵਿਚ ਹੈ। ਆਪ ਜੀ ਦੇ ਸਮੇਂ ਵੀ ਸਵੇਰੇ ਸ਼ਾਮ ਗੁਰਬਾਣੀ ਦਾ ਕੀਰਤਨ ਚਲਦਾ ਰਿਹਾ। ਇਸ ਪ੍ਰਕਾਰ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਸ੍ਰੀ ਗੁਰੂ ਅਮਰਦਾਸ ਜੀ** (1479-1574) ਨੇ ਵੀ ਆਪਣੇ ਪੂਰਵ ਗੁਰੂ ਸਾਹਿਬਾਨ ਦੀ ਤਰਾਂ ਗੁਰਬਾਣੀ ਗਾਇਨ ਪਰੰਪਰਾ ਨੂੰ ਜਾਰੀ ਰੱਖ ਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ। ਗੁਰੂ ਪਰੰਪਰਾ ਵਿਚ ਆਪ ਜੀ ਦਾ ਤੀਜਾ ਸਥਾਨ ਹੈ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ, 'ਆਪ ਜੀ ਦਾ ਜਨਮ 5 ਮਈ, 1479 ਈ. ਨੂੰ ਬਾਸਰਕੇ ਪਿੰਡ ਵਿਚ ਤੇਜਭਾਨ ਭੱਲੇ ਖਤ੍ਰੀ ਦੇ ਘਰ ਮਾਤਾ ਸੁਲੱਖਣੀ (ਲਛਮੀ) ਤੋਂ

---

20 ਵਾਰਾਂ ਭਾਈ ਗੁਰਦਾਸ: ਵਾਰ 1, ਪਉੜੀ 46.

21 ਜਸਬੀਰ ਸਿੰਘ ਸਾਬਰ (ਡਾ.): ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ (ਭਾਗ ਪਹਿਲਾ), ਫਰਵਰੀ 2008, ਪੰਨਾ 34.

22 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 39.

ਹੋਇਆ।'[23] ਆਪ ਜੀ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਲਈ ਵੱਖ-ਵੱਖ ਸਥਾਨਾਂ ਤੇ 22 ਮੰਜੀਆਂ ਦੀ ਸਥਾਪਨਾ ਕੀਤੀ। ਇਸ ਤੋਂ ਇਲਾਵਾ ਆਪ ਜੀ ਨੇ ਇਸ ਪਰੰਪਰਾ ਦੇ ਵਿਕਾਸ ਲਈ ਗੋਇੰਦਵਾਲ ਸਾਹਿਬ ਵਿਖੇ ਤੀਸਰਾ ਕੀਰਤਨ ਕੇਂਦਰ ਸਥਾਪਿਤ ਕੀਤਾ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸ ਦਾ ਜਿਕਰ ਇਸ ਪ੍ਰਕਾਰ ਆਉਂਦਾ ਹੈ।

"**ਫੇਰ ਵਸਾਇਆ ਗੋਇੰਦਵਾਲੁ**

**ਅਚਰਜੁ ਖੇਲੁ ਨ ਲਖਿਆ ਜਾਈ॥**"[24]

ਆਪ ਜੀ ਦੀਆਂ ਰਚਨਾਵਾਂ ਵਿਚੋਂ ਰਾਮਕਲੀ ਰਾਗ ਵਿਚ ਰਚਿਤ 'ਅਨੰਦ ਸਾਹਿਬ' ਦੀ ਰਚਨਾ ਪ੍ਰਮੁੱਖ ਹੈ, ਜਿਸ ਦਾ ਗਾਇਨ ਹਰ ਖੁਸ਼ੀ ਗਮੀ ਦੇ ਸਮਾਗਮ ਦੀ ਸਮਾਪਤੀ ਮੌਕੇ ਰਾਗੀ ਸਿੰਘਾਂ ਵਲੋਂ ਕੀਤਾ ਜਾਂਦਾ ਹੈ। **ਡਾ. ਗੁਰਨਾਮ ਸਿੰਘ** ਅਨੁਸਾਰ "ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ ਵਿਭਿੰਨ ਰਾਗਾਂ ਵਿਚ ਆਪ ਜੀ ਦੇ 907 ਸ਼ਬਦ ਅਤੇ ਸਲੋਕ ਦਰਜ ਹਨ।"[25]

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ।

**ਡਾ. ਵਰਿੰਦਰ ਕੌਰ ਪਦਮ** ਅਨੁਸਾਰ, "ਉਨ੍ਹਾਂ ਨੇ 16 ਮੁੱਖ ਰਾਗ ਅਤੇ 6 ਰਾਗ ਪ੍ਰਕਾਰਾਂ ਵਿਚ ਵਿਭਿੰਨ ਬਾਣੀ ਰੂਪਾਂ ਦੀ ਰਚਨਾ ਕੀਤੀ, ਜੋ ਨਿਮਨਲਿਖਤ ਤਾਲਿਕਾ ਤੋਂ ਸ਼ਪਸ਼ਟ ਹੈ :

ਮੁੱਖ ਰਾਗ: ਸਿਰੀ, ਮਾਝ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ।

ਰਾਗ ਪ੍ਰਕਾਰ: ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਆਸਾ ਕਾਫੀ, ਬਸੰਤ ਹਿੰਡੋਲ, ਪ੍ਰਭਾਤੀ ਵਿਭਾਸ।"[26]

**ਡਾ. ਗੁਰਨਾਮ ਸਿੰਘ** ਅਨੁਸਾਰ "ਆਪ ਦੇ ਦਰਬਾਰ ਵਿਚ ਭਾਈ ਸਤਾ, ਬਲਵੰਡ, ਭਾਈ ਪਾਧਾ ਅਤੇ ਭਾਈ ਬੂਲਾ ਰਬਾਬੀ ਸਨ ਜੋ ਗੁਰਬਾਣੀ ਦਾ ਕੀਰਤਨ ਕਰਦੇ ਸਨ। ਇਸ ਪ੍ਰਕਾਰ ਗੁਰੂ ਅਮਰਦਾਸ ਜੀ ਨੇ ਗੁਰਮਤਿ ਸੰਗੀਤ ਦੇ ਵਿਕਾਸ ਦੀ ਧਾਰਾ ਜਾਰੀ ਰੱਖੀ।"[27]

---

23 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 74.

24 ਵਾਰਾਂ ਭਾਈ ਗੁਰਦਾਸ: ਵਾਰ 1, ਪਉੜੀ 46.

25 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 39.

26 ਵਰਿੰਦਰ ਕੌਰ ਪਦਮ (ਡਾ.): ਗੁਰਮਤਿ ਸੰਗੀਤ ਦਾ ਸੰਗੀਤ ਵਿਗਿਆਨ, 2005, ਪੰਨਾ 48-49.

**ਸ੍ਰੀ ਗੁਰੂ ਰਾਮਦਾਸ ਜੀ** (1534-1584) ਚੌਥੇ ਗੁਰੂ ਨੇ ਵੀ ਗੁਰਮਤਿ ਸੰਗੀਤ ਦੇ ਪ੍ਰਵਾਹ ਨੂੰ ਜਾਰੀ ਰੱਖਿਆ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ, 'ਆਪ ਦਾ ਜਨਮ 1534 ਈ. ਨੂੰ ਲਾਹੌਰ, ਚੂਨਾ ਮੰਡੀ ਵਿਖੇ ਪਿਤਾ ਹਰੀਦਾਸ ਅਤੇ ਮਾਤਾ ਦਯਾ ਕੌਰ ਦੇ ਘਰ ਹੋਇਆ। ਆਪ ਜੀ ਨੂੰ ਬਚਪਨ ਵਿਚ ਪਿਆਰ ਨਾਲ 'ਜੇਠਾ' ਕਹਿ ਕੇ ਪੁਕਾਰਿਆ ਜਾਂਦਾ ਸੀ। ਜੇਠਾ ਜੀ ਸ਼ੁਰੂ ਤੋਂ ਹੀ ਧਾਰਮਿਕ ਪ੍ਰਵਿਰਤੀ, ਸੇਵਾ ਭਾਵਨਾ ਤੇ ਨਿਮਰਤਾ ਭਰਪੂਰ ਸਨ ਅਤੇ ਗੁਰੂ ਦਰਬਾਰ ਵਿਚ ਆਈਆਂ ਦੂਰੋਂ ਦੂਰੋਂ ਸੰਗਤਾਂ ਦੀ ਖ਼ੂਬ ਸੇਵਾ ਕਰਦੇ ਸਨ। ਉਨਾਂ ਦੀ ਇਸ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਉਨ੍ਹਾਂ ਨਾਲ ਕਰ ਦਿਤਾ। 1574 ਈ. ਵਿਚ ਆਪ ਗੁਰਗੱਦੀ ਤੇ ਬਿਰਾਜਮਾਨ ਹੋਏ।'[28]

ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰਾ / ਚੱਕ ਗੁਰੂ ਦੀ ਨੀਂਹ ਰੱਖੀ। ਇਸ ਅਸਥਾਨ ਨੂੰ ਹੀ ਅੱਜਕਲ ਸ੍ਰੀ ਅੰਮ੍ਰਿਤਸਰ ਕਿਹਾ ਜਾਂਦਾ ਹੈ। ਆਪ ਜੀ ਨੇ ਗੁਰਬਾਣੀ ਦੇ ਪ੍ਰਵਾਹ ਨੂੰ ਨਿਰੰਤਰ ਚਲਦਾ ਰੱਖਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚੌਥਾ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਭਾਈ ਗੁਰਦਾਸ ਜੀ ਸ੍ਰੀ ਅੰਮ੍ਰਿਤਸਰ ਵਸਾਉਣ ਸਬੰਧੀ ਲਿਖਦੇ ਹਨ :

**"ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।**
**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।"**[29]

ਗੁਰੂ ਰਾਮਦਾਸ ਜੀ ਨੇ 19 ਪੜਤਾਲਾਂ ਦੀ ਰਚਨਾ ਕੀਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਥੇ ਜਿਕਰਯੋਗ ਹੈ ਕਿ ਭਾਰਤੀ ਸ਼ਾਸਤਰੀ ਸੰਗੀਤ ਵਿਚ ਪੜਤਾਲ ਗਾਇਨ ਸ਼ੈਲੀ ਦਾ ਕਿਧਰੇ ਵੀ ਜਿਕਰ ਨਹੀਂ ਮਿਲਦਾ। ਇਸ ਲਈ ਜੇਕਰ ਇਹ ਕਹਿ ਲਿਆ ਜਾਵੇ ਕਿ ਪੜਤਾਲ ਗਾਇਨ ਸ਼ੈਲੀ ਸੰਗੀਤ ਦੇ ਖੇਤਰ ਵਿਚ ਗੁਰੂ ਰਾਮਦਾਸ ਜੀ ਦੀ ਮਹੱਤਵਪੂਰਨ ਦੇਣ ਹੈ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

**ਡਾ. ਵਰਿੰਦਰ ਕੌਰ ਪਦਮ** ਅਨੁਸਾਰ, "ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਸਨਾਤਨੀ ਅਤੇ ਲੋਕ ਕਾਵਿ ਰੂਪਾਂ ਦੀ ਧਾਰਨੀ ਹੈ ਜਿਨ੍ਹਾਂ ਦਾ ਆਪਣਾ ਇਕ ਵਿਸ਼ਿਸ਼ਟ ਗਾਇਨ ਰੂਪ ਹੈ। ਗੁਰੂ ਸਾਹਿਬਾਨ ਨੇ ਜਿਥੇ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ ਉਪਰ ਆਧਾਰਿਤ ਪਦੇ, ਅਸ਼ਟਪਦੀਆਂ ਦੀ ਵਰਤੋਂ ਕੀਤੀ, ਉਥੇ ਲੋਕ ਗਾਇਨ ਸ਼ੈਲੀਆਂ ਉਪਰ ਆਧਾਰਿਤ ਘੋੜੀਆਂ, ਛੰਦ, ਵਾਰ ਆਦਿ ਲੋਕ-ਕਾਵਿ ਰੂਪਾਂ ਹੇਠ ਅਕਾਲ ਪੁਰਖ ਦੀ

---

27 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਦੂਜਾ, ਪੰਨਾ 11.

28 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 1035.

29 ਵਾਰਾਂ ਭਾਈ ਗੁਰਦਾਸ: ਵਾਰ 1, ਪਉੜੀ 47.

ਉਪਮਾ ਗਾਇਨ ਕੀਤੀ ਹੈ। ਲੋਕ ਕਾਵਿ-ਰੂਪ ਛੰਤ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਵਿਸ਼ਿਸ਼ਟ ਉਤਮਤਾ ਦੀ ਧਾਰਨੀ ਹੈ ਜਿਨ੍ਹਾਂ ਦਾ ਬਾਅਦ ਵਿਚ 'ਆਸਾ ਦੀ ਵਾਰ' ਵਿਚ ਗਾਇਨ ਕੀਤਾ ਜਾਣ ਲੱਗਾ।"[30]

ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਚੌਂਕੀ ਦੀ ਪ੍ਰਥਾ ਵੀ ਚਿਰਕਾਲ ਤੋਂ ਚਲਦੀ ਆ ਰਹੀ ਹੈ। ਇਸ ਸਬੰਧੀ **ਡਾ. ਗੁਰਨਾਮ ਸਿੰਘ** ਲਿਖਦੇ ਹਨ, "ਅੰਮ੍ਰਿਤਸਰ ਦਾ ਕੀਰਤਨ ਸਥਾਨ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦੇ ਨਾਮ ਨਾਲ ਵੀ ਪ੍ਰਸਿੱਧ ਹੈ। ਇਥੇ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਕੀਰਤਨ ਚੌਂਕੀ ਦੀ ਪਰੰਪਰਾ ਪਰਚਲਿਤ ਹੈ। ਇਹਨਾਂ ਵਿਚੋਂ ਆਸਾ ਦੀ ਵਾਰ ਦੀ ਚੌਂਕੀ, ਬਿਲਾਵਲ ਦੀ ਚੌਂਕੀ, ਸੋਦਰਿ ਦੀ ਚੌਂਕੀ, ਆਰਤੀ ਦੀ ਚੌਂਕੀ ਇਹ ਤਿੰਨ ਚੌਂਕੀਆਂ ਮੁੱਖ ਹਨ। ਇਹਨਾਂ ਚੌਂਕੀਆਂ ਦੇ ਅੰਤਰਗਤ ਵੱਖ-ਵੱਖ ਸਮੇਂ ਉਤੇ ਸਬੰਧਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ। ਚੌਂਕੀ ਕੀਰਤਨ ਦੀ ਪਰੰਪਰਾ ਵਰਤਮਾਨ ਸਮੇਂ ਵਿਚ ਹਰਿਮੰਦਰ ਸਾਹਿਬ ਵਿਖੇ ਨਿਰੰਤਰ ਜਾਰੀ ਹੈ।"[31]

**ਡਾ. ਜਸਬੀਰ ਕੌਰ** ਸ੍ਰੀ ਗੁਰੂ ਰਾਮਦਾਸ ਜੀ ਦੇ ਸੰਗੀਤ ਵਿਧਾਨ ਬਾਰੇ ਇਸ ਤਰ੍ਹਾਂ ਲਿਖਦੇ ਹਨ, "ਗੁਰੂ ਸਾਹਿਬ ਦੇ ਦਰਬਾਰ ਵਿਚ ਸਵੇਰੇ ਸ਼ਾਮ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਜੀ ਦੀ ਬਾਣੀ ਦਾ ਕੀਰਤਨ ਗਾਇਨ ਕਰਨ ਦੀ ਪਰੰਪਰਾ ਸੀ। ਆਪ ਦੇ ਦਰਬਾਰ ਵਿਚ ਪ੍ਰਸਿੱਧ ਕੀਰਤਨੀਏ ਭਾਈ ਸਤਾ ਅਤੇ ਬਲਵੰਡ ਕੀਰਤਨ ਕਰਦੇ ਸਨ। ਗੁਰੂ ਰਾਮਦਾਸ ਜੀ ਦੀ ਸੰਗੀਤ ਵਿਚ ਵਿਸ਼ੇਸ਼ ਦਿਲਚਸਪੀ ਸੀ। ਇਸ ਕਰਕੇ ਆਪ ਨੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਅਨੁਸਾਰ 30 ਸ਼ੁੱਧ ਰਾਗਾਂ ਵਿਚ ਅਤੇ 2 ਮਿਸ਼ਰਤ ਰਾਗਾਂ ਵਿਚ 679 ਸ਼ਬਦਾ ਅਤੇ ਸਲੋਕਾਂ ਦੀ ਰਚਨਾਂ ਕੀਤੀ। ਆਪ ਨੇ ਬਹੁਤ ਸਾਰੇ ਰਾਗਾਂ ਦਾ ਗੁਰਬਾਣੀ ਵਿਚ ਪਹਿਲੀ ਵਾਰ ਪ੍ਰਯੋਗ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਵੀ, ਗਉੜੀ ਮਾਝ, ਆਸਾ, ਆਸਾਵਰੀ, ਆਸਾ ਕਾਫੀ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਰਾਇਣ, ਨਟ, ਗੋਂਡ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਕਲਿਆਣ ਭਪਾਲੀ, ਪ੍ਰਭਾਤੀ, ਪ੍ਰਭਾਤੀ ਬਿਭਾਸ, ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ।"[32]

ਗੁਰੂ ਰਾਮਦਾਸ ਜੀ ਨੇ ਕੁਝ ਨਵੇਂ ਰਾਗਾਂ ਨੂੰ ਵੀ ਗੁਰਬਾਣੀ ਕੀਰਤਨ ਲਈ ਸ਼ਾਮਿਲ ਕੀਤਾ। ਇਸ ਸਬੰਧੀ **ਡਾ. ਦੇਵਿੰਦਰ ਕੌਰ** ਲਿਖਦੇ ਹਨ, "ਆਪ ਨੇ ਕੁਝ ਰਾਗਾਂ ਦਾ ਪ੍ਰਯੋਗ ਪਹਿਲੀ ਵਾਰ ਗੁਰਬਾਣੀ ਵਿਚ

---

30 ਵਰਿੰਦਰ ਕੌਰ ਪਦਮ (ਡਾ.): ਗੁਰਮਤਿ ਸੰਗੀਤ ਦਾ ਸੰਗੀਤ ਵਿਗਿਆਨ, ਪਹਿਲੀ ਵਾਰ 2005, ਪੰਨਾ 50.

31 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 40.

32 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 47-48.

ਕੀਤਾ। ਜਿਵੇਂ :- ਰਾਗ ਦੇਵ ਗੰਧਾਰੀ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ-ਨਰਾਇਣ, ਨਟ, ਮਾਲੀ ਗਉੜਾ, ਕੇਦਾਰਾ, ਕਾਨੜਾ, ਕਲਿਆਣ ਅਤੇ ਕਲਿਆਣ ਭੂਪਾਲੀ। ਆਪ ਨੇ ਵਣਜਾਰਾ, ਕਰਹਲੇ, ਘੋੜੀਆਂ ਅਤੇ ਲਾਵਾਂ ਦੇ ਸਿਰਲੇਖ ਹੇਠ ਵੀ ਰਚਨਾਵਾਂ ਕੀਤੀਆਂ।"[33]

**ਸ੍ਰੀ ਗੁਰੂ ਅਰਜਨ ਦੇਵ ਜੀ** (1563-1606) ਦੇ ਸਮੇਂ ਗੁਰਮਤਿ ਸੰਗੀਤ ਦੀ ਧਾਰਾ ਪੂਰਣ ਰੂਪ ਵਿਚ ਪ੍ਰਫੁਲਿਤ ਹੋਈ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ, 'ਆਪ ਦਾ ਜਨਮ 15 ਅਪਰੈਲ 1563 ਈ. ਨੂੰ ਗੋਇੰਦਵਾਲ ਵਿਖੇ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਦੀ ਕੁੱਖੋ ਹੋਇਆ। ਆਪ 1 ਸਤੰਬਰ 1581 ਈ. ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ।'[34]

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਸਬੰਧੀ ਗੁਰਮਤਿ ਸੰਗੀਤ ਦੇ ਪ੍ਰਸਿਧ ਵਿਦਵਾਨ **ਡਾ. ਗੁਰਨਾਮ ਸਿੰਘ** ਇਸ ਤਰ੍ਹਾਂ ਲਿਖਦੇ ਹਨ, "ਆਪ ਸਮੇਂ ਕੀਰਤਨ ਪਰੰਪਰਾ ਦੇ ਗਾਇਕ ਭਾਈ ਮਰਦਾਨੇ ਨਾਲ ਸਬੰਧਤ ਹੋਣ ਕਰਕੇ ਇਕ ਖਾਸ ਤਬਕੇ ਵਿਚੋਂ ਸਨ। ਇਹ ਕੀਰਤਨੀਏ (ਗਾਇਕ) ਮੀਰਾਸੀ ਜਾਂ ਡੂਮ ਕੌਮ ਵਿਚੋਂ ਸਨ ਅਤੇ ਇਨਾਂ ਨੂੰ 'ਮਰਦਾਨੇ ਕੇ' ਕਿਹਾ ਜਾਂਦਾ ਸੀ। ਆਪ ਦੇ ਦਰਬਾਰ ਵਿਚ ਭਾਈ ਸਤਾ ਅਤੇ ਬਲਵੰਡ ਕੀਰਤਨ ਕਰਦੇ ਸਨ। ਇਨਾਂ ਤੋਂ ਬਿਨਾਂ ਭਾਈ ਕੇਦਾਰ, ਝਾਝੂ ਅਤੇ ਮੁਕੰਦ ਵਰਗੇ ਪਰਸਿਧ ਰਾਗੀ ਰਬਾਬੀ ਵੀ ਕੀਰਤਨ ਕਰਿਆ ਕਰਦੇ ਸਨ। ਗੁਰਮਤਿ ਸੰਗੀਤ ਦਾ ਖੂਬ ਪਰਚਾਰ ਕੀਤਾ। ਇਨਾਂ ਵਿਚੋਂ ਸਤਾ ਅਤੇ ਬਲਵੰਡ ਦੀ ਜੋੜੀ ਦਾ ਵਿਸ਼ੇਸ਼ ਸਥਾਨ ਹੈ। ਸਤਾ ਅਤੇ ਬਲਵੰਡ ਨੇ ਕੁਝ ਕਾਰਨਾਂ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਦੀ ਸੇਵਾ ਛੱਡ ਦਿਤੀ। ਹਉਮੈ ਵਿਚ ਗੁਰੂ ਸਾਹਿਬ ਅਗੇ ਆਪਣੀ ਮਹਾਨਤਾ ਦੀ ਚਰਚਾ ਕਰਨ ਲੱਗੇ। ਇਸ ਸਮੇਂ ਗੁਰੂ ਸਾਹਿਬ ਨੇ ਆਮ ਸਿੱਖ ਸੰਗਤਾਂ ਨੂੰ ਕੀਰਤਨ ਗਾਇਨ ਕਰਨ ਦਾ ਆਦੇਸ਼ ਦਿਤਾ। ਜਿਸ ਨਾਲ ਕੀਰਤਨ ਗਾਇਨ ਪਰੰਪਰਾ ਵਿਸ਼ੇਸ਼ ਗਾਇਕ ਸ਼ਰੇਣੀ ਵਿਚੋਂ ਨਿਕਲ ਕੇ ਸਧਾਰਨ ਲੋਕਾਂ ਵਿਚ ਵਿਚਰਨ ਲੱਗੀ। ਇਸ ਪ੍ਰਕਾਰ ਗੁਰਬਾਣੀ ਕੀਰਤਨ ਕਿਰਿਆਤਮਕ ਤੌਰ ਤੇ ਰਾਗੀ, ਰਬਾਬੀ-ਕਸਬੀ ਲੋਕਾਂ ਅਤੇ ਅਸਿਖਿਅਤ ਸਾਧਾਰਨ ਲੋਕਾਂ, ਦੋਹਾਂ ਵਰਗਾਂ ਵਿਚ ਮਕਬੂਲ ਹੋਈ।"[35]

ਆਪ ਜੀ ਨੇ ਬਾਣੀ ਨੂੰ ਇਕੱਤਰ ਕਰਕੇ ਮਹਾਨ ਕਾਰਜ ਕੀਤਾ। ਆਪ ਦੇ ਜੀਵਨ ਕਾਲ ਵਿਚ ਕੀਤੇ ਕੰਮਾਂ ਨੂੰ **ਡਾ. ਦੇਵਿੰਦਰ ਕੌਰ** ਨੇ ਇਸ ਤਰ੍ਹਾਂ ਬਿਆਨ ਕੀਤਾ ਹੈ, "ਗੁਰੂ ਅਰਜਨ ਦੇਵ ਜੀ (ਪੰਜਵੇ ਗੁਰੂ) ਤੱਕ ਸਿਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਕੋਈ ਸੰਕਲਿਤ ਰੂਪ ਨਹੀਂ ਦਿਤਾ ਗਿਆ ਸੀ। ਗੁਰੂ ਅਰਜਨ ਦੇਵ ਨੇ ਇਸ ਦੀ ਲੋੜ ਨੂੰ ਅਨੁਭਵ ਕੀਤਾ ਅਤੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਦੀ ਬਾਣੀ ਨੂੰ ਇਕੱਤ੍ਰਿਤ ਕਰਨ ਦਾ ਕਾਰਜ ਆਰੰਭ ਕੀਤਾ।

---

33 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-1), ਪੰਨਾ 151.

34 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 80.

35 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 41.

ਬਾਣੀ ਦੇ ਰੂਪ ਵਿਚ ਸੰਪਾਦਨ ਕਰਨ ਦਾ ਇਹ ਕਾਰਜ, ਆਪ ਨੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਅਰੰਭਿਆ। ਭਾਈ ਗੁਰਦਾਸ ਜੀ ਨੇ ਇਸ ਗ੍ਰੰਥ ਨੂੰ ਲਿਖਣ ਦਾ ਮਹਾਨ ਕਾਰਜ ਕੀਤਾ। ਇਸ ਤਰਾਂ 1604 ਈ. ਵਿਚ ਇਹ ਕਾਰਜ ਸੰਪੂਰਨ ਹੋਇਆ। 1604 ਈ. ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪਵਿਤਰ 'ਆਦਿ ਬੀੜ' ਦਾ ਪ੍ਰਕਾਸ਼ ਕੀਤਾ ਗਿਆ ਅਤੇ ਬਾਣੀ ਨੂੰ 'ਗੁਰੂ ਦਾ ਦਰਜਾ' ਦਿਤਾ ਗਿਆ। ਗੁਰੂ ਗ੍ਰੰਥ ਸਾਹਿਬ ਅੱਜ ਵੀ ਸਿਖ ਜਗਤ ਨੂੰ ਪਵਿੱਤਰ ਧਾਰਮਿਕ ਗ੍ਰੰਥ ਦੇ ਰੂਪ ਵਿਚ ਪ੍ਰਾਪਤ ਹੈ, ਨਾਲ ਹੀ ਸੰਗੀਤ ਜਗਤ ਨੂੰ ਵੀ ਇਹ ਇਕ ਵਡਮੁਲੀ ਦੇਣ ਹੈ।"[36] (ਭਾਈ ਗੁਰਦਾਸ ਜੀ ਦੀਆ ਵਾਰਾਂ ਦਾ ਵੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਮਹੱਤਵ ਹੈ)।

ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਰਚ ਕੇ ਗੁਰਮਤਿ ਸੰਗੀਤ ਦੇ ਖੇਤਰ ਨੂੰ ਹੋਰ ਵਿਸ਼ਾਲ ਬਣਾਇਆ। **ਡਾ. ਗੁਰਨਾਮ ਸਿੰਘ** ਅਨੁਸਾਰ, "ਆਪ ਦੇ 44 ਰਾਗਾਂ ਵਿਚ 2216 ਸ਼ਬਦ ਅਤੇ ਸਲੋਕ ਮਿਲਦੇ ਹਨ। ਆਪ ਦੀ ਬਾਣੀ ਰਚਨਾ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਵੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਗੰਧ, ਗੂਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਬਿਲਾਵਲ, ਗੋਂਡ, ਰਾਮਕਲੀ, ਨਟਨਾਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨ੍ਹੜਾ, ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ ਰਾਗਾਂ ਵਿਚ ਉਪਲਬੱਧ ਹੈ।"[37]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਸਭਨਾਂ ਗੁਰੂ ਸਾਹਿਬਾਨਾਂ ਤੋਂ ਵੱਧ ਦਰਜ ਹੈ। ਗੁਰੂ ਰਾਮਦਾਸ ਜੀ ਦੀ ਤਰ੍ਹਾਂ ਆਪ ਜੀ ਨੇ ਵੀ 36 ਪੜਤਾਲਾਂ ਦੀ ਰਚਨਾ ਕੀਤੀ। **ਡਾ. ਡੀ. ਐਸ. ਨਰੂਲਾ** ਅਨੁਸਾਰ "ਗੁਰਦੁਆਰਿਆਂ ਵਿਚ ਕੀਰਤਨ ਦੇ ਨਾਲ ਸਾਰੰਦਾ ਅਤੇ ਜੋੜੀ (ਤਬਲਾ) ਦਾ ਪ੍ਰਯੋਗ ਵੀ ਇਸੇ ਕਾਲ ਵਿਚ ਆਰੰਭ ਹੋਇਆ। ਇਸ ਤੋਂ ਪਹਿਲਾ ਰਬਾਬ, ਮਧਿਅਮ ਵੀਣਾਂ (ਸਿਤਾਰ) ਅਤੇ ਤੰਬੂਰੇ (ਤਾਨਪੁਰੇ) ਆਦਿ ਸਾਜ਼ਾਂ ਦਾ ਵੀ ਪ੍ਰਯੋਗ ਹੁੰਦਾ ਸੀ। ਗੁਰੂ ਜੀ ਨੇ ਪੂਰਵ ਵਰਤੀ ਗੁਰੂਜਨਾਂ ਤੋਂ ਵਧੀਕ ਬਾਣੀ ਰਚਨਾ ਅਤੇ ਸੰਗੀਤ ਪਰਚਾਰ ਜਾਂ ਸਿਖਿਆ ਦਾ ਕੰਮ ਕੀਤਾ।"[38] ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਗੁਰਮਤਿ ਸੰਗੀਤ ਦੇ ਪ੍ਰਵਾਹ ਨੂੰ ਜਾਰੀ ਰੱਖਿਆ।

---

36 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-3), ਪੰਨਾ 252.

37 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 41-42.

38 ਡੀ. ਐਸ. ਨਰੂਲਾ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ, 1995, ਪੰਨਾ 42.

**ਸ੍ਰੀ ਗੁਰੂ ਹਰਗੋਬਿੰਦ ਸਾਹਿਬ** (1595-1644) ਦੇ ਸਮੇਂ ਵੀ ਗੁਰਮਤਿ ਸੰਗੀਤ ਦਾ ਪ੍ਰਵਾਹ ਚਲਦਾ ਰਿਹਾ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ 'ਆਪ ਦਾ ਜਨਮ 14 ਜੂਨ 1595 ਈ. ਨੂੰ ਵਡਾਲੀ ਪਿੰਡ ਵਿਚ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋ ਹੋਇਆ।'[39] ਸਮੇਂ ਦੇ ਹਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪ ਜੀ ਨੇ ਦੋ ਤਲਵਾਰਾਂ ਪਹਿਨੀਆਂ। ਇਕ ਮੀਰੀ ਦੀ ਅਤੇ ਦੂਜੀ ਪੀਰੀ ਦੀ। ਮੀਰੀ ਦੀ ਤਲਵਾਰ ਰਾਜਨੀਤਿਕ ਸ਼ਕਤੀ ਦਾ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਅਧਿਆਤਮਕ ਸ਼ਕਤੀ ਦਾ। ਢਾਡੀ ਗਾਇਨ ਪ੍ਰਥਾ ਦਾ ਆਰੰਭ ਆਪ ਜੀ ਦੇ ਸਮੇਂ ਵਿਚ ਹੀ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌਂ ਵਾਰਾਂ ਤੇ ਧੁਨੀਆਂ ਦੇ ਵਿਵਹਾਰਿਕ ਪ੍ਰਚਲਨ ਵਿਚ ਆਪ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। "ਆਪ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਦੇ ਸਿਰਲੇਖਾਂ ਅਨੁਸਾਰ ਵਾਰਾਂ ਦਾ ਗਾਇਨ ਕੀਤਾ ਜਾਣ ਲੱਗਾ। ਇਨ੍ਹਾਂ ਦੇ ਦਰਬਾਰ ਵਿਚ ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁਲਾ, ਭਾਈ ਬਨਵਾਲੀ ਅਤੇ ਪਰਸ ਰਾਮ ਜੀ ਆਦਿ ਕੀਰਤਨਕਾਰ / ਗਾਇਕ ਹੋਏ। ਜਿਥੇ ਭਾਈ ਬਾਬਕ ਅਤੇ ਉਹਨਾਂ ਦੇ ਸਾਥੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਕਰਦੇ ਉਥੇ ਸ਼ਾਮ ਸਮੇਂ ਭਾਈ ਛਬੀਲਾ ਅਤੇ ਭਾਈ ਅਬਦੁਲਾ ਜੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਦੇ।

**ਨੱਥ ਢੱਡ ਬਜਾਇਆ ਅਬਦੁੱਲਾ ਹਥ ਰਬਾਬ**

**ਅਬਦੁੱਲਾ ਢਾਢੀ ਜਸ ਸੁਨਾਇ।"**[40]

ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਲਈ ਆਪ ਜੀ ਨੇ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਬਣਾਇਆ। ਰਬਾਬੀ ਕੀਰਤਨਕਾਰਾਂ ਤੋਂ ਬਾਅਦ ਆਪ ਜੀ ਦੇ ਸਮੇਂ ਇਕ ਹੋਰ ਸ੍ਰੇਣੀ ਹੋਂਦ ਵਿਚ ਆਈ, ਜਿਸ ਨੂੰ ਢਾਡੀ ਗਾਇਕ ਕਿਹਾ ਜਾਂਦਾ ਸੀ। ਇਸ ਪ੍ਰਕਾਰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮੇਂ ਵੀ ਗੁਰਬਾਣੀ ਸੰਗੀਤ ਦਾ ਨਿਰੰਤਰ ਵਿਕਾਸ ਹੁੰਦਾ ਰਿਹਾ।

**ਸ੍ਰੀ ਗੁਰੂ ਹਰਿ ਰਾਏ ਜੀ** (1630-1661) ਸਿੱਖਾਂ ਦੇ ਸਤਵੇਂ ਗੁਰੂ ਹੋਏ ਹਨ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ 'ਆਪ ਦਾ ਜਨਮ 26 ਫਰਵਰੀ 1630 ਈ. ਨੂੰ ਬਾਬਾ ਗੁਰਦਿਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਘਰ ਹੋਇਆ।'[41] ਭਾਵੇਂ ਆਪ ਅਨੁਕੂਲ ਪ੍ਰਸਥਿਤੀਆਂ ਨਾ ਹੋਣ ਕਾਰਨ ਬਾਣੀ ਦੀ ਰਚਨਾ ਨਹੀਂ ਕਰ ਸਕੇ, ਪਰ ਫਿਰ ਵੀ ਆਪ ਜੀ ਨੇ ਆਪਣੇ ਸਿਖਾਂ ਨੂੰ ਗੁਰਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਦੂਰ ਦੂਰ ਭੇਜਿਆ। **ਡਾ. ਗੁਰਨਾਮ ਸਿੰਘ** ਅਨੁਸਾਰ, "ਆਪ ਦੇ ਸਮੇਂ ਭਗਤ ਭਗਵਾਨ, ਫੇਰੂ, ਅਤੇ ਗੌਂਡਾ ਦੇ ਨਾਮ

39 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 265.

40 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 42.

41 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 267.

ਵਿਸ਼ੇਸ਼ ਹਨ ਜਿਨਾਂ ਦੁਆਰਾ ਕੀਰਤਨ ਦੁਆਰਾ ਗੁਰਮਤਿ ਸੰਗੀਤ ਦਾ ਪਰਚਾਰ ਦੂਰ ਦੂਰ ਤੱਕ ਹੋਇਆ।"[42] ਆਪ ਜੀ ਸਮੇਂ ਸਵੇਰੇ ਸ਼ਾਮ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ ਸੀ।

**ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ** (1656-1664) ਸਿੱਖਾਂ ਦੇ ਅੱਠਵੇ ਗੁਰੂ ਸਭ ਗੁਰੂ ਸਾਹਿਬਾਨ ਤੋਂ ਛੋਟੀ ਉਮਰ ਦੇ ਸਨ। **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ 'ਆਪ ਜੀ ਦਾ ਜਨਮ 7 ਜੁਲਾਈ 1656 ਈ. ਨੂੰ ਕੀਰਤਪੁਰ ਵਿਚ ਸ੍ਰੀ ਗੁਰੂ ਹਰਿ ਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਤੋਂ ਹੋਇਆ। ਆਪ ਜੀ ਨੇ 2 ਸਾਲ, 5 ਮਹੀਨੇ, 26 ਦਿਨ ਗੁਰਿਆਈ ਕੀਤੀ। 7 ਵਰੇ, 8 ਮਹੀਨੇ, 26 ਦਿਨ ਦੀ ਆਯੂ ਵਿਚ ਹੀ ਆਪ ਸਵਰਗ ਸਿਧਾਰ ਗਏ।'[43]

ਇਨ੍ਹਾਂ ਦੇ ਕਾਲ ਵਿਚ ਸ਼ਬਦ ਕੀਰਤਨ ਦੀ ਪਰੰਪਰਾ ਉਵੇਂ ਹੀ ਕਾਇਮ ਸੀ। ਭਾਵੇਂ ਆਪ ਛੋਟੀ ਉਮਰ ਵਿਚ ਹੀ ਸਵਰਗ ਸਿਧਾਰ ਗਏ, ਪਰ ਫਿਰ ਵੀ ਆਪ ਜੀ ਨੇ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਗੁਰਬਾਣੀ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ।

'**ਗੁਰੂ ਤੇਗ ਬਹਾਦੁਰ ਜੀ** (1621-1675) ਦਾ ਜਨਮ 1 ਅਪਰੈਲ 1621 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਛੇਵੇ ਪਾਤਸ਼ਾਹ ਅਤੇ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ।'[44] ਆਪ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਬਚਪਨ ਤੋਂ ਹੀ ਸੁਭਾਅ ਪੱਖ ਤੋਂ ਬੈਰਾਗੀ ਸਨ। ਜਿਸ ਕਾਰਨ ਆਪ ਜੀ ਦੀਆਂ ਰਚਨਾਵਾਂ ਵਿਚ ਵੀ ਬੈਰਾਗਤਾ ਦੀ ਝਲਕ ਪੈਂਦੀ ਹੈ, ਜਿਵੇ :

**ਜਗਤ ਮੈ ਝੂਠੀ ਦੇਖੀ ਪ੍ਰੀਤਿ॥**

**ਆਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ ਰਹਾਉ॥**

ਇਸ ਦੀ ਇਕ ਹੋਰ ਮਿਸਾਲ ਇਸ ਤਰ੍ਹਾਂ ਹੈ :

**ਜੋ ਨਰੁ ਦੁਖ ਮੈ ਦੁਖ ਨਹੀ ਮਾਨੈ॥**

**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ॥**

ਆਪ ਜੀ ਨੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਸ੍ਰੀ ਆਨੰਦਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਆਪ ਜੀ ਨੇ ਗੰਭੀਰ ਪ੍ਰਕ੍ਰਿਤੀ ਵਾਲੀਆਂ ਗਾਇਨ ਸ਼ੈਲੀਆਂ ਜਿਵੇ

---

42 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਦੂਜਾ, ਪੰਨਾ 14.

43 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 265.

44 ---ਉਹੀ---, ---ਉਹੀ---, ਪੰਨਾ 600.

ਕਿ ਪਦੇ, ਅਸ਼ਟਪਦੀਆਂ ਆਦਿ ਦੇ ਮਾਧਿਅਮ ਰਾਂਹੀ ਗੁਰਬਾਣੀ ਦੀ ਰਚਨਾ ਕੀਤੀ। **ਡਾ. ਦੇਵਿੰਦਰ ਕੌਰ** ਅਨੁਸਾਰ "ਆਪ ਨੇ 118 ਸ਼ਬਦਾਂ ਦੀ ਰਚਨਾ ਕੀਤੀ। ਜਿਨਾਂ ਰਾਗਾਂ ਵਿਚ ਰਚਨਾ ਕੀਤੀ, ਉਹ ਇਸ ਪ੍ਰਕਾਰ ਹਨ : ਰਾਗ ਗਉੜੀ, ਆਸਾ, ਬਿਹਾਗੜਾ, ਸੋਰਠਿ, ਦੇਵ ਗੰਧਾਰੀ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਬਸੰਤ, ਸਾਰੰਗ, ਅਤੇ ਜੈਜੈਵੰਤੀ।"[45]

**ਡਾ. ਗੁਰਨਾਮ ਸਿੰਘ** ਅਨੁਸਾਰ "ਆਪ ਦੇ ਸਬੰਧ ਵਿਚ ਇਹ ਪਰਚਲਿਤ ਹੈ ਕਿ ਇਕ ਵਾਰੀ ਆਪ ਜੋਨਪੁਰ ਵਿਖੇ ਗਏ। ਉਥੇ ਰਾਗੀ ਗੁਰਬਖਸ਼ ਸਿੰਘ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮ੍ਰਿਦੰਗ ਕੀ ਬਖਸ਼ਿਸ਼ ਕੀਤੀ। ਮ੍ਰਿਦੰਗ ਸਾਜ਼ ਗੁਰਦੁਆਰਾ 'ਸੰਗੀਤ ਮ੍ਰਿਦੰਗਾਵਲ਼ੀ' ਜੋਨਪੁਰ ਵਿਖੇ ਅਜ ਵੀ ਵਿਸ਼ੇਸ਼ ਸਨਮਾਨ ਸਾਹਿਤ ਸੁਰੱਖਿਅਤ ਪਿਆ ਹੈ।"[46] ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਅਤੇ ਪੂਰਵਲੇ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਜਿਕਰਯੋਗ ਯੋਗਦਾਨ ਪਾਇਆ ਹੈ।

'**ਗੁਰੂ ਗੋਬਿੰਦ ਸਿੰਘ ਜੀ** (1666-1708) ਦਾ ਜਨਮ 22 ਦਸੰਬਰ 1666 ਈ. ਨੂੰ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਦੇ ਘਰ ਪਟਨਾ ਸ਼ਹਿਰ ਵਿਖੇ ਹੋਇਆ।'[47] ਆਪ ਮਹਾਨ ਕਵੀ, ਸੰਤ ਸਿਪਾਹੀ, ਤੇ ਸੂਰਵੀਰ ਯੋਧਾ ਸਨ।

**ਯੋਗੇਂਦਰ ਪਾਲ ਸ਼ਰਮਾ ਅਤੇ ਡਾ. ਬਚਿਤਰ ਸਿੰਘ** ਅਨੁਸਾਰ, "ਦਮਦਮਾ ਸਾਹਿਬ ਵਿਚ ਕੁਝ ਸਮਾਂ ਰਹਿ ਕੇ ਇਨ੍ਹਾਂ ਨੇ ਭਾਈ ਮਨੀ ਸਿੰਘ ਤੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਾਈ। ਦਸਮ ਗ੍ਰੰਥ 1428 ਪੰਨਿਆਂ ਦਾ ਵਿਸ਼ਾਲ ਆਕਾਰੀ ਗ੍ਰੰਥ ਹੈ ਜਿਸਦੇ ਵਰਤਮਾਨ ਰੂਪ ਵਿਚ ਨਿਮਨਲਿਖਤ ਕਰਮ ਨਾਲ ਬਾਣੀਆਂ ਸੰਗ੍ਰਹਿਤ ਹਨ।

ਜਾਪਿ ਸਾਹਿਬ, ਅਕਾਲ ਉਸਤਤਿ, ਬਚਿੱਤਰ ਨਾਟਕ, ਚੰਡੀ ਚਰਿੱਤਰ (ਆਪਨੀ ਕਥਾ), ਵਾਰ ਸ੍ਰੀ ਭਗਾਉਤੀ ਜੀ ਕੀ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦਰਾਵਤਾਰ, ਸ਼ਬਦ ਹਜਾਰੇ, ਸਵੈਯੇ, ਖਾਲਸਾ ਮਹਿਮਾ, ਸ਼ਾਸਤਰ-ਨਾਮ-ਮਾਲਾ, ਚਰਿਤਰੋਂ ਪਾਖਿਆਨ, ਜ਼ਫਰਨਾਮਾ ਅਤੇ ਹਦਾਇਤਾਂ।"[48]

---

45 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-1), ਪੰਨਾ 153.

46 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 43.

47 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 429.

48 ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ (ਡਾ.): ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ,ਅੰਮ੍ਰਿਤ ਕੀਰਤਨ, ਜਨਵਰੀ 2000, ਪੰਨਾ 5.

ਇਨਾਂ ਰਚਨਾਵਾਂ ਦੇ ਅਧਿਐਨ ਤੋਂ ਸ਼ਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਉਚ ਕੋਟੀ ਦੇ ਵਿਦਵਾਨ ਸਨ। "ਗੁਰੂ ਜੀ ਨੇ ਇਸ ਲੋਕ ਵਿਚ ਆਪਣੇ ਆਉਣ ਦਾ ਉਦੇਸ਼ ਕਿੰਨੇ ਸੁੰਦਰ ਸ਼ਬਦਾ ਵਿਚ ਦਰਸਾਇਆ ਹੈ:

**ਹਮ ਇਹ ਕਾਜ ਜਗਤ ਮੋਂ ਆਏ**

**ਧਰਮ ਹੇਤੁ ਗੁਰਦੇਵ ਪਠਾਏ**

**ਜਹਾਂ ਤਹਾਂ ਤੁਮ ਧਰਮ ਬਿਥਾਰੋ**

**ਦੁਸ਼ਟ ਦੋਖੀਅਨ ਪਕਰ ਪਛਾਰੋ,**

**ਯਾਹੀ ਕਾਜ ਧਰਾ ਹਮ ਜਨਮੰ**

**ਸਮਝ ਲੇਹੁ ਸਾਧੂ ਸਭ ਮਨਮੰ**

**ਧਰਮ ਚਲਾਵਨ ਸੰਤ ਉਬਾਰਨ**

**ਦੁਸਟ ਸਭਨ ਕੋ ਮੂਲ ਉਪਾਰਨ॥**

ਇਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ, ਫਾਰਸੀ, ਬ੍ਰਿਜ, ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਮਹਾਨ ਵਿਦਵਾਨ ਸਨ।"[49] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਬਹੁਤ ਪ੍ਰਸਿਧ ਹੋਈਆਂ। **ਡਾ. ਗੁਰਨਾਮ ਸਿੰਘ** ਅਨੁਸਾਰ, "ਭਾਰਤੀ ਸ਼ਾਸਤਰੀ ਸੰਗੀਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਦੇਣ ਹੈ। ਆਪ ਨੇ ਇਕ ਨਵੀਨ ਸ਼ੈਲੀ 'ਖਿਆਲ' ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ ਜੋ ਅਧੁਨਿਕ ਸਮੇਂ ਵਿਚ ਸੰਗੀਤ ਜਗਤ ਵਿਚ ਖਿਆਲ ਗਾਇਨ ਦੇ ਨਾਮ ਨਾਲ ਪਰਸਿੱਧ ਹੈ। ਆਪ ਦੁਆਰਾ ਰਚਿਤ ਸ਼ਬਦ "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ" ਖਿਆਲ ਪਾਤਸ਼ਾਹੀ 10 ਦੇ ਅੰਤਰਗਤ ਦਰਜ ਹੈ। ਇਹ ਇਕ ਉਤਮ ਸੰਗੀਤ ਰਚਨਾਂ ਦੇ ਨਾਲ ਨਾਲ ਕਾਵਿ ਦਾ ਵੀ ਉਤਰਰਿਸ਼ਟ ਰੂਪ ਹੈ।"[50] ਗੁਰੂ ਜੀ ਆਪ ਮਹਾਨ ਕਵੀ ਸਨ। **ਡਾ. ਦੇਵਿੰਦਰ ਕੌਰ** ਅਨੁਸਾਰ, "ਇਨ੍ਹਾਂ ਦੇ ਦਰਬਾਰ ਵਿਚ ਵੀ 52 ਕਵੀ ਸਨ। ਗੁਰੂ ਗੋਬਿੰਦ ਸਿੰਘ ਦੀਆਂ ਆਪਣੀਆਂ ਅਤੇ 52 ਕਵੀਆਂ ਦੀਆਂ ਰਚਨਾਵਾਂ ਦਾ 'ਦਸਮ ਗ੍ਰੰਥ' ਦੇ ਰੂਪ ਵਿਚ ਸੰਕਲਨ ਕੀਤਾ ਗਿਆ। ਇਸ ਗ੍ਰੰਥ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਨੇ ਕੀਤਾ। ਰਾਜਨੀਤਿਕ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਇਸ ਦੀ ਇਕ ਉਦਾਹਰਣ ਇਸ ਪ੍ਰਕਾਰ ਹੈ :

**ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ**

---

49 ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ (ਡਾ.): ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ, ਅੰਮ੍ਰਿਤ ਕੀਰਤਨ, ਜਨਵਰੀ 2000, ਪੰਨਾ 5-6.

50 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 44.

**ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸ਼ਚੈ ਕਰਿ ਅਪਣੀ ਜੀਤ ਕਰੋਂ**

**ਅਰ ਸਿੱਖ ਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉਂ ਗੁਨ ਤਉ ਉਚਰੋ**

**ਜਬ ਆਵਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੈਂ ਤਬ ਜੂਝ ਮਰੋਂ।"[51]**

**ਯੋਗੇਂਦਰ ਪਾਲ ਸ਼ਰਮਾ ਅਤੇ ਡਾ. ਬਚਿਤਰ ਸਿੰਘ** ਅਨੁਸਾਰ, "ਦਸਮ ਗ੍ਰੰਥ ਪੜ੍ਹਕੇ ਸਹਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਵਿਚ ਭਾਰਤੀ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਸਿੰਙੀ, ਤੰਤੀ, ਰਾਗਰਸਾਲੂ, ਤਾਨ ਤਰੰਗ, ਤਾਲ, ਗੀਤ, ਆਦਿ ਸ਼ਬਦ ਗੂੜੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ ਸਬੰਧੀ ਜਾਣਕਾਰੀ ਨੂੰ ਹੀ ਨਹੀਂ ਦਿਖਾਉਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।"[52] ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਅਤੇ ਸ਼ਕਤੀ ਦਾ ਕੇਂਦਰ ਅਨੰਦਪੁਰ ਸਾਹਿਬ ਨੂੰ ਬਣਾਇਆ। ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ **ਡਾ. ਗੁਰਨਾਮ ਸਿੰਘ** ਅਨੁਸਾਰ, "ਆਪ ਨੇ ਗੁਰਮਤਿ ਸੰਗੀਤ ਦੇ ਪਰਚਾਰ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ ਕੇਂਦਰ ਸਥਾਨ ਵਜੋਂ ਸਥਾਪਿਤ ਕੀਤਾ, ਜੋ ਕੀਰਤਨ ਕੇਂਦਰ ਦੇ ਨਾਲ ਨਾਲ ਸਿਖ ਸ਼ਕਤੀ ਕੇਂਦਰ ਦਾ ਪ੍ਰਤੀਕ ਵੀ ਸੀ। ਇਥੇ ਸਵੇਰੇ ਸ਼ਾਮ ਕੀਰਤਨ ਦਾ ਗਾਇਨ ਨਿਰੰਤਰ ਹੁੰਦਾ ਸੀ। ਪਰਸਿੱਧ ਰਬਾਬੀ ਭਾਈ ਮੱਦੂ ਅਤੇ ਸਦੂ ਦੋਵੇਂ ਭਰਾ ਆਸਾ ਦੀ ਵਾਰ ਦਾ ਗਾਇਨ ਕਰਦੇ।"[53] ਭਾਵੇਂ ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ, ਫਿਰ ਵੀ ਆਪ ਜੀ ਨੇ ਰਾਗਾਂ ਵਿਚ ਬਾਣੀ ਰਚ ਕੇ ਮਹਾਨ ਸੰਗੀਤਕਾਰ ਹੋਣ ਦਾ ਸਬੂਤ ਦਿਤਾ। **ਡਾ. ਡੀ. ਐਸ. ਨਰੂਲਾ** ਅਨੁਸਾਰ, "ਇਨ੍ਹਾਂ ਨੇ ਛੇ ਰਾਗਾਂ ਵਿਚ 10 ਸ਼ਬਦ/ਪਦ ਉਪਲੱਬਧ ਹਨ। ਸ਼ਬਦ ਤੋਂ ਇਲਾਵਾ ਇਹਨਾਂ ਦੀਆਂ ਅਨੇਕ ਰਚਨਾਵਾਂ ਲੋਕ ਪ੍ਰਿਅ ਸਨ। ਜਿਵੇਂ ਚੰਡੀ ਦੀ ਵਾਰ, ਜ਼ਫਰਨਾਮਾ, ਅਕਾਲ ਉਸਤਤਿ ਅਤੇ ਜਾਪ ਸਹਿਬ ਆਦਿ।"[54]

**ਬੀਬੀ ਜਸਬੀਰ ਕੌਰ ਖਾਲਸਾ** ਅਨੁਸਾਰ, 'ਗੁਰੂ ਸਹਿਬਾਨ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤਾਂ ਜਿਵੇਂ ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੈਣੀ, ਭਗਤ ਰਵਿਦਾਸ, ਭਗਤ ਨਾਮਦੇਵ,

---

51 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-1), ਪੰਨਾ 154.

52 ਯੋਗੇਂਦਰ ਪਾਲ ਸ਼ਰਮਾ, ਬਚਿੱਤਰ ਸਿੰਘ (ਡਾ.): ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ, ਅੰਮ੍ਰਿਤ ਕੀਰਤਨ, ਜਨਵਰੀ 2000, ਪੰਨਾ 7.

53 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 43.

54 ਡੀ. ਐਸ. ਨਰੂਲਾ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ, 1995, ਪੰਨਾ 44.

ਭਗਤ ਧੰਨਾ, ਭਗਤ ਫਰੀਦ, ਭਗਤ ਜੈ ਦੇਵ, ਭਗਤ ਭੀਖਨ, ਭਗਤ ਸੈਣ, ਭਗਤ ਪੀਪਾ, ਭਗਤ ਸਦਨਾ, ਭਗਤ ਰਾਮਾਨੰਦ, ਭਗਤ ਪਰਮਾਨੰਦ, ਭਗਤ ਸੂਰਦਾਸ ਆਦਿ, 11 ਭੱਟਾਂ ਜਿਵੇਂ ਕਲਸਹਾਰ, ਨਲ੍ਹ, ਕੀਰਤ, ਭੱਟ ਮੱਥਰਾ, ਗਯੰਤ, ਤਿਖਾ, ਜਾਲਪ, ਸਲ੍ਹ, ਭਲ, ਬਲ੍ਹ, ਹਰਿਬੰਸ ਅਤੇ 4 ਗੁਰੂ ਸਾਹਿਬਾਨ ਦੇ ਸਿੱਖਾਂ ਜਿਵੇਂ ਬਾਬਾ ਸੁੰਦਰ ਜੀ, ਸਤਾ ਤੇ ਬਲਵੰਡ, ਭਾਈ ਮਰਦਾਨਾ ਦੀ ਬਾਣੀ ਦਰਜ ਹੈ।'[55] ਇਸ ਬਾਣੀ ਦਾ ਗਾਇਨ ਵੀ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਕੀਤਾ ਜਾਂਦਾ ਹੈ।

ਉਪਰੋਕਤ ਹਵਾਲਿਆਂ ਤੋਂ ਸ਼ਪਸ਼ਟ ਹੈ ਕਿ ਪਹਿਲੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਜਿਥੇ ਅਸੀਂ ਗੁਰਮਤਿ ਸੰਗੀਤ ਦੀ ਅਰੰਭਤਾ ਮੰਨਦੇ ਹਾਂ ਉਥੇ ਬਾਕੀ ਗੁਰੂ ਸਾਹਿਬਾਨ ਨੇ ਵੀ ਇਸ ਪਰੰਪਰਾ ਨੂੰ ਪ੍ਰਫੁਲਤ ਕਰਨ ਲਈ ਆਪਣਾ-ਆਪਣਾ ਮਹਾਨ ਯੋਗਦਾਨ ਪਾਇਆ। ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਗੁਰੂ ਸਾਹਿਬਾਨਾਂ ਨੇ ਅਨੇਕਾਂ ਨਵੀਨ ਰਾਗਾਂ, ਸਾਜ਼ਾਂ, ਕੀਰਤਨ ਕੇਂਦਰਾਂ ਅਤੇ ਗਾਇਨ ਸ਼ੈਲੀਆਂ ਦਾ ਆਵਿਸ਼ਕਾਰ ਕੀਤਾ। ਜਿਸ ਦੇ ਫਲਸਰੂਪ ਗੁਰਮਤਿ ਸੰਗੀਤ ਅੱਜ ਆਪਣੀ ਨਿਵੇਕਲੀ ਪਹਿਚਾਣ ਰੱਖਦਾ ਹੈ। ਇਹ ਪਰੰਪਰਾ ਇਕ ਮਹਾਨ ਅਤੇ ਪ੍ਰਫੁਲਿਤ ਸੰਗੀਤ ਪਰੰਪਰਾ ਵਜੋਂ ਵਿਦਮਾਨ ਹੋਈ ਹੈ। ਅੱਜ ਇਹ ਇਤਨੀ ਪ੍ਰਫੁਲਿਤ ਰੂਪ ਵਿਚ ਹੈ ਕਿ ਇਸ ਦਾ ਵਿਧੀਵਤ ਅਕਾਦਮਿਕ ਅਧਿਐਨ ਵੀ ਹੋ ਰਿਹਾ ਹੈ, ਜੋ ਕਿ ਸਿਖਿਆ ਦੇ ਉਚ ਸਤਰ (ਪੀਐਚ.ਡੀ.) ਤੱਕ ਅਧਿਐਨ ਦਾ ਵਿਸ਼ਾ ਬਣ ਚੁਕਿਆ ਹੈ। ਜੇਕਰ ਇੰਝ ਕਿਹਾ ਜਾਵੇ ਕਿ ਇਸ ਮਹਾਨ ਸੰਗੀਤ ਪਰੰਪਰਾ (ਗੁਰਮਤਿ ਸੰਗੀਤ ਪਰੰਪਰਾ) ਨੇ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਨੂੰ ਵੀ ਪ੍ਰਫੁਲਤ ਕਰਨ ਅਤੇ ਵਿਕਸਤ ਕਰਨ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

ਗੁਰੂ ਕਾਲ ਤੋ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਗੁਰਮਤਿ ਸੰਗੀਤ ਦੀ ਪਰੰਪਰਾ ਨਿਰੰਤਰ ਜਾਰੀ ਰਹੀ। 'ਇਸ ਸਮੇਂ ਮਹਾਰਾਜਾ ਦੇ ਦਰਬਾਰੀ ਸਹਿਤਕਾਰ ਸ੍ਰੀ ਮੋਹਨ ਲਾਲ ਨੇ ਜ਼ਫ਼ਰਨਾਮਾ ਅਤੇ ਗਣੇਸਦਾਸ ਨੇ ਪੰਜਾਬੀ ਕਾਵਿ ਵਿਚ 'ਫਤਹਿਨਾਮਾ ਗੁਰੂ ਖਾਲਸਾ ਜੀ ਕਾ' ਦਾ ਲੇਖਨ ਕੀਤਾ। ਇਸੇ ਕਾਲ ਵਿਚ ਭਾਈ ਮਨਸ਼ਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮਧੁਰ ਕੀਰਤਨ ਕਰਦੇ ਰਹੇ ਹਨ। ਇਨਾਂ ਦੇ ਕੀਰਤਨ ਤੋਂ ਖੁਸ਼ ਹੋ ਕੇ ਜਦ ਮਹਾਰਾਜਾ ਰਣਜੀਤ ਸਿੰਘ ਅਸ਼ਰਫੀਆਂ ਭੇਂਟ ਕਰਨ ਲਈ ਇਨ੍ਹਾਂ ਦੇ ਘਰ ਗਏ ਤਾਂ ਇਨ੍ਹਾਂ ਨੇ ਦਰਵਾਜਾ ਬੰਦ ਕਰਦਿਆਂ ਕਿਹਾ ਕਿ ਲਛਮੀ ਆਉਣ ਨਾਲ ਮੇਰੇ ਕੀਰਤਨ ਦੀ ਤਸੀਰ ਤੇ ਸ਼ਰਧਾ ਖਤਮ ਹੋ ਜਾਵੇਗੀ।'[56]

---

55 ਬੀਬੀ ਜਸਬੀਰ ਕੌਰ ਖਾਲਸਾ: ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਤੀਜਾ, ਪੰਨਾ 86-87.

56 ਡੀ. ਐਸ. ਨਰੂਲਾ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ, 1995, ਪੰਨਾ 47.

ਭਾਈ ਚਾਂਦ ਨੇ ਵੀ ਗੁਰਮਤਿ ਸੰਗੀਤ ਦੇ ਵਿਕਾਸ ਦੇ ਪ੍ਰਵਾਹ ਨੂੰ ਜਾਰੀ ਰੱਖਿਆ। **ਡਾ. ਗੁਰਨਾਮ ਸਿੰਘ** ਅਨੁਸਾਰ, "ਹਿੰਦ ਪਾਕਿ ਵੰਡ ਤੱਕ ਆਪ ਨੇ ਹਰਿਮੰਦਰ ਸਾਹਿਬ ਵਿਖੇ ਗੁਰੂ ਘਰ ਦੀ ਕੀਰਤਨ ਦੁਆਰਾ ਸੇਵਾ ਕੀਤੀ ਅਤੇ 18 ਜੂਨ 1949 ਨੂੰ ਆਪਣੀ ਧਰਤ ਤੇ ਕੀਰਤਨ ਤੋਂ ਵਿਛੜ ਸਦਾ ਸਦਾ ਲਈ ਗੁਰੂ ਚਰਨਾਂ ਵਿਚ ਜਾ ਵਿਰਾਜੇ।"[57] ਇਸੇ ਤਰਾਂ ਸਿੱਖ ਕੌਮ ਦੇ ਮਹਾਨ ਜਰਨੈਲ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਬਚਪਨ ਵਿਚ ਮਾਤਾ ਸੁੰਦਰੀ ਜੀ ਕੋਲ ਦਿਲੀ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ। **ਡਾ. ਜਸਬੀਰ ਕੌਰ** ਅਨੁਸਾਰ, "ਬ੍ਰਹਮ ਗਿਆਨੀ ਬਾਬਾ ਸ਼ਾਮ ਸਿੰਘ ਜੀ ਨੇ 78 ਵਰਸ਼ ਹਰਿਮੰਦਰ ਸਾਹਿਬ ਵਿਖੇ ਸੇਵਾ, ਸਿਮਰਨ, ਕੀਰਤਨ ਦਆਰਾ ਗੁਰੂ ਘਰ ਦੀ ਸੇਵਾ ਕੀਤੀ। ਆਪ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਤਿੰਨ ਪਹਿਰੇ ਦੀ ਚੌਂਕੀ, ਸਿਰੰਦਾ ਸਾਜ਼ ਵਜਾ ਕੇ ਲਾਇਆ ਕਰਦੇ ਸਨ।"[58] **ਡਾ. ਗੁਰਨਾਮ ਸਿੰਘ** ਅਨੁਸਾਰ, 'ਇਸੇ ਤਰਾਂ ਭਾਈ ਸੰਤਾ ਸਿੰਘ ਵੀ ਕੀਰਤਨ ਦੇ ਧਨੀ ਸਨ ਤੇ ਇਸੇ ਗੁਣ ਕਰਕੇ ਪੁਰਾਤਨ ਕੀਰਤਨੀਏ ਆਪ ਨੂੰ 'ਰਾਗ ਦੀ ਖਾਣ' ਕਹਿੰਦੇ ਸਨ। ਆਪ ਦਾ ਜਨਮ 1902 ਵਿਚ ਹੋਇਆ ਅਤੇ 16 ਨਵੰਬਰ 1966 ਨੂੰ ਆਪ ਗੁਰੂ ਚਰਨਾਂ ਵਿਚ ਜਾ ਬਿਰਾਜੇ।'[59] ਸੂਰਮਾ ਸਿੰਘ ਭਾਈ ਸੁਰਜਨ ਸਿੰਘ (1911-1955) ਵੀ ਸਾਰੀ ਉਮਰ ਕੀਰਤਨ ਨਾਲ ਜੁੜੇ ਰਹੇ। ਗੁਰਮਤਿ ਸੰਗੀਤ ਦੇ ਖੇਤਰ ਵਿਚ ਮਹੰਤ ਗੱਜਾ ਸਿੰਘ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। **ਡਾ. ਜਸਬੀਰ ਕੌਰ** ਅਨੁਸਾਰ, "ਆਪ ਮਹਾਰਾਜਾ ਪਟਿਆਲਾ, ਭਾਈ ਹਰਨਾਮ ਸਿੰਘ (ਦਿਲਰੁਬਾ ਵਾਦਕ), ਭਾਈ ਮਸਤਾਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਦੇ ਸੰਗੀਤਕ ਗੁਰੂ ਰਹੇ।"[60]

ਇਸੇ ਤਰ੍ਹਾਂ ਭਾਈ ਜਵਾਲਾ ਸਿੰਘ ਜੀ ਨੇ ਵੀ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਬਣਦਾ ਯੋਗਦਾਨ ਪਾਇਆ। **ਡਾ. ਜਸਬੀਰ ਕੌਰ** ਅਨੁਸਾਰ, "ਆਪ ਜੀ ਦੇ ਵੰਸ਼ ਵਿਚ ਦਸਮ ਪਾਤਸ਼ਾਹ ਦੇ ਸਮੇਂ ਤੋਂ ਹੀ ਕੀਰਤਨ ਦੀ ਦਾਤ ਦੀ ਬਖਸ਼ਿਸ਼ ਨਿਰੰਤਰ ਚਲਦੀ ਰਹੀ ਹੈ।"[61] ਗੁਰਮਤਿ ਸੰਗੀਤ ਦੇ ਵਿਕਾਸ ਦੀ ਧਾਰਾ ਵਿਚ ਭਾਈ ਸਮੁੰਦ ਸਿੰਘ, ਭਾਈ ਹੀਰਾ ਸਿੰਘ, ਭਾਈ ਮੋਤੀ ਤੇ ਭਾਈ ਲਾਲ ਅੰਮ੍ਰਿਤਸਰੀ ਨੇ ਵੀ ਵਡਮੁੱਲਾ ਯੋਗਦਾਨ ਪਾਇਆ ਹੈ।

---

57 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 180.

58 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 146.

59 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 179.

60 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 146.

61 ---ਉਹੀ---,---ਓਹੀ---, ਪੰਨਾ 150.

ਉਕਤ ਕੀਰਤਨਕਾਰਾਂ ਤੋਂ ਇਲਾਵਾ **ਡਾ. ਗੁਰਨਾਮ ਸਿੰਘ** ਨੇ ਕੁਝ ਹੋਰ ਰਾਗੀਆਂ, ਰਬਾਬੀਆਂ ਦੇ ਨਾਵਾਂ ਦਾ ਜਿਕਰ ਕੀਤਾ ਹੈ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਹ ਹਨ: "ਭਾਈ ਰਖਾ, ਭਾਈ ਮੇਹਰਾ ਤੇ ਖੈਰਾ, ਭਾਈ ਖੈਰਾ ਤੇ ਲਾਡਾ, ਭਾਈ ਅਤਰਾ, ਭਾਈ ਜੰਮੂ, ਭਾਈ ਮੇਹਰੂ, ਭਾਈ ਨਥੂ, ਭਾਈ ਖੈਰ, ਭਾਈ ਈਦੂ, ਭਾਂਈ ਨਥੂ, ਭਾਈ ਮੇਲੂ, ਭਾਈ ਵਾਸੂ, ਭਾਈ ਮੁਲਤਾਨੀ, ਭਾਈ ਚੰਦੂ, ਭਾਈ ਸੁੰਦਰ, ਭਾਈ ਰੂੜਾ, ਭਾਈ ਮੋਲਾ, ਭਾਈ ਫਤੂ, ਭਾਈ ਬੋਧ ਨੰਦ, ਭਾਈ ਹੀਰਾ, ਭਾਈ ਜੈਮਲ, ਭਾਈ ਮਹਿਦੂਦ, ਭਾਈ ਮੰਦੂ, ਭਾਈ ਫਤੈ ਸਿੰਘ, ਭਾਈ ਲੋੜੀਦਾ, ਭਾਈ ਕਾਲੂ, ਭਾਈ ਹੁਸੈਨਾ ਮੌਲੂ, ਭਾਈ ਨਥੂ, ਭਾਈ ਸਾਂਈ ਦਿਤਾ। ਰਬਾਬੀਆਂ ਤੋਂ ਬਿਨਾਂ 'ਸੌ ਸਾਲ ਪੁਰਾਣੇ ਗਵਈਏ' ਭਾਵ ਰਾਗੀਆਂ ਦੀ ਸੂਚੀ ਵੀ ਦਿਤੀ ਗਈ ਹੈ ਜੋ ਇਸ ਪਰਕਾਰ ਹੈ: ਭਾਈ ਗੰਗਾ ਸਿੰਘ, ਭਾਈ ਹਰੀ ਸਿੰਘ, ਭਾਈ ਭਾਗ ਸਿੰਘ, ਭਾਈ ਪਰਤਾਪ ਸਿੰਘ, ਭਾਈ ਪਰਾਗ ਸਿੰਘ, ਭਾਈ ਸੰਪੂਰਨ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਕੇਸਰ ਸਿੰਘ, ਭਾਈ ਗੰਡਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਮੂਲ ਸਿੰਘ, ਭਾਈ ਠਾਕਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਰਪਤ ਸਿੰਘ, ਭਾਈ ਹਰੀ ਸਿੰਘ, ਭਾਈ ਸਹਿਜ ਸਿੰਘ, ਭਾਈ ਸਾਧੂ ਸਿੰਘ, ਭਾਈ ਗੁਲਾਬ ਸਿੰਘ, ਭਾਈ ਸੁਰਜਨ ਸਿੰਘ, ਭਾਈ ਚੜਤ ਸਿੰਘ, ਭਾਈ ਸੁੰਦਰ ਸਿੰਘ, ਭਾਈ ਹਰਿਨਾਮ ਸਿੰਘ, ਭਾਈ ਬਿਹਾਲ ਸਿੰਘ, ਭਾਈ ਨਰੈਣ ਸਿੰਘ, ਭਾਈ ਹਰੀ ਸਿੰਘ, ਭਾਈ ਤਾਰਾ ਸਿੰਘ, ਭਾਈ ਨਰੈਣ ਸਿੰਘ, ਭਾਈ ਪਰਤਾਪ ਸਿੰਘ, ਭਾਈ ਮੀਰ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਫਤੇ ਸਿੰਘ, ਭਾਈ ਖਜਾਨ ਸਿੰਘ, ਭਾਈ ਨਿਹਾਰ ਸਿੰਘ, ਭਾਈ ਹਜ਼ਾਰਾ ਸਿੰਘ।"[62]

ਭਾਰਤ-ਪਾਕਿ ਵੰਡ ਉਪਰੰਤ ਵੀ ਗੁਰਮਤਿ ਸੰਗੀਤ ਦਾ ਪ੍ਰਵਾਹ ਨਿਰੰਤਰ ਜਾਰੀ ਰਿਹਾ। **ਡਾ. ਦਰਸ਼ਨ ਸਿੰਘ ਨਰੂਲਾ** ਅਨੁਸਾਰ, "ਛੇਵੇ ਦਹਾਕੇ ਵਿਚ ਗਿਆਨੀ ਗਿਆਨ ਸਿੰਘ 'ਐਬਟਾਬਾਦ' ਵਲੋਂ ਲਿਖੀ ਗਈ ਪੁਸਤਕ 'ਗੁਰਬਾਣੀ ਸੰਗੀਤ' 1961 ਵਿਚ, ਪਾਠਕਾਂ ਦੇ ਹੱਥਾਂ ਵਿਚ ਪਹੁੰਚੀ। ਕੁਝ ਸਮੇਂ ਬਾਅਦ ਇਸ ਦਾ ਦੂਜਾ ਭਾਗ ਵੀ ਛਪਿਆ। ਪਰ ਇਸ ਦੀਆਂ ਬੰਦਿਸ਼ਾ ਨਿਰਧਾਰਿਤ ਰਾਗਾਂ ਵਿਚ ਨਹੀ ਸਨ।"[63] ਸਤਵੇ ਦਹਾਕੇ ਵਿਚ ਅਰਥਾਤ 1979 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਦੀ ਪੁਸਤਕ 'ਗੁਰਬਾਣੀ ਸੰਗੀਤ-ਪ੍ਰਾਚੀਨ ਰੀਤ ਰਤਨਾਵਲੀ' ਪ੍ਰਕਾਸ਼ਿਤ ਕੀਤੀ। **ਡਾ. ਦਰਸ਼ਨ ਸਿੰਘ ਨਰੂਲਾ** ਅਨੁਸਾਰ, 'ਇਸ ਦਹਾਕੇ ਦੇ ਆਸ ਪਾਸ ਗੁਰਮਤਿ ਸੰਗੀਤ ਨਾਲ ਸਬੰਧਿਤ ਅਨੇਕਾਂ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ ਜਿਨਾਂ ਨੂੰ ਪ੍ਰੋ. ਤਾਰਾ ਸਿੰਘ (ਵਾਦਨ ਕਲਾ), ਡਾ. ਗੁਰਨਾਮ ਸਿੰਘ (ਆਦਿ ਗ੍ਰੰਥ ਰਾਗ ਕੋਸ਼), ਡਾ. ਡੀ. ਐਸ. ਨਰੂਲਾ (ਗੁਰੂ ਨਾਨਕ ਸੰਗੀਤਯ) ਖੋਜ ਪੱਤਰ, ਸੰਤ ਸਰਵਣ ਸਿੰਘ ਗੰਧਰਵ (ਸੁਰ ਸਿਮਰਨ ਸੰਗੀਤ), ਗੁਰਦਿਆਲ ਸਿੰਘ ਕਵੀਰਾਗ (ਰਾਗ ਪ੍ਰਬੰਧ), ਪਿਆਰਾ ਸਿੰਘ

62 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 181-183.

63 ਦਰਸ਼ਨ ਸਿੰਘ ਨਰੂਲਾ (ਡਾ.): ਪਿਛਲੇ ਪੰਜ ਦਹਾਕਿਆਂ ਵਿਚ ਗੁਰਮਤਿ ਸੰਗੀਤ ਦਾ ਵਿਕਾਸ (1950-2000 ਈ.), ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 102.

(ਗੁਰਬੰਧਨ ਸੰਗੀਤ), ਰਾਗੀ ਅਵਤਾਰ ਸਿੰਘ ਗੁਰਚਰਨ ਸਿੰਘ (ਗੁਰਬਾਣੀ ਸੰਗੀਤ-ਪ੍ਰਾਚੀਨ ਰਾਗ ਰਤਨਾਵਲੀ), ਜੋਗਿੰਦਰ ਸਿੰਘ ਸਰਲ (ਹਰੀ ਕੀਰਤਨ ਸਿਖਿਆ), ਏ. ਐਸ. ਗੋਸਲ (ਸਿਖ ਧਰਮ ਅਤੇ ਸੰਗੀਤ), ਡਾ. ਅਜੀਤ ਸਿੰਘ ਪੈਂਤਲ (ਭਾਰਤੀ ਸ਼ਾਸਤਰੀ ਸੰਗੀਤ ਵਿਚ ਸਿੱਖ ਸੰਗੀਤ ਦੀ ਨੁਹਾਰ ਅਤੇ ਮਹੱਤਤਾ) ਨੇ ਲਿਖਿਆ।'[64]

ਅਜਾਦੀ ਉਪਰੰਤ ਅਨੇਕਾਂ ਰਾਗੀਆਂ ਰਬਾਬੀਆਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। **ਡਾ. ਦਰਸ਼ਨ ਸਿੰਘ ਨਰੂਲਾ ਅਨੁਸਾਰ** ਇਹ ਸੂਚੀ ਇਸ ਪ੍ਰਕਾਰ ਹੈ: 'ਭਾਈ ਹਰਸਾ ਸਿੰਘ, ਭਾਈ ਗੁਰਮੁੱਖ ਸਿੰਘ, ਭਾਈ ਧਿਆਨ ਸਿੰਘ, ਭਾਈ ਦਰਸ਼ਨ ਸਿੰਘ ਕੋਮਲ, ਭਾਈ ਬਚਿਤਰ ਸਿੰਘ, ਭਾਈ ਬਾਤਨ ਸਿੰਘ, ਭਾਈ ਆਤਮਾ ਸਿੰਘ, ਭਾਈ ਗੁਰਮੁੱਖ ਸਿੰਘ, ਭਾਈ ਸਨਮੁੱਖ ਸਿੰਘ ਫੱਕਰ, ਸ. ਗਿਆਨ ਸਿੰਘ ਐਬਟਾਬਾਦ, ਗਿਆਨੀ ਹਰਦਿਤ ਸਿੰਘ, ਭਾਈ ਜਗਤ ਸਿੰਘ, ਭਾਈ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਖੜਕ ਸਿੰਘ, ਭਾਈ ਕੁੰਦਨ ਸਿੰਘ, ਭਾਈ ਲਾਭ ਸਿੰਘ, ਭਾਈ ਸੰਤਾ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਪੂਰਨ ਸਿੰਘ, ਮਾਸਟਰ ਪ੍ਰੇਮ ਸਿੰਘ, ਭਾਈ ਸ਼ੇਰ ਸਿੰਘ, ਭਾਈ ਸ਼ਾਮ ਸਿੰਘ, ਸੰਤ ਸੁਜਾਨ ਸਿੰਘ, ਭਾਈ ਸੁੰਦਰ ਸਿੰਘ, ਭਾਈ ਸੁਰਜਨ ਸਿੰਘ, ਭਾਈ ਗਿਆਨ ਸਿੰਘ ਅਲਮਸਤ, ਭਾਈ ਧਰਮ ਸਿੰਘ ਜ਼ਖਮੀ, ਭਾਈ ਰਣਜੀਤ ਸਿੰਘ, ਭਾਈ ਮਹਾਂ ਸਿੰਘ, ਬਾਬਾ ਸ਼ਰਧਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਉਤਮ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਪ੍ਰੋ. ਦਰਸ਼ਨ ਸਿੰਘ, ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ, ਭਾਈ ਸਤਨਾਮ ਸਿੰਘ ਆਦਿ।'[65]

ਸੰਤ ਸੁੱਚਾ ਸਿੰਘ ਜਵੱਦੀ ਕਲਾਂ ਦੇ ਯਤਨਾਂ ਸਦਕਾ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਦੀ ਅਰੰਭਤਾ ਹੋਈ। ਉਨਾਂ ਨੇ ਸਲਾਨਾ ਸੰਮੇਲਨ ਅਰੰਭ ਕਰਕੇ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਗਾਇਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ। **ਡਾ. ਦਰਸ਼ਨ ਸਿੰਘ ਨਰੂਲਾ** ਅਨੁਸਾਰ, 'ਹੁਣ ਤੱਕ ਇਸ ਸੰਮੇਲਨ ਵਿਚ ਸਿੰਘ ਬੰਧੂ, ਡਾ. ਅਜੀਤ ਸਿੰਘ ਪੈਂਤਲ, ਡਾ. ਗੁਰਨਾਮ ਸਿੰਘ, ਡਾ. ਜਾਗੀਰ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ, ਡਾ. ਗੀਤਾ ਪੈਂਤਲ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ, ਭਾਈ ਬਲਵੀਰ ਸਿੰਘ, ਪ੍ਰਿੰਸੀਪਲ ਬਲਦੇਵ ਸਿੰਘ, ਪ੍ਰੋ. ਹਰਚਰਨ ਸਿੰਘ ਫੱਕਰ, ਭਾਈ ਨਿਰਮਲ ਸਿੰਘ, ਪ੍ਰੋ. ਚੰਨਣ ਸਿੰਘ ਮਜਬੂਰ, ਭਾਈ ਪ੍ਰਿਥੀਪਾਲ ਸਿੰਘ, ਭਾਈ ਗੁਰਮੀਤ ਸਿੰਘ ਸ਼ਾਂਤ, ਪ੍ਰੋ. ਚਰਨਜੀਤ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਮੋਹਨਪਾਲ ਸਿੰਘ, ਭਾਈ ਬਚਨ ਸਿੰਘ ਆਲਮ, ਭਾਈ

---

64 ਦਰਸ਼ਨ ਸਿੰਘ ਨਰੂਲਾ (ਡਾ.): ਪਿਛਲੇ ਪੰਜ ਦਹਾਕਿਆਂ ਵਿਚ ਗੁਰਮਤਿ ਸੰਗੀਤ ਦਾ ਵਿਕਾਸ (1950-2000 ਈ.), ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 104.

65 --- ਉਹੀ---.

ਅਮਰਜੀਤ ਸਿੰਘ ਤਾਨ, ਪ੍ਰੋ. ਭਾਗ ਸਿੰਘ, ਭਾਈ ਖੇਮ ਸਿੰਘ ਪ੍ਰੇਮੀ, ਭਾਈ ਨਿਰੰਜਨ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਮਹਿੰਦਰ ਸਿੰਘ ਸਾਗਰ, ਭਾਈ ਅਵਤਾਰ ਸਿੰਘ, ਭਾਈ ਇਕਬਾਲ ਸਿੰਘ ਸਾਬਰ, ਡਾ. ਜਸਬੀਰ ਕੌਰ, ਬੀਬੀ ਜਸਵਿੰਦਰ ਕੌਰ, ਬੀਬੀ ਗੁਰਿੰਦਰ ਕੌਰ ਅਤੇ ਡਾ. ਨਿਵੇਦਿਤਾ ਸਿੰਘ ਆਦਿ ਦੀ ਆਡੀਓ-ਵੀਡੀਓ ਰਿਕਾਰਡਿੰਗਜ਼ ਹੋਈਆਂ ਹਨ।'[66] ਜੋ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਮੀਲ ਪੱਥਰ ਸਾਬਿਤ ਹੋਈਆਂ ਹਨ।

ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਸਕੂਲ ਸਿਖਿਆ ਬੋਰਡ ਨੇ ਵੀ ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਹਨ। **ਦੇਵਿੰਦਰ ਸਿੰਘ ਵਿਦਿਆਰਥੀ** ਅਨੁਸਾਰ, "ਗੁਰਮਤਿ ਸੰਗੀਤ ਨਾਲ ਜੁੜੇ ਕੁਝ ਉੱਘੇ ਵਿਦਵਾਨਾਂ ਅਤੇ ਉਚ ਕੋਟੀ ਦੀਆਂ ਸੰਸਥਾਵਾਂ ਉਦਾਹਰਣ ਲਈ ਬਾਬਾ ਸੁੱਚਾ ਸਿੰਘ ਜੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਲੁਧਿਆਣਾ, ਡਾ. ਗੁਰਨਾਮ ਸਿੰਘ ਮੁਖੀ ਸੰਗੀਤ ਵਿਭਾਗ, ਪੰਜਾਬੀ ਯੂਨੀ. ਪਟਿਆਲਾ, ਡਾ. ਜਗੀਰ ਸਿੰਘ ਅੰਮ੍ਰਿਤ ਕੀਰਤਨ ਟਰੱਸਟ ਚੰਡੀਗੜ੍ਹ ਦੇ ਸ਼ਲਾਘਾਯੋਗ ਯਤਨਾਂ ਨਾਲ ਗੁਰਮਤਿ ਸੰਗੀਤ ਦੇ ਸਤਰ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ।"[67] ਡਾ. ਗੁਰਨਾਮ ਸਿੰਘ ਦੇ ਵਿਸ਼ੇਸ਼ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਹੋ ਚੁਕੀ ਹੈ। ਇਸ ਵਿਭਾਗ ਤੋ ਵਿਦਿਆਰਥੀ ਬੀ.ਏ ਤੋਂ ਲੈ ਕੇ ਪੀਐਚ.ਡੀ. ਤੱਕ ਗੁਰਮਤਿ ਸੰਗੀਤ ਦੇ ਵਿਸ਼ੇ ਵਿਚ ਵਿਦਿਆ ਹਾਸਿਲ ਕਰ ਰਹੇ ਹਨ। **ਡਾ. ਕੰਵਲਜੀਤ ਸਿੰਘ** ਅਨੁਸਾਰ, "ਵਰਤਮਾਨ ਸਮੇਂ ਆਪ (ਡਾ. ਗੁਰਨਾਮ ਸਿੰਘ) ਹੋਫਸਟਰਾ ਯੂਨੀਵਰਸਿਟੀ, ਨਿਊਯਾਰਕ ਅਮਰੀਕਾ ਵਿਖੇ ਵਿਜ਼ਿਟਿੰਗ ਫੇਲੋ ਵਜੋਂ ਅਧਿਆਪਨ ਕਰਵਾਉਣ ਦੇ ਨਾਲ-ਨਾਲ ਆਪਣੀਆਂ ਪੇਸ਼ਕਾਰੀਆਂ ਨਾਲ ਹਿੰਦੁਸਤਾਨੀ ਤੇ ਗੁਰਮਤਿ ਸੰਗੀਤ ਦੇ ਪਰਚਾਰ ਪਰਸਾਰ ਵਿਚ ਅਹਿਮ ਯੋਗਦਾਨ ਪਾ ਰਹੇ ਹਨ।"[68] ਆਪ ਨੇ ਗੁਰਮਤਿ ਸੰਗੀਤ ਵਿਭਾਗ ਵਿਖੇ ਹਰ ਵਰ੍ਹੇ ਵੱਖ-ਵੱਖ ਗੁਰਮਤਿ ਸੰਗੀਤ ਉਤਸਵਾਂ ਦਾ ਆਯੋਜਨ ਕਰਕੇ, ਤੰਤੀ ਸਾਜਾਂ ਦੀ ਪੁਨਰ ਸੁਰਜੀਤੀ ਲਈ ਵਰਕਸ਼ਾਪਾਂ ਦਾ ਆਯੋਜਨ ਕਰਕੇ, ਐਚ. ਐਮ. ਵੀ. ਕੰਪਨੀ

---

66 ਦਰਸ਼ਨ ਸਿੰਘ ਨਰੂਲਾ (ਡਾ.): ਪਿਛਲੇ ਪੰਜ ਦਹਾਕਿਆਂ ਵਿਚ ਗੁਰਮਤਿ ਸੰਗੀਤ ਦਾ ਵਿਕਾਸ (1950-2000 ਈ.), ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 105.

67 ਦੇਵਿੰਦਰ ਸਿੰਘ ਵਿਦਿਆਰਥੀ: ਗੁਰਮਤਿ ਸੰਗੀਤ: ਅਤੀਤ ਅਤੇ ਵਰਤਮਾਨ, ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ-ਦੂਜਾ), 2003, ਪੰਨਾ 138.

68 ਕੰਵਲਜੀਤ ਸਿੰਘ (ਡਾ.): ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ, ਸਮਾਜਿਕ ਵਿਗਿਆਨ ਪੱਤਰ, ਅੰਕ 59, ਦਸੰਬਰ 2011, ਪੰਨਾ 169.

ਦੁਆਰਾ 31 ਰਾਗਾਂ ਅਤੇ 31 ਰਾਗ ਪਰਕਾਰਾਂ ਵਿਚ ਨਿਰਧਾਰਿਤ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਕੇ, ਅਨੇਕਾਂ ਪੁਸਤਕਾਂ ਅਤੇ ਖੋਜ ਪੱਤਰਾਂ ਦਾ ਪ੍ਰਕਾਸ਼ਨ ਕਰਵਾ ਕੇ, ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਤੋ ਬਿਨ੍ਹਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਵੱਖ-ਵੱਖ ਟਕਸਾਲਾਂ ਤੇ ਦੇਸ਼ ਵਿਦੇਸ਼ ਵਿਚ ਸਥਿਤ ਸੰਗੀਤ ਵਿਦਿਆਲੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੇ ਹਨ।

ਉਪਰੋਕਤ ਹਵਾਲਿਆਂ ਤੋ ਸਪਸ਼ਟ ਹੈ ਕਿ ਗੁਰੂ ਕਾਲ ਤੋ ਬਾਅਦ ਵੀ ਗੁਰਮਤਿ ਸੰਗੀਤ ਦਾ ਪ੍ਰਵਾਹ ਨਿਰੰਤਰ ਜਾਰੀ ਰਿਹਾ। ਇਸ ਸਮੇਂ ਦੌਰਾਨ ਵੱਖ-ਵੱਖ ਕੀਰਤਨਕਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦੇ ਰਹੇ ਹਨ। ਅਜਾਦੀ ਉਪਰੰਤ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਤੇਜੀ ਆਈ ਹੈ। ਸਕੂਲ ਪੱਧਰ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਗੁਰਮਤਿ ਸੰਗੀਤ ਦੀ ਵਿਦਿਆ ਵਿਦਿਆਰਥੀਆਂ ਨੂੰ ਦਿਤੀ ਜਾ ਰਹੀ ਹੈ। ਸਿਟੇ ਵਜੋਂ ਹੁਣ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਨਿਰਧਾਰਿਤ ਰਾਗਾਂ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਹੋਣ ਲੱਗ ਪਿਆ ਹੈ।

## 1.3 ਟਕਸਾਲ

ਪ੍ਰਾਚੀਨ ਕਾਲ ਤੋਂ ਹੀ ਧਰਮ ਅਤੇ ਸੰਗੀਤ ਦੋਵੇਂ ਨਾਲ-ਨਾਲ ਚਲਦੇ ਰਹੇ ਹਨ। ਧਰਮ ਦੇ ਪਰਚਾਰ ਲਈ ਸੰਗੀਤ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਮੱਧਕਾਲ ਵਿਚ ਸਿੱਖ ਗੁਰੂ ਸਹਿਬਾਨ ਨੇਂ ਆਪਣੀ ਵਿਚਾਰਧਾਰਾ ਨੂੰ ਪਰਚਾਰਨ ਲਈ ਗੁਰਬਾਣੀ ਦੀ ਰਚਨਾ ਕੀਤੀ ਅਤੇ ਉਸਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਕੀਰਤਨ (ਸੰਗੀਤ) ਨੂੰ ਆਪਣਾ ਮਾਧਿਅਮ ਬਣਾਇਆ। ਸਿੱਖ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕੀਤੀ। ਉਸ ਦੇ ਪਰਚਾਰ, ਪਰਸਾਰ ਅਤੇ ਸਿਖਿਆ ਦੇ ਲਈ ਕੀਰਤਨ ਕੇਂਦਰਾ ਦੀ ਸਥਾਪਨਾ ਕੀਤੀ। ਗੁਰੂ ਸਾਹਿਬਾਨ ਦੇ ਪਿਛੋਂ ਭਿੰਨ-ਭਿੰਨ ਟਕਸਾਲਾਂ ਨੇ ਇਸ ਮਾਰਗ ਤੇ ਚਲਦੇ ਹੋਏ ਕੀਰਤਨ ਅਤੇ ਸਿਖਲਾਈ ਦੀ ਪਰੰਪਰਾ ਨੂੰ ਅੱਗੇ ਵਧਾਇਆ। ਜਿਸ ਦੇ ਸਿੱਟੇ ਵਜੋਂ ਮੱਧਕਾਲ ਵਿਚ ਅਰੰਭ ਹੋਈ ਗੁਰਬਾਣੀ ਕੀਰਤਨ ਦੀ ਪਰੰਪਰਾ ਨੇ ਅੱਜ ਵਿਸ਼ਾਲ ਰੂਪ ਧਾਰਨ ਕਰ ਲਿਆ ਹੈ।

ਰੱਬੀ ਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਸਿੱਖਾਂ ਦੇ ਪਹਿਲੇ ਗੁਰੂ **ਸ੍ਰੀ ਗੁਰੂ ਨਾਨਕ ਦੇਵ ਜੀ** (1469 ਤੋਂ 1539) ਨੇਂ ਸਭ ਤੋਂ ਪਹਿਲਾ ਕੀਰਤਨ ਕੇਂਦਰ ਕਰਤਾਰਪੁਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜਦ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤਾਂ ਉਨ੍ਹਾਂ ਦੇ ਬਚਪਨ ਦੇ ਸਾਥੀ ਭਾਈ ਮਰਦਾਨਾ ਜੀ ਰਬਾਬ ਤੇ ਸੰਗਤ ਕਰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 19 ਰਾਗਾਂ ਵਿਚ 976 ਸ਼ਬਦ ਦਰਜ ਹਨ। **ਡਾ. ਗੁਰਨਾਮ ਸਿੰਘ** ਅਨੁਸਾਰ, "ਸਿਖ ਇਤਿਹਾਸ ਤੋਂ ਪਰਗਟ ਹੁੰਦਾ ਹੈ ਕਿ ਉਦਾਸੀਆਂ ਉਪਰੰਤ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ

ਸੰਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਿਆਦਾ ਨੂੰ ਵਿਸ਼ੇਸ਼ ਰੂਪ ਵਿਚ ਦ੍ਰਿੜਾਇਆ। ਇਤਿਹਾਸਿਕ ਹਵਾਲਿਆਂ ਤੋਂ ਪਰਤੱਖ ਹੈ ਕਿ ਕਰਤਾਰਪੁਰ ਵਿਖੇ ਸਵੇਰ ਸ਼ਾਮ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਸੀ ਅਤੇ ਇਸੇ ਸਥਾਨ ਤੇ ਤੀਸਰੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਇਥੇ ਟਿਕਾ ਕੇ ਇਕੱਲੇ ਉਦਾਸੀ ਤੇ ਗਏ ਤਾਂ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਰਾਗਮਈ ਕੀਰਤਨ ਕਰਦੇ ਰਹੇ। ਭਾਈ ਮਰਦਾਨਾ ਦੇ ਦੇਹਾਂਤ ਉਪਰੰਤ ਉਨ੍ਹਾਂ ਦਾ ਪੁੱਤਰ ਸਜਾਦਾ ਗੁਰ ਦਰਬਾਰ ਵਿਚ ਕੀਰਤਨ ਕਰਦੇ ਰਹੇ।"[69]

ਇਸੇ ਪਰੰਪਰਾ ਨੂੰ **ਸ੍ਰੀ ਗੁਰੂ ਅੰਗਦ ਦੇਵ ਜੀ** (1504-1552) ਨੇਂ ਅੱਗੇ ਵਧਾਇਆ। ਉਨਾਂ ਨੇਂ ਦੂਸਰਾ ਕੀਰਤਨ ਕੇਂਦਰ ਖਡੂਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ 9 ਰਾਗਾਂ ਵਿਚ 63 ਸਲੋਕਾਂ ਦੀ ਰਚਨਾ ਕੀਤੀ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸ੍ਰੀ ਖਡੂਰ ਸਾਹਿਬ ਵਿਖੇ ਵੀ ਜਿਥੇ ਭਾਈ ਸਜਾਦਾ ਨੇ ਕੀਰਤਨ ਕਰਨ ਦੀ ਪਰੰਪਰਾ ਜਾਰੀ ਰੱਖੀ, ਉੱਥੇ ਭਾਈ ਸਾਦੂ, ਬਾਦੂ ਨੇ ਧੁਰ ਕੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਬਣਦਾ ਯੋਗਦਾਨ ਪਾਇਆ।

ਇਸੇ ਲੜ੍ਹੀ ਤਹਿਤ **ਸ੍ਰੀ ਗੁਰੂ ਅਮਰਦਾਸ ਜੀ** (1479-1574) ਨੇਂ ਤੀਸਰਾ ਕੀਰਤਨ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਨੇਂ ਵੀ ਉਸ ਅਕਾਲ ਪੁਰਖ ਦੀ ਉਸਤਤ ਦਾ ਗਾਇਨ ਕਰਨ ਲਈ 17 ਰਾਗਾਂ ਵਿਚ 907 ਸ਼ਬਦਾਂ ਦੀ ਰਚਨਾ ਕੀਤੀ। ਇਹ ਵੀ ਕਿਹਾ ਜਾਂਦਾ ਹੈ ਕਿ ਆਪ ਨੇ ਗੁਰਬਾਣੀ ਕੀਰਤਨ ਨਾਲ ਸੰਗਤ ਕਰਨ ਲਈ 'ਸਰੰਦਾ' ਨਾਮਕ ਇਕ ਸੰਗੀਤ ਸਾਜ਼ ਦਾ ਆਵਿਸ਼ਕਾਰ ਵੀ ਕੀਤਾ। ਗੋਇੰਦਵਾਲ ਸਾਹਿਬ ਵਿਖੇ ਗੁਰੂ ਦਰਬਾਰ ਵਿਚ ਭਾਈ ਦੀਪਾ, ਭਾਈ ਪਾਧਾਂ ਤੇ ਭਾਈ ਬੂਲਾ ਜੀ ਨੇ ਕੀਰਤਨ ਕਰਨ ਦੀ ਸੇਵਾ ਬਾਖੂਬੀ ਨਿਭਾਈ।

ਚੌਥੀ ਪਾਤਸ਼ਾਹੀ **ਸ੍ਰੀ ਗੁਰੂ ਰਾਮਦਾਸ ਜੀ** ਨੇ ਵੀ ਗੁਰਮਤਿ ਸੰਗੀਤ ਦੇ ਵਿਕਾਸ ਲਈ ਵਡਮੁੱਲਾ ਯੋਗਦਾਨ ਪਾਇਆ। **ਡਾ. ਗੁਰਨਾਮ ਸਿੰਘ** ਅਨੁਸਾਰ, "ਗੁਰੂ ਅਮਰਦਾਸ ਜੀ ਤੋਂ ਬਾਅਦ **ਸ੍ਰੀ ਗੁਰੂ ਰਾਮਦਾਸ ਜੀ** (1534-1584) ਨੇ ਰਾਮਦਾਸਪੁਰਾ/ ਚੱਕ ਗੁਰੂ ਦੀ ਨੀਂਹ ਰੱਖੀ, ਜੋ ਅੰਮ੍ਰਿਤਸਰ ਨਾਮ ਨਾਲ ਪਰਸਿੱਧ ਹੋਇਆ। ਗੁਰੂ ਰਾਮਦਾਸ ਜੀ ਦੇ ਦਰਬਾਰ ਦੇ ਪਰਸਿੱਧ ਕੀਰਤਨੀਏ ਭਾਈ ਸੱਤਾ ਤੇ ਬਲਵੰਡ ਸਨ। ਅੰਮ੍ਰਿਤ ਵੇਲੇ ਆਸਾ ਦੀ ਵਾਰ ਸ਼ਾਮ ਨੂੰ ਸੋਦਰ ਅਤੇ ਰਾਤ ਨੂੰ ਆਰਤੀ ਗਾਇਨ ਦੀ ਪਰੰਪਰਾ ਪਰਚਾਰ ਵਿਚ ਰਹੀ। ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸ਼ਬਦ ਕੀਰਤਨ ਦੀ ਗੁਰਮਤਿ ਸੰਗੀਤ ਪਰੰਪਰਾ ਸਥਾਪਤ ਰੂਪ ਵਿਚ ਵਿਕਸਤ ਹੋ ਚੁੱਕੀ ਸੀ। ਜਿਸ ਅਧੀਨ ਨਵੇਂ-ਨਵੇਂ ਰਾਗਾਂ ਦਾ ਗੁਰਮਤਿ ਸੰਗੀਤ ਵਿਚ ਪੜਤਾਲ ਵਰਗੀ

69 ਗੁਰਨਾਮ ਸਿੰਘ (ਡਾ.): ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ, ਅਕਤੂਬਰ 2005, ਪੰਨਾ 24.

ਗਾਇਨ ਸ਼ੈਲੀ ਦਾ ਪਰਚਲਨ ਹੋਇਆ, ਜੋ ਸੰਗੀਤ ਜਗਤ ਦੇ ਹੋਰ ਪਰੰਪਰਾ ਵਿਚ ਉਪਲਬਧ ਨਹੀਂ।"[70] ਆਪ ਜੀ ਨੇਂ 19 ਪੜਤਾਲਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਆਪ ਜੀ ਨੇ 31 ਰਾਗਾਂ ਵਿਚ 679 ਪਦਾਂ ਦੀ ਰਚਨਾ ਕੀਤੀ।

ਇਸੇ ਤਰਾਂ **ਸ੍ਰੀ ਗੁਰੂ ਅਰਜਨ ਦੇਵ ਜੀ** (1563-1606) ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕੀਤਾ ਅਤੇ 31 ਰਾਗਾਂ ਵਿਚ 2216 ਸ਼ਬਦਾਂ ਦੀ ਰਚਨਾ ਕੀਤੀ। ਆਪ ਜੀ ਨੇ 36 ਪੜਤਾਲਾਂ ਦੀ ਵੀ ਰਚਨਾ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਆਪ ਦੇ ਸਮੇਂ ਮੁੱਖ ਕੀਰਤਨਕਾਰ ਭਾਈ ਸੱਤਾ ਅਤੇ ਬਲਵੰਡ ਜੀ ਦੀ ਨਰਾਜ਼ਗੀ ਉਪਰੰਤ ਆਪ ਨੇ ਸਮੂਹ ਸੰਗਤ ਵਿਚ ਵਿਧੀਵਤ ਰੂਪ ਵਿਚ ਕੀਰਤਨ ਦੀ ਪਰੰਪਰਾ ਚਲਾਈ। ਇਸ ਸਮੇਂ ਅਨੇਕਾਂ ਕੀਰਤਨਕਾਰਾਂ ਨੇ ਗੁਰੂ ਘਰ ਦੀ ਸ਼ਬਦ ਗਾਇਨ ਪਰੰਪਰਾ ਨੂੰ ਪਰਚਾਰਿਆ। ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ **ਡਾ. ਗੁਰਨਾਮ ਸਿੰਘ** ਅਨੁਸਾਰ, "ਇਨ੍ਹਾਂ ਵਿਚੋਂ ਭਾਈ ਦੀਪਾ, ਬੂਲਾ, ਨਰਾਇਣ ਦਾਸ, ਪਾਂਧਾ, ਉਗਰਸੈਨ, ਨਗੋਰੀ ਮਤ, ਭਾਈ ਰਾਮੂ, ਝਾਜੂ, ਮੁਕੰਦ, ਕੇਦਾਰਾ ਆਦਿ ਪ੍ਰਮੁੱਖ ਸਨ।"[71] ਇਥੇ ਜ਼ਿਕਰਯੋਗ ਹੈ ਕਿ ਵਿਸ਼ਵ ਭਰ ਦੇ ਹੋਰ ਕਿਸੇ ਵੀ ਗ੍ਰੰਥ ਵਿਚ ਪੜਤਾਲ ਗਾਇਨ ਸ਼ੈਲੀ ਦਾ ਜਿਕਰ ਨਹੀਂ ਮਿਲਦਾ, ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਗ੍ਰੰਥ ਹੈ, ਜਿਸ ਵਿਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਰਚੀਆਂ ਹੋਈਆਂ 55 ਪੜਤਾਲਾਂ ਦਾ ਜਿਕਰ ਆਉਂਦਾ ਹੈ।

ਗੁਰਮਤਿ ਸੰਗੀਤਾਚਾਰੀਆ **ਡਾ. ਗੁਰਨਾਮ ਸਿੰਘ** ਅਨੁਸਾਰ, "ਪੰਜਵੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਕਾਰਜ ਸੰਪੂਰਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦਾ ਪ੍ਰਕਾਸ਼ ਕੀਤਾ। ਇਸ ਗ੍ਰੰਥ ਨੂੰ ਲਿਖਣ ਦਾ ਕਾਰਜ ਭਾਈ ਗੁਰਦਾਸ ਜੀ ਨੇ ਕੀਤਾ, ਜੋ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਵਿਚ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਸੰਤਾਂ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕੀਤੀ ਅਤੇ ਆਪਣੇ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਦਾ ਦਰਜਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਸੰਤਾਂ, ਭਗਤਾਂ, ਗੁਰੂ ਸੰਨਬੰਧੀ, ਰਬਾਬੀ, ਤੇ ਭੱਟ ਬਾਣੀਕਾਰਾਂ ਦੀ ਬਾਣੀ ਦਰਜ ਹੈ।"[72]

---

70 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 168.

71 ਗੁਰਨਾਮ ਸਿੰਘ (ਡਾ.): ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ, ਅਕਤੂਬਰ 2005, ਪੰਨਾ 25.

72 ਗੁਰਨਾਮ ਸਿੰਘ (ਡਾ.): ਸਿੱਖ ਧਰਮ ਦੀ ਸੰਗੀਤ ਪਰੰਪਰਾ: ਗੁਰਮਤਿ ਸੰਗੀਤ, ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 21.

ਇਸੇ ਤਰਾਂ ਛੇਵੇਂ ਪਾਤਸ਼ਾਹ **ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ** (1595-1644) ਨੇ ਵੀ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵੱਡਮੁਲਾ ਯੋਗਦਾਨ ਪਾਇਆ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਧੁੰਨੀਆ ਅਤੇ ਸਿਰਲੇਖਾਂ ਅਨੁਸਾਰ ਢਾਡੀ ਵਾਰ ਗਾਇਨ ਦੀ ਪ੍ਰਥਾ ਅਰੰਭ ਕੀਤੀ। ਆਪ ਜੀ ਨੇ ਕੀਰਤਪੁਰ ਸਾਹਿਬ ਨੂੰ ਵੀ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। **ਡਾ. ਗੁਰਨਾਮ ਸਿੰਘ** ਅਨੁਸਾਰ, "ਇਨਾਂ ਦੇ ਦਰਬਾਰ ਵਿਚ ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁੱਲਾ, ਭਾਈ ਬਨਵਾਲੀ ਅਤੇ ਪਰਸਰਾਮ ਜੀ ਆਦਿ ਕੀਰਤਨਕਾਰ/ ਗਾਇਕ ਹੋਏ ਹਨ।"[73]

**ਸ੍ਰੀ ਗੁਰੂ ਹਰਿ ਰਾਇ ਸਾਹਿਬ** (1630-1661) ਅਤੇ **ਸ੍ਰੀ ਗੁਰੂ ਹਰਿਕ੍ਰਿਸ਼ਨ ਜੀ** (1656-1664) ਨੇ ਵੀ ਪਹਿਲੇ ਗੁਰੂਆਂ ਦੀ ਤਰ੍ਹਾਂ ਗੁਰਮਤਿ ਸੰਗੀਤ ਦੇ ਪ੍ਰਵਾਹ ਨੂੰ ਨਿਰੰਤਰ ਜਾਰੀ ਰੱਖਿਆ। **ਡਾ. ਗੁਰਨਾਮ ਸਿੰਘ** ਅਨੁਸਾਰ, " ਆਪ ਦੇ ਸਮੇਂ ਭਗਤ ਭਗਵਾਨ, ਫੇਰੂ, ਗੌਂਡਾ ਦੇ ਨਾਮ ਵਿਸ਼ੇਸ਼ ਹਨ, ਜਿਨ੍ਹਾਂ ਦੁਆਰਾ ਕੀਰਤਨ ਦੁਆਰਾ ਗੁਰਮਤਿ ਸੰਗੀਤ ਦਾ ਪਰਚਾਰ ਦੂਰ ਦੂਰ ਤੱਕ ਹੋਇਆ।"[74]

ਨੌਵੇਂ ਪਾਤਸ਼ਾਹ **ਸ੍ਰੀ ਗੁਰੂ ਤੇਗ ਬਹਾਦਰ ਜੀ** (1621-1675) ਅਤੇ ਦਸਮ ਪਾਤਸ਼ਾਹ **ਸ੍ਰੀ ਗੁਰੂ ਗੋਬਿੰਦ ਸਿੰਘ ਜੀ** (1666-1708) ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਦਾ ਮੁਖ ਕੇਂਦਰ ਬਣਾਇਆ। ਇਹ ਸਥਾਨ ਸ਼ਕਤੀ ਦਾ ਕੇਂਦਰ ਸਥਾਨ ਵੀ ਬਣਿਆ। **ਡਾ. ਗੁਰਨਾਮ ਸਿੰਘ** ਅਨੁਸਾਰ, " ਭਾਈ ਸੱਦੂ ਅਤੇ ਭਾਈ ਮੱਦੂ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਦੇ ਇਸ ਮਹਾਨ ਸਿੱਖੀ ਕੇਂਦਰ (ਗੁਰੂ ਕੀ ਨਗਰੀ) ਦੇ ਪ੍ਰਮੁੱਖ ਕੀਰਤਨੀਏ ਸਨ।"[75]

**ਡਾ. ਦੇਵਿੰਦਰ ਕੌਰ ਅਨੁਸਾਰ, "ਗੁਰੂ ਗੋਬਿੰਦ ਸਿੰਘ** (ਦਸਵੀਂ ਪਾਤਸ਼ਾਹੀ) ਨੇ ਆਪਣੇ ਸਮੇਂ ਵਿਚ ਗੁਰੂ ਤੇਗ ਬਹਾਦਰ (ਨੌਵੀਂ ਪਾਤਸ਼ਾਹੀ) ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਵਾਈ। ਇਸਨੂੰ ਲਿਖਣ ਦੀ ਸੇਵਾ ਭਾਈ ਮਨੀ ਸਿੰਘ ਨੇ ਦਮਦਮਾ ਸਾਹਿਬ ਵਿਖੇ ਕੀਤੀ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਅਜੋਕਾ ਰੂਪ ਸਾਨੂੰ ਪ੍ਰਾਪਤ ਹੋਇਆ, ਜੋ ਕਿ ਇਕ ਪਵਿੱਤਰ ਧਾਰਮਿਕ, ਪ੍ਰਮਾਣਿਕ ਅਤੇ ਸੰਗੀਤਕ ਗ੍ਰੰਥ ਹੈ। ਗੁਰ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਸਾਰੇ ਗੁਰੂ ਸਾਹਿਬਾਨ ਨੇ 'ਨਾਨਕ' ਨਾਮ ਦਾ ਹੀ ਪ੍ਰਯੋਗ ਕੀਤਾ ਹੈ। ਰਚਨਾਵਾਂ ਦੇ ਸਿਰਲੇਖ ਵਿਚ ਮਹਲਾ 1, 2, 3, 4 ਅਤੇ 5 ਲਿਖਿਆ ਹੈ, ਜਿਸ ਤੋਂ ਪਤਾ ਚਲਦਾ ਹੇ ਕਿ ਅਮੁਕ ਰਚਨਾ ਪਹਿਲੇ, ਦੂਸਰੇ, ਤੀਸਰੇ, ਚੌਥੇ ਜਾਂ ਪੰਜਵੇ ਗੁਰੂ ਸਾਹਿਬਾਨ  ਦੀ ਹੈ। ਇਸਦੀ ਪ੍ਰਮੁਖ ਭਾਸ਼ਾ

---

73 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਦੂਜਾ, ਪੰਨਾ 14.

74 ---ਉਹੀ---.

75 ਗੁਰਨਾਮ ਸਿੰਘ (ਡਾ.): ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ, ਅਕਤੂਬਰ 2005, ਪੰਨਾ 24.

ਪੰਜਾਬੀ ਹੈ, ਪਰੰਤੂ ਹਿੰਦੀ, ਸੰਸਕ੍ਰਿਤ, ਗੁਜਰਾਤੀ, ਬੰਗਾਲੀ, ਮਰਾਠੀ, ਬ੍ਰਿਜ, ਸਿੰਧੀ, ਲਹਿੰਦੀ, ਅਰਬੀ ਅਤੇ ਫਾਰਸੀ ਭਾਸ਼ਾਵਾਂ ਦਾ ਪ੍ਰਯੋਗ ਵੀ ਮਿਲਦਾ ਹੈ। ਸਾਰੀ ਬਾਣੀ ਗੁਰਮੁਖੀ ਲਿਪੀ ਵਿਚ ਅੰਕਿਤ ਹੈ।"[76]

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭੀ ਗੁਰਮਤਿ ਸੰਗੀਤ ਪਰੰਪਰਾ ਦਾ ਗੁਰੂ ਕਾਲ ਤੋਂ ਬਾਅਦ ਵੀ ਵਿਕਾਸ ਜਾਰੀ ਰਿਹਾ। ਇਸ ਕੰਮ ਵਿਚ ਵੱਖ-ਵੱਖ ਟਕਸਾਲਾਂ/ਸੰਸਥਾਵਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ।

**ਡਾ. ਦਰਸ਼ਨ ਸਿੰਘ ਨਰੂਲਾ** ਅਨੁਸਾਰ, "ਗੁਰੂ ਕਾਲ ਤੋਂ ਬਾਅਦ ਅਨੇਕਾਂ ਸੰਤਾਂ-ਮਹੰਤਾਂ ਜਾਂ ਮਹਾਂਪੁਰਖਾਂ ਨੇ ਗੁਰਦੁਆਰਿਆਂ ਜਾਂ ਡੇਰਿਆਂ ਵਿਚ, ਗੁਰਮਤਿ ਸੰਗੀਤ ਦੀ ਸਿਖਿਆ ਦਾ ਬਕਾਇਦਾ ਪ੍ਰਬੰਧ ਕੀਤਾ ਹੋਇਆ ਸੀ। ਅਜਿਹੇ ਡੇਰਿਆਂ ਜਾਂ ਸਥਾਨਾਂ ਨੂੰ ਹੀ 'ਟਕਸਾਲ' ਕਿਹਾ ਜਾਂਦਾ ਹੈ। ਟਕਸਾਲੀ ਸੰਗੀਤਕਾਰਾਂ ਦਾ ਕਲਾਸੀਕਲ ਕੀਰਤਨ ਦੀ ਪਰੰਪਰਾ ਦੇ ਵਿਕਾਸ ਵਿਚ ਚੋਖਾ ਯੋਗਦਾਨ ਹੈ।"[77]

ਦੂਸਰੇ ਸ਼ਬਦਾਂ ਵਿਚ ਟਕਸਾਲ ਉਸ ਜਗਾ (ਸਥਾਨ) ਨੂੰ ਕਿਹਾ ਜਾਂਦਾ ਹੈ, ਜਿਥੇ ਸਿੱਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜਾਂ, ਰਹਿਣ-ਸਹਿਣ, ਇਤਿਹਾਸ ਸਬੰਧੀ ਪੂਰਨ ਤੌਰ ਤੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤ ਅਨੁਸਾਰ, ਗੁਰਬਾਣੀ ਗਾਇਨ ਦੇ ਮਹਾਨ ਗਿਆਤਾ ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਗਾਇਨ ਦੀ ਸਿਖਿਆ ਦਿੰਦੇ ਹਨ। ਟਕਸਾਲਾਂ ਵਿਚ ਜਿਥੇ ਸਿਖਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਕੀਰਤਨ ਕਰਨ ਦੀ ਮਰਿਯਾਦਾ, ਨਿਰਧਾਰਿਤ ਰਾਗਾਂ ਦੀ ਸਿਖਿਆ, ਸਮੇਂ ਮੁਤਾਬਿਕ ਕੀਰਤਨ ਕਰਨ ਦੀ ਵਿਧੀ ਸਿਖਾਈ ਜਾਂਦੀ ਹੈ, ਉਥੇ ਤੰਤੀ ਸਾਜ਼ਾਂ ਤੋਂ ਇਲਾਵਾ ਹੋਰ ਦੂਸਰੇ ਸਾਜ਼ ਵਜਾਉਣ ਦੀ ਸਿੱਖਿਆ ਵੀ ਦਿਤੀ ਜਾਂਦੀ ਹੈ। ਇਨ੍ਹਾਂ ਟਕਸਾਲਾਂ, ਡੇਰਿਆਂ, ਸੰਸਥਾਵਾਂ ਨੇਂ ਕੀਰਤਨ ਪਰੰਪਰਾ ਦੀ ਨਿਯਮਾਂ ਅਨੁਸਾਰ ਸਿਖਲਾਈ ਵਿਚ, ਗੁਰਮਤਿ ਸੰਗੀਤ ਦੀ ਇਸ ਪਰੰਪਰਾ ਨੂੰ ਜੀਵਤ ਰੱਖਣ ਅਤੇ ਹੋਰ ਪ੍ਰਫੂਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

ਮਹਾਨ ਵਿਦਵਾਨ **ਭਾਈ ਕਾਨ੍ਹ ਸਿੰਘ ਨਾਭਾ** ਅਨੁਸਾਰ ਟਕਸਾਲ ਦਾ ਅਰਥ ਹੈ "ਟਕੇ ਬਣਾਉਣ ਦਾ ਘਰ, ਜਿਥੇ ਰੁਪਯਾ ਆਦਿ ਸਿੱਕੇ ਬਣਾਏ ਜਾਣ, ਉਹ ਮਕਾਨ, ਉੱਤਮ ਸਿਖਿਆ ਦੇਣ ਵਾਲੀ ਪਾਠਸ਼ਾਲਾ।"[78]

**ਪ੍ਰੋ. ਤਾਰਾ ਸਿੰਘ** ਅਨੁਸਾਰ "ਸੰਗੀਤ ਕਲਾ ਵਿਚ 'ਟਕਸਾਲ' ਦਾ ਅਰਥ ਹੈ ਘਰਾਣਾ, ਵੰਸ਼, (ਖਾਨਦਾਨ), ਗੁਰੂ ਪਰੰਪਰਾ, ਸ਼ਿਸ਼ ਪਰੰਪਰਾ ਪ੍ਰਣਾਲੀ ਜਾਂ 'ਟਕਸਾਲ' ਹੈ।" [79]

---

76 ਦੇਵਿੰਦਰ ਕੌਰ (ਡਾ.): ਸੰਗੀਤ ਰੂਪ (ਭਾਗ-3), ਪੰਨਾ 238-239.

77 ਦਰਸ਼ਨ ਸਿੰਘ ਨਰੂਲਾ (ਡਾ.): ਗੁਰਮਤਿ ਸੰਗੀਤ ਦੀਆਂ ਪ੍ਰਮੁੱਖ ਟਕਸਾਲਾਂ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 1997-98, ਪਰਚਾ ਪਹਿਲਾ, ਪੰਨਾ 15.

78 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 548.

79 ਪ੍ਰੋ. ਤਾਰਾ ਸਿੰਘ: ਵਾਦਨ ਕਲਾ, ਪਟਿਆਲਾ, 1972, ਪੰਨਾ 39.

ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ **ਡਾ. ਗੁਰਨਾਮ ਸਿੰਘ** ਨੇ ਟਕਸਾਲ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਹੈ "ਸਿੱਖ ਸੰਗੀਤ ਵਿਚ ਗੁਰਮਤਿ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਤੇ ਪ੍ਰਵਾਣਿਤ ਕੇਂਦਰ ਜਾਂ ਸੰਸਥਾ।"[80]

**ਡਾ. ਸੁਸ਼ੀਲ ਕੁਮਾਰ ਚੌਬੇ** ਅਨੁਸਾਰ "ਘਰਾਣੇਦਾਰ ਸੰਗੀਤ ਨੂੰ ਟਕਸਾਲੀ ਵਿਸ਼ੇਸ਼ਣ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਟਕਸਾਲੀ ਸੰਗੀਤ, ਸੱਚਾ ਘਰਾਣੇਦਾਰ ਸੰਗੀਤ ਹੀ ਹੁੰਦਾ ਹੈ। ਸੰਗੀਤ ਦੀ ਟਕਸਾਲ ਦੇ ਸਿੱਕੇ ਸੱਚੇ ਹੁੰਦੇ ਹਨ, ਜਾਹਲੀ ਨਹੀਂ ਕਿਉਂਕਿ ਸੰਗੀਤ ਦੀ ਮਾਰਕੀਟ ਵਿਚ ਉਨਾਂ ਦਾ ਸੱਚਾ ਮੁੱਲ ਪੈਂਦਾ ਹੈ।"[81]

**ਡਾ. ਜਸਬੀਰ ਕੌਰ** ਅਨੁਸਾਰ "ਸਿੱਖ ਧਰਮ ਵਿਚ ਜਿਥੇ ਗੁਰਮਤਿ ਸੰਗੀਤ ਦੇ ਪ੍ਰਬੰਧ ਅਧੀਨ ਕੀਰਤਨ ਦੀ ਸਿਖਿਆ ਦਿਤੀ ਜਾਂਦੀ ਹੈ, ਉਸ ਸੰਸਥਾਂ ਨੂੰ ਟਕਸਾਲ ਦਾ ਨਾਮ ਦਿੱਤਾ ਗਿਆ ਹੈ।"[82]

ਉਨਾਂ ਨੇ ਟਕਸਾਲ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਉਦਿਆਂ ਜ਼ਿਕਰ ਕੀਤਾ ਹੈ "ਜਿਵੇਂ ਕਿ ਭਾਰਤੀ ਸ਼ਾਸਤਰੀ ਸੰਗੀਤ ਵਿਚ ਸੰਗੀਤ ਦੇ ਵਿਕਾਸ ਅਤੇ ਪ੍ਰਚਲਨ ਲਈ ਜਿਸ ਪ੍ਰਕਾਰ ਘਰਾਣਾ ਪਰੰਪਰਾ ਦਾ ਮੁੱਖ ਰੂਪ ਵਿਚ ਯੋਗਦਾਨ ਰਿਹਾ ਹੈ ਉਸ ਪ੍ਰਕਾਰ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਕੀਰਤਨ ਦੀ ਟਕਸਾਲ ਪਰੰਪਰਾ ਦਾ ਵਡੇਰੇ ਰੂਪ ਵਿਚ ਯੋਗਦਾਨ ਪ੍ਰਾਪਤ ਹੁੰਦਾ ਹੈ। ਇਨਾਂ ਟਕਸਾਲਾਂ ਵਿਚ ਗੁਰਮਤਿ ਸੰਗੀਤ ਦੀ ਅਰੰਭਿਕ ਵਿਦਿਆ ਦਿਤੀ ਜਾਂਦੀ ਸੀ। ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਦੇ ਅੰਤਰਗਤ ਪਹਿਲਾਂ ਗੁਰੂ ਸਾਹਿਬਾਨ ਵਲੋਂ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ ਗਈ। ਕੀਰਤਨ ਦੀ ਅਰੰਭਿਕ ਸਿਖਿਆ ਇਨ੍ਹਾਂ ਕੀਰਤਨ ਕੇਂਦਰਾਂ ਤੋ ਸ਼ੁਰੂ ਹੋਈ, ਸੰਤਾਂ ਮਹਾਂਪੁਰਸ਼ਾਂ ਨੇ ਵੱਖ ਵੱਖ ਗੁਰਦੁਆਰਿਆਂ ਦੇ ਨਾਲ ਆਪਣੇ ਆਸ਼ਰਮ ਸਥਾਪਿਤ ਕੀਤੇ, ਜਿਨ੍ਹਾਂ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਵਿਧੀ ਪੂਰਵਕ ਦਿਤੀ ਜਾਂਦੀ ਸੀ। ਇਸ ਪਰੰਪਰਾ ਦੀ ਕੀਰਤਨ ਸ਼ੈਲੀ ਨੂੰ ਟਕਸਾਲੀ ਕੀਰਤਨ ਜਾਂ ਟਕਸਾਲੀ ਸੰਗੀਤ ਵੀ ਕਿਹਾ ਜਾਂਦਾ ਸੀ। ਇਨਾਂ ਟਕਸਾਲਾਂ ਨੇ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਆਪਣਾ ਸਮੁੱਚਾ ਯੋਗਦਾਨ ਪਾਇਆ।"[83]

---

80 Gurnam Singh (Dr.) (Editor-In-Chief): Gurmat Sangit Terminology, 2012, Page 85.

81 ਸੁਸ਼ੀਲ ਕੁਮਾਰ ਚੌਬੇ (ਡਾ.): ਸੰਗੀਤ ਕੇ ਘਰਾਨੇ ਕੀ ਚਰਚਾ, ਲਖਨਊ-1977, ਪੰਨਾ 12.

82 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 108.

83 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੇ ਵਿਕਾਸ ਵਿੱਚ ਵਿਭਿੰਨ ਟਕਸਾਲਾਂ, ਸੰਸਥਾਵਾਂ ਦਾ ਯੋਗਦਾਨ, ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ, (ਭਾਗ-ਦੂਜਾ), 2003, ਪੰਨਾ 201.

ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਟਕਸਾਲ ਨੂੰ ਸਭ ਤੋਂ ਪਹਿਲੀ ਟਕਸਾਲ ਮੰਨਿਆ ਗਿਆ ਹੈ, ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੀ ਆਰੰਭ ਹੋਈ। ਬਾਅਦ ਵਿਚ ਇਹ ਮਹਾਨ ਟਕਸਾਲ ਦੀ ਸਰਪ੍ਰਸਤੀ ਬਾਬਾ ਦੀਪ ਸਿੰਘ ਜੀ ਵੀ ਕਰਦੇ ਰਹੇ। ਇਸ ਅਸਥਾਨ ਨੂੰ 'ਗੁਰੂ ਦੀ ਕਾਸ਼ੀ' ਵੀ ਕਿਹਾ ਜਾਂਦਾ ਹੈ। ਦਮਦਮਾ ਸਾਹਿਬ ਟਕਸਾਲ ਤੋਂ ਇਲਾਵਾ ਗੁਰਮਤਿ ਸੰਗੀਤ ਅਤੇ ਸਿੱਖ ਧਰਮ ਦੇ ਪਰਚਾਰ ਹਿੱਤ ਬਹੁਤ ਸਾਰੀਆਂ ਟਕਸਾਲਾਂ ਹੋਂਦ ਵਿਚ ਆਈਆਂ। ਇਨ੍ਹਾਂ ਟਕਸਾਲਾਂ, ਡੇਰਿਆਂ, ਸੰਸਥਾਵਾਂ ਨੇ ਗੁਰੂ ਘਰ ਦੀ ਕੀਰਤਨ ਪ੍ਰੰਪਰਾ ਦੀ ਨਿਯਮਾਂ ਅਨੁਸਾਰ ਸਿਖਲਾਈ ਵਿਚ ਵੱਡਮੁਲਾ ਯੋਗਦਾਨ ਪਾਇਆ ਅਤੇ ਅੱਜ ਵੀ ਬਹੁਤ ਸਾਰੀਆਂ ਟਕਸਾਲਾਂ, ਸੰਸਥਾਵਾਂ, ਅਕੈਡਮੀਆਂ, ਸਕੂਲ, ਕਾਲਜ, ਯੂਨੀਵਰਸਿਟੀਆਂ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੀਆਂ ਹਨ ਜੋ ਇਸ ਪ੍ਰਕਾਰ ਹੈ:

ਦਮਦਮਾ ਸਾਹਿਬ ਦੀ ਟਕਸਾਲ, ਮਸਤੂਆਣਾ ਟਕਸਾਲ, ਬੁੱਢਾਜੋੜ ਟਕਸਾਲ, ਦਮਦਮੀ ਟਕਸਾਲ, ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਦੋਧਰਪੁਰ ਟਕਸਾਲ, ਹਰਗਨਾ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ; ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰਮਤਿ ਵਿਦਿਆਲਾ ਰਕਾਬਗੰਜ, ਦਿੱਲੀ; ਸੂਰਮਾ ਆਸ਼ਰਮ, ਅੰਮ੍ਰਿਤਸਰ; ਜਵੱਦੀ ਟਕਸਾਲ, ਲੁਧਿਆਣਾ; ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ; ਗੁਰਮਤਿ ਸੰਗੀਤ ਸੁਸਾਇਟੀ, ਪਟਿਆਲਾ; ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ; ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀ ਦਿੱਲੀ; ਗੁਰਮਤਿ ਮਿਸ਼ਨਰੀ ਸੰਸਥਾਵਾ ਆਦਿ।

## 1.4 ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸ

ਡੁਮੇਲੀ ਟਕਸਾਲ ਬਾਰੇ ਖੋਜਾਤਮਿਕ ਜਾਣਕਾਰੀ ਦੇਣ ਤੋਂ ਪਹਿਲਾਂ ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸ ਬਾਰੇ ਜਾਨਣਾ ਜਰੂਰੀ ਹੈ। ਡੁਮੇਲੀ ਇਕ ਇਤਿਹਾਸਿਕ ਪਿੰਡ ਹੈ। ਇਸ ਪਿੰਡ ਨੂੰ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ।ਇਹ ਪਿੰਡ ਪੰਜਾਬ ਦੇ ਜਿਲਾ ਕਪੂਰਥਲਾ ਦੀ ਫਗਵਾੜਾ ਤਹਿਸੀਲ ਅਧੀਨ ਪੈਂਦਾ ਹੈ ਅਤੇ ਹੁਸ਼ਿਆਰਪੁਰ-ਫਗਵਾੜਾ ਸੜ੍ਹਕ ਤੇ ਸਥਿਤ ਪਿੰਡ ਰਿਹਾਣਾ ਜੱਟਾਂ ਤੋਂ ਬਿਲਕੁਲ ਲਹਿੰਦੇ ਪਾਸੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

ਡੁਮੇਲੀ ਪਿੰਡ ਦੇ ਹੋਂਦ ਵਿਚ ਆਉਣ ਸਬੰਧੀ ਕਈ ਕਥਾਵਾਂ ਪ੍ਰਚੱਲਿਤ ਹਨ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ, "ਸਤਲੁਜ ਅਤੇ ਬਿਆਸ ਦਰਿਆ ਇਥੇ ਇਕੱਠੇ ਵਗਦੇ ਸਨ, ਸੋ ਦੋ ਦਰਿਆਵਾਂ ਦੇ ਮੇਲ ਕਾਰਨ, ਦੋ ਮੇਲ, ਤੋਂ ਇਸ ਪਿੰਡ ਦਾ ਨਾਂ ਦੋ-ਮੇਲੀ ਵਿਗੜਦਾ ਵਿਗੜਦਾ, ਡੁਮੇਲੀ ਬਣ ਗਿਆ। ਇਹ ਗੱਲ ਵੀ ਬੜੀ ਪ੍ਰਸਿਧ ਹੈ, ਕਿ ਦੋਨੋਂ ਦਰਿਆਵਾਂ ਦੇ ਵੱਖਰੇ-ਵੱਖਰੇ ਹੋ ਜਾਣ ਕਾਰਨ ਇਥੇ ਬਹੁਤ ਵੱਡਾ ਡੁੰਮ ਪੈ ਗਿਆ ਸੀ, ਜਿਸ ਕਰਕੇ ਵੀ ਡੁੰਮ ਤੋਂ ਪਿੰਡ ਦਾ ਨਾਂ ਡੁਮੇਲੀ ਪੈ ਗਿਆ ਸੀ। ਦੋਵੇਂ ਦਰਿਆਵਾਂ ਦੇ ਇਥੇ ਇਕੱਠੇ ਵਗਣ

ਦੇ ਕਈ ਸਬੂਤ ਅੱਜ ਵੀ ਮਿਲਦੇ ਹਨ। ਖੂਹਾਂ ਦੇ ਪਾੜ ਪੁਟਣ ਸਮੇਂ, ਕੋਈ 38-39 ਫੁੱਟਾਂ ਦੀ ਡੂੰਗਾਈ ਤੇ ਬੇੜੀਆਂ ਦੇ ਚੱਪੂ ਤੇ ਕਈ ਹੋਰ ਮਛੇਰਿਆਂ ਦੀਆਂ ਮੱਛੀਆਂ ਫੜਨ ਵਾਲੀਆਂ ਚੀਜਾਂ ਮਿਲੀਆਂ ਹਨ। ਅੱਜ ਪਾਣੀ ਦੇ ਨਲਕੇ ਜਾਂ ਟਿਊਬਵੈਲਜ਼ ਦੀਆਂ ਨਾਲਾਂ ਸੁੱਟੀਆਂ ਜਾਂਦੀਆਂ ਹਨ, ਤਾਂ ਕਾਫ਼ੀ ਦੂਰ ਤੱਕ ਦਰਿਆਈ ਰੇਤ ਮਿਲਦੀ ਹੈ। ਵੱਡੀਆਂ-ਵੱਡੀਆਂ ਮੱਛੀਆਂ ਅਤੇ ਮਗਰਮੱਛਾਂ ਦੇ ਪਿੰਜਰ ਵੀ ਮਿਲੇ ਹਨ।"[84]

ਡੁਮੇਲੀ ਪਿੰਡ ਦੀ ਕੁੱਖ ਨੂੰ ਫਰੋਲਿਆ ਜਾਵੇ ਤਾਂ ਇਸ ਦੇ ਪੁਰਾਤਨ ਇਤਿਹਾਸ ਦਾ ਅਹਿਸਾਸ ਹੋ ਸਕਦਾ ਹੈ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ , "ਡੁਮੇਲੀ ਖੇੜੇ ਦਾ ਇਤਿਹਾਸ ਤਾਂ ਸ੍ਰੀ ਰਾਮ ਚੰਦਰ ਜੀ ਅਤੇ ਮਹਾਂਭਾਰਤ ਦੇ ਜੰਗ ਤੋਂ ਵੀ ਪੁਰਾਣਾ ਹੈ। ਖੇੜੇ ਦਾ ਪਿਛੋਕੜ ਭਾਰਤ ਵਿਚ ਆਰੀਆ ਲੋਕਾਂ ਦੇ ਆਉਣ ਤੋਂ ਵੀ ਪਹਿਲਾਂ ਦਾ ਹੈ, ਕਿਉਂਕਿ ਇਥੋਂ ਦੀਆਂ ਥੇਹਾਂ ਵਿਚੋਂ ਮਿਲੀਆਂ ਪੁਰਾਤਤਵ ਲੱਭਤਾਂ ਸਿਧੀਆਂ ਪੱਥਰ ਯੁੱਗ ਨਾਲ ਮਿਲਦੀਆਂ ਹਨ। ਕੁਝ ਅੱਧ-ਪੱਕੀਆਂ ਮਿੱਟੀ ਦੀਆਂ ਇੱਟਾਂ ਮਿਲੀਆਂ ਹਨ ਜੋ ਹਿੰਦੂ ਧਰਮ ਦੀ ਹੋਂਦ ਤੋਂ ਪਹਿਲਾਂ ਦੀਆਂ ਹਨ ਜੋ ਧਾਰਮਿਕ ਅਸਥਾਨਾਂ (ਮੰਦਰਾਂ) ਨੂੰ ਲਾਈਆਂ ਜਾਂਦੀਆਂ ਸਨ।"[85]

### 1.4.1 ਡੁਮੇਲੀ ਪਿੰਡ ਦਾ ਥੇਹ

ਇਹ ਥੇਹ ਵੀ ਬਹੁਤ ਪੁਰਾਣਾ ਹੈ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ, "ਡੁਮੇਲੀ ਪਿੰਡ ਦਾ ਥੇਹ, ਜੋ ਬਹੁਤ ਪਹਿਲਾਂ ਵਸਦੇ ਪਿੰਡ ਦੇ ਖੰਡਰਾਤ ਉਤੇ ਆਬਾਦ ਹੋਇਆ ਸੀ, ਸਿੱਧਾ ਪੱਥਰ ਯੁਗ ਨਾਲ ਟੱਕਰ ਖਾਂਦਾ ਹੈ। ਇਸ ਪਿੰਡ ਦੇ ਕਿਲੇ ਦਾ ਘੇਰਾ 300 ਗਜ ਮੂਸਾਪੁਰ ਵਲੋਂ ਸ਼ੁਰੂ ਹੋ ਕੇ, ਦਲੀਪਾ ਗੰਗੜ ਦੇ ਘਰ ਤੋਂ ਭਿਆਵਿਆਂ ਦੀ ਹਵੇਲੀ ਦੇ ਚੜ੍ਹਦੇ ਵਲ, ਸਾਰੇ ਗੰਗੜਾਂ ਦੇ ਘਰਾਂ-ਦੀਵਾਨ-ਖ਼ਾਨਾ, ਪਚਾਧਿਆਂ ਦੇ ਘਰਾਂ ਤੋਂ ਅੱਗੇ ਗੋਬਿੰਦ ਰਾਮ ਦੀ ਹੱਟੀ ਤੋਂ ਸਿੱਧੇ ਸ੍ਰ. ਮਾਣ ਸਿੰਘ ਦੀ ਹਵੇਲੀ ਤੋਂ ਹੁੰਦੇ ਹੋਏ, ਗਭਲ-ਖੂਹ ਤੋਂ ਲੰਘਕੇ ਵੀਹੀ ਵੀਹੀ, ਗੇਂਦਾ ਸਿੰਘ ਨਿੱਜਰ ਦੇ ਘਰ ਤੋਂ ਅੱਗੇ ਸੁਰਗਵਾਸੀ ਉਜਾਗਰ ਸਿੰਘ ਨਵੇਂ ਦਾ ਘਰ ਲੰਘ ਕੇ ਠੇਕੇਦਾਰ ਬਾਗੂਰਾਮ ਗੰਗੜ ਦਾ ਘਰ ਲੰਘ ਕੇ, ਬੋਹੜ ਦੇ ਨਾਲ ਲਗਦੀ ਗਲੀ ਪੈ ਕੇ ਬੀਸੂਆਂ ਦੀ ਹਵੇਲੀ ਲੰਘਕੇ ਸੁਰਗਵਾਸੀ ਹੁਕਮ ਸਿੰਘ ਲੰਬੜਦਾਰ ਦੀ ਹਵੇਲੀ ਲੰਘਕੇ ਦਲੀਪਾ ਰਾਮ ਗੰਗੜ ਦੇ ਘਰ ਤਕ ਹੈ।"[86]

### 1.4.2 ਡੁਮੇਲੀ ਅਤੇ ਮੂਸਾਪੁਰ ਦੇ ਵਿਚਕਾਰ ਵਾਲਾ ਥੇਹ

ਇਹ ਥੇਹ ਵੀ ਇਸ ਪਿੰਡ ਦੇ ਪੁਰਾਤਨ ਇਤਿਹਾਸ ਨੂੰ ਬਿਆਨ ਕਰਦਾ ਹੈ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ 'ਇਸ ਥੇਹ ਨੂੰ 'ਬੋਹੜਾਂ ਵਾਲਾ ਥੇਹ' 'ਥੇਹ ਦੀ ਫਲਾਹੀ ਵਾਲਾ ਥੇਹ' ਅਤੇ 'ਡੁਮੇਲੀ ਤੇ

---

84 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 2.

85 ---ਉਹੀ---, ---ਉਹੀ---, ਪੰਨਾ 11.

86 ---ਉਹੀ---, ---ਉਹੀ---, ਪੰਨਾ 2-3.

ਮੂਸਾਪੁਰ ਵਿਚਕਾਰਲਾ ਥੇਹ' ਆਦਿ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਡਾ. ਬਖਸ਼ੀਸ਼ ਸਿੰਘ ਨਿਜਰ ਅਨੁਸਾਰ ਇਸ ਥੇਹ ਦੀ ਜਮੀਨ ਨੂੰ ਪੱਧਰਾ ਕਰਨ ਸਮੇਂ ਉਨਾਂ ਨੂੰ ਇਥੋਂ ਜੋ ਲੱਭਤਾਂ ਜਿਵੇਂ ਕਿ ਪੱਥਰ ਦੇ ਆਟਾ ਗੁੰਨਣ ਵਾਲੇ ਪਰਾਤੜੇ, ਉਖਲ-ਘੋਟਣੇ-ਚੱਕੀਆਂ-ਪੱਥਰ ਦੇ ਕੁਹਾੜੇ, ਛੈਣੀਆਂ, ਹਥੌੜੇ, ਪੱਥਰ ਦੇ ਚਾਕੂ-ਛੁਰੀਆਂ, ਜਿਨਾਂ ਨਾਲ ਸ਼ਿਕਾਰ ਕੀਤੇ ਜਾਨਵਰਾਂ ਦੀ ਖੱਲ੍ਹ ਲਾਹੁੰਦੇ ਸਨ, ਪੱਥਰਾਂ ਦੇ ਤੀਰਾਂ ਦੀਆਂ ਨੋਕਾਂ, ਮਿਲੀਆਂ ਹਨ, ਉਹ ਸਿਧੀਆਂ ਪੱਥਰ ਯੁੱਗ ਨਾਲ ਮੇਲ ਖਾਂਦੀਆਂ ਹਨ। ਇਸ ਥੇਹ ਵਿਚੋਂ ਮਿਟੀ ਦੇ ਭਾਂਡੇ, ਠੀਕਰੀਆਂ, ਚੰਦਰ ਗੁਪਤ ਮੋਰੀਆ ਦੇ ਵੇਲੇ ਦੀਆਂ ਇੱਟਾਂ, ਸਤਯੁਗੀ ਇਟਾਂ, ਮੰਦਰਾਂ ਲਈ ਬਣਾਈਆਂ ਗਈਆਂ ਪੌੜਿਆਂ ਵਾਲੀਆਂ ਅੱਧ ਸੜੀਆਂ ਗੋਲ ਇਟਾਂ, ਸ਼ਿਵ ਜੀ ਮਹਾਂਰਾਜ ਦਾ ਬੈਲ, ਠਾਕੁਰ, ਤੇ ਹੋਰ ਮੀਨਾਕਰੀ ਵਾਲੀਆਂ ਠੀਕਰੀਆਂ ਮਿਲੀਆਂ ਹਨ ਜੋ ਕਿ ਆਪਣੇ ਸਮੇਂ ਦੇ ਇਤਿਹਾਸ ਨੂੰ ਬਿਆਨ ਕਰਦੀਆਂ ਹਨ। ਇਸ ਥੇਹ ਦੀ ਪਟਾਈ ਸਮੇਂ ਬਹੁਤ ਹੀ ਪੁਰਾਣੇ ਸਮੇਂ ਦੇ ਪਿੰਡਾਂ ਦੇ ਘਰਾਂ ਦੀਆਂ ਭਿੱਤਾਂ ਦੀਆਂ ਕੰਧਾਂ ਮਿਲੀਆਂ ਸਨ ਜੋ ਛੇ-ਛੇ ਅੱਠ-ਅੱਠ ਫੁੱਟ ਚੌੜੀਆਂ ਸਨ। ਇਨ੍ਹਾਂ ਭਿੱਤਾਂ ਦੀਆਂ ਕੰਧਾਂ ਨੂੰ ਪੁੱਟਣ ਸਮੇਂ ਇਸ ਪਿੰਡ ਦੇ ਕਾਮੇਂ, ਆਪਣੀਆਂ ਲੋਹੇ ਦੀਆਂ ਕਹੀਆਂ ਨੂੰ ਦਿਨ ਵਿਚ, ਅੱਠ-ਦਸ ਵੇਰ ਚੰਡਦੇ ਸਨ। ਲੋਹੇ ਦੀ ਕਹੀ ਬੜੀ ਮੁਸ਼ਕਲ, ਇਕ ਅੱਧ ਇੰਚ ਹੀ ਟੱਕ ਪਾ ਸਕਦੀ ਸੀ। ਪਹਿਲੀ ਵੇਰ ਝੋਨਾ ਲਾਉਣ ਸਮੇਂ ਭਈਆਂ ਨੇਂ ਉਂਗਲੀਆਂ ਦੀ ਬਜਾਏ ਕਿੱਲਾਂ-ਮੇਖਾਂ ਦੀ ਵਰਤੋਂ ਕੀਤੀ ਸੀ। ਇਸ ਥੇਹ ਦਾ ਘੇਰਾ ਮੀਲ ਦੇ ਚੌਥੇ ਹਿਸੇ ਦਾ ਹੈ।'[87]

### 1.4.3 ਜਾਗੋਆਣੇ ਦਾ ਥੇਹ

ਡੁਮੇਲੀ ਪਿੰਡ ਦੇ ਲਹਿੰਦੇ ਪਾਸੇ ਜਾਗੋਆਣੇ ਦਾ ਥੇਹ ਪੈਂਦਾ ਹੈ। ਇਹ ਥੇਹ ਵੀ ਆਪਣੇ ਅੰਦਰ ਪੁਰਾਤਨ ਇਤਿਹਾਸ ਸਮੋਈ ਬੈਠਾ ਹੈ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ 'ਸੰਨ 1934 ਈ. ਵਿਚ ਭਿਆਵਿਆ ਨੇ ਇਸ ਥੇਹ ਤੇ ਪਾੜ ਪਟਵਾਇਆ ਸੀ। ਇਸ ਦੌਰਾਨ ਇਕ ਪੱਕੀਆਂ ਇੱਟਾਂ ਦੀ ਬਣੀ ਹੋਈ ਖੂਹੀ ਮਿਲੀ, ਜੋ ਕਿ ਮਹਾਰਾਜ ਅਸ਼ੋਕ ਦੇ ਸਮੇਂ ਦੀ ਸੀ। ਇਸ ਖੂਹੀ ਦਾ ਪਾੜ ਛੋਟੇ ਲੁਟੇਰੇ ਵੱਲ ਨੂੰ ਪੱਟਿਆ ਗਿਆ ਸੀ।'[88] (ਇਸ ਖੂਹੀ ਦੀਆਂ ਇੱਟਾਂ ਸਵਰਗਵਾਸੀ ਡਾ. ਬਖਸ਼ੀਸ਼ ਸਿੰਘ ਨਿਜਰ ਨੇਂ ਆਪਣੇ ਅਜਾਇਬ ਘਰ ਵਿਚ ਸੰਭਾਲ ਲਈਆਂ ਸਨ ਅਤੇ ਅੱਜਕਲ ਇਹ ਸਾਰੀਆਂ ਲੱਭਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬਰੇਰੀ ਵਿਖੇ ਸੁਰੱਖਿਅਤ ਹਨ)।

ਡੁਮੇਲੀ ਵਿਖੇ ਨਿਜਰ ਗੋਤ ਨਾਲ ਸਬੰਧਿਤ ਜੱਟਾਂ ਤੋਂ ਇਲਾਵਾ ਹੋਰ ਅਨੇਕਾਂ ਜਾਤੀਆਂ ਦੇ ਲੋਕ ਰਲ ਮਿਲ ਕੇ ਰਹਿੰਦੇ ਹਨ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ "ਡੁਮੇਲੀ ਦੇ ਵਸਨੀਕਾਂ ਬਾਰੇ ਪਰਚਲਤ ਗੱਲ ਇਹ ਹੈ-ਨਿਜਰ ਜੱਟ, ਮੱਨਣ ਬਾਹਮਣ, ਛਿੰਬ ਚਮਾਰ, ਤੇ ਝੱਲੀ ਘੁਮਾਰ। ਜਦੋਂ ਵੀ ਨਿਜਰ ਜੱਟ, ਬਾਬਾ ਰਾਣਾ ਦੀ ਕਮਾਣ ਹੇਠ ਇਥੇ ਆਏ ਤਾਂ ਉਨ੍ਹਾਂ ਨਾਲ ਪਿਛਲੇ ਪਿੰਡ ਨਿਜਰੌਲੀਆਂ, ਤਹਿਸੀਲ ਬਲਭਗੜ੍ਹ

87 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 6.

88 ---ਉਹੀ---, ---ਉਹੀ---, ਪੰਨਾ 6-7.

ਨੇੜੇ ਦਿੱਲੀ ਤੋਂ ਮੱਨਣ ਬਾਹਮਣ, ਡਿੰਬ, ਚਮਾਰ, ਤੇ ਝੱਲੀ ਘੁਮਿਆਰ ਵੀ ਨਾਲ ਹੀ ਆਏ ਸਨ। ਅੱਜ ਡੁਮੇਲੀ ਵਿਚ ਨਿਜਰ ਜੱਟ, ਲਖਨਪਾਲ ਬਾਹਮਣ (ਨਾਨਕ ਢੇਰੀ) ਭੋਗਲ-ਰਾਮਗੜ੍ਹੀਏ, ਕੈਂਥ ਟਾਂਕ ਛਤਰੀ, ਗੰਗੜ, ਜੱਖੂ ਤੇ ਰਲ੍ਹ ਮੜ੍ਹਾਸ ਹਰੀਜਨ ਇਕ ਜਾਨ ਤੇ ਦੋ ਮੂਰਤੀ ਹੋ ਕੇ ਵਸ ਰਹੇ ਹਨ।"[89] ਪਿੰਡ ਦੇ ਬਾਹਰਵਾਰ ਸਥਿਤ ਗੁਰਦੁਆਰਾ,(ਜਿਸ ਨੂੰ ਅੱਜਕਲ ਗੁਰਦੁਆਰਾ ਬਾਬਾ ਰਾਣਾ ਕਿਹਾ ਜਾਂਦਾ ਹੈ) ਦੇ ਪਿਛੇ ਬਰਨੀ ਵਾਲੀ ਜਗਾ ਤੇ ਬਾਬਾ ਰਾਣਾ ਨੇ ਡੇਰਾ ਲਾਇਆ ਸੀ। ਡੁਮੇਲੀ ਪਿੰਡ ਦੇ ਲੋਕ ਇਸ ਜਗਾ ਨੂੰ ਕਰਾਮਾਤੀ ਮੰਨ ਕੇ ਪੂਜਦੇ ਹਨ। ਪੁਰਾਣੀ ਚੱਲੀ ਆ ਰਹੀ ਪਰੰਪਰਾ ਅਨੁਸਾਰ ਨਵ ਵਿਆਹੇ ਜੋੜਿਆ ਨੇ ਗ੍ਰਹਿਸਤੀ ਜੀਵਨ ਅਰੰਭ ਕਰਨ ਤੋਂ ਪਹਿਲਾਂ ਬਰਨੀ ਤੇ ਮਿਟੀ ਲਾਉਣੀ ਹੁੰਦੀ ਹੈ।

"ਡੁਮੇਲੀ ਪਿੰਡ, ਪੁਰਾਤਨ ਸਮਿਆਂ ਵਿਚ, ਜੰਮੂੰ-ਕਸ਼ਮੀਰ ਨੂੰ ਜਾਣ ਵਾਲੀ ਸ਼ਾਹ-ਰਾਹ ਤੇ ਸਥਿਤ ਸੀ। ਜੋ ਸੜਕ ਫਗਵਾੜੇ ਤੋਂ ਪਠਾਨਕੋਟ ਨੂੰ ਜਾਂਦੀ ਹੈ, ਇਹ ਸਿਰਫ ਇਕ, ਹੁਸ਼ਿਆਰ ਖਾਂ ਦੇ, ਹੁਸ਼ਿਆਰਪੁਰ ਪਿੰਡ, ਜੋ ਸ਼ਾਹ ਜਹਾਨ, ਮੁਗਲ ਬਾਦਸ਼ਾਹ(1627-1657 ਈ.) ਦੇ ਸਮੇਂ ਆਬਾਦ ਹੋਣ ਨਾਲ, ਦਿਲੀ ਤੋਂ ਲੁਧਿਆਣਾ-ਫਿਲੌਰ, ਫਗਵਾੜਾ, ਸ਼ਾਮਚੌਰਾਸੀ, ਨੰਦਾ ਚੌਰ, ਦਸੂਹਾ, ਪਠਾਨਕੋਟ, ਜੰਮੂੰ ਤੇ ਕਸ਼ਮੀਰ ਜਾਣ ਵਾਲੀ ਸੜਕ ਤੇ ਸਥਿਤ ਸੀ। ਸ਼ੇਰਸ਼ਾਹ ਸੂਰੀ ਨੇ ਆਪਣੇ ਪਿਤਾ ਨਾਲ ਜਵਾਨੀ ਦੇ ਦਿਨ ਦਸੂਹਾ, ਹਰਿਆਣਾ ਅਤੇ ਡੁਮੇਲੀ ਦੇ ਜੰਗਲਾ ਵਿਚ ਹੀ ਗੁਜ਼ਾਰੇ ਸਨ, ਜਿਸ ਗਲ ਦੀ ਗਵਾਹੀ, ਤਾਰੀਖੇ ਸ਼ੇਰਸ਼ਾਹੀ, ਤਾਰੀਖੇ ਫਰਿਸ਼ਤਾ ਤੇ ਹੋਰ ਸਮਕਾਲੀ ਫਾਰਸੀ ਦੇ ਮਵੱਰਖ਼ਾ ਪਾਸੋਂ ਮਿਲਦੀ ਹੈ।"[90]

### 1.4.4 ਤਪੱਸਵੀ (ਇਕ ਸੰਤ) ਦਾ ਡੁਮੇਲੀ ਵਾਸੀਆਂ ਨੂੰ ਸਰਾਪ

ਇਤਿਹਾਸਿਕ ਪਿੰਡ ਡੁਮੇਲੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਪਿੰਡ ਵਿਚ ਆਮਦ ਤੋਂ ਪਹਿਲਾਂ ਕਾਫੀ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ। ਇਕ ਤਪੱਸਵੀ ਦੁਆਰਾ ਪਿੰਡ ਵਾਸੀਆਂ ਨੂੰ ਦਿਤੇ ਸਰਾਪ ਦਾ ਇਥੇ ਜ਼ਿਕਰ ਕਰਨਾ ਜਰੂਰੀ ਹੈ। 'ਡੁਮੇਲੀ ਪਿੰਡ ਵਿਚ ਇੱਕ ਤਪੱਸਵੀ (ਸੰਤ) ਦੁਆਰਾ ਦਿਤੇ ਸਰਾਪ ਕਾਰਨ ਹਰ ਸਾਲ ਭਿਆਨਕ ਅੱਗ ਲੱਗਣ ਦਾ ਕਹਿਰ ਵੀ ਵਰਤਦਾ ਰਿਹਾ ਹੈ। ਜਿਸ ਕਾਰਨ ਪਿੰਡ ਵਿਚ ਭਾਰੀ ਨੁਕਸਾਨ ਹੁੰਦਾ ਰਿਹਾ ਹੈ। ਇਹ ਘਟਨਾ ਸਿੱਖਾਂ ਦੇ ਛੇਵੇ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਡੁਮੇਲੀ ਪਿੰਡ ਵਿਚ ਆਉਣ ਤੋਂ ਪਹਿਲਾਂ ਦੀ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰ ਪਿੰਡ ਵਿਚ ਕਿਸੇ ਜੱਟ ਦਾ ਰਸ ਵਾਲਾ ਵੇਲਣਾ ਚੱਲ ਰਿਹਾ ਸੀ ਕਿ ਉਥੇ ਇਕ ਤਪੱਸਵੀ (ਸਾਧੂ) ਰਸ ਪੀਣ ਲਈ ਆ ਗਿਆ। ਸਵੇਰ ਦਾ ਸਮਾਂ ਸੀ ਤੇ ਉਸ ਨੂੰ ਬਹੁਤ ਪਿਆਸ ਲੱਗੀ ਹੋਈ ਸੀ। ਕੰਮ ਕਾਜ ਵਿਚ ਰੁਝਾ ਹੋਇਆ ਜੱਟ ਪਹਿਲਾਂ ਹੀ ਬਹੁਤ

---

89 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 9-10. ਅਤੇ ਸੰਤ ਮਨਜੀਤ ਸਿੰਘ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਕਪੂਰਥਲਾ, ਮਿਤੀ 11.02.2013,

90 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 4.

ਗੁੱਸੇ ਵਿਚ ਆਇਆ ਹੋਇਆ ਸੀ। ਉਸਨੇ ਲਾਲ ਪੀਲਾ ਹੁੰਦਿਆ ਕਿਹਾ,"ਉਏ ਤੇਰੇ ਅੱਗ ਲੱਗੀ ਹੋਈ ਹੈ। ਤਿੰਨ ਵਾਰ ਰਸ ਦੀ ਮੰਗ ਕਰਨ ਤੇ ਜੱਟ ਨੇਂ ਹਰ ਵਾਰ ਖਿਝੇ ਹੋਏ ਨੇਂ ਉਹੀ ਜੁਆਬ ਦਿਤਾ। ਤੀਜੀ ਵਾਰ ਜੁਆਬ ਮਿਲਣ ਤੇ ਜਦ ਉਹ ਤਪੱਸਵੀ ਨਿਰਾਸ਼ ਹੋ ਕੇ ਵਾਪਸ ਮੁੜਿਆ ਤਾਂ ਸਾਰਾ ਪਿੰਡ ਤਪੱਸਵੀ ਦੀ ਦਿਤੀ ਬਦ ਦੁਆ ਕਾਰਨ ਅੱਗ ਨਾਲ ਸੜ ਰਿਹਾ ਸੀ। ਪਿੰਡ ਵਾਸੀ ਆਪਣੀ ਭੁੱਲ ਬਖਸ਼ਾਉਣ ਲਈ ਤਪੱਸਵੀ ਕੋਲ ਗਏ, ਪਰ ਕੋਈ ਹੱਲ ਨਾਂ ਨਿਕਲਿਆ। ਤਪੱਸਵੀ ਦੇ ਕਹਿਣ ਅਨੁਸਾਰ 'ਤੀਰ ਚੱਲ ਚੁਕਾ ਸੀ। ਇਸ ਉਪਰੰਤ ਭਾਵੇਂ ਪਿੰਡ ਵਾਸੀ ਅੱਗ ਤੋਂ ਛੁਟਕਾਰਾ ਪਾਉਣ ਲਈ ਯੱਗ ਅਤੇ ਕਈ ਤਰਾਂ ਦੇ ਪੁੰਨ ਦਾਨ ਕਰਦੇ ਰਹੇ, ਪਰ ਤਪੱਸਵੀ ਦੇ ਦਿਤੇ ਸਰਾਪ ਅਨੁਸਾਰ ਅੱਗ ਹਰ ਸਾਲ ਆਪਣਾ ਕਹਿਰ ਵਰਤਾਉਂਦੀ ਰਹੀ। ਇਸ ਤਰਾਂ ਬਹੁਤ ਸਾਲਾਂ ਤੱਕ  ਤਪੱਸਵੀ ਦੀ ਦਿਤੀ ਬਦ ਦੁਆ ਕਾਰਨ ਪਿੰਡ ਵਿਚ ਆਪੇ ਹੀ ਅੱਗ ਲੱਗਦੀ ਰਹੀ ਤੇ ਭਾਰੀ ਨੁਕਸਾਨ ਹੁੰਦਾ ਰਿਹਾ।'[91]

### 1.4.5 ਸ੍ਰੀ ਗੁਰੂ ਹਰਗੋਬਿੰਦ ਜੀ ਦਾ ਡੁਮੇਲੀ ਪਿੰਡ ਵਿਚ ਆਉਣਾ

ਮੁਗਲਾਂ ਦੀਆਂ ਫੌਜਾਂ ਦਾ ਟਾਕਰਾ ਕਰਦਿਆਂ ਗੁਰੂ ਹਰਗੋਬਿੰਦ ਜੀ ਨੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸ਼ਰਨ ਲਈ। "ਸੰਨ 1646 ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਆਪਣੀਆਂ ਫੌਜਾਂ ਨਾਲ ਸਿਆਲਕੋਟ ਵੱਲ ਦੀ ਬਿਆਸ ਦੇ ਨੌਸ਼ਹਿਰਾ ਪੱਤਣ ਨੂੰ ਪਾਰ ਕਰਕੇ ਦੁਆਬੇ ਵਿਚ ਆ ਗਏ। ਮੁਹਿਸਨੇ ਫਾਨੀ-ਕਰਤਾ "ਦਬਿਸਤਾਨੇ-ਮਜ਼ਾਹਬ" ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮਕਾਲੀ ਤੇ ਮਿੱਤਰ ਸਨ। ਮੁਹਿਸਨੇ ਫਾਨੀ, ਇਕ ਸੂਫ਼ੀ ਖਿਆਲਾਂ ਦਾ ਧਾਰਨੀ ਸੀ, ਜਿਸਨੇ ਆਪਣੀ ਪੁਸਤਕ "ਨਾਨਕ ਪੰਥੀ" ਦਿਬਿਸਤਾਨੇ ਮਜਹਬ ਹੇਠ, ਸ੍ਰੀ ਗੁਰੂ ਹਰਗੋਬਿੰਦ ਤੱਕ ਸਿਖ-ਇਤਿਹਾਸ ਲਿਖਿਆ ਹੈ, ਜਿਸ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮਾਝੇ ਦੇਸ ਨੂੰ ਛੱਡਕੇ, ਦੁਆਬੇ ਵੱਲ ਆਉਣ ਦੇ ਇਸ਼ਾਰੇ ਕੀਤੇ ਹਨ। ਇਸ ਸਫਰ ਵਿਚ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਕੁਝ ਫ਼ੌਜੀਆਂ ਨਾਲ, ਇਕ ਕਾਜ਼ੀ ਦੀ ਲੜਕੀ "ਮਾਈ ਕੌਲਾਂ" ਜੋ ਸਿਖੀ ਦੀ ਉਪਾਸਕ ਸੀ, ਵੀ ਉਨਾਂ ਦੇ ਨਾਲ ਸੀ। ਗੁਰੂ ਸਾਹਿਬ ਨਾਲ ਅਜਨਾਲਾ ਦੇ ਰਹਿਣ ਵਾਲਾ ਭਗਤੂ ਨਿਜਰ ਵੀ ਸੀ। ਦਰਿਆ ਬਿਆਸ ਲੰਘਕੇ ਗੁਰੂ ਸਾਹਿਬ ਗਰਨਾ ਸਾਹਿਬ ਬੋਦਲਾਂ, ਹਰਿਆਣਾਂ-ਭੂੰਗਾ, ਪੁਰ ਹੀਰਾਂ, ਬਾਬਾ ਮੱਤੀ ਦਾਸ ਡਰੋਲੀ ਕਲਾਂ ਹੁੰਦੇ ਹੋਏ ਡੁਮੇਲੀ ਪੁਜੇ, ਕਿਉਂਕਿ ਭਗਤੂ ਨਿਜਰ ਦੇ ਹਿਰਦੇ ਵਿਚ ਨਿਜਰ ਭਰਾਵਾਂ ਨੂੰ ਮਿਲਕੇ ਖੁਸ਼ੀ ਦੀ ਪਰਾਪਤੀ ਦੀ ਲਗਨ ਸੀ। ਗੁਰੂ ਸਾਹਿਬ ਪਿਛੇ ਮੁਗਲ ਫ਼ੌਜ ਦਾ ਇਕ ਦਸਤਾ ਲੱਗਾ ਹੋਇਆ ਸੀ। ਭਗਤੂ ਨਿਜਰ ਨੇ ਡੁਮੇਲੀ ਦੇ ਨਿਜਰ ਭਰਾਵਾਂ ਨਾਲ ਮਿਲਕੇ ਗਲਵਕੜੀਆਂ ਪਾਈਆਂ ਤੇ ਗੁਰੂ ਸਾਹਿਬ ਦਾ ਪਿਛਾ ਕਰਦੇ ਮੁਗਲ ਦਸਤੇ ਦੀ ਚਿੰਤਾ ਵੀ ਜ਼ਾਹਿਰ ਕੀਤੀ। ਡੁਮੇਲੀ ਦੇ ਨਿਜਰਾਂ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਬੜੇ ਹੌਂਸਲੇ,

---

91 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 4. ਅਤੇ ਸੰਤ ਮਨਜੀਤ ਸਿੰਘ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਕਪੂਰਥਲਾ, ਮਿਤੀ 11.02.2013,

ਹਿੰਮਤ ਤੇ ਉਤਸ਼ਾਹ ਨਾਲ ਇਕ ਪੁਰਾਣੇ ਜਿਹੇ ਕੋਠੇ ਅੰਦਰ ਗੁਰੂ ਜੀ ਨੂੰ ਲੈ ਗਏ, ਜਿਥੇ ਅੱਜਕਲ ਗੁਰੂ ਜੀ ਦੀ ਨਿਘੀ ਯਾਦ ਵਿਚ ਥੰਮ ਜੀ ਸਾਹਿਬ ਗੁਰਦੁਆਰਾ ਸਸ਼ੋਭਿਤ ਹੈ। ਬਾਕੀ ਸਿਖ ਫੌਜੀਆਂ ਨੂੰ ਇਕ-ਇਕ, ਦੋ-ਦੋ ਕਰਕੇ ਸਾਰੇ ਘਰਾਂ ਵਿਚ ਸਮੋ ਲਿਆ। ਮੁਗਲ ਫੌਜਾਂ ਦੇ ਦਸਤੇ ਪਿੰਡ ਦੀ ਚੁਪ-ਚਾਂ ਵੇਖ ਕੇ ਅੱਗੇ ਲੰਘ ਗਏ।"[92]

### 1.4.6 ਡੁਮੇਲੀ ਵਾਸੀਆਂ ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵਰ

ਤਪੱਸਵੀ ਦੇ ਦਿਤੇ ਸਰਾਪ ਨੇ ਡੁਮੇਲੀ ਵਾਸੀਆਂ ਨੂੰ ਮੁਸ਼ਕਲਾਂ ਵਿਚ ਪਾਇਆ ਹੋਇਆ ਸੀ। ਇਸ ਸਰਾਪ ਦੁਆਰਾ ਹੁੰਦੇ ਨੁਕਸਾਨ ਨੂੰ ਠੱਲ ਪਾਉਣ ਲਈ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਪਿੰਡ ਵਾਸੀਆਂ ਨੂੰ ਤਿੰਨ ਵਰ ਦਿਤੇ ਜਿਨ੍ਹਾਂ ਦਾ ਜਿਕਰ ਕਰਨਾ ਇਥੇ ਜਰੂਰੀ ਬਣ ਜਾਂਦਾ ਹੈ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ, 'ਉਧਰ ਪੁਰਾਣੇ ਕੋਠੇ ਵਿਚ ਬੈਠੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਇਕ ਸੱਪ ਨੇਂ ਡੰਗ ਮਾਰ ਦਿਤਾ। ਦੰਦ ਕਥਾ ਅਨੁਸਾਰ ਡੰਗ ਮਾਰਨ ਉਪਰੰਤ ਸੱਪ ਦੀ ਮੌਤ ਹੋ ਗਈ ਸੀ। ਇਸ ਘਟਨਾ ਉਪਰੰਤ ਗੁਰੂ ਜੀ ਨੇਂ ਵਰ ਦਿਤਾ ਕਿ ਡੁਮੇਲੀ ਪਿੰਡ ਦੀ ਜੂਹ ਅੰਦਰ ਜੇਕਰ ਕਿਸੇ ਵੀ ਵਿਅਕਤੀ ਦੇ ਸੱਪ ਡੰਗ ਮਾਰਿਆ ਕਰੇਗਾ ਤਾਂ ਉਸ ਦੀ ਜਹਿਰ ਨਹੀਂ ਚੜ੍ਹਿਆ ਕਰੇਗੀ। ਹੈਰਾਨੀ ਦੀ ਗੱਲ ਹੈ ਕਿ ਅੱਜ ਵੀ ਜੇਕਰ ਕਿਸੇ ਦੇ ਡੁਮੇਲੀ ਦੀ ਜੂਹ ਵਿਚ ਸੱਪ ਡੰਗ ਮਾਰਦਾ ਹੈ ਤਾਂ ਉਸਦੀ ਮੌਤ ਨਹੀਂ ਹੁੰਦੀ। ਨਾਲ ਦੇ ਪਿੰਡਾਂ ਦੇ ਸੱਪਾਂ ਦੇ ਡੰਗੇ ਵਿਅਕਤੀ ਵੀ ਜੇਕਰ ਡੁਮੇਲੀ ਪਿੰਡ ਦੀ ਹੱਦ ਅੰਦਰ ਆ ਜਾਣ ਤਾਂ ਵੀ ਸੱਪ ਦੀ ਜ਼ਹਿਰ ਅਸਰ ਨਹੀਂ ਕਰਦੀ। ਮੁਗਲ ਫੌਜਾਂ ਗੁਰੂ ਜੀ ਦਾ ਪਿਛਾ ਕਰਦੀਆਂ-ਕਰਦੀਆਂ ਅੱਗੇ ਨਿਕਲ ਗਈਆਂ। ਪਿੰਡ ਵਾਸੀਆਂ ਵਲੋਂ ਦਿਤੇ ਯੋਗਦਾਨ ਕਾਰਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਬਹੁਤ ਖ਼ੁਸ਼ ਹੋਏ। ਉਨਾਂ ਮੌਜ ਵਿਚ ਆਇਆਂ ਨੇ ਪਿੰਡ ਵਾਸੀਆਂ ਨੂੰ ਕੁਝ ਮੰਗਣ ਲਈ ਕਿਹਾ। ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਇਕ ਤਪੱਸਵੀ ਦੀ ਦਿਤੀ ਬਦ ਦੁਆ ਕਾਰਨ ਸਾਡਾ ਸਾਰਾ ਪਿੰਡ ਹਰ ਸਾਲ ਅੱਗ ਲੱਗਣ ਕਾਰਨ ਸੜ ਜਾਂਦਾ ਹੈ। ਇਸ ਮੁਸੀਬਤ ਤੋਂ ਸਾਨੂੰ ਛੁਟਕਾਰਾ ਦਿਵਾਇਆ ਜਾਵੇ। ਕਿਹਾ ਜਾਂਦਾ ਹੈ ਕਿ ਪਿੰਡ ਵਾਸੀਆਂ ਦੀ ਫਰਿਆਦ ਤੇ ਗੁਰੂ ਸਾਹਿਬ ਨੇਂ ਕਿਹਾ ਕਿ ਤਪੱਸਵੀ ਦੇ ਦਿਤੇ ਸਰਾਪ ਨੂੰ ਮੋੜਿਆ ਤਾਂ ਨਹੀਂ ਜਾ ਸਕਦਾ। ਉਨਾਂ ਤਪੱਸਵੀ ਦੇ ਦਿੱਤੇ ਸਰਾਪ ਤੋਂ ਕੋਈ ਨੁਕਸਾਨ ਦਾ ਹੋਣ ਲਈ ਇਕ ਥੰਮ ਧਰਤੀ ਵਿਚ ਗੱਡਿਆ, ਜੋ ਅੱਜ ਵੀ ਮੌਜੂਦ ਹੈ। (ਇਸ ਜਗਾ ਤੇ ਅੱਜਕਲ ਗੁਰਦੁਆਰਾ ਥੰਮ ਜੀ ਸਾਹਿਬ ਸ਼ਸ਼ੋਭਿਤ ਹੈ)। ਉਨਾਂ ਕਿਹਾ ਕਿ ਅੱਜ ਤੋ ਤਪੱਸਵੀ ਦੇ ਦਿਤੇ ਵਰ ਮੁਤਾਬਿਕ ਪਿੰਡ ਵਿਚ ਅੱਗ ਤਾਂ ਲੱਗਿਆ ਕਰੇਗੀ, ਪਰ ਕੋਈ ਨੁਕਸਾਨ ਕੀਤੇ ਬਿੰਨਾਂ ਹੀ ਬੁਝ ਜਾਇਆ

---

92 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 17. ਅਤੇ ਸੰਤ ਮਨਜੀਤ ਸਿੰਘ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਕਪੂਰਥਲਾ, ਮਿਤੀ 11.02.2013.

ਕਰੇਗੀ। ਪਿੰਡ ਵਾਸੀਆਂ ਅਨੁਸਾਰ ਇਹ ਕ੍ਰਿਸ਼ਮਾ ਅੱਜ ਵੀ ਦੇਖਣ ਨੂੰ ਮਿਲਦਾ ਹੈ। ਪਿੰਡ ਵਿਚ ਹਰ ਸਾਲ ਕਿਤੇ ਨਾ ਕਿਤੇ ਅੱਗ ਜਰੂਰ ਲੱਗਦੀ ਹੈ। ਪਰ ਕੋਈ ਨੁਕਸਾਨ ਨਹੀਂ ਕਰਦੀ। ਇਸ ਘਟਨਾ ਦੇ ਨਾਲ ਹੀ ਗੁਰੂ ਜੀ ਨੇਂ ਪਿੰਡ ਵਾਸੀਆਂ ਨੂੰ ਕਿਸੇ ਵੀ ਬਾਹਰੀ ਆਫ਼ਤ ਦਾ ਇਕਮੁੱਠ ਹੋ ਕੇ ਟਾਕਰਾ ਕਰਨ ਦਾ ਵਰ ਦਿੱਤਾ ਜੋ ਹੁਣ ਤੱਕ ਸੱਚ ਜਾਪਦਾ ਹੈ।'[93]

## 1.5 ਵੱਖ–ਵੱਖ ਖੇਤਰਾਂ ਵਿਚ ਡੁਮੇਲੀ ਵਾਸੀਆਂ ਦਾ ਯੋਗਦਾਨ

ਡੁਮੇਲੀ ਟਕਸਾਲ ਦੇ ਯੋਗਦਾਨ ਬਾਰੇ ਵਰਣਨ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜਰੂਰੀ ਹੈ ਕਿ ਡੁਮੇਲੀ ਪਿੰਡ ਨੇ ਵੱਖ-ਵੱਖ ਖੇਤਰਾਂ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ, ਜਿਸ ਦਾ ਵਰਣਨ ਇਸ ਤਰ੍ਹਾਂ ਹੈ:

### 1.5.1 ਵਿਦਿਆ ਅਤੇ ਹੋਰ ਖੇਤਰਾਂ ਵਿਚ

ਵਿਦਿਆ ਦੇ ਖੇਤਰ ਵਿਚ ਵੀ ਡੁਮੇਲੀ ਪਿੰਡ ਨੇ ਸ਼ਲਾਘਾਯੋਗ ਹਿੱਸਾ ਪਾਇਆ ਹੈ। ਪਿੰਡ ਵਿਚ ਸਰਕਾਰੀ ਪ੍ਰਾਇਮਰੀ ਸਕੂਲ, ਅਮਰਜੀਤ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਦਿਆ ਦੇ ਖੇਤਰ ਵਿਚ ਵਧੀਆ ਸੇਵਾਵਾ ਪ੍ਰਦਾਨ ਕਰ ਰਿਹਾ ਹੈ। (ਇਸ ਤੋਂ ਇਲਾਵਾ ਪਿੰਡ ਵਿਚ ਸਥਿਤ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਇਲਾਕੇ ਵਿਚ ਵਿਦਿਆ ਦੇ ਖੇਤਰ ਵਿਚ ਉਚੇਰੀ ਸਿਖਿਆ ਪ੍ਰਦਾਨ ਕਰ ਰਿਹਾ ਹੈ, ਜਿਸ ਦਾ ਵੇਰਵੇ ਸਹਿਤ ਵਰਣਨ ਪੰਜਵੇ ਅਧਿਆਇ ਵਿਚ ਕੀਤਾ ਗਿਆ ਹੈ)। ਇਸ ਤੋ ਇਲਾਵਾ ਪਿੰਡ ਵਿਚ ਗੌਰਮਿੰਟ ਹੈਲਥ ਸੈਂਟਰ, ਪੋਸਟ ਆਫ਼ਿਸ, ਸਰਕਾਰੀ ਪਸ਼ੂ ਹਸਪਤਾਲ ਵੀ ਆਪਣੇ-ਆਪਣੇ ਖੇਤਰ ਵਿਚ ਵਧੀਆ ਸੇਵਾਵਾ ਦੇ ਰਹੇ ਹਨ।

### 1.5.2 ਜੈਤੋਂ ਦੇ ਮੋਰਚੇ ਵਿਚ

1924 ਈ. ਵਿਚ ਲੱਗੇ ਜੈਤੋ ਦੇ ਮੋਰਚੇ ਵਿਚ ਵੀ ਇਸ ਪਿੰਡ ਦੇ ਲੋਕਾਂ ਨੇ ਸੰਤ ਬਾਬਾ ਦਲੀਪ ਸਿੰਘ ਜੀ ਦੀ ਅਗਵਾਈ ਵਿਚ ਵੱਧ ਚੜ੍ਹ ਕੇ ਹਿਸਾ ਲਿਆ। ਸਵਰਗਵਾਸੀ ਸੰਤ ਬਾਬਾ ਦਲੀਪ ਸਿੰਘ ਦੀ ਅਗਵਾਈ ਵਿਚ, ਥੰਮ ਜੀ ਸਾਹਿਬ ਗੁਰਦੁਆਰੇ ਤੋ ਡੁਮੇਲੀ ਦਾ ਇਕ ਜਥਾ, (ਜਥਾ ਨੰਬਰ 107) ਨਾਭਾ ਮੋਰਚੇ ਵਿਚ ਹਿਸਾ ਲੈਣ ਲਈ ਗਿਆ ਸੀ। ਇਸ ਵਿਚ ਅੱਗੇ ਦਿਤੇ ਸੰਗਰਾਮੀਆਂ

"ਸੰਤ ਬਾਬਾ ਦਲੀਪ ਸਿੰਘ ਜੀ ਜਥੇਦਾਰ ਡੁਮੇਲੀ

ਭਾਈ ਜਵਾਲਾ ਸਿੰਘ ਨਿਜਰ (ਪੁੱਤਰ ਭਾਈ ਸੁੰਦਰ ਸਿੰਘ ਨਿਜਰ ਡੁਮੇਲੀ)

ਭਾਈ ਮੇਹਰ ਸਿੰਘ ਕੈਂਥ (ਪੁੱਤਰ ਭਾਈ ਹੁਕਮ ਸਿੰਘ ਡੁਮੇਲੀ)

---

93 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 17. ਅਤੇ ਸਵਰਗਵਾਸੀ ਬਖ਼ਸ਼ੀਸ਼ ਸਿੰਘ ਨਿਜਰ ਨਾਲ ਹੋਈ ਗੱਲਬਾਤ ਤੇ ਅਧਾਰਿਤ।

ਭਾਈ ਈਸ਼ਰ ਸਿੰਘ ਨਿਜਰ (ਪੁੱਤਰ ਸ. ਜਵਾਹਰ ਸਿੰਘ ਡੁਮੇਲੀ)

ਭਾਈ ਚੰਦਾ ਸਿੰਘ ਨਿਜਰ (ਪੁੱਤਰ ਲਾਭ ਸਿੰਘ ਡੁਮੇਲੀ)

ਭਾਈ ਹਰਬੰਸ ਸਿੰਘ ਗੰਗੜ (ਪੁੱਤਰ ਝੱਬਨ ਡੁਮੇਲੀ)

ਭਾਈ ਬੰਤਾ ਸਿੰਘ ਨਿਜਰ (ਪੁੱਤਰ ਮੌਲਾ ਸਿੰਘ ਡੁਮੇਲੀ)

ਭਾਈ ਸੁੰਦਰ ਸਿੰਘ ਨਿਜਰ (ਪੁੱਤਰ ਸ. ਅੱਛਰ ਸਿੰਘ ਡੁਮੇਲੀ)

ਭਾਈ ਕਰਤਾਰ ਸਿੰਘ ਬੱਬਰ ਨਿਜਰ (ਪੁੱਤਰ ਸ. ਬੱਗਾ ਸਿੰਘ ਨਿਜਰ)

ਭਾਈ ਜਗਤ ਸਿੰਘ ਨਿਜਰ (ਪੁੱਤਰ ਸ. ਅਮਰ ਸਿੰਘ ਵੈਦ ਡੁਮੇਲੀ)

ਭਾਈ ਦੇਵਾ ਸਿੰਘ ਨਿਜਰ (ਪੁੱਤਰ ਸ. ਉਤਮ ਸਿੰਘ ਨਾਰਾ ਡੁਮੇਲੀ)

ਭਾਈ ਦਲੀਪ ਸਿੰਘ ਗਰੰਥੀ ਗੁਰਦੁਆਰਾ ਚੌਂਤਾ ਸਾਹਿਬ ਬਬੇਲੀ

ਭਾਈ ਕਰਤਾਰ ਸਿੰਘ ਨਿਜਰ (ਪੁੱਤਰ ਸੂਬਾ ਸਿੰਘ ਡੁਮੇਲੀ)

ਭਾਈ ਚਤਰ ਸਿੰਘ ਜੱਖੂ (ਪੁੱਤਰ ਸ. ਬਸਾਊ ਡੁਮੇਲੀ)

ਭਾਈ ਜਮੀਅਤ ਸਿੰਘ ਛਿੰਬ (ਪੁੱਤਰ ਸ. ਗੁਰਦਿਤ ਸਿੰਘ ਡੁਮੇਲੀ)

ਭਾਈ ਤਾਰਾ ਸਿੰਘ ਨਿਜਰ (ਪੁੱਤਰ ਸ. ਹਰੀ ਸਿੰਘ ਡੁਮੇਲੀ) ਨੇ ਭਾਗ ਲਿਆ।" [94]

### 1.5.3 ਕਿਸਾਨ ਮੋਰਚੇ ਵਿਚ

1946 ਈ. ਵਿਚ ਅੰਗਰੇਜ ਸਰਕਾਰ ਦੇ ਵਿਰੁੱਧ ਲਗਾਏ ਗਏ ਕਿਸਾਨ ਮੋਰਚੇ ਵਿਚ ਵੀ ਇਸ ਪਿੰਡ ਦੇ ਅਜਾਦੀ ਘੁਲਾਟੀਆਂ ਨੇ ਸਰਗਰਮੀ ਨਾਲ ਭਾਗ ਲਿਆ ਅਤੇ ਜੇਲਾਂ ਦੀ ਹਵਾ ਖਾਧੀ। ਇਸ ਵਿਚ ਡੁਮੇਲੀ ਦੇ ਅੱਗੇ ਲਿਖੇ ਅਜਾਦੀ ਘੁਲਾਟੀਆਂ "ਭਾਈ ਸੁੰਦਰ ਸਿੰਘ {ਪੁੱਤਰ ਸ. ਅੱਛਰ ਸਿੰਘ (ਜਥੇਦਾਰ) ਡੁਮੇਲੀ}

ਭਾਈ ਗੁਰਦਾਸ ਸਿੰਘ ਨਿਜਰ (ਪੁੱਤਰ ਸ. ਅਜੀਤ ਸਿੰਘ ਡੁਮੇਲੀ)

ਸ. ਮੁਨਸ਼ਾ ਸਿੰਘ ਨਿਜਰ (ਪੁੱਤਰ ਸ. ਹਰੀ ਸਿੰਘ ਡੁਮੇਲੀ)

ਸ. ਖੜਕ ਸਿੰਘ ਨਿਜਰ (ਪੁੱਤਰ ਸ. ਕਰਮ ਸਿੰਘ ਮਸੰਦ ਡੁਮੇਲੀ) ਨੇ ਭਾਗ ਲਿਆ।"[95]

### 1.5.4 ਜਿੰਮੀਦਾਰਾ ਮੋਰਚਾ ਲਾਹੌਰ ਵਿਚ

ਡੁਮੇਲੀ ਦੇ ਲੋਕਾਂ ਨੇ ਜਿੰਮੀਦਾਰਾ ਮੋਰਚਾ ਲਹੌਰ, ਪੰਜਾਬ (ਸੰਨ 1946 ਈ.) ਵਿਚ ਵੀ ਵੱਧ ਚੜ੍ਹ ਕੇ ਹਿਸਾ ਲਿਆ। ਇਸ ਮੋਰਚੇ ਵਿਚ ਭਾਗ ਲੈਣ ਲਈ ਉਹ ਪਿੰਡ ਦੇ ਥੰਮ ਜੀ ਸਾਹਿਬ ਗੁਰਦੁਆਰਾ ਸਾਹਿਬ

---

94 Bakhshish Singh Nijjar (Dr.): History of Village Domeli and Lutera Khurd. Page 49.

95 ---ਉਹੀ---, ---ਉਹੀ---, ਪੰਨਾ 50.

ਵਿਖੇ ਇਕੱਤਰ ਹੋਏ। ਬਾਅਦ ਵਿਚ ਇਨਾਂ ਨੂੰ ਲਹੌਰ ਵਿਚ ਫੜ ਲਿਆ ਗਿਆ ਅਤੇ ਜੇਲਾਂ ਵਿਚ ਡੱਕ ਦਿਤਾ ਗਿਆ। ਇਸ ਮੋਰਚੇ ਵਿਚ

"ਭਾਈ ਸੁੰਦਰ ਸਿੰਘ ਨਿਜਰ (ਪੁੱਤਰ ਸ. ਅੱਛਰ ਸਿੰਘ ਡੁਮੇਲੀ ਜਥੇਦਾਰ)

ਭਾਈ ਗੇਂਦਾ ਸਿੰਘ ਨਿਜਰ (ਪੁੱਤਰ ਸ. ਪਾਲ ਸਿੰਘ)

ਭਾਈ ਪਰਤਾਪ ਸਿੰਘ ਨਿਜਰ (ਪੁੱਤਰ ਸ. ਦਸੌਧਾ ਸਿੰਘ ਡੁਮੇਲੀ)

ਭਾਈ ਰਤਨ ਸਿੰਘ ਨਿਜਰ (ਪੁੱਤਰ ਸ. ਅਮਰ ਸਿੰਘ ਵੈਦ ਡੁਮੇਲੀ)

ਭਾਈ ਫੈਨੀ ਸਿੰਘ ਨਿਜਰ ਪੁੱਤਰ ਸ. ਗੋਪਾਲ ਸਿੰਘ ਮੱਟੀ ਡੁਮੇਲੀ

ਭਾਈ ਦਲੀਪਾ ਸਿੰਘ ਨਿਜਰ ਪੁੱਤਰ ਸ. ਰੱਲਾ ਸਿੰਘ ਡੁਮੇਲੀ

ਭਾਈ ਸਰਵਣ ਸਿੰਘ ਡਾਕੂ ਪੁੱਤਰ ਸ. ਬਤਨ ਸਿੰਘ ਡੁਮੇਲੀ

ਭਾਈ ਕਰਤਾਰ ਸਿੰਘ ਬੱਬਰ ਪੁੱਤਰ ਸ. ਬੱਗਾ ਸਿੰਘ ਡੁਮੇਲੀ ਨੇ ਭਾਗ ਲਿਆ।"[96]

### 1.5.5 ਬੱਬਰ ਅਕਾਲੀ ਲਹਿਰ ਵਿਚ

ਬੱਬਰ ਅਕਾਲੀ ਲਹਿਰ ਵਿਚ ਵੀ ਇਸ ਪਿੰਡ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿਸਾ ਲਿਆ। ਇਸ ਲਹਿਰ ਦੌਰਾਨ ਡੁਮੇਲੀ ਦੇ

"ਬੱਬਰ ਸੁਰਜਨ ਸਿੰਘ ਨਿਜਰ (ਪੁੱਤਰ ਸ. ਸੁਚੇਤ ਸਿੰਘ ਡੁਮੇਲੀ)

ਬੱਬਰ ਕਰਤਾਰ ਸਿੰਘ ਨਿਜਰ (ਪੁੱਤਰ ਸ. ਬਸੰਤ ਸਿੰਘ ਡੁਮੇਲੀ)

ਬੱਬਰ ਚੰਦਾ ਸਿੰਘ ਨਿਜਰ (ਪੁੱਤਰ ਸ. ਛੱਜਾ ਡੁਮੇਲੀ)

ਬੱਬਰ ਕਰਤਾਰ ਸਿੰਘ ਨਿਜਰ (ਪੁੱਤਰ ਸ. ਬੱਗਾ ਸਿੰਘ ਡੁਮੇਲੀ) ਨੇ ਭਾਗ ਲਿਆ।"[97]

ਬੱਬਰ ਕਰਤਾਰ ਸਿੰਘ ਨਿਜਰ ਪੁੱਤਰ ਸ. ਬਸੰਤ ਸਿੰਘ ਡੁਮੇਲੀ ਅਤੇ ਬੱਬਰ ਕਰਤਾਰ ਸਿੰਘ ਨਿਜਰ ਪੁੱਤਰ ਸ. ਬੱਗਾ ਸਿੰਘ ਡੁਮੇਲੀ ਨੂੰ ਸੱਤ ਸੱਤ ਸਾਲ ਦੀ ਕੈਦ ਹੋਈ ਸੀ। **ਜਸਮੇਰ ਸਿੰਘ ਹੋਠੀ** ਅਨੁਸਾਰ, "ਡੁਮੇਲੀ ਪਿੰਡ ਦੇ ਲੋਕਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਵੀ ਆਪਣਾ ਬਣਦਾ ਹਿੱਸਾ ਪਾਇਆ ਹੈ। ਜਦ ਬੱਬਰ ਅਕਾਲੀ ਲਹਿਰ ਚੱਲੀ ਤਾਂ ਉਸ ਵਿਚ ਦੋ ਮੁਖੀ ਬੱਬਰ ਅਕਾਲੀ, ਡੁਮੇਲੀ ਪਿੰਡ ਨਾਲ ਸੰਬੰਧਿਤ ਸਨ। ਇਹਨਾਂ ਦੋਵਾਂ ਦੇ ਨਾਂ ਕਰਤਾਰ ਸਿੰਘ ਹੀ ਸਨ, ਇਸ ਲਈ ਦੋਹਾਂ ਨੂੰ ਵਖਰਿਆਉਣ ਲਈ ਛੋਟਾ ਬੱਬਰ ਅਤੇ ਵੱਡਾ ਬੱਬਰ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਬੱਬਰ ਕਰਤਾਰ ਸਿੰਘ ਮੇਰੀ ਸਿੰਘਣੀ ਦੇ ਸਕੇ ਨਾਨਾ ਜੀ ਸਨ।"[98]

---

96 Bakhshish Singh Nijjar (Dr.): History of Village Domeli and Lutera Khurd. Page 51.

97 ---ਉਹੀ---, ---ਉਹੀ---, ਪੰਨਾ 42.

98 ਅਵਤਾਰ ਸਿੰਘ ਚੀਮਾ: ਜਨ ਪਰਉਪਕਾਰੀ ਆਏ, ਸੰਤਨ ਕੀ ਮਹਿਮਾ, 2012, ਪੰਨਾ 57-58.

### 1.5.6 ਡੁਮੇਲੀ ਵਾਸੀ ਵਿਦੇਸ਼ਾਂ ਵਿਚ

ਦੋਆਬੇ ਦੇ ਇਸ ਇਤਿਹਾਸਿਕ ਪਿੰਡ ਵਿਚੋਂ ਵੀ ਬਾਕੀ ਪਿੰਡਾਂ ਦੀ ਤਰਾਂ ਬਹੁਤ ਸਾਰੇ ਲੋਕ ਰੋਟੀ ਰੋਜ਼ੀ ਦੀ ਖਾਤਿਰ ਵਿਦੇਸ਼ਾਂ ਵਿਚ ਜਾ ਵਸੇ ਹਨ। ਇਸ ਪਿੰਡ ਵਿਚੋਂ ਬਹੁਤ ਸਾਰੇ ਲੋਕ ਅਮਰੀਕਾ, ਕਨੇਡਾ, ਆਸਟਰੇਲੀਆ, ਇੰਗਲੈਡ, ਇਟਲੀ, ਜਰਮਨੀ, ਨਾਰਵੇ, ਡੁਬਈ, ਨਿਊਜ਼ੀਲੈਡ, ਆਦਿ ਦੇਸ਼ਾਂ ਵਿਚ ਵਸ ਜਾਣ ਕਾਰਨ ਅੱਜ ਪਿੰਡ ਵਿਚ ਬਹੁਤ ਸਾਰੀਆਂ ਕੋਠੀਆਂ ਖਾਲੀ ਵੇਖਣ ਨੂੰ ਮਿਲਦੀਆਂ ਹਨ। ਇਥੋ ਦੇ ਲੋਕਾਂ ਨੇ ਵਿਦੇਸ਼ਾਂ ਵਿਚ ਜਾ ਕੇ ਉਥੋਂ ਦੀ ਆਰਥਿਕਤਾ ਵਿਚ ਵਾਧਾ ਕਰਕੇ ਆਪਣੇ ਪਿੰਡ ਦਾ ਨਾ ਰੌਸ਼ਨ ਕੀਤਾ ਹੈ।

## 1.6 ਡੁਮੇਲੀ ਦੇ ਪਰਮੁਖ ਮਹਾਂਪੁਰਖ ਅਤੇ ਹੋਰ ਮਹਾਨ ਸ਼ਖ਼ਸੀਅਤਾਂ

ਇਥੇ ਇਹ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਕਿ ਇਸ ਪਿੰਡ ਵਿਚ ਮਹਾਨ ਸੰਤ-ਮਹਾਂਪੁਰਖ, ਮਹਾਂਦਾਨੀ, ਸਿਆਸੀ, ਸੇਵਾਦਾਰ, ਲੋਕ ਸੇਵਕ, ਤੇ ਲਿਖਾਰੀ ਹੋਏ ਹਨ, ਜਿਨ੍ਹਾਂ ਵਿਚੋਂ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ, ਬਾਬਾ ਨਾਂਗਾ ਜੀ (ਗੋਪਾਲ ਦਾਸ ਜੀ), ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ, ਸੰਤ ਕਪੂਰ ਸਿੰਘ, ਬਾਬਾ ਮਸਤ ਜੀ, ਸੰਤ ਮਨਜੀਤ ਸਿੰਘ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ, ਚੌਧਰੀ ਬਿਅੰਤ ਸਿੰਘ, ਠੇਕੇਦਾਰ ਖੇਮ ਸਿੰਘ ਭੋਗਲ, ਸਰਦਾਰ ਮੇਲਾ ਸਿੰਘ ਭੋਗਲ, ਸਰਦਾਰ ਪ੍ਰੀਤਮ ਸਿੰਘ ਭੋਗਲ, ਐਡਵੋਕੇਟ ਭਰਪੂਰ ਸਿੰਘ ਭੋਗਲ, ਮਾਸਟਰ ਸਾਧੂ ਰਾਮ ਗੰਗੜ, ਡਾ. ਬਖ਼ਸ਼ੀਸ਼ ਸਿੰਘ ਨਿਜਰ, ਜੈਲਦਾਰ ਪਰਮਜੀਤ ਸਿੰਘ ਡੁਮੇਲੀ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਇਨਾਂ ਵਿਚੋਂ ਕੁਝ ਸੰਤ ਮਹਾਂਪੁਰਖਾਂ ਅਤੇ ਮਹਾਨ ਸ਼ਖ਼ਸੀਅਤਾਂ ਦਾ ਵਰਣਨ ਇਸ ਪ੍ਰਕਾਰ ਹੈ।

### 1.6.1 ਬਾਬਾ ਨਾਂਗਾ ਜੀ

ਬਾਬਾ ਨਾਂਗਾ ਜੀ ਡੁਮੇਲੀ ਵਿਖੇ ਨਾਂਗੇ ਸਾਧੂ ਹੋਏ ਹਨ ਜੋ ਸਦਾ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਡਾ. ਬਖ਼ਸ਼ੀਸ਼ ਸਿੰਘ ਨਿਜਰ ਅਨੁਸਾਰ ਬਾਬਾ ਨਾਂਗਾ ਜੀ 1850-1895 ਦੇ ਸਮੇਂ ਵਿਚ ਡੁਮੇਲੀ ਵਿਖੇ ਰਹਿੰਦੇ ਰਹੇ ਹਨ। ਇਸ ਸਮੇਂ ਦੌਰਾਨ ਜਦ ਪੰਜਾਬ ਅਤੇ ਆਸ ਪਾਸ ਦੇ ਲੋਕ ਪਲੇਗ ਦੀ ਭਿਆਨਕ ਬਿਮਾਰੀ ਨਾਲ ਪੀੜਿਤ ਸਨ ਧੜਾਧੜ ਮੌਤ ਦਾ ਸ਼ਿਕਾਰ ਹੋ ਰਹੇ ਸਨ। ਬਾਬਾ ਜੀ ਲੋਕਾਂ ਦਾ ਇਹ ਦੁੱਖ ਸਹਾਰ ਨਾ ਸਕੇ। ਬਾਬਾ ਨਾਂਗਾ ਜੀ ਨੇ ਡੁਮੇਲੀ ਵਾਸੀਆਂ ਨੂੰ ਵੀ ਇਸ ਬਿਮਾਰੀ ਦੇ ਸ਼ਿਕਾਰ ਹੁੰਦੇ ਦੇਖਿਆ। ਪਿੰਡ ਵਾਸੀਆਂ ਅਨੁਸਾਰ ਬਾਬਾ ਨਾਂਗਾ ਜੀ ਨੇ ਪ੍ਰਮਾਤਮਾ ਨੂੰ ਬੇਨਤੀ ਕੀਤੀ ਇਸ ਭਿਆਨਕ ਬਿਮਾਰੀ ਤੋਂ ਮੈਨੂੰ ਪੀੜਿਤ ਕਰ ਦਿਉ, ਪਰ ਡੁਮੇਲੀ ਵਿਖੇ ਹੋਰ ਲੋਕਾਂ ਦੀ ਮੌਤ ਨਾਂ ਹੋਵੇ। ਕਿਹਾ ਜਾਂਦਾ ਹੈ ਕਿ ਇਸ ਉਪਰੰਤ 1895 ਈ. ਵਿਚ ਬਾਬਾ ਜੀ ਦੀ ਮੌਤ ਹੋ ਗਈ ਸੀ। ਜਦ ਕਿ ਡੁਮੇਲੀ ਵਿਚ ਪਲੇਗ ਦੀ ਬਿਮਾਰੀ ਨਾਲ ਕੋਈ ਮੌਤ ਹੋਰ ਨਾਂ ਹੋਈ। ਪਿੰਡ ਵਿਚ ਸਥਿਤ ਉਨਾਂ ਦੀ ਮਟੀ, ਜਿਸ ਨੂੰ ਲੋਕ ਬਾਬੇ ਨਾਂਗੇ ਦੀ ਮਟੀ ਕਹਿੰਦੇ ਹਨ, ਵਿਖੇ ਹਰ ਸਾਲ ਬਸੰਤ ਨੂੰ ਮੇਲਾ ਲੱਗਦਾ ਹੈ। ਲੋਕ ਉਨਾਂ ਨੂੰ ਰੱਬ ਦੀ ਤਰਾਂ ਪੂਜਦੇ ਹਨ।

### 1.6.2 ਸੰਤ ਕਪੂਰ ਸਿੰਘ

ਸੰਤ ਕਪੂਰ ਸਿੰਘ ਜੀ ਗੁਰਦੁਆਰਾ ਬਾਬਾ ਰਾਣਾ ਦੇ ਮੁੱਖ ਸੇਵਾਦਾਰ ਹੋਏ ਹਨ। ਉਹ ਹਮੇਸ਼ਾ ਹੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਆਪ ਦਾ ਜਨਮ ਜਲੰਧਰ ਨਜ਼ਦੀਕ ਪਿੰਡ ਜੰਡੂ ਸਿੰਘਾ ਵਿਖੇ ਹੋਇਆ। ਆਪ ਤੜਕੇ ਉਠਕੇ, ਇਸ਼ਨਾਨ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ। ਉਪਰੰਤ ਪਿੰਡ ਦੀ ਗਦਾ ਕਰਕੇ ਪ੍ਰਸ਼ਾਦਾ ਪਾਣੀ ਮੰਗਕੇ ਲਿਆਉਂਦੇ ਤੇ ਬਾਬਾ ਰਾਣਾ ਗੁਰਦੁਆਰਾ ਸਾਹਿਬ ਵਿਚ ਮੌਜੂਦ ਸੰਗਤਾਂ ਨੂੰ ਬੜੀ ਹੀ ਸ਼ਰਧਾ ਪੂਰਵਕ ਲੰਗਰ ਛਕਾਉਂਦੇ। "ਕੁਝ ਸਮਾਂ ਤਾਂ ਪਿੰਡ ਵਿਚੋਂ ਪਰਸ਼ਾਦੇ ਲੈ ਕੇ ਆਉਂਦੇ ਰਹੇ, ਪਰ ਇਕ ਦਿਨ ਉਨ੍ਹਾਂ ਨੂੰ ਅਗੰਮੀ ਹੁਕਮ ਹੋਇਆ ਕਿ ਤੁਸੀਂ ਗਦਾ ਨਹੀਂ ਕਰਨੀ, ਪਰਸ਼ਾਦੇ ਤੁਹਾਡੇ ਪਾਸ ਪੁਜਿਆ ਕਰਨਗੇ। ਸੰਤ ਕਪੂਰ ਸਿੰਘ ਜੀ ਹੈਰਾਨ ਤਾਂ ਹੋਏ ਪਰ ਰੱਬੀ ਹੁਕਮ ਦੀ ਪਾਲਣਾ ਕੀਤੀ। ਸੰਤ ਜੀ ਤੇ ਗੁਰ ਸੰਗਤ ਇਕ-ਦੋ ਦਿਨ ਭੁੱਖਣ-ਭਾਣੇ ਰਹੇ, ਪਰ ਵਾਹਿਗੁਰੂ ਹੀ ਜਾਣੇ ਡੁਮੇਲੀ ਵਾਲਿਆਂ ਨੂੰ ਕਿਥੋਂ ਉਤਸ਼ਾਹ ਮਿਲਿਆ ਕਿ ਤਕਰੀਬਨ ਹਰ ਘਰ ਤੋਂ ਪਰਸ਼ਾਦੇ ਬਾਬਾ ਰਾਣਾ ਪੁਜਣ ਲੱਗੇ। ਇਹ ਗੱਲ ਆਲੇ ਦੁਆਲੇ ਦੇ ਪਿੰਡਾਂ ਵਿਚ ਵੀ ਪੁੱਜ ਗਈ। ਉਸ ਦਿਨ ਤੋ ਅੱਜ ਤੱਕ ਪਤਾ ਹੀ ਨਹੀਂ ਲਗਦਾ ਕਿ ਲੰਗਰ ਏਨੀ ਉਚ ਪੱਧਰ ਤੇ ਪੁੱਜ ਗਿਆ ਹੈ।"[99] 10 ਮਾਰਚ 1940 ਈ. ਨੂੰ ਆਪ ਗੁਰਪੁਰੀ ਸਿਧਾਰ ਗਏ।

### 1.6.3 ਸੰਤ ਮਨਜੀਤ ਸਿੰਘ

ਸੰਤ ਕਪੂਰ ਸਿੰਘ ਜੀ ਤੋਂ ਬਾਅਦ ਇਸ ਗੁਰਦੁਆਰਾ ਸਾਹਿਬ ਦੀ ਸੇਵਾ ਅੱਜਕਲ ਸੰਤ ਮਨਜੀਤ ਸਿੰਘ ਨੇ ਸੰਭਾਲੀ ਹੋਈ ਹੈ। 'ਆਪ ਦਾ ਜਨਮ 29 ਜੂਨ 1951 ਈ. ਨੂੰ ਪਿੰਡ ਖਨੌਰੀ ਕਲਾਂ ਨਜ਼ਦੀਕ ਮਲੇਰਕੋਟਲਾ ਵਿਖੇ ਹੋਇਆ। ਆਪ ਬੜੇ ਹੀ ਧਾਰਮਿਕ ਵਿਚਾਰਾਂ ਵਾਲੇ ਸੰਤ ਹਨ। ਆਪ ਨੇ ਪਿੰਡ ਡੁਮੇਲੀ ਅਤੇ ਇਲਾਕੇ ਵਿਚ ਕਈ ਲੋਕ ਭਲਾਈ ਦੇ ਕੰਮ ਕੀਤੇ ਜਿਸ ਕਰਕੇ ਇਲਾਕੇ ਦੇ ਲੋਕਾਂ ਵਿਚ ਆਪ ਜੀ ਦਾ ਸਤਿਕਾਰ ਕਾਫੀ ਵੱਧ ਗਿਆ। ਗੁਰਦੁਆਰਾ ਸਾਹਿਬ ਵਿਖੇ ਬਣਾਏ ਗਏ ਸ੍ਰੀ ਗੁਰੂ ਹਰਗੋਬਿੰਦ ਹਸਪਤਾਲ ਦੇ ਉਹ ਟਰੱਸਟੀ ਹਨ। ਡੁਮੇਲੀ ਅਤੇ ਆਸਪਾਸ ਦੇ ਪਿੰਡਾਂ ਵਿਚ ਲੋਕ ਭਲਾਈ ਦੇ ਕੰਮ ਕਰਨ ਲਈ ਉਹ ਸਦਾ ਤਤਪਰ ਰਹਿੰਦੇ ਹਨ।'[100]

---

99 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 26-27. ਅਤੇ ਸੰਤ ਮਨਜੀਤ ਸਿੰਘ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਕਪੂਰਥਲਾ, ਮਿਤੀ 11.02.2013.

100 ਸੰਤ ਮਨਜੀਤ ਸਿੰਘ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਕਪੂਰਥਲਾ, ਮਿਤੀ 11.02.2013,

### 1.6.4 ਚੌਧਰੀ ਬਿਅੰਤ ਸਿੰਘ

ਚੌਧਰੀ ਬਿਅੰਤ ਸਿੰਘ, ਜਿਨਾਂ ਦਾ ਸਬੰਧ ਇਸੇ ਪਿੰਡ ਨਾਲ ਸੀ, ਦੀ ਇਲਾਕੇ ਵਿਚ ਚੰਗੀ ਜਾਣ ਪਹਿਚਾਨ ਸੀ। ਇਸੇ ਜਾਣ ਪਹਿਚਾਣ ਸਦਕਾ ਹੀ ਉਨਾਂ ਨੇ 1916 ਈ. ਵਿਚ ਸਰਕਾਰੀ ਪ੍ਰਾਇਮਰੀ ਸਕੂਲ ਚਾਲੂ ਕਰਵਾਇਆ ਸੀ। ਉਨਾਂ ਦੇ ਯਤਨਾਂ ਨਾਲ ਹੀ 1922-23 ਵਿਚ ਡੁਮੇਲੀ ਵਿਖੇ ਪੋਸਟ ਆਫ਼ਿਸ ਚਾਲੂ ਹੋਇਆ ਸੀ। ਉਨਾਂ ਦੇ ਸਪੁੱਤਰ ਜੈਲਦਾਰ ਠਾਕੁਰ ਸਿੰਘ ਨੇ ਵੀ ਆਪ ਵਾਂਗ ਇਲਾਕੇ ਵਿਚ ਚੰਗਾ ਨਾਮਣਾ ਖੱਟਿਆ ਸੀ।

### 1.6.5 ਠੇਕੇਦਾਰ ਖੇਮ ਸਿੰਘ ਭੋਗਲ

ਠੇਕੇਦਾਰ ਖੇਮ ਸਿੰਘ ਭੋਗਲ (1875-1930) ਵੀ ਮਹਾਨ ਦਾਨੀ ਹੋਏ ਹਨ। ਉਨਾਂ ਨੇ 1921 ਈ. ਵਿਚ ਖਾਲਸਾ ਮਿਡਲ ਸਕੂਲ ਦੀ ਬਿਲਡਿੰਗ ਦੀ ਉਸਾਰੀ ਕਰਵਾਈ ਸੀ। ਉਨਾਂ ਦੀ ਵਿਸ਼ੇਸਤਾ ਇਹ ਸੀ ਕਿ ਉਹ ਹਰ ਗਰੀਬ ਦੀ ਮਦਦ ਕਰਨਾ ਆਪਣਾ ਫਰਜ਼ ਸਮਝਦੇ ਸਨ।

### 1.6.6 ਸ. ਮੇਲਾ ਸਿੰਘ ਭੋਗਲ

ਮੇਲਾ ਸਿੰਘ ਭੋਗਲ ਵੀ ਡੁਮੇਲੀ ਪਿੰਡ ਦੀ ਮਹਾਨ ਸ਼ਖ਼ਸੀਅਤ ਹੋਏ ਹਨ। ਉਨਾਂ ਨੇ ਵਿਦਿਆ ਦੇ ਖੇਤਰ ਵਿਚ ਮਹਾਨ ਕੰਮ ਕੀਤੇ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ, 'ਖਾਲਸਾ ਹਾਇਰ ਸੈਕੰਡਰੀ ਸਕੂਲ ਡੁਮੇਲੀ ਨੂੰ ਮਿਡਲ ਸਕੂਲ ਤੋਂ ਅਪ ਗਰੇਡ ਕਰਨ ਵਿਚ ਉਨਾਂ ਦਾ ਹੱਥ ਸੀ। ਸਕੂਲ ਦਾ ਹਾਲ ਤੇ ਹੋਰ ਕਈ ਕਮਰੇ ਵੀ ਉਨਾਂ ਦੀ ਹੀ ਦੇਣ ਸੀ। ਆਪ ਰਾਮਗੜੀਆ ਕੌਂਸਲ ਦੇ ਲਾਈਫ਼ ਪ੍ਰਧਾਨ ਵੀ ਰਹੇ। ਪਿੰਡ ਵਿਚ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਚਰਨ ਛੋਹ ਸਥਾਨ ਤੇ ਗੁਰਦੁਆਰਾ ਸਾਹਿਬ ਦੀ ਬਣੀ ਨਵੀਂ ਇਮਾਰਤ ਵੀ ਆਪ ਜੀ ਦੀ ਦੇਖ ਰੇਖ ਅਧੀਨ ਬਣੀ ਸੀ। ਆਪ ਜੀ ਦਾ ਸੰਤ ਬਾਬਾ ਦਲੀਪ ਸਿੰਘ ਨਾਲ ਬਹੁਤ ਪਿਆਰ ਸੀ।'[101]

### 1.6.7 ਸ. ਪ੍ਰੀਤਮ ਸਿੰਘ ਭੋਗਲ

ਪਿਤਾ ਮੇਲਾ ਸਿੰਘ ਭੋਗਲ ਦੇ ਦਰਸਾਏ ਮਾਰਗ ਤੇ ਚਲਦਿਆਂ ਸ. ਪ੍ਰੀਤਮ ਸਿੰਘ ਭੋਗਲ ਨੇ ਵੀ ਲੋਕ ਸੇਵਾ ਵਿਚ ਵੱਧ ਚੜ੍ਹ ਕੇ ਹਿਸਾ ਲਿਆ। ਉਨਾਂ ਦੇ ਸਮੇਂ ਵੀ ਰਾਮਗੜ੍ਹੀਆ ਵਿਦਿਅਕ ਸੰਸਥਾਵਾਂ ਨੇ ਚੋਖੀ ਤਰੱਕੀ ਕੀਤੀ। ਇਸੇ ਤਰਾਂ ਸ. ਮੇਲਾ ਸਿੰਘ ਭੋਗਲ ਦੇ ਪੋਤਰੇ ਸ. ਭਰਪੂਰ ਸਿੰਘ ਭੋਗਲ ਨੇ ਵੀ ਦਾਦੇ ਅਤੇ ਪਿਤਾ ਵਾਂਗ ਲੋਕ ਸੇਵਾ ਜਾਰੀ ਰੱਖੀ। ਉਹ ਪਿੰਡ ਵਿਚ ਸਥਿਤ ਸ੍ਰੀ ਗੁਰੂ ਹਰਗੋਬਿੰਦ ਹਸਪਤਾਲ ਦੇ ਟਰੱਸਟੀ ਵੀ ਰਹੇ ਅਤੇ ਪਿੰਡ ਵਿਚ ਹੋਣ ਵਾਲੇ ਸਾਂਝੇ ਕੰਮਾਂ ਨੂੰ ਕੋਲੋਂ ਦਾਨ ਦੇ ਕੇ ਕਰਵਾਉਂਦੇ ਰਹੇ।

---

101 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 28.

### 1.6.8 ਮਾਸਟਰ ਸਾਧੂ ਰਾਮ ਗੰਗੜ

ਸਵਰਗਵਾਸੀ ਮਾਸਟਰ ਸਾਧੂ ਰਾਮ ਗੰਗੜ ਵੀ ਡੁਮੇਲੀ ਦੀ ਮਹਾਨ ਸ਼ਖ਼ਸੀਅਤ ਹੋਏ ਹਨ। ਉਨਾਂ ਨੇ ਬਚਪਨ ਤੋਂ ਹੀ ਪਰਜਾ ਮੰਡਲ ਵਿਚ ਸ਼ਾਮਲ ਹੋ ਕੇ ਦੇਸ਼ ਸੇਵਾ ਕੀਤੀ ਅਤੇ ਜੇਲਾਂ ਕੱਟੀਆਂ। **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ, "ਪਰਜਾ ਮੰਡਲ ਅੰਗਰੇਜ ਸਰਕਾਰ ਸਮੇਂ ਪੰਜਾਬ ਦੀਆਂ ਰਿਆਸਤਾਂ ਦੀ ਸਭ ਤੋਂ ਵੱਡੀ ਪਾਰਟੀ ਸੀ, ਜਿਨਾਂ ਨੇ ਰਾਜੇ ਮਹਾਰਾਜਿਆਂ ਦੀਆਂ ਆਪ ਹੁਦਰੀਆਂ ਵਿਰੁੱਧ ਸਿਰ ਚੁਕਿਆ ਸੀ। ਗਿਆਨੀ ਜੈਲ ਸਿੰਘ ਵੀ ਇਸੇ ਪਰਜਾ ਮੰਡਲੀਏ ਸਨ। ਸਵਰਗਵਾਸੀ ਸਾਧੂ ਰਾਮ ਗੰਗੜ ਨੇ ਖਾਡੀ ਗਰਾਮ ਵਿਚ ਕੰਮ ਕੀਤਾ ਤੇ ਕਾਂਗਰਸ ਪਾਰਟੀ ਦੇ ਨਿਧੜਕ ਮੈਂਬਰ ਰਹੇ। ਜੇਲਾਂ ਕੱਟੀਆਂ, ਪੁਲਿਸ ਦੇ ਜ਼ੁਲਮ ਸਹੇ, ਪਰ ਦੇਸ਼ ਦੀ ਅਜ਼ਾਦੀ ਦੇ ਨਸ਼ੇ ਵਿਚ ਸੀ ਨਹੀਂ ਸੀ ਕੀਤੀ। ਦੇਸ਼ ਅਜਾਦ ਹੋਣ ਤੇ ਆਪ ਪੈਪਸੂ ਸਰਕਾਰ ਦੇ ਡਿਪਟੀ ਮਨਿਸਰ ਬਣੇ ਤੇ ਡਿਊਟੀ ਬੜੀ ਇਮਾਨਦਾਰੀ ਨਾਲ ਨਿਭਾਈ। ਆਪ ਆਪਣੀ ਆਖਰੀ ਯਾਤਰਾ ਤੱਕ ਐਮ. ਪੀ. ਚੁਣੇ ਜਾਂਦੇ ਰਹੇ। ਉਨਾਂ ਨੇ ਡੁਮੇਲੀ ਪਿੰਡ ਨੂੰ ਸਬ-ਪੋਸਟ ਦਿਤਾ ਸੀ, ਜਿਸ ਦੀਆਂ ਸਹੂਲਤਾਂ ਆਲੇ ਦੁਆਲੇ ਦੇ ਅੱਠ ਪਿੰਡਾਂ ਨੂੰ ਉਪਲਭਧ ਹਨ।" [102]

### 1.6.9 ਡਾ. ਬਖ਼ਸ਼ੀਸ਼ ਸਿੰਘ ਨਿਜਰ

ਡਾ. ਬਖ਼ਸ਼ੀਸ਼ ਸਿੰਘ ਨਿਜਰ (ਪੀ.ਈ.ਐਸ) ਇਸ ਪਿੰਡ ਦੇ ਮਹਾਨ ਲੇਖਕ ਅਤੇ ਦਾਨੀ ਸੱਜਣ ਹੋਏ ਹਨ। ਉਨਾਂ ਨੇ 'ਡੁਮੇਲੀ ਪਿੰਡ ਦਾ ਇਤਿਹਾਸ' ਪੁਸਤਕ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਲਿਖ ਕੇ ਚੋਖਾ ਨਾਮਣਾ ਖੱਟਿਆ। ਉਹ ਮਹਾਨ ਦਾਨੀ ਵੀ ਸਨ। ਆਪਣੀ ਉਮਰ ਦੇ ਅਖੀਰਲੇ ਵਰ੍ਹੇ ਤੱਕ ਉਹ ਪਿੰਡ ਵਿਚ ਸਥਿਤ 'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ' ਨੂੰ ਕਾਲਜ ਪ੍ਰਿੰਸੀਪਲ ਡਾ. ਕਿਰਪਾਲ ਕੌਰ ਰੰਧਾਵਾ ਦੀ ਪ੍ਰੇਰਨਾ ਸਦਕਾ ਹਰ ਸਾਲ ਇਕ ਲੱਖ ਦਾਨ ਵਜੋਂ ਦਿੰਦੇ ਰਹੇ। ਉਹ Director, Punjab State Archives & Archaeology, (Retd.) ਸਨ। ਸ਼ਾਇਦ ਇਸ ਇਲਾਕੇ ਦੇ ਉਹ ਪਹਿਲੇ ਵਿਅਕਤੀ ਹੋਣ ਜਿਨਾਂ ਨੂੰ ਸਭ ਤੋਂ ਵੱਧ ਡਿਗਰੀਆਂ ਪ੍ਰਾਪਤ ਕਰਨ ਦਾ ਮਾਣ ਹਾਸਿਲ ਹੋਵੇ। ਉਹ M.A, Ph.D History, M.A. M.O.L. Persian, M.A. Punjabi, ਸਨ। ਉਹ Hons.- Persian, Urdu,& PunjabI, D.P.E. Walton, Lahore, Member, IndIan Historical Records Commission, Sub-editor Encyclopaedia of Hinduism, Curator, Historical Museum, Nebraska-U.S.A ਸਨ।

### 1.6.10 ਜੈਲਦਾਰ ਪਰਮਜੀਤ ਸਿੰਘ ਡੁਮੇਲੀ

ਜੈਲਦਾਰ ਪਰਮਜੀਤ ਸਿੰਘ ਡੁਮੇਲੀ ਵੀ ਇਸ ਪਿੰਡ ਦੀ ਜਾਣੀ ਪਹਿਚਾਣੀ ਸਖ਼ਸ਼ੀਅਤ ਹੈ। ਉਹ ਕਈ ਸਾਲ ਡੁਮੇਲੀ ਦੇ ਸਰਪੰਚ, ਗੁਰਦੁਆਰਾ ਥੰਮ ਜੀ ਸਾਹਿਬ ਦੇ ਪ੍ਰਧਾਨ, ਡਾਇਰੈਕਟਰ ਸ਼ੂਗਰ ਕੇਨ

---

102 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 29-30.

ਫਗਵਾੜਾ, ਮੈਂਬਰ ਬਲਾਕ ਸੰਮਤੀ, ਡਾਇਰੈਕਟਰ ਲੈਂਡਗੇਜ ਬੈਂਕ ਫਗਵਾੜਾ, ਸਕੱਤਰ ਅਕਾਲੀ ਦਲ ਫਗਵਾੜਾ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਇਸ ਪਿੰਡ ਵਿਚ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ, ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ, ਮਹਾਨ ਮਹਾਂਪੁਰਖ ਹੋਏ ਹਨ, ਜਿਨਾਂ ਨੇ ਡੁਮੇਲੀ ਟਕਸਾਲ ਦਾ ਨਾਂ ਦੁਨੀਆਂ ਭਰ ਵਿਚ ਰੋਸ਼ਨ ਕੀਤਾ । ਉਨਾਂ ਦੇ ਜੀਵਨ, ਕਾਰਜਕਾਲ ਅਤੇ ਯੋਗਦਾਨ ਸਬੰਧੀ ਵਿਸਤ੍ਰਿਤ ਜਾਣਕਾਰੀ ਦੂਸਰੇ ਅਧਿਆਇ 'ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ' ਵਿਚ ਦਿਤੀ ਗਈ ਹੈ।

# ਦੂਸਰਾ ਅਧਿਆਇ

# ਡੁਮੇਲੀ ਟਕਸਾਲ: ਪਰਮੁਖ ਕਾਰਜ ਕਰਤਾ

ਗੁਰਮਤਿ ਸੰਗੀਤ ਦੀਆਂ ਪਰਮੁਖ ਟਕਸਾਲਾਂ ਵਿਚੋਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਡੁਮੇਲੀ ਦੀ ਟਕਸਾਲ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਟਕਸਾਲ ਦਾ ਅਰੰਭ **ਸੰਤ ਦਲੀਪ ਸਿੰਘ** (1883-1949) ਤੋਂ ਹੋਇਆ ਹੈ। ਉਨ੍ਹਾਂ ਉਪਰੰਤ **ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ, ਬਾਬਾ ਮਸਤ ਜੀ, ਸੰਤ ਰਾਮ ਸਿੰਘ, ਸੰਤ ਪ੍ਰੀਤਮ ਸਿੰਘ** ਨੇ ਸੰਤ ਦਲੀਪ ਸਿੰਘ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਦੇਸ਼ਾਂ ਤੇ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ ਅਤੇ ਡੁਮੇਲੀ ਟਕਸਾਲ ਦਾ ਨਾਮ ਰੌਸ਼ਨ ਕੀਤਾ। ਖੋਜ ਪਰਬੰਧ ਦੇ ਇਸ ਅਧਿਆਇ-'ਡੁਮੇਲੀ ਟਕਸਾਲ ਦੇ ਪਰਮੁਖ ਕਾਰਜ ਕਰਤਾ' ਵਿਚ ਉਕਤ ਮਹਾਨ ਸਖ਼ਸ਼ੀਅਤਾਂ ਦੇ ਜੀਵਨ, ਕਾਰਜਕਾਲ ਅਤੇ ਯੋਗਦਾਨ ਸਬੰਧੀ ਸੰਖੇਪ ਜਾਣਕਾਰੀ ਦਿਤੀ ਗਈ ਹੈ ਪਰੰਤੂ ਉਸ ਤੋਂ ਪਹਿਲਾ 'ਸੰਤ' ਸ਼ਬਦ ਨੂੰ ਪਰਿਭਾਸ਼ਿਤ ਕਰਨਾ ਜਰੂਰੀ ਹੋ ਜਾਂਦਾ ਹੈ, ਕਿਉਂਕਿ ਡੁਮੇਲੀ ਟਕਸਾਲ ਦੇ ਅਰੰਭ ਤੋਂ ਹੀ ਸਾਰੇ ਕਾਰਜ ਕਰਤਾ 'ਸੰਤ' ਸ਼ਬਦ ਨਾਲ ਸੰਬੋਧਿਤ ਕੀਤੇ ਜਾਂਦੇ ਹਨ। 'ਸੰਤ' ਸ਼ਬਦ ਦੀ ਪਰਿਭਾਸ਼ਾ ਵੱਖ-ਵੱਖ ਵਿਦਵਾਨਾਂ ਨੇ ਇਸ ਪ੍ਰਕਾਰ ਦਿਤੀ ਹੈ :-

## 2.1 ਸੰਤ ਸ਼ਬਦ ਦੀ ਪਰਿਭਾਸ਼ਾ

'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿਚ **ਭਾਈ ਕਾਨ੍ਹ ਸਿੰਘ ਨਾਭਾ** ਨੇ ਸੰਤ ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, "ਮਨ ਇੰਦ੍ਰੀਆਂ ਨੂੰ ਜਿਸ ਨੇ ਟਿਕਾਇਆ ਹੈ, ਸ਼ਾਂਤਤਮਾ, ਵਿਦਵਾਨ, ਪੰਡਿਤ, ਉਤਮ, ਗੁਰੂ ਨਾਨਕ ਦੇਵ ਦਾ ਸਿੱਖ।"[1]

**ਡਾ. ਜੋਧ ਸਿੰਘ** ਅਨੁਸਾਰ, "ਸੰਤ ਦਾ ਅੰਗਰੇਜੀ ਤਰਜ਼ਮਾਂ ਸੇਂਟ ਕੀਤਾ ਜਾਂਦਾ ਹੈ ਭਾਵੇਂ ਕਿ ਇਹ ਪੂਰੀ ਤਰ੍ਹਾਂ ਠੀਕ ਨਹੀਂ ਹੈ, ਕਿਉਂਕਿ ਅੰਗਰੇਜ਼ੀ ਸ਼ਬਦ ਸੇਂਟਲੀ ਵਿਸ਼ੇਸ਼ਣ ਦੇ ਰੂਪ ਵਿਚ ਉਸ ਮਨੁੱਖ ਲਈ ਵਰਤਿਆ ਜਾਂਦਾ ਹੈ ਜੋ ਉਹ ਪਵਿਤਰ, ਗੁਣਵਾਨ ਅਤੇ ਦਇਆਵਾਨ ਹੁੰਦਾ ਹੈ। ਪੱਛਮੀ ਸਭਿਆਚਾਰ ਵਿਚ ਇਸ ਦਾ ਅਰਥ ਇਹੀ ਹੈ ਪਰ ਇਹ 'ਸੰਤ' ਦਾ ਬਦਲਿਆ ਹੋਇਆ ਰੂਪ ਹੈ ਜਿਸ ਦਾ ਅਰਥ ਹੈ ਸਦੀਵੀ, ਅਸਲੀ, ਸਿਆਣਾ ਅਤੇ ਸਤਿਕਾਰਯੋਗ। ਸਤ ਜਾਂ ਸਤਯ ਵੈਦਿਕ ਸਮੇਂ ਤੋਂ ਹੀ ਸਦਾ ਸਥਿਰ, ਅਬਦਲ ਜਾਂ ਸਵੈ ਹੋਂਦ ਵਾਲੀ ਇਕ ਬ੍ਰਹਿਮੰਡੀ ਆਤਮਾ ਬ੍ਰਹਮ ਜਾਂ ਪ੍ਰਮਾਤਮਾ ਲਈ ਵਰਤਿਆ ਜਾਂਦਾ ਹੈ। ਸ਼ਬਦ ਸੰਤ ਕਾਫੀ ਪਿੱਛੋਂ ਪ੍ਰਚਲਿਤ ਹੋਇਆ। ਇਹ ਸ਼ਬਦ ਬੁੱਧ ਧਰਮ ਦੇ ਪੁਰਾਤਨ ਪਾਲੀ ਸਾਹਿਤ ਵਿਚ ਸ਼ਾਂਤ, ਸੱਚਾ ਜਾਂ ਸਿਆਣੇ ਦੇ ਅਰਥਾਂ ਵਿਚ ਅਕਸਰ ਵਰਤਿਆ ਜਾਂਦਾ ਰਿਹਾ ਹੈ।"[2]

---

1 ਭਾਈ ਕਾਨ੍ਹ ਸਿੰਘ ਨਾਭਾ: ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, 2012, ਪੰਨਾ 243.

2 ਜੋਧ ਸਿੰਘ (ਡਾ.): ਸਿੱਖ ਧਰਮ ਵਿਸ਼ਵਕੋਸ਼, 2006, ਪੰਨਾ 306.

**ਡਾ. ਜੋਧ ਸਿੰਘ** ਨੇ ਮੱਧ ਕਾਲ ਵਿਚ ਸੰਤ ਸ਼ਬਦ ਦੀ ਮਹਾਨਤਾ ਇਸ ਤਰ੍ਹਾਂ ਦਿਤੀ ਹੈ, "ਮੱਧ ਕਾਲ ਵਿਚ ਇਹ ਉਦੋਂ ਪੁਨਰਜੀਵਿਤ ਹੋ ਗਿਆ ਜਦੋਂ ਭਗਤੀ ਲਹਿਰ ਨੇ ਜਨਮ ਲਿਆ। ਸੰਤ ਦੀ ਉਪਾਧੀ ਆਮ ਤੌਰ ਤੇ ਮਹਾਂਰਾਸ਼ਟਰ ਦੇ ਵਿੱਠਲ ਜਾਂ ਵਾਰਕਰੀ ਸੰਪਰਦਾਵਾਂ ਦੇ ਵੈਸ਼ਨਵ ਭਗਤਾਂ ਜਿਵੇਂ ਕਿ ਗਿਆਨ ਦੇਵ, ਨਾਮਦੇਵ, ਏਕਨਾਥ ਅਤੇ ਤੁਕਾਰਾਮ ਨਾਲ ਜੁੜ ਗਈ।------- ਸੰਤ-ਭਗਤ ਪ੍ਰਮੁੱਖ (ਪਰਮੁਖ) ਰੂਪ ਵਿਚ ਅਸੰਪਰਦਾਇਕ ਸਨ। ਉਹ ਪੱਕੇ ਤੌਰ ਤੇ 'ਏਕੇਸ਼ਵਰਵਾਦੀ' ਸਨ ਅਤੇ ਬ੍ਰਾਹਮਣੀ ਕਰਮ-ਕਾਂਡਾਂ, ਮੂਰਤੀ ਪੂਜਾ ਅਤੇ ਜਾਤੀ-ਪ੍ਰਣਾਲੀ ਦੇ ਵਿਰੋਧੀ ਸਨ। ਦੂਸਰੇ ਭਗਤਾਂ ਦੀ ਤਰ੍ਹਾਂ ਉਹ ਜਗਿਆਸੂ ਅਤੇ ਦੇਵਤੇ ਵਿਚਕਾਰ ਪ੍ਰੇਮ ਸੰਬੰਧਾਂ ਦੀ ਕਦਰ ਕਰਦੇ ਸਨ, ਪਰੰਤੂ ਉਨ੍ਹਾਂ ਦੇ ਦੇਵਤਾ ਨੂੰ ਭਾਵੇਂ ਆਮ ਤੌਰ ਤੇ ਵੈਸ਼ਨਵ ਨਾਂ ਦਿਤੇ ਜਾਂਦੇ ਸਨ ਪਰ ਉਹ ਇਕ ਅੰਤਿਮ ਸਚਾਈ, ਅਜੂਨੀ, ਅਰੂਪ, ਸਰਵ-ਵਿਆਪਕ, ਸੈਭੰ, ਨਿਰਗੁਣ (ਗੁਣਾਂਤੀਤ) ਪ੍ਰਮਾਤਮਾ ਹੈ ਜਿਹੜਾ ਆਪਣੇ ਆਪ ਨੂੰ ਧਿਆਨ ਲਾ ਸਕਣ ਅਤੇ ਉਚਾਰੇ ਜਾ ਸਕਣ ਵਾਲੇ ਨਾਂ (ਨਾਮ) ਰਾਹੀਂ ਪ੍ਰਗਟ ਕਰਦਾ ਹੈ। ਨਿਰਗੁਣਵਾਦੀ ਭਗਤ ਅਵਤਾਰਵਾਦ ਦਾ ਖੰਡਨ ਕਰਦੇ ਹਨ, ਪਰੰਤੂ ਉਹਨਾਂ ਦਾ ਵਿਸ਼ਵਾਸ ਹੈ ਕਿ ਸੰਤ ਸ਼ੁੱਧ ਜੀਵਨ ਅਤੇ ਨਾਮ ਅਭਿਆਸ ਰਾਹੀਂ ਮੁਕਤੀ ਪ੍ਰਾਪਤ ਕਰ ਸਕਦਾ ਹੈ।"[3]

**ਡਾ. ਜੋਧ ਸਿੰਘ** ਨੇ ਆਪਣੇ ਕੋਸ਼ 'ਸਿੱਖ ਧਰਮ ਵਿਸ਼ਵਕੋਸ਼' ਵਿਚ ਗੁਰੂ ਗ੍ਰੰਥ ਸਾਹਿਬ ਵਿਚੋਂ ਉਦਾਹਰਣਾਂ ਦੇ ਕੇ 'ਸੰਤ' ਸਬਦ ਨੂੰ ਇਸ ਤਰਾਂ ਹੋਰ ਸ਼ਪਸ਼ਟ ਕੀਤਾ ਹੈ, "ਭਗਤੀ ਤੋਂ ਇਹ ਸ਼ਬਦ ਸਿੱਖ ਪਰੰਪਰਾ ਵਿਚ ਆ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਸੰਤ ਦੇ ਰੁਤਬੇ ਅਤੇ ਮਹੱਤਵ ਦੀ ਆਮ ਚਰਚਾ ਹੋਈ ਹੈ ਜੋ ਇਕ ਪਵਿਤਰ ਮਨੁੱਖ ਹੈ, ਧਰਤੀ ਤੇ ਅਸਲੀਅਤ ਦਾ ਨੁਮਾਇੰਦਾ ਅਤੇ ਮਨੁੱਖਤਾ ਦੀ ਉਮੀਦ ਹੈ। **ਗੁਰੂ ਅਰਜਨ ਦੇਵ** ਸੰਤ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ:

**"ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥**

**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥੧॥**

ਜੋ ਸੁਆਸ ਲੈਂਦੇ ਜਾਂ ਖਾਂਦੇ ਹੋਏ ਵੀ ਇਕ ਛਿੰਨ ਲਈ ਵੀ ਪਰਮਾਤਮਾ ਦਾ ਨਾਮ ਨਹੀਂ ਭੁਲਦੇ, ਹੇ ਨਾਨਕ ਉਹੀ ਪੂਰਨ ਸੰਤ ਹਨ।"[4] (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 319)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ **ਸ੍ਰੀ ਗੁਰੂ ਅਰਜਨ ਦੇਵ ਜੀ** ਨੇ ਇਕ ਸ਼ਬਦ ਵਿਚ ਸੰਤ ਸ਼ਬਦ ਦੀ ਪਰਿਭਾਸ਼ਾ ਅਤੇ ਮਹਿਮਾ ਦਾ ਵਿਖਿਆਨ ਇਸ ਤਰ੍ਹਾਂ ਕੀਤਾ ਹੈ:

**"ਆਠ ਪਹਰ ਨਿਕਟਿ ਕਰਿ ਜਾਨੈ॥**

---

3 ਜੋਧ ਸਿੰਘ (ਡਾ.): ਸਿੱਖ ਧਰਮ ਵਿਸ਼ਵਕੋਸ਼, 2006, ਪੰਨਾ 306-307.

4 ---ਉਹੀ---, ---ਉਹੀ---, ਪੰਨਾ 307.

**ਪ੍ਰਭ ਕਾ ਕੀਆ ਮੀਠਾ ਮਾਨੈ॥**

**ਏਕੁ ਨਾਮੁ ਸੰਤਨ ਆਧਾਰੁ॥**

**ਹੋਇ ਰਹੇ ਸਭ ਕੀ ਪਗ ਛਾਰੁ॥੧॥**

**ਸੰਤ ਰਹਤ ਸੁਨਹੁ ਮੇਰੇ ਭਾਈ॥**

**ਉਆ ਕੀ ਮਹਿਮਾ ਕਥਨੁ ਨ ਜਾਈ॥੧॥ ਰਹਾਉ॥**

**---------------------------**

**ਤਾ ਕਾ ਸੰਗੁ ਬਾਛਹਿ ਸੁਰਦੇਵ॥**

**ਅਮੋਘ ਦਰਸੁ ਸਫਲ ਜਾ ਕੀ ਸੇਵ॥**

**ਕਰ ਜੋੜਿ ਨਾਨਕੁ ਕਰੇ ਅਰਦਾਸਿ॥**

**ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥੪॥** ”[5]

ਉਘੇ ਪੰਜਾਬੀ ਕਵੀ **ਭਾਈ ਵੀਰ ਸਿੰਘ** ਜੀ ਅਨੁਸਾਰ, “ਬੀਤਰਾਗ ਮਹਾਤਮਾ, ਜਿਸ ਨੇ ਵਿਸ਼ੇ ਜਿਤ ਲਏ ਹਨ ਤੇ ਬ੍ਰਹਮ ਦੇ ਧਯਾਨ (ਧਿਆਨ) ਵਿਚ ਲੀਨ ਰਹਿੰਦਾ ਹੈ। ਵਾਹਿਗੁਰੂ ਦੇ ਪਯਾਰ (ਪਿਆਰ) ਵਿਚ ਰਹਿਣ ਵਾਲਾ। ਸਿਮਰਨ ਕਰਕੇ ਇਕ ਰਸ ਪ੍ਰਵਾਹ ਸਾਈਂ ਦੇ ਧਯਾਨ (ਧਿਆਨ) ਦਾ ਜਾਰੀ ਰਹੇ। ਜਿਸ ਦਾ ਇਹ ਰੂਪ ਸੰਤ ਦਾ ਗੁਰੂ ਜੀ ਨੇ ਆਪ ਦੱਸਿਆ ਹੈ- ਯਥਾ-

**‘ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥**

**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥**”[6] (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 319)

‘**ਡਾ. ਹਰਭਜਨ ਸਿੰਘ** ਨੇ ਵੀ ‘ਸ੍ਰੀ ਗੁਰੂ ਗ੍ਰੰਥ ਕੋਸ਼’ ਵਿਚ ਸੰਤ ਸ਼ਬਦ ਦੀ ਉਪਰੋਕਤ ਪਰਿਭਾਸ਼ਾ ਹੀ ਦਿਤੀ ਹੈ।’[7]

ਪੰਜਾਬੀ ਵਿਦਵਾਨ **ਡਾ. ਰਤਨ ਸਿੰਘ ਜੱਗੀ** ਅਨੁਸਾਰ, “ਵਿਉਤਪੱਤੀ ਦੀ ਦ੍ਰਿਸ਼ਟੀ ਤੋਂ ਸੰਤ ਸ਼ਬਦ ਸੰਸਕ੍ਰਿਤ ਦੇ ‘ਸਤ੍’ ਦੇ ਪ੍ਰਥਮਾਂ ਦਾ ਬਹੁਵਚਨਾਂਤ ਰੂਪ ਹੈ। ਇਸ ਦਾ ਸਧਾਰਣ ਅਰਥ ਹੁੰਦਾ ਹੈ ਸਜਨ ਜਾਂ ਧਾਰਮਿਕ ਵਿਅਕਤੀ। ਆਮ ਪ੍ਰਯੋਗ ਵਿਚ ਇਹ ਸ਼ਬਦ ਸਾਧਾਂ ਲਈ ਜਾਂ ਸੰਤਾਂ ਵਰਗਾ ਆਚਰਣ ਕਰਨ ਵਾਲਿਆਂ ਲਈ ਵਰਤ ਲਿਆ ਜਾਂਦਾ ਹੈ। ਭਗਤੀ-ਸਹਿਤ ਵਿਚ ਇਸ ਦੀ ਵਰਤੋਂ ਪਰਉਪਕਾਰੀ ਵਿਅਕਤੀਆਂ ਜਾਂ ਸਾਧਕਾਂ ਲਈ ਕੀਤੀ ਜਾਂਦੀ ਸੀ ਅਤੇ ਅਨੇਕ ਬਾਣੀਕਾਰਾਂ ਨੇ ਇਸ ਦੇ ਲੱਛਣ ਵੀ ਦਿਤੇ ਹਨ, ਜਿਵੇਂ **ਸੰਤ ਕਬੀਰ** ਅਨੁਸਾਰ

---

5 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 392.

6 ਭਾਈ ਵੀਰ ਸਿੰਘ ਜੀ: ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਅਪ੍ਰੈਲ 2003, ਪੰਨਾ 95.

7 ਹਰਭਜਨ ਸਿੰਘ (ਡਾ.): ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 82.

**ਨਿਰਵੈਰੀ ਨਿਹਕਾਮਤਾ ਸਾਂਈ ਸੇਤੀ ਨੇਹ।**

**ਵਸਿਯਾ ਸੂੰ ਨਿਆਰਾ ਰਹੈ ਸੰਤਨ ਕੇ ਅੰਗਿ ਏਹ॥"[8] (ਕਬੀਰ ਗ੍ਰੰਥਾਵਲੀ)**

**ਡਾ. ਰਤਨ ਸਿੰਘ ਜੱਗੀ** ਨੇ ਆਪਣੇ ਕੋਸ਼ 'ਗੁਰੂ ਗ੍ਰੰਥ ਵਿਸ਼ਵਕੋਸ਼' ਵਿਚ ਹੋਰ ਭਗਤਾਂ ਅਤੇ ਹੋਰ ਗ੍ਰੰਥਾਂ ਵਿਚੋਂ ਉਦਾਹਰਣਾਂ ਸਹਿਤ ਸੰਤ ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, "ਗੋਸਵਾਮੀ ਤੁਲਸੀਦਾਸ ਨੇ ਉਸ ਨੂੰ ਸੰਤ ਕਿਹਾ ਹੈ ਜੋ ਸਾਰੇ ਸੰਸਾਰਿਕ ਸੰਬੰਧਾਂ ਪ੍ਰਤਿ ਮਮਤਾ ਰੂਪੀ ਸੂਤਰਾਂ ਨੂੰ ਇਕੱਠਾ ਕਰਕੇ ਉਨ੍ਹਾਂ ਸਭ ਦੀ ਡੋਰੀ ਵਟ ਕੇ ਉਸ ਨਾਲ ਜੋ ਆਪਣੇ ਮਨ ਨੂੰ ਪ੍ਰਭੂ ਚਰਣਾਂ ਨਾਲ ਬੰਨ੍ਹ ਦਿੰਦਾ ਹੈ, ਸਾਮਦਰਸੀ ਹੈ, ਜਿਸ ਨੂੰ ਕੁਝ ਵੀ ਇਛਾ ਨਹੀਂ ਹੈ ਅਤੇ ਜਿਸ ਦੇ ਮਨ ਵਿਚ ਹਰਖ, ਸੋਗ ਅਤੇ ਭੈਅ ਨਹੀਂ ਹੈ।---------- 'ਬਾਲਮੀਕਿ-ਰਾਮਾਇਣ' (ਉਤਰ-ਕਾਂਡ 3/33) ਅਤੇ ਬੋਧੀ ਜਾਤਕ ਸਾਹਿਤ ਵਿਚ ਦੱਸਿਆ ਗਿਆ ਹੈ ਕਿ ਸਹੀ ਸੰਤ ਉਹ ਜੋ ਧਰਮ ਦਾ ਵਿਖਿਆਨ ਕਰੇ ਅਤੇ ਰਾਗ, ਦ੍ਵੇਸ਼ (ਜਾਂ ਦੋਸ਼) ਪਾਪ ਅਤੇ ਮੋਹ ਤੋਂ ਉਚਾ ਹੋਵੇ।"[9]

**ਡਾ. ਰਤਨ ਸਿੰਘ ਜੱਗੀ** ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਉਦਾਹਰਣਾਂ ਦੇ ਕੇ ਸੰਤ ਸ਼ਬਦ ਨੂੰ ਇਸ ਤਰ੍ਹਾਂ ਹੋਰ ਸਪਸ਼ਟ ਕੀਤਾ ਹੈ, " ਗੁਰੂ ਗ੍ਰੰਥ ਸਾਹਿਬ ਵਿਚ 'ਸੰਤ' ਦੇ ਸਰੂਪ ਬਾਰੇ ਵਿਸਤਾਰ ਨਾਲ ਝਾਤ ਪਾਈ ਗਈ ਹੈ।--------**ਗੁਰੂ ਅਰਜਨ ਦੇਵ** ਨੇ ਕਿਹਾ ਹੈ-

**ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ।** (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 108.)

ਸੰਤ ਅਤੇ ਪਰਮਾਤਮਾ ਵਿਚ ਏਕਤ੍ਰ ਦਾ ਭਾਵ ਵੀ ਗੁਰਬਾਣੀ ਵਿਚ ਸਥਾਪਿਤ ਕੀਤਾ ਗਿਆ ਹੈ-

**ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1134.)

**ਗੁਰੂ ਅਰਜਨ ਦੇਵ** ਨੇ ਉਸ ਸਥਾਨ ਜਾਂ ਭਵਨ ਨੂੰ ਧੰਨ ਕਿਹਾ ਹੈ ਜਿਥੇ ਸੰਤ ਦਾ ਨਿਵਾਸ ਹੈ-

**ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥**

(ਗੁਰੂ ਗ੍ਰੰਥ ਸਾਹਿਬ ਪੰਨਾ 681.)

ਇਹ ਧਿਆਨ ਦੇਣ ਦੀ ਗੱਲ ਹੈ ਕਿ ਅਜਿਹੇ ਧਰਮ-ਸਾਧਕ ਜਰੂਰੀ ਨਹੀਂ ਕਿ ਵਿਦਵਾਨ ਹੋਣ। ਉਸ ਦਾ ਸੰਤ-ਪਨ ਲੋਕ-ਹਿਤ ਉਤੇ ਨਿਰਭਰ ਕਰਦਾ ਹੈ, ਨ ਕਿ ਵਿਦਿਆ-ਗਿਆਨ 'ਤੇ। ਉਨ੍ਹਾਂ ਦੀ ਬਾਣੀ ਦਾ ਅਨੁਭੂਤੀ ਪੱਖ ਅਤੇ ਸਰਲ ਅਭਿਵਿਅਕਤੀ ਮਹੱਤਵਪੂਰਣ ਹੈ। ਭਾਸ਼ਾ ਸ਼ੈਲੀ ਦਾ ਕੋਈ ਮਹੱਤਵ ਨਹੀਂ। ਉਨ੍ਹਾਂ

---

8 ਰਤਨ ਸਿੰਘ ਜੱਗੀ (ਡਾ.): ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 249-250.

9 ---ਉਹੀ---, ---ਉਹੀ---, ਪੰਨਾ 250.

ਨੇ ਹਰ ਗੱਲ ਨੂੰ ਅੱਖਾਂ ਬੰਦ ਕਰਕੇ ਨਹੀ ਮੰਨਿਆ, ਅਨੁਭਵ ਦੇ ਅਧਾਰ ਤੇ ਪਰਖਿਆ ਹੈ।---------- ਇਸ ਤਰ੍ਹਾਂ ਮੱਧ-ਯੁੱਗ ਵਿਚ ਸੰਤਾਂ ਨੇ ਚਿੰਤਨ ਦੇ ਖੇਤਰ ਵਿਚ ਵੈਚਾਰਿਕ ਕ੍ਰਾਂਤੀ ਲਿਆ ਦਿਤੀ।"[10]

ਉਪਰੋਕਤ ਸਾਰੇ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਸੰਤ ਉਹ ਹੈ ਜਿਸ ਨੇ ਮਨ ਇੰਦਰੀਆਂ ਨੂੰ ਕਾਬੂ ਕੀਤਾ ਹੋਵੇ, ਜਿਸ ਦੀ ਆਤਮਾ ਵਿਚ ਸ਼ਾਂਤੀ ਦਾ ਵਾਸਾ ਹੋਵੇ, ਜੋ ਮਹਾਨ ਤੇ ਵਿਦਵਾਨ, ਸਿਆਣਾ ਅਤੇ ਸਤਿਕਾਰਯੋਗ ਹੋਵੇ, ਜੋ ਸੁਆਸ ਲੈਂਦੇ, ਖਾਂਦੇ-ਪੀਂਦੇ, ਉਠਦੇ-ਬੈਠਦੇ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਹਮੇਸ਼ਾ ਯਾਦ ਰੱਖਦਾ ਹੋਵੇ, ਜੋ ਵਿਸ਼ੇ ਜਿਤ ਕੇ ਬ੍ਰਹਮ ਦੇ ਧਿਆਨ ਅਤੇ ਵਾਹਿਗੁਰੂ ਦੇ ਪਿਆਰ ਵਿਚ ਲੀਨ ਰਹਿੰਦਾ ਹੋਵੇ ਅਤੇ ਜੋ ਧਰਮ ਦਾ ਵਿਖਿਆਨ ਕਰੇ ਅਤੇ ਪਾਪ, ਮੋਹ ਤੋਂ ਮੁਕਤ ਹੋਵੇ। ਉਹ ਸੰਤ ਦੇ ਸਿਰਲੇਖ ਅਧੀਨ ਆਉਂਦਾ ਹੈ।

ਡੁਮੇਲੀ ਟਕਸਾਲ ਦੀਆਂ 'ਸੰਤ' ਸ਼ਬਦ ਨਾਲ ਸੰਬੋਧਨ ਕੀਤੀਆਂ ਜਾਂਦੀਆਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਉਪਰੋਕਤ ਪਰਿਭਾਸ਼ਾਵਾਂ ਤੇ ਖਰੀਆਂ ਉਤਰਦੀਆਂ ਹਨ। ਅੱਗੇ ਦਿਤੇ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਯੋਗਦਾਨ ਤੋਂ ਇਹ ਸਪਸ਼ਟ ਹੋ ਜਾਵੇਗਾ।

## 2.2 ਬ੍ਰਹਮ ਗਿਆਨੀ ਸੰਤ ਦਲੀਪ ਸਿੰਘ

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਅਰੰਭ ਸੰਤ ਦਲੀਪ ਸਿੰਘ ਤੋਂ ਹੋਇਆ ਹੈ। ਸੰਤ ਦਲੀਪ ਸਿੰਘ 'ਬ੍ਰਹਮ ਗਿਆਨੀ' ਵਜੋਂ ਸੰਬੋਧਨ ਕਰਕੇ ਅੱਜ ਵੀ ਸਨਮਾਨਿਤ ਕੀਤੇ ਜਾਂਦੇ ਹਨ। ਡੁਮੇਲੀ ਟਕਸਾਲ ਦੇ ਹੋਂਦ ਵਿਚ ਆਉਣ ਦੇ ਪਿਛੋਕੜ ਵਿਚ ਬ੍ਰਹਮ ਗਿਆਨੀ ਸੰਤ ਦਲੀਪ ਸਿੰਘ ਦਾ ਹੱਥ ਹੈ। ਸੰਤ ਬਾਬਾ ਦਲੀਪ ਸਿੰਘ ਸ਼ਾਂਤੀ ਦੇ ਪੁਜਾਰੀ, ਨਿਵੇਕਲੇ ਗੁਣਾਂ ਦੇ ਧਾਰਨੀ ਅਤੇ ਕ੍ਰਾਂਤੀਕਾਰੀ ਸੰਤ ਸਨ। ਆਪ ਸਾਰੀ ਉਮਰ ਅੰਨੇ-ਬੋਲੇ, ਲੂਲੇ-ਲੰਗੜੇ ਅਤੇ ਅਨਾਥ ਵਿਅਕਤੀਆਂ ਨੂੰ ਆਪਣੀ ਕੁਟੀਆ ਵਿਚ ਲਿਆ ਕੇ ਉਨ੍ਹਾਂ ਦੀ ਸੇਵਾ ਸੰਭਾਲ ਅਤੇ ਮਲ੍ਹਮ ਪੱਟੀ ਕਰਦੇ ਰਹੇ। ਇਹੀ ਨਹੀਂ, ਉਨ੍ਹਾਂ ਨੂੰ ਸ਼ੁਧ ਗੁਰਬਾਣੀ ਪੜ੍ਹਨ ਤੇ ਕੀਰਤਨ ਦੀ ਸਿਖਿਆ ਵੀ ਦਿੰਦੇ ਰਹੇ। ਆਪ ਦੇ ਪ੍ਰਮੁੱਖ ਸ਼ਿਸ਼ਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ (ਨੇਤਰਹੀਨ) ਅਤੇ ਗਿਆਨੀ ਹਰਬੰਸ ਸਿੰਘ (ਅਪੰਗ) ਨੇ ਵੀ ਆਪ ਦੇ ਦਰਸਾਏ ਮਾਰਗ ਤੇ ਚੱਲਦਿਆਂ ਸਾਰੀ ਉਮਰ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਅਤੇ ਲੋਕ ਸੇਵਾ ਹਿਤ ਲਗਾ ਦਿਤੀ।

### 2.2.1 ਆਰੰਭਿਕ ਜੀਵਨ

**ਸੰਤ ਦਲੀਪ ਸਿੰਘ** ਦਾ ਜਨਮ ਜਿਲਾ ਹੁਸ਼ਿਆਰਪੁਰ ਦੇ ਪਿੰਡ ਕਾਹਰੀ ਸਾਹਰੀ ਵਿਖੇ 1883 ਈ. ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਈਸ਼ਰ ਸਿੰਘ ਅਤੇ ਮਾਤਾ ਜੀ ਦਾ ਨਾਮ ਮੇਹਰ ਕੌਰ ਸੀ। ਆਪ ਦੀ ਉਮਰ ਅਜੇ ਪੰਜ ਕੁ ਸਾਲ ਦੀ ਸੀ ਕਿ ਪਿਤਾ ਦਾ ਦਿਹਾਂਤ ਹੋ ਗਿਆ। ਕਿਹਾ ਜਾਂਦਾ ਹੈ ਕਿ ਇਕਲੌਤੇ ਪੁੱਤਰ ਅਤੇ ਬਾਲ ਉਮਰ ਹੋਣ ਕਾਰਨ ਇਨ੍ਹਾਂ ਦੇ ਰਿਸ਼ਤੇਦਾਰਾਂ ਨੇ ਇਨ੍ਹਾਂ ਦੀ ਜਾਇਦਾਦ ਤੇ ਕਬਜਾ ਕਰਨ ਦੇ ਕਈ

---

10 ਰਤਨ ਸਿੰਘ ਜੱਗੀ (ਡਾ.): ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 250.

ਯਤਨ ਕੀਤੇ ਅਤੇ ਇਨ੍ਹਾਂ ਦੀ ਜਾਨ ਲੈਣ ਦੀਆਂ ਕਈ ਵਿਉਂਤਾਂ ਬਣਾਈਆਂ। ਇਹੀ ਕਾਰਨ ਸੀ ਕਿ ਮਜਬੂਰੀ ਵੱਸ ਆਪ ਦੇ ਨਾਨਕੇ (ਨਾਨਾ ਨਿਹਾਲ ਸਿੰਘ) ਆਪ ਨੂੰ ਬਚਪਨ ਵਿਚ ਹੀ ਡੁਮੇਲੀ ਪਿੰਡ ਲੈ ਆਏ। ਸੰਤ ਬਾਬਾ ਦਲੀਪ ਸਿੰਘ ਬਚਪਨ ਤੋਂ ਹੀ ਸੰਤ ਸੁਭਾਅ ਅਤੇ ਗੁਰਬਾਣੀ ਪ੍ਰੇਮੀ ਸਨ। ਡੁਮੇਲੀ ਆ ਕੇ ਆਪ ਨੇਂ ਸ਼ੁਧ ਗੁਰਬਾਣੀ ਪੜ੍ਹਨ ਅਤੇ ਗਾਇਨ ਕਰਨ ਦੀ ਅਰੰਭਿਕ ਸਿਖਿਆ ਇਕ ਗ੍ਰੰਥੀ ਕੋਲੋਂ ਲਈ।

— 'ਦੀ ਇਨਸਾਈਕਲੋਪੀਡੀਆ ਆਫ਼ ਸਿਖਇਜ਼ਮ' ਵਿਚ **ਸ. ਹਰਬੰਸ ਸਿੰਘ** ਨੇ ਇਸ ਸਬੰਧੀ ਜਾਣਕਾਰੀ ਇਸ ਤਰ੍ਹਾਂ ਦਿਤੀ ਹੈ, "Dalip Singh sant, son of Isher Singh and Maihar Kaur, was born in 1883 at the village of Kahri, in Hoshiarpur district. He was hardly five years old, when his father died. He was brought up by his maternal grandfather, Nihal Singh, at his village Domeli. He received his early education from a lacal Sikh priest, who also trained him in the singing of gurbani."[11]

— ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਿਕ ਲੇਖਕ **ਡਾ. ਬਖ਼ਸ਼ੀਸ਼ ਸਿੰਘ ਨਿਜਰ** ਨੇ ਵੀ ਸੰਤ ਦਲੀਪ ਸਿੰਘ ਸਬੰਧੀ ਇਸ ਤਰ੍ਹਾਂ ਹੀ ਚਾਨਣਾ ਪਾਇਆ ਹੈ, "ਡੁਮੇਲੀ ਦੇ ਦੋਹਤਰੇ ਸੁਰਗਵਾਸੀ ਸੰਤ ਦਲੀਪ ਸਿੰਘ ਜੀ ਪਿੰਡ ਕਾਹਰੀ-ਸਾਹਰੀ ਦੇ ਹੋਏ ਹਨ। ਉਨ੍ਹਾਂ ਦੇ ਸਰੀਕਾਂ ਨੇ, ਇਕ ਟੱਬਰ ਦੇ ਇਕਲੌਤੇ ਪੁੱਤਰ ਹੋਣ ਦੇ ਨਾਤੇ, ਉਨ੍ਹਾਂ ਦੀ ਜਾਇਦਾਦ ਹੜੱਪ ਕਰਨ ਲਈ ਉਨ੍ਹਾਂ ਦੀ ਜਾਨ ਲੈਣ ਲਈ ਉਨ੍ਹਾਂ ਵਿਰੁੱਧ ਬੜੀਆਂ ਵਿਉਂਤਾ ਘੜੀਆਂ, ਜੋ ਮਜਬੂਰਨ ਉਨ੍ਹਾਂ ਦੇ ਨਾਨਕੇ ਉਨ੍ਹਾਂ ਨੂੰ ਬਚਪਨ ਵਿਚ ਹੀ ਡੁਮੇਲੀ ਲੈ ਆਏ। ਉਨ੍ਹਾਂ ਦੀ ਜਾਨ ਲੇਵਾ ਵਿਉਂਤ ਵਿਚ ਬੜੀਆਂ ਰੱਬੀ ਕਰਾਮਾਤਾਂ ਵਰਤੀਆਂ।"[12]

ਉਪਰੋਕਤ ਵਿਦਵਾਨਾਂ ਦੇ ਪ੍ਰਮਾਣਾਂ ਤੋਂ ਸਪਸ਼ਟ ਹੁੰਦਾ ਹੈ ਕਿ ਸੰਤ ਦਲੀਪ ਸਿੰਘ ਵਿਚ ਬਚਪਨ ਤੋਂ ਹੀ ਘਰੇਲੂ ਹਲਾਤਾਂ ਕਾਰਨ ਧਾਰਮਿਕ ਪ੍ਰਵਿਰਤੀ ਪਨਪਣ ਲੱਗੀ ਸੀ। ਸਿਟੇ ਵਜੋਂ ਉਨ੍ਹਾਂ ਨੇ ਦੁਨਿਆਵੀ ਪੱਖ ਦਾ ਤਿਆਗ ਕਰਕੇ ਧਾਰਮਿਕ ਪੱਖ ਨੂੰ ਅਪਣਾਇਆ। ਆਪਣੇ ਇਸ ਮਕਸਦ ਦੀ ਪੂਰਤੀ ਲਈ ਉਨ੍ਹਾਂ ਨੇ ਗੁਰਬਾਣੀ ਦਾ ਸਹਾਰਾ ਲਿਆ।

### 2.2.2 ਸੰਤ ਦਲੀਪ ਸਿੰਘ ਦੀ ਸ਼ਖ਼ਸੀਅਤ ਦੇ ਭਿੰਨ-ਭਿੰਨ ਪੱਖ

ਇਲਾਕੇ ਵਿਚ 'ਬ੍ਰਹਮ ਗਿਆਨੀ' ਵਜੋਂ ਜਾਣੇ ਜਾਂਦੇ ਸੰਤ ਦਲੀਪ ਸਿੰਘ ਦੀ ਸ਼ਖ਼ਸੀਅਤ ਦੇ ਅਨੇਕਾਂ ਸ਼ਲਾਘਾਯੋਗ ਪੱਖ ਹਨ ਜਿਨ੍ਹਾਂ ਕਰਕੇ ਆਮ ਲੋਕਾਈ ਵਿਚ ਉਨ੍ਹਾਂ ਦੇ ਗੁਣਾਂ ਦੀ ਚਰਚਾ ਚਲਦੀ ਰਹਿੰਦੀ ਹੈ।

---

11 Harbans Singh (Editor-in-chief): The Encyclopaedia of Sikhism, 2002, Page 493.

12 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 24-25.

ਉਹ ਇਕ ਦਇਆਵਾਨ, ਨੇਕ-ਦਿਲ ਅਤੇ ਗੁਰਬਾਣੀ ਪ੍ਰੇਮੀ ਵਿਅਕਤੀ ਸਨ। ਇਨ੍ਹਾਂ ਦਾ ਵਿਸਥਾਰ ਸਹਿਤ ਜ਼ਿਕਰ ਇਸ ਤਰ੍ਹਾਂ ਹੈ-

— ਸੰਤ ਬ੍ਰਿਤੀ ਦੇ ਹੋਣ ਕਾਰਨ ਅਤੇ ਵੈਦ ਵਜੋਂ ਮੁਹਾਰਤ ਹੋਣ ਕਾਰਨ **ਸੰਤ ਦਲੀਪ ਸਿੰਘ** ਆਮ ਲੋਕਾਂ ਵਿਚ '**ਸੰਤ ਵੈਦ**' ਵਜੋਂ ਜਾਣੇ ਗਏ। ਬਚਪਨ ਵਿਚ ਹੀ ਇਕ ਗ੍ਰੰਥੀ ਕੋਲੋਂ ਗੁਰਬਾਣੀ ਦੀ ਸਿਖਿਆ ਲੈਣ ਉਪਰੰਤ ਸੰਤ ਦਲੀਪ ਸਿੰਘ ਗੁਰਬਾਣੀ ਗਾਇਨ ਕਰਨ ਅਤੇ ਸ਼ੁਧ ਗੁਰਬਾਣੀ ਪੜ੍ਹਨ ਵਿਚ ਨਿਪੁੰਨ ਹੋ ਗਏ। ਲੱਗਭਗ 16 ਸਾਲ ਦੀ ਉਮਰ ਵਿਚ ਇਨ੍ਹਾਂ ਨੇ ਘਰ-ਬਾਰ ਤਿਆਗ ਦਿਤਾ। ਉਨ੍ਹਾਂ ਦੀ ਨਿਸ਼ਕਾਮ ਸੇਵਾ ਦੇ ਵਰਣਨ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਦੀ ਸਾਦਗੀ ਤੇ ਇਕ ਨਜ਼ਰ ਪਾਉਣਾ ਜਰੂਰੀ ਹੈ। ਛੋਟੀ ਉਮਰ ਵਿਚ ਹੀ ਆਪ ਡੁਮੇਲੀ ਪਿੰਡ ਦੇ ਬਾਹਰਵਾਰ ਇਕ ਕੁਟੀਆ (ਝੌਂਪੜੀ) ਬਣਾ ਕੇ ਰਹਿਣ ਲੱਗੇ। ਇਸ ਉਮਰ ਵਿਚ ਹੀ ਆਪ ਨੇ ਇਕ ਭੋਰਾ ਬਣਾ ਕੇ 48 ਦਿਨ ਲਗਾਤਾਰ ਭਗਤੀ ਕੀਤੀ। ਇਸ ਦੇ ਨਾਲ ਹੀ ਆਪ ਨੇ ਆਪਣੇ ਲਈ ਚੱਕੀ ਪੀਸ ਕੇ ਖਾਣਾ ਬਣਾਉਣਾ ਅਰੰਭ ਕਰ ਦਿਤਾ। ਸਮਾਂ ਪਾ ਕੇ ਗਰੀਬਾਂ ਅਤੇ ਜਰੂਰਤਮੰਦਾ ਲਈ ਆਪਣੀ ਕੁੱਲੀ ਵਿਚ ਹੀ ਲੰਗਰ ਬਣਾਉਣਾ ਅਤੇ ਆਪਣੇ ਹੱਥੀ ਛਕਾਉਣਾ ਅਰੰਭ ਕਰ ਦਿਤਾ। ਜਦੋਂ ਕਿਧਰੇ ਵੀ ਉਹ ਕਿਸੇ ਅੰਨੇ-ਬੋਲੇ, ਲੂਲੇ-ਲੰਗੜੇ ਅਤੇ ਅਨਾਥ ਵਿਅਕਤੀ ਨੂੰ ਦੇਖਦੇ ਤਾਂ ਉਹ ਉਸ ਨੂੰ ਆਪਣੀ ਕੁੱਲੀ ਵਿਚ ਲੈ ਆਉਂਦੇ, ਉਸ ਦਾ ਇਲਾਜ ਕਰਦੇ ਤੇ ਫਿਰ ਸ਼ੁੱਧ ਗੁਰਬਾਣੀ ਪੜ੍ਹਨਾ ਅਤੇ ਕੀਰਤਨ ਕਰਨਾ ਵੀ ਸਿਖਾਉਂਦੇ ਸਨ। ਸੰਤ ਦਲੀਪ ਸਿੰਘ ਹਿਕਮਤ ਦੇ ਵੀ ਬਹੁਤ ਮਾਹਿਰ ਸਨ। ਆਪ ਦੇ ਡੇਰੇ ਵਿਚ ਹਰ ਸਮੇਂ ਵੱਖ-ਵੱਖ ਬਿਮਾਰੀਆਂ ਨਾਲ ਸਬੰਧਿਤ ਮਰੀਜ਼ ਦੂਰੋਂ-ਦੂਰੋਂ ਆਏ ਰਹਿੰਦੇ ਸਨ। ਆਪ ਉਨ੍ਹਾਂ ਦੇ ਜਖਮਾਂ ਨੂੰ ਸਾਫ਼ ਕਰਦੇ ਤੇ ਮਲਮ ਪੱਟੀ ਕਰਦੇ।

— ਸੰਤ ਦਲੀਪ ਸਿੰਘ ਦੁਆਰਾ ਭੋਰੇ ਵਿਚ ਰਹਿ ਕੇ 48 ਦਿਨ ਕੀਤੀ ਭਗਤੀ ਨੂੰ ਲੇਖਕ **ਅਵਤਾਰ ਸਿੰਘ ਚੀਮਾ** ਇਸ ਤਰ੍ਹਾਂ ਬਿਆਨ ਕਰਦੇ ਹਨ, "ਬਜ਼ੁਰਗਾਂ ਕੋਲੋਂ ਹੀ ਮੈਂ ਸੁਣਿਆ ਸੀ ਕਿ ਕਾਹਰੀ ਸਾਹਰੀ ਵਿਚ ਜਨਮੇਂ ਡੁਮੇਲੀ ਪਿੰਡ ਦੇ ਦੋਹਤਰੇ ਬਾਬਾ ਦਲੀਪ ਸਿੰਘ ਜੀ ਨੇ ਬਚਪਨ ਵਿਚ ਹੀ ਬਾਬੇ ਰਾਣੇ (ਗੁਰਦੁਆਰੇ ਦਾ ਨਾਂ) ਨਾਲ ਪੁਰਾਣੇ ਕੱਚੇ ਸਰੋਵਰ ਦੇ ਕੰਢੇ ਪੰਜ ਫੁੱਟ ਡੂੰਘਾ ਟੋਆ ਪੁੱਟ ਕੇ ਭਗਤੀ ਕੀਤੀ ਸੀ ਤੇ ਭਾਈ ਰਤਨ ਸਿੰਘ ਹੁਰਾਂ ਨੇ ਹੋਰ ਸਾਥੀਆਂ ਦੀ ਮਦਦ ਨਾਲ ਉਹਨਾਂ ਨੂੰ ਇਸ ਭੋਰੇ ਵਿਚੋਂ ਰੂੰ ਵਿਚ ਲਪੇਟ ਕੇ ਕੱਢਿਆ ਸੀ। ਦਾਸ ਨੇ 1972 ਵਿਚ ਡੁਮੇਲੀ ਰਹਿੰਦਿਆਂ ਉਸ ਭੋਰੇ ਦੇ ਖੁਦ ਦਰਸ਼ਨ ਕੀਤੇ ਸਨ।"[13]

— ਡੁਮੇਲੀ ਪਿੰਡ ਦੇ ਬਜ਼ੁਰਗ **ਸ. ਅਵਤਾਰ ਸਿੰਘ ਡੁਮੇਲੀ** ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਸੰਤ ਦਲੀਪ ਸਿੰਘ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ, " ਸੰਤ ਦਲੀਪ ਸਿੰਘ ਵਲੋਂ ਭੋਰੇ ਵਿਚ 48

---

13 ਅਵਤਾਰ ਸਿੰਘ ਚੀਮਾ: ਜਨ ਪਰਉਪਕਾਰੀ ਆਏ, ਸੰਤਨ ਕੀ ਮਹਿਮਾ, 2012, ਪੰਨਾ 58.

ਦਿਨ ਭਗਤੀ ਕਰਨ ਸਮੇਂ ਇਕ ਵਾਰੀ ਬਹੁਤ ਸਾਰਾ ਮੀਂਹ ਪਿਆ। ਜ਼ਮੀਨ ਵਿਚ ਖੋਦਿਆ ਕੱਚਾ ਭੋਰਾ ਨੱਕੋ-ਨੱਕ ਭਰ ਗਿਆ। ਲੋਕਾਂ ਨੇ ਸੰਤ ਦਲੀਪ ਸਿੰਘ ਨੂੰ ਇਸ ਭੋਰੇ ਵਿਚੋਂ ਬਾਲਟੀਆਂ ਅਤੇ ਮੂੜਿਆਂ ਦੀ ਸਹਾਇਤਾ ਨਾਲ ਸਹੀ ਸਲਾਮਤ ਤੂੰ ਵਿਚ ਲਪੇਟ ਕੇ ਬਾਹਰ ਕੱਢਿਆ। ਬਾਹਰ ਕੱਢਣ ਸਮੇਂ ਉਨ੍ਹਾਂ ਲੋਕਾਂ ਨੂੰ ਕਿਹਾ ਕਿ ਦੋ ਮੂੜੇ ਲੈ ਕੇ ਆਉ ਕਿਉਂਕਿ ਬਾਬਾ ਰਾਣਾ ਜੀ (ਸੰਤ) ਵੀ ਮੇਰੇ ਨਾਲ ਹਨ।"[14]

— ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਿਕ ਲੇਖਕ **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ, "Dalip Singh was a child with peculiar traits. He was fond of solitude. One day he went out and did not return home. He built for himself a cell (the site, now called Baba Rana) for meditation. He was then a youth of about twenty. He remained wrapped up in deep meditation for forty eight days in his cell. As he refused to return, the residents of the village built for him a cottage. He ground the grain into flour and did his own cooking, refusing to accept food even from his own mother. In his cottage, he started a small langer (free kitchen) for the poor and needy. He was convinced that self-less service to fellow men was the essence of true religion and the highest worship of the almighty. Whenever he came across a disabled, blind, dumb, lame, sick or orphaned child, he brought him to his cottage and looked after him. He brought up many such children and trained them for earning their livelihood."[15]

— **ਸ. ਅਵਤਾਰ ਸਿੰਘ ਡੁਮੇਲੀ** ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਸੰਤ ਦਲੀਪ ਸਿੰਘ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਜਦ 1947 ਈ. ਵਿਚ ਦੇਸ਼ ਦੀ ਵੰਡ ਦਾ ਰੌਲਾ ਪਿਆ ਤਾਂ ਉਸ ਸਮੇਂ ਸੰਤ ਦਲੀਪ ਸਿੰਘ ਕੋਲ ਤਿੰਨ ਹੱਥ ਚੱਕੀਆਂ ਸਨ, ਜਿਨ੍ਹਾਂ ਨਾਲ ਉਹ ਆਟਾ ਪੀਹ ਕੇ ਸੰਗਤਾਂ ਨੂੰ ਲੰਗਰ ਛਕਾਉਂਦੇ ਸਨ। ਇਸ ਸਮੇਂ ਸੰਗਤ ਬਹੁਤ ਵੱਧ ਗਈ ਸੀ। ਸੰਗਤ ਦੀ ਆਮਦ ਦੇਖ ਕੇ ਬਾਅਦ ਵਿਚ ਉਹ ਪਿੰਡ ਜੇਠਪੁਰ ਤੋਂ ਖਰਾਸ ਪੱਟ ਕੇ ਲੈ ਕੇ ਆਏ। ਖਰਾਸ ਚਲਾਉਣ ਲਈ ਮੇਹਟੀਆਣਾ ਪਿੰਡ ਦੇ ਲੋਕਾਂ ਨੇ ਬਲਦ, ਹਰਖੋਵਾਲ ਪਿੰਡ ਵਾਲਿਆਂ ਨੇ ਬੋਤੀ ਤੇ ਕਾਲਾ ਝੋਟਾ ਦਿਤਾ। ਇਕ ਬੂਰੇ ਰੰਗ ਦਾ ਝੋਟਾ ਇਨ੍ਹਾਂ ਕੋਲ

14 ਸ. ਅਵਤਾਰ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

15 Bakhshish Singh Nijjar (Dr.): History of Village Domeli and Lutera Khurd. Page 35.

ਪਹਿਲਾਂ ਹੀ ਸੀ। ਇਨ੍ਹਾਂ ਦੋਹਾਂ ਝੋਟਿਆਂ ਦੀ ਮਦਦ ਨਾਲ ਹੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇੱਟਾਂ ਢੋਣ ਦੀ ਸੇਵਾ ਵੀ ਕੀਤੀ ਗਈ।"[16]

— ਆਪਣੀ ਸਾਰੀ ਉਮਰ ਡੁਮੇਲੀ ਟਕਸਾਲ (ਸੰਤ ਦਲੀਪ ਸਿੰਘ ਜੀ ਕੁਟੀਆ) ਵਿਚ ਬਿਤਾਉਣ ਵਾਲੇ **ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਸੰਤ ਦਲੀਪ ਸਿੰਘ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ, "ਉਹ ਘਬੀਰ, ਦਮਾ, ਕੈਂਸਰ, ਸੱਪ ਤੇ ਹੋਰ ਅਨੇਕਾਂ ਬਿਮਾਰੀਆਂ ਦਾ ਸਫਲ ਇਲਾਜ ਦੇਸੀ ਦਵਾਈਆਂ ਨਾਲ ਕਰਦੇ ਸਨ। ਉਹ ਬਾਂਝਪਨ ਦਾ ਇਲਾਜ ਵੀ ਕਰਦੇ ਸਨ। ਉਨ੍ਹਾਂ ਦੇ ਡੇਰੇ ਤੇ ਬਹੁਤ ਸਾਰੇ ਵਿਆਹੇ ਜੋੜੇ ਐਸੇ ਆਉਂਦੇ ਸਨ ਜੋ ਬੱਚਿਆਂ ਤੋਂ ਵਾਝੇਂ ਸਨ। ਸੰਤ ਦਲੀਪ ਸਿੰਘ ਦੇ ਅਸ਼ੀਰਵਾਦ ਨਾਲ ਉਹ ਬੱਚਿਆਂ ਵਾਲੇ ਹੋ ਜਾਂਦੇ ਸਨ। ਭਗਤੀ ਕਰਨ ਵੇਲੇ ਉਹ ਆਪਣੇ ਕੇਸ ਬੰਨ ਕੇ ਰੱਖਦੇ ਸਨ ਤਾਂ ਕਿ ਨੀਂਦ ਨਾਂ ਆਵੇ। ਡੇਰੇ ਵਿਚ ਪਾਣੀ ਦੇ ਪ੍ਰਬੰਧ ਲਈ ਇਕ ਛੋਟੀ ਖੂਹੀ (ਹਲਟੀ) ਹੁੰਦੀ ਸੀ। ਉਸ ਨੂੰ ਚਲਾ ਕੇ ਹੀ ਪਾਣੀ ਦੀ ਪੂਰਤੀ ਕੀਤੀ ਜਾਂਦੀ ਸੀ। ਇਹ ਖੂਹੀ ਅੱਜ ਵੀ ਲੰਗਰ ਹਾਲ ਦੇ ਬਿਲਕੁਲ ਸਾਹਮਣੇ ਮੌਜੂਦ ਹੈ।"[17]

— 'ਵਦੇਸ਼ ਫੇਰੀ' ਪੁਸਤਕ ਦੇ ਲੇਖਕ **ਸੇਵਕ ਸਿੰਘ ਉਪਲ** ਅਨੁਸਾਰ, "ਡੁਮੇਲੀ ਦੇ ਲਾਗਲੇ ਸਾਰੇ ਪਿੰਡਾਂ ਵਿਚ ਸੰਤ ਦਲੀਪ ਸਿੰਘ ਦੀ ਬੜੀ ਕੀਰਤੀ ਸੀ। ਲੋਕ ਆਮ ਹੀ ਸੰਤ ਜੀ ਦੇ ਦਰਸ਼ਨ ਕਰਨ ਆਇਆ ਕਰਦੇ ਸਨ। ਸੰਤ ਦਲੀਪ ਸਿੰਘ ਜੀ ਪੁੱਜੇ ਹੋਏ ਸੰਤ ਸਨ। ਇਕ ਬਹੁਤ ਪਰਉਪਕਾਰੀ ਮਹਾਂਪੁਰਖ ਸਨ। ਉਹ ਸਰਬੱਤ ਦਾ ਭਲਾ ਮੰਗਣ ਵਾਲੇ ਸਨ। ਲੋਕ ਸੇਵਾ ਉਨ੍ਹਾਂ ਦਾ ਸੱਚਾ ਸਿਮਰਨ ਸੀ। ਉਹ ਆਪਣੇ ਹੱਥੀ ਪੀਹ ਕੇ ਆਪਣਾ ਭੋਜਨ ਬਣਾ ਕੇ ਛਕਦੇ ਸਨ। ਉਹ ਲੋਕਾਂ ਦੇ ਦੁੱਖ-ਸੁੱਖ ਦੇ ਭਾਈਵਾਲ ਸਨ। ਰੋਗੀਆਂ ਦੀ ਸੇਵਾ ਉਨ੍ਹਾਂ ਦੀ ਅਸਲੀ ਭਗਤੀ ਸੀ। ਉਹ ਹਰ ਰੋਗੀ ਦੀ ਸੇਵਾ ਆਪ ਕਰਦੇ ਸਨ ਤੇ ਇਲਾਜ ਵੀ ਕਰਦੇ ਸਨ। ਉਹ ਮਨੁੱਖਤਾ ਦੇ ਅਸਲੀ ਆਤਮਿਕ ਤੇ ਸਰੀਰਿਕ ਵੈਦ ਸਨ। ਲੋਕ ਆਪਣੇ ਅੰਗਹੀਨ, ਨੇਤਰਹੀਨ, ਤੇ ਅਪਾਹਜ ਬੱਚੇ ਆਪ ਦੇ ਚਰਨਾਂ ਵਿਚ ਚੜ੍ਹਾ ਜਾਇਆ ਕਰਦੇ ਸਨ। ਆਪ ਇਨ੍ਹਾਂ ਅਨਾਥ ਬੱਚਿਆਂ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਕਰਦੇ ਸਨ। ਆਪ ਇਨ੍ਹਾਂ ਅਨਾਥ ਬੱਚਿਆਂ ਨੂੰ ਹਿਕਮਤ ਸਿਖਾਉਂਦੇ ਸਨ ਤੇ ਕਈਆਂ ਨੂੰ ਕੀਰਤਨ ਸਿਖਾ ਦਿੰਦੇ ਸਨ। ਉਹ ਆਪ ਵੀ ਗੁਰਬਾਣੀ ਦੇ ਬਹੁਤ ਪ੍ਰਬੀਨ ਕੀਰਤਨ ਕਰਨ ਵਾਲੇ

---

16 ਸ. ਅਵਤਾਰ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

17 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015.

ਸਨ। ਇਸ ਲਈ ਕਈਆਂ ਨੂੰ ਸ਼ੁਧ ਪਾਠ ਕਰਨ ਵਾਲੇ ਪਾਠੀ ਬਣਾ ਦਿੰਦੇ ਸਨ। ਆਪ ਬਹੁਤ ਚੰਗੇ ਪਾਠੀ ਸਨ, ਲੋਕ ਇਨ੍ਹਾਂ ਨੂੰ '**ਸੰਤ ਵੈਦ**' ਕਹਿੰਦੇ ਸਨ।"[18]

— ਲੇਖਕ **ਗਿਆਨੀ ਬਲਵੰਤ ਸਿੰਘ ਕੋਠਾ ਗੁਰੂ** ਨੇ ਆਪਣੀ ਪੁਸਤਕ 'ਨਿਰਮਲ ਪੰਥ ਦੀ ਗੌਰਵ ਗਾਥਾ' ਵਿਚ ਸੰਤ ਦਲੀਪ ਸਿੰਘ ਬਾਰੇ ਇਸ ਤਰਾਂ ਲਿਖਿਆ ਹੈ, "ਸੰਤ ਦਲੀਪ ਸਿੰਘ ਜੀ (1883-1948)* ਨੇ ਆਪਣੇ ਨਾਨਕੇ ਪਿੰਡ ਡੁਮੇਲੀ ਵਿਚ ਕੁਟੀਆ ਬਣਾ ਕੇ ਦਿਨ-ਰਾਤ ਅਕਹਿ ਸਿਮਰਨ ਕੀਤਾ। ਸਿਮਰਨ ਨਾਲ ਉਲੇਖਨੀਯ ਤਪ-ਤੇਜ-ਪ੍ਰਤਾਪ ਵਧਿਆ।------------ ਅਨੇਕ ਗੁਣਹੀਨ ਆਪ ਜੀ ਨੇ ਗੁਣਵਾਨ ਬਣਾ ਦਿਤੇ। ਆਪ ਜੀ ਨੇ ਸਿੱਖੀ ਪਰਚਾਰ, ਅੰਮ੍ਰਿਤ ਸੰਚਾਰ ਕਰਕੇ ਹਜ਼ਾਰਾਂ ਨੂੰ ਗੁਰਮਤਿ ਨਾਲ ਜੋੜਿਆ।"[19]

— 'ਉਪਰੋਕਤ ਗੱਲਾਂ ਦੀ ਪੁਸ਼ਟੀ ਡੁਮੇਲੀ ਪਿੰਡ ਦੀ ਬਜ਼ੁਰਗ **ਮਾਤਾ ਕ੍ਰਿਸ਼ਨਾ ਦੇਵੀ** ਨੇ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਵੀ ਕੀਤੀ।'[20]

— 'ਸੰਤਨ ਕੀ ਮਹਿਮਾ' ਪੁਸਤਕ ਵਿਚ **ਜਸਮੇਰ ਸਿੰਘ ਹੋਠੀ** ਅਤੇ **ਸਤਨਾਮ ਸਿੰਘ** ਨੇ ਸੰਤ ਦਲੀਪ ਸਿੰਘ ਦੇ ਉਪਰੋਕਤ ਗੁਣਾਂ ਦੀ ਪੁਸਟੀ ਕੀਤੀ ਹੈ।'[21]

— 'ਇਸ ਤੋਂ ਬਿਨ੍ਹਾਂ ਜਿਥੇ ਸੰਤ ਦਲੀਪ ਸਿੰਘ ਆਮ ਲੋਕਾਂ ਵਿਚ ਨਿਡਰ ਹੋ ਕੇ ਵਿਚਰਦੇ ਸਨ, ਉਥੇ ਦੂਸਰੇ ਲੋਕਾਂ ਨੂੰ ਵੀ ਨਿਡਰ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰਦੇ ਸਨ। ਇਸ ਗੱਲ ਦੀ ਪੁਸ਼ਟੀ ਡੁਮੇਲੀ ਪਿੰਡ ਦੇ ਬਜ਼ੁਰਗ **ਸ. ਪ੍ਰੀਤਮ ਸਿੰਘ** ਨਾਲ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਹੋਈ।'[22]

---

18 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 14.

* ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀ ਪੁਸਤਕ 'ਨਿਰਮਲ ਪੰਥ ਦੀ ਗੌਰਵ ਗਾਥਾ' ਵਿਚ ਸੰਤ ਦਲੀਪ ਸਿੰਘ ਦੇ ਜੀਵਨ ਕਾਲ ਨੂੰ 1883-1948 ਤੱਕ ਅੰਕਿਤ ਕੀਤਾ ਗਿਆ ਹੈ, ਜਦੋਂ ਕਿ ਵਧੇਰੇ ਵਿਦਵਾਨਾਂ ਦੇ ਮੱਤ ਅਨੁਸਾਰ ਇਹ ਸਮਾਂ 1883-1949 ਦਾ ਹੈ।

19 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਨਿਰਮਲ ਪੰਥ ਦੀ ਗੌਰਵ ਗਾਥਾ, 2009, ਪੰਨਾ 169.

20 ਮਾਤਾ ਕ੍ਰਿਸ਼ਨਾ ਦੇਵੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.08.2015,

21 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 25.

22 ਸ. ਪ੍ਰੀਤਮ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 29.09.2015,

ਸੰਤ ਦਲੀਪ ਸਿੰਘ ਮਹਾਨ ਕ੍ਰਾਂਤੀਕਾਰੀ ਤੇ ਦੇਸ਼ ਪ੍ਰੇਮੀ ਸਨ। ਉਹ ਅੰਗਰੇਜ਼ਾਂ ਦੇ ਵਿਰੁੱਧ ਲੜ੍ਹਨ ਵਾਲੇ ਬੱਬਰ ਅਕਾਲੀਆਂ ਨੂੰ ਆਪਣੇ ਡੇਰੇ ਵਿਚ ਲੰਗਰ ਛਕਾਉਂਦੇ ਤੇ ਬੇਖੌਫ਼ ਹੋ ਕੇ ਉਨ੍ਹਾਂ ਦੇ ਰਹਿਣ ਦਾ ਇੰਤਜ਼ਾਮ ਕਰਦੇ। ਜਾਂਦੇ ਸਮੇਂ ਉਹ ਉਨ੍ਹਾਂ ਦੀ ਮਾਇਕ ਸਹਾਇਤਾ ਵੀ ਕਰਦੇ। 1924 ਈ. ਵਿਚ ਲੱਗੇ ਜੈਤੋ ਦੇ ਮੋਰਚੇ ਵਿਚ ਵੀ ਡੁਮੇਲੀ ਪਿੰਡ ਦੇ ਲੋਕਾਂ ਨੇ ਸੰਤ ਬਾਬਾ ਦਲੀਪ ਸਿੰਘ ਜੀ ਦੀ ਅਗਵਾਈ ਵਿਚ ਵੱਧ ਚੜ੍ਹ ਕੇ ਹਿਸਾ ਲਿਆ।

— 'ਦੀ ਇਨਸਾਈਕਲੋਪੀਡੀਆ ਆਫ਼ ਸਿਖਇਜ਼ਮ' ਵਿਚ **ਸ. ਹਰਬੰਸ ਸਿੰਘ** ਨੇ ਸੰਤ ਦਲੀਪ ਸਿੰਘ ਦੀ ਦੇਸ਼ ਪ੍ਰੇਮ ਦੀ ਭਾਵਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ, "Baba Dalip Singh combined with his saintly disposition a revolutionary urge. He gave shelter to the Babar Akalis engaged in anti-government activities and provided them with food and money. He himself took part in the Akali movement and led a jatha during the Jaito morcha. During the Hindu-Muslim riots in 1947, he saved the lives of many Muslims at great personal risk."[23]

— ਲੇਖਕ **ਗਿਆਨੀ ਬਲਵੰਤ ਸਿੰਘ ਕੋਠਾ ਗੁਰੂ** ਨੇ ਵੀ ਆਪਣੀ ਪੁਸਤਕ 'ਨਿਰਮਲ ਪੰਥ ਦੀ ਗੌਰਵ ਗਾਥਾ' ਵਿਚ ਸੰਤ ਦਲੀਪ ਸਿੰਘ ਦੇ ਦੇਸ਼ ਭਗਤ ਹੋਣ ਦੀ ਪੁਸ਼ਟੀ ਕੀਤੀ। ਉਨ੍ਹਾਂ ਅਨੁਸਾਰ, "ਆਪ (ਸੰਤ ਦਲੀਪ ਸਿੰਘ) ਜੀ ਦਾ ਡੇਰਾ 'ਬੱਬਰ ਅਕਾਲੀਆਂ' ਦਾ ਗੜ੍ਹ ਸੀ। ਡੇਰੇ ਵਿਚ ਬੱਬਰ ਨਿਰਭੈ ਰਹਿ ਕੇ ਆਰਾਮ ਕਰਦੇ ਅਤੇ ਅਗਲੀ ਯੋਜਨਾ ਘੜ੍ਹਦੇ ਸਨ। ਗੁਰਦੁਆਰਾ ਸੁਧਾਰ ਵਿਚ ਸਰਗਰਮੀ ਨਾਲ ਹਿੱਸਾ ਲਿਆ, ਇਕ ਸੌ ਸਿੰਘਾਂ ਦਾ ਜੱਥਾ ਲੈ ਕੇ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ। 1947 ਈ: ਦੇ (ਹਿੰਦੂ-ਮੁਸਲਿਮ) ਦੰਗਿਆਂ ਵਿਚ ਹਜ਼ਾਰਾਂ ਮੁਸਲਮਾਨਾਂ ਦੀ ਜਾਨ ਬਚਾਈ, ਡੁਮੇਲੀ ਦਾ ਖਾਲਸਾ ਕਾਲਜ ਆਪ ਜੀ ਦੀ ਸਿਮ੍ਰਤੀ ਨੂੰ ਪ੍ਰਗਟ ਕਰ ਰਿਹਾ ਹੈ।"[24]

— **ਡਾ. ਬਖ਼ਸ਼ੀਸ਼ ਸਿੰਘ ਨਿਜਰ** ਨੇ 'ਡੁਮੇਲੀ ਪਿੰਡ ਦਾ ਇਤਿਹਾਸ' ਪੁਸਤਕ ਵਿਚ ਇਸ ਸਬੰਧੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ ਹਨ, "ਆਪ 1924 ਵਿਚ ਜੈਤੋ ਦੇ ਮੋਰਚੇ ਵਿਚ ਇਕ ਜਥੇ ਨੂੰ ਲੈ ਕੇ ਗਏ ਸਨ। ਪਾਕ-ਹਿੰਦ ਦੀ ਵੰਡ ਸਮੇਂ, ਚਿੱਟੇ ਜਾਮੇ ਵਿਚ ਘੋੜ ਸਵਾਰ ਹੋ ਕੇ, ਪਿੰਡ ਗੁਜਰਾਤਾਂ-ਮੀਰਾਪੁਰ, ਛੋਟਾ ਲੁਟੇਰਾ ਜਲੰਧਰ ਛਾਉਣੀ ਤੱਕ ਰਸਤੇ ਵਿਚ ਪੈਂਦੇ ਪਿੰਡਾਂ ਦੇ ਮੁਸਲਮਾਨਾਂ ਨੂੰ ਮੁਸਲਮਾਨੀ ਕੈਂਪਾਂ ਵਿਚ

---

23 Harbans Singh (Editor-in-chief): The Encyclopaedia of Sikhism, 2002, Page 493.

24 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਨਿਰਮਲ ਪੰਥ ਦੀ ਗੌਰਵ ਗਾਥਾ, 2009, ਪੰਨਾ 169.

ਅੱਗੇ ਹੋ ਕੇ ਛੱਡ ਕੇ ਆਏ ਸਨ। ਜਿਨ੍ਹਾਂ ਵਲੋਂ ਉਨ੍ਹਾਂ ਦੇ ਅਸਥਾਨ ਤੇ ਅੱਜ ਤੱਕ ਉਨ੍ਹਾਂ ਮੁਸਲਮਾਨਾਂ ਵਲੋਂ ਨਿਆਜ਼ਾਂ ਪੁੱਜ ਰਹੀਆਂ ਹਨ।"[25]

— **ਗਿਆਨੀ ਬਲਵੰਤ ਸਿੰਘ ਕੋਠਾ ਗੁਰੂ** ਨੇ ਵੀ ਇਸ ਗੱਲ ਨੂੰ ਇਸ ਤਰ੍ਹਾਂ ਤਸਦੀਕ ਕੀਤਾ ਹੈ, "ਪੰਜ ਸੌ ਸਿੰਘਾਂ ਦਾ 7ਵਾਂ ਸ਼ਹੀਦੀ ਜੱਥਾ ਪਹਿਲੀ ਜੂਨ 1924 ਈ. ਨੂੰ ਤਖ਼ਤ ਕੇਸਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਤੋਂ ਅਰਦਾਸ ਕਰਕੇ ਤੁਰਿਆ ਜੋ ਅਨੇਕ ਪਿੰਡਾਂ ਵਿਚ ਦੀ ਪ੍ਰਚਾਰ ਕਰਦਾ ਹੋਇਆ 29 ਜੂਨ 1924 ਈ. ਨੂੰ ਜੈਤੋਂ ਜਾ ਕੇ ਗ੍ਰਿਫਤਾਰ ਹੋਇਆ। ਇਸ ਜਥੇ ਵਿਚ ਦੁਆਬੇ ਦੇ ਨਿਰਮਲ ਭੇਖ ਦੇ ਮਹਾਂਪੁਰਖ, ਨਾਮ-ਅਭਿਆਸੀ, ਵਿਦਵਾਨ, ਵਿਰਕਤ, ਜਤਿੰਦ੍ਰੇ, ਮਹੰਤ, ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ ਜਿੰਨ੍ਹਾਂ ਵਿਚੋਂ ਇਨ੍ਹਾਂ ਮਹਾਂਪੁਰਖਾਂ ਦੇ ਨਾਮ ਵਰਣਨਯੋਗ ਹਨ। ਸੰਤ ਰਾਮ ਸਿੰਘ ਜੀ ਜਿਆਨ ਵਾਲੇ, ਸੰਤ ਸਵਾਮੀ ਦਲੇਲ ਸਿੰਘ ਜੀ ਵਿਰਕਤ ਸ਼ਾਹਅਬਾਦ ਵਾਲੇ, ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲੇ, ਸੰਤ ਦੀਵਾਨ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਨੰਗਲ ਖੁਰਦ, ਸੰਤ ਪਾਲ ਸਿੰਘ ਜੀ, ਸੰਤ ਰਤਨ ਸਿੰਘ ਜੀ ਗਿਆਨੀ, ਸੰਤ ਪ੍ਰੀਤਮ ਸਿੰਘ ਜੀ ਲਹਿਲੀ ਖੁਰਦ, ਸੰਤ ਹਰੀ ਸਿੰਘ ਜੀ ਸੁਖਈ, ਸੰਤ ਪ੍ਰਦਮਨ ਸਿੰਘ ਜੀ, ਸੰਤ ਪੰਡਿਤ ਪੂਰਨ ਸਿੰਘ ਜੀ, ਸੰਤ ਦਲੀਪ ਸਿੰਘ ਜੀ ਡੁਮੇਲੀ।"[26]

— "ਸੰਤ ਦਲੀਪ ਸਿੰਘ ਦੀ ਅਗਵਾਈ ਵਿਚ, ਥੰਮ ਜੀ ਸਾਹਿਬ ਗੁਰਦੁਆਰੇ ਤੋ ਡੁਮੇਲੀ ਦਾ ਇਕ ਜਥਾ, (ਜਥਾ ਨੰਬਰ 107) ਨਾਭਾ ਮੋਰਚੇ ਵਿਚ ਹਿਸਾ ਲੈਣ ਲਈ ਗਿਆ ਸੀ। ਇਸ ਗੱਲ ਦੀ ਪੁਸ਼ਟੀ **ਡਾ. ਬਖਸ਼ੀਸ਼ ਸਿੰਘ ਨਿਜਰ** ਨੇ ਆਪਣੀ ਪੁਸਤਕ 'History of village Domeli and Lutera Khurd' ਵਿਚ ਵੀ ਕੀਤੀ ਹੈ।"[27]

— 'ਡੁਮੇਲੀ ਪਿੰਡ ਦੇ ਬਜ਼ੁਰਗ **ਸ. ਪ੍ਰੀਤਮ ਸਿੰਘ ਡੁਮੇਲੀ** ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਵਿਚ ਸੰਤ ਦਲੀਪ ਸਿੰਘ ਦੇ ਦੇਸ਼ ਭਗਤ ਹੋਣ ਦੀ ਪੁਸ਼ਟੀ ਕੀਤੀ ਹੈ।'[28]

— **'ਲੇਖਕ ਰਣਜੀਤ ਸਿੰਘ ਰਾਣਾ** ਨੇ ਵੀ ਸੰਤ ਦਲੀਪ ਸਿੰਘ ਦੀ ਦੇਸ਼ ਪ੍ਰੇਮ ਦੀ ਭਾਵਨਾ ਨੂੰ 'ਸੰਤਨ ਕੀ ਮਹਿਮਾ' ਪੁਸਤਕ ਵਿਚ ਬਿਆਨ ਕੀਤਾ ਹੈ।'[29]

---

25 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 25.

26 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਸੂਰਬੀਰ ਬਚਨ ਕੇ ਬਲੀ, ਪੰਨਾ 168-169.

27 Bakhshish Singh Nijjar (Dr.): History of Village Domeli and Lutera Khurd. Page 35.

28 ਸ. ਪ੍ਰੀਤਮ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 29.09.2015,

— **ਸ. ਅਵਤਾਰ ਸਿੰਘ ਡੁਮੇਲੀ** ਨਾਲ ਵੀ ਹੋਈ ਸਾਖਿਆਕਾਰ (ਇੰਟਰਵਿਊ) ਵਿਚ ਵੀ ਸੰਤ ਦਲੀਪ ਸਿੰਘ ਦੀ ਦੇਸ਼ ਭਗਤੀ ਦੀ ਭਾਵਨਾ ਉਭਰ ਕੇ ਸਾਹਮਣੇ ਆਉਂਦੀ ਹੈ।'[30]

— ਸੰਤ ਦਲੀਪ ਸਿੰਘ ਪਰਉਪਕਾਰੀ ਅਤੇ ਮਦਦਗਾਰ ਮਹਾਂਪੁਰਖ ਹੋਏ ਹਨ ਜੋ ਆਪਣੇ ਕੋਲ ਆਉਣ ਵਾਲੇ ਕਿਸੇ ਵੀ ਵਿਅਕਤੀ ਦੀ ਮਦਦ ਆਪਣੇ ਹੀ ਤੌਰ ਤਰੀਕਿਆਂ ਨਾਲ ਕਰਦੇ ਸਨ। ਉਨ੍ਹਾਂ ਦੇ ਇਸ ਗੁਣ ਦਾ ਜ਼ਿਕਰ ਡੁਮੇਲੀ ਪਿੰਡ ਦੇ ਬਜ਼ੁਰਗ **ਸ. ਦਰਸ਼ਨ ਸਿੰਘ ਵਾਰੀਆ** ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਕਰਦਿਆਂ ਕਿਹਾ ਕਿ, "ਇਕ ਵਾਰੀ ਛੋਟੇ ਹੁੰਦਿਆਂ ਉਨ੍ਹਾਂ ਨੂੰ  ਟਾਈਫਾਈਡ ਬੁਖਾਰ ਹੋ ਗਿਆ, ਜੋ ਕਿ ਠੀਕ ਨਹੀਂ ਹੋ ਰਿਹਾ ਸੀ। ਪਿਤਾ (ਸ. ਅਰਜਨ ਸਿੰਘ) ਜੀ ਦੇ ਬੇਨਤੀ ਕਰਨ ਤੇ ਸੰਤਾਂ ਨੇ ਕੋਲ ਪਏ ਅੰਬ ਵਿਚੋਂ ਇਕ ਫਾੜੀ ਕੱਟ ਕੇ ਪਿਤਾ ਜੀ ਨੂੰ ਦੇ ਕੇ ਕਿਹਾ ਕਿ ਇਹ ਫਾੜੀ ਥੋੜੀ-ਥੋੜੀ ਬੱਚਿਆਂ ਨੂੰ ਖਿਲਾ ਦਿਉ। ਉਹ ਅੰਬ ਦੀ ਫਾੜੀ ਖਾਣ ਦੀ ਦੇਰ ਸੀ ਕਿ ਸਾਡਾ ਬੁਖਾਰ ਟੁੱਟ ਗਿਆ। ਅਸੀਂ ਬਿਲਕੁਲ ਠੀਕ-ਠਾਕ ਹੋ ਗਏ।"[31] ਇਸੇ ਗੁਣ ਦੀ ਪੁਸ਼ਟੀ ਕਰਦਿਆਂ **ਸ. ਦਰਸ਼ਨ ਸਿੰਘ ਵਾਰੀਆ** ਨੇ ਆਪਣੀ ਸਾਖਿਆਕਾਰ (ਇੰਟਰਵਿਊ) ਦੌਰਾਨ ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ, "ਸੰਨ 1947 ਦੀ ਭਾਰਤ-ਪਕਿ ਵੰਡ ਸਮੇਂ ਜਦ ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਦੇ ਸਿੰਧ ਏਰੀਏ ਤੋਂ ਬਚਦਾ ਬਚਾਉਂਦਾ ਖਾਲੀ ਹੱਥ ਡੁਮੇਲੀ ਪੁੱਜਾ ਤਾਂ ਇਥੇ ਆ ਕੇ ਉਨ੍ਹਾਂ ਨੇ ਨਵੇਂ ਸਿਰੇ ਤੋਂ ਜਿੰਦਗੀ ਅਰੰਭ ਕੀਤੀ। ਆਪਣੀਆਂ ਲੋੜ੍ਹਾਂ ਦੀ ਪੂਰਤੀ ਲਈ ਉਹ ਸੰਤ ਦਲੀਪ ਸਿੰਘ ਦੀ ਕੁਟੀਆ ਪੁੱਜੇ। ਸੰਤ ਦਲੀਪ ਸਿੰਘ ਦੇ ਅਸ਼ੀਰਵਾਦ ਸਦਕਾ ਹੀ ਉਨ੍ਹਾਂ ਨੇ ਮੁੜ ਆਪਣਾ ਗੁਜਰ ਵਸਾ ਇਥੇ ਅਰੰਭ ਕੀਤਾ। (ਇਸ ਸਬੰਧ ਵਿਚ ਉਨ੍ਹਾਂ ਨੇ ਆਪਣੇ ਸਾਖਿਆਕਾਰ ਦੌਰਾਨ ਵਿਸਥਾਰ ਸਹਿਤ ਜਾਣਕਾਰੀ ਖੋਜਕਰਤਾ ਨੂੰ ਦਿਤੀ ਹੈ।"[32]

— ਇਸ ਸਬੰਧੀ **ਸ. ਹਰਭਜਨ ਸਿੰਘ ਵਾਰੀਆ** ਡੁਮੇਲੀ ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਸੰਤ ਦਲੀਪ ਸਿੰਘ ਦੀ ਉਦਾਰਚਿਤਤਾ ਦਾ ਵਰਣਨ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ

---

29 ਰਣਜੀਤ ਸਿੰਘ ਰਾਣਾ: ਸੰਤ ਬਾਬਾ ਹਰਬੰਸ ਸਿੰਘ ਡੁਮੇਲੀ ਵਾਲਿਆਂ ਦੀ ਪੰਥਕ ਚੇਤਨਾ, ਸੰਤਨ ਕੀ ਮਹਿਮਾ, 2012, ਪੰਨਾ 63.

30 ਸ. ਅਵਤਾਰ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ,  ਮਿਤੀ 16.08.2015,

31 ਸ. ਦਰਸ਼ਨ ਸਿੰਘ ਵਾਰੀਆ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 12.08.2015,

32 ---ਉਹੀ---.

ਸਦਕਾ ਉਨ੍ਹਾਂ ਨੂੰ ਜ਼ਮੀਨ ਪ੍ਰਾਪਤ ਹੋਈ, ਜੋ ਪਹਿਲਾਂ ਬੰਜਰ ਸੀ ਪ੍ਰੰਤੂ ਸੰਤਾਂ ਦੇ ਆਸ਼ੀਰਵਾਦ ਸਦਕਾ ਉਪਜਾਊ ਹੋਈ।"[33]

— ਸੰਤ ਦਲੀਪ ਸਿੰਘ ਲੋੜ੍ਵੰਦਾਂ ਦੀ ਮਦਦ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਇਸ ਸਬੰਧੀ ਡੁਮੇਲੀ ਪਿੰਡ ਦੇ ਬਜ਼ੁਰਗ **ਸ. ਨਿਰਮਲ ਸਿੰਘ ਡੁਮੇਲੀ** ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਇਸ ਤਰ੍ਹਾਂ ਕੀਤਾ ਹੈ, "ਜਦ ਦੇਸ਼ ਦੀ ਵੰਡ ਦਾ ਰੌਲਾ ਪਿਆ ਤਾਂ ਜਗਜੀਤਪੁਰ ਪਿੰਡ ਦਾ ਇਕ ਨੌਜੁਆਨ ਅੱਤ ਦੀ ਗਰੀਬੀ ਦਾ ਝੰਬਿਆ ਹੋਇਆ ਸੰਤ ਦਲੀਪ ਸਿੰਘ ਦੀ ਕੁਟੀਆ ਪਹੁੰਚਾ। ਉਸ ਦੀ ਘਰ ਵਾਲੀ ਗਰਭ ਅਵਸਥਾ ਵਿਚ ਸੀ। ਇਕ ਬੱਚਾ ਪਹਿਲਾਂ ਹੀ ਉਨ੍ਹਾਂ ਕੋਲ ਸੀ। ਬੇਨਤੀ ਕਰਨ ਤੇ ਸੰਤਾਂ ਨੇ ਉਸ ਦੀ ਅਨਾਜ ਅਤੇ ਪੈਸਿਆ ਨਾਲ ਮਦਦ ਕੀਤੀ। ਬਾਅਦ ਵਿਚ ਉਹ ਵਿਅਕਤੀ ਰੋਟੀ ਰੋਜ਼ੀ ਦੀ ਖਾਤਰ ਦਿਲੀ ਚਲਾ ਗਿਆ ਤੇ ਇਕ ਅਮੀਰ ਵਿਅਕਤੀ ਬਣ ਗਿਆ। ਉਹ ਹਮੇਸ਼ਾ ਡੁਮੇਲੀ ਦੀ ਧਰਤੀ ਨੂੰ ਸਿਜਦਾ ਕਰਦਾ ਰਹਿੰਦਾ ਸੀ।"[34]

— ਸੰਤ ਦਲੀਪ ਸਿੰਘ ਭੇਦ-ਭਾਵ ਤੋ ਨਿਰਲੇਪ ਰਹਿੰਦੇ ਸਨ। ਇਸ ਸਬੰਧੀ ਡੁਮੇਲੀ ਪਿੰਡ ਦੇ ਬਜ਼ੁਰਗ ਵਿਅਕਤੀ **ਸ. ਨਿਰਮਲ ਸਿੰਘ ਡੁਮੇਲੀ** ਨੇ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਦੱਸਿਆ ਕਿ "ਇਕ ਵਾਰੀ ਅੰਬਾਂ ਦੇ ਮੌਸਮ ਵਿਚ ਸੰਤ ਦਲੀਪ ਸਿੰਘ ਤੇ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਲਈ ਗਿਆਨ ਸਿੰਘ ਲਾਂਗਰੀ ਨੇ ਸੋਹਣੇ-ਸੋਹਣੇ ਅੰਬ ਚੁੱਕ ਦੇ ਅਲੱਗ ਰੱਖ ਲਏ ਤੇ ਮਾੜੇ-ਮਾੜੇ ਸੰਗਤ ਨੂੰ ਵੰਡ ਦਿਤੇ। ਜਦ ਇਸ ਗੱਲ ਦਾ ਸੰਤ ਦਲੀਪ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਗਿਆਨ ਸਿੰਘ ਨੂੰ ਅੱਗੇ ਤੋਂ ਅਜਿਹਾ ਕਰਨ ਤੋਂ ਵਰਜਿਆ। ਉਸ ਦਿਨ ਤੋਂ ਬਾਅਦ ਗਿਆਨ ਸਿੰਘ ਨੇ ਸੰਤਾਂ ਅਤੇ ਸੰਗਤ ਵਿਚ ਕਦੇ ਵੀ ਭੇਦ-ਭਾਵ ਨਹੀਂ ਰੱਖਿਆ।"[35]

### 2.2.3 ਗੁਰਬਾਣੀ ਦੇ ਪਰਚਾਰ ਹਿਤ ਉਤਸਾਹਿਤ ਕਰਨਾ

**ਸੰਤ ਦਲੀਪ ਸਿੰਘ** ਨੇ ਬੇਸ਼ਕ ਸਿਧੇ ਤੌਰ ਤੇ ਗੁਰਮਤਿ ਸੰਗੀਤ ਨੂੰ ਉਭਾਰਨ ਲਈ ਕੋਈ ਵਿਸ਼ੇਸ਼ ਕਾਰਜ ਨਹੀਂ ਕੀਤਾ, ਪ੍ਰੰਤੂ ਗੁਰਮਤਿ ਸੰਗੀਤ ਵਿਚ ਇਨ੍ਹਾਂ ਦੇ ਯੋਗਦਾਨ ਨੂੰ ਅਣਗੌਲਿਆ ਨਹੀਂ ਜਾ ਸਕਦਾ। ਇਨ੍ਹਾਂ ਨੇ ਆਪਣੇ ਪਰਮੁਖ ਸ਼ਿਸ਼ਾਂ **ਸੰਤ ਸਰਵਣ ਸਿੰਘ ਗੰਧਰਵ** ਅਤੇ **ਸੰਤ ਹਰਬੰਸ ਸਿੰਘ** ਨੂੰ ਹਮੇਸ਼ਾਂ

---

33 ਸ. ਹਰਭਜਨ ਸਿੰਘ ਵਾਰੀਆ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 5.08.2015,

34 ਸ. ਨਿਰਮਲ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 2.08.2015,

35 ---ਉਹੀ---.

ਗੁਰਬਾਣੀ ਲਈ ਉਤਸ਼ਾਹਿਤ ਕੀਤਾ। ਜਿਸ ਦੇ ਨਤੀਜੇ ਵਜੋਂ ਉਨਾਂ (ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ) ਨੇਂ ਗੁਰਬਾਣੀ ਪੜ੍ਹਨ ਅਤੇ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਆਪ ਨੂੰ ਬਹੁਤ ਸਾਰੀ ਗੁਰਬਾਣੀ ਜ਼ੁਬਾਨੀ ਕੰਠ ਸੀ। ਆਪ ਸ਼ੁਧ ਤੇ ਸਪਸ਼ਟ ਗੁਰਬਾਣੀ ਪੜ੍ਹਨ ਵਿਚ ਮਾਹਿਰ ਸਨ। ਇਹ ਗੁਣ ਉਨ੍ਹਾਂ ਨੇ ਆਪਣੇ ਸ਼ਿਸ਼ਾਂ ਸੰਤ ਸਰਵਣ ਸਿੰਘ ਤੇ ਸੰਤ ਹਰਬੰਸ ਸਿੰਘ ਨੂੰ ਵੀ ਦਿਤਾ।

### 2.2.4 ਸੰਤ ਦਲੀਪ ਸਿੰਘ ਦਾ ਅੰਤਿਮ ਸਮਾਂ

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੇ ਮੋਢੀ ਸੰਤ ਦਲੀਪ ਸਿੰਘ 21 ਅਗਸਤ 1949 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਸ ਮੌਕੇ ਡੁਮੇਲੀ ਪਿੰਡ ਅਤੇ ਆਸ ਪਾਸ ਦੇ ਪਿੰਡਾਂ ਵਿਚ ਸੋਗ ਦੀ ਲਹਿਰ ਦੌੜ ਗਈ। ਸੰਤ ਦਲੀਪ ਸਿੰਘ ਦੇ ਅੰਤਿਮ ਸਮੇਂ ਦਾ ਜ਼ਿਕਰ ਵੱਖ-ਵੱਖ ਲੇਖਕਾਂ ਨੇ ਇਸ ਤਰ੍ਹਾਂ ਕੀਤਾ ਹੈ।

— ਸੰਤ ਦਲੀਪ ਸਿੰਘ ਨੇ ਜਦੋਂ ਆਪਣੇ ਪ੍ਰਾਣ ਤਿਆਗੇ ਤਾਂ ਉਸ ਸਮੇਂ ਡੇਰੇ ਵਿਚ ਸੰਗਤਾਂ ਦਾ ਬਹੁਤ ਵੱਡਾ ਇਕੱਠ ਹੋਇਆ। ਉਨ੍ਹਾਂ ਦੇ ਸਵਰਗਵਾਸ ਹੋਣ ਸਬੰਧੀ ਉਲੇਖ **ਅਵਤਾਰ ਸਿੰਘ ਚੀਮਾ** ਨੇ ਇਸ ਤਰ੍ਹਾਂ ਕੀਤਾ ਹੈ। ਉਨ੍ਹਾਂ ਅਨੁਸਾਰ, "ਜਦੋਂ 21 ਅਗਸਤ 1949 ਨੂੰ ਸੰਤ ਦਲੀਪ ਸਿੰਘ ਨੇ ਆਪਣਾ ਸਰੀਰ ਤਿਆਗਿਆ ਤਾਂ ਇਸ ਡੇਰੇ ਵਿਚ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਾਰੀਆਂ ਹੀ ਸਿੱਖ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਈਆਂ। ਅੱਜ ਵੀ ਮਹਾਂਪੁਰਸ਼ਾਂ ਦੀ ਯਾਦ ਵਿਚ 19-21 ਅਗਸਤ ਨੂੰ ਬਹੁਤ ਵੱਡਾ ਜੋੜ ਮੇਲਾ ਲੱਗਦਾ ਹੈ।"[36]

— ਸੰਤ ਦਲੀਪ ਸਿੰਘ ਦੇ ਸਵਰਗਵਾਸ ਹੋਣ ਸਮੇਂ ਦਾ ਜ਼ਿਕਰ ਸੰਤਰੇਣ **ਗਿਆਨੀ ਜੋਧ ਸਿੰਘ ਹਰਖੋਵਾਲ ਅਤੇ ਸੰਤ ਜਗਜੀਤ ਸਿੰਘ ਹਰਖੋਵਾਲ** ਨੇ ਇਸ ਤਰ੍ਹਾਂ ਕੀਤਾ, "ਜਦੋਂ ਬਾਬਾ ਦਲੀਪ ਸਿੰਘ ਦਾ ਸਮਾਂ ਪੂਰਨ ਹੋਣ ਪਰ ਆਇਆ, ਉਸ ਸਮੇਂ ਤੋਂ ਇਕ ਦਿਨ ਪਹਿਲਾਂ ਬਾਬਾ ਦਲੀਪ ਸਿੰਘ ਜੀ ਨੇ ਜਥੇਦਾਰ ਜਨਕ ਸਿੰਘ ਜੀ ਨੂੰ ਸ਼ਾਮ ਦੇ ਛੇ ਵਜੇ ਕਿਹਾ ਕਿ ਜਥੇਦਾਰ ਜੀ ਛੇਤੀ ਜਾਉ ਬਾਬੇ ਰਾਣੇ ਤੋਂ ਸੰਤ ਮਹਾਰਾਜ ਜੀ ਨੂੰ ਮੇਰੇ ਪਾਸ ਲੈ ਆਉ ਕਿਉਂਕਿ ਮੇਰਾ ਸਮਾਂ ਹੁਣ ਆ ਗਿਆ ਹੈ। ਜਥੇਦਾਰ ਜੀ ਨੇ ਉਤਰ ਦਿਤਾ ਕਿ ਸੰਤ ਜੀ ਤਕੜੇ ਹੋ ਜਾਉ ਇਹ ਸ਼ਾਮ ਦਾ ਸਮਾਂ ਸੰਤਾਂ ਮਹਾਂਪੁਰਖਾਂ ਦੇ ਜੋਤੀ ਜੋਤ ਸਮਾਉਣ ਦਾ ਨਹੀਂ ਹੁੰਦਾ। ਤੁਸੀ ਅੰਮ੍ਰਿਤ ਵੇਲੇ ਜੋਤੀ ਜੋਤ ਸਮਾਇਉ।------------------ਇਸ ਤਰ੍ਹਾਂ ਸੰਤ ਸਰੀਰ ਸੰਨ 1949 ਛੇ ਭਾਦਰੋਂ ਨੂੰ ਸੰਤ ਮਹਾਰਾਜ ਜੀ ਦੀ ਨਿਗਰਾਨੀ ਵਿਚ ਤਿਆਗ ਕੇ ਸੱਚਖੰਡ ਜਾ ਵਾਸਾ ਕੀਤਾ। ਸਰੀਰ ਦਾ ਅੰਤਿਮ ਸੰਸਕਾਰ ਅਗਨ ਭੇਂਟ ਡੇਰੇ ਵਿਚ ਹੀ ਕੀਤਾ ਗਿਆ।"[37]

---

36 ਅਵਤਾਰ ਸਿੰਘ ਚੀਮਾ: ਜਨ ਪਰਉਪਕਾਰੀ ਆਏ, ਸੰਤਨ ਕੀ ਮਹਿਮਾ, 2012, ਪੰਨਾ 58.

37 ਗਿਆਨੀ ਜੋਧ ਸਿੰਘ ਹਰਖੋਵਾਲ ਅਤੇ ਸੰਤ ਜਗਜੀਤ ਸਿੰਘ ਹਰਖੋਵਾਲ: ਜੀਵਨ ਕਿਰਨਾਂ ਸੰਤ ਜਵਾਲਾ ਸਿੰਘ ਜੀ ਹਰਖੋਵਾਲ, ਜਨਵਰੀ 2010, ਪੰਨਾ 651-652.

— 'ਇਸ ਗੱਲ ਦੀ ਪੁਸ਼ਟੀ **ਸ. ਨਿਰਮਲ ਸਿੰਘ ਡੁਮੇਲੀ** ਨੇ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਵੀ ਕੀਤੀ।'[38]

ਉਪਰੋਕਤ ਸਾਰੇ ਹਵਾਲਿਆਂ ਦੇ ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡੁਮੇਲੀ ਟਕਸਾਲ ਦਾ ਆਰੰਭ ਸੰਤ ਦਲੀਪ ਸਿੰਘ (1883-1949) ਤੋਂ ਹੋਇਆ। ਆਪ ਬਚਪਨ ਤੋਂ ਹੀ ਸੰਤ ਸੁਭਾਅ ਅਤੇ ਗੁਰਬਾਣੀ ਪ੍ਰੇਮੀ ਸਨ। ਪਰਿਵਾਰਿਕ ਹਲਾਤਾਂ ਕਾਰਨ ਆਪ ਸੰਸਾਰਿਕ ਮੋਹ ਤਿਆਗ ਕੇ ਭਗਤੀ ਭਾਵਨਾ ਨਾਲ ਜੁੜ ਗਏ। ਸਿਟੇ ਵਜੋਂ ਆਪ ਨੇ 48 ਦਿਨ ਲਗਾਤਾਰ ਭੋਰੇ ਵਿਚ ਰਹਿ ਕੇ ਭਗਤੀ ਕੀਤੀ। ਆਪ ਅੰਨੇ-ਬੋਲੇ, ਲੂਲੇ-ਲੰਗੜੇ, ਅਤੇ ਅਨਾਥ ਵਿਅਕਤੀਆਂ ਨੂੰ ਆਪਣੇ ਡੇਰੇ ਲਿਆ ਕੇ ਉਨ੍ਹਾਂ ਦੀ ਸੇਵਾ ਵਿਚ ਲੀਨ ਰਹਿਣ ਲੱਗੇ। ਹੱਥ ਨਾਲ ਚੱਕੀ ਪੀਸ ਕੇ ਆਟਾ ਤਿਆਰ ਕਰਦੇ ਤੇ ਉਸ ਦਾ ਲੰਗਰ ਬਣਾ ਕੇ ਲੋੜ੍ਹਵੰਦਾਂ ਨੂੰ ਛਕਾਉਂਦੇ। ਆਪ ਨੇ ਹਿਕਮਤ (ਦਵਾਈਆਂ ਦਾ ਯੂਨਾਨੀ ਸਿਸਟਮ) ਨਾਲ ਕਈ ਦੁਖੀ ਮਰੀਜ਼ਾਂ ਦੇ ਇਲਾਜ ਕੀਤੇ। ਆਪ ਇਕ ਸੱਚੇ ਕ੍ਰਾਂਤੀਕਾਰੀ ਅਤੇ ਦੇਸ਼ ਪ੍ਰੇਮੀ ਸੰਤ ਸਨ। ਆਪ ਦੀ ਅਗਵਾਈ ਵਿਚ ਜਿਥੇ ਇਕ ਵੱਡੇ ਇਕੱਠ ਨੇ ਜੈਤੋਂ ਦੇ ਮੋਰਚੇ ਵਿਚ ਭਾਗ ਲਿਆ, ਉਥੇ ਆਪ ਨੇ ਅੰਗਰੇਜ਼ਾਂ ਖਿਲਾਫ ਅਜ਼ਾਦੀ ਦੀ ਲੜਾਈ ਲੜਨ ਵਾਲੇ ਬੱਬਰਾਂ ਦੀ ਵੀ ਖੁੱਲ ਕੇ ਸਹਾਇਤਾ ਕੀਤੀ। ਆਪ ਨੇ ਮਜ਼ਹਬਾਂ ਤੋਂ ਉਪਰ ਉਠ ਕੇ ਦੇਸ਼ ਦੀ ਵੰਡ ਮੌਕੇ ਮੁਸਲਮਾਨਾਂ ਦੀ ਅਗਵਾਈ ਕਰਕੇ ਉਨ੍ਹਾਂ ਨੂੰ ਮੁਸਲਮਾਨੀ ਕੈਂਪਾ ਤੱਕ ਛੱਡ ਕੇ ਆਏ। ਆਪ ਇਕ ਪਰਉਪਕਾਰੀ ਸੰਤ ਹੋਏ ਹਨ ਜੋ ਛੋਟੀਆਂ ਮੋਟੀਆਂ ਬਿਮਾਰੀਆਂ ਦਾ ਇਲਾਜ ਆਪਣੇ ਹੀ ਤਰੀਕੇ ਨਾਲ ਕਰ ਦਿੰਦੇ ਸਨ। ਦਿਆਲੂ ਸੁਭਾਅ ਦੇ ਸੰਤ ਦਲੀਪ ਸਿੰਘ ਭੇਤ-ਭਾਵ ਤੋਂ ਨਿਰਲੇਪ ਰਹਿੰਦੇ ਸਨ। **21 ਅਗਸਤ 1949** ਨੂੰ ਉਨ੍ਹਾਂ ਦੇ ਸਵਰਗਵਾਸ ਹੋਣ ਸਮੇਂ ਡੁਮੇਲੀ ਦੇ ਸਮੂਹ ਇਲਾਕਾ ਨਿਵਾਸੀਆਂ ਵਿਚ ਇਕ ਗਹਿਰੇ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਅੱਜ ਵੀ ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ (ਡੁਮੇਲੀ ਟਕਸਾਲ) ਡੁਮੇਲੀ ਵਿਚ ਅਗਸਤ ਦੇ ਮਹੀਨੇ ਵਿਚ ਜੋੜ ਮੇਲਾ ਲਗਾਇਆ ਜਾਂਦਾ ਹੈ। ਇਸ ਜੋੜ ਮੇਲੇ ਵਿਚ ਪੰਥ ਪ੍ਰਸਿਧ ਰਾਗੀ, ਢਾਡੀ ਅਤੇ ਕਥਾ ਵਾਚਕ ਕੀਰਤਨ ਅਤੇ ਗੁਰਮਤਿ ਵਿਚਾਰਾਂ ਕਰਕੇ ਇਲਾਕੇ ਦੀਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਹਨ। ਸੰਤ ਦਲੀਪ ਸਿੰਘ ਤੋਂ ਬਾਅਦ ਉਨ੍ਹਾਂ ਦੇ ਦੋ ਸ਼ਿਸ਼ਾਂ **ਸੰਤ ਸਰਵਣ ਸਿੰਘ ਗੰਧਰਵ** ਅਤੇ **ਸੰਤ ਹਰਬੰਸ ਸਿੰਘ** ਨੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਜਿਥੇ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ ਉਥੇ ਕਈ ਸਮਾਜ ਭਲਾਈ ਦੇ ਕੰਮ ਵੀ ਕੀਤੇ। ਡੁਮੇਲੀ ਦੀ ਇਹ ਟਕਸਾਲ ਸੰਤ ਦਲੀਪ ਸਿੰਘ ਦੀਆਂ ਪਾਈਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ, ਅੱਜ ਵੀ ਕਾਰਜ ਰੱਤ ਹੈ।

---

38 ਸ. ਨਿਰਮਲ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 2.08.2015,

## 2.3 ਸੰਤ ਸਰਵਣ ਸਿੰਘ ਗੰਧਰਵ

**ਸੰਤ ਦਲੀਪ ਸਿੰਘ** ਦੇ ਸ਼ਗਿਰਦਾਂ ਵਿਚੋਂ **ਸੰਤ ਸਰਵਣ ਸਿੰਘ ਗੰਧਰਵ** ਅਜਿਹੇ ਵਿਦਵਾਨ ਹੋਏ ਹਨ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਸਾਰੀ ਉਮਰ ਕਾਰਜ ਕੀਤੇ। ਸੰਤ ਦਲੀਪ ਸਿੰਘ ਦੇ ਅਸ਼ੀਰਵਾਦ ਨਾਲ ਉਨ੍ਹਾਂ ਨੇ ਪ੍ਰਸਿਧ ਉਸਤਾਦਾਂ ਕੋਲੋਂ ਸਿਖਿਆ ਲੈ ਕੇ ਸੰਗੀਤ ਦੇ ਖੇਤਰ ਵਿਚ ਨਾਮਣਾ ਖੱਟਿਆ ਅਤੇ ਸੰਗੀਤ ਦੇ ਪੂਰਨ ਗਿਆਤਾ ਬਣ ਗਏ। ਨੇਤਰਹੀਨ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਗੁਰਮਤਿ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਨਾਲ ਸਬੰਧਿਤ '**ਸੁਰ ਸਿਮਰਨ ਸੰਗੀਤ**' ਨਾਮਕ ਸੱਤ ਪੁਸਤਕਾਂ ਲਿਖੀਆਂ। ਇਸ ਤੋਂ ਇਲਾਵਾ ਇਕ ਹੋਰ ਪੁਸਤਕ '**ਮਨ ਅਤੇ ਸਰੀਰ ਅਰੋਗ ਕਿਵੇਂ ਰੱਖੀਏ**' ਲਿਖੀ ਜਿਸ ਵਿਚ ਸਰੀਰ ਨੂੰ ਰੋਗ ਰਹਿਤ ਕਰਨ ਦੇ ਅਨੇਕਾਂ ਸੁਝਾਅ ਲਿਖੇ ਗਏ ਹਨ। ਇਸ ਤੋਂ ਬਿਨ੍ਹਾਂ ਆਪ ਨੇ ਇਕ 7 ਸ਼ਬਦਾਂ ਦਾ ਐਲ. ਪੀ. ਰਿਕਾਰਡ '**ਗੋਬਿੰਦ ਪ੍ਰੀਤਿ ਲਗੀ ਅਤਿ ਪਿਆਰੀ**' ਵੀ ਰਿਕਾਰਡ ਕਰਵਾਇਆ। ਰਾਗਾਂ ਵਿਚ ਮਾਹਿਰ ਹੋਣ ਕਾਰਨ ਆਪ ਨੂੰ '**ਸੰਤ ਰਾਗਾ ਸਿੰਘ**' ਵੀ ਕਿਹਾ ਜਾਂਦਾ ਸੀ। ਆਪ ਦੁਆਰਾ ਸੰਗੀਤ ਦੇ ਖੇਤਰ ਵਿਚ ਕੀਤੇ ਕਾਰਜਾਂ ਕਾਰਨ ਡੁਮੇਲੀ ਟਕਸਾਲ ਦਾ ਨਾਮ ਦੁਨੀਆਂ ਭਰ ਵਿਚ ਚਮਕਿਆ।

### 2.3.1 ਆਰੰਭਿਕ ਜੀਵਨ

**ਸੰਤ ਸਰਵਣ ਸਿੰਘ ਗੰਧਰਵ** ਦਾ ਜਨਮ ਪੰਜਾਬ ਦੇ ਜਿਲਾ ਕਪੂਰਥਲਾ ਦੀ ਤਹਿਸੀਲ ਫਗਵਾੜਾ ਦੇ ਪਿੰਡ ਭੁਲਾਰਾਈ ਵਿਖੇ ਸੰਨ 1926 ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ. ਅਮਰ ਸਿੰਘ ਅਤੇ ਮਾਤਾ ਦਾ ਨਾਮ ਸ਼ਾਮ ਕੌਰ ਸੀ। ਸ. ਅਮਰ ਸਿੰਘ ਅਤੇ ਬੀਬੀ ਸ਼ਾਮ ਕੌਰ ਦੋਵੇਂ ਪੂਰਨ ਗੁਰਸਿੱਖ ਸਨ।

ਆਪਣੀ ਪੁਸਤਕ 'ਵਦੇਸ਼ ਫੇਰੀ' ਵਿਚ **ਸੇਵਕ ਸਿੰਘ ਉਪਲ** ਨੇ ਇਸ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ, "ਇਸ ਗੁਰਸਿਖ ਜੋੜੇ ਦੇ ਤਿੰਨ ਬੱਚੇ ਹੋਏ ਪਰ ਤਿੰਨੇ ਹੀ ਬਹੁਤ ਛੋਟੀ ਆਯੂ ਵਿਚ ਮਰ ਗਏ। ਬੀਬੀ ਸ਼ਾਮ ਕੌਰ ਨੇ ਆਪਣੀ ਉਲਾਦ ਦੀ ਖਾਤਰ ਬਾਰਾਂ ਮੱਸਿਆ ਸ੍ਰੀ ਛਿਹਰਟਾ ਸਾਹਿਬ ਇਸ਼ਨਾਨ ਕੀਤਾ ਤੇ ਗੁਰੂ ਸਾਹਿਬ ਕੋਲ ਆਪਣੀ ਉਲਾਦ ਦੀ ਸੁਰੱਖਿਆ ਮੰਗੀ। ਪਹਿਲਾਂ ਬੀਬੀ ਸ਼ਾਮ ਕੌਰ ਦੀ ਕੁਖੋਂ ਬੱਚੀ ਨੇ ਜਨਮ ਲਿਆ, ਉਸ ਦਾ ਨਾਮ ਅਜੀਤ ਕੌਰ ਹੈ। ਅਜੀਤ ਕੌਰ ਤੋਂ ਮਗਰੋਂ ਸਰਦਾਰ ਅਮਰ ਸਿੰਘ ਤੇ ਬੀਬੀ ਸ਼ਾਮ ਕੌਰ ਦੇ ਗ੍ਰਹਿ ਵਿਖੇ ਬਾਲਕ ਸਰਵਣ ਸਿੰਘ ਨੇ ਜਨਮ ਲਿਆ। ਇਹ ਬਾਲਕ ਜਨਮ ਤੋਂ ਹੀ ਅਨੋਖੀ ਪ੍ਰਤਿਭਾ ਦਾ ਮਾਲਕ ਸੀ। ਬਹੁਤ ਚੇਤੰਨ ਸੀ। ਗੁਰਸਿਖੀ ਨਾਲ ਪਿਆਰ ਵਿਰਸੇ ਤੋਂ ਮਿਲਿਆ ਸੀ। ਇਨ੍ਹਾਂ ਦੇ ਜਨਮ ਤੋਂ ਢਾਈ ਸਾਲ ਮਗਰੋਂ ਸਰਦਾਰ ਅਮਰ ਸਿੰਘ ਦੇ ਘਰ ਇਕ ਹੋਰ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਸ. ਤਰਲੋਚਨ ਸਿੰਘ ਹੈ।"[39]

---

39 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 8-9.

ਸੰਤ ਸਰਵਣ ਸਿੰਘ ਅਜੇ ਅੱਠ ਸਾਲ ਦੇ ਹੀ ਸਨ ਕਿ ਆਪ ਜੀ ਦੀ ਮਾਤਾ ਸ਼ਾਮ ਕੌਰ ਦਾ ਸਾਇਆ ਸਿਰ ਤੋਂ ਉਠ ਗਿਆ। ਮਾਤਾ ਜੀ ਦੇ ਅਕਾਲ-ਚਲਾਣੇ ਤੋਂ ਬਾਅਦ ਆਪ ਦੇ ਪਾਲਣ ਪੋਸ਼ਣ ਦੀ ਸਾਰੀ ਜਿੰਮੇਵਾਰੀ ਆਪ ਦੇ ਦਾਦਾ ਸ. ਹਰਨਾਮ ਸਿੰਘ ਦੇ ਮੋਢਿਆ ਤੇ ਆ ਗਈ। ਨੌਂ ਸਾਲ ਦੀ ਉਮਰ ਵਿਚ ਹੋਈ ਚੇਚਕ ਦੀ ਬਿਮਾਰੀ ਨੇਂ ਬਾਲਕ ਸਰਵਣ ਦੀਆਂ ਅੱਖਾਂ ਦੀ ਜੋਤ ਸਦਾ-ਸਦਾ ਲਈ ਖਤਮ ਕਰ ਦਿਤੀ। ਘਰਦਿਆਂ ਵਲੋਂ ਆਪ ਦੇ ਇਲਾਜ ਲਈ ਕੀਤੀਆਂ ਕੋਸ਼ਿਸ਼ਾਂ ਵੀ ਸਫ਼ਲ ਨਾ ਹੋ ਸਕੀਆਂ।

### 2.3.2 ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ

ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਦੀ ਡੁਮੇਲੀ ਦੇ ਆਸ-ਪਾਸ ਦੇ ਪਿੰਡਾਂ ਵਿਚ ਬੜੀ ਮਾਨਤਾ ਸੀ। ਸੰਤ ਬਾਬਾ ਦਲੀਪ ਸਿੰਘ ਨੇਤਰਹੀਨ, ਅਨਾਥ, ਅੰਗਹੀਨ ਅਤੇ ਬੇਸਹਾਰੇ ਬੱਚਿਆਂ ਨੂੰ ਬਹੁਤ ਮਿਹਨਤ ਨਾਲ ਗੁਰਬਾਣੀ ਦਾ ਪਾਠ ਕਰਨਾ, ਕੀਰਤਨ ਕਰਨਾ ਅਤੇ ਹਿਕਮਤ ਸਿਖਾਉਂਦੇ ਸਨ। ਸੰਤ ਬਾਬਾ ਦਲੀਪ ਸਿੰਘ ਦੇ ਇਨ੍ਹਾਂ ਗੁਣਾਂ ਕਰਕੇ (1935 ਈ. ਨੂੰ) ਬਾਬਾ ਹਰਨਾਮ ਸਿੰਘ ਨੇਂ ਆਪਣੇ ਪੋਤਰੇ ਸਰਵਣ ਸਿੰਘ ਨੂੰ ਆਪ ਕੋਲ ਛੱਡਣ ਦਾ ਫੈਸਲਾ ਕੀਤਾ।

ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਿਕ ਲੇਖਕ **ਡਾ. ਬਖ਼ਸ਼ੀਸ਼ ਸਿੰਘ ਨਿਜਰ** ਨੇ ਵੀ ਇਨ੍ਹਾਂ ਸਬੰਧੀ ਇਸ ਤਰ੍ਹਾਂ ਹੀ ਚਾਨਣਾ ਪਾਇਆ ਹੈ, "Sant Sarwan Singh was the disciple of Sant Baba Dalip Singh ji. He was blind and only about ten years old when his parents left him at the dera (Gurdwara). Sant Baba Dalip Singh brought him up like a true father and gave him instruction appealing to the temperament of the child. Since Sarwan Singh was a child of sharp memory, he achieved two M.A. in music. He grew into a school of music and further trained many of his disciples in music. Sant Sarwan Singh, popularly known as Gandharv, was the founder of Sant Baba Dalip Singh Memorial Khalsa College Domeli."[40]

### 2.3.3 ਸੰਗੀਤ ਸਿਖਿਆ

ਬਾਲਕ ਸਰਵਣ ਦੀ ਗੁਰੂ ਘਰ ਪ੍ਰਤੀ ਸ਼ਰਧਾ, ਗੁਰਬਾਣੀ ਨਾਲ ਪਿਆਰ ਅਤੇ ਰੁਚੀ ਨੂੰ ਦੇਖਦਿਆਂ ਸੰਤ ਦਲੀਪ ਸਿੰਘ ਜੀ ਨੇਂ ਬਾਲਕ ਸਰਵਣ ਨੂੰ ਆਪਣੇ ਕੋਲ ਰੱਖ ਲਿਆ ਅਤੇ ਸ਼ੁਧ ਗੁਰਬਾਣੀ ਪੜ੍ਹਨ ਤੇ ਕੀਰਤਨ ਕਰਨ ਦੀ ਸਿਖਿਆ ਦੇਣੀ ਆਰੰਭ ਕਰ ਦਿਤੀ। ਸੰਗੀਤ ਦੇ ਖੇਤਰ ਵਿਚ ਨਿਪੁੰਨ ਬਣਾਉਣ ਲਈ ਸੋਚ ਵਿਚਾਰ ਕਰਨ ਲੱਗੇ।

---

40 Bakhshish Singh Nijjar (Dr.): History of Village Domeli and Lutera Khurd. Page 36.

ਲੇਖਕ **ਸੇਵਕ ਸਿੰਘ ਉਪਲ** ਅਨੁਸਾਰ, "ਸੰਤ ਜੀ ਨੇ (ਸੰਤ ਦਲੀਪ ਸਿੰਘ) ਆਪ ਨੂੰ ਅਯੁਰਵੈਦਿਕ ਦੀ ਸਿਖਿਆ ਵੀ ਦਿਤੀ ਪਰ ਆਪ ਨੇ ਰਾਗ ਤੇ ਸੰਗੀਤ ਪ੍ਰਤਿਭਾ ਨੂੰ ਵੀ ਚੰਗੀ ਤਰ੍ਹਾਂ ਪਛਾਣਿਆ।-------ਸੰਤ ਦਲੀਪ ਸਿੰਘ ਨੇ ਇਉਂ ਬਾਲਕ ਸਰਵਣ ਸਿੰਘ ਦੀ ਸੰਗੀਤਕ ਰੁਚੀ ਵੇਖ ਕੇ ਪਿੰਡ ਦੇ ਇਕ ਮਿਰਾਸੀ ਫਕੀਰਿਆ ਨੂੰ ਬਚਨ ਕੀਤਾ ਕਿ ਉਹ ਬਾਲਕ ਸਰਵਣ ਸਿੰਘ ਨੂੰ ਸੰਗੀਤ ਦੀ ਮੁਢਲੀ ਜਾਣਕਾਰੀ ਦੇਣ।----------ਇਉਂ ਹੀ ਸਾਹਨੀ ਪਿੰਡ ਦੇ ਇਕ ਮਾਸਟਰ ਰਣਬੀਰ ਸਿੰਘ ਤਿੰਨ ਸਾਲ ਤੱਕ ਆਪ ਨੂੰ ਰਾਗ ਦੀ ਸਿਖਿਆ ਦਿੰਦੇ ਰਹੇ।"[41]

ਸੰਗੀਤ ਦੀ ਮੁਢਲੀ ਸਿਖਿਆ ਪ੍ਰਾਪਤ ਕਰਨ ਤੋ ਬਾਅਦ ਸੰਤ ਦਲੀਪ ਸਿੰਘ ਜੀ ਨੇ ਆਪ ਜੀ ਨੂੰ ਗਵਾਲੀਅਰ ਭੇਜ ਦਿਤਾ ਜਿਥੇ ਪੰਡਿਤ ਵਿਸ਼ਣੂੰ ਦਿਗੰਬਰ ਜੀ ਦੀ ਸੰਚਾਲਨਾ ਹੇਠ ਚੱਲ ਰਹੇ ਵਿਖਿਆਤ ਵਿਸ਼ਣੂੰ ਦਿਗੰਬਰ ਵਿਦਿਆਲੇ ਵਿਚ ਆਪ ਜੀ ਨੇਂ ਗਾਇਨ ਅਤੇ ਵਾਦਨ ਦੀ ਉਚੇਰੀ ਸਿਖਿਆ ਲੈਣੀ ਅਰੰਭ ਕਰ ਦਿਤੀ।

**ਸੇਵਕ ਸਿੰਘ ਉਪਲ** ਅਨੁਸਾਰ, "ਗਵਾਲੀਅਰ ਇਕ ਬਹੁਤ ਹੀ ਪ੍ਰਸਿਧ ਸ਼ਹਿਰ ਹੈ। ਇਥੇ ਇਕ ਵਿਸ਼ਵ ਵਿਖਿਆਤ ਸੰਗੀਤ ਵਿਦਿਆਲਾ ਹੈ। ਇਸ ਦਾ ਸੰਚਾਲਕ ਸ੍ਰੀ ਵਿਸ਼ਨੂੰ ਦਿਗੰਬਰ ਹੈ। ਇਥੇ ਸੰਗੀਤ ਦੀ ਉਚੀ ਵਿਦਿਆ ਦਿਤੀ ਜਾਂਦੀ ਹੈ। ਯੁਵਕ ਸਰਵਣ ਸਿੰਘ ਇਸ ਵਿਦਿਆਲੇ ਵਿਚ ਗਾਇਨ ਤੇ ਵਾਦਨ ਦੀ ਕਲਾ ਸਿਖਣ ਲੱਗ ਪਏ। ----------- ਇਸ ਵਿਦਿਆਲੇ ਤੋਂ ਆਪ ਨੇ ਡਬਲ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ।"[42]

ਇਸ ਉਪਰੰਤ ਆਪ ਜੀ ਨੇ ਸਿਤਾਰ ਦੀ ਸਿਖਿਆ ਲਈ ਜਗਤ ਪ੍ਰਸਿੱਧ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਨੂੰ ਗੁਰੂ ਧਾਰਿਆ।

ਇਸ ਸਬੰਧੀ **ਸੇਵਕ ਸਿੰਘ ਉਪਲ** ਲਿਖਦੇ ਹਨ, "ਸੰਤ ਦਲੀਪ ਸਿੰਘ ਦਿਲਰੁਬਾ ਨੂੰ ਬਹੁਤ ਪਸੰਦ ਕਰਦੇ ਸਨ। ਇਸ ਲਈ ਉਹ ਚਾਹੁੰਦੇ ਸਨ ਕਿ ਯੁਵਕ ਸਰਵਣ ਸਿੰਘ ਵੀ ਸਿਤਾਰ ਤੇ ਦਿਲਰੁਬਾ ਵਜਾਉਣ ਵਿਚ ਕਮਾਲ ਹਾਸਿਲ ਕਰੇ। ਸੰਤ ਜੀ ਤੋਂ ਉਤਸ਼ਾਹ ਲੈ ਕੇ ਕਿਉਂਕਿ ਸੰਤ ਜੀ ਬਹੁਤ ਚੰਗੀ ਦਿਲਰੁਬਾ ਵਜਾ ਲਿਆ ਕਰਦੇ ਸਨ, ਯੁਵਕ ਸਰਵਣ ਸਿੰਘ ਨੇ ਸਿਤਾਰ ਵਜਾਉਣ ਦਾ ਫੈਸਲਾ ਕਰ ਲਿਆ। ਸਿਤਾਰ ਵਜਾਉਣੀ ਸਿਖਣ ਲਈ ਆਪ ਪੰਡਿਤ ਰਵੀ ਸ਼ੰਕਰ ਕੋਲ ਪਹੁੰਚੇ ਤੇ ਸਿਦਕ ਨਾਲ ਸਤਾਰ ਵਜਾਉਣੀ ਸਿਖਣ ਲੱਗੇ।---------- ਯੁਵਕ ਸਰਵਣ ਸਿੰਘ ਨੇ ਦਿਨ ਰਾਤ ਇਕ ਕਰਕੇ ਦਿਲਰੁਬਾ, ਸਿਤਾਰ ਤੇ ਜਲ ਤਰੰਗ ਵਜਾਉਣ

41 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 15.

42 ---ਉਹੀ---, ---ਉਹੀ---, ਪੰਨਾ 17.

ਵਿਚ ਕਮਾਲ ਪ੍ਰਾਪਤ ਕਰ ਲਿਆ। ਇਨ੍ਹਾਂ ਸਾਜ਼ਾਂ ਤੋਂ ਬਿਨਾਂ ਆਪ ਨੇ ਬੱਤੀ (32) ਹੋਰ ਸਾਜ ਵੀ ਵਜਾਉਣੇ ਸਿਖ ਲਏ ਤੇ ਇਉਂ ਪੱਛਮੀ ਤੇ ਭਾਰਤੀ ਸਾਜ਼ਾਂ ਨੂੰ ਵਜਾਉਣ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ।"[43]

'ਉਪਰੋਕਤ ਵਿਚਾਰਾਂ ਦੀ ਪੁਸ਼ਟੀ **ਬਲਵੀਰ ਸਿੰਘ ਕੰਵਲ** ਨੇ ਵੀ ਆਪਣੀ ਪੁਸਤਕ 'ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ' ਵਿਚ ਕੀਤੀ ਹੈ।'[44]

'**ਡਾ. ਗੁਰਨਾਮ ਸਿੰਘ** ਨੇ ਵੀ ਆਪਣੀ ਪੁਸਤਕ 'ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ' ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਉਪਰੋਕਤ ਗੁਣਾਂ ਦੀ ਪੁਸ਼ਟੀ ਕੀਤੀ।'[45]

'**ਪ੍ਰੋ. ਸੋਹਣ ਸਿੰਘ** (ਆਗਰਾ ਘਰਾਣਾ, ਗੌਰਮਿੰਟ ਕਾਲਜ ਫ਼ਾਰ ਵਿਮੈਨ, ਪਟਿਆਲਾ) ਨੇ ਵੀ ਸੰਤ ਸਰਵਣ ਸਿੰਘ ਗੰਧਰਵ ਦੇ ਉਪਰੋਕਤ ਗੁਣਾਂ ਵਾਰੇ 'ਸੁਰ ਸਿਮਰਨ ਸੰਗੀਤ' ਪੁਸਤਕ ਵਿਚ ਲਿਖਿਆ ਹੈ।'[46]

ਇਸ ਤੋਂ ਬਿਨ੍ਹਾਂ '**ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ** ਨੇ ਸਮਾਜਿਕ ਵਿਗਿਆਨ ਪੱਤਰ (ਅੰਕ 51)'[47], '**ਡਾ. ਬਖ਼ਸ਼ੀਸ਼ ਸਿੰਘ ਨਿਜਰ** ਨੇ ਆਪਣੀ ਪੁਸਤਕ 'ਡੁਮੇਲੀ ਪਿੰਡ ਦਾ ਇਤਿਹਾਸ'[48], '**ਗੁਰਦਿਆਲ ਸਿੰਘ ਫੁਲ** ਨੇ ਪੁਸਤਕ 'ਵਦੇਸ਼ ਫੇਰੀ'[49], **ਸੇਵਕ ਸਿੰਘ ਉਪਲ** ਨੇ ਆਪਣੀ ਪੁਸਤਕ 'ਵਦੇਸ਼ ਫੇਰੀ'[50], **ਜਗਜੀਤ ਸਿੰਘ ਕੋਹਾੜਕਾ** ਨੇ ਸਮਾਜਿਕ ਵਿਗਿਆਨ ਪੱਤਰ (ਅੰਕ 51)'[51], **ਅਮਰ ਸਿੰਘ ਦੁਸਾਂਝ** ਨੇ 'ਸੁਰ ਸਿਮਰਨ ਸੰਗੀਤ' (ਭਾਗ ਪਹਿਲਾ)'[52], **ਡਾ. ਜਸਬੀਰ ਕੌਰ ਨੇ** 'ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ'[53],

---

43 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 18.

44 ਬਲਵੀਰ ਸਿੰਘ ਕੰਵਲ: ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ, ਜਨਵਰੀ 2010, ਪੰਨਾ 280.

45 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 184.

46 ਪ੍ਰੋ. ਸੋਹਣ ਸਿੰਘ: ਦੋ ਅੱਖਰ, ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 14.

47 ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ: ਗੁਰਮਤਿ ਸੰਗੀਤ- ਸਹਾਇਕ ਸੰਸਥਾਵਾਂ , ਟਕਸਾਲਾਂ ਦਾ ਯੋਗਦਾਨ, ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 108.

48 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 25.

49 ਗੁਰਦਿਆਲ ਸਿੰਘ ਫੁਲ: ਮੁਖ ਸ਼ਬਦ, ਵਦੇਸ਼ ਫੇਰੀ, ਮਿਤੀਹੀਨ, ਪੰਨਾ 1.

50 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 18.

51 ਜਗਜੀਤ ਸਿੰਘ ਕੋਹਾੜਕਾ: ਗੁਰਮਤਿ ਸੰਗੀਤ ਦੇ ਰਬਾਬੀ, ਢਾਡੀ ਅਤੇ ਸਿੱਖ ਕੀਰਤਨਕਾਰ, ਸਮਾਜਿਕ ਵਿਗਿਆਨ ਪੱਤਰ, ਅੰਕ 51, ਦਸੰਬਰ 2003, ਪੰਨਾ 137.

52 ਅਮਰ ਸਿੰਘ ਦੁਸਾਂਝ: ਭੂਮਿਕਾ, ਜਿਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 15.

53 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 134.

**ਜਸਮੇਰ ਸਿੰਘ ਹੋਠੀ** ਨੇ ਪੁਸਤਕ 'ਸੰਤਨ ਕੀ ਮਹਿਮਾ'[54], ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਉਪਰੋਕਤ ਗੁਣਾਂ ਦਾ ਵਰਣਨ ਕੀਤਾ ਹੈ।

ਉਪਰੋਕਤ ਹਵਾਲਿਆ ਤੋਂ ਸਪਸ਼ਟ ਹੈ ਕਿ ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਸੰਤ ਦਲੀਪ ਸਿੰਘ ਦੇ ਅਸ਼ੀਰਵਾਦ ਨਾਲ ਅਯੁਰਵੈਦਿਕ ਸਿਖਿਆ ਪ੍ਰਾਪਤ ਕੀਤੀ ਉਥੇ ਸੰਗੀਤ ਦੇ ਖੇਤਰ ਵਿਚ ਵੀ ਵੱਖ-ਵੱਖ ਉਸਤਾਦਾਂ ਕੋਲੋਂ ਸਿਖਿਆ ਪ੍ਰਾਪਤ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਹੋਏ। ਉਨ੍ਹਾਂ ਨੇ ਵੱਖ-ਵੱਖ ਸੰਗੀਤਕ ਸਾਜ਼ ਵਜਾਉਣ ਵਿਚ ਮੁਹਾਰਤ ਵੀ ਹਾਸਲ ਕੀਤੀ।

### 2.3.4 ਗੁਰਬਾਣੀ ਪਰਚਾਰ

ਉਚ ਕੋਟੀ ਦੀ ਸੰਗੀਤਕ ਵਿਦਿਆ ਹਾਸਲ ਕਰਨ ਉਪਰੰਤ ਸੰਤ ਸਰਵਣ ਸਿੰਘ ਗੰਧਰਵ ਨੇ ਆਪਣਾ ਸਾਰਾ ਜੀਵਨ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਲਗਾਇਆ। ਇਸ ਉਦੇਸ਼ ਲਈ ਆਪ ਨੇ ਜਿਥੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਜਾ ਕੇ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ, ਉਥੇ ਵਿਦੇਸ਼ਾਂ **(ਇੰਗਲੈਂਡ, ਅਮਰੀਕਾ, ਕਨੇਡਾ, ਜਰਮਨ ਆਦਿ)** ਵਿਚ ਵੀ ਜਾ ਕੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ।

— ਆਪਣੇ ਦੇਸ਼ ਵਿਚ ਗੁਰਬਾਣੀ ਪਰਚਾਰ ਹਿਤ ਆਪ ਨੇ 'ਸ. ਹੁਕਮ ਸਿੰਘ ਅਤੇ ਸ. ਅਜਾਇਬ ਸਿੰਘ ਜੀ ਦੇ ਸੱਦੇ ਤੇ ਅਸਾਮ ਦੀ ਪਹਿਲੀ ਯਾਤਰਾ ਕੀਤੀ ਅਤੇ ਕੀਰਤਨ ਅਤੇ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਬਾਣੀ ਨਾਲ ਜੋੜਿਆ। ਇਸ ਯਾਤਰਾ ਦੌਰਾਨ ਆਪ ਨੇ **ਅਸਾਮ ਦੇ ਚਬੂਆ, ਡਿਬਰੂਗੜ੍ਹ, ਜੋਰਹਾਟ, ਨਵਾਂ ਗਾਉਂ, ਗੋਹਾਟੀ, ਸ਼ਿਲਾਂਗ, ਬੰਗਾਲ, ਸਿਲੀਗੁੜੀ** ਆਦਿ ਸ਼ਹਿਰਾਂ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਤੋਂ ਇਲਾਵਾ ਆਪ ਨੇ **ਮਹਾਂਰਾਸ਼ਟਰ, ਰਾਜਸਥਾਨ, ਕਸ਼ਮੀਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼,** ਸਮੇਤ ਦੇਸ਼ ਦੇ ਕਈ ਪ੍ਰਾਂਤਾਂ ਵਿਚ ਜਾ ਕੇ ਗੁਰਬਾਣੀ ਗਾਇਨ ਦੁਆਰਾ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ। ਇਸ ਗੱਲ ਦੀ ਪੁਸ਼ਟੀ **ਸੇਵਕ ਸਿੰਘ ਉਪਲ** ਨੇ 'ਵਦੇਸ਼ ਫੇਰੀ' ਪੁਸਤਕ ਵਿਚ ਕੀਤੀ।'[55]

— **ਸੰਤ ਸਰਵਣ ਸਿੰਘ ਗੰਧਰਵ** ਨੇ ਵਿਦੇਸ਼ ਵਿਚ ਵੀ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ। ਰਾਗਮਈ ਅਤੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਕਰਕੇ ਦੇਸ਼-ਵਿਦੇਸ਼ ਦੀ ਸੰਗਤ ਵਿਚ ਆਪ ਜੀ ਦਾ ਸਤਿਕਾਰ ਹੋਰ ਵੀ ਵਧ ਗਿਆ। 'ਵਿਦੇਸ਼ ਦੀ ਸੰਗਤ ਦੇ ਸੱਦੇ ਤੇ ਆਪ **1970 ਵਿਚ ਇੰਗਲੈਂਡ** ਚਲੇ ਗਏ। ਇੰਗਲੈਂਡ ਵਿਚ ਆਪ ਜੀ ਨੇ **ਸਾਊਥਹਾਲ, ਲਿਸਟਰ, ਬਰਮਿੰਗਮ** ਆਦਿ ਸਮੇਤ ਕਈ ਹੋਰ

54 ਜਸਮੇਰ ਸਿੰਘ ਹੋਠੀ: ਗੁਰਮੁਖਿ ਪਰਉਪਕਾਰੀ ਵਿਰਲਾ ਆਇਆ, ਸੰਤਨ ਕੀ ਮਹਿਮਾ, 2012, ਪੰਨਾ 110.

55 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 27-29.

ਸ਼ਹਿਰਾਂ ਵਿਚ ਕੀਰਤਨ ਕਰਕੇ ਉਥੋਂ ਦੀਆਂ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ। ਅਮਰੀਕਾ ਦੀ ਸੰਗਤ ਦੇ ਸੱਦੇ ਤੇ ਆਪ **1973 ਵਿਚ ਅਮਰੀਕਾ** ਚਲੇ ਗਏ। ਇਥੇ ਆਪ ਨੇ **ਸਟਾਕਟਨ ਦੀ ਲਾਇਬਰੇਰੀ** ਵਿਚ ਰਾਗਮਈ ਗੁਰਬਾਣੀ ਗਾਇਨ ਕਰਕੇ ਅਤੇ ਸਿਤਾਰ ਵਾਦਨ ਪੇਸ਼ ਕਰਕੇ ਸਭ ਨੂੰ ਹੈਰਾਨ ਕਰ ਦਿਤਾ। ਇਸ ਤੋਂ ਇਲਾਵਾ ਆਪ ਜੀ ਨੇਂ **ਯੂਬਾ, ਬਰਕਲੇ, ਕੈਲੇਫੋਰਨੀਆਂ, ਸਾਨਫਰਾਂਸਿਸਕੋ, ਲਾਸਏਂਜਲਸ,** ਸਮੇਤ ਕਈ ਹੋਰ ਸ਼ਹਿਰਾਂ ਵਿਚ ਰਾਗਮਈ ਕੀਰਤਨ ਕਰਕੇ ਸੰਗਤਾਂ ਦਾ ਦਿਲ ਜਿਤ ਲਿਆ। 1974 ਵਿਚ ਆਪ ਸੰਗਤਾਂ ਦੇ ਸੱਦੇ ਤੇ **ਕਨੇਡਾ** ਚਲੇ ਗਏ। ਇਥੇ ਆਪ ਨੇ **ਵੈਨਕੂਵਰ, ਡੰਕਨ, ਕੈਮਲੂਪ, ਟਰੰਟੋ, ਮੈਨਟ੍ਰੀਅਲ** ਸਮੇਤ ਹੋਰ ਅਨੇਕ ਸ਼ਹਿਰਾਂ ਵਿਚ ਧੁਰਕੀ ਬਾਣੀ ਦਾ ਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।'[56]

ਇਸ ਤਰ੍ਹਾਂ ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਦੇਸ਼ ਦੇ ਕੋਨੇ-ਕੋਨੇ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ, ਉਥੇ ਵਿਦੇਸ਼ਾਂ ਵਿਚ ਵੀ ਜਾ ਕੇ ਆਪਣੇ ਅਤੇ ਗੋਰੇ ਲੋਕਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ। ਜੇਕਰ ਇਹ ਕਹਿ ਲਿਆ ਜਾਵੇ ਕਿ ਸੰਤ ਸਰਵਣ ਸਿੰਘ ਗੰਧਰਵ ਨੇ ਦੇਸ਼ ਅਤੇ ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

### 2.3.5 ਪੁਸਤਕ ਪ੍ਰਕਾਸ਼ਨ

**ਸੰਤ ਸਰਵਣ ਸਿੰਘ ਗੰਧਰਵ** ਨੇ ਜਿਥੇ ਦੇਸ਼-ਵਿਦੇਸ਼ ਵਿਚ ਤੰਤੀ ਸਾਜਾਂ ਨਾਲ ਰਾਗਮਈ ਕੀਰਤਨ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ, ਉਥੇ **'ਸੁਰ ਸਿਮਰਨ ਸੰਗੀਤ'** ਪੁਸਤਕ (ਸੱਤ ਭਾਗਾਂ ਵਿਚ) ਪ੍ਰਰਕਾਸ਼ਿਤ ਕਰਕੇ ਗੁਰਬਾਣੀ ਸੰਗੀਤ ਪ੍ਰਤੀ ਵਡਮੁੱਲੀ ਸੇਵਾ ਕੀਤੀ। ਇਨ੍ਹਾਂ ਸੱਤ ਭਾਗਾਂ ਵਿਚ ਜਿਥੇ ਭਾਰਤੀ ਸੰਗੀਤ ਸਬੰਧੀ ਜਾਣਕਾਰੀ ਉਪਲਬਧ ਕਰਵਾਈ ਗਈ ਹੈ, ਉਥੇ ਗੁਰਮਤਿ ਸੰਗੀਤ ਦਾ ਅਥਾਹ ਖਜ਼ਾਨਾ ਮੌਜੂਦ ਹੈ।

**"ਸੁਰ ਸਿਮਰਨ ਸੰਗੀਤ ਦੇ ਪਹਿਲੇ ਭਾਗ** ਵਿਚ ਸੰਗੀਤ ਦੇ ਸਿਧਾਂਤ ਬਾਰੇ ਸੁਰ ਸਾਧਨਾ, ਸੰਗੀਤ ਦੀ ਪਰਿਭਾਸ਼ਾ, ਸੰਗੀਤ ਪੱਧਤੀਆਂ, ਭਾਤਖੰਡੇ ਸੁਰ ਲਿਪੀ ਪੱਧਤੀ, ਸ਼ਰੁਤੀ, ਸਪਤਕ, ਥਾਟ, ਰਾਗ, ਤਾਲ ਦਾ ਮਹੱਤਵ ਆਦਿ ਮਹੱਤਵਪੂਰਨ ਪੱਖਾਂ ਸਬੰਧੀ ਸਿਧਾਂਤਿਕ ਚਰਚਾ ਹੈ। ਪੁਸਤਕ ਵਿਚ 36 ਬੰਦਸ਼ਾਂ, 19 ਰਾਗਾਂ ਤੇ 7 ਤਾਲਾਂ ਵਿਚ ਦਰਜ ਹਨ। ਇਸ ਵਿਚ ਦਰਜ 6 ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰ, 5 ਗੁਰਮਤਿ ਸੰਗੀਤ ਦੀ ਨਿਰਧਾਰਤ ਰਾਗਾਂ ਦੀ ਧਾਰਾ ਅਨੁਸਾਰ ਅਤੇ 25 ਸ਼ਬਦ ਰੀਤ ਧਾਰਾ ਦੇ ਅਨੁਸਾਰ ਰਚੀਆਂ ਗਈਆਂ ਹਨ।

---

56 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 27-29,55-59,73,86,98-99,105-107,120-121'126,146-147.

**'ਸੁਰ ਸਿਮਰਨ ਸੰਗੀਤ' ਦੇ ਦੂਜੇ ਭਾਗ** ਵਿਚ ਸੰਗੀਤ ਦੇ ਸਿਧਾਂਤ ਦੇ ਵਿਭਿੰਨ ਪਹਿਲੂਆਂ ਸਬੰਧੀ ਵਿਚਾਰ ਦੇ ਨਾਲ-ਨਾਲ ਹੋਰ ਵਿਸ਼ਿਆਂ ਸਬੰਧੀ ਨਿਬੱਧ ਸੰਕਲਿਤ ਹਨ। ਪੁਸਤਕ ਦੇ ਇਸ ਭਾਗ ਵਿਚ 36 ਸ਼ਬਦ ਕੀਰਤਨ ਰਚਨਾਵਾਂ ਨੂੰ 11 ਰਾਗਾਂ ਅਧੀਨ ਸੁਰਲਿਪੀਬੱਧ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 9 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਅਤੇ 27 ਸ਼ਬਦ ਰੀਤ ਧਾਰਾ ਅਨੁਸਾਰੀ ਹਨ। ਇਸ ਪੁਸਤਕ ਵਿਚ 'ਆਸਾ ਦੀ ਵਾਰ' ਵੀ ਸੁਰਲਿਪੀਬੱਧ ਕੀਤੀ ਗਈ ਹੈ।

**'ਸੁਰ ਸਿਮਰਨ ਸੰਗੀਤ' ਦੇ ਤੀਜੇ ਭਾਗ** ਵਿਚ ਲੇਖਕ ਨੇ ਸੰਗੀਤ ਦੇ ਸਿਧਾਂਤਾਂ ਸਬੰਧੀ ਵਿਚਾਰ ਕਰਦਿਆਂ ਜਾਤੀ, ਸੁਰ ਸੰਵਾਦ, ਪੱਛਮੀ ਸੰਗੀਤ ਵਿਚ ਸੁਰ ਸੰਵਾਦ, ਗ੍ਰਾਮ, ਮੂਰਛਨਾ ਵਰਗੇ ਵਿਸ਼ਿਆਂ ਸਬੰਧੀ ਖੋਜ ਭਰਪੂਰ ਲੇਖਨ ਕੀਤਾ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ 59 ਸ਼ਬਦ ਕੀਰਤਨ ਰਚਨਾਵਾਂ ਨੂੰ 26 ਰਾਗਾਂ ਦੇ ਅੰਤਰਗਤ 16 ਤਾਲਾਂ ਵਿਚ ਤਾਲਬੱਧ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਖਿਆਲ ਅੰਗ ਅਤੇ ਸ਼ਬਦ ਰੀਤ ਪਰੰਪਰਾ ਅਨੁਸਾਰ ਰਚਿਤ ਸ਼ਬਦ ਰਚਨਾਵਾਂ ਵਿਸ਼ੇਸ਼ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਚੌਥਾ ਭਾਗ,** ਜੋ ਕਿ 1985 ਵਿਚ ਪ੍ਰਕਾਸ਼ਿਤ ਹੋਇਆ, ਵਿਚ ਤਾਲ ਸਬੰਧਿਤ ਵਿਭਿੰਨ ਵਿਸ਼ਿਆਂ ਦੀ ਸਿਧਾਂਤਿਕ ਅਤੇ ਵਿਹਾਰਿਕ ਜਾਣਕਾਰੀ ਤੋਂ ਇਲਾਵਾ ਇਸ ਵਿਚ 197 ਸ਼ਬਦ ਕੀਰਤਨ ਰਚਨਾਵਾਂ ਨੂੰ 83 ਰਾਗਾਂ ਅਧੀਨ ਦਰਜ ਕੀਤਾ ਗਿਆ ਹੈ। ਨਿਰਧਾਰਿਤ ਰਾਗਾਂ ਵਿਚ ਰਚਿਤ ਰਚਨਾਵਾਂ ਤੋਂ ਬਿਨਾਂ ਧਰੁਪਦ, ਖਿਆਲ ਅਤੇ ਪੜਤਾਲ ਸ਼ੈਲੀ ਵਿਚ ਅੰਕਿਤ ਵੱਖ-ਵੱਖ ਰਚਨਾਵਾਂ ਇਸ ਚੌਥੇ ਭਾਗ ਦਾ ਵਿਸ਼ੇਸ਼ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਪੰਜਵਾਂ ਭਾਗ** 1987 ਵਿਚ ਪ੍ਰਕਾਸ਼ਿਤ ਹੋਇਆ। ਇਸ ਪੁਸਤਕ ਦੇ ਅੰਤਰਗਤ ਨਿਬੱਧ ਗਾਨ, ਮਾਰਗੀ ਅਤੇ ਦੇਸੀ ਸੰਗੀਤ, ਲੋਕ ਗਾਇਨ ਸ਼ੈਲੀਆਂ, ਗੁਰਮਤਿ ਸੰਗੀਤ ਪੱਧਤੀ, ਕਰਨਾਟਕ ਸੰਗੀਤ ਪੱਧਤੀ, ਸਬੰਧੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਸ ਪੁਸਤਕ ਦੇ ਅੰਤਰਗਤ ਪ੍ਰਚਲਿਤ ਅਤੇ ਅਪ੍ਰਚਲਿਤ 114 ਰਾਗਾਂ ਅਧੀਨ 15 ਤਾਲਾਂ ਸਹਿਤ 261 ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ। ਧਰੁਪਦ, ਧਮਾਰ, ਖਿਆਲ ਅਤੇ ਪੜਤਾਲ ਸ਼ੈਲੀ ਇਨ੍ਹਾਂ ਰਚਨਾਵਾਂ ਦਾ ਵਿਸ਼ੇਸ਼ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ** 1990 ਵਿਚ ਪ੍ਰਕਾਸ਼ਿਤ ਹੋਇਆ। ਇਸ ਭਾਗ ਦੇ ਅੰਤਰਗਤ 321 ਸ਼ਬਦ ਕੀਰਤਨ ਰਚਨਾਵਾਂ ਨੂੰ 100 ਰਾਗਾਂ ਅਤੇ 16 ਵੱਖ-ਵੱਖ ਤਾਲਾਂ ਅਧੀਨ ਦਰਜ ਕੀਤਾ ਗਿਆ ਹੈ। ਇਸ ਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਨਾਲ-ਨਾਲ ਹੋਰ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਸਬੰਧੀ ਸਿਧਾਂਤਕ ਤੇ ਕਿਰਿਆਤਮਕ ਜਾਣਕਾਰੀ ਦਿਤੀ ਗਈ ਹੈ। ਬਾਕੀ ਸ਼ੈਲੀਆਂ ਤੋਂ ਬਿਨ੍ਹਾਂ ਵੱਖ-ਵੱਖ ਰਾਗਾਂ ਵਿਚ ਗੁਲਦਸਤੇ ਇਨ੍ਹਾਂ ਰਚਨਾਵਾਂ ਦਾ ਵਿਲੱਖਣ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਸੱਤਵਾਂ ਭਾਗ** 1994 ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ 67 ਸ਼ਬਦ ਕੀਰਤਨ ਰਚਨਾਵਾਂ ਨੂੰ 38 ਰਾਗਾਂ ਤੇ 8 ਤਾਲਾਂ ਅਧੀਨ ਤਾਲਬੱਧ ਕੀਤਾ ਗਿਆ ਹੈ। ਇਸ ਪੁਸਤਕ ਦੇ ਅੰਤਰਗਤ ਸੰਗੀਤ ਦੇ ਸਿਧਾਂਤਕ ਵਿਸ਼ਿਆਂ ਅਧੀਨ ਸੰਗੀਤ ਪੱਧਤੀਆਂ, ਰਾਗ ਵਰਗੀਕਰਨ, ਭਰਤ ਦੀ ਸਾਰਣਾ ਚਤੁਸ਼ਟਈ, ਸ਼ਾਰੰਗਦੇਵ ਦੀ ਸਾਰਣਾ ਪ੍ਰਕਿਰਿਆ, ਸੁਰ ਸਥਾਪਨਾ ਪ੍ਰਕਿਰਿਆ ਤੇ ਪ੍ਰਕਰਣ ਆਦਿ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ।

'ਸੁਰ ਸਿਮਰਨ ਸੰਗੀਤ' ਪੁਸਤਕ ਦੇ 7 ਭਾਗਾਂ ਵਿਚ ਲੇਖਕ ਸੰਤ ਸਰਵਣ ਸਿੰਘ ਗੰਧਰਵ ਨੇ ਸਰਵਣ ਸਾਰੰਗ, ਸਰਵਣ ਕਾਨੜਾ, ਸਰਵਣ ਗੌਂਡ, ਸਰਵਣ ਟੋਡੀ, ਸਿੰਘ ਸਰਵਣ ਕੇਦਾਰ, ਸਿੰਧੂ ਬਹਾਰ, ਗੁਰਦੇਵ ਸਾਰੰਗ, ਲੱਛਾ ਸਾਖ ਬਿਲਾਵਲ, ਮਧੂ ਮਲਾਰ, ਗੰਧਰਵ ਸੂਹੀ, ਗੰਧਰਵ ਬਿਹਾਗ, ਆਦਿ ਕੁਲ **88 ਮੌਲਿਕ ਰਾਗ** ਅੰਕਿਤ ਕੀਤੇ ਹਨ।"[57]

ਇਸ ਗੱਲ ਦੀ ਪੁਸ਼ਟੀ **ਦਰਸ਼ਨ ਸਿੰਘ ਖਾਲਸਾ** ਨੇ 'ਸੁਰ ਸਿਮਰਨ ਸੰਗੀਤ' (ਭਾਗ ਪੰਜਵਾ)'[58], **ਪ੍ਰੋ. ਜਗਜੀਤ ਕੌਰ** ਨੇ ਪੁਸਤਕ 'ਵਿਸਮਾਦ ਨਾਦ ਗੁਰਮਤਿ ਸੰਗੀਤ ਵਿਸ਼ੇਸ਼ ਅੰਕ'[59], **ਹਰਚੰਦ ਸਿੰਘ ਲੌਂਗੋਵਾਲ** ਨੇ ਪੁਸਤਕ 'ਸੁਰ ਸਿਮਰਨ ਸੰਗੀਤ' (ਭਾਗ ਤੀਜਾ)'[60], **ਕੁਲਵਿੰਦਰ ਸਿੰਘ** ਨੇ ਪੁਸਤਕ 'ਸੁਰ ਸਿਮਰਨ ਸੰਗੀਤ' (ਭਾਗ ਸੱਤ)'[61], ਅਤੇ **ਸ. ਹਰਤਾਜ ਸਿੰਘ** ਨੇ ਇਕ ਸਾਖਿਆਕਾਰ (ਇੰਟਰਵਿਊ)'[62] ਰਾਹੀਂ ਕੀਤੀ ਹੈ।

### 2.3.6 ਸਨਮਾਨ

ਸੰਤ ਸਰਵਣ ਸਿੰਘ ਨੂੰ ਆਪਣੇ ਵਡਮੁੱਲੇ ਕਾਰਜਾਂ ਸਦਕਾ ਦੇਸ਼-ਵਿਦੇਸ ਦੀਆਂ ਅਨੇਕ ਸਭਾ ਸੁਸਾਇਟੀਆਂ ਵਲੋਂ ਭਰਪੂਰ ਮਾਣ ਸਨਮਾਨ ਦਿਤਾ ਗਿਆ। ਗੁਰਮਤਿ ਸੰਗੀਤ ਸੁਸਾਇਟੀ ਪਟਿਆਲਾ ਵਲੋਂ

---

57 ਗੁਰਨਾਮ ਸਿੰਘ (ਡਾ.): ਰੋਜ਼ਾਨਾ ਅਜੀਤ ਜਲੰਧਰ, ਧਰਮ ਤੇ ਵਿਰਸਾ ਅੰਕ, ਗੁਰਮਤਿ ਸੰਗੀਤ ਪ੍ਰੰਪਰਾ-133, ਮਿਤੀ 16 ਜੁਲਾਈ 2013, ਪੰਨਾ 8.

58 ਦਰਸ਼ਨ ਸਿੰਘ ਖਾਲਸਾ: ਮੁਖਬੰਧ, ਸੁਰ ਸਿਮਰਨ ਸੰਗੀਤ (ਭਾਗ ਪੰਜਵਾ),2006, ਪੰਨਾ 13-14.

59 ਪ੍ਰੋ. ਜਗਜੀਤ ਕੌਰ: ਗੁਰਮਤਿ ਸੰਗੀਤਾਚਾਰੀਆ-ਸੰਤ ਸਰਵਣ ਸਿੰਘ ਗੰਧਰਵ, ਵਿਸਮਾਦ ਨਾਦ, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 96.

60 ਹਰਚੰਦ ਸਿੰਘ ਲੌਂਗੋਵਾਲ: ਮੁਖਬੰਧ, ਸੁਰ ਸਿਮਰਨ ਸੰਗੀਤ' (ਭਾਗ ਤੀਜਾ), ਜਨਵਰੀ 2006, ਪੰਨਾ 14.

61 ਕੁਲਵਿੰਦਰ ਸਿੰਘ: ਸ਼ਰਧਾ ਦੇ ਫੁੱਲ, ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 14.

62 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ, ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

ਕਰਵਾਈ ਗਈ ਸਰਬ ਹਿੰਦ ਕਾਨਫ਼ਰੰਸ ਦੌਰਾਨ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਦੀ ਯਾਦ ਵਿਚ ਆਪ ਨੂੰ ਦਿਤਾ ਗਿਆ 'ਗੁਰਮਤਿ ਸੰਗੀਤ ਅਵਾਰਡ' ਵੀ ਆਪ ਦੀ ਇਕ ਵਿਸ਼ੇਸ਼ ਪ੍ਰਾਪਤੀ ਸੀ ਕਿਉਂਕਿ ਇਹ ਅਵਾਰਡ ਗੁਰਮਤਿ ਸੰਗੀਤ ਦੇ ਕਿਸੇ ਸ਼ਾਸਤਰੀ ਨੂੰ ਹੀ ਦਿਤਾ ਜਾਂਦਾ ਹੈ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਕੀਤਾ ਗਿਆ ਕਾਰਜ ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਕਿਰਿਆਤਮਕ ਖੇਤਰ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ।

### 2.3.7 ਸ਼ਗਿਰਦ

**ਸੰਤ ਸਰਵਣ ਸਿੰਘ ਗੰਧਰਵ** ਜਿਥੇ ਰਾਗਾਤਮਿਕ ਕੀਰਤਨ ਕਰਨ ਅਤੇ ਤੰਤੀ ਸਾਜ਼ ਵਜਾਉਣ ਦੇ ਮਾਹਿਰ ਸਨ, ਉਥੇ ਉਨ੍ਹਾਂ ਦੇ ਅਨੇਕਾਂ ਸ਼ਗਿਰਦ ਵੀ ਹੋਏ ਹਨ ਜਿਨ੍ਹਾਂ ਨੇ ਡੁਮੇਲੀ ਟਕਸਾਲ ਅਤੇ ਸੰਤ ਸਰਵਣ ਸਿੰਘ ਗੰਧਰਵ ਦਾ ਨਾਮ ਰੌਸ਼ਨ ਕੀਤਾ ਹੈ।

ਉਨ੍ਹਾਂ ਦੇ ਸ਼ਗਿਰਦਾਂ ਵਿਚੋਂ **ਭਾਈ ਬੰਤਾ ਸਿੰਘ (ਅੰਮ੍ਰਿਤਸਰ ਵਾਲੇ) ਅਤੇ ਭਾਈ ਸੱਜਣ ਸਿੰਘ (ਪਿੰਡ ਮੂਲੋਵਾਲ ਜਿਲਾ ਸੰਗਰੂਰ)** ਪਹਿਲਾਂ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਕੀਰਤਨ ਕਰਦੇ ਰਹੇ। ਬਾਅਦ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਦੀਆਂ ਸੇਵਾਵਾਂ ਨਿਭਾ ਕੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਬਣੇ। ਇਹ ਦੋਵੇਂ ਨੇਤਰਹੀਨ ਸਨ। ਇਨ੍ਹਾਂ ਵਿਚੋਂ ਭਾਈ ਬੰਤਾ ਸਿੰਘ ਚੜ੍ਹਾਈ ਕਰ ਚੁੱਕੇ ਹਨ ਜਦ ਕਿ ਭਾਈ ਸੱਜਣ ਸਿੰਘ ਅੱਜਕਲ ਅਮਰੀਕਾ ਵਿਚ ਰਹਿ ਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੇ ਹਨ। ਸੰਤ ਜੀ ਦੇ ਸ਼ਗਿਰਦਾਂ ਵਿਚੋਂ **ਭਾਈ ਗੁਰਮੇਲ ਸਿੰਘ ਜਗਜੀਤਪੁਰ (ਨੇੜੇ ਫਗਵਾੜਾ)** ਵਾਲੇ ਵੀ ਮਹਾਨ ਰਾਗੀ ਹੋਏ ਹਨ, ਜੋ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਅਤੇ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਕੀਰਤਨ ਕਰਦੇ ਰਹੇ ਹਨ। ਇਹ ਵੀ ਨੇਤਰਹੀਨ ਸਨ ਤੇ ਚੜ੍ਹਾਈ ਕਰ ਚੁੱਕੇ ਹਨ। ਇਸੇ ਤਰਾਂ **ਭਾਈ ਦਇਆ ਸਿੰਘ** ਨੇ ਵੀ ਸੰਤ ਸਰਵਣ ਸਿੰਘ ਗੰਧਰਵ ਨਾਲ ਰਹਿ ਕੇ ਕੀਰਤਨ ਕਰਨ ਦੀ ਵਿਸ਼ੇਸ਼ ਸਿਖਲਾਈ ਲਈ ਤੇ ਬਾਅਦ ਵਿਚ ਕਨੇਡਾ ਜਾ ਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ। **ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨੇ ਵੀ ਸੰਤ ਗੰਧਰਵ ਜੀ ਕੋਲ ਰਹਿ ਕੇ ਕੀਰਤਨ ਕਰਨ ਦੀ ਰਾਗਾਤਮਿਕ ਸਿਖਲਾਈ ਲਈ ਤੇ ਬਾਅਦ ਵਿਚ ਉਨ੍ਹਾਂ ਨਾਲ ਸਾਈਡ ਤੇ ਬੈਠ ਕੇ ਕੀਰਤਨ ਵੀ ਕਰਦੇ ਰਹੇ। ਆਪ ਨੂੰ ਵੀ ਸੰਤ ਜੀ ਨਾਲ ਰਹਿ ਕੇ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਦਾ ਸੁਭਾਗ ਪ੍ਰਾਪਤ ਹੈ। ਸੰਤ ਜੀ ਦੇ ਸ਼ਗਿਰਦਾਂ ਵਿਚੋਂ **ਭਾਈ ਬਲਵੀਰ ਸਿੰਘ** ਅੱਜਕਲ ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ (ਕੁਟੀਆ) ਵਿਖੇ ਰਹਿ ਕੇ ਹੀ ਕੀਰਤਨ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਦੇ ਸ਼ਗਿਰਦਾਂ ਵਿਚੋਂ **ਸੰਤ ਪ੍ਰੀਤਮ ਸਿੰਘ** (ਮੌਜੂਦਾ ਮੁੱਖ ਸੇਵਾਦਾਰ ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ) ਵੀ ਅੱਜਕਲ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਸੈਂਕੜੇ ਵਿਦਿਆਰਥੀ

ਸੰਤ ਸਰਵਣ ਸਿੰਘ ਗੰਧਰਵ ਕੋਲੋਂ ਗੁਰਮਤਿ ਸੰਗੀਤ ਦੀ ਸਿਖਿਆ ਲੈ ਕੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਕਾਰਜਸ਼ੀਲ ਹਨ।'[63]

### 2.3.8 ਸੰਤ ਸਰਵਣ ਸਿੰਘ ਗੰਧਰਵ ਦੇ ਲੋਕ ਭਲਾਈ ਹਿਤ ਕਾਰਜ

**ਸੰਤ ਸਰਵਣ ਸਿੰਘ ਗੰਧਰਵ** ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦਾ ਵੇਰਵਾ ਵੀ ਬਹੁਤ ਲੰਬਾ ਹੈ। ਆਪ ਦੇ ਇਨ੍ਹਾਂ ਲੋਕ ਭਲਾਈ ਦੇ ਕੰਮਾਂ ਕਾਰਨ ਦੇਸ਼-ਵਿਦੇਸ਼ ਦੀ ਸੰਗਤ ਅੱਜ ਵੀ ਆਪ ਨੂੰ ਯਾਦ ਕਰਦੀ ਹੈ।

— 1971 ਵਿਚ ਆਪ ਜੀ ਨੇ ਪਿੰਡ ਡੁਮੇਲੀ ਵਿਖੇ ਹੀ ਆਪਣੇ ਗੁਰੂ ਸੰਤ ਬਾਬਾ ਦਲੀਪ ਸਿੰਘ ਪ੍ਰਤੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਨਾਮ ਤੇ ਇਕ ਕਾਲਜ ਦੀ ਸਥਾਪਨਾ ਕੀਤੀ, ਜੋ ਕਿ '**ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ**' ਦੇ ਨਾਮ ਹੇਠ ਇਲਾਕੇ ਵਿਚ ਵਿਦਿਆ ਦਾ ਪਰਸਾਰ ਕਰ ਰਿਹਾ ਹੈ।'[64]

— "ਇਸੇ ਤਰ੍ਹਾਂ ਡੁਮੇਲੀ ਪਿੰਡ ਵਿਚ ਹੀ ਆਪ ਜੀ ਨੇ **ਇਕ ਡਿਸਪੈਂਸਰੀ ਅਤੇ ਇਕ ਪਸ਼ੂਆਂ ਦੇ ਹਸਪਤਾਲ ਦੀ ਬਿਲਡਿੰਗ** ਦੀ ਉਸਾਰੀ ਕਰਵਾਈ। ਇਸ ਨਾਲ ਡੁਮੇਲੀ ਪਿੰਡ ਅਤੇ ਇਲਾਕੇ ਦੇ ਲੋਕਾਂ ਨੂੰ ਸਿਹਤ ਸਬੰਧੀ ਸੇਵਾਵਾਂ ਆਪਣੇ ਘਰ ਵਿਚ ਹੀ ਮਿਲਣ ਲੱਗੀਆਂ। ਇਸ ਗੱਲ ਦੀ ਪੁਸ਼ਟੀ ਸੇਵਕ ਸਿੰਘ ਉਪਲ ਨੇ 'ਵਦੇਸ਼ ਫੇਰੀ' ਪੁਸਤਕ ਵਿਚ ਕੀਤੀ।"[65]

— "ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਿਆ ਦੇਣ ਲਈ ਪਿੰਡ ਡੁਮੇਲੀ ਵਿਚ ਹੀ ਆਪ ਜੀ ਨੇ ਸੰਗੀਤ ਵਿਦਿਆਲਾ ਖੋਲ੍ਹਿਆ। ਆਪ ਡੇਰੇ ਵਿਚ ਮੌਜੂਦ ਵਿਦਿਆਰਥੀਆਂ ਨੂੰ ਖੁਦ ਗੁਰਮਤਿ ਸੰਗੀਤ ਦੀ ਵਿਦਿਆ, ਗੁਰਬਾਣੀ ਸਿਖਿਆ ਅਤੇ ਪਾਠ ਪੜ੍ਹਨ ਦੀ ਵਿਧੀ ਦੱਸਦੇ ਸਨ। ਵਿਦਿਆ ਦੇਣ ਸਮੇਂ ਗਰੀਬ-ਅਮੀਰ, ਜਾਤ-ਪਾਤ, ਊਚ-ਨੀਚ ਨਹੀਂ ਸੀ ਦੇਖੀ ਜਾਂਦੀ। ਇਸ ਗੱਲ ਦੀ ਪੁਸ਼ਟੀ **ਸੇਵਕ ਸਿੰਘ ਉਪਲ** ਨੇ ਆਪਣੀ ਪੁਸਤਕ 'ਵਦੇਸ਼ ਫੇਰੀ' ਵਿਚ ਕੀਤੀ ਹੈ।"[66]

---

63 ਸੰਤ ਪ੍ਰੀਤਮ ਸਿੰਘ, ਭਾਈ ਸੱਜਣ ਸਿੰਘ ਅਮਰੀਕਾ, ਭਾਈ ਬਲਵੀਰ ਸਿੰਘ ਅਤੇ ਭਾਈ ਹਰਤਾਜ ਸਿੰਘ (ਸਾਰੇ ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ/ਰਿਹਾਣਾਂ ਜੱਟਾਂ, ਕਪੂਰਥਲਾ, ਵੱਖ-ਵੱਖ ਮਿਤੀਆਂ।

64 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਦੇ ਪ੍ਰਾਸਪੈਕਟਸ (ਸੈਸ਼ਨ 2014-15) ਤੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਅਧਾਰਿਤ।

65 ਸੇਵਕ ਸਿੰਘ ਉਪਲ,: ਵਦੇਸ਼ ਫੇਰੀ, ਪੰਨਾ 6.

66 ---ਉਹੀ---, ---ਉਹੀ---, ਪੰਨਾ 25-26.

— ਇਸੇ ਤਰ੍ਹਾਂ ਇਸ ਗੱਲ ਦੀ ਪੁਸ਼ਟੀ '**ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ)** ਨੇ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਵੀ ਕੀਤੀ ਹੈ।'[67]

### 2.3.9 ਸਵਰਗਵਾਸ

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਨਾਮ ਦੁਨੀਆਂ ਭਰ ਵਿਚ ਸਥਾਪਿਤ ਕਰਨ ਵਾਲੇ ਇਹ ਮਹਾਨ ਸੰਗੀਤ ਵਿਦਵਾਨ **9 ਫਰਵਰੀ 1992** ਨੂੰ ਸਵਰਗਵਾਸ ਹੋ ਗਏ। ਭਾਵੇਂ ਉਹ ਅੱਜ ਸਾਡੇ ਵਿਚ ਨਹੀਂ ਰਹੇ, ਪਰੰਤੂ ਸੰਗੀਤ ਜਗਤ ਵਿਚ ਉਨ੍ਹਾਂ ਦਾ ਨਾਮ ਰਹਿੰਦੀ ਦੁਨੀਆਂ ਤੱਕ ਰਹੇਗਾ। ਡੇਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ, ਜਿਥੇ ਸੰਤ ਸਰਵਣ ਸਿੰਘ ਜੀ ਗੰਧਰਵ ਜੀ ਨੇਂ ਆਪਣੇ ਜੀਵਨ ਦੇ ਕੀਮਤੀ ਪਲ ਬਿਤਾਏ, ਵਿਖੇ ਅੱਜ ਵੀ ਹਰੇਕ ਸਾਲ ਫਰਵਰੀ ਮਹੀਨੇ ਨੂੰ ਉਨ੍ਹਾਂ ਦੀ ਬਰਸੀ ਸਮਾਗਮ ਤੇ ਪੰਥ ਪ੍ਰਸਿਧ ਕੀਰਤਨੀ ਜਥੇ, ਕਥਾ ਵਾਚਕ ਤੇ ਢਾਡੀ ਜਥੇ ਗੁਰਬਾਣੀ ਗਾਇਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਭਾਵੇਂ ਸੰਤ ਸਰਵਣ ਸਿੰਘ ਗੰਧਰਵ ਅੱਜ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੀ ਪਰੰਪਰਾ ਨੂੰ ਉਨ੍ਹਾਂ ਦੇ ਹੋਣਹਾਰ ਸ਼ਗਿਰਦ **ਸੰਤ ਪ੍ਰੀਤਮ ਸਿੰਘ (ਮੌਜੂਦਾ ਮੁਖੀ ਗੁਰਦੁਆਰਾ ਸੰਤ ਦਲੀਪ ਸਿੰਘ ਕੁਟੀਆ ਡੁਮੇਲੀ)** ਨੇ ਹੂ-ਬ-ਹੂ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਅੱਜ ਵੀ ਸੰਤ ਪ੍ਰੀਤਮ ਸਿੰਘ ਦੀ ਦੇਖ-ਰੇਖ ਅਧੀਨ ਸੰਗੀਤ ਦੇ ਵਿਦਿਆਰਥੀ ਗੁਰਬਾਣੀ ਪੜ੍ਹਨ ਅਤੇ ਗੁਰਮਤਿ ਵਿਧਾਨ ਅਨੁਸਾਰ ਕੀਰਤਨ ਕਰਨ ਦੀ ਸਿਖਿਆ ਲੈ ਰਹੇ ਹਨ।

ਸੰਖੇਪ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਨੇਤਰਹੀਣ ਹੋਣ ਦੇ ਬਾਵਜੂਦ ਵੀ ਸੰਤ ਸਰਵਣ ਸਿੰਘ ਨੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਸੰਤ ਦਲੀਪ ਸਿੰਘ ਦੇ ਅਸ਼ੀਰਵਾਦ ਸਦਕਾ ਇਨ੍ਹਾਂ ਨੇ ਜਿਥੇ ਵੱਖ-ਵੱਖ ਗੁਣੀਜਨਾਂ ਕੋਲੋਂ ਗੁਰਮਤਿ ਸੰਗੀਤ ਦੀ ਸਿਖਿਆ ਲਈ, ਉਥੇ ਭਾਰਤੀ ਸ਼ਾਸਤਰੀ ਸੰਗੀਤ ਦੇ ਰਾਗਾਂ ਦਾ ਵੀ ਗਹਿਰਾ ਗਿਆਨ ਪ੍ਰਾਪਤ ਕੀਤਾ। ਉਚ ਪੱਧਰ ਦਾ ਸੰਗੀਤਕ ਗਿਆਨ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਨੇ ਜਿਥੇ ਦੇਸ਼ ਦੇ ਕੋਨੇ-ਕੋਨੇ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਕੀਤਾ ਉਥੇ ਵਿਦੇਸ਼ਾਂ ਵਿਚ ਜਾ ਕੇ ਵੀ ਸੰਗਤਾਂ ਨੂੰ ਗੁਰਮਤਿ ਸੰਗੀਤ ਨਾਲ ਜੋੜਿਆ। ਆਪ ਜੀ ਦੁਆਰਾ ਲਿਖੀ ਗਈ ਪੁਸਤਕ 'ਸੁਰ ਸਿਮਰਨ ਸੰਗੀਤ' (7 ਭਾਗ) ਵਿਚ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਅਥਾਹ ਖਜਾਨਾ ਮੌਜੂਦ ਹੈ। ਇਹ ਪੁਸਤਕ ਸੰਗੀਤ ਪ੍ਰੇਮੀਆਂ ਅਤੇ ਖੋਜਾਰਥੀਆਂ ਲਈ ਲਾਹੇਬੰਦ ਸਾਬਿਤ ਹੋਈ ਹੈ। ਇਨ੍ਹਾਂ ਨੂੰ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਕਾਰਜਾਂ ਕਰਕੇ ਅਨੇਕਾਂ ਮਾਣ

---

67 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

ਸਨਮਾਨ ਮਿਲੇ। ਇਨ੍ਹਾਂ ਦੇ ਅਨੇਕਾਂ ਸ਼ਗਿਰਦ ਹੋਏ, ਜਿਨਾਂ ਨੇ ਆਪ ਦੇ ਦਰਸਾਏ ਮਾਰਗ ਤੇ ਚੱਲ ਕੇ ਡੁਮੇਲੀ ਟਕਸਾਲ ਦਾ ਨਾਮ ਰੋਸ਼ਨ ਕੀਤਾ। ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਨ ਤੋਂ ਇਲਾਵਾ ਇਨ੍ਹਾਂ ਨੇ ਲੋਕ ਭਲਾਈ ਦੇ ਕੰਮਾਂ ਵਿਚ ਵੀ ਖਾਸ ਦਿਲਚਸਪੀ ਲਈ। ਆਪ ਨੇ ਅਨੇਕ ਲੋੜਵੰਦ ਲੋਕਾਂ ਅਤੇ ਸੰਸਥਾਵਾਂ ਦੀ ਮਾਇਕ ਸਹਾਇਤਾ ਵੀ ਕੀਤੀ। ਇਸ ਤਰ੍ਹਾਂ ਸੰਤ ਸਰਵਣ ਸਿੰਘ ਗੰਧਰਵ ਦਾ ਨਾਂ ਹਮੇਸ਼ਾਂ ਸੰਗੀਤ ਜਗਤ ਵਿਚ ਰਸ਼ਨਾਉਂਦਾ ਰਹੇਗਾ।

**{ਸੰਤ ਸਰਵਣ ਸਿੰਘ ਗੰਧਰਵ ਦੇ ਜੀਵਨ ਅਤੇ ਯੋਗਦਾਨ ਬਾਰੇ ਇਸ ਖੋਜ ਪ੍ਰਬੰਧ ਵਿਚ ਵੱਖਰੇ ਤੌਰ ਤੇ ਇਕ ਪੂਰਾ ਅਧਿਆਇ (ਅਧਿਆਇ ਤੀਜਾ : ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ) ਵੀ ਲਿਖਿਆ ਗਿਆ ਹੈ}**

## 2.4 ਸੰਤ ਹਰਬੰਸ ਸਿੰਘ

**ਸੰਤ ਦਲੀਪ ਸਿੰਘ** ਦੇ ਸ਼ਿਸ਼ਾਂ ਵਿਚੋਂ **ਸੰਤ ਹਰਬੰਸ ਸਿੰਘ** ਅਜਿਹੇ ਵਿਦਵਾਨ ਵਿਅਕਤਿਤਵ ਹੋਏ ਹਨ, ਜਿਨ੍ਹਾਂ ਨੇ ਅਨੇਕ ਲੋਕਾਂ ਨੂੰ ਪ੍ਰੇਰਨਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ੍ਹ ਲਾਇਆ। ਭਾਂਵੇ ਆਪ ਸ਼ਰੀਰਕ ਰੂਪ ਵਿਚ ਅਪਾਹਜ ਸਨ, ਪਰ ਫਿਰ ਵੀ ਉਨ੍ਹਾਂ ਨੇ ਆਪਣੀ ਸਾਰੀ ਉਮਰ ਦੇਸ਼ ਅਤੇ ਵਿਦੇਸ਼ਾਂ ਵਿਚ ਗੁਰਬਾਣੀ ਅਤੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਲਗਾਈ। ਸੰਤ ਦਲੀਪ ਸਿੰਘ ਕੁਟੀਆ ਡੁਮੇਲੀ ਵਿਚ ਰਹਿੰਦਿਆਂ ਆਪ ਨੇ ਜਿਥੇ ਅਨੇਕ ਨਵੇਂ ਗੁਰਦੁਆਰਿਆਂ, ਹਸਪਤਾਲਾਂ, ਸਰਾਵਾਂ, ਸੜਕਾਂ, ਪੁਲ੍ਹਾਂ ਦੀ ਉਸਾਰੀ ਕਰਵਾਈ, ਉਥੇ ਵਿਦੇਸ਼ ਵਿਚ ਖਾਸ ਕਰਕੇ ਇੰਗਲੈਂਡ ਦੇ ਵੈਸਟ ਬ੍ਰਾਮਵਿਚ ਵਿਖੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਨਾਮ ਤੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਕੇ ਵਿਦੇਸ਼ੀ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ੍ਹ ਲਾਇਆ। ਆਪ ਗੁਰਬਾਣੀ ਅਤੇ ਕੀਰਤਨ ਦੇ ਪ੍ਰੇਮੀ, ਸੁਭਾਅ ਦੇ ਦਿਆਲੂ, ਦੁਖੀਆਂ ਦਾ ਦਰਦ ਵੰਡਾਉਣ ਵਾਲੇ, ਹਿਕਮਤ ਦੇ ਧਨੀ, ਮੋਹ ਅਤੇ ਮਾਇਆ ਤੋਂ ਨਿਰਲੇਪ, ਸਮਾਜ ਸੁਧਾਰਕ, ਲੋਕ ਸੇਵਕ ਅਤੇ ਪੰਥ ਦਰਦੀ ਸਨ। ਸੰਤ ਦਲੀਪ ਸਿੰਘ ਤੋਂ ਹਿਕਮਤ ਦੀ ਸਿਖਿਆ ਲੈ ਕੇ ਆਪ ਨੇ ਆਪਣੀ ਸਾਰੀ ਉਮਰ ਗੰਭੀਰ ਰੋਗੀਆਂ ਨੂੰ ਹਿਕਮਤ ਦੇ ਨੁਸਖਿਆਂ ਨਾਲ ਰੋਗ ਰਹਿਤ ਕੀਤਾ। ਗੁਰਬਾਣੀ ਪ੍ਰਤੀ ਅਥਾਹ ਪ੍ਰੇਮ ਅਤੇ ਗੂੜ ਗਿਆਨੀ ਹੋਣ ਕਾਰਨ ਆਮ ਲੋਕ ਆਪ ਜੀ ਨੂੰ 'ਗਿਆਨੀ ਜੀ' ਕਿਹਾ ਕਰਦੇ ਸਨ।

### 2.4.1 ਆਰੰਭਿਕ ਜੀਵਨ

**ਸੰਤ ਹਰਬੰਸ ਸਿੰਘ** ਦਾ ਜਨਮ ਸ. ਮੇਲਾ ਸਿੰਘ ਤੇ ਮਾਤਾ ਕਿਰਪੀ ਕੌਰ ਦੇ ਘਰ 1920 ਈ. ਨੂੰ ਜਿਲਾ ਸੰਗਰੂਰ ਦੇ ਪਿੰਡ ਹਰੀਪੁਰ ਵਿਚ ਹੋਇਆ। ਬਚਪਨ ਵਿਚ ਹੀ ਆਪ ਪੋਲੀਉ ਕਾਰਨ ਅਪਾਹਜ ਹੋ ਗਏ। ਘਰੇਲੂ ਹਲਾਤਾਂ ਤੇ ਆਪ ਨੂੰ ਨਾਨਕੇ ਪਿੰਡ ਸਾਹਨੀ ਰਹਿਣ ਲਈ ਮਜ਼ਬੂਰ ਕਰ ਦਿਤਾ।

ਇਸ ਸਬੰਧੀ 'ਸੰਤਨ ਕੀ ਮਹਿਮਾ' ਪੁਸਤਕ ਵਿਚ **ਜਸਮੇਰ ਸਿੰਘ ਹੋਠੀ** ਅਤੇ **ਸਤਨਾਮ ਸਿੰਘ** ਨੇ ਜਾਣਕਾਰੀ ਇਸ ਤਰ੍ਹਾਂ ਦਿਤੀ ਹੈ, "ਸੰਤ ਬਾਬਾ ਹਰਬੰਸ ਸਿੰਘ ਜੀ ਦਾ ਜਨਮ ਲੱਗਭਗ 1920 ਈਸਵੀ ਨੂੰ ਸ. ਮੇਲਾ ਸਿੰਘ ਜੀ ਦੇ ਘਰ ਮਾਤਾ ਕਿਰਪੀ ਕੌਰ ਜੀ ਦੀ ਕੁੱਖੋਂ ਪਿੰਡ ਹਰੀਪੁਰ ਜਿਲ੍ਹਾ ਸੰਗਰੂਰ ਵਿਖੇ ਹੋਇਆ। ਪਿਤਾ ਸ. ਮੇਲਾ ਸਿੰਘ ਜੀ ਬਹੁਤ ਗੁਰਮੁਖ ਤੇ ਸਾਧੂ ਸੁਭਾਅ ਦੇ ਸਨ। ਬਾਬਾ ਹਰਬੰਸ ਸਿੰਘ ਜੀ ਦੇ ਤਿੰਨ ਭਰਾ ਸਨ ਜਿਨ੍ਹਾਂ ਦੇ ਨਾਮ ਪ੍ਰੀਤਮ ਸਿੰਘ, ਉਜਾਗਰ ਸਿੰਘ ਅਤੇ ਸ. ਹਰੀ ਸਿੰਘ ਹਨ। ਸਭ ਤੋਂ ਵੱਡੇ ਸ. ਪ੍ਰੀਤਮ ਸਿੰਘ ਜੀ ਸਨ। ਬਾਬਾ ਹਰਬੰਸ ਜੀ ਤੋਂ ਛੋਟੇ ਸ. ਉਜਾਗਰ ਸਿੰਘ ਤੇ ਉਨ੍ਹਾਂ ਤੋਂ ਛੋਟੇ ਸ. ਹਰੀ ਸਿੰਘ ਸਨ। ਬਾਬਾ ਜੀ ਦੇ ਜਨਮ ਅਸਥਾਨ ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਆਪ ਜੀ ਤਕਰੀਬਨ ਚਾਰ ਕੁ ਸਾਲ ਦੇ ਸਨ ਜਦੋਂ ਬੁਖ਼ਾਰ ਹੋਣ ਨਾਲ ਪੋਲੀਉ ਹੋ ਗਿਆ ਤੇ ਆਪ ਜੀ ਦੀਆਂ ਦੋਵੇਂ ਲੱਤਾਂ ਦੋਬਾਰਾ ਠੀਕ ਨਾ ਹੋਈਆਂ। ਪੁੱਤਰ ਨੂੰ ਇਸ ਹਾਲਤ ਵਿਚ ਦੇਖ ਕੇ ਮਾਤਾ ਪਿਤਾ ਬਹੁਤ ਚਿੰਤਾ ਵਿਚ ਰਹਿਣ ਲੱਗੇ।-------- ਸਮਾਂ ਬੀਤਦਾ ਗਿਆ, ਕੁਝ ਸਮੇਂ ਬਾਅਦ ਪਿਤਾ ਜੀ ਦੀ ਅੱਖਾਂ ਦੀ ਰੋਸ਼ਨੀ ਚਲੇ ਗਈ ਜਿਸ ਤੋਂ ਘਰ ਦੀ ਹਾਲਤ ਹੋਰ ਵੀ ਖਰਾਬ ਹੁੰਦੀ ਚਲੀ ਗਈ, ਸਮਾਂ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਮਾਤਾ ਜੀ ਦਾ ਦਿਹਾਂਤ ਹੋ ਗਿਆ ਜਿਸ ਨਾਲ ਸਾਰੇ ਪਰਿਵਾਰ ਨੂੰ ਬਹੁਤ ਧੱਕਾ ਲੱਗਾ ਤੇ ਪਿਤਾ ਜੀ ਨੂੰ ਜ਼ਮੀਨ ਵੇਚਣੀ ਪਈ। ਆਪ ਪਿੰਡ ਹਰੀਪੁਰ (ਸੰਗਰੂਰ) ਤੋਂ ਘਰ-ਬਾਰ ਛੱਡ ਕੇ ਦੁਆਬੇ ਵਿਚ ਨਾਨਕੇ ਪਿੰਡ ਸਾਹਨੀ ਵਿਖੇ ਰਿਸ਼ਤੇਦਾਰਾਂ ਕੋਲ ਆ ਗਏ। ਪਰ ਆਪ ਜੀ ਦਾ ਅੱਧਾ ਪਰਿਵਾਰ ਹੋਰ ਰਿਸ਼ਤੇਦਾਰਾਂ ਕੋਲ ਕਿਸੇ ਹੋਰ ਪਿੰਡ ਵਿਖੇ ਰਹਿਣ ਲੱਗ ਪਿਆ।"[68]

ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਿਕ ਲੇਖਕ **ਡਾ. ਬਖਸ਼ੀਸ਼ ਸਿੰਘ ਨਿਜਰ** ਨੇ ਇਸ ਸਬੰਧੀ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ ਹੈ, "Sant Baba Harbans Singh, popularly known as Gyani ji was born in village Sahni,** Tehsil Phagwara in the family of Kashap Rajput. He was handicapped having both legs twisted."[69]

---

68 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 23-24.

**ਡਾ. ਬਖਸ਼ੀਸ਼ ਸਿੰਘ ਨਿਜਰ ਦੀ ਪੁਸਤਕ 'History of village Domeli and lutera Khurd' ਵਿਚ ਸੰਤ ਹਰਬੰਸ ਸਿੰਘ ਦੇ ਪਿੰਡ ਦਾ ਨਾਮ ਸਾਹਨੀ ਅੰਕਿਤ ਕੀਤਾ ਗਿਆ ਹੈ, ਜਦੋਂ ਕਿ 'ਸੰਤਨ ਕੀ ਮਹਿਮਾ' ਪੁਸਤਕ ਵਿਚ ਉਨ੍ਹਾਂ ਦਾ ਪਿੰਡ ਹਰੀਪੁਰ (ਸੰਗਰੂਰ) ਅਤੇ ਨਾਨਕਾ ਪਿੰਡ ਸਾਹਨੀ ਦੱਸਿਆ ਗਿਆ। ਇਸੇ ਤਰ੍ਹਾਂ ਸੰਤ ਜਗਜੀਤ ਸਿੰਘ ਹਰਖੋਵਾਲ ਅਤੇ ਸ. ਮਹਿੰਦਰ ਸਿੰਘ ਲੁਟੇਰਾ (ਸਾਥੀ ਸੰਤ ਹਰਬੰਸ ਸਿੰਘ) ਸਮੇਤ ਅਨੇਕ ਵਿਦਵਾਨਾਂ ਨੇ ਸਾਖਿਆਕਾਰ (ਇੰਟਰਵਿਊ) ਰਾਹੀਂ ਉਨ੍ਹਾਂ ਦਾ ਪਿੰਡ ਡਰੋਲੀ ਕਲਾਂ (ਜਿਲਾ ਜਲੰਧਰ) ਦੱਸਿਆ ਹੈ।

69 Bakhshish Singh Nijjar (Dr.): History of Village Domeli and Lutera Khurd. Page 36-37.

'ਸੰਤਨ ਕੀ ਮਹਿਮਾ ਪੁਸਤਕ ਵਿਚ ਅੰਕਿਤ ਆਪਣੇ ਲੇਖ ਵਿਚ ਲੇਖਕ **ਸੁਰਜੀਤ ਸਿੰਘ ਸੋਖਲ** ਨੇ ਸੰਤ ਹਰਬੰਸ ਸਿੰਘ ਦਾ ਜਨਮ ਸੰਨ 1921*** ਲਿਖਿਆ ਹੈ। ਇਸ ਤੋਂ ਬਿਨ੍ਹਾਂ ਉਨ੍ਹਾਂ ਨੇ ਸੰਤ ਹਰਬੰਸ ਸਿੰਘ ਦੇ ਬਚਪਨ ਨਾਲ ਸਬੰਧਿਤ ਉਪਰੋਕਤ ਸਾਰੀਆਂ ਗੱਲਾਂ ਦੀ ਪੁਸ਼ਟੀ ਕੀਤੀ ਹੈ।'[70]

ਉਪਰੋਕਤ ਵਿਦਵਾਨਾਂ ਦੇ ਹਵਾਲਿਆ ਤੋਂ ਸਪਸ਼ਟ ਹੁੰਦਾ ਹੈ ਕਿ ਸੰਤ ਹਰਬੰਸ ਸਿੰਘ ਦਾ ਪਰਿਵਾਰ ਸ਼ੁਰੂ ਤੋਂ ਹੀ ਧਾਰਮਿਕ ਪ੍ਰਵਿਰਤੀ ਦਾ ਤਾਂ ਹੈ ਹੀ ਪਰੰਤੂ ਇਨ੍ਹਾਂ ਦੇ ਬਚਪਨ ਤੋਂ ਹੀ ਕੁਦਰਤੀ ਕਰੋਪੀਆਂ ਕਾਰਨ ਇਹ ਸੰਤ ਸੁਭਾਅ ਦੇ ਬਣ ਗਏ ਅਤੇ ਸੇਵਾ ਵੱਲ ਪ੍ਰਵਰਤਿਤ ਹੋ ਗਏ। ਪਰਿਵਾਰਿਕ ਪ੍ਰਸਥਿਤੀਆਂ ਨੂੰ ਦੇਖਦੇ ਹੋਏ ਆਪ ਆਪਣੇ ਨਾਨਕੇ ਪਿੰਡ ਸਾਹਨੀ (ਨਜ਼ਦੀਕ ਫਗਵਾੜਾ) ਵਿਖੇ ਰਹਿਣ ਲੱਗ ਪਏ।

### 2.4.2 ਸੰਤ ਹਰਬੰਸ ਸਿੰਘ ਦੇ ਜੀਵਨ ਵਿਚ ਧਾਰਮਿਕ ਮੋੜ

**ਸੰਤ ਹਰਬੰਸ ਸਿੰਘ** ਭਾਂਵੇ ਸਰੀਰਕ ਰੂਪ ਵਿਚ ਅਪਾਹਜ ਸਨ, ਪਰ ਉਨਾਂ ਦੀ ਬਿਰਤੀ ਹਮੇਸ਼ਾਂ ਧਾਰਮਿਕਤਾ ਵਾਲੀ ਸੀ। ਨਾਨਕੇ ਪਿੰਡ ਸਾਹਨੀ ਆ ਕੇ ਉਹ ਕਿਸੇ ਸੱਚੇ ਗੁਰੂ ਦੀ ਭਾਲ ਵਿਚ ਉਤਾਵਲੇ ਰਹਿਣ ਲੱਗੇ। ਆਰੰਭ ਵਿਚ ਆਪ ਨੂੰ ਸਾਹਨੀ ਪਿੰਡ ਦੇ ਬਾਹਰਵਾਰ ਰਹਿੰਦੇ ਇਕ ਉਦਾਸੀ ਸਾਧੂ ਕੋਲ ਛੱਡਿਆ ਗਿਆ, ਪਰ ਉਥੇ ਵੀ ਆਪ ਦਾ ਮਨ ਬਹੁਤਾ ਸਮਾਂ ਨਾ ਟਿਕ ਸਕਿਆ। ਉਪਰੰਤ ਆਪ ਵਾਪਸ ਘਰ ਪਰਤ ਆਏ।

'ਸੰਤਨ ਕੀ ਮਹਿਮਾ' ਪੁਸਤਕ ਵਿਚ **ਜਸਮੇਰ ਸਿੰਘ ਹੋਠੀ** ਅਤੇ **ਸਤਨਾਮ ਸਿੰਘ** ਨੇ ਸੰਤ ਹਰਬੰਸ ਸਿੰਘ ਦੇ ਉਦਾਸੀ ਸਾਧੂ ਦੀ ਸ਼ਰਨ ਵਿਚ ਆਉਣ ਸਬੰਧੀ ਜਾਣਕਾਰੀ ਇਸ ਤਰ੍ਹਾਂ ਦਿਤੀ ਹੈ, "ਆਪ ਜੀ ਦੇ ਮਾਤਾ ਪਿਤਾ ਵਾਂਗ ਨਾਨਕਾ ਪਰਿਵਾਰ ਵੀ ਨਾਮ ਬਾਣੀ ਦਾ ਰਸੀਆ ਤੇ ਜਪੀ ਤਪੀ ਸੀ। ਸੋ ਆਪ ਨੂੰ ਬਾਣੀ ਸੁਣਨ ਤੇ ਪੜ੍ਹਨ ਦੀ ਲਗਨ ਬਚਪਨ ਵਿਚ ਹੀ ਲੱਗ ਗਈ ਸੀ ਤੇ ਗੁਰਬਾਣੀ ਦੇ ਪ੍ਰਭਾਵ ਅਧੀਨ ਆਪ ਜੀ ਧਾਰਮਿਕ ਕਵਿਤਾ ਵੀ ਬੜੀ ਛੋਟੀ ਉਮਰ ਵਿਚ ਲਿਖਣ ਲੱਗ ਪਏ ਸਨ। ਆਪ ਜੀ ਦੀਆਂ ਲੱਤਾਂ ਇਤਨੀਆਂ ਕਮਜ਼ੋਰ ਹੋ ਗਈਆਂ ਸਨ ਕਿ ਆਪ ਜੀ ਤੁਰ ਫਿਰ ਵੀ ਨਹੀਂ ਸਨ ਸਕਦੇ। ਆਪ ਜੀ ਹੱਥਾਂ ਵਿਚ ਖੜਾਵਾਂ ਪਾ ਕੇ ਗੋਡਿਆਂ ਉਤੇ ਗੱਦੀਆਂ ਬੰਨ੍ਹ ਕੇ ਬਾਹਵਾਂ ਦੇ ਭਾਰ ਨਾਲ ਤੁਰਦੇ ਸਨ ਪਰ ਅਜਿਹੀ ਅਵਸਥਾ ਵਿਚ ਵੀ ਆਪ ਜੀ ਦਾ ਮਨ ਹਰ ਵੇਲੇ ਗੁਰਮਤਿ ਨਾਲ ਜੁੜੇ ਮਹਾਂਪੁਰਖਾਂ ਦੀ ਸੰਗਤ ਕਰਨ ਨੂੰ ਲੋਚਦਾ ਰਹਿੰਦਾ ਸੀ। ਪਿੰਡ ਸਾਹਨੀ ਦੇ ਬਾਹਰਵਾਰ ਕੋਈ ਉਦਾਸੀ ਸਾਧੂ ਰਹਿੰਦੇ ਸਨ, ਆਪ ਜੀ ਨੂੰ ਉਨ੍ਹਾਂ ਕੋਲ ਛੱਡਿਆ ਗਿਆ।

*** 'ਸੰਤਨ ਕੀ ਮਹਿਮਾ' ਪੁਸਤਕ ਵਿਚ ਜਸਮੇਰ ਸਿੰਘ ਹੋਠੀ ਅਤੇ ਸਤਨਾਮ ਸਿੰਘ ਨੇ ਸੰਤ ਹਰਬੰਸ ਸਿੰਘ ਦਾ ਜਨਮ ਸੰਨ 1920 ਵਿਚ ਹੋਇਆ ਲਿਖਿਆ ਹੈ। ਇਸੇ ਪੁਸਤਕ ਵਿਚ ਸੁਰਜੀਤ ਸਿੰਘ ਸੋਖਲ ਨੇ ਜਨਮ ਦਾ ਸਮਾਂ ਸੰਨ 1921 ਮੰਨਿਆ ਹੈ। ਖੋਜ ਕਰਤਾ ਵਲੋਂ ਵੀ ਡੁਮੇਲੀ ਡੇਰੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸਮਾਂ ਸੰਨ 1921 ਮੰਨਿਆ ਗਿਆ ਹੈ।

70 ਸੁਰਜੀਤ ਸਿੰਘ ਸੋਖਲ: ਕੋਟ ਮਧੇ ਕੋਈ ਸੰਤੁ ਦਿਖਾਇਆ, ਸੰਤਨ ਕੀ ਮਹਿਮਾ, 2012, ਪੰਨਾ 48-49.

ਜਿਥੇ ਮਹਾਤਮਾ ਜੀ ਨੇ ਆਪ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ-ਨਾਲ ਦੇਸੀ ਦਵਾਈ ਦਾਰੂ ਦੀ ਸਿਖਿਆ ਵੀ ਆਰੰਭ ਕੀਤੀ। ਪਰ ਦੱਸਦੇ ਹਨ ਕਿ ਆਪ ਦਾ ਮਨ ਉਥੇ ਬਹੁਤ ਲੰਬੇ ਸਮੇਂ ਤੱਕ ਨਹੀਂ ਟਿਕਿਆ ਤੇ ਮਨ ਉਦਾਸ ਰਹਿਣ ਲੱਗਾ। ਆਪ ਜੀ ਫਿਰ ਵਾਪਸ ਘਰ ਆ ਗਏ।"[71]

ਸਾਹਨੀ ਪਿੰਡ ਦੇ ਉਦਾਸੀ ਸਾਧੂ ਦੇ ਡੇਰੇ ਤੋਂ ਘਰ ਵਾਪਸ ਆ ਕੇ ਆਪ ਆਪਣੇ ਰਿਸ਼ਤੇਦਾਰਾਂ ਦੀ ਕੱਪੜੇ ਦੀ ਦੁਕਾਨ ਤੇ ਕੰਮ ਕਰਨ ਲੱਗ ਪਏ। ਇਸ ਕੰਮ ਵਿਚ ਵੀ ਆਪ ਸਫਲ ਨਾ ਹੋ ਸਕੇ। 'ਇਸ ਉਪਰੰਤ ਆਪ ਨੂੰ ਜਿਲਾ ਜਲੰਧਰ ਦੇ ਪਿੰਡ ਨਵੀਂ ਡਰੋਲੀ ਵਿਖੇ ਇਕ ਉਦਾਸੀ ਸਾਧੂ ਪੂਰਨ ਦਾਸ ਕੋਲ ਛੱਡਿਆ ਗਿਆ। ਇਥੇ ਵੀ ਆਪ ਦਾ ਮਨ ਉਚਾਟ ਰਹਿਣ ਲੱਗਾ ਤੇ ਆਪ ਵਾਪਸ ਸਾਹਨੀ ਆ ਗਏ। ਇਸ ਗੱਲ ਦੀ ਪੁਸ਼ਟੀ ਜਸਮੇਰ ਸਿੰਘ ਹੋਠੀ ਅਤੇ ਸਤਨਾਮ ਸਿੰਘ ਨੇ ਪੁਸਤਕ 'ਸੰਤਨ ਕੀ ਮਹਿਮਾ' ਵਿਚ ਕੀਤੀ ਹੈ।'[72]

ਸੰਤ ਹਰਬੰਸ ਸਿੰਘ ਦੀ ਧਾਰਮਿਕਤਾ ਦੀ ਪਿਆਸ ਸੰਤ ਦਲੀਪ ਸਿੰਘ ਦੀ ਸ਼ਰਨ ਵਿਚ ਡੁਮੇਲੀ ਵਿਖੇ ਆ ਕੇ ਮਿਟੀ। ਪਿੰਡ ਸਾਹਨੀ ਤੋਂ ਕੋਈ ਤਿੰਨ-ਚਾਰ ਕਿਲੋਮੀਟਰ ਦੀ ਦੂਰੀ ਤੇ ਡੁਮੇਲੀ ਪਿੰਡ ਸਥਿਤ ਹੈ। ਉਨਾਂ ਦਿਨਾਂ ਵਿਚ ਡੁਮੇਲੀ ਪਿੰਡ ਦੇ ਬਾਹਰਵਾਰ ਇਕ ਕੁਟੀਆ ਵਿਚ ਸੰਤ ਬਾਬਾ ਦਲੀਪ ਸਿੰਘ ਰਹਿੰਦੇ ਸਨ। ਇਸ ਅਸਥਾਨ ਨੂੰ 'ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ' (ਡੁਮੇਲੀ ਟਕਸਾਲ) ਕਿਹਾ ਜਾਂਦਾ ਸੀ। ਇਹ ਡੇਰਾ ਉਸ ਸਮੇਂ ਧਾਰਮਿਕ ਗਤੀਵਿਧੀਆਂ ਦਾ ਗੜ੍ਹ ਸੀ। ਇਸ ਡੇਰੇ ਦੀ ਮਹਾਨਤਾ, ਆਯੁਰਵੈਦਿਕ ਇਲਾਜ ਪ੍ਰਣਾਲੀ ਅਤੇ ਸੰਤ ਦਲੀਪ ਸਿੰਘ ਦੀ ਕਾਰਜ ਪ੍ਰਣਾਲੀ ਤੋਂ ਪ੍ਰਭਾਵਿਤ ਹੋ ਕੇ ਬਾਲਕ ਹਰਬੰਸ ਸਿੰਘ ਨੂੰ ਉਨਾਂ ਕੋਲ ਇਸ ਆਸ ਨਾਲ ਛੱਡਿਆ ਗਿਆ ਕਿ ਉਹ ਗੁਰਬਾਣੀ ਨਾਲ ਵੀ ਜੁੜਿਆ ਰਹੇਗਾ ਤੇ ਉਸ ਦਾ ਇਲਾਜ ਵੀ ਹੋ ਜਾਵੇਗਾ।

ਇਸ ਸਬੰਧੀ **ਸ. ਕੇਵਲ ਸਿੰਘ ਚੌਹਾਨ** ਲਿਖਦੇ ਹਨ, "ਛੋਟੀ ਉਮਰ ਵਿਚ ਹੀ ਪੋਲੀਉ ਨਾਲ ਦੋਵੇਂ ਲੱਤਾਂ ਨਕਾਰਾ ਹੋ ਜਾਣ ਕਾਰਨ ਇਲਾਜ ਲਈ ਆਪ ਨੂੰ ਸੰਤ ਦਲੀਪ ਸਿੰਘ ਡੁਮੇਲੀ ਵਾਲਿਆਂ ਕੋਲ ਛੱਡ ਦਿਤਾ ਗਿਆ। ਡੇਰੇ ਰਹਿੰਦਿਆਂ ਆਪ ਜੀ ਨੂੰ ਸੇਵਾ ਅਤੇ ਸਿਮਰਨ ਦੀ ਐਸੀ ਲਗਨ ਲੱਗੀ ਕਿ ਆਪ ਨੇ ਇਲਾਜ ਵੱਲ ਧਿਆਨ ਦੇਣਾ ਹੀ ਬੰਦ ਕਰ ਦਿਤਾ। ਅੰਦਰਲੇ ਅਨੰਦ ਨੇ ਬਾਹਰਲੇ ਦੁੱਖਾਂ ਤੋਂ ਆਪਣੇ ਆਪ ਹੀ ਮੁਕਤ ਕਰ ਦਿਤਾ। ਆਪ ਜੀ ਨੇ ਡੁਮੇਲੀ ਵਾਲੇ ਡੇਰੇ ਵਿਚ ਕਰੀਬ 32 ਸਾਲ ਹੱਥੀਂ ਸੇਵਾ ਕੀਤੀ।"[73]

---

71 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 24.

72 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 24-25.

73 ਕੇਵਲ ਸਿੰਘ ਚੌਹਾਨ: ਸਾਧ ਕੀ ਸੋਭਾ ਸਦਾ ਬੇਅੰਤ, ਸੰਤਨ ਕੀ ਮਹਿਮਾ, 2012, ਪੰਨਾ 40.

ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਕਾਰ **ਡਾ. ਬਖਸ਼ੀਸ਼ ਸਿੰਘ ਨਿਜਰ** ਨੇ ਇਸ ਗੱਲ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਹੈ, "His parents sent him to the dera (Gurdwara) of Sant Baba Dalip Singh, just as an orphan at the age of ten years. Baba ji brought him up just-like his own son. He studied gurbani, having the mastery over the Adi-Granth."[74]

ਉਪਰੋਕਤ ਹਵਾਲਿਆ ਤੋਂ ਸਪਸ਼ਟ ਹੈ ਕਿ ਸੰਤ ਹਰਬੰਸ ਸਿੰਘ ਦਾ ਮਨ ਸੰਤ ਬਾਬਾ ਦਲੀਪ ਸਿੰਘ ਦੀ ਸ਼ਰਨ ਵਿਚ ਰਹਿ ਕੇ ਸ਼ਾਂਤ ਰਹਿਣ ਲੱਗਾ। ਉਹ ਡੇਰੇ ਦੀ ਮਰਿਯਾਦਾ ਦੇਖ ਕੇ ਆਪਣਾ ਦੁੱਖ ਭੁੱਲ ਗਏ। ਸੰਤ ਦਲੀਪ ਸਿੰਘ ਨੇ ਇਨ੍ਹਾਂ ਨੂੰ ਗੁਰਬਾਣੀ ਦੀ ਸਿਖਿਆ ਦਿਤੀ। ਇਸ ਤਰ੍ਹਾਂ ਸੰਤ ਹਰਬੰਸ ਸਿੰਘ ਨੇ ਕਰੀਬ 32 ਸਾਲ ਡੇਰੇ ਵਿਚ ਰਹਿ ਕੇ ਸੇਵਾ ਕੀਤੀ।

### 2.4.3 ਹਿਕਮਤ ਅਤੇ ਲੰਗਰ ਦੀ ਸੇਵਾ

**ਸੰਤ ਹਰਬੰਸ ਸਿੰਘ** ਦੀ ਡੇਰੇ ਨੂੰ ਸਮਰਪਿਤ ਭਾਵਨਾ, ਲਗਨ ਅਤੇ ਨਿਮਰਤਾ ਦੇਖ ਕੇ ਸੰਤ ਦਲੀਪ ਸਿੰਘ ਨੇ ਉਨ੍ਹਾਂ ਨੂੰ ਡੇਰੇ ਦੀਆਂ ਕਈ ਜਿੰਮੇਵਾਰੀਆਂ ਸੌਂਪ ਦਿਤੀਆਂ। ਆਪ ਦੇਸੀ ਜੜੀ ਬੂਟੀਆਂ ਤੋਂ ਬਣਾਈਆਂ ਦਵਾਈਆਂ ਨਾਲ ਰੋਗ ਪੀੜਤਾਂ ਦਾ ਇਲਾਜ ਕਰਨ ਲੱਗੇ। ਇਸ ਤੋਂ ਇਲਾਵਾ ਆਪ ਲੰਗਰ ਲਈ ਬਾਲਣ ਦਾ ਇੰਤਜ਼ਾਮ ਕਰਦੇ ਅਤੇ ਚੱਕੀ ਤੇ ਹੱਥ ਨਾਲ ਆਟਾ ਪੀਹ ਕੇ ਸੰਗਤਾਂ ਨੂੰ ਲੰਗਰ ਛਕਾਉਂਦੇ। ਸੰਤ ਹਰਬੰਸ ਸਿੰਘ ਨਾਲ ਅਨੇਕਾਂ ਸਾਲ ਸੰਗਤ ਕਰਨ ਵਾਲੇ **ਭਾਈ ਪਰਮਜੀਤ ਸਿੰਘ ਡੁਮੇਲੀ** ਨੇ 'ਸੰਤਨ ਕੀ ਮਹਿਮਾ' ਪੁਸਤਕ ਵਿਚ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ (ਪ੍ਰਭਾਤੀ ਕਬੀਰ ਜੀ, ਪੰਨਾ 1349.) ਬਾਬਾ ਜੀ ਗੁਰਬਾਣੀ ਦੇ ਇਸ ਸਿਧਾਂਤ ਤੇ ਪੂਰੇ ਉਤਰਦੇ ਸਨ। ਬਾਬਾ ਜੀ ਨੂੰ ਦਵਾ-ਦਾਰੂ ਦਾ ਗੁਣ ਬਖਸ਼ ਕੇ ਸੰਤ ਦਲੀਪ ਸਿੰਘ ਜੀ ਨੇ ਫੁਰਮਾਇਆ ਕਿ ਰੋਗੀਆਂ ਤੇ ਦੁਖੀਆਂ ਦਾ ਭਲਾ ਕਰੋ। ਬਾਬਾ ਜੀ ਕੋਲ ਸਵੇਰ ਤੋਂ ਲੈ ਕੇ ਸ਼ਾਮ ਤੱਕ ਕਈ ਵਾਰੀ ਰੋਗੀਆਂ ਦੀ ਭੀੜ ਲੱਗੀ ਰਹਿੰਦੀ ਸੀ। ਬਾਬਾ ਜੀ ਸਮਝੋਂ ਧਨੰਤਰ ਵੈਦ ਵਾਂਗ ਸਨ। ਐਸੇ ਪਿਆਰ ਭਰੇ ਬਚਨਾਂ ਤੇ ਅਪਣੱਤ ਨਾਲ ਇਲਾਜ ਕਰਦੇ ਤੇ ਸ਼ਬਦ ਦਾ ਪਾਠ ਕਰਨ ਨੂੰ ਦਿੰਦੇ। ਬਹੁਤ ਐਸੇ ਵੀ ਰੋਗੀ ਤੰਦਰੁਸਤ ਹੋਏ ਜਿਨ੍ਹਾਂ ਨੂੰ ਹੋਰ ਡਾਕਟਰ ਜਵਾਬ ਦੇ ਚੁੱਕੇ ਸਨ। ਜੇ ਕੋਈ ਧਨਵਾਨ ਪੈਸੇ ਵਾਲਾ ਆ ਗਿਆ, ਉਸ ਨੂੰ ਨੁਸਖਾ ਲਿਖ ਦੇਣਾ ਭਾਵ ਕਿ ਤਕੜੇ ਤੋਂ ਸੇਵਾ ਕਰਵਾ ਲੈਣੀ ਤੇ ਗਰੀਬਾਂ ਦਾ ਮੁਫਤ ਇਲਾਜ ਕਰਨਾ। ਦੁਆਈ ਦੇ ਨਾਲ ਨਾਲ ਬਾਬਾ ਜੀ ਦੀ ਸਿਮਰਨ ਭਗਤੀ ਦੀ ਕਮਾਈ ਵੀ ਕੰਮ ਕਰਦੀ ਤੇ ਰੋਗੀ ਤੰਦਰੁਸਤ ਹੋ ਜਾਂਦੇ।"[75] ਇਸ ਤੋਂ ਬਿਨ੍ਹਾਂ **ਸ. ਕੇਵਲ ਸਿੰਘ ਚੌਹਾਨ** ਨੇ 'ਸੰਤਨ ਕੀ ਮਹਿਮਾ'[76], **ਸੁਰਜੀਤ ਸਿੰਘ ਸੋਖਲ** ਨੇ ਵੀ ਪੁਸਤਕ 'ਸੰਤਨ ਕੀ

---

74 Bakhshish Singh Nijjar (Dr.): History of Village Domeli and Lutera Khurd. Page 36-37.

75 ਭਾਈ ਪਰਮਜੀਤ ਸਿੰਘ ਡੁਮੇਲੀ: ਸੰਤਨ ਕੀ ਮਹਿਮਾ ਕਵਨ ਵਖਾਨਉ, ਸੰਤਨ ਕੀ ਮਹਿਮਾ, 2012, ਪੰਨਾ 72.

76 ਕੇਵਲ ਸਿੰਘ ਚੌਹਾਨ: ਸਾਧ ਕੀ ਸੋਭਾ ਸਦਾ ਬੇਅੰਤ, ਸੰਤਨ ਕੀ ਮਹਿਮਾ, 2012, ਪੰਨਾ 40.

ਮਹਿਮਾ'[77], **ਅਵਤਾਰ ਸਿੰਘ ਚੀਮਾ** ਨੇ ਵੀ 'ਸੰਤਨ ਕੀ ਮਹਿਮਾ'[78] ਅਤੇ **ਸੰਤ ਜਗਜੀਤ ਸਿੰਘ ਹਰਖੋਵਾਲ** ਵਾਲਿਆਂ ਨੇ ਵੀ 'ਸੰਤਨ ਕੀ ਮਹਿਮਾ'[79] ਪੁਸਤਕ ਵਿਚ ਸੰਤ ਹਰਬੰਸ ਸਿੰਘ ਦੇ ਇਨ੍ਹਾਂ ਗੁਣਾਂ ਦੀ ਪੁਸ਼ਟੀ ਕੀਤੀ ਹੈ।

ਸੰਤ ਹਰਬੰਸ ਸਿੰਘ ਨੇ ਆਪਣੇ ਸਮੇਂ ਵਿਚ ਗੁਰੂ ਸਾਹਿਬਾਨ ਦੁਆਰਾ ਚਲਾਈ ਗਈ ਲੰਗਰ ਦੀ ਪ੍ਰਥਾ ਨੂੰ ਬਾਖੂਬੀ ਨਿਭਾਇਆ। ਆਪ ਆਈਆਂ ਸੰਗਤਾਂ ਲਈ ਲੰਗਰ ਦਾ ਖਾਸ ਖਿਆਲ ਰੱਖਦੇ ਸਨ। ਆਪ ਦਾ ਵਿਚਾਰ ਸੀ ਕਿ ਆਈਆਂ ਸੰਗਤਾਂ ਨੂੰ ਲੰਗਰ ਜਰੂਰ ਮਿਲਣਾ ਚਾਹੀਦਾ ਹੈ।

"ਛੋਟੀ ਉਮਰ ਤੋਂ ਹੀ ਡੇਰੇ ਵਿਚ ਰਹਿਣ ਵਾਲੇ ਅਤੇ ਹੁਣ ਬਜ਼ੁਰਗ ਹੋ ਚੁੱਕੇ **ਮਹੰਤ ਬਲਵੀਰ ਸਿੰਘ** ਨੇ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਉਨ੍ਹਾਂ ਦੀ ਇਸ ਭਾਵਨਾ ਸਬੰਧੀ ਬਹੁਤ ਸਾਰੀ ਜਾਣਕਾਰੀ ਖੋਜ ਕਰਤਾ ਨੂੰ ਦਿਤੀ ਕਿ ਉਨ੍ਹਾਂ ਦੇ ਕੋਈ ਨਾ ਕੋਈ ਸ਼ਰਧਾਲੂ ਹੀ ਸਮੇਂ-ਸਮੇਂ ਹਾਜ਼ਰ ਹੁੰਦੇ ਰਹਿੰਦੇ ਸਨ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਅਤੁੱਟ ਲੰਗਰ ਚਲਦਾ ਰਹਿੰਦਾ ਸੀ।"[80]

**ਜਸਮੇਰ ਸਿੰਘ ਹੋਠੀ ਅਤੇ ਸਤਨਾਮ ਸਿੰਘ** ਅਨੁਸਾਰ, "ਆਪ ਜੀ ਲੰਗਰ ਦੀ ਬਹੁਤ ਮਹਾਨਤਾ ਦਰਸਾਉਂਦੇ ਸਨ। ਹਮੇਸ਼ਾ ਆਪ ਖੁਦ ਜਾਂ ਹੋਰ ਸੇਵਾਦਾਰਾਂ ਨੂੰ ਕਹਿੰਦੇ ਸਨ ਕਿ ਡੇਰੇ ਵਿਖੇ ਆਏ ਗਏ ਰਾਹੀ, ਯਾਤਰੀ, ਸੰਗਤ ਨੂੰ ਲੰਗਰ ਜਰੂਰ ਛਕਾਉ। ਜੇ ਸਬਜ਼ੀ ਜਾਂ ਦਾਲ ਨਹੀਂ ਹੈ ਤਾਂ ਅਚਾਰ ਜਾਂ ਲੂਣ ਨਾਲ ਹੀ ਪ੍ਰਸ਼ਾਦਾ ਛਕਾ ਦਿਉ। ਜੇ ਚਾਹ ਵੀ ਨਹੀਂ ਬਣ ਸਕਦੀ ਤਾਂ ਜਲ ਛਕਾ ਦਿਉ। ਜੇ ਜਲ ਵੀ ਨਹੀਂ ਛਕਾ ਸਕਦੇ ਤਾਂ ਆਏ ਵਿਅਕਤੀ ਨਾਲ ਹੱਸ ਕੇ ਹੀ ਬੋਲ ਲਉ ਤਾਂ ਕਿ ਆਇਆ ਬੰਦਾ ਨਿਰਾਸ਼ ਨਾ ਜਾਵੇ।" [81]ਸੰਤ ਹਰਬੰਸ ਸਿੰਘ ਨਾਲ ਅਨੇਕਾਂ ਸਾਲ ਸੰਗਤ ਕਰਨ ਵਾਲੇ **ਭਾਈ ਪਰਮਜੀਤ ਸਿੰਘ ਡੁਮੇਲੀ** ਨੇ ਵੀ ਸੰਤ ਹਰਬੰਸ ਸਿੰਘ ਦੇ ਉਪਰੋਕਤ ਗੁਣਾਂ ਦਾ ਜ਼ਿਕਰ ਕੀਤਾ ਹੈ।'[82]

---

77 ਸੁਰਜੀਤ ਸਿੰਘ ਸੋਖਲ: ਕੋਟ ਮਧੇ ਕੋਈ ਸੰਤੁ ਦਿਖਾਇਆ, ਸੰਤਨ ਕੀ ਮਹਿਮਾ, 2012, ਪੰਨਾ 50.

78 ਅਵਤਾਰ ਸਿੰਘ ਚੀਮਾ: ਜਨ ਪਰਉਪਕਾਰੀ ਆਏ, ਸੰਤਨ ਕੀ ਮਹਿਮਾ, 2012, ਪੰਨਾ 59.

79 ਸੰਤ ਜਗਜੀਤ ਸਿੰਘ ਹਰਖੋਵਾਲ: ਮੁਖਬੰਧ, ਸੰਤਨ ਕੀ ਮਹਿਮਾ, 2012, ਪੰਨਾ 11.

80 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

81 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 28.

82 ਭਾਈ ਪਰਮਜੀਤ ਸਿੰਘ ਡੁਮੇਲੀ: ਸੰਤਨ ਕੀ ਮਹਿਮਾ ਕਵਨ ਵਖਾਨਉ, ਸੰਤਨ ਕੀ ਮਹਿਮਾ, 2012, ਪੰਨਾ 71-72.

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਸੰਤ ਦਲੀਪ ਸਿੰਘ ਨੇ ਸੰਤ ਹਰਬੰਸ ਸਿੰਘ ਦੀ ਪਰਖ ਕਰਕੇ ਉਨ੍ਹਾਂ ਨੂੰ ਡੇਰੇ ਦੀਆਂ ਕੁਝ ਜਿੰਮੇਵਾਰੀਆਂ ਸੰਭਾਲ ਦਿਤੀਆਂ ਜਿਨ੍ਹਾਂ ਵਿਚੋਂ ਹਿਕਮਤ ਨਾਲ ਮਰੀਜ਼ਾਂ ਦਾ ਮੁਫਤ ਇਲਾਜ ਕਰਨਾ ਤੇ ਲੰਗਰ ਚਲਾਉਣਾ ਪ੍ਰਮੁੱਖ ਸਨ। ਸੰਤ ਹਰਬੰਸ ਸਿੰਘ ਨੇ ਵੀ ਇਨ੍ਹਾਂ ਜਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ।। ਉਨ੍ਹਾਂ ਨੇ ਮਰੀਜ਼ਾ ਦੇ ਜਲੋਧਰ, ਦਮਾਂ, ਪੁਰਾਣਾ ਬੁਖਾਰ, ਗਵੀਰ, ਸੋਕਾ, ਸੁਜਾਕ, ਆਤਿਸ਼, ਗੁਪਤ ਰੋਗਾਂ ਦਾ ਇਲਾਜ ਦੇਸੀ ਜੜੀ ਬੂਟੀਆਂ ਨਾਲ ਬਣਾਈਆਂ ਦਵਾਈਆਂ ਨਾਲ ਮੁਫਤ ਕੀਤਾ। ਇਸ ਤੋਂ ਇਲਾਵਾ ਲੰਗਰ ਚਲਾਉਣ ਲਈ ਉਹ ਨੇੜੇ ਦੇ ਜੰਗਲ ਵਿਚੋਂ ਲੱਕੜਾ ਕੱਟ ਕੇ ਲਿਆਉਂਦੇ ਤੇ ਆਪ ਹੱਥੀ ਆਟਾ ਪੀਹ ਕੇ ਲੰਗਰ ਤਿਆਰ ਕਰਕੇ ਸੰਗਤਾਂ ਨੂੰ ਛਕਾਉਂਦੇ ਸਨ।

### 2.4.4 ਕਥਾਵਾਚਕ ਅਤੇ ਕੀਰਤਨਕਾਰ – ਸੰਤ ਹਰਬੰਸ ਸਿੰਘ

**ਸੰਤ ਹਰਬੰਸ ਸਿੰਘ** ਇਕ ਮਹਾਨ ਕਥਾਵਾਚਕ ਅਤੇ ਕੀਰਤਨਕਾਰ ਸਨ। ਉਨ੍ਹਾਂ ਵਿਚ ਜਿਥੇ ਆਪਣੀ ਕਥਾ ਨਾਲ ਸੰਗਤਾਂ ਨੂੰ ਪ੍ਰਭਾਵਿਤ ਕਰਨ ਦਾ ਗੁਣ ਮੌਜੂਦ ਸੀ, ਉਥੇ ਉਹ ਸਿਧੀਆਂ ਧਾਰਨਾ ਦਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ੍ਹੀ ਰੱਖਦੇ ਸਨ।

ਇਸ ਸਬੰਧੀ **ਭਾਈ ਤਰਲੋਚਨ ਸਿੰਘ ਡੁਮੇਲੀ** (ਨਜ਼ਦੀਕੀ ਸੰਤ ਹਰਬੰਸ ਸਿੰਘ) ਨੇ ਇਕ ਸਾਖਿਆਕਾਰ (ਇੰਟਰਵਿਊ) ਰਾਹੀਂ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, " ਸੰਤ ਹਰਬੰਸ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਦਿਨ੍ਹਾਂ ਵਿਚ ਜਦ ਬਹੁਤ ਗੱਡੀਆਂ ਨਹੀਂ ਸਨ ਹੁੰਦੀਆਂ। ਉਦੋਂ ਸੰਤ ਹਰਬੰਸ ਸਿੰਘ ਕੋਲ ਇਕ ਤਿੰਨ ਪਹੀਆ ਟਰਾਈ ਸਾਇਕਲ ਹੁੰਦਾ ਸੀ। ਉਨ੍ਹਾਂ ਨੇ ਉਸ ਨੂੰ ਚਲਾ ਕੇ ਹੀ ਆਸ ਪਾਸ ਪਿੰਡਾਂ ਵਿਚ ਕੀਰਤਨ ਕਰਨ ਚਲੇ ਜਾਣਾ ਤੇ ਸਾਜ਼ ਵੀ ਉਸ ਉਪਰ ਹੀ ਰੱਖੇ ਹੁੰਦੇ ਸਨ। ਉਹ ਸਿੱਧੀਆਂ ਧਾਰਨਾਂ ਵਿਚ ਕੀਰਤਨ ਕਰਦੇ ਸਨ ਅਤੇ ਤਬਲਾ ਵੀ ਵਜਾ ਲੈਂਦੇ ਸਨ। ਉਹ ਜਿਥੇ ਸਿਧੀਆਂ ਧਾਰਨਾਂ ਵਾਲਾ ਕੀਰਤਨ ਕਰਨ ਦੇ ਮਾਹਿਰ ਸਨ ਉਥੇ ਉਘੇ ਕਥਾਵਾਚਕ ਵੀ ਸਨ। ਇਸ ਪਰਕਾਰ ਆਪ ਨੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੇ ਕਾਰਜ ਨੂੰ ਅਗਾਂਹ ਤੋਰਿਆ।'[83] '**ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨੇ ਵੀ ਸੰਤ ਹਰਬੰਸ ਸਿੰਘ ਦੇ ਇਨ੍ਹਾਂ ਗੁਣਾਂ ਦੀ ਪੁਸ਼ਟੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਕੀਤੀ ਹੈ।'[84] 'ਇਸ ਸਬੰਧੀ ਇਕ ਸਾਖਿਆਕਾਰ (ਇੰਟਰਵਿਊ) ਰਾਹੀਂ **ਸੰਤ ਜਗਜੀਤ ਸਿੰਘ ਹਰਖੋਵਾਲ** ਨੇ ਵੀ ਸੰਤ ਹਰਬੰਸ ਸਿੰਘ ਦੇ ਉਪਰੋਕਤ ਗੁਣਾਂ ਦਾ ਜ਼ਿਕਰ ਕੀਤਾ ਹੈ।'[85]

83 ਭਾਈ ਤਰਲੋਚਨ ਸਿੰਘ ਡੁਮੇਲੀ (ਨਜ਼ਦੀਕੀ ਸੰਤ ਹਰਬੰਸ ਸਿੰਘ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ ਡੁਮੇਲੀ, ਕਪੂਰਥਲਾ, ਮਿਤੀ 10.09.2015,

84 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

85 ਸੰਤ ਜਗਜੀਤ ਸਿੰਘ ਹਰਖੋਵਾਲ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਸੁਲਤਾਨਪੁਲੋਧੀ, ਕਪੂਰਥਲਾ, ਮਿਤੀ 09.01.16.

ਉਪਰੋਕਤ ਹਵਾਲਿਆ ਤੋਂ ਸਪਸ਼ਟ ਹੈ ਕਿ ਸੰਤ ਹਰਬੰਸ ਸਿੰਘ ਇਕ ਮਹਾਨ ਕਥਾਵਾਚਕ ਅਤੇ ਕੀਰਤਨਕਾਰ ਵੀ ਸਨ। ਉਹ ਆਪਣੀ ਕਥਾ ਅਤੇ ਕੀਰਤਨ ਕਰਨ ਦੀ ਸ਼ੈਲੀ ਨਾਲ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਮਤਿ ਸੰਗੀਤ ਨਾਲ ਜੋੜੀ ਰੱਖਦੇ ਸਨ। ਉਨ੍ਹਾਂ ਨੇ ਦੇਸ਼ ਅਤੇ ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਕੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਨਾਂ ਰੌਸ਼ਨ ਕੀਤਾ।

### 2.4.5 ਪੰਥ ਦਰਦੀ ਅਤੇ ਪੰਥਕ ਕਵੀ –ਸੰਤ ਹਰਬੰਸ ਸਿੰਘ

**ਸੰਤ ਹਰਬੰਸ ਸਿੰਘ** ਨੂੰ **ਪੰਥਕ ਮੋਰਚਿਆਂ, ਧਰਮ ਯੁੱਧ ਮੋਰਚਿਆਂ ਅਤੇ ਪੰਥਕ ਕਾਰਜਾਂ** ਵਿਚ ਸਰਗਰਮੀ ਨਾਲ ਭਾਗ ਲੈਣ ਦੀ ਗੁੜ੍ਹਤੀ ਸੰਤ ਬਾਬਾ ਦਲੀਪ ਸਿੰਘ ਤੋਂ ਮਿਲੀ। ਆਪ ਨੇ ਆਪਣੇ ਜੀਵਨ ਕਾਲ ਵਿਚ ਇਨ੍ਹਾਂ ਮੋਰਚਿਆਂ ਵਿਚ ਵੱਧ ਚੜ੍ਹਕੇ ਭਾਗ ਲਿਆ ਤੇ ਜੇਲ ਵੀ ਗਏ।

ਲੇਖਕ **ਜਸਮੇਰ ਸਿੰਘ ਹੋਠੀ** ਨੇ ਇਸ ਸਬੰਧੀ ਜਾਣਕਾਰੀ ਇਸ ਤਰ੍ਹਾਂ ਦਿਤੀ ਹੈ, "ਸੰਤ ਹਰਬੰਸ ਸਿੰਘ ਨੇ ਗੁਰਦੁਆਰਿਆਂ, ਹਸਪਤਾਲਾਂ, ਵਿਦਿਆ ਕੇਂਦਰਾਂ ਦੀ ਸੇਵਾ ਤੇ ਉਸਾਰੀ ਵਿਚ ਹੀ ਹਿੱਸਾ ਨਹੀਂ ਪਾਇਆ, ਸਗੋਂ ਪੰਥਕ ਮੋਰਚਿਆਂ ਵਿਚ ਵੀ ਸਰਗਰਮ ਹਿੱਸਾ ਲਿਆ ਤੇ ਪੰਜਾਬੀ ਸੂਬਾ ਅੰਦੋਲਨ ਵਿਚ ਗ੍ਰਿਫਤਾਰੀ ਵੀ ਦਿਤੀ ਤੇ ਥੋੜਾ ਸਮਾਂ ਜੇਲ੍ਹ ਵੀ ਗਏ। ਐਮਰਜੈਂਸੀ ਦੌਰਾਨ ਧਰਮ ਯੁੱਧ ਮੋਰਚੇ ਦਾ ਸਮਰਥਨ ਕਰਦਿਆਂ ਅਨਾਜ ਤੇ ਮਾਲੀ ਇਮਦਾਦ ਭੇਜਦੇ ਰਹੇ। ਆਪ ਨੇ ਹਮੇਸ਼ਾ ਪੰਥਕ ਕਾਰਜਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਯੋਗ ਅਗਵਾਈ ਵਿਚ ਆਪਣਾ ਹਿੱਸਾ ਪਾਇਆ ਤੇ ਲੋੜ ਅਨੁਸਾਰ ਡੁਮੇਲੀ ਤੇ ਇਰਦ ਗਿਰਦ ਦੇ ਇਲਾਕਿਆ ਵਿਚੋਂ ਸਿੰਘਾਂ ਦੇ ਜਥੇ ਭੇਜਦੇ ਰਹੇ। ਬਾਬਾ ਹਰਬੰਸ ਸਿੰਘ ਨੂੰ ਕਿਸੇ ਵੀ ਵਸਤੂ ਦੀ ਪਕੜ ਨਹੀਂ ਸੀ। ਭਾਵੇਂ ਉਹ ਡੇਰਾ (ਅਸਥਾਨ) ਸੀ ਜਾਂ ਕੋਈ ਮੋਟਰ ਕਾਰ ਜਾਂ ਕੋਈ ਸੇਵਕ। ਨਹੀਂ ਤਾਂ ਆਮ ਵਿਅਕਤੀ ਤਾਂ ਆਪਣੇ ਰਿਸ਼ਤੇਦਾਰਾਂ ਜਾਂ ਖਾਸ ਚੇਲਿਆਂ ਨੂੰ ਹਰ ਵਸਤੂ ਦਾ ਮੁਖਤਿਆਰ ਥਾਪਦੇ ਹਨ।"[86]

ਡੁਮੇਲੀ ਪਿੰਡ ਦੇ **ਭਾਈ ਪਰਮਜੀਤ ਸਿੰਘ ਡੁਮੇਲੀ** (ਸਰੀਰਕ ਤੌਰ ਤੇ ਅਪਾਹਜ) ਦੇ ਅਨੁਸਾਰ, 'ਸੰਤ ਹਰਬੰਸ ਸਿੰਘ ਦੇਸ਼ ਦੀ ਖਾਤਰ ਮਰ ਮਿਟਣ ਵਾਲੇ ਬੱਬਰਾਂ ਨਾਲ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੇ ਬੱਬਰਾਂ ਦੀਆਂ ਤਸਵੀਰਾਂ ਲੱਭ-ਲੱਭ ਕੇ ਇਕੱਠੀਆਂ ਕੀਤੀਆਂ ਅਤੇ ਗੁਰਦੁਆਰਾ ਚੌਂਤਾ ਸਾਹਿਬ ਬਬੇਲੀ ਵਿਖੇ ਸ਼ਸ਼ੋਭਿਤ ਕੀਤੀਆਂ।'[87]

---

86 ਜਸਮੇਰ ਸਿੰਘ ਹੋਠੀ: ਗੁਰਮੁਖਿ ਪਰਉਪਕਾਰੀ ਵਿਰਲਾ ਆਇਆ, ਸੰਤਨ ਕੀ ਮਹਿਮਾ, 2012, ਪੰਨਾ 108-109.

87 ਭਾਈ ਪਰਮਜੀਤ ਸਿੰਘ ਡੁਮੇਲੀ: ਸੰਤਨ ਕੀ ਮਹਿਮਾ ਕਵਨ ਵਖਾਨਉ, ਸੰਤਨ ਕੀ ਮਹਿਮਾ, 2012, ਪੰਨਾ 71.

ਸੰਤ ਹਰਬੰਸ ਸਿੰਘ ਦੇ ਇਨ੍ਹਾਂ ਗੁਣਾਂ ਦੀ ਪੁਸ਼ਟੀ ਲੇਖਕ **ਰਣਜੀਤ ਸਿੰਘ ਰਾਣਾ** ਨੇ ਵੀ ਪੁਸਤਕ 'ਸੰਤਨ ਕੀ ਮਹਿਮਾ' ਵਿਚ ਕੀਤੀ ਹੈ।"[88]

ਸੰਤ ਹਰਬੰਸ ਸਿੰਘ ਇਕ **ਪੰਥਕ ਕਵੀ** ਵੀ ਸਨ। ਉਹ ਬਹੁਤ ਹੀ ਸੁੰਦਰ ਕਵਿਤਾ ਲਿਖਣ ਵਿਚ ਮਾਹਿਰ ਸਨ। ਕਦੇ-ਕਦੇ ਉਹ ਸਮਾਗਮਾਂ ਵਿਚ ਆਪਣੀਆਂ ਲਿਖੀਆਂ ਕਵਿਤਾਵਾਂ ਵੀ ਬੋਲਦੇ ਸਨ। ਉਹ ਇਨ੍ਹਾਂ ਕਵਿਤਾਵਾਂ ਰਾਹੀਂ ਜਿਥੇ ਸਿੱਖ ਕੌਮ ਤੋਂ ਵਿਛੜ ਚੁੱਕੇ ਗੁਰਧਾਮਾਂ ਪ੍ਰਤੀ ਚਿੰਤਤ ਨਜ਼ਰ ਆਉਂਦੇ ਹਨ, ਉਥੇ ਸੰਗਤਾਂ ਨੂੰ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਅਤੇ ਸਾਂਭ ਸੰਭਾਲ ਕਰਨ ਲਈ ਸੇਧ ਦਿੰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਪੰਥਕ ਮੋਰਚਿਆਂ ਅਤੇ ਪੰਥਕ ਕਾਰਜਾਂ ਵਿਚ ਵੱਧ ਚੜ੍ਹ ਕੇ ਹਿਸਾ ਲਿਆ।[89]

### 2.4.6 ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ

**ਸੰਤ ਹਰਬੰਸ ਸਿੰਘ** ਨੇ ਜਿਥੇ ਦੇਸ਼ ਦੇ ਭਿੰਨ-ਭਿੰਨ ਭਾਗਾਂ ਵਿਚ ਗੁਰਮਤਿ ਦਾ ਪਰਚਾਰ ਤੇ ਪਰਸਾਰ ਕੀਤਾ ਉਥੇ ਵਿਦੇਸ਼ਾਂ ਵਿਚ ਵੀ ਗੁਰਬਾਣੀ, ਕਥਾ ਅਤੇ ਕੀਰਤਨ ਪਰੰਪਰਾ ਦੇ ਮਾਧਿਅਮ ਰਾਹੀਂ ਡੁਮੇਲੀ ਦੀ ਟਕਸਾਲ ਦਾ ਨਾਮ ਰੋਸ਼ਨ ਕੀਤਾ। ਆਪ ਨੇ ਵਿਦੇਸ਼ਾਂ ਵਿਚ ਗੁਰੂ ਘਰਾਂ ਦੀ ਸਥਾਪਨਾ ਕਰਕੇ ਗੁਰਬਾਣੀ ਦਾ ਪ੍ਰਵਾਹ ਚਲਾਇਆ। ਕੀਰਤਨ ਦੀ ਪਰੰਪਰਾ ਨੂੰ ਜਾਰੀ ਰੱਖਿਆ ਤੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ।

ਲੇਖਕ **ਸੁਰਜੀਤ ਸਿੰਘ ਸੋਖਲ** ਨੇ ਸੰਤ ਹਰਬੰਸ ਸਿੰਘ ਦੁਆਰਾ ਕੀਤੇ ਦੇਸ਼-ਵਿਦੇਸ਼ ਵਿਚ ਗੁਰਮਤਿ ਦੇ ਪਰਚਾਰ ਤੇ ਪਰਸਾਰ ਨੂੰ ਇਸ ਤਰ੍ਹਾਂ ਬਿਆਨਿਆ ਹੈ, "**ਇੰਗਲੈਂਡ** ਵਿਚ ਪਹਿਲੀ ਵਾਰ ਬਾਬਾ ਹਰਬੰਸ ਸਿੰਘ 1970 ਈ. ਵਿਚ ਆਏ। ਆਪ ਜੀ ਨੇ ਕੋਈ ਚਾਰ ਕੁ ਹਫ਼ਤੇ ਇਥੇ ਟਿਕ ਕੇ ਗੁਰਮਤਿ ਦਾ ਪਰਚਾਰ ਕੀਤਾ ਅਤੇ ਵਾਪਸ ਡੁਮੇਲੀ ਮੁੜ ਗਏ। ਸੰਗਤਾਂ ਦੇ ਜੋਰ ਪਾਉਣ ਤੇ ਦੁਬਾਰਾ 1973 ਵਿਚ ਇੰਗਲੈਂਡ ਆਏ ਅਤੇ ਚਾਰ ਕੁ ਮਹੀਨੇ ਇਥੇ ਗੁਰਸਿੱਖੀ ਦੀ ਮਹਿਕ ਫੈਲਾ ਕੇ ਵਾਪਸ ਮੁੜ ਗਏ। ਸੰਗਤਾਂ ਦੀ ਮੰਗ ਤੇ ਫਿਰ ਤੀਜੀ ਵਾਰ 1978 ਵਿਚ ਗਿਆਨੀ ਜੋਗਿੰਦਰ ਸਿੰਘ ਜੀ ਨੂੰ ਨਾਲ ਲੈ ਕੇ ਆਏ। ਉਹਨਾਂ ਦੇ ਰਸਭਿੰਨੇ ਕੀਰਤਨ ਨੇ ਅਨੇਕਾਂ ਜਗਿਆਸੂਆਂ ਨੂੰ ਨਾਮ ਸਿਮਰਨ ਨਾਲ ਜੋੜਿਆ।--------- ਬਾਬਾ ਜੀ ਦੀ ਗੈਰਹਾਜ਼ਰੀ ਵਿਚ ਹੀ ਦਾਸ, ਕੇਵਲ ਸਿੰਘ ਚੌਹਾਨ, ਅਤੇ ਡਾ. ਤਰਲੋਕ ਸਿੰਘ ਨੇ ਵੈਸਟ ਬ੍ਰਾਮਵਿਚ ਦੀ ਹਾਈ

---

88 ਰਣਜੀਤ ਸਿੰਘ ਰਾਣਾ: ਸੰਤ ਹਰਬੰਸ ਸਿੰਘ ਡੁਮੇਲੀ ਵਾਲਿਆਂ ਦੀ ਪੰਥਕ ਚੇਤਨਾ, ਸੰਤਨ ਕੀ ਮਹਿਮਾ, 2012, ਪੰਨਾ 63-64.

89 ਰਣਜੀਤ ਸਿੰਘ ਰਾਣਾ: ਸੰਤ ਹਰਬੰਸ ਸਿੰਘ ਡੁਮੇਲੀ ਵਾਲਿਆਂ ਦੀ ਪੰਥਕ ਚੇਤਨਾ, ਸੰਤਨ ਕੀ ਮਹਿਮਾ, 2012, ਪੰਨਾ 68-69..

ਸਟਰੀਟ ਤੇ ਇਕ ਜਗ੍ਹਾ ਵੇਖੀ ਅਤੇ ਸੰਗਤ ਦੀ ਸਹਾਇਤਾ ਨਾਲ ਗੁਰੂ ਘਰ ਵਾਸਤੇ ਖਰੀਦ ਲਈ। ਬਾਬਾ ਜੀ ਨੂੰ ਅਗਲੇ ਵਰ੍ਹੇ ਹੀ 1979 ਵਿਚ ਉਚੇਚੇ ਤੌਰ ਤੇ ਪੰਜਾਬੋ ਸੱਦ ਕੇ, ਪੰਜਾਂ ਸਿੰਘਾਂ ਦਾ ਟਰੱਸਟ ਕਾਇਮ ਕੀਤਾ। ਇਹ ਪਹਿਲੇ ਪੰਜ ਟਰੱਸਟੀ ਸਨ- ਬਾਬਾ ਹਰਬੰਸ ਸਿੰਘ, ਸੁਰਜੀਤ ਸਿੰਘ ਸੋਖਲ, ਕੇਵਲ ਸਿੰਘ ਚੌਹਾਨ, ਡਾ. ਤਰਲੋਕ ਸਿੰਘ ਅਤੇ ਸੁੱਚਾ ਸਿੰਘ। ਬਾਬਾ ਜੀ ਨੇ ਇਸ ਗੁਰਦੁਆਰੇ ਦਾ ਨਾਮ '**ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ**' ਰੱਖਿਆ। ਇਥੇ ਦੋ ਵੇਲੇ ਕਥਾ ਕੀਰਤਨ ਹੁੰਦਾ ਅਤੇ ਰੌਣਕਾਂ ਲੱਗੀਆਂ ਰਹਿੰਦੀਆਂ।"[90]

ਸੰਤ ਹਰਬੰਸ ਸਿੰਘ ਨੇ ਸਾਰੀ ਉਮਰ ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰਮਤਿ ਅਤੇ ਗੁਰਬਾਣੀ ਕੀਰਤਨ ਨਾਲ ਜੋੜਨ ਦੀ ਭਰਪੂਰ ਕੋਸ਼ਿਸ਼ ਕੀਤੀ। ਸਿੱਟੇ ਵਜੋਂ ਇਹ ਨਿੱਕੀਆਂ ਜਿੰਦਾਂ ਸੰਤ ਹਰਬੰਸ ਸਿੰਘ ਦੀ ਨਿਘੀ ਗੋਦ ਦਾ ਅਨੰਦ ਮਾਣਦੀਆਂ ਹੋਈਆਂ ਜਿਥੇ ਗੁਰੂ ਵਾਲੀਆਂ ਬਣੀਆਂ ਉਥੇ ਵਿਦੇਸ਼ਾਂ ਵਿਚ ਗੁਰਮਤਿ ਦਾ ਪਰਚਾਰ ਕਰਨ ਲਈ ਸਹਾਇਕ ਸਿੱਧ ਵੀ ਹੋਈਆਂ।

ਲੇਖਕ **ਸ. ਕੇਵਲ ਸਿੰਘ ਚੌਹਾਨ** ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ, "ਉਹ (ਸੰਤ ਹਰਬੰਸ ਸਿੰਘ) ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਹਮੇਸ਼ਾਂ ਹੀ ਯਤਨਸ਼ੀਲ਼ ਰਹਿੰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਿਸ ਧਰਮ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਮੁਨਕਰ ਹੋ ਜਾਣ, ਉਹ ਧਰਮ ਕਦੇ ਵੱਧ ਫੁੱਲ ਨਹੀਂ ਸਕਦਾ। ਉਨ੍ਹਾਂ ਨੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ, ਵੈਸਟ ਬ੍ਰਾਮਵਿਚ ਵਿਖੇ ਪੰਜਾਬੀ ਦੀਆਂ ਕਲਾਸਾਂ ਦੇ ਨਾਲ-ਨਾਲ ਬੱਚਿਆਂ ਲਈ ਵੱਡੇ ਪੱਧਰ ਤੇ ਕੀਰਤਨ ਦੀਆਂ ਕਲਾਸਾਂ ਦਾ ਪ੍ਰਬੰਧ ਕੀਤਾ। ਉਹਨੀਂ ਦਿਨੀ ਪੰਜਾਬੀ ਦੀਆਂ ਕਲਾਸਾਂ ਤਾਂ ਸ਼ਾਇਦ ਹੋਰ ਵੀ ਕਈ ਗੁਰਦੁਆਰਿਆਂ ਵਿਚ ਲੱਗਦੀਆਂ ਹੋਣਗੀਆਂ, ਪਰ ਪੱਕੇ ਤੌਰ ਤੇ ਉਸਤਾਦ ਕੀਰਤਨੀਆ ਰੱਖ ਕੇ ਬੱਚਿਆਂ ਲਈ ਕੀਰਤਨ ਦੀਆਂ ਕਲਾਸਾਂ ਲਗਾਉਣ ਲਈ ਵੀ ਇੰਗਲੈਂਡ ਵਿਚ ਬਾਬਾ ਜੀ ਦਾ ਨਾਂ ਮੋਢੀ ਦੇ ਤੌਰ ਤੇ ਯਾਦ ਕੀਤਾ ਜਾਂਦਾ ਰਹੇਗਾ।"[91]

ਇਸ ਸਬੰਧੀ **ਜਸਮੇਰ ਸਿੰਘ ਹੋਠੀ** ਨੇ 'ਸੰਤਨ ਕੀ ਮਹਿਮਾ' ਪੁਸਤਕ ਵਿਚ ਵੀ ਇਸੀ ਤਰ੍ਹਾਂ ਦੀ ਜਾਣਕਾਰੀ ਦਿਤੀ ਹੈ, "ਬਾਬਾ ਜੀ ਨੇ ਜਿਥੇ **ਭਾਰਤ, ਇੰਗਲੈਂਡ ਅਤੇ ਪਾਕਿਸਤਾਨ** ਦੇ ਵਸਨੀਕਾਂ ਤੇ ਸੰਗਤਾਂ ਦਾ ਭਲਾ ਕੀਤਾ, ਉਥੇ ਬਾਬਾ ਜੀ ਨੇ ਪਰਚਾਰ ਹਿੱਤ ਸ. ਮਲਕੀਤ ਸਿੰਘ ਕਨੇਡਾ ਦੀ ਪ੍ਰੇਰਨਾ ਰਾਹੀਂ ਅਕਤੂਬਰ 1984 ਤੋਂ ਜਨਵਰੀ 1985 ਤੱਕ ਤਕਰੀਬਨ ਤਿੰਨ ਮਹੀਨੇ **ਬੀ.ਸੀ ਕੈਲਗਿਰੀ ਐਡਮਿੰਟਨ** ਵਿਖੇ ਸੰਗਤਾਂ ਨੂੰ ਨਾਮ ਸਿਮਰਨ ਗੁਰਸਿੱਖੀ ਨਾਲ ਜੋੜਿਆ। ਇਸ ਫੇਰੀ ਦੌਰਾਨ ਬਾਬਾ ਜੀ ਦੇ ਨਾਲ ਗਿਆਨੀ ਦਾਨ ਸਿੰਘ ਸੰਘਾ, ਗਿਆਨੀ ਜੁਗਿੰਦਰ ਸਿੰਘ ਤੇ ਤਬਲੇ ਦੀ ਸੇਵਾ ਲਈ ਪ੍ਰੋ. ਅਮਰ ਸਿੰਘ ਨਾਲ ਸਨ। ਫਿਰ

90 ਸੁਰਜੀਤ ਸਿੰਘ ਸੋਖਲ: ਕੋਟਿ ਮਧੇ ਕੋਈ ਸੰਤੁ ਦਿਖਾਇਆ, ਸੰਤਨ ਕੀ ਮਹਿਮਾ, 2012, ਪੰਨਾ 50-51.

91 ਕੇਵਲ ਸਿੰਘ ਚੌਹਾਨ: ਸਾਧ ਕੀ ਸੋਭਾ ਸਦਾ ਬੇਅੰਤ, ਸੰਤਨ ਕੀ ਮਹਿਮਾ, 2012, ਪੰਨਾ 41-42.

ਸ. ਜੋਗਾ ਸਿੰਘ **ਸਿਡਨੀ ਆਸਟ੍ਰੇਲੀਆ** ਦੇ ਪਿਆਰ ਦੇ ਖਿਚੇ ਹੋਏ ਤਕਰੀਬਨ ਤਿੰਨ ਕੁ ਮਹੀਨੇ ਉਥੇ ਗੁਰੂ ਸਾਹਿਬਾਂ ਦੇ ਮਿਸ਼ਨ ਨੂੰ ਪ੍ਰਚਾਰਿਆ। ਇਸ ਫੇਰੀ ਦੌਰਾਨ ਵੀ ਗਿਆਨੀ ਦਾਨ ਸਿੰਘ ਸੰਘਾ, ਗਿਆਨੀ ਤਰਲੋਕ ਸਿੰਘ ਅਤੇ ਪ੍ਰੋ. ਅਮਰ ਸਿੰਘ ਨਾਲ ਸਨ। ਇਥੇ ਵੀ ਮਲੇਸ਼ੀਆ ਦੀ ਸੰਗਤ ਵਲੋਂ ਬਹੁਤ ਬੇਨਤੀਆਂ ਆ ਰਹੀਆਂ ਸਨ ਕਿ ਇਧਰ ਦਰਸ਼ਨ ਦਿਉ ਤੇ ਬਾਬਾ ਜੀ ਤੇ ਗਿਆਨੀ ਦਾਨ ਸਿੰਘ ਜੀ ਨੇ **ਮਲੇਸ਼ੀਆ** ਪਧਾਰ ਕੇ ਸੰਗਤਾਂ ਦੇ ਪਿਆਰ ਨੂੰ ਫੁੱਲ ਚੜ੍ਹਾਏ।"[92]

'ਇਸ ਤੋਂ ਬਿਨ੍ਹਾਂ ਸੰਤ ਹਰਬੰਸ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੀਆਂ ਅਤੇ ਢਾਡੀਆਂ ਦਾ ਬਹੁਤ ਸਤਿਕਾਰ ਕਰਦੇ ਸਨ।। ਇਹੀ ਕਾਰਨ ਸੀ ਕਿ ਉਨ੍ਹਾਂ ਨੂੰ '**ਰਾਗੀਆਂ ਦੀ ਮਾਂ** ' ਵੀ ਕਿਹਾ ਜਾਂਦਾ ਸੀ। ਇਸ ਗੱਲ ਦੀ ਪੁਸ਼ਟੀ **ਜਸਮੇਰ ਸਿੰਘ ਹੋਠੀ** ਅਤੇ **ਸਤਨਾਮ ਸਿੰਘ** ਨੇ ਪੁਸਤਕ 'ਸੰਤਨ ਕੀ ਮਹਿਮਾ' ਵਿਚ ਵੀ ਕੀਤੀ ਹੈ।'[93]

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਸੰਤ ਹਰਬੰਸ ਸਿੰਘ ਨੇ ਵਿਦੇਸ਼ਾਂ ਵਿਚ ਵੀ ਗੁਰਮਤਿ ਸੰਗੀਤ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ। ਉਨ੍ਹਾਂ **ਇੰਗਲੈਂਡ, ਕਨੇਡਾ, ਆਸਟਰੇਲੀਆ, ਮਲੇਸ਼ੀਆ, ਪਾਕਿਸਤਾਨ** ਆਦਿ ਦੇਸ਼ਾਂ ਵਿਚ ਜਾ ਕੇ ਜਿਥੇ ਗੁਰਦੁਆਰਿਆਂ ਦੀਆਂ ਉਸਾਰੀਆਂ ਅਤੇ ਸਾਂਭ-ਸੰਭਾਲ ਦਾ ਕੰਮ ਕੀਤਾ, ਉਥੇ ਗੁਰਮਤਿ ਸੰਗੀਤ ਅਤੇ ਗੁਰਬਾਣੀ ਦਾ ਪ੍ਰਚਾਰ ਕਰਕੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਨਾਂ ਰੋਸ਼ਨ ਕੀਤਾ। ਆਪ ਨੇ ਵਿਦੇਸ਼ਾਂ ਵਿਚ ਛੋਟੇ ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਦੇ ਕੇ ਉਨ੍ਹਾਂ ਵਿਚ ਗੁਰਬਾਣੀ ਗਾਇਨ ਦੀ ਚਿਣਗ ਪੈਦਾ ਕੀਤੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੀਆਂ ਅਤੇ ਢਾਡੀਆਂ ਦਾ ਬਹੁਤ ਮਾਣ ਸਤਿਕਾਰ ਕਰਦੇ ਸਨ।

### 2.4.7 ਸੰਤ ਹਰਬੰਸ ਸਿੰਘ ਦੀ ਸ਼ਖ਼ਸੀਅਤ ਦੇ ਹੋਰ ਪੱਖ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਤੋਂ ਬਿਨ੍ਹਾਂ ਸੰਤ ਹਰਬੰਸ ਸਿੰਘ ਦੀ ਸਖ਼ਸ਼ੀਅਤ ਦੇ ਹੋਰ ਅਨੇਕਾਂ ਪੱਖ ਹਨ ਜਿਨ੍ਹਾਂ ਦਾ ਇਥੇ ਜ਼ਿਕਰ ਕਰਨਾ ਜਰੂਰੀ ਹੈ।

— ਸੰਤ ਹਰਬੰਸ ਸਿੰਘ ਨੇ ਜਿਥੇ ਦੇਸ਼ ਅਤੇ ਵਿਦੇਸ਼ਾਂ ਵਿਚ ਗੁਰਦੁਆਰਿਆਂ ਦੀ ਉਸਾਰੀ ਕਰਵਾਕੇ ਗੁਰਬਾਣੀ ਦਾ ਪ੍ਰਵਾਹ ਚਲਾਇਆ, ਉਥੇ ਦੇਸ਼ ਦੀ ਵੰਡ ਉਪਰੰਤ **ਪਾਕਿਸਤਾਨ ਵਾਲੇ ਪਾਸੇ ਰਹਿ ਗਏ ਇਤਿਹਾਸਿਕ ਗੁਰਦੁਆਰਿਆਂ ਦੀ ਸਾਂਭ ਸੰਭਾਲ** ਤੇ ਜ਼ੋਰ ਦਿਤਾ। ਇਸ ਉਦੇਸ਼ ਦੀ ਪੂਰਤੀ ਲਈ ਉਹ ਹਰ ਸਾਲ ਪਾਕਿਸਤਾਨ ਜਥੇ ਲੈ ਕੇ ਜਾਂਦੇ ਰਹੇ।

---

92 ਜਸਮੇਰ ਸਿੰਘ ਹੋਠੀ: ਗੁਰਮੁਖਿ ਪਰਉਪਕਾਰੀ ਵਿਰਲਾ ਆਇਆ, ਸੰਤਨ ਕੀ ਮਹਿਮਾ, 2012, ਪੰਨਾ 107-108.

93 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 30-31.

ਲੇਖਕ '**ਜਸਮੇਰ ਸਿੰਘ ਹੋਠੀ** ਨੇ ਆਪਣੀ ਪੁਸਤਕ 'ਸੰਤਨ ਕੀ ਮਹਿਮਾ' ਵਿਚ ਇਸ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ ਕਿ ਇਸ ਤੋਂ ਪਹਿਲਾਂ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਹਾਲਤ ਬਹੁਤ ਖਸਤਾ ਸੀ। ਪਰੰਤੂ ਸੰਤ ਹਰਬੰਸ ਸਿੰਘ ਸੰਨ 1983 ਵਿਚ ਬਾਬਾ ਜੀ ਦੇ **ਲੰਗਰ ਹਾਲ ਲਈ 95 ਹਜ਼ਾਰ ਰੁਪਇਆ** ਦੇ ਕੇ ਆਏ। ਬਾਬਾ ਜੀ ਇੰਗਲੈਂਡ ਵਿਚੋਂ ਕੱਪੜੇ ਲੀੜੇ ਤੇ ਮਾਇਆ ਲਿਜਾ ਕੇ ਪਾਕਿਸਤਾਨ ਤੇ ਭਾਰਤ ਵਿਚ ਗਰੀਬਾਂ ਤੇ ਲੋੜਵੰਦਾਂ ਨੂੰ ਵੰਡਦੇ ਸਨ ਤੇ ਪਾਕਿਸਤਾਨ ਵਿਚ ਆਪ ਜੀ ਨੂੰ '**ਡੁਮੇਲੀ ਵਾਲਾ ਪੀਰ**' ਕਹਿ ਕੇ ਸਤਿਕਾਰਿਆ ਜਾਂਦਾ ਸੀ। ਬਾਅਦ ਵਿਚ ਪਾਲਕੀ ਸਾਹਿਬ ਤੇ ਦਰੀਆਂ ਲਈ ਬੇਅੰਤ ਸੇਵਾਵਾਂ ਸੰਗਤਾਂ ਤੋਂ ਕਰਵਾਈਆਂ।'[94]

**—** 'ਇਨ੍ਹਾਂ ਘਟਨਾਵਾਂ ਕਾਰਨ ਹੀ ਸੰਤ ਹਰਬੰਸ ਸਿੰਘ ਦਾ ਪਾਕਿਸਤਾਨ ਵਿਚ ਬਹੁਤ ਸਤਿਕਾਰ ਸੀ। ਇਸ ਸਬੰਧੀ ਜਾਣਕਾਰੀ **ਸ. ਕੇਵਲ ਸਿੰਘ ਚੌਹਾਨ** ਨੇ 'ਸੰਤਨ ਕੀ ਮਹਿਮਾ' ਪੁਸਤਕ ਵਿਚ ਵੀ ਦਿਤੀ ਹੈ।'[95]

**— ਸੰਤ ਬਲਵੰਤ ਸਿੰਘ ਸਿੱਧਸਰ ਸਿਹੋੜਾ** ਨੇ ਵੀ ਸੰਤ ਹਰਬੰਸ ਸਿੰਘ ਦੇ ਉਕਤ ਗੁਣਾਂ ਦੀ ਪੁਸ਼ਟੀ 'ਸੰਤਨ ਕੀ ਮਹਿਮਾ' ਪੁਸਤਕ ਵਿਚ ਕੀਤੀ ਹੈ।'[96]

**—** ਸੰਤ ਹਰਬੰਸ ਸਿੰਘ ਜਿਥੇ ਸੱਚੇ ਸੇਵਾਦਾਰ ਸਨ, ਉਥੇ ਉਹ ਸੰਗਤਾਂ ਤੇ ਆਮ ਲੋਕਾਂ ਦੀ ਮਦਦ ਕਰਕੇ ਬਹੁਤ ਖੁਸ਼ ਹੁੰਦੇ ਸਨ। ਇਸ ਸਬੰਧੀ ਭਾਈ **ਤਰਲੋਚਨ ਸਿੰਘ ਡੁਮੇਲੀ** (ਨਜ਼ਦੀਕੀ ਸੰਤ ਹਰਬੰਸ ਸਿੰਘ) ਨੇ ਇਕ ਸਾਖਿਆਕਾਰ (ਇੰਟਰਵਿਊ) ਰਾਹੀਂ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਸੰਤ ਹਰਬੰਸ ਸਿੰਘ **ਗੂੜ ਗਿਆਨੀ , ਦਿਆਲੂ, ਮਹਾਂਦਾਨੀ ਅਤੇ ਦਇਆਵਾਨ ਮਹਾਂਪੁਰਖ** ਹੋਏ ਹਨ। ਉਨ੍ਹਾਂ ਨੇ ਕਦੇ ਵੀ ਪੈਸੇ ਨੂੰ ਅਹਿਮੀਅਤ ਨਹੀ ਦਿਤੀ ਸੀ। ਜੋ ਵੀ ਉਨ੍ਹਾਂ ਦੇ ਦਰ ਤੇ ਸਵਾਲੀ ਬਣ ਕੇ ਆਉਂਦਾ ਉਹ ਉਸ ਦੀ ਦਿਲ ਖੋਲ ਕੇ ਮਦਦ ਕਰਦੇ। ਮਦਦ ਕਰਨ ਵੇਲੇ ਉਹ ਕਦੇ ਵੀ ਪੈਸੇ ਦੀ ਗਿਣਤੀ ਨਹੀ ਸਨ ਕਰਦੇ। ਖੀਸੇ ਵਿਚ ਹੱਥ ਪਾਉਂਦੇ ਜਿੰਨੇ ਪੈਸੇ ਹੱਥ ਆਏ, ਲੋੜ੍ਹਵੰਦ ਨੂੰ ਫੜਾ ਦਿੰਦੇ ਸਨ। ਕਈ ਵਾਰੀ ਕਿਸੇ ਗਰੀਬ ਦੀ ਲੜਕੀ ਦੀ ਸ਼ਾਦੀ ਹੋਣੀ ਤਾਂ ਉਸਨੇ ਸੰਤ ਹਰਬੰਸ ਸਿੰਘ ਕੋਲ ਮਦਦ ਲਈ ਆ ਜਾਣਾ। ਸੰਤਾਂ ਨੇ ਵੀ ਦਿਲ ਖੋਲ ਕੇ ਪੈਸੇ ਨਾਲ ਮਦਦ ਕਰਨੀ ਜਾਂ ਸਮਾਨ ਲੈ ਦੇਣਾ। ਉਹ ਕਿਸੇ ਨੂੰ ਦੁਖੀ ਨਹੀਂ ਸੀ ਦੇਖ ਸਕਦੇ।"[97] 'ਆਪਣੀ ਸਾਰੀ

---

94 ਜਸਮੇਰ ਸਿੰਘ ਹੋਠੀ: ਗੁਰਮੁਖਿ ਪਰਉਪਕਾਰੀ ਵਿਰਲਾ ਆਇਆ, ਸੰਤਨ ਕੀ ਮਹਿਮਾ, 2012, ਪੰਨਾ 105-106.

95 ਕੇਵਲ ਸਿੰਘ ਚੌਹਾਨ: ਸਾਧ ਕੀ ਸੋਭਾ ਸਦਾ ਬੇਅੰਤ, ਸੰਤਨ ਕੀ ਮਹਿਮਾ, 2012, ਪੰਨਾ 44.

96 ਸੰਤ ਬਲਵੰਤ ਸਿੰਘ ਸਿਧਸਰ ਸਿਹੋੜਾ: ਅਸ਼ੀਰਵਾਦ, ਸੰਤਨ ਕੀ ਮਹਿਮਾ, 2012, ਪੰਨਾ 9.

97 ਭਾਈ ਤਰਲੋਚਨ ਸਿੰਘ ਡੁਮੇਲੀ (ਨਜ਼ਦੀਕੀ ਸੰਤ ਹਰਬੰਸ ਸਿੰਘ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10.09.2015,

ਉਮਰ ਡੇਰੇ (ਡੁਮੇਲੀ ਟਕਸਾਲ) ਵਿਚ ਬਤੀਤ ਕਰਨ ਵਾਲੇ **ਮਹੰਤ ਬਲਵੀਰ ਸਿੰਘ** ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਰਾਂਹੀ ਸੰਤ ਹਰਬੰਸ ਸਿੰਘ ਦੇ ਇਸ ਗੁਣ ਦੀ ਪੁਸ਼ਟੀ ਕੀਤੀ ਹੈ।'[98]

**—** 'ਸੰਤ ਹਰਬੰਸ ਸਿੰਘ ਦੀ **ਯਾਦ ਸ਼ਕਤੀ** ਇਨ੍ਹੀ ਜਿਆਦਾ ਸੀ ਕਿ ਉਨ੍ਹਾਂ ਨੂੰ ਕਈ ਸਾਲ ਪੁਰਾਣੀ ਗੱਲ ਵੀ ਯਾਦ ਰਹਿੰਦੀ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ **ਜਸਮੇਰ ਸਿੰਘ ਹੋਠੀ** ਨੇ ਵੀ ਆਪਣੀ ਪੁਸਤਕ 'ਸੰਤਨ ਕੀ ਮਹਿਮਾ' ਵਿਚ ਵਿਸ਼ੇਸ਼ ਤੌਰ ਤੇ ਇਕ ਘਟਨਾ ਦਾ ਉਲੇਖ ਕਰਦੇ ਹੋਏ ਵਰਨਣ ਕੀਤਾ ਹੈ।'[99]

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਸੰਤ ਹਰਬੰਸ ਸਿੰਘ ਨੇ ਹੋਰਨਾਂ ਮੁਲਕਾਂ ਤੋਂ ਇਲਾਵਾ ਪਾਕਿਸਤਾਨ ਵਿਚ ਗੁਰਧਾਮਾਂ ਦੀ ਉਸਾਰੀ ਤੇ ਸਾਂਭ ਸੰਭਾਲ ਤੇ ਜੋਰ ਦਿਤਾ ਤੇ ਗੁਰਬਾਣੀ ਦਾ ਪਰਚਾਰ ਕੀਤਾ। ਉਨ੍ਹਾਂ ਨੇ ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੀ ਸਾਂਭ ਸੰਭਾਲ ਕੀਤੀ ਅਤੇ ਇਸ ਮਕਸਦ ਦੀ ਪੂਰਤੀ ਲਈ ਮਾਇਕ ਸਹਾਇਤਾ ਵੀ ਕੀਤੀ। ਇਹੀ ਕਾਰਨ ਹੈ ਕਿ ਪਾਕਿਸਤਾਨ ਦੇ ਲੋਕ ਆਪ ਨੂੰ 'ਡੁਮੇਲੀ ਵਾਲਾ ਪੀਰ' ਕਹਿ ਕੇ ਪੁਕਾਰਦੇ ਸਨ। ਉਹ ਆਪਣੇ ਕੋਲ ਆਏ ਸਵਾਲੀ ਦਾ ਹਰ ਤਰੀਕੇ ਨਾਲ ਮਦਦ ਕਰਦੇ। ਉਹ ਪੈਸੇ ਨੂੰ ਵਿਸ਼ੇਸ਼ ਮਹੱਤਵ ਨਹੀਂ ਦਿੰਦੇ ਸਨ, ਸਗੋਂ ਲੋੜ ਪੈਣ ਤੇ ਗਰੀਬਾਂ ਨੂੰ ਵੰਡ ਦਿੰਦੇ ਸਨ। ਗੁਰਦੁਆਰਿਆਂ ਅਤੇ ਹਸਪਤਾਲਾਂ ਲਈ ਉਨ੍ਹਾਂ ਨੇ ਲੱਖਾਂ ਰੁਪਏ ਦਾਨ ਕੀਤੇ। ਸੰਤ ਹਰਬੰਸ ਸਿੰਘ ਦੀ ਯਾਦ ਸ਼ਕਤੀ ਬਹੁਤ ਜਿਆਦਾ ਸੀ। ਉਨ੍ਹਾਂ ਨੂੰ ਬਹੁਤ ਪੁਰਾਣੀ ਗੱਲ ਵੀ ਯਾਦ ਰਹਿੰਦੀ ਸੀ। ਆਪ ਨੇ ਕਥਾ ਕੀਰਤਨ, ਲੰਗਰਾਂ ਦੀ ਸੇਵਾ ਦੀ ਮਹਾਨਤਾ ਨੂੰ ਪਛਾਣਿਆਂ। ਆਪ ਨੇ ਸਕੂਲ, ਕਾਲਜ, ਨਦੀਆਂ ਤੇ ਪੁਲ ਬਣਾਉਣੇ, ਸਿਲਾਈ ਸੈਂਟਰ ਖੋਲ੍ਹਣੇ, ਗਰੀਬ ਬੱਚਿਆਂ ਦੇ ਵਿਆਹ ਕਰਵਾਉਣੇ ਤੇ ਗਰੀਬ ਬੱਚਿਆਂ ਦੀ ਪੜ੍ਹਾਈ ਵਿਚ ਸਹਾਇਤਾ ਕਰਨਾ ਆਪਣਾ ਮੁਢਲਾ ਫਰਜ਼ ਸਮਝਿਆ।

### 2.4.8 ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਵਿਚਕਾਰ ਮਤਭੇਦ

**ਸੰਤ ਦਲੀਪ ਸਿੰਘ** ਦੇ ਦੋਵੇਂ ਸ਼ਿਸ਼ਾਂ **ਸੰਤ ਸਰਵਣ ਸਿੰਘ ਗੰਧਰਵ** ਅਤੇ **ਸੰਤ ਹਰਬੰਸ ਸਿੰਘ** ਨੇ ਆਪਣੇ ਗੁਰੂ ਦੇ ਪਾਏ ਪੂਰਨਿਆਂ ਤੇ ਚਲਦਿਆਂ ਗੁਰਮਤਿ ਸੰਗੀਤ ਅਤੇ ਗੁਰਬਾਣੀ ਦਾ ਪਰਚਾਰ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਕੀਤਾ ਸੀ। ਦੋਵੇਂ ਸੰਤ ਮਹਾਂਪੁਰਖ ਆਪਣੇ-ਆਪਣੇ ਤੌਰ ਤਰੀਕਿਆਂ ਅਤੇ ਅਮਨ ਅਮਾਨ ਨਾਲ ਡੇਰੇ ਵਿਚ ਰਹਿੰਦਿਆਂ ਗੁਰਮਤਿ ਦਾ ਪਰਚਾਰ ਤੇ ਪਰਸਾਰ ਕਰ ਰਹੇ ਸਨ। ਫਿਰ ਇਕ ਸਮਾਂ ਅਜਿਹਾ

---

98 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਮਿਤੀ ਡੁਮੇਲੀ, ਕਪੂਰਥਲਾ, 16.08.2015,

99 ਜਸਮੇਰ ਸਿੰਘ ਹੋਠੀ: ਗੁਰਮੁਖਿ ਪਰਉਪਕਾਰੀ ਵਿਰਲਾ ਆਇਆ, ਸੰਤਨ ਕੀ ਮਹਿਮਾ, 2012, ਪੰਨਾ 97-98.

ਆਇਆ ਕਿ ਕੁਝ ਸਮੇਂ ਲਈ ਇਨ੍ਹਾਂ ਦੋਵਾਂ (ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ) ਦੇ ਰਸਤੇ ਅਲੱਗ-ਅਲੱਗ ਹੋ ਗਏ।

ਆਪਣੀ ਸਾਰੀ ਉਮਰ ਡੇਰੇ ਵਿਚ ਬਤੀਤ ਕਰਨ ਵਾਲੇ **ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨੇ ਇਕ ਸਾਖਿਆਕਾਰ (ਇੰਟਰਵਿਊ) ਰਾਹੀਂ ਇਸ ਸਬੰਧੀ ਜਾਣਕਾਰੀ ਇਸ ਤਰ੍ਹਾਂ ਦਿਤੀ ਹੈ, "ਸੰਤ ਸਰਵਣ ਸਿੰਘ ਗੰਧਰਵ ਤੇ ਸੰਤ ਹਰਬੰਸ ਸਿੰਘ ਦਾ ਆਪਸ ਵਿਚ ਬਹੁਤ ਪਿਆਰ ਸੀ। ਸੰਤ ਸਰਵਣ ਸਿੰਘ ਦੇ ਨਾਲ ਸੰਤ ਹਰਬੰਸ ਸਿੰਘ ਤਬਲਾ ਵੀ ਵਜਾਉਂਦੇ ਰਹੇ ਹਨ। ਬਹੁਤ ਵਾਰੀ ਦੋਵਾਂ ਨੇ ਇਕੱਠਿਆਂ ਹੀ ਬਾਹਰੀ ਧਾਰਮਿਕ ਸਮਾਗਮ ਨੇਪਰੇ ਚਾੜਨੇ। ਪਰ ਪਿੰਡ ਦੀ ਸਿਆਸਤ ਤੇ ਕੁਝ ਲੋਕਾਂ ਦੀ ਦਖਲਅੰਦਾਜ਼ੀ ਕਾਰਨ ਇਕ ਸਮਾਂ ਅਜਿਹਾ ਵੀ ਆਇਆ ਕਿ ਚੜ੍ਹਦੀਕਲਾ ਵਿਚ ਚੱਲ ਰਹੇ ਇਸ ਡੇਰੇ ਤੇ ਫੁੱਟ ਦੇ ਬੱਦਲ ਛਾ ਗਏ। ਅਮਨ ਅਮਾਨ ਨਾਲ ਚੱਲ ਰਹੇ ਇਸ ਡੇਰੇ (ਡੁਮੇਲੀ ਟਕਸਾਲ) ਦੇ ਵਿਚਕਾਰ ਕੰਧ ਪੈ ਗਈ ਤੇ ਇਕ ਡੇਰੇ ਦੇ ਦੋ ਡੇਰੇ ਬਣ ਗਏ। ਇਕ ਦੀ ਅਗਵਾਈ ਸੰਤ ਸਰਵਣ ਸਿੰਘ ਗੰਧਰਵ ਕਰਨ ਲੱਗੇ ਤੇ ਦੂਜੇ ਦੀ ਸੰਤ ਹਰਬੰਸ ਸਿੰਘ। ਇਸੇ ਤਰ੍ਹਾਂ ਡੇਰੇ ਦੀ ਸੰਗਤ ਵੀ ਵੰਡੀ ਗਈ।"[100] ਇਸ ਘਟਨਾ ਦੀ ਪੁਸ਼ਟੀ **ਭਾਈ ਤਰਲੋਚਨ ਸਿੰਘ ਡੁਮੇਲੀ** (ਨਜ਼ਦੀਕੀ ਸੰਤ ਹਰਬੰਸ ਸਿੰਘ) ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਰਾਹੀਂ ਕੀਤੀ ਹੈ।'[101]

ਉਪਰੋਕਤ ਹਵਾਲਿਆ ਤੋਂ ਸਪਸ਼ਟ ਹੈ ਕਿ ਸੰਤ ਦਲੀਪ ਸਿੰਘ ਤੋਂ ਬਾਅਦ ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਦੀ ਅਗਵਾਈ ਵਿਚ ਸ਼ਾਂਤੀ ਨਾਲ ਚੱਲ ਰਹੇ ਇਸ ਡੇਰੇ ਤੇ ਇਕ ਸਮੇਂ ਵਖਰੇਵੇਂ ਦੇ ਬੱਦਲ ਛਾ ਗਏ। ਡੇਰੇ ਤੇ ਪਿੰਡ ਦੀ ਸਿਆਸਤ ਹਾਵੀ ਹੋ ਗਈ। ਜਿਸ ਕਾਰਨ ਦੋਵੇਂ ਸੰਤ ਮਹਾਂਪੁਰਖ ਵੀ ਪ੍ਰਭਾਵਿਤ ਹੋਣ ਤੋਂ ਬਚ ਨਾ ਸਕੇ। ਫਸਲਰੂਪ ਡੇਰਾ (ਡੁਮੇਲੀ ਟਕਸਾਲ) ਇਕ ਤੋਂ ਦੋ ਡੇਰਿਆਂ ਵਿਚ ਤਬਦੀਲ ਹੋ ਗਿਆ।

### 2.4.9 ਸਵਰਗਵਾਸ

ਸੰਤ ਹਰਬੰਸ ਸਿੰਘ ਨੇ ਲਗਭਗ 32 ਸਾਲ ਡੇਰੇ ਵਿਚ ਰਹਿ ਕੇ ਸੇਵਾ ਕੀਤੀ। ਇਨ੍ਹਾਂ 32 ਸਾਲਾਂ ਵਿਚ ਆਪ ਨੇ ਅਨੇਕਾਂ ਜਗਿਆਸੂਆਂ ਨੂੰ ਗੁਰਬਾਣੀ ਦੇ ਲੜ੍ਹ ਲਾਇਆ ਅਤੇ ਅਨੇਕਾਂ ਉਨ੍ਹਾਂ ਰੋਗੀਆਂ ਦੇ ਰੋਗ

---

100 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

101 ਭਾਈ ਤਰਲੋਚਨ ਸਿੰਘ ਡੁਮੇਲੀ (ਨਜ਼ਦੀਕੀ ਸੰਤ ਹਰਬੰਸ ਸਿੰਘ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ ਡੁਮੇਲੀ, ਕਪੂਰਥਲਾ, ਮਿਤੀ 10.09.2015,

ਠੀਕ ਕੀਤੇ ਜਿਨ੍ਹਾਂ ਨੂੰ ਡਾਕਟਰਾਂ ਵਲੋਂ ਵੀ ਜੁਆਬ ਮਿਲ ਚੁੱਕਾ ਸੀ। ਇਹੀ ਕਾਰਣ ਸੀ ਕਿ ਜਦ ਆਪ ਜੀ ਨੇ ਚੋਲਾ ਛੱਡਿਆ ਤਾਂ ਉਸ ਸਮੇਂ ਡੇਰੇ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।

**ਭਾਈ ਤਰਲੋਚਨ ਸਿੰਘ ਡੁਮੇਲੀ** (ਨਜ਼ਦੀਕੀ ਸੰਤ ਹਰਬੰਸ ਸਿੰਘ) ਨੇ ਇਕ ਸਾਖਿਆਕਾਰ (ਇੰਟਰਵਿਊ) ਰਾਹੀਂ ਜਾਣਕਾਰੀ ਦਿੰਦਿਆ ਦੱਸਿਆ ਕਿ '8 ਮਾਰਚ 1990 ਨੂੰ ਜਦ ਉਹ ਤੜਕੇ ਹੁਸ਼ਿਆਰਪੁਰ ਤੋਂ ਸੰਗਤ ਲੈ ਕੇ ਡੁਮੇਲੀ ਡੇਰੇ ਪੁੱਜਾ ਤਾਂ ਪਤਾ ਲੱਗਾ ਕਿ ਸੰਤ ਹਰਬੰਸ ਸਿੰਘ ਜੀ ਬਿਮਾਰ ਹੋ ਗਏ ਹਨ ਅਤੇ ਉਨ੍ਹਾਂ ਨੂੰ ਫਗਵਾੜੇ ਲੈ ਕੇ ਗਏ ਹਨ। ਉਹ ਵੀ ਆਪਣਾ ਸਕੂਟਰ ਲੈ ਕੇ ਫਗਵਾੜੇ ਵੱਲ ਚੱਲ ਪਿਆ। ਰਸਤੇ ਵਿਚ ਹੀ ਗੱਡੀ ਵਾਪਸ ਆਉਂਦੀ ਮਿਲ ਪਈ ਤੇ ਸੇਵਾਦਾਰਾਂ ਨੇ ਦੱਸਿਆ ਕਿ ਸੰਤ ਚੜ੍ਹਾਈ ਕਰ ਗਏ ਹਨ। ਜਿਸ ਦਿਨ ਸੰਤ ਹਰਬੰਸ ਸਿੰਘ ਨੇ ਚੋਲਾ ਛੱਡਿਆ ਉਸ ਦਿਨ ਉਨ੍ਹਾਂ ਨੇ ਸੰਗਤ ਨੂੰ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਜਾਣਾ ਸੀ।'[102]

ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਕਾਰ **ਡਾ. ਬਖ਼ਸ਼ੀਸ਼ ਸਿੰਘ ਨਿਜਰ** ਨੇ ਇਸ ਗੱਲ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਹੈ, "He grew to be a very good orator. During his life he helped the needy and made a huge property, which unfortunately was missed and squandered by his crafty followers after his death. He died on March 25****, 1990."[103]

'ਇਸ ਗੱਲ ਦੀ ਪੁਸ਼ਟੀ **ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਕੀਤੀ ਹੈ।'[104]

---

102 ਭਾਈ ਤਰਲੋਚਨ ਸਿੰਘ ਡੁਮੇਲੀ (ਨਜ਼ਦੀਕੀ ਸੰਤ ਹਰਬੰਸ ਸਿੰਘ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ ਡੁਮੇਲੀ, ਕਪੂਰਥਲਾ, ਮਿਤੀ 10.09.2015,

**** History of Village Domeli and Lutera Khurd' ਪੁਸਤਕ ਵਿਚ ਡਾ. ਬਖਸ਼ੀਸ਼ ਸਿੰਘ ਨਿਜਰ ਨੇ ਸੰਤ ਹਰਬੰਸ ਸਿੰਘ ਦਾ ਸਵਰਗਵਾਸ 25 ਮਾਰਚ 1990 ਵਿਚ ਹੋਇਆ ਲਿਖਿਆ ਹੈ। ਜਦ ਕਿ 'ਸੰਤਨ ਕੀ ਮਹਿਮਾ' ਪੁਸਤਕ ਵਿਚ ਉਨ੍ਹਾਂ ਦਾ ਸਵਰਗਵਾਸ 8 ਮਾਰਚ 1990 ਲਿਖਿਆ ਗਿਆ ਹੈ। ਖੋਜ ਕਰਤਾ ਵਲੋਂ ਵੀ ਡੁਮੇਲੀ ਡੇਰੇ ਤੋਂ ਅਤੇ ਸਾਖਿਆਕਾਰ ਰਾਂਹੀ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸਮਾਂ 8 ਮਾਰਚ 1990 ਮੰਨਿਆ ਗਿਆ ਹੈ।

103 Bakhshish Singh Nijjar (Dr.): History of Village Domeli and Lutera Khurd. Page 36-37.

104 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

### 2.4.10 ਸੰਤ ਹਰਬੰਸ ਸਿੰਘ ਦੇ ਸਵਰਗਵਾਸ ਹੋਣ ਉਪਰੰਤ ਡੇਰੇ ਦੀ ਸਥਿਤੀ

**ਸੰਤ ਹਰਬੰਸ ਸਿੰਘ** ਦੇ ਸਮੇਂ ਡੇਰੇ ਦੀ ਸਥਿਤੀ ਬਹੁਤ ਚੰਗੀ ਸੀ। ਇਸ ਸਬੰਧੀ **ਭਾਈ ਤਰਲੋਚਨ ਸਿੰਘ ਡੁਮੇਲੀ** (ਨਜ਼ਦੀਕੀ ਸੰਤ ਹਰਬੰਸ ਸਿੰਘ) ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਵਿਚ ਇਸ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਇਸ ਤਰ੍ਹਾਂ ਦਿਤੀ ਹੈ, 'ਡੁਮੇਲੀ ਦਾ ਇਹ ਡੇਰਾ ਚੜ੍ਹਦੀਆਂ ਕਲਾਂ ਵਿਚ ਚੱਲ ਰਿਹਾ ਸੀ। ਡੇਰੇ ਵਿਚ ਸੰਗਤਾਂ ਦੀ ਭਾਰੀ ਆਮਦ ਰਹਿੰਦੀ ਸੀ। ਡੇਰੇ ਵਿਚ ਗੱਡੀਆਂ, ਟਰੈਕਟਰਾਂ ਅਤੇ ਪਸ਼ੂਆਂ ਦੀ ਕੋਈ ਕਮੀ ਨਹੀਂ ਸੀ। ਤਕਰੀਬਨ ਦੋ ਸੌ ਕਿਲੇ ਦੀ ਖੇਤੀ ਚਲਦੀ ਸੀ।"[105]

**ਸੰਤ ਹਰਬੰਸ ਸਿੰਘ** ਦੇ ਸਵਰਗਵਾਸ ਹੋਣ ਉਪਰੰਤ ਡੇਰੇ ਦੀ ਸਥਿਤੀ ਸੰਤੋਸ਼ਜਨਕ ਨਹੀਂ ਰਹੀ। ਬੜ੍ਹੇ ਵਿਵਾਦ ਗ੍ਰਸਤ ਮਹੌਲ ਵਿਚ **ਸੰਤ ਰਾਮ ਸਿੰਘ** (ਪਿੰਡ ਐਲਨਾਬਾਦ ਨੇੜੇ ਡੱਬਵਾਲੀ ਦੇ ਰਹਿਣ ਵਾਲੇ ਸਨ) ਗੱਦੀ ਤੇ ਬੈਠੇ। ਸੰਤ ਰਾਮ ਸਿੰਘ ਦੇ ਕਾਰਜਕਾਲ ਵਿਚ ਡੇਰੇ ਦੇ ਹਾਲਾਤ ਪਹਿਲਾ ਵਰਗੇ ਨਾ ਰਹੇ। ਉਹ ਡੁਮੇਲੀ ਡੇਰੇ ਵਿਚ ਘੱਟ ਹੀ ਰਹੇ ਜਿਸ ਕਾਰਨ ਡੇਰੇ ਵਿਚ ਪੁਰਾਣੀਆਂ ਰੌਣਕਾਂ ਖਤਮ ਹੋ ਗਈਆਂ। ਪਿੰਡ ਵਾਸੀ ਤੇ ਸੰਗਤਾਂ ਇਸ ਗੱਲੋਂ ਨਰਾਜ਼ ਵੀ ਸਨ। ਸੰਤ ਹਰਬੰਸ ਸਿੰਘ ਦੁਆਰਾ ਮਿਹਨਤ ਨਾਲ ਬਣਾਇਆ ਸਾਰਾ ਸਮਾਨ ਜਿਵੇ ਕਿ ਟਰੈਕਟਰ, ਟਰਾਲੀਆਂ, ਕੰਬਾਈਨਾਂ, ਗੱਡੀਆਂ, ਜੀਪਾਂ ਤੇ ਅਨੰਦਪੁਰ ਸਾਹਿਬ ਵਾਲੀ ਉਹ ਜਗ੍ਹਾ ਜਿਸ ਵਿਚ ਬਾਬਾ ਜੀ ਨੇ ਇਕ ਕਮਰਾ ਵੀ ਬਣਾਇਆ ਸੀ, ਸਭਨਾਂ ਤੋਂ ਡੇਰੇ ਨੂੰ ਵਾਂਝਾਂ ਕਰ ਦਿਤਾ। ਅਜਿਹੀਆਂ ਕੁਝ ਘਟਨਾਵਾਂ ਦਾ ਵਰਨਣ ਡੁਮੇਲੀ ਪਿੰਡ ਦੀਆਂ ਉਘੀਆਂ ਹਸਤੀਆਂ ਨੇ ਆਪਣੇ ਸਾਖਿਆਕਾਰ (ਇੰਟਰਵਿਊ) ਵਿਚ ਵੀ ਕੀਤਾ ਅਤੇ ਇਸ ਗੱਲ ਦੀ ਪੁਸ਼ਟੀ 'ਸੰਤਨ ਕੀ ਮਹਿਮਾ' ਪੁਸਤਕ ਵਿਚ **ਜਸਮੇਰ ਸਿੰਘ ਹੋਠੀ** ਅਤੇ **ਸਤਨਾਮ ਸਿੰਘ** ਨੇ ਆਪਣੇ ਲੇਖ ਵਿਚ ਕੀਤੀ ਹੈ।'[106] ਜਿਸਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ **ਸੰਤ ਰਾਮ ਸਿੰਘ** ਦੇ ਕਾਰਜਕਾਲ ਦੌਰਾਨ ਡੁਮੇਲੀ ਟਕਸਾਲ ਦੀ ਹਾਲਤ ਅਵਨਤ ਹੋਣ ਲੱਗੀ। ਜਿਸ ਦਾ ਨਗਰ ਨਿਵਾਸੀਆਂ ਨੂੰ ਬਾਅਦ ਵਿਚ ਮਹਿਸੂਸ ਹੋਣ ਲੱਗਾ। ਸੰਤ ਰਾਮ ਸਿੰਘ ਦੇ ਸਵਰਗਵਾਸ ਹੋਣ ਉਪਰੰਤ ਇਸ ਡੇਰੇ ਦੀ ਪੱਗ ਵੀ **ਸੰਤ ਪ੍ਰੀਤਮ ਸਿੰਘ** (ਜੋ ਸੰਤ ਸਰਵਣ ਸਿੰਘ ਗੰਧਰਵ ਦੇ ਸ਼ਗਿਰਦ ਸਨ ਅਤੇ ਸੰਤ ਸਰਵਣ ਸਿੰਘ ਗੰਧਰਵ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਉਤਰਾ ਅਧਿਕਾਰੀ ਬਣੇ) ਦੇ ਬੱਝੀ। ਉਨ੍ਹਾਂ ਨੇ ਡੇਰੇ ਦੀ ਵਾਗਡੋਰ ਬਾਖੂਬੀ ਸੰਭਾਲੀ ਅਤੇ ਹੁਣ ਵੀ ਸਫਲਤਾ ਪੂਰਵਕ ਇਸ ਡੇਰੇ (ਡੁਮੇਲੀ ਟਕਸਾਲ) ਨੂੰ ਚਲਾ ਰਹੇ ਹਨ। ਡੁਮੇਲੀ ਦੀ ਇਹ ਟਕਸਾਲ ਸੰਤ ਹਰਬੰਸ ਸਿੰਘ ਦੇ ਪਾਏ ਪੂਰਨਿਆਂ ਤੇ ਚੱਲ ਕੇ ਅੱਜ ਵੀ ਕਾਰਜਸ਼ੀਲ ਹੈ।

---

105 ਭਾਈ ਤਰਲੋਚਨ ਸਿੰਘ ਡੁਮੇਲੀ (ਨਜ਼ਦੀਕੀ ਸੰਤ ਹਰਬੰਸ ਸਿੰਘ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10.09.2015,

106 ਜਸਮੇਰ ਸਿੰਘ ਹੋਠੀ ਤੇ ਸਤਨਾਮ ਸਿੰਘ: ਜੀਵਨ ਗਾਥਾ ਸੰਤ ਹਰਬੰਸ ਸਿੰਘ ਜੀ ਡੁਮੇਲੀ, ਸੰਤਨ ਕੀ ਮਹਿਮਾ, 2012, ਪੰਨਾ 37-38.

ਉਪਰੋਕਤ ਸਾਰੇ ਵਰਣਨ ਨੂੰ ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੰਤ ਹਰਬੰਸ ਸਿੰਘ ਅਪਾਹਜ ਹੋਣ ਦੇ ਬਾਵਜੂਦ ਸੰਤ ਸੁਭਾਅ ਤੇ ਨਿਮਰਤਾ ਦੇ ਪੁਜਾਰੀ ਸਨ। ਬਚਪਨ ਵਿਚ ਆਪ ਨੂੰ ਘਰਦਿਆਂ ਵਲੋਂ ਦੁਨਿਆਵੀ ਕੰਮਾਂ ਵਿਚ ਲਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਸਭ ਵਿਅਰਥ ਸਿੱਧ ਹੋਇਆ। ਆਪ ਨੂੰ ਅਨੇਕਾਂ ਸੰਤਾਂ ਕੋਲ ਛੱਡਿਆ ਗਿਆ ਪਰ ਉਥੇ ਵੀ ਆਪ ਦਾ ਦਿਲ ਨਾ ਲੱਗਾ। ਅਖੀਰ ਆਪ ਨੂੰ ਸੰਤ ਦਲੀਪ ਸਿੰਘ ਦੇ ਡੇਰੇ ਛੱਡਿਆ ਗਿਆ ਜਿਥੇ ਰਹਿ ਕੇ ਆਪ ਨੇ ਗੁਰਬਾਣੀ ਸਬੰਧੀ ਅਤੇ ਹਿਕਮਤ ਸਬੰਧੀ ਸਿਖਿਆ ਹਾਸਲ ਕੀਤੀ। ਆਪ ਲੰਗਰ ਨੂੰ ਵਿਸ਼ੇਸ਼ ਮਹੱਤਵ ਦਿੰਦੇ ਸਨ। ਸੰਤ ਦਲੀਪ ਸਿੰਘ ਤੋਂ ਬਾਅਦ ਆਪ ਦੇ ਸਮੇਂ ਵੀ ਡੇਰੇ ਵਿਚ ਸਦਾ ਰੌਣਕ ਲੱਗੀ ਰਹਿੰਦੀ ਸੀ ਅਤੇ ਡੇਰਾ ਆਪਣੀ ਉਨਤ ਅਵਸਥਾ ਵਿਚ ਸੀ। ਆਪ ਨੇ ਪੰਥਕ ਮੋਰਚਿਆਂ, ਧਰਮ ਯੁੱਧ ਮੋਰਚਿਆਂ ਅਤੇ ਪੰਥਕ ਕਾਰਜਾਂ ਵਿਚ  ਸਰਗਰਮੀ ਨਾਲ ਭਾਗ ਲਿਆ। ਆਪ ਨੇ ਆਪਣੇ ਜੀਵਨ ਕਾਲ ਵਿਚ ਸੰਤ ਦਲੀਪ ਸਿੰਘ ਦੇ ਪਾਏ ਪੂਰਨਿਆਂ ਦੇ ਚਲਦਿਆਂ ਦੇਸ਼-ਵਿਦੇਸ਼ ਵਿਚ ਗੁਰਬਾਣੀ ਦਾ ਪਰਚਾਰ ਤੇ ਪਰਸਾਰ ਕੀਤਾ। ਆਪ ਨੇ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੀ ਸਾਂਭ ਸੰਭਾਲ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਇਸੇ ਲਈ ਪਾਕਿਸਤਾਨ ਦੇ ਲੋਕ ਆਪ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਆਪ ਨੂੰ '**ਡੁਮੇਲੀ ਵਾਲਾ ਪੀਰ**' ਕਹਿੰਦੇ ਸਨ। ਆਪ ਦੀ ਯਾਦ ਸ਼ਕਤੀ ਬਹੁਤ ਸੀ। ਆਪ ਸੱਚੇ ਸੇਵਾਦਾਰ ਤੇ ਮਦਦਗਾਰ ਸਨ। ਆਪ ਸਫਲ ਕਥਾਕਾਰ ਤੇ ਕੀਰਤਨਕਾਰ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੀਆਂ ਅਤੇ ਢਾਡੀਆਂ ਦਾ ਬਹੁਤ ਹੀ ਸਤਿਕਾਰ ਕਰਦੇ ਸਨ। ਆਪ ਇਕ ਪੰਥਕ ਕਵੀ ਸਨ ਤੇ ਆਪਣੀਆਂ ਲਿਖੀਆਂ ਕਵਿਤਾਵਾਂ ਵੱਡੇ ਇਕੱਠਾਂ ਵਿਚ ਪੜ੍ਹਦੇ ਸਨ। ਜਦ ਸੰਗਤਾਂ ਆਪ ਦਾ ਸਵਾਗਤ ਕਰਦੀਆਂ ਤਾਂ ਆਪ ਬਹੁਤ ਖੁਸ਼ ਹੁੰਦੇ ਸਨ। ਜਦ **8 ਮਾਰਚ 1990** ਨੂੰ ਸੰਤ ਹਰਬੰਸ ਸਿੰਘ ਦਾ ਸਵਰਗਵਾਸ ਹੋਇਆ ਤਾਂ ਉਸ ਸਮੇਂ ਇਲਾਕੇ ਅਤੇ ਦੇਸ਼-ਵਿਦੇਸ਼ ਵਿਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਸੰਸਕਾਰ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਪੁੱਜੀਆਂ। ਵਰਤਮਾਨ ਵਿਚ ਵੀ ਸੰਤ ਹਰਬੰਸ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਹਰ ਸਾਲ ਜੋੜ ਮੇਲਾ ਲਗਾਇਆ ਜਾਂਦਾ ਹੈ। ਇਸ ਮੌਕੇ ਪੰਥ ਪ੍ਰਸਿਧ ਰਾਗੀ, ਢਾਡੀ ਅਤੇ ਕਥਾ ਵਾਚਕ ਕੀਰਤਨ ਅਤੇ ਗੁਰਮਤਿ ਵਿਚਾਰਾਂ ਕਰਦੇ ਹਨ। ਉਨ੍ਹਾਂ ਦੇ ਸਵਰਗਵਾਸ ਹੋਣ ਉਪਰੰਤ ਡੇਰੇ ਦੀ ਪੱਗ ਬਾਬਾ ਰਾਮ ਸਿੰਘ ਦੇ ਬੱਝੀ। ਜੋ ਡੇਰੇ (ਡੁਮੇਲੀ ਟਕਸਾਲ) ਦੀ ਸਾਂਭ ਸੰਭਾਲ ਕਰਨ ਵਿਚ ਅਸਫਲ ਰਹੇ। ਬਾਬਾ ਰਾਮ ਸਿੰਘ ਦੇ ਵੀ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੇ ਡੇਰੇ ਦੀ ਪੱਗ ਵੀ **ਸੰਤ ਪ੍ਰੀਤਮ ਸਿੰਘ** (ਜੋ ਸੰਤ ਸਰਵਣ ਸਿੰਘ ਗੰਧਰਵ ਦੇ ਸ਼ਗਿਰਦ ਸਨ ਅਤੇ ਸੰਤ ਸਰਵਣ ਸਿੰਘ ਗੰਧਰਵ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਉਤਰਾ ਅਧਿਕਾਰੀ ਬਣੇ) ਦੇ ਬੱਝੀ। ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਸਮੇਂ ਹੋਂਦ ਵਿਚ ਆਏ ਦੋ ਡੇਰੇ ਅੱਜ ਇਕ ਹੋ ਚੁੱਕੇ ਹਨ ਅਤੇ ਇਸ ਦਾ ਸੰਚਾਲਨ (ਡੁਮੇਲੀ ਟਕਸਾਲ ਦਾ) ਸੰਤ ਪ੍ਰੀਤਮ ਸਿੰਘ ਕਰ ਰਹੇ ਹਨ।

## 2.5 ਬਾਬਾ ਮਸਤ ਜੀ

ਡੁਮੇਲੀ ਟਕਸਾਲ ਵਿਚ ਹੀ ਸੰਤ ਦਲੀਪ ਸਿੰਘ ਦੇ ਸਮਕਾਲੀ, ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਦੇ ਪ੍ਰੇਰਨਾ ਸਰੋਤ ਬਾਬਾ ਮਸਤ ਜੀ ਹੋਏ ਹਨ। ਭਾਂਵੇ ਡੇਰੇ (ਡੁਮੇਲੀ ਟਕਸਾਲ) ਵਿਚ

ਰਹਿੰਦਿਆਂ ਇਹ ਗੁਰਮਤਿ ਸੰਗੀਤ ਦੇ ਕਾਰਜਾਂ ਵਿਚ ਵਧੇਰੇ ਯੋਗਦਾਨ ਨਹੀਂ ਪਾ ਸਕੇ ਪਰੰਤੂ ਅੱਜ ਵੀ ਡੇਰੇ ਵਿਚ ਅਤੇ ਡੇਰੇ ਤੋਂ ਬਾਹਰ ਇਨ੍ਹਾਂ ਦੀ ਬਹੁਤ ਮਾਨਤਾ ਹੈ। ਜਿਸ ਕਾਰਨ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾਵਾਂ ਦੇ ਯੋਗਦਾਨ ਵਿਚ ਇਨ੍ਹਾਂ ਦਾ ਵਰਨਣ ਕਰਨਾ ਜਰੂਰੀ ਲੱਗ ਰਿਹਾ ਹੈ।

### 2.5.1 ਆਰੰਭਿਕ ਜੀਵਨ

**ਬਾਬਾ ਮਸਤ ਜੀ** ਦੇ ਪਿਛੋਕੜ ਬਾਰੇ ਭਾਂਵੇ ਕੋਈ ਠੋਸ ਜਾਣਕਾਰੀ ਨਹੀਂ ਮਿਲਦੀ, ਪਰ ਫਿਰ ਵੀ ਸਾਖਿਆਕਾਰ (ਇੰਟਰਵਿਊ) ਦੇ ਮਾਧਿਅਮ ਰਾਹੀਂ ਕੁਝ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਦੇ ਵਰਣਨ ਇਸ ਤਰ੍ਹਾਂ ਹੈ।

ਡੁਮੇਲੀ ਪਿੰਡ ਦੇ ਵਸਨੀਕ **ਸ. ਗੁਰਮੋਹਨ ਸਿੰਘ ਡੁਮੇਲੀ**, ਜੋ ਮੌਜੂਦਾ ਸਮੇਂ ਡੁਮੇਲੀ ਡੇਰੇ ਵਿਚ ਦੇਸੀ ਦਵਾਈਆਂ ਦੇਣ ਦੀ ਸੇਵਾ ਕਰਦੇ ਹਨ, ਨੇ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਬਾਬਾ ਮਸਤ ਜੀ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਬਾਬਾ ਮਸਤ ਜੀ ਚਹੁੰ ਕੂੰਟਾਂ ਦੇ ਮਾਲਿਕ ਸਨ। ਉਹ ਪਿੰਡ ਸੁਜੋਂ (ਨਜ਼ਦੀਕ ਗੜ੍ਹਸ਼ੰਕਰ)***** ਦੇ ਵਸਨੀਕ ਸਨ ਤੇ ਜਾਤ ਦੇ ਸੁਨਿਆਰੇ ਸਨ। ਇਹ ਚਾਰ ਭਰਾ ਸਨ। ਉਹ ਹਮੇਸ਼ਾ ਡੁਮੇਲੀ ਡੇਰੇ ਵਿਚ ਨਿਸ਼ਾਨ ਸਾਹਿਬ ਦੇ ਕੋਲ ਚੌਂਕੀ ਤੇ ਬੈਠੇ ਰਹਿੰਦੇ ਸਨ।"[107]

ਡੁਮੇਲੀ ਪਿੰਡ ਦੇ ਪ੍ਰਸਿਧ ਇਤਿਹਾਸਕਾਰ ਡਾ. ਬਖਸ਼ੀਸ਼ ਸਿੰਘ ਨਿਜਰ ਅਨੁਸਾਰ, "Sant Mast Ji, was born in village jaijon******, not far from Mahilpur, district Hoshiarpur. When he was young in 1934-35, he was found doing sewa of breaking stones at the Gurdwara Tham Ji Sahib."[108]

---

*****ਡੁਮੇਲੀ ਪਿੰਡ ਦੇ ਲੋਕਾਂ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਮਾਧਿਅਮ ਰਾਹੀਂ ਭਾਵੇਂ ਬਾਬਾ ਮਸਤ ਜੀ ਦਾ ਪਿੰਡ ਸੁਜੋਂ ਦੱਸਿਆ ਗਿਆ ਹੈ, ਪਰ ਜਦ ਖੋਜ ਕਰਤਾ ਨੇ ਪਿੰਡ ਸੁਜੋਂ ਦੇ ਬਜ਼ੁਰਗਾਂ ਖਾਸ ਕਰਕੇ ਸ. ਜਾਗਰ ਸਿੰਘ, ਸ. ਸਰਵਣ ਸਿੰਘ, ਸ. ਅਮਰੀਕ ਸਿੰਘ ਆਦਿ ਨਾਲ ਮਿਤੀ 27-09-2015 ਨੂੰ ਸਾਖਿਆਕਾਰ (ਇੰਟਰਵਿਊ) ਕੀਤੀ ਤਾਂ ਉਨ੍ਹਾਂ ਬਾਰੇ ਕੋਈ ਜਾਣਕਾਰੀ ਉਪਲਬਧ ਨਾ ਹੋ ਸਕੀ।

107 ਸ. ਗੁਰਮੋਹਨ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਂਕਾਰ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 14.09.2014,

******ਡਾ. ਬਖਸ਼ੀਸ਼ ਸਿੰਘ ਨਿਜਰ ਨੇ ਆਪਣੀ ਪੁਸਤਕ 'History of Village Domeli and Lutera Khurd' ਵਿਚ ਬਾਬਾ ਮਸਤ ਜੀ ਦਾ ਪਿੰਡ ਜੈਜੋਂ ਦੱਸਿਆ ਹੈ, ਪਰ ਜਦ ਖੋਜ ਕਰਤਾ ਨੇ ਪਿੰਡ ਜੈਜੋਂ ਦੇ ਬਜ਼ੁਰਗਾਂ ਖਾਸ ਕਰਕੇ ਬਲਦੇਵ ਕ੍ਰਿਸ਼ਨ (ਘੁਮਿਆਰ), ਰਮੇਸ਼ ਕੁਮਾਰ, ਪ੍ਰੀਤਮ ਸਿੰਘ, ਮਾਤਾ ਕੁਰਸ਼ਾਦਾ ਬੇਗਮ, ਮਾਤਾ ਨਸੀਬ ਕੌਰ, ਨੰਬਰਦਾਰ ਮੱਖਣ ਸਿੰਘ, ਅਸ਼ਵਨੀ ਕੁਮਾਰ, ਮਾਸਟਰ ਗੁਲਜ਼ਾਰ ਚੰਦ, ਆਦਿ ਨਾਲ ਮਿਤੀ 27-09-2015 ਨੂੰ ਸਾਖਿਆਕਾਰ (ਇੰਟਰਵਿਊ) ਕੀਤੀ ਤਾਂ ਉਨ੍ਹਾਂ ਬਾਰੇ ਕੋਈ ਜਾਣਕਾਰੀ ਉਪਲਬਧ ਨਾ ਹੋ ਸਕੀ।

108 Bakhshish Singh Nijjar (Dr.): History of Village Domeli and Lutera Khurd. Page 38.

ਡੁਮੇਲੀ ਪਿੰਡ ਦੀ ਬਜ਼ੁਰਗ **ਮਾਤਾ ਕ੍ਰਿਸ਼ਨਾ ਦੇਵੀ**, ਜਿਨ੍ਹਾਂ ਦੇ ਘਰ ਚੁਬਾਰੇ (ਪਹਿਲੀ ਮੰਜ਼ਿਲ) ਵਿਚ ਬਾਬਾ ਮਸਤ ਜੀ ਲਗਭਗ 11 ਮਹੀਨੇ ਰਹੇ, ਨੇ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਬਾਬਾ ਮਸਤ ਜੀ ਦੇ ਡੁਮੇਲੀ ਪਿੰਡ ਵਿਚ ਆਉਣ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਬਾਬਾ ਮਸਤ ਜੀ ਬੜੇ ਮਹਾਨ ਸੰਤ ਮਹਾਂਪੁਰਖ ਸਨ। ਉਹ ਸਭ ਤੋਂ ਪਹਿਲਾਂ ਪਿੰਡ ਰਾਈਪੁਰ ਵਿਖੇ ਇਕ ਜੱਟ ਦੇ ਖੂਹ ਤੇ ਆਏ। ਇਸ ਗੱਲ ਦੀ ਪੁਸ਼ਟੀ ਮਾਤਾ ਕ੍ਰਿਸ਼ਨਾ ਦੇਵੀ ਨੇ ਕੀਤੀ। ਜਿਨ੍ਹਾਂ ਦੇ ਕਹਿਣ ਮੁਤਾਬਿਕ ਉਨ੍ਹਾਂ ਦੇ ਪਿਤਾ ਜੀ (ਪੰਡਿਤ ਵਿਸ਼ੰਬਰ ਦਾਸ) ਵੀ ਰਮਤੇ ਸਨ ਅਤੇ ਉਹ ਵੀ ਅਜਿਹੇ ਮਹਾਂਪੁਰਖਾਂ ਦੀ ਸੰਗਤ ਕਰਨਾ ਲੋਚਦੇ ਰਹਿੰਦੇ ਸਨ। ਬਾਬਾ ਮਸਤ ਜੀ ਦਾ ਪਤਾ ਲੱਗਣ ਤੇ ਉਹ ਰਾਈਪੁਰ ਪਿੰਡ ਚਲੇ ਗਏ ਅਤੇ ਉਨ੍ਹਾਂ ਨੂੰ ਡੁਮੇਲੀ ਆਉਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਤੁਸੀਂ ਜਾਉ, ਅਸੀਂ ਆ ਜਾਵਾਂਗੇ। ਥੋੜੇ ਦਿਨ੍ਹਾਂ ਬਾਦ ਉਹ ਡੁਮੇਲੀ ਥੰਮ ਜੀ ਸਾਹਿਬ ਗੁਰਦੁਆਰਾ ਵਿਖੇ ਆ ਗਏ। ਉਥੋਂ ਪਿਤਾ ਜੀ ਉਨ੍ਹਾਂ ਨੂੰ ਆਪਣੇ ਘਰ ਲੈ ਆਏ ਜਿਥੇ ਉਹ 11 ਮਹੀਨੇ ਚੁਬਾਰੇ ਵਿਚ ਰਹੇ। ਕੁਟੀਆ ਤੋਂ ਸੰਤ ਦਲੀਪ ਸਿੰਘ ਤੇ ਸੰਤ ਜਵਾਲਾ ਸਿੰਘ ਹਰਖੋਵਾਲ ਵਾਲੇ ਉਨ੍ਹਾਂ ਨੂੰ ਕਈ ਵਾਰੀ ਲੈਣ ਆਏ। ਇਸ ਮੌਕੇ ਡੁਮੇਲੀ ਪਿੰਡ ਦੇ ਸੰਤ ਤਾਰਾ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਹੁੰਦੇ ਸਨ। ਪਰ ਉਹ ਨਹੀਂ ਗਏ। ਫਿਰ ਇਕ ਦਿਨ ਅਜਿਹਾ ਆਇਆ ਕਿ ਬਾਬਾ ਮਸਤ ਜੀ ਸੰਤ ਦਲੀਪ ਸਿੰਘ ਜੀ ਕੁਟੀਆ ਵਿਖੇ ਚਲੇ ਗਏ ਤੇ ਉਥੇ ਜਾ ਕੇ ਰਹਿਣ ਲੱਗ ਪਏ। ਫਿਰ ਸਾਰੀ ਉਮਰ ਉਥੇ ਹੀ ਰਹੇ।"[109]

'**ਬਾਬਾ ਮਸਤ ਜੀ** ਦੇ ਰਾਈਪੁਰ ਪਿੰਡ ਤੋਂ ਡੁਮੇਲੀ ਕੁਟੀਆ ਵਿਖੇ ਆਉਣ ਸਬੰਧੀ ਪੁਸ਼ਟੀ ਡੁਮੇਲੀ ਪਿੰਡ ਦੇ ਵਸਨੀਕ **ਗੁਰਮੋਹਨ ਸਿੰਘ ਡੁਮੇਲੀ,** ਜੋ ਇਸ ਸਮੇਂ ਡੁਮੇਲੀ ਡੇਰੇ ਵਿਚ ਦੇਸੀ ਦਵਾਈਆਂ ਦੇਣ ਦੀ ਸੇਵਾ ਕਰਦੇ ਹਨ, ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੌਰਾਨ ਕੀਤੀ।'[110]

ਉਪਰੋਕਤ ਵਿਸਥਾਰ ਤੋਂ ਸਪਸ਼ਟ ਹੈ ਕਿ ਬਾਬਾ ਮਸਤ ਜੀ ਰਾਈਪੁਰ ਪਿੰਡ ਤੋਂ ਡੁਮੇਲੀ ਦੇ ਪੰਡਿਤ ਵਿਸ਼ੰਬਰ ਦਾਸ ਦੇ ਘਰ ਆਏ। ਇਥੇ 11 ਮਹੀਨੇ ਰਹਿਣ ਉਪਰੰਤ ਸੰਤ ਦਲੀਪ ਅਤੇ ਸੰਤ ਜਵਾਲਾ ਸਿੰਘ ਦੇ ਕਹਿਣ ਤੇ ਆਪ ਕੁਟੀਆ ਵਿਖੇ ਰਹਿਣ ਲੱਗ ਪਏ ਅਤੇ ਅਖੀਰ ਤੱਕ ਇਥੇ ਹੀ ਰਹੇ।

### 2.5.2 ਬਾਬਾ ਮਸਤ ਜੀ ਦੀ ਸ਼ਖ਼ਸੀਅਤ ਦੇ ਭਿੰਨ-ਭਿੰਨ ਪੱਖ

ਡੁਮੇਲੀ ਟਕਸਾਲ ਵਿਚ ਰਹਿਣ ਵਾਲੇ ਬਾਬਾ ਮਸਤ ਜੀ ਨੇ ਭਾਵੇਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀ ਪਾਇਆ, ਪਰ ਫਿਰ ਵੀ ਇਲਾਕੇ ਵਿਚ ਉਨ੍ਹਾਂ ਦੀ ਕਾਫੀ

---

109 ਮਾਤਾ ਕ੍ਰਿਸ਼ਨਾ ਦੇਵੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.08.2015,

110 ਸ. ਗੁਰਮੋਹਨ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 14.09.2014,

ਮਾਨਤਾ ਸੀ। ਇਲਾਕੇ ਦੇ ਲੋਕਾਂ ਨੇ ਸਾਖਿਆਕਾਰ ਦੇ ਮਾਧਿਅਮ ਰਾਂਹੀ ਉਨ੍ਹਾਂ ਦੀ ਸਖ਼ਸ਼ੀਅਤ ਦੇ ਭਿੰਨ-ਭਿੰਨ ਪੱਖਾਂ ਨੂੰ ਇਸ ਤਰ੍ਹਾਂ ਉਜਾਗਰ ਕੀਤਾ ਹੈ।

— **ਬਾਬਾ ਮਸਤ ਜੀ** ਦੀ ਆਸ ਪਾਸ ਦੇ ਪਿੰਡਾਂ ਵਿਚ ਬੜੀ ਮਾਨਤਾ ਸੀ। ਉਨ੍ਹਾਂ ਨੂੰ ਬਹੁਤ ਸਾਰੀ ਗੁਰਬਾਣੀ ਕੰਠ ਸੀ। ਉਨ੍ਹਾਂ ਦੇ ਗੁਰਬਾਣੀ ਪ੍ਰੇਮ ਬਾਰੇ ਡੁਮੇਲੀ ਪਿੰਡ ਦੇ ਬਜ਼ੁਰਗ **ਸ. ਦਰਸ਼ਨ ਸਿੰਘ ਵਾਰੀਆ** ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਬਾਬਾ ਮਸਤ ਜੀ ਗੁਰਬਾਣੀ ਦੇ ਪ੍ਰੇਮੀ ਸਨ। ਉਹ ਸ਼ੁਧ ਤੇ ਸ਼ਪਸ਼ਟ ਗੁਰਬਾਣੀ ਪੜ੍ਹਨ ਵਿਚ ਬਹੁਤ ਮਾਹਿਰ ਸਨ। ਉਨ੍ਹਾਂ ਦੇ ਚਿਹਰੇ ਤੇ ਇਨ੍ਹਾਂ ਨੂਰ (ਜਲਾਲ) ਸੀ ਕਿ ਉਨ੍ਹਾਂ ਦੇ ਚਿਹਰੇ ਵੱਲ ਕੋਈ ਦੇਖ ਨਹੀਂ ਸੀ ਸਕਦਾ। ਉਹ ਆਪਣੀ ਹੀ ਮਸਤੀ ਵਿਚ ਰਹਿੰਦੇ ਸਨ। ਅਜਿਹਾ ਵੀ ਸੁਣਨ ਵਿਚ ਆਇਆ ਹੈ ਕਿ ਬਾਬਾ ਮਸਤ ਜੀ ਕਈ ਵਾਰੀ ਆਪਣੇ ਦਰ ਤੇ ਆਈ ਸੰਗਤ ਨੂੰ ਅਪਸ਼ਬਦ ਵੀ ਬੋਲਦੇ ਸਨ ਪਰੰਤੂ ਸੰਗਤਾਂ ਉਨ੍ਹਾਂ ਦੇ ਇਨ੍ਹਾਂ ਅਪਸ਼ਬਦਾਂ ਨੂੰ ਵੀ ਆਸ਼ੀਰਵਾਦ ਹੀ ਸਮਝਦੀਆਂ ਸਨ।"[111]

— 'ਆਪਣੀ ਸਾਰੀ ਉਮਰ ਡੁਮੇਲੀ ਡੇਰੇ ਵਿਚ ਬਿਤਾਉਣ ਵਾਲੇ **ਮਹੰਤ ਬਲਵੀਰ ਸਿੰਘ** ਨੇ ਇਕ ਸਾਖਿਆਕਾਰ (ਇੰਟਰਵਿਊ) ਵਿਚ ਉਕਤ ਗੱਲ ਦੀ ਪੁਸ਼ਟੀ ਕੀਤੀ ਹੈ।'[112]

— 'ਡੁਮੇਲੀ ਪਿੰਡ ਦੇ ਬਜ਼ੁਰਗ **ਸ. ਅਵਤਾਰ ਸਿੰਘ ਡੁਮੇਲੀ** ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਬਾਬਾ ਮਸਤ ਜੀ ਬਾਰੇ ਇਸ ਤਰਾਂ ਦੀ ਹੀ ਜਾਣਕਾਰੀ ਦਿਤੀ।'[113]

— 'ਡੁਮੇਲੀ ਪਿੰਡ ਦੀ ਬਜ਼ੁਰਗ **ਮਾਤਾ ਕ੍ਰਿਸ਼ਨਾ ਦੇਵੀ**, ਜਿਨ੍ਹਾਂ ਦੇ ਘਰ ਚੁਬਾਰੇ ਵਿਚ ਬਾਬਾ ਮਸਤ ਜੀ ਕਰੀਬ 11 ਮਹੀਨੇ ਰਹੇ, ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਬਾਬਾ ਮਸਤ ਜੀ ਦੀ ਸ਼ਖਸ਼ੀਅਤ ਨੂੰ ਇਸ ਤਰ੍ਹਾਂ ਹੀ ਬਿਆਨ ਕੀਤਾ।'[114]

---

111 ਸ. ਦਰਸ਼ਨ ਸਿੰਘ ਵਾਰੀਆ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 12.08.2015,

112 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ ,ਕਪੂਰਥਲਾ, ਮਿਤੀ 16.08.2015,

113 ਸ. ਅਵਤਾਰ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 29.08.2015,

114 ਮਾਤਾ ਕ੍ਰਿਸ਼ਨਾ ਦੇਵੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.08.2015,

— 'ਲੋਕ ਸ਼ਰਧਾਪੂਰਵਕ ਇਨ੍ਹਾਂ ਨੂੰ ਮਹਾਨ ਤਾਕਤ ਦੇ ਮਾਲਕ ਸਮਝਦੇ ਸਨ ਅਤੇ ਇਥੋਂ ਤੱਕ ਮੰਨਦੇ ਸਨ ਕਿ ਬਾਬਾ ਮਸਤ ਜੀ ਭਿਖਾਰੀ ਨੂੰ ਰਾਜਾ ਤੇ ਰਾਜੇ ਨੂੰ ਭਿਖਾਰੀ ਬਣਾਉਣ ਦੀ ਤਾਕਤ ਰੱਖਦੇ ਸਨ। ਇਸ ਸਬੰਧ ਵਿਚ **ਸੰਤ ਗਿ: ਜੋਧ ਸਿੰਘ ਜੀ** ਡੇਰਾ ਸੰਤਗੜ੍ਹ ਹਰਖੋਵਾਲ ਨੇ ਆਪਣੀ ਪੁਸਤਕ 'ਗਿਆਨ ਦਿਵਾਕਰ' ਵਿਚ ਵੀ ਉਲੇਖ ਕੀਤਾ ਹੈ।'[115]

— ਬਾਬਾ ਮਸਤ ਜੀ ਦੇ **ਬਚਨ ਸਦਾ ਅਟੱਲ** ਹੁੰਦੇ ਸਨ। ਉਹ ਆਪਣੇ ਡੇਰੇ ਵਿਚ ਆਏ ਕਿਸੇ ਵੀ ਵਿਅਕਤੀ ਨੂੰ ਖਾਲੀ ਨਹੀਂ ਮੋੜਦੇ ਸਨ। ਬਾਲ ਉਮਰ ਤੋਂ ਹੀ ਡੇਰੇ ਵਿਚ ਰਹਿਣ ਵਾਲੇ ਭਾਈ ਬਲਵੀਰ ਸਿੰਘ ਨੇ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਬਾਬਾ ਮਸਤ ਜੀ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿਤੀ, "ਬਾਬਾ ਮਸਤ ਜੀ ਕੁੱਖ ਵੀ ਬੰਨ ਲੈਂਦੇ ਸਨ। ਉਨ੍ਹਾਂ ਕੋਲ ਕਈ ਅਜਿਹੀਆਂ ਔਰਤਾਂ ਅਕਸਰ ਹੀ ਆਉਂਦੀਆਂ ਰਹਿੰਦੀਆਂ ਸਨ, ਜਿਨ੍ਹਾਂ ਦੇ ਕੋਈ ਔਲਾਦ ਨਹੀਂ ਸੀ ਹੁੰਦੀ। ਇਸ ਵਾਸਤੇ ਉਹ ਸੱਤ ਰੰਗ ਦਾ ਧਾਗਾ ਮੰਗਵਾਉਂਦੇ ਤੇ ਉਸ ਨੂੰ ਗੰਢਾਂ ਦਿੰਦੇ ਰਹਿੰਦੇ। ਉਨ੍ਹਾਂ ਦਾ ਵਚਨ ਅਟੱਲ ਹੁੰਦਾ ਸੀ ਤੇ ਉਨ੍ਹਾਂ ਦੇ ਦਰ ਤੇ ਆਈ ਔਰਤ ਨੂੰ ਔਲਾਦ ਦੀ ਪ੍ਰਾਪਤੀ ਹੋ ਜਾਂਦੀ ਸੀ।"[116]

— 'ਡੁਮੇਲੀ ਪਿੰਡ ਦੀ ਬਜ਼ੁਰਗ **ਮਾਤਾ ਕ੍ਰਿਸ਼ਨਾ ਦੇਵੀ**, ਜਿਨ੍ਹਾਂ ਦੇ ਘਰ ਚੁਬਾਰੇ ਵਿਚ ਬਾਬਾ ਮਸਤ ਜੀ ਕਰੀਬ 11 ਮਹੀਨੇ ਰਹੇ, ਨੇ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਇਸ ਗੱਲ ਦੀ ਪੁਸ਼ਟੀ ਕੀਤੀ।'[117]

— ਡੁਮੇਲੀ ਪਿੰਡ ਦੇ ਬਜ਼ੁਰਗ **ਸ. ਨਿਰਮਲ ਸਿੰਘ ਡੁਮੇਲੀ** ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਬਾਬਾ ਮਸਤ ਜੀ ਦੇ ਇਸ ਗੁਣ ਬਾਰੇ ਦੱਸਿਆ।'[118]

— ਬਾਬਾ ਮਸਤ ਜੀ **ਵੈਦ** ਵੀ ਸਨ। ਉਹ ਕਈ ਬਿਮਾਰੀਆਂ ਦਾ ਹੱਲ ਆਪਣੇ ਹੀ ਤਰੀਕੇ ਨਾਲ ਕਰ ਦਿੰਦੇ ਸਨ। ਇਸ ਮਕਸਦ ਦੀ ਪੂਰਤੀ ਲਈ ਦੂਰੋਂ-ਨੇੜਿਉਂ ਅਕਸਰ ਉਨ੍ਹਾਂ ਕੋਲ ਲੋਕ ਆਉਂਦੇ-ਜਾਂਦੇ ਰਹਿੰਦੇ ਸਨ। ਡੁਮੇਲੀ ਪਿੰਡ ਦੀ ਬਜ਼ੁਰਗ ਮਾਤਾ ਕ੍ਰਿਸ਼ਨਾ ਦੇਵੀ, ਜਿਨ੍ਹਾਂ ਦੇ ਘਰ ਚੁਬਾਰੇ ਵਿਚ ਬਾਬਾ ਮਸਤ ਜੀ ਕਰੀਬ 11 ਮਹੀਨੇ ਰਹੇ, ਨੇ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਇਸ ਸਬੰਧੀ ਇਸ ਤਰ੍ਹਾਂ ਦੀ

---

115 ਸੰਤ ਗਿਆਨੀ ਜੋਧ ਸਿੰਘ ਜੀ: ਗਿਆਨ ਦਿਵਾਕਰ, ਦਸੰਬਰ 2010, ਪੰਨਾ 360-361.

116 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

117 ਮਾਤਾ ਕ੍ਰਿਸ਼ਨਾ ਦੇਵੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.08.2015,

118 ਸ. ਨਿਰਮਲ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 12.08.2015,

ਜਾਣਕਾਰੀ ਦਿਤੀ, "ਬਾਬਾ ਮਸਤ ਜੀ ਕਈ ਬਿਮਾਰੀਆਂ ਦਾ ਇਲਾਜ ਬਿਨ੍ਹਾਂ ਕਿਸੇ ਦਵਾਈ ਤੋਂ ਹੀ ਕਰ ਦਿੰਦੇ ਸਨ। ਮਾਤਾ ਕ੍ਰਿਸ਼ਨਾ ਦੇਵੀ ਅਨੁਸਾਰ ਜਦ ਬਾਬਾ ਮਸਤ ਜੀ ਉਨ੍ਹਾਂ ਦੇ ਚੁਬਾਰੇ ਵਿਚ ਰਹਿੰਦੇ ਸਨ ਤਾਂ ਕਈ ਉਹ ਲੋਕ ਉਨ੍ਹਾਂ ਦੇ ਘਰ ਆਉਂਦੇ ਜਾਂਦੇ ਰਹਿੰਦੇ ਸਨ ਜਿਨ੍ਹਾਂ ਦਾ ਬੁਖ਼ਾਰ ਨਹੀ ਸੀ ਟੁੱਟਦਾ। ਬਾਬਾ ਮਸਤ ਜੀ ਨੇ ਮੇਰੀ ਮਾਂ ਸੱਤਿਆ ਨੂੰ ਕਹਿਣਾ ਕਿ ਇਹ ਪਾਟੀ ਲੀਰ ਇਨ੍ਹਾਂ ਨੂੰ ਦੇ ਦਿਉ। ਪਾਟੀ ਲੀਰ ਦੇਣ ਉਪਰੰਤ ਬੁਖਾਰ ਟੁੱਟ ਜਾਂਦਾ ਸੀ ਤੇ ਦੁਬਾਰਾ ਨਹੀਂ ਸੀ ਚੜ੍ਹਦਾ।"[119] ਆਪਣੀ ਸਾਰੀ ਉਮਰ ਡੁਮੇਲੀ ਡੇਰੇ ਵਿਚ ਬਿਤਾਉਣ ਵਾਲੇ **ਮਹੰਤ ਬਲਵੀਰ ਸਿੰਘ** ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਬਾਬਾ ਮਸਤ ਜੀ ਦੇ ਵੈਦ ਹੋਣ ਬਾਰੇ ਪੁਸ਼ਟੀ ਕੀਤੀ ਹੈ।'[120]

**—** 'ਡੁਮੇਲੀ ਪਿੰਡ ਵਿਚ ਰਹਿਣ ਵਾਲੇ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਬਾਬਾ ਮਸਤ ਜੀ ਭੂਤਾਂ ਪ੍ਰੇਤਾਂ ਦਾ ਇਲਾਜ ਵੀ ਕਰ ਦਿੰਦੇ ਸਨ। ਇਸ ਗੱਲ ਦੀ ਪੁਸ਼ਟੀ ਡੁਮੇਲੀ ਪਿੰਡ ਦੀ ਬਜ਼ੁਰਗ **ਮਾਤਾ ਕ੍ਰਿਸ਼ਨਾ ਦੇਵੀ**, ਜੋ ਹੁਣ ਵੀ ਅਕਸਰ ਸੰਤ ਦਲੀਪ ਸਿੰਘ ਕੁਟੀਆ ਵਿਖੇ ਸੇਵਾ ਕਰਦੇ ਰਹਿੰਦੇ ਹਨ, ਨੇ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਕੀਤੀ।"[121]

### 2.5.3 ਬਾਬਾ ਮਸਤ ਜੀ–ਅੰਤਿਮ ਸਮਾਂ

ਬਾਬਾ ਮਸਤ ਜੀ ਦਾ ਸਵਰਗਵਾਸ **6 ਮੱਗਰ 1962** ਨੂੰ ਹੋਇਆ। ਉਹ ਹਮੇਸ਼ਾ ਹੀ ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ (ਡੁਮੇਲੀ ਟਕਸਾਲ) ਵਿਖੇ ਇਕ ਫੱਟੀ ਤੇ ਬੈਠੇ ਰਹਿੰਦੇ ਸਨ। ਆਪਣੇ ਅੰਤਲੇ ਸਮੇਂ ਉਨ੍ਹਾਂ ਸੰਗਤਾਂ ਨੂੰ ਕੋਲ ਬੁਲਾ ਕੇ ਆਪਣੀ ਆਖਰੀ ਇੱਛਾ ਦੱਸੀ ਤੇ ਚੋਲਾ ਤਿਆਗ ਦਿਤਾ।

ਡੁਮੇਲੀ ਪਿੰਡ ਦੇ ਬਜ਼ੁਰਗ **ਸ. ਗੁਰਮੋਹਨ ਸਿੰਘ ਡੁਮੇਲੀ** ਦੇ ਅਨੁਸਾਰ, "ਆਪਣੇ ਅੰਤਿਮ ਸਮੇਂ ਉਨ੍ਹਾਂ ਆਪਣੇ ਸੇਵਕਾਂ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਮੇਰਾ ਅੰਤਿਮ ਸਮਾਂ ਨਜ਼ਦੀਕ ਹੈ। ਸੇਵਕਾਂ ਨੇ ਕਿਹਾ ਬਾਬਾ ਜੀ ਕੋਈ ਆਪਣੀ ਨਿਸ਼ਾਨੀ ਤਾਂ ਦੇ ਜਾਉ। ਉਨ੍ਹਾਂ ਕਿਹਾ ਇਹ ਜੋ ਨਿਸ਼ਾਨ ਸਾਹਿਬ ਹੈ, ਮੇਰੇ ਸੰਸਕਾਰ ਤੋਂ ਬਾਅਦ ਮੇਰੇ ਉਪਰ ਲਗਾ ਦੇਣਾ। ਉਨ੍ਹਾਂ ਠੀਕਰੀ ਚੁੱਕੀ ਤੇ ਧਰਤੀ ਤੇ ਇਕ ਨਕਸ਼ਾ ਬਣਾਇਆ। ਫਿਰ ਉਸ ਬਣਾਏ ਨਕਸ਼ੇ ਦੇ ਵਿਚ ਬੈਠ ਗਏ ਤੇ ਕਿਹਾ ਚੰਗਾ ਸੰਗਤ ਜੀ ਸਤਿ ਸ੍ਰੀ ਅਕਾਲ। ਫਤਹਿ ਬਲਾਉਣ ਤੋਂ ਬਾਅਦ ਸਰੀਰ ਨੂੰ ਇਸ ਤਰਾਂ ਕਰਨ ਲੱਗੇ ਜਿਵੇਂ ਸੱਪ ਆਪਣੀ ਕੰਜ ਉਤਾਰਦਾ ਹੈ। ਉਨ੍ਹਾਂ ਉਥੇ ਹੀ ਉਸੇ ਸਮੇਂ

---

119 ਮਾਤਾ ਕ੍ਰਿਸ਼ਨਾ ਦੇਵੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.08.2015,

120 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਇਖਾਕਾਰ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

121 ਮਾਤਾ ਕ੍ਰਿਸ਼ਨਾ ਦੇਵੀ ਨਾਲ ਕੀਤੀ ਸਾਖਿਆਕਾਰ ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.08.2015,

ਸਵਾਸ ਤਿਆਗ ਦਿਤੇ। ਸੰਗਤਾਂ ਨੇ ਉਸ ਜਗਾ ਤੇ ਹੀ ਇਸ਼ਨਾਨ ਕਰਵਾ ਕੇ ਉਨ੍ਹਾਂ ਦਾ ਸੰਸਕਾਰ ਕੀਤਾ। ਉਥੇ ਹੀ ਟੋਆ ਪੁੱਟ ਕੇ ਉਨ੍ਹਾਂ ਦੀ ਰਾਖ ਦਬਾ ਦਿਤੀ ਅਤੇ ਉਨ੍ਹਾਂ ਦੀ ਅੰਤਿਮ ਇਛਾ ਅਨੁਸਾਰ ਉਤੇ ਨਿਸ਼ਾਨ ਸਾਹਿਬ ਲਗਾ ਦਿਤਾ। ਇਹ ਨਿਸ਼ਾਨ ਸਾਹਿਬ ਅੱਜ ਵੀ ਮੁੱਖ ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਕੋਲ ਸਥਿਤ ਹੈ।"[122]

'ਬਚਪਨ ਤੋਂ ਹੀ ਇਸ ਡੇਰੇ ਵਿਚ ਰਹਿਣ ਵਾਲੇ **ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨੇ ਵੀ ਇਕ ਸਾਖਿਆਕਾਰ (ਇੰਟਰਵਿਊ) ਦੁਆਰਾ ਇਸ ਗੱਲ ਦੀ ਪੁਸ਼ਟੀ ਕੀਤੀ ਹੈ।'[123]

ਡੁਮੇਲੀ ਪਿੰਡ ਦੇ ਮਹਾਨ ਇਤਿਹਾਸਕਾਰ **ਡਾ. ਬਖਸ਼ੀਸ਼ ਸਿੰਘ ਨਿਜਰ** ਅਨੁਸਾਰ, "From his very childhood like born saints, he always remained absorbed in his name. He walked about many years naked, when Sant Jawala Singh persuaded him to dress himself up. Since then he remained covered in simple dress. He was heads and shoulders above his contemporary saints. He was the helper of the needy. He died on Maghar 6, 1962."[124]

ਉਪਰੋਕਤ ਸਾਰੇ ਵਰਣਨ ਨੂੰ ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਾਬਾ ਮਸਤ ਜੀ ਪਿੰਡ ਡੁਮੇਲੀ ਦੀ ਮਹਾਨ ਸਖਸ਼ੀਅਤ ਹੋਏ ਹਨ। ਉਨ੍ਹਾਂ ਦੇ ਜਨਮ ਅਸਥਾਨ ਬਾਰੇ ਮੱਤਭੇਦ ਹਨ। ਕੁਝ ਬਜ਼ੁਰਗਾਂ ਨੇ ਸਾਖਿਆਕਾਰ ਦੇ ਮਾਧਿਅਮ ਰਾਹੀਂ ਉਨ੍ਹਾਂ ਦਾ ਪਿਛਲਾ ਪਿੰਡ ਸੁਜੋਂ (ਨਜ਼ਦੀਕ ਗੜ੍ਹਸ਼ੰਕਰ) ਦੱਸਿਆ, ਜਦ ਕਿ ਡੁਮੇਲੀ ਦੇ ਮਹਾਨ ਇਤਿਹਾਸਿਕ ਲੇਖਕ ਡਾ. ਬਖਸ਼ੀਸ਼ ਸਿੰਘ ਨਿਜਰ ਨੇ ਉਨ੍ਹਾਂ ਦਾ ਪਿੰਡ ਆਪਣੀ ਲਿਖੀ ਪੁਸਤਕ 'History of village Domeli and Lutera Khurd' ਵਿਚ ਜੈਜੋਂ ਦੱਸਿਆ। ਖੋਜ ਕਰਤਾ ਵਲੋਂ ਕੀਤੀ ਗਈ ਨਿਜੀ ਪੜਤਾਲ ਵਿਚ ਵੀ ਉਨ੍ਹਾਂ ਦੇ ਪਿੰਡ ਦਾ ਸਪਸ਼ਟ ਪਤਾ ਨਹੀਂ ਲੱਗ ਸਕਿਆ। ਸਭ ਤੋਂ ਪਹਿਲਾਂ ਆਪ ਪਿੰਡ ਰਾਈਪੁਰ ਇਕ ਜੱਟ ਦੇ ਖੂਹ ਤੇ ਆਏ ਸਨ। ਉਥੋਂ ਡੁਮੇਲੀ ਦੇ ਪੰਡਿਤ ਵਿਸ਼ੰਬਰ ਦਾਸ ਉਨ੍ਹਾਂ ਨੂੰ ਡੁਮੇਲੀ ਲੈ ਆਏ ਤੇ 11 ਮਹੀਨੇ ਉਨ੍ਹਾਂ ਦੇ ਹੀ ਘਰ ਚੁਬਾਰੇ ਵਿਚ ਰਹੇ। ਫਿਰ ਸੰਤ ਦਲੀਪ ਸਿੰਘ ਤੇ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਕਹਿਣ ਤੇ ਆਪ ਸੰਤ ਦਲੀਪ ਸਿੰਘ ਕੁਟੀਆ ਵਿਖੇ ਰਹਿਣ

---

122 ਸ. ਗੁਰਮੋਹਨ ਸਿੰਘ ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 14.09.2014,

123 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 16.08.2015,

124 Bakhshish Singh Nijjar (Dr.): History of Village Domeli and Lutera Khurd. Page 38.

ਲੱਗੇ। ਇਸ ਡੇਰੇ ਵਿਚ ਉਨ੍ਹਾਂ ਦੀ ਬਹੁਤ ਮਾਨਤਾ ਹੋਣ ਲੱਗੀ, ਕਿਉਂਕਿ ਆਪ ਜੋ ਕਹਿ ਦਿੰਦੇ ਸਨ, ਉਹ ਸੱਚ ਹੋ ਜਾਂਦਾ ਸੀ। ਉਹ ਮੋਹ ਮਾਇਆ ਤੋਂ ਨਿਰਲੇਪ ਅਤੇ ਆਪਣੀ ਹੀ ਮਸਤੀ ਵਿਚ ਰਹਿਣ ਵਾਲੇ ਸਨ। ਉਹ ਵੈਦ ਵੀ ਸਨ ਤੇ ਕਈ ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਇਲਾਜ ਆਪਣੇ ਹੀ ਤਰੀਕੇ ਨਾਲ ਕਰ ਦਿੰਦੇ ਸਨ। ਜਦ ਬਾਬਾ ਮਸਤ ਜੀ ਦਾ ਅੰਤਿਮ ਸਮਾਂ ਆਇਆ ਤਾਂ ਉਨਾਂ ਨੇ ਸੰਗਤਾਂ ਨੂੰ ਬੁਲਾ ਕੇ ਆਪ ਇਸ ਬਾਰੇ ਜਾਣਕਾਰੀ ਦਿਤੀ ਅਤੇ ਆਪਣੀ ਅੰਤਿਮ ਇਛਾ ਪ੍ਰਗਟ ਕਰਦਿਆਂ ਆਪਣੇ ਸਰੀਰ ਤਿਆਗਣ ਵਾਲੇ ਅਸਥਾਨ ਤੇ ਨਿਸ਼ਾਨ ਸਾਹਿਬ ਲਗਾਉਣ ਲਈ ਕਿਹਾ। **6 ਮੱਗਰ 1962** ਨੂੰ ਇਨ੍ਹਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਗਤਾਂ ਨੇ ਜਿਸ ਜਗ੍ਹਾ ਉਤੇ ਉਨ੍ਹਾਂ ਦਾ ਸੰਸਕਾਰ ਕੀਤਾ ਉਸ ਉਪਰ ਨਿਸ਼ਾਨ ਸਾਹਿਬ ਲਗਾ ਦਿਤਾ। ਇਹ ਨਿਸ਼ਾਨ ਸਾਹਿਬ ਉਦੋਂ ਦਾ ਉਸੇ ਜਗਾ ਉਤੇ ਸ਼ਸ਼ੋਭਿਤ ਹੈ। ਭਾਂਵੇ ਅੱਜ ਬਾਬਾ ਮਸਤ ਜੀ ਸਰੀਰਕ ਰੂਪ ਵਿਚ ਨਹੀਂ ਰਹੇ, ਪਰ ਡੁਮੇਲੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਦਿਲਾਂ ਵਿਚ ਹਮੇਸ਼ਾਂ ਉਨ੍ਹਾਂ ਦੀਆਂ ਯਾਦਾਂ ਵਸੀਆਂ ਹੋਈਆਂ ਹਨ। ਉਨ੍ਹਾਂ ਦੀ ਨਿੱਘੀ ਮਿੱਠੀ ਯਾਦ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਅੱਜ ਵੀ ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਕੁਟੀਆ ਵਿਖੇ ਮੁੱਖ ਸੇਵਾਦਾਰ ਸੰਤ ਪ੍ਰੀਤਮ ਸਿੰਘ ਦੀ ਅਗਵਾਈ ਅਧੀਨ ਡੁਮੇਲੀ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਹਰ ਸਾਲ 6 ਮੱਗਰ ਵਾਲੇ ਦਿਨ ਉਨ੍ਹਾਂ ਦੀ ਸਲਾਨਾ ਬਰਸੀ ਬੜ੍ਹੀ ਸ਼ਰਧਾਪੂਰਵਕ ਮਨਾਉਂਦੀਆਂ ਹਨ।

ਇਸ ਅਧਿਆਇ (ਡੁਮੇਲੀ ਟਕਸਾਲ ਦੇ ਪਰਮੁਖ ਕਾਰਜ ਕਰਤਾ) ਵਿਚ ਉਪਰੋਕਤ ਦਿਤੀ ਗਈ ਵਿਸਥਾਰ ਸਹਿਤ ਜਾਣਕਾਰੀ ਦੇ ਸਾਰ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਡੁਮੇਲੀ ਟਕਸਾਲ ਦਾ ਅਰੰਭ ਸੰਤ ਦਲੀਪ ਸਿੰਘ (1883-1949) ਤੋਂ ਹੋਇਆ। ਇਸ ਦੇ ਪ੍ਰਮੁੱਖ ਕਾਰਜ ਕਰਤਾਵਾਂ ਦੇ ਰੂਪ ਵਿਚ ਸੰਤ ਸਰਵਣ ਸਿੰਘ ਅਤੇ ਸੰਤ ਹਰਬੰਸ ਸਿੰਘ ਨੇ ਕੰਮ ਕੀਤਾ। ਉਨ੍ਹਾਂ ਦੇ ਸਮਕਾਲੀ ਹੀ ਬਾਬਾ ਮਸਤ ਜੀ ਹੋਏ ਹਨ। ਭਾਂਵੇ ਸਿਧੇ ਤੌਰ ਤੇ ਉਹ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਦੇ ਖੇਤਰ ਵਿਚ ਕੋਈ ਯੋਗਦਾਨ ਨਹੀਂ ਪਾ ਸਕੇ, ਪਰੰਤੂ ਡੇਰੇ ਵਿਚ ਇਨ੍ਹਾਂ ਦੇ ਯੋਗਦਾਨ ਕਾਰਨ ਇਨਾਂ ਦੀ ਮਹਾਨਤਾ ਅੱਜ ਵੀ ਹੈ। ਇਨ੍ਹਾਂ ਕਾਰਜ ਕਰਤਾਵਾਂ ਤੋਂ ਇਲਾਵਾ ਕੁਝ ਸਮੇਂ ਲਈ ਡੁਮੇਲੀ ਟਕਸਾਲ ਦਾ ਡੇਰਾ (ਬਾਬਾ ਰਾਮ ਸਿੰਘ ਦੇ ਸਮੇਂ) ਢਹਿੰਦੀਆਂ ਕਲਾ ਵੱਲ ਜਾਣ ਲੱਗਾ ਸੀ। ਪਰੰਤੂ ਅੱਜ ਸੰਤ ਪ੍ਰੀਤਮ ਸਿੰਘ ਦੀ ਯੋਗ ਅਗਵਾਈ ਵਿਚ ਇਹ ਟਕਸਾਲ ਮੁੜ ਆਪਣੇ ਅਗਾਂਹ ਵਧੂ ਕਾਰਜਾਂ ਵਿਚ ਕਾਰਜਸ਼ੀਲ ਹੈ।

# ਤੀਸਰਾ ਅਧਿਆਇ
# ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ

ਸਿਖ ਧਰਮ ਅਤੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਅਨੇਕ ਸੰਤਾਂ-ਮਹਾਂਪੁਰਖਾਂ ਨੇਂ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿਚੋਂ ਡੁਮੇਲੀ ਵਾਲੇ **ਸੰਤ ਸਰਵਣ ਸਿੰਘ ਗੰਧਰਵ** (1926-1992) ਇਕ ਸਨ। ਉਹ ਸੰਗੀਤ ਦੇ ਮਹਾਨ ਵਿਦਵਾਨ ਸਨ। ਗੁਰਮਤਿ ਸੰਗੀਤ ਵਿਚ ਨਿਪੁੰਨ ਹੋਣ ਕਰਕੇ ਅਤੇ ਰਾਗਾਤਮਿਕ ਕੀਰਤਨ ਕਰਨ ਕਰਕੇ ਆਪ ਨੂੰ '**ਸੰਤ ਰਾਗਾ ਸਿੰਘ**'ਵੀ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਨਾਮ ਇਨ੍ਹਾਂ ਨੇਂ ਦੁਨੀਆਂ ਭਰ ਵਿਚ ਚਮਕਾਇਆ।

## 3.1 ਜੀਵਨ ਚਰਿਤਰ

ਸੰਤ ਸਰਵਣ ਸਿੰਘ ਗੰਧਰਵ ਦਾ ਜਨਮ ਪੰਜਾਬ ਦੇ ਜਿਲਾ ਕਪੂਰਥਲਾ ਦੀ ਤਹਿਸੀਲ ਫਗਵਾੜਾ ਦੇ ਪਿੰਡ ਭੁਲਾਰਾਈ ਵਿਖੇ ਸੰਨ 1926 ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ. ਅਮਰ ਸਿੰਘ ਅਤੇ ਮਾਤਾ ਦਾ ਨਾਮ ਸ਼ਾਮ ਕੌਰ ਸੀ। ਸ. ਅਮਰ ਸਿੰਘ ਅਤੇ ਬੀਬੀ ਸ਼ਾਮ ਕੌਰ ਦੋਵੇਂ ਪੂਰਨ ਗੁਰਸਿੱਖ ਸਨ।

**ਸੇਵਕ ਸਿੰਘ ਉਪਲ** ਅਨੁਸਾਰ, "ਇਸ ਗੁਰਸਿਖ ਜੋੜੇ ਦੇ ਤਿੰਨ ਬੱਚੇ ਹੋਏ ਪਰ ਤਿੰਨੇ ਹੀ ਬਹੁਤ ਛੋਟੀ ਆਯੂ ਵਿਚ ਮਰ ਗਏ। ਬੀਬੀ ਸ਼ਾਮ ਕੌਰ ਨੇ ਆਪਣੀ ਉਲਾਦ ਦੀ ਖਾਤਰ ਬਾਰਾਂ ਮੱਸਿਆ ਸ੍ਰੀ ਛਿਹਰਟਾ ਸਾਹਿਬ ਇਸ਼ਨਾਨ ਕੀਤਾ ਤੇ ਗੁਰੂ ਸਾਹਿਬ ਕੋਲ ਆਪਣੀ ਉਲਾਦ ਦੀ ਸੁਰੱਖਿਆ ਮੰਗੀ। ਪਹਿਲਾਂ ਬੀਬੀ ਸ਼ਾਮ ਕੌਰ ਦੀ ਕੁਖੋਂ ਬੱਚੀ ਨੇ ਜਨਮ ਲਿਆ, ਉਸ ਦਾ ਨਾਮ ਅਜੀਤ ਕੌਰ ਹੈ। ਅਜੀਤ ਕੌਰ ਤੋਂ ਮਗਰੋਂ ਸਰਦਾਰ ਅਮਰ ਸਿੰਘ ਤੇ ਬੀਬੀ ਸ਼ਾਮ ਕੌਰ ਦੇ ਗ੍ਰਹਿ ਵਿਖੇ ਬਾਲਕ ਸਰਵਣ ਸਿੰਘ ਨੇ ਜਨਮ ਲਿਆ। ਇਹ ਬਾਲਕ ਜਨਮ ਤੋਂ ਹੀ ਅਨੋਖੀ ਪ੍ਰਤਿਭਾ ਦਾ ਮਾਲਕ ਸੀ। ਬਹੁਤ ਚੇਤੰਨ ਸੀ। ਗੁਰਸਿਖੀ ਨਾਲ ਪਿਆਰ ਵਿਰਸੇ ਤੋਂ ਮਿਲਿਆ ਸੀ। ਇਨ੍ਹਾਂ ਦੇ ਜਨਮ ਤੋਂ ਢਾਈ ਸਾਲ ਮਗਰੋਂ ਸਰਦਾਰ ਅਮਰ ਸਿੰਘ ਦੇ ਘਰ ਇਕ ਹੋਰ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਸ. ਤਰਲੋਚਨ ਸਿੰਘ ਹੈ।"[1]

ਗੁਰਸਿਖ ਪਰਿਵਾਰ ਵਿਚ ਜਨਮ ਲੈਣ ਕਾਰਨ ਬਾਲਕ ਸਰਵਣ ਸਿੰਘ ਨੇਂ ਛੋਟੀ ਉਮਰ ਵਿਚ ਹੀ ਪਾਠ ਕਰਨਾ ਅਤੇ ਕੀਰਤਨ ਕਰਨ ਦੀ ਸਿਖਿਆ ਲੈਣੀ ਅਰੰਭ ਕਰ ਦਿਤੀ।

**ਸੇਵਕ ਸਿੰਘ ਉਪਲ** ਅਨੁਸਾਰ, "ਬਾਲਕ ਸਰਵਣ ਸਿੰਘ ਜਮਾਂਦਰੂ ਹੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਆਪ ਬਚਪਨ ਵਿਚ ਹੀ ਗੁਰਦੁਆਰੇ ਜਾ ਕੇ ਸੇਵਾ ਕਰਨ ਲਗ ਪਏ ਸਨ। ਆਪ ਨਿਤਨੇਮ ਨਾਲ ਗੁਰਦੁਆਰੇ ਜਾਂਦੇ ਸਨ। ਕੀਰਤਨ ਤੇ ਗੁਰਵਾਕ ਸੁਣਦੇ ਸਨ। ਆਪ ਉਥੇ ਸੰਤ ਸੁੰਦਰ ਦਾਸ ਦੀ ਸੰਗਤ

1 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 8-9.

ਵਿਚ ਬੈਠ ਕੇ ਉਨ੍ਹਾਂ ਦੇ ਬਚਨ ਸੁਣਿਆਂ ਕਰਦੇ ਸਨ। ਸੰਤ ਜੀ ਨੇ ਆਪ ਜੀ ਦੀ ਧਾਰਮਿਕ ਰੁਚੀ ਵੇਖ ਕੇ ਆਪ ਨੂੰ ਉਚੇਚੇ ਪਿਆਰ ਨਾਲ ਕਥਾ ਸੁਣਾਉਣੀ ਅਰੰਭ ਕਰ ਦਿਤੀ ਸੀ। ਇਉਂ ਬਚਪਨ ਵਿਚ ਹੀ ਬਾਲਕ ਸਰਵਣ ਸਿੰਘ ਨੂੰ ਸੰਤਾਂ ਤੇ ਗੁਰੂ ਘਰ ਨਾਲ ਅਤੁੱਟ ਪਿਆਰ ਹੋ ਗਿਆ ਸੀ।"[2]

ਸੰਤ ਸਰਵਣ ਸਿੰਘ ਅਜੇ ਅੱਠ ਸਾਲ ਦੇ ਹੀ ਸਨ, ਕਿ ਆਪ ਜੀ ਦੀ ਮਾਤਾ ਸ਼ਾਮ ਕੌਰ ਦਾ ਸਾਇਆ ਸਿਰ ਤੋਂ ਉਠ ਗਿਆ। ਮਾਤਾ ਜੀ ਦੇ ਅਕਾਲ-ਚਲਾਣੇ ਤੋਂ ਬਾਅਦ ਆਪ ਦੇ ਪਾਲਣ ਪੋਸ਼ਣ ਦੀ ਸਾਰੀ ਜਿੰਮੇਵਾਰੀ ਆਪ ਦੇ ਦਾਦਾ ਸ. ਹਰਨਾਮ ਸਿੰਘ ਦੇ ਮੋਢਿਆ ਤੇ ਆ ਗਈ। ਇਨ੍ਹਾਂ ਦੇ ਦਾਦਾ ਹਰਨਾਮ ਸਿੰਘ ਕਿੱਤੇ ਵਜੋਂ ਰਾਜਗਿਰੀ ਕਰਦੇ ਸਨ ਅਤੇ ਨਾਲ ਹੀ ਸ਼ਾਹੂਕਾਰੇ ਦਾ ਕੰਮ ਵੀ ਕਰਦੇ ਸਨ। ਉਹ ਪੱਕੇ ਨਿਤਨੇਮੀ ਅਤੇ ਗੁਰੂ ਘਰ ਵਿਚ ਅਟੱਲ ਵਿਸ਼ਵਾਸ਼ ਰੱਖਣ ਵਾਲੇ ਵਿਅਕਤੀ ਸਨ। ਇਸ ਤਰ੍ਹਾਂ ਬਾਬੇ ਦੀ ਗੁਰਸਿੱਖੀ ਦਾ ਰੰਗ ਬਾਲਕ ਸਰਵਣ ਤੇ ਚੜ੍ਹਨਾ ਸੁਭਾਵਿਕ ਹੀ ਸੀ।

ਨੌਂ ਸਾਲ ਦੀ ਉਮਰ ਵਿਚ ਆਪ ਜੀ ਨੂੰ ਚੇਚਕ ਦੀ ਭਿਆਨਕ ਬਿਮਾਰੀ ਨੇ ਘੇਰ ਲਿਆ। ਚੇਚਕ ਦੀ ਬਿਮਾਰੀ ਨੇਂ ਬਾਲਕ ਸਰਵਣ ਦੀਆਂ ਅੱਖਾਂ ਦੀ ਜੋਤ ਸਦਾ ਸਦਾ ਲਈ ਖਤਮ ਕਰ ਦਿਤੀ। ਆਪ ਦੇ ਘਰਦਿਆਂ ਨੂੰ ਦਿਨ-ਰਾਤ ਆਪ ਦੀ ਚਿੰਤਾ ਸਤਾਉਣ ਲੱਗੀ। ਜਦੋਂ ਕਿਸੇ ਕੋਲੋਂ ਅੰਮ੍ਰਿਤਸਰ ਸਥਿਤ ਅੰਧ ਵਿਦਿਆਲੇ ਬਾਰੇ ਪਤਾ ਲੱਗਿਆ ਤਾਂ ਸ. ਹਰਨਾਮ ਸਿੰਘ ਬਾਲਕ ਸਰਵਣ ਨੂੰ ਨਾਲ ਲੈ ਕੇ ਅੰਮ੍ਰਿਤਸਰ ਸਥਿਤ ਅੰਧ ਵਿਦਿਆਲੇ ਪੁੱਜੇ। ਉਥੋਂ ਦੇ ਪ੍ਰਬੰਧਕਾਂ ਨੇਂ ਬਾਲਕ ਸਰਵਣ ਨੂੰ ਕੇਸ ਰੱਖੇ ਹੋਣ ਕਾਰਣ ਵਿਦਿਆਲੇ ਵਿਚ ਦਾਖਲ ਕਰਨ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਕਿਹਾ ਕਿ ਇਸ ਬਾਲਕ ਨੂੰ ਤਾਂ ਹੀ ਦਾਖਲਾ ਦਿਤਾ ਜਾ ਸਕਦਾ ਹੈ ਜੇਕਰ ਇਸ ਦੇ ਕੇਸ ਕੱਟ ਦਿਤੇ ਜਾਣ। ਗੁਰਸਿਖ ਪਰਿਵਾਰ ਨੇ ਇਹ ਸ਼ਰਤ ਮੰਨਣ ਤੋਂ ਸਾਫ ਇਨਕਾਰ ਕਰ ਦਿਤਾ। ਇਸ ਉਪਰੰਤ ਆਪ ਦੇ ਦਾਦਾ ਆਪ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਲੈ ਆਏ ਤੇ ਬਾਲਕ ਦੀ ਤੰਦਰੁਸਤੀ ਦੀ ਅਰਦਾਸ ਕੀਤੀ। ਇਸ ਉਪਰੰਤ ਦਾਦਾ ਸ. ਹਰਨਾਮ ਸਿੰਘ ਆਪਣੇ ਪੋਤਰੇ ਸਰਵਣ ਸਿੰਘ ਨੂੰ ਨਾਲ ਲੈ ਕੇ ਆਪਣੇ ਪਿੰਡ ਭੁਲਾਰਾਈ ਆ ਗਏ।

### 3.1.1 ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ

ਬਾਲਕ ਸਰਵਣ ਦੀ ਵੱਡੀ ਭੈਣ ਤੇ ਬਾਬਾ ਹਰਨਾਮ ਸਿੰਘ ਦੀ ਪੋਤਰੀ ਅਜੀਤ ਕੌਰ ਡੁਮੇਲੀ ਦੇ ਲਾਗਲੇ ਪਿੰਡ ਵਿਚ ਵਿਆਹੀ ਹੋਈ ਸੀ। ਇੰਨ੍ਹਾਂ ਪਿੰਡਾਂ ਵਿਚ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਦੀ ਬੜੀ ਮਾਨਤਾ ਸੀ। ਸੰਤ ਬਾਬਾ ਦਲੀਪ ਸਿੰਘ ਨੇਤਰਹੀਨ, ਅਨਾਥ, ਅੰਗਹੀਨ, ਅਤੇ ਬੇਸਹਾਰੇ ਬੱਚਿਆਂ ਨੂੰ ਬਹੁਤ ਮਿਹਨਤ ਨਾਲ ਗੁਰਬਾਣੀ ਦਾ ਪਾਠ ਕਰਨਾ, ਕੀਰਤਨ ਕਰਨਾ ਅਤੇ ਹਿਕਮਤ ਸਿਖਾਉਂਦੇ ਸਨ। ਅਜੀਤ ਕੌਰ ਦੇ ਕਹਿਣ ਤੇ ਅਤੇ ਸੰਤ ਬਾਬਾ ਦਲੀਪ ਸਿੰਘ ਦੇ ਇਨ੍ਹਾਂ ਗੁਣਾਂ ਕਰਕੇ (1935 ਈ. ਨੂੰ) ਬਾਬਾ

---

2 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 11-12.

ਹਰਨਾਮ ਸਿੰਘ ਨੇਂ ਆਪਣੇ ਪੋਤਰੇ ਸਰਵਣ ਸਿੰਘ ਨੂੰ ਆਪ ਕੋਲ ਛੱਡਣ ਦਾ ਫੈਸਲਾ ਕੀਤਾ। ਇਸ ਸਮੇਂ ਬਾਲਕ ਸਰਵਣ ਦੀ ਉਮਰ ਕੋਈ ਲਗਭਗ ਨੌਂ ਸਾਲ ਦੀ ਸੀ।

ਸੰਤ ਬਾਬਾ ਦਲੀਪ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਅਤੇ ਉਸ ਉਪਰੰਤ ਬਾਲਕ ਸਰਵਣ ਸਿੰਘ ਨੂੰ ਸਵੀਕਾਰ ਕਰ ਲਿਆ। ਬਾਲਕ ਸਰਵਣ ਸਿੰਘ ਜਿਸ ਅਸਥਾਨ ਲਈ, ਜਿਸ ਸੰਗਤ ਲਈ, ਤੇ ਜਿਸ ਸਿਖਿਆ ਲਈ ਅਚੇਤ ਹੀ ਜਨਮ ਤੋਂ ਬਿਹਬਲ ਸਨ, ਉਹ ਪ੍ਰਾਪਤ ਹੋ ਗਈ।

**ਡਾ. ਬਖ਼ਸ਼ੀਸ਼ ਸਿੰਘ ਨਿਜਰ ਅਨੁਸਾਰ,** "Sant Sarwan Singh was the disciple of Sant Baba Dalip Singh ji. He was blind and only about ten years old when his parents left him at the dera (Gurdwara). Sant Baba Dalip Singh brought him up like a true father and gave him instruction appealing to the temperament of the child. Since Sarwan Singh was a child of sharp memory, he achieved two M.A. in music. He grew into a school of music and further trained many of his disciples in music. Sant Sarwan Singh, popularly known as Gandharv, was the founder of Sant Baba Dalip Singh Memorial Khalsa College Domeli."[3]

### 3.1.2 ਸੰਗੀਤ ਸਿਖਿਆ

ਇਸ ਪ੍ਰਕਾਰ ਬਾਲਕ ਸਰਵਣ ਦੀ ਗੁਰੂ ਘਰ ਪ੍ਰਤੀ ਸ਼ਰਧਾ ਤੇ ਗੁਰਬਾਣੀ ਨਾਲ ਪਿਆਰ ਅਤੇ ਰੁਚੀ ਨੂੰ ਦੇਖਦਿਆਂ ਸੰਤ ਬਾਬਾ ਦਲੀਪ ਸਿੰਘ ਜੀ ਨੇਂ ਬਾਲਕ ਸਰਵਣ ਨੂੰ ਆਪਣੇ ਕੋਲ ਰੱਖ ਲਿਆ ਅਤੇ ਸ਼ੁਧ ਗੁਰਬਾਣੀ ਪੜ੍ਹਨ ਤੇ ਕੀਰਤਨ ਕਰਨ ਦੀ ਸਿਖਿਆ ਦੇਣੀ ਅਰੰਭ ਕਰ ਦਿਤੀ। ਸੰਗੀਤ ਦੇ ਖੇਤਰ ਵਿਚ ਨਿਪੁੰਨ ਬਣਾਉਣ ਲਈ ਸੋਚ ਵਿਚਾਰ ਕਰਨ ਲੱਗੇ।

**ਸੇਵਕ ਸਿੰਘ ਉਪਲ** ਅਨੁਸਾਰ, "ਸੰਤ ਜੀ ਨੇ (ਸੰਤ ਬਾਬਾ ਦਲੀਪ ਸਿੰਘ) ਆਪ ਨੂੰ ਅਯੁਰਵੈਦਿਕ ਦੀ ਸਿਖਿਆ ਵੀ ਦਿਤੀ ਪਰ ਆਪ ਨੇ ਰਾਗ ਤੇ ਸੰਗੀਤ ਪ੍ਰਤਿਭਾ ਨੂੰ ਵੀ ਚੰਗੀ ਤਰ੍ਹਾਂ ਪਛਾਣਿਆ। ਆਪ ਡੇਰੇ ਵਿਚ ਸੇਵਾ ਕਰਦੇ ਸਮੇਂ ਹਰ ਵੇਲੇ ਇਹੋ ਤੁਕ ਅਲਾਪਦੇ ਰਹਿੰਦੇ-

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥**
**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲ ॥੧॥**
**ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥**

ਇਹ ਤੁਕਾਂ ਬਾਲਕ ਸੰਤ ਸਰਵਣ ਤੋਂ ਸੁਣਕੇ ਸੰਤ ਜੀ ਨੂੰ ਪੂਰਨ ਭਰੋਸਾ ਹੋ ਗਿਆ ਕਿ ਬਾਲਕ ਦੀ ਰੁਚੀ ਗੁਰਬਾਣੀ ਵਿਚ ਹੈ। ਇਸ ਲਈ ਸੰਤ ਜੀ ਨੇ ਬਾਲਕ ਨੂੰ ਸ਼ੁਧ ਗੁਰਬਾਣੀ ਪੜ੍ਹਨ ਤੇ ਸ਼ੁਧ ਗੁਰਬਾਣੀ

3 Bakhshish Singh Nijjar (Dr.): History of Village Domeli and Lutera Khurd. Page 36.

ਗਾਇਨ ਕਰਨ ਦੀ ਸਿਖਿਆ ਦੇਣੀ ਅਰੰਭ ਕਰ ਦਿਤੀ। ਬਾਲਕ ਸਰਵਣ ਸਿੰਘ ਨੇ ਜਦ ਚੌਵੀ ਦਿਨਾਂ ਵਿਚ ਸੁਖਮਣੀ ਸਾਹਿਬ ਯਾਦ ਕਰਕੇ ਸੰਤ ਜੀ ਨੂੰ ਸੁਣਾਇਆ ਤਾਂ ਆਪ ਬਹੁਤ ਪ੍ਰਸੰਨ ਹੋਏ।

ਸੰਤ ਦਲੀਪ ਸਿੰਘ ਨੇ ਇਉਂ ਬਾਲਕ ਸਰਵਣ ਸਿੰਘ ਦੀ ਸੰਗੀਤਕ ਰੁਚੀ ਵੇਖ ਕੇ ਪਿੰਡ ਦੇ ਇਕ ਮਿਰਾਸੀ ਫਕੀਰਿਆ ਨੂੰ ਬਚਨ ਕੀਤਾ ਕਿ ਉਹ ਬਾਲਕ ਸਰਵਣ ਸਿੰਘ ਨੂੰ ਸੰਗੀਤ ਦੀ ਮੁਢਲੀ ਜਾਣਕਾਰੀ ਦੇਣ। ਉਸ ਮਿਰਾਸੀ ਦੇ ਗੁਜ਼ਾਰੇ ਲਈ ਸੰਤ ਜੀ ਨੇ ਪੂਰਾ ਪ੍ਰਬੰਧ ਕਰ ਦਿਤਾ। ਇਉਂ ਹੀ ਸਾਹਨੀ ਪਿੰਡ ਦੇ ਇਕ ਮਾਸਟਰ ਰਣਬੀਰ ਸਿੰਘ ਤਿੰਨ ਸਾਲ ਤੱਕ ਆਪ ਨੂੰ ਰਾਗ ਦੀ ਸਿਖਿਆ ਦਿੰਦੇ ਰਹੇ। ਇਉਂ ਹੌਲੀ-ਹੌਲੀ ਬਾਲਕ ਸਰਵਣ ਸਿੰਘ ਦੀ ਸੰਗੀਤ ਕਲਾ ਨਿਖਰਦੀ ਗਈ ਤੇ ਉਨ੍ਹਾਂ ਦਾ ਸੰਗੀਤ ਨਾਲ ਪਿਆਰ ਵਧਦਾ ਗਿਆ।"[4]

ਸੰਗੀਤ ਦੀ ਮੁਢਲੀ ਸਿਖਿਆ ਪ੍ਰਾਪਤ ਕਰਨ ਤੋ ਬਾਅਦ ਸੰਤ ਦਲੀਪ ਸਿੰਘ ਜੀ ਆਪ ਜੀ ਨੂੰ ਗਵਾਲੀਅਰ ਜਾਂ ਕਾਂਸ਼ੀ ਭੇਜਣਾ ਚਾਹੁਦੇ ਸਨ। ਇਕ ਦਿਨ ਸੰਤ ਦਲੀਪ ਸਿੰਘ, ਸੰਤ ਜਵਾਲਾ ਸਿੰਘ ਤੇ ਸੰਤ ਰੰਗੀ ਰਾਮ ਨੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਕ ਮਤ ਨਾਲ ਇਨ੍ਹਾਂ ਨੂੰ ਗਵਾਲੀਅਰ ਭੇਜ ਦਿਤਾ। ਗਵਾਲੀਅਰ ਵਿਖੇ ਪੰਡਿਤ ਵਿਸ਼ਣੂੰ ਦਿਗੰਬਰ ਜੀ ਦੀ ਸੰਚਾਲਨਾ ਹੇਠ ਚੱਲ ਰਹੇ ਵਿਖਿਆਤ ਵਿਸ਼ਣੂੰ ਦਿਗੰਬਰ ਵਿਦਿਆਲੇ ਵਿਚ ਆਪ ਜੀ ਨੇਂ ਗਾਇਨ ਅਤੇ ਵਾਦਨ ਦੀ ਉਚੇਰੀ ਸਿਖਿਆ ਲੈਣੀ ਅਰੰਭ ਕਰ ਦਿਤੀ।

**ਸੇਵਕ ਸਿੰਘ ਉਪਲ** ਅਨੁਸਾਰ, "ਗਵਾਲੀਅਰ ਇਕ ਬਹੁਤ ਹੀ ਪ੍ਰਸਿਧ ਸ਼ਹਿਰ ਹੈ। ਇਥੇ ਇਕ ਵਿਸ਼ਵ ਵਿਖਿਆਤ ਸੰਗੀਤ ਵਿਦਿਆਲਾ ਹੈ। ਇਸ ਦਾ ਸੰਚਾਲਕ ਸ੍ਰੀ ਵਿਸ਼ਨੂੰ ਦਿਗੰਬਰ ਹੈ। ਇਥੇ ਸੰਗੀਤ ਦੀ ਉਚੀ ਵਿਦਿਆ ਦਿਤੀ ਜਾਂਦੀ ਹੈ। ਯੁਵਕ ਸਰਵਣ ਸਿੰਘ ਇਸ ਵਿਦਿਆਲੇ ਵਿਚ ਗਾਇਨ ਤੇ ਵਾਦਨ ਦੀ ਕਲਾ ਸਿਖਣ ਲੱਗ ਪਏ। ਇਥੇ ਗਾਇਨ ਕਲਾ ਨੂੰ ਵਧੇਰੇ ਸਤਿਕਾਰ ਦਿਤਾ ਜਾਂਦਾ ਹੈ ਤੇ ਇਹ ਕਲਾ ਵਧੇਰੇ ਮਹਾਨ ਗਿਣੀ ਜਾਂਦੀ ਹੈ। ਇਸ ਵਿਦਿਆਲੇ ਤੋਂ ਆਪ ਨੇ ਡਬਲ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ।"[5]

ਇਸ ਉਪਰੰਤ ਆਪ ਜੀ ਨੇ ਸਿਤਾਰ ਦੀ ਸਿਖਿਆ ਲਈ ਜਗਤ ਪ੍ਰਸਿੱਧ ਸਿਤਾਰ **ਵਾਦਕ ਪੰਡਿਤ ਰਵੀ ਸ਼ੰਕਰ** ਜੀ ਨੂੰ ਗੁਰੂ ਧਾਰਿਆ। ਕਿਹਾ ਜਾਂਦਾ ਹੈ ਕਿ ਪੰਡਿਤ ਰਵੀ ਸ਼ੰਕਰ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਘਰ ਬੁਲਾ ਕੇ ਸਿਤਾਰ ਨਹੀਂ ਸਨ ਸਿਖਾਉਂਦੇ, ਪਰੰਤੂ ਬਾਲਕ ਸਰਵਣ ਸਿੰਘ ਦੀ ਸੰਗੀਤ ਪ੍ਰਤੀ ਨਿਸ਼ਠਾ ਦੇਖ ਕੇ ਉਨ੍ਹਾਂ ਨੇਂ ਸਿਤਾਰ ਦੀ ਸਿਖਿਆ ਦੇਣੀ ਅਰੰਭ ਕੀਤੀ। **ਸੇਵਕ ਸਿੰਘ ਉਪਲ** ਅਨੁਸਾਰ, "ਸੰਤ ਦਲੀਪ ਸਿੰਘ ਜੀ ਦਿਲਰੁਬਾ ਨੂੰ ਬਹੁਤ ਪਸੰਦ ਕਰਦੇ ਸਨ। ਇਸ ਲਈ ਉਹ ਚਾਹੁੰਦੇ ਸਨ ਕਿ ਯੁਵਕ

4 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 15.

5 ---ਉਹੀ---, ਪੰਨਾ 17.

ਸਰਵਣ ਸਿੰਘ ਵੀ ਸਿਤਾਰ ਤੇ ਦਿਲਰੁਬਾ ਵਜਾਉਣ ਵਿਚ ਕਮਾਲ ਹਾਸਿਲ ਕਰੇ। ਸੰਤ ਜੀ ਤੋਂ ਉਤਸ਼ਾਹ ਲੈ ਕੇ ਕਿਉਂਕਿ ਸੰਤ ਜੀ ਬਹੁਤ ਚੰਗੀ ਦਿਲਰੁਬਾ ਵਜਾ ਲਿਆ ਕਰਦੇ ਸਨ, ਯੁਵਕ ਸਰਵਣ ਸਿੰਘ ਨੇ ਸਿਤਾਰ ਵਜਾਉਣ ਦਾ ਫੈਸਲਾ ਕਰ ਲਿਆ। ਸਿਤਾਰ ਵਜਾਉਣੀ ਸਿਖਣ ਲਈ ਆਪ ਪੰਡਿਤ ਰਵੀ ਸ਼ੰਕਰ ਕੋਲ ਪਹੁੰਚੇ ਤੇ ਸਿਦਕ ਨਾਲ ਸਤਾਰ ਵਜਾਉਣੀ ਸਿਖਣ ਲੱਗੇ। ਪੰਡਿਤ ਰਵੀ ਸ਼ੰਕਰ ਬੰਬਈ ਵਿਚ ਇਕ ਬਹੁਤ ਉਚ ਕੋਟੀ ਦੇ ਕਲਾਕਾਰ ਸਨ। ਉਹ ਆਪਣੇ ਵਿਦਿਆਰਥੀਆਂ ਅੰਦਰ ਕਲਾ ਦੀ ਜੋਤ ਜਗਾਉਣ ਦੇ ਉਸਤਾਦ ਸਨ। ਪੰਡਿਤ ਰਵੀ ਸ਼ੰਕਰ ਜੀ ਯੁਵਕ ਸਰਵਣ ਸਿੰਘ ਦੀ ਕਲਾ ਸੂਝ ਤੋਂ ਬਹੁਤ ਖੁਸ਼ ਸਨ ਤੇ ਉਨ੍ਹਾਂ ਨੂੰ ਬਹੁਤ ਪਿਆਰ ਕਰਿਆ ਕਰਦੇ ਸਨ। ਉਹ ਯੁਵਕ ਸਰਵਣ ਸਿੰਘ ਨੂੰ 'ਮਹੰਤ ਜੀ' ਕਹਿ ਕੇ ਸਤਿਕਾਰਿਆ ਕਰਦੇ ਸਨ। ਉਹ ਕਿਸੇ ਵਿਦਿਆਰਥੀ ਨੂੰ ਆਪਣੇ ਘਰ ਨਹੀਂ ਸਨ ਬੁਲਾਇਆ ਕਰਦੇ, ਪਰ ਯੁਵਕ ਸਰਵਣ ਸਿੰਘ ਦੀ ਕਲਾ ਤਪੱਸਿਆ ਵੇਖ ਕੇ ਉਹਨ੍ਹਾਂ ਨੂੰ ਆਪਣੇ ਘਰ ਬੁਲਾ ਕੇ ਉਤਸ਼ਾਹ ਦਿਆ ਕਰਦੇ ਸਨ। ਯੁਵਕ ਸਰਵਣ ਸਿੰਘ ਨੇ ਦਿਨ ਰਾਤ ਇਕ ਕਰਕੇ ਦਿਲਰੁਬਾ, ਸਿਤਾਰ ਤੇ ਜਲ ਤਰੰਗ ਵਜਾਉਣ ਵਿਚ ਕਮਾਲ ਪ੍ਰਾਪਤ ਕਰ ਲਿਆ। ਇਨ੍ਹਾਂ ਸਾਜ਼ਾਂ ਤੋਂ ਬਿਨਾਂ ਆਪ ਨੇ ਬੱਤੀ ਹੋਰ ਸਾਜ ਵੀ ਵਜਾਉਣੇ ਸਿਖ ਲਏ ਤੇ ਇਉਂ ਪੱਛਮੀ ਤੇ ਭਾਰਤੀ ਸਾਜ਼ਾਂ ਨੂੰ ਵਜਾਉਣ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ।"[6]

ਸੰਤ ਸਰਵਣ ਸਿੰਘ ਦੀ ਸੰਗੀਤ ਦੀ ਵਿਧੀਵਤ ਸਿਖਿਆ, ਉਨ੍ਹਾਂ ਦੀ ਸੰਗੀਤਕ ਨਿਪੁੰਨਤਾ, ਸੰਗੀਤਕ ਕਾਰਜਾਂ, ਪੁਸਤਕ ਲੇਖਨ ਅਤੇ ਵੈਦ ਹੋਣ ਸਬੰਧੀ ਪ੍ਰਮਾਣ ਸਾਨੂੰ ਬਹੁਤ ਸਾਰੇ ਗੁਣੀਜਨਾਂ ਦੀਆਂ ਲਿਖਤਾਂ ਤੋਂ ਇਸ ਪ੍ਰਕਾਰ ਮਿਲਦਾ ਹੈ।

**ਬਲਵੀਰ ਸਿੰਘ ਕੰਵਲ** ਅਨੁਸਾਰ, "ਸੰਤਾਂ ਨੇ ਇਨਾਂ ਦੀ ਰੁਚੀ ਵੇਖ ਕੇ ਫਕੀਰੀਆ ਨਾਮੀ ਇਕ ਮਿਰਾਸੀ ਨੂੰ ਇਸ ਨੂੰ ਰਾਗ ਸਿਖਾਉਣ ਲਈ ਰੱਖ ਦਿਤਾ। ਢਾਈ ਸਾਲ ਉਸ ਕੋਲੋਂ ਸਿੱਖ ਕੇ, ਇਹ ਫਿਰ ਮਾਸਟਰ ਰਣਵੀਰ ਸਿੰਘ ਕੋਲੋਂ ਸਿੱਖਣ ਲੱਗ ਪਏ। ਉਸ ਕੋਲੋਂ ਚਾਰ ਸਾਲ ਦਿਲਰੁਬਾ ਸਿਖਿਆ। ਉਸ ਪਿੱਛੋਂ ਭੀਸ਼ਮ ਗਿਰ ਬ੍ਰਹਮਚਾਰੀ ਜਿਹੜੇ ਕਦੇ ਗੰਧਰਵ ਕਾਲਜ ਲਹੌਰ ਦੇ ਪ੍ਰਿੰਸੀਪਲ ਰਹਿ ਚੁੱਕੇ ਸਨ, ਕੋਲੋਂ ਜਲਤ੍ਰੰਗ ਅਤੇ ਸਿਤਾਰ ਸਿੱਖਣ ਲੱਗ ਪਏ। 1954 ਈ. ਵਿਚ ਇਨ੍ਹਾਂ ਨੇ ਸਿਤਾਰ ਦਾ ਅਤੇ 1957 ਈ. ਵਿਚ ਕੰਠ ਵਿਦਿਆ ਦਾ ਇਮਤਿਹਾਨ ਦਿਤਾ ਅਤੇ ਫ਼ਸਟ ਡਿਵੀਜ਼ਨ ਪ੍ਰਾਪਤ ਕੀਤੀ। ਉਸ ਪਿੱਛੋਂ ਇਹ ਦੋ ਕੁ ਸਾਲ ਪੰਡਿਤ ਰਵੀ ਸ਼ੰਕਰ ਹੋਰਾਂ ਕੋਲੋਂ ਵੀ ਸਿਤਾਰ ਸਿੱਖਦੇ ਰਹੇ। ਸਭ ਤੋਂ ਵੱਡੀ ਖੂਬੀ ਇਹ ਸੀ ਕਿ ਸੰਗੀਤ ਕਲਾ ਦੇ ਨਾਲ-ਨਾਲ, ਇਨ੍ਹਾਂ ਨੂੰ ਰੂਹਾਨੀਅਤ ਦੀ ਵੀ ਬਹੁਤ ਕਮਾਈ ਸੀ।"[7]

---

6 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 18.

7 ਬਲਵੀਰ ਸਿੰਘ ਕੰਵਲ: ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ, ਜਨਵਰੀ 2010, ਪੰਨਾ 280.

ਗੁਰਮਤਿ ਸੰਗੀਤਾਚਾਰੀਆ **ਡਾ. ਗੁਰਨਾਮ ਸਿੰਘ** ਅਨੁਸਾਰ, "ਸੰਤ ਸਰਵਣ ਸਿੰਘ ਜੀ ਬਤੌਰ ਸੰਗੀਤਕਾਰ, ਸਿਧਾਂਤਕਾਰ, ਬੰਦਸ਼ਕਾਰ ਦੇ ਨਾਲ ਅਧਿਆਪਕ ਵੀ ਸਨ। ਆਪ ਆਪਣੇ ਸੰਗੀਤ ਵਿਦਿਆਲੇ ਦੇ ਸਫਲ ਸੰਚਾਲਕ ਰਹੇ ਅਤੇ ਸੰਤ ਦਲੀਪ ਸਿੰਘ ਜੀ ਮੈਮੋਰੀਅਲ ਕਾਲਜ ਵਿਚ ਵੀ ਸੇਵਾ ਨਿਭਾਉਂਦੇ ਰਹੇ। ਦੇਸ਼ ਵਿਦੇਸ਼ਾਂ ਵਿਚ ਕੀਰਤਨ ਦੀ ਪਰਸਤੁਤੀ, ਪੁਸਤਕਾਂ ਦਾ ਲੇਖਨ, ਅਨੇਕ ਸਾਜ਼ਾਂ ਦਾ ਵਾਦਨ, ਵਿਦਿਆਲਯ ਦਾ ਸੰਚਾਲਨ ਆਦਿ ਆਪ ਦੀ ਸ਼ਖਸੀਅਤ ਦੇ ਅਹਿਮ ਪੱਖ ਹਨ। ਗੁਰਮਤਿ ਸੰਗੀਤ ਪ੍ਰਤੀ ਆਪ ਦੀ ਸਿਧਾਂਤਕ, ਕਿਰਿਆਤਮਕ, ਅਤੇ ਵਿਵਹਾਰਕ ਸੇਵਾ ਨੇ ਆਪ ਨੂੰ ਦੇਸ਼ ਵਿਦੇਸ਼ ਤੋਂ ਕਈ ਸਨਮਾਨਾਂ ਅਤੇ ਅਵਾਰਡਾਂ ਦੁਆਰਾ ਸੁਸਜਿਤ ਕੀਤਾ ਗਿਆ।"[8]

**ਪ੍ਰੋ. ਸੋਹਣ ਸਿੰਘ** (ਆਗਰਾ ਘਰਾਣਾ, ਗੌਰਮਿੰਟ ਕਾਲਜ ਫ਼ਾਰ ਵਿਮੈਨ, ਪਟਿਆਲਾ) ਅਨੁਸਾਰ "ਆਪ ਦੀ (ਸੰਤ ਸਰਵਣ ਸਿੰਘ ਗੰਧਰਵ) ਸੰਗੀਤ ਦੀ ਵਾਕਫ਼ੀਅਤ ਮਹਾਨ ਵਿਸ਼ਾਲ ਹੈ। ਕਈ ਨਾਮੀ ਉਸਤਾਦਾਂ ਦੇ ਇਹ ਸ਼ਾਗਿਰਦ ਰਹੇ ਅਤੇ ਉਹਨਾਂ ਤੋਂ ਇਸ ਕੋਮਲ ਕਲਾ ਦੀ ਪ੍ਰਧਾਨਤਾ ਦਾ ਗੁਣ ਲਿਆ, ਜਿਵੇ ਪੰਡਿਤ ਰਵੀ ਸ਼ੰਕਰ ਆਦਿ। ਨਾਲ ਹੀ ਆਪ ਨੇ ਇਸ ਕਲਾ ਤੇ ਦਿਨ ਰਾਤ ਇਤਨੀ ਮਿਹਨਤ ਕੀਤੀ ਕਿ ਉਹ ਕਲਾ ਪੂਰਨ ਪਦ ਤੇ ਇਹਨਾਂ ਦੇ ਵਿਤ ਅਨੁਸਾਰ ਪਹੁੰਚ ਗਈ।"[9]

**ਪ੍ਰੋ. ਜਗਜੀਤ ਕੌਰ** ਅਨੁਸਾਰ, "ਬੰਦਸ਼ ਰਚਣ, ਬੰਦਸ਼ ਗਾਉਣ, ਤੇ ਬੰਦਸ਼ ਸੁਰ-ਲਿਪੀ-ਬੱਧ ਕਰਨ ਵਿਚ ਆਪ ਦੀ ਸਮਰੱਥਾ ਵਿਸ਼ੇਸ਼ ਮੌਲਿਕਤਾ ਦੀ ਧਾਰਣੀ ਸੀ। ਆਪ ਸਿਤਾਰ, ਦਿਲਰੁਬਾ, ਸੁਰ ਬਹਾਰ, ਜਲ ਤਰੰਗ, ਆਦਿ ਵੱਖ-ਵੱਖ ਤਰ੍ਹਾਂ ਦੇ ਕਈ ਸਾਜ਼ ਵੀ ਮੁਹਾਰਤ ਨਾਲ ਵਜਾ ਲੈਂਦੇ ਸਨ। ਦਿਲਰੁਬਾ ਵਾਦਨ ਦੀ ਸਿਖਿਆ ਆਪ ਨੂੰ ਭਾਈ ਬਾਤਨ ਸਿੰਘ ਜੀ ਮੇਲੀ ਵਾਲਿਆਂ ਤੋਂ ਪ੍ਰਾਪਤ ਹੋਈ ਅਤੇ ਸਿਤਾਰ ਵਾਦਨ ਦੀ ਸਿਖਿਆ ਦਾ ਸੁਭਾਗ ਪ੍ਰਸਿੱਧ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਤੋਂ ਪ੍ਰਾਪਤ ਹੋਇਆ।"[10]

**ਡਾ. ਗੁਰਨਾਮ ਸਿੰਘ** ਅਨੁਸਾਰ, "ਦੌਧਰ ਟਕਸਾਲ ਦੇ ਵਿਦਿਆਰਥੀ ਸੰਤ ਸਰਵਣ ਸਿੰਘ ਗੰਧਰਵ, ਜਿਨ੍ਹਾਂ ਨੇ ਬਾਅਦ ਵਿਚ ਡੁਮੇਲੀ ਵਿਖੇ ਗੁਰਮਤਿ ਸੰਗੀਤ ਟਕਸਾਲ ਸਥਾਪਿਤ ਕੀਤੀ, ਵੀ ਰਹੇ। ਆਪ ਅਨੇਕਾਂ ਵੱਖ-ਵੱਖ ਸਾਜ਼ਾਂ ਦੇ ਗਿਆਤਾ ਸਨ, ਜਿਨ੍ਹਾਂ ਵਿਚ ਸਿਤਾਰ, ਪਿਆਨੋ, ਹਰਮੋਨੀਅਮ, ਵਾਇਲਨ, ਦੋ ਤਾਰਾ, ਤਬਲਾ, ਆਦਿ ਵਿਸ਼ੇਸ਼ ਸਨ। ਆਪ ਦੀ 'ਸੁਰ ਸਿਮਰਨ ਸੰਗੀਤ' ਗੁਰਮਤਿ ਸੰਗੀਤ ਜਗਤ ਨੂੰ ਵਿਸ਼ੇਸ਼ ਦੇਣ

---

8 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 184.

9 ਪ੍ਰੋ. ਸੋਹਣ ਸਿੰਘ: ਦੋ ਅੱਖਰ, ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 14.

10 ਪ੍ਰੋ. ਜਗਜੀਤ ਕੌਰ: ਗੁਰਮਤਿ ਸੰਗੀਤਾਚਾਰੀਆ ਸੰਤ ਸਰਵਣ ਸਿੰਘ ਗੰਧਰਵ, ਵਿਸਮਾਦੁ ਨਾਦ, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 96.

ਹੈ, ਜਿਸ ਦੇ ਸੱਤ ਭਾਗਾਂ ਵਿਚ ਗੁਰਮਤਿ ਸੰਗੀਤ ਦੇ ਸਿਧਾਂਤਿਕ ਤੇ ਵਿਹਾਰਿਕ ਪੱਖਾਂ ਸਬੰਧੀ ਵਿਸਤ੍ਰਿਤ ਜਾਣਕਾਰੀ ਦਿਤੀ ਗਈ ਹੈ।"[11]

**ਬਿਅੰਤ ਸਿੰਘ ਸਰਹੱਦੀ**, (ਚੀਫ਼ ਐਡੀਟਰ, ਰੋਜ਼ਾਨਾ ਅਕਾਲੀ ਟਾਈਮਜ਼, ਸਰਪ੍ਰਸਤ ਵੀਕਲੀ ਸਿਮਰਨ, ਜਲੰਧਰ) ਅਨੁਸਾਰ, "ਸੰਤ ਸਰਵਣ ਸਿੰਘ ਜੀ ਸੰਗੀਤ ਦੇ ਇਕ ਮਹਾਨ ਕਲਾਕਾਰ ਹਨ। ਕੌਮਾਂਤਰੀ ਪ੍ਰਸਿੱਧੀ ਦੇ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਜੀ ਦੀ ਸੰਗਤ ਆਪ ਨੂੰ ਪ੍ਰਾਪਤ ਹੈ। ਜਿਥੇ ਆਮ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਦੇ ਹਨ, ਉਥੇ ਡੁਮੇਲੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਡੇਰਿਆਂ ਵਿਚ ਲੋੜਵੰਦ ਬਿਹੰਗਮਾਂ ਤੇ ਨਿਆਸਰੇ ਬੱਚਿਆਂ ਨੂੰ ਕੀਰਤਨ ਸਿਖਾਉਂਦੇ ਹਨ। ਇਨ੍ਹਾਂ ਤੋਂ ਸਿਖਿਆ ਪ੍ਰਾਪਤ ਕਰਕੇ ਅਨੇਕ ਕੀਰਤਨੀਏ ਇਸ ਸਮੇਂ ਰਾਗੀ ਜਥਿਆਂ ਦੇ ਰੂਪ ਵਿਚ ਪੰਥ ਦੀ ਸੇਵਾ ਕਰ ਰਹੇ ਹਨ। ਮੈਨੂੰ ਡੁਮੇਲੀ ਦੇ ਡੇਰੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਡੇਰੇ ਵਿਚ ਇਕ ਸੰਗੀਤ ਰੂਮ ਵੱਖਰਾ ਹੀ ਬਣਿਆ ਹੋਇਆ ਹੈ, ਜਿਸ ਵਿਚ ਅਨੇਕ ਪ੍ਰਕਾਰ ਦੇ ਵੱਡੇ-ਵੱਡੇ ਸਾਇਜ਼ ਦੇ ਸਾਜ਼ ਹਨ। ਕਈ ਬਿਜਲੀ ਨਾਲ ਚੱਲਣ ਵਾਲੇ ਹਨ। ਸੰਤਾਂ ਨੇ ਆਪਣੇ ਕਮਰੇ ਵਿਚ ਜੋ ਘੰਟੀ ਲਗਾਈ ਹੈ, ਉਹ ਵੀ ਸੰਗੀਤਕ ਹੈ। ਬਟਨ ਦਬਾਉ ਤਾਂ ਉਹ ਸੰਗੀਤ ਦੀ ਟਿਊਨ ਵਿਚ ਸੰਦੇਸ਼ਾ ਦਿੰਦੀ ਹੈ ਕਿ ਬਾਹਰ ਕੋਈ ਪ੍ਰੇਮੀ ਆਇਆ ਹੈ। ਦੋਹਾਂ ਕਮਰਿਆਂ ਵਿਚ ਕਲਾਕ ਹਨ, ਜੋ ਜਰਮਨੀ ਹਨ। ਉਹ ਵੀ ਸੰਗੀਤਕ ਹਨ। ਦੋਨੋਂ ਵੱਖ-ਵੱਖ ਤਰਾਂ ਦੇ ਹਨ। ਹਰ 15 ਮਿੰਟ ਬਾਅਦ ਉਨ੍ਹਾਂ ਵਿਚ ਸੰਗੀਤ ਦੀ ਮਧੁਰ ਧੁਨ ਆਪ ਮੁਹਾਰੇ ਗੂੰਜਦੀ ਹੈ। ਇਉਂ ਬਾਬਾ ਜੀ ਦੀ ਆਤਮਾ ਸੰਗੀਤ ਨਾਲ ਓਤ-ਪਰੋਤ ਹੋਈ ਪਈ ਹੈ।"[12]

**ਜਸਮੇਰ ਸਿੰਘ ਹੋਠੀ** ਅਨੁਸਾਰ, "ਇਨ੍ਹਾਂ ਦੇ (ਸੰਤ ਹਰਬੰਸ ਸਿੰਘ) ਦੂਜੇ ਗੁਰ ਭਾਈ ਸ੍ਰੀਮਾਨ ਸੰਤ ਬਾਬਾ ਸਰਵਣ ਸਿੰਘ ਜੀ ਡਬਲ ਐਮ.ਏ ਗੰਧਰਵ ਸਾਹਿਬ ਹਰ ਸਮਾਗਮ ਵਿਚ ਪੂਰਾ ਸਹਿਯੋਗ ਦਿੰਦੇ ਅਤੇ ਮਹਾਂਪੁਰਖਾਂ ਦੇ ਤਪ ਅਸਥਾਨ ਤੇ ਜੋ ਗੁਰਮਤਿ ਸੰਗੀਤ ਵਿਦਿਆਲਾ ਸੀ ਉਸ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਪੂਰੀ-ਪੂਰੀ ਬਖ਼ਸ਼ਿਸ਼ ਕਰਦੇ। ਅੱਜ ਵੀ ਡੇਰੇ ਦੇ ਵਿਦਿਆਰਥੀ ਭਾਈ ਬੰਤਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੱਜਣ ਸਿੰਘ, ਭਾਈ ਗੁਰਮੇਲ ਸਿੰਘ ਅਮਰੀਕਾ ਵਾਲੇ ਤੇ ਭਾਈ ਮਹਿੰਦਰ ਸਿੰਘ ਜੀ ਕਨੇਡਾ ਨਿਵਾਸੀ ਅਤੇ ਹੋਰ ਵੀ ਵਿਦਿਆਰਥੀ ਪੰਥ ਵਿਚ ਡੁਮੇਲੀ ਅਸਥਾਨ ਦੇ ਨਾਮ ਨੂੰ ਰੋਸ਼ਨ ਕਰ ਰਹੇ ਹਨ।"[13]

---

11 ਗੁਰਨਾਮ ਸਿੰਘ (ਡਾ.): ਰੋਜ਼ਾਨਾ ਅਜੀਤ'ਜਲੰਧਰ, ਧਰਮ ਤੇ ਵਿਰਸਾ ਅੰਕ, ਗੁਰਮਤਿ ਸੰਗੀਤ ਪ੍ਰੰਪਰਾ-92, ਮਿਤੀ 11 ਸਤੰਬਰ 2012, ਪੰਨਾ 8.

12 ਬਿਅੰਤ ਸਿੰਘ ਸਰਹੱਦੀ: ਦੋ ਸ਼ਬਦ, ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 13.

13 ਸੰਤ ਜਗਜੀਤ ਸਿੰਘ ਹਰਖੋਵਾਲ: ਮੁਖਬੰਦ, ਸੰਤਨ ਕੀ ਮਹਿਮਾ, 2012, ਪੰਨਾ 10.

**ਡਾ. ਜਸਬੀਰ ਕੌਰ** ਅਨੁਸਾਰ, "ਸੰਗੀਤ ਦੀ ਸਿਖਿਆ ਸੰਤ ਸਰਵਣ ਸਿੰਘ ਜੀ ਨੇ ਦੋਧਰਪੁਰ ਟਕਸਾਲ ਵਿਚ ਰਹਿ ਕੇ ਪੂਰੀ ਕੀਤੀ। ਆਪ ਕਈ ਤੰਤੀ ਸਾਜ਼ ਵਜਾਉਣ ਵਿਚ ਮਾਹਿਰ ਸਨ ਅਤੇ ਮਹਾਨ ਸੰਗੀਤਕਾਰ ਸਨ। ਇਸੇ ਲਈ ਆਪ ਨੇ ਇਸ ਟਕਸਾਲ ਨੂੰ ਚਲਾਉਣ ਲਈ ਅਤੇ ਬਣਾਉਣ ਲਈ ਵਡੇਰਾ ਯੋਗਦਾਨ ਪਾਇਆ। ਇਨ੍ਹਾਂ ਦੇ ਮਨ ਵਿਚ ਸੀ ਕਿ ਗੁਰੂ ਦੇ ਕੀਰਤਨੀਏ ਰਾਗਾਂ ਵਿਚ ਕੀਰਤਨ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਜਿਆ ਸੰਗੀਤ ਪ੍ਰਬੰਧ ਨੂੰ ਸਮਝ ਕੇ ਕੀਰਤਨ ਦਾ ਪ੍ਰਚਾਰ ਹੋਵੇ। ਗੁਰਮਤਿ ਸੰਗੀਤ ਦੇ 31 ਰਾਗਾਂ ਅਤੇ ਪ੍ਰਕਾਰ ਪੁਰਾਤਨ ਬੰਦਿਸ਼ਾਂ ਅਤੇ ਸ਼ਾਸਤਰੀ ਸੰਗੀਤ ਦੇ ਆਪ ਗਿਆਤਾ ਸਨ। ਟਕਸਾਲ ਵਿਚ ਰਹਿ ਕੇ ਸੰਤਾਂ ਨੇ ਵਿਦਿਆਰਥੀਆਂ ਨੂੰ 31 ਰਾਗਾਂ ਦੀਆਂ ਪੁਰਾਤਨ ਬੰਦਿਸ਼ਾਂ ਦੇ ਅਧਾਰ ਤੇ ਕੀਰਤਨ ਦੀ ਵਿਦਿਆ ਸਿਖਾਈ ਅਤੇ ਇਸ ਨੂੰ ਲਿਖਤੀ ਰੂਪ ਵਿਚ ਕਲਮਬੱਧ ਕੀਤਾ। ਗੰਧਰਵ ਜੀ ਵਲੋਂ ਸੁਰ ਸਿਮਰਨ ਸੰਗੀਤ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾ ਕੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵੱਡਾ ਯੋਗਦਾਨ ਪਾਇਆ।"[14]

**ਅਮਰ ਸਿੰਘ ਦੁਸਾਂਝ** (ਮੈਨੇਜਿੰਗ ਡਾਇਰੈਕਟਰ, ਰੋਜ਼ਾਨਾ ਅਕਾਲੀ ਪੱਤ੍ਰਿਕਾ, ਜਲੰਧਰ) ਅਨੁਸਾਰ, "ਸੰਤ ਸਰਵਣ ਸਿੰਘ ਜੀ ਪੰਜਾਬ ਦੇ ਪ੍ਰਸਿੱਧ ਸੰਗੀਤ ਆਚਾਰੀਆ ਹਨ। ਇਹਨਾਂ ਨੇ ਤਤਵੇਤਾ ਸੰਤ ਦਲੀਪ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਬੈਠ ਕੇ ਹਿਕਮਤ ਅਤੇ ਸੰਗੀਤ ਦੋਹਾਂ ਵਿਚ ਨਿਪੁੰਨਤਾ ਪ੍ਰਾਪਤ ਕੀਤੀ। ਆਪ ਤੋਂ ਅਨੇਕਾਂ ਸਿਖਿਆਰਥੀ ਸਿਖਿਆ ਪ੍ਰਾਪਤ ਕਰ ਕੇ ਦੇਸ਼ ਦੇ ਕੋਨੇ-ਕੋਨੇ ਵਿਚ ਕੀਰਤਨ ਦੀ ਸੇਵਾ ਕਰ ਰਹੇ ਹਨ। ਹਾਰਮੋਨੀਅਮ ਨਾਲ ਕੀਰਤਨ ਕਰਨ ਵਾਲੀਆਂ ਫ਼ੌਜਾਂ ਅਨੇਕ ਹਨ, ਪਰੰਤੂ ਤੰਤੀ ਸਾਜ਼ਾਂ ਨਾਲ ਕੀਰਤਨ ਕਰਨਾ ਆਲੌਕਿਕ ਹੈ ਅਤੇ ਗੁਰਮਤਿ ਦੀ ਪਾਵਨ ਮਰਿਆਦਾ ਦੇ ਅਨੁਕੂਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸੰਸਾਰ ਦਾ ਅਜਿਹਾ ਸਾਂਝਾ ਗ੍ਰੰਥ ਹੈ, ਜਿਸ ਦੀ ਬਾਣੀ ਕਵਿਤਾ ਵਿਚ ਹੈ ਅਤੇ ਕਵਿਤਾ ਸੰਗੀਤ ਵਿਚ ਹੈ। ਇਸ ਈਸ਼ਵਰੀ ਬਾਣੀ ਨੂੰ ਘਰ-ਘਰ ਅੰਦਰ ਧਰਮਸਾਲ ਬਣਾ ਕੇ ਗਾਇਨ ਕਰਨਾ ਮਨੁੱਖ ਦਾ ਪਰਮ ਧਰਮ ਹੋਣਾ ਚਾਹੀਦਾ ਹੈ। ਇਹਨਾਂ ਨੇ ਸੁਰ ਸਿਮਰਨ ਸੰਗੀਤ ਨਾਮ ਦੀ ਪੁਸਤਕ ਦੀ ਰਚਨਾ ਕਰ ਕੇ ਰਾਗੀ ਜਥਿਆਂ ਨੂੰ ਇਕ ਨਵੀਂ ਸੇਧ ਦਿਤੀ ਹੈ। ਇਹ ਪੁਸਤਕ ਸੱਤ ਭਾਗਾਂ ਵਿਚ ਕੀਤੀ ਗਈ ਹੈ।"[15]

**ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ** ਅਨੁਸਾਰ, "ਇਸ (ਡੁਮੇਲੀ ਟਕਸਾਲ) ਦੀ ਸਥਾਪਨਾ ਸੰਤ ਸਰਵਣ ਸਿੰਘ ਗੰਧਰਵ ਦੁਆਰਾ ਹੋਈ ਸੀ। ਆਪ ਨੇ ਦੋਧਰਪੁਰ ਟਕਸਾਲ ਤੋਂ ਸਿਖਿਆ ਪ੍ਰਾਪਤ ਕੀਤੀ। ਇਹ ਸਥਾਨ ਫਗਵਾੜਾ ਦੇ ਨੇੜੇ ਪਿੰਡ ਡੁਮੇਲੀ ਵਿਖੇ ਹੈ। ਆਪ ਨਾਂ ਕੇਵਲ ਗਾਇਨ ਸਗੋਂ ਕਈ ਸਾਜ਼ਾਂ ਨੂੰ ਵਜਾਉਣ ਵਿਚ ਵੀ ਮਾਹਿਰ ਸਨ। ਲੇਖਕ (ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ) ਨੇ ਇਨ੍ਹਾਂ ਦਾ ਸਿਤਾਰ ਵਾਦਨ ਬਹੁਤ ਸਾਲ ਪਹਿਲਾਂ

---

14 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 134.

15 ਅਮਰ ਸਿੰਘ ਦੁਸਾਂਝ: ਭੂਮਿਕਾ, ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 15.

ਬਾਬਾ ਹਰਿਵੱਲਭ ਸੰਗੀਤ ਸੰਮੇਲਨ ਵਿਚ ਸੁਣਿਆ ਸੀ। ਆਪ ਦੁਆਰਾ ਲਿਖੀਆਂ ਪੁਸਤਕਾਂ ਵਿਚੋਂ ਸੁਰ ਸਿਮਰਨ ਸੰਗੀਤ ਭਾਗ ਪਹਿਲਾ ਅਤੇ ਦੂਜਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਇਕ ਵਿਸ਼ੇਸ਼ ਯੋਗਦਾਨ ਹੈ। ਅੱਜ ਵੀ ਇਸ ਸਥਾਨ ਤੇ ਗੁਰਬਾਣੀ ਕੀਰਤਨ ਦੀ ਸਿਖਿਆ ਦਿਤੀ ਜਾ ਰਹੀ ਹੈ।"[16] **ਜਗਜੀਤ ਸਿੰਘ ਕੋਹਾੜਕਾ** ਅਨੁਸਾਰ, "ਆਪ ਨੇ ਅਰੰਭਿਕ ਸੰਗੀਤ ਸਿਖਿਆ ਭਾਈ ਫਕੀਰੀਆ ਜੀ ਪਾਸੋ ਲਈ ਜੋ ਕਿ ਰਬਾਬੀ ਕੀਰਤਨੀਏ ਸਨ। ਆਪ ਨੇ ਬਹੁਤ ਸਾਰੇ ਕੀਰਤਨੀਏ ਸਿੰਘ ਪੈਦਾ ਕੀਤੇ। ਆਪ ਨੇ 'ਸੁਰ ਸਿਮਰਨ ਸੰਗੀਤ' ਨਾਮ ਹੇਠ ਕਈ ਕਿਤਾਬਾਂ ਵੀ ਲਿਖੀਆਂ ਜੋ ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀ ਭਰਪੂਰ ਜਾਣਕਾਰੀ ਦਿੰਦੀਆਂ ਹਨ। ਆਪ ਨੇ ਦੇਸ਼ੋਂ ਬਾਹਰ ਵੀ ਕਈ ਥਾਵਾਂ ਤੇ ਕੀਰਤਨ ਪ੍ਰੋਗਰਾਮ ਕੀਤੇ ਸਨ। ਸਿਖ ਜਗਤ ਵਿਚ ਆਪ ਨੂੰ ਸੰਗੀਤ ਗੰਧਰਵ ਕਰਕੇ ਜਾਣਿਆ ਜਾਂਦਾ ਹੈ। ਆਪ ਬਹੁਤ ਸਾਰੇ ਤੰਤੀ ਸਾਜ਼ ਅਤੇ ਤਾਲ ਸਾਜ਼ ਵਜਾ ਲੈਂਦੇ ਸਨ।"[17]

**ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ, 'ਸੰਤ ਜੀ ਹਰ ਪ੍ਰਕਾਰ ਦਾ ਤੰਤੀ ਸਾਜ਼ ਵਜਾ ਲੈਂਦੇ ਸਨ। ਉਨ੍ਹਾਂ ਨੂੰ ਅਨੇਕਾਂ ਤਾਲਾਂ ਵਿਚ ਗਾਉਣ ਦੀ ਮੁਹਾਰਤ ਹਾਸਿਲ ਸੀ। ਉਨ੍ਹਾਂ ਅਨੁਸਾਰ ਉਹ ਹਰਮੋਨੀਅਮ, ਵਾਇਲਨ, ਅਕਾਰਡੀਅਨ, ਪਿਆਨੋ, ਜਲ ਤਰੰਗ, ਸਿਤਾਰ, ਤਾਨਪੁਰਾ, ਤਬਲਾ ਆਦਿ ਸਾਜ਼ ਤਾਂ ਆਮ ਹੀ ਵਜਾਉਂਦੇ ਰਹਿੰਦੇ ਸਨ। ਉਨ੍ਹਾਂ ਦੇ ਗਾਉਣ ਦਾ ਢੰਗ ਕਲਾਸੀਕਲ ਹੁੰਦਾ ਸੀ। ਇਸ ਪ੍ਰਕਾਰ ਉਹ 32 ਪ੍ਰਕਾਰ ਦੇ ਸਾਜ਼ ਵਜਾ ਲੈਂਦੇ ਸਨ।'[18]

**ਭਾਈ ਸੱਜਣ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ, 'ਸੰਤ ਸਰਵਣ ਸਿੰਘ ਗੰਧਰਵ 32 ਪ੍ਰਕਾਰ ਦੇ ਸਾਜ਼ਾਂ ਨੂੰ ਬੜੀ ਹੀ ਮੁਹਾਰਤ ਨਾਲ ਵਜਾਉਂਦੇ ਸਨ। ਉਹ 12 ਪਿਆਲੀਆਂ ਵਾਲਾ ਜਲ ਤਰੰਗ ਇਨ੍ਹੀ ਤੇਜੀ ਅਤੇ ਸੁਰੀਲਾ ਵਜਾਉਂਦੇ ਸਨ ਕਿ ਸਭ ਸੰਗਤਾਂ ਹੈਰਾਨ ਰਹਿ ਜਾਂਦੀਆਂ ਸਨ। ਉਹ ਦਿਨ ਵਿਚ ਕਰੀਬ ਚਾਰ ਘੰਟੇ ਸਿਤਾਰ ਵੀ ਵਜਾਉਂਦੇ ਸਨ।'[19] **ਡਾ. ਬਖ਼ਸ਼ੀਸ਼ ਸਿੰਘ ਨਿਜਰ** ਅਨੁਸਾਰ,

---

16 ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ: ਗੁਰਮਤਿ ਸੰਗੀਤ ਸਹਾਇਕ ਸੰਸਥਾਵਾਂ, ਟਕਸਾਲਾਂ, ਦਾ ਯੋਗਦਾਨ, ਸਮਾਜਿਕ ਵਿਗਿਆਨ ਪੱਤਰ, (ਅੰਕ 51), ਦਸੰਬਰ 2003, ਪੰਨਾ 108.

17 ਜਗਜੀਤ ਸਿੰਘ ਕੋਹਾੜਕਾ: ਗੁਰਮਤਿ ਸੰਗੀਤ ਦੇ ਰਬਾਬੀ, ਢਾਡੀ ਅਤੇ ਸਿੱਖ ਕੀਰਤਨਕਾਰ, ਸਮਾਜਿਕ ਵਿਗਿਆਨ ਪੱਤਰ, (ਅੰਕ 51), ਦਸੰਬਰ 2003, ਪੰਨਾ 137.

18 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਤੇ ਅਧਾਰਿਤ, ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

19 ਭਾਈ ਸੱਜਣ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਤੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 1.12.2013,

"ਸੁਰਗਵਾਸੀ ਸੰਤ ਸਰਵਣ ਸਿੰਘ ਗੰਧਰਵ ਇਲਮੇ ਮੌਸੀਕੀ (ਮਿਊਜ਼ਿਕ) ਦੇ ਡਬਲ ਐਮ.ਏ. ਸਨ। ਉਨ੍ਹਾਂ ਦਾ ਕੀਰਤਨ ਪੰਜਾਬ, ਭਾਰਤ, ਅਮਰੀਕਾ, ਕਨੇਡਾ, ਤੇ ਯੂ.ਕੇ ਵਿਚ ਬਹੁਤ ਸ਼ਰਧਾ ਨਾਲ ਸੁਣਿਆ ਜਾਂਦਾ ਸੀ।"[20]

**ਡਾ. ਗੁਰਨਾਮ ਸਿੰਘ** ਅਨੁਸਾਰ, "ਸੰਤ ਸਰਵਣ ਸਿੰਘ ਗੰਧਰਵ ਵੱਲੋਂ ਸੰਗੀਤ ਵਿਦਿਆ ਵਿਚ ਮੁਹਾਰਤ ਹਾਸਲ ਕਰਨ ਉਪਰੰਤ ਜਲੰਧਰ ਰੇਡੀਉ ਸਟੇਸ਼ਨ ਤੇ ਨੌਕਰੀ ਕੀਤੀ ਗਈ। ਬਾਅਦ ਵਿਚ ਬਾਬਾ ਦਲੀਪ ਸਿੰਘ ਦੇ ਕਹਿਣ ਤੇ ਆਪ ਡੁਮੇਲੀ ਡੇਰੇ ਵਿਚ ਅਪੰਗ, ਯਤੀਮ ਅਤੇ ਨੇਤਰਹੀਨ ਆਦਿ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਸਿਖਿਆ ਦੇਣ ਲੱਗ ਪਏ। ਆਪ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਅਤੇ ਗੁਰਮਤਿ ਦੀ ਵਿਧੀਪੂਰਵਕ ਤਾਲੀਮ ਦਿੰਦੇ ਸਨ। ਆਪ ਕੋਲੋਂ ਸਿਖਿਆ ਪ੍ਰਾਪਤ ਵਿਦਿਆਰਥੀ ਦੇਸ਼-ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦੀ ਸੇਵਾ ਕਰ ਰਹੇ ਹਨ, ਜਿਨ੍ਹਾਂ ਵਿਚ ਭਾਈ ਸੁਰਜਨ ਸਿੰਘ ਤੇ ਭਾਈ ਸੱਜਣ ਸਿੰਘ ਅਮਰੀਕਾ, ਭਾਈ ਦਇਆ ਸਿੰਘ ਕਨੇਡਾ, ਮਾਸਟਰ ਬਲਵੀਰ ਸਿੰਘ, ਭਾਈ ਬੰਤਾ ਸਿੰਘ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ) ਆਦਿ ਦੇ ਨਾਂ ਪ੍ਰਮੁੱਖ ਹਨ।"[21]

**ਗੁਰਦਿਆਲ ਸਿੰਘ ਫੁਲ** ਅਨੁਸਾਰ, "ਸੰਤ ਸਰਵਣ ਸਿੰਘ ਜੀ ਗੰਧਰਵ, ਸੰਤ ਬਾਬਾ ਦਲੀਪ ਸਿੰਘ ਜੀ ਤੇ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਆਤਮਿਕ ਸ਼ਕਤੀ ਤੇ ਰੂਹਾਨੀਅਤ ਦੇ ਪ੍ਰਭਾਵ ਵਿਚ ਪਲੇ ਤੇ ਉਸਰੇ ਹੋਏ ਅਸਲੀ ਸੱਚੇ ਸੁੱਚੇ ਗੁਰਬਾਣੀ ਦੇ ਕੀਰਤਨੀਏ ਹਨ। ਆਪ ਸੰਗੀਤ ਦੀ ਡਬਲ ਐਮ.ਏ. ਹਨ। ਆਪ ਬੱਤੀ ਸਾਜ਼ ਵਜਾ ਸਕਦੇ ਹਨ। ਸਿਤਾਰ ਵਜਾਉਣ ਵਿਚ ਆਪ ਨੂੰ ਖਾਸ ਕਮਾਲ ਪ੍ਰਾਪਤ ਹੈ। ਆਪ ਨੂੰ ਗੁਰਬਾਣੀ ਦੀ ਵਿਆਖਿਆ ਕਰਨ ਦੀ ਕਲਾਤਮਿਕ ਸੂਝ ਹੈ ਜਿਸ ਨਾਲ ਆਪ ਗੁਰਬਾਣੀ ਦੀ ਗੁਝੀ ਰਮਜ਼ ਨੂੰ ਸਪਸ਼ਟ ਕਰਨ ਵਿਚ ਸਫਲ ਹੋ ਜਾਂਦੇ ਹਨ। ਆਪ ਨੇ ਇੰਗਲੈਂਡ, ਅਮਰੀਕਾ, ਕਨੇਡਾ ਦੇ ਕਈ ਵੱਖ-ਵੱਖ ਸ਼ਹਿਰਾਂ ਦੀਆਂ ਸੰਗਤਾਂ, ਪੰਜਾਬੀਆਂ, ਪ੍ਰਦੇਸੀਆਂ, ਆਦਿ ਸਭ ਭਾਂਤ ਦੇ ਸਰੋਤਿਆਂ ਨੂੰ ਆਪਣੇ ਗੁਰਬਾਣੀ ਦੇ ਕੀਰਤਨ ਨਾਲ ਤੇ ਸੁਧਾਂ ਸਾਜ਼ਾਂ ਦੇ ਸ਼ੁਧ ਰਾਗਾਂ ਦੀਆਂ ਧੁਨੀਆਂ ਨਾਲ ਚੰਗੀ ਤਰਾਂ ਪ੍ਰਭਾਵਿਤ ਕਰਕੇ ਉਹਨਾਂ ਨੂੰ ਭਗਤੀ ਤੇ ਖਾਸ ਕਰਕੇ ਗੁਰਮਤ ਰਹੱਸਵਾਦ ਦੀ ਸ਼ੁਧ ਜਾਣਕਾਰੀ ਦੇਣ ਦਾ ਉਪਕਾਰ ਕੀਤਾ ਹੈ ਤੇ ਪ੍ਰਦੇਸ ਵਿਚ ਵਸਦੇ ਸਿੰਘਾਂ ਨੂੰ ਮੁੜ ਆਪਣੇ ਵਿਰਸੇ ਨਾਲ ਜੋੜਨ ਦਾ ਉਦਮ ਕੀਤਾ ਹੈ।"[22]

**ਸ. ਹਰਤਾਜ ਸਿੰਘ** (ਰਾਗੀ ਸਾਥੀ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ, 'ਸੰਤ ਸਰਵਣ ਸਿੰਘ ਗੰਧਰਵ ਪ੍ਰਸਿਧ ਕੀਰਤਨਕਾਰ ਹੋਣ ਦੇ ਨਾਲ-ਨਾਲ ਪ੍ਰਸਿਧ ਵੈਦ ਵੀ ਹੋਏ ਹਨ। ਇਹ ਅਯੁਰਵੈਦਿਕ

---

20 ਬਖ਼ਸ਼ੀਸ਼ ਸਿੰਘ ਨਿਜਰ (ਡਾ.): ਡੁਮੇਲੀ ਪਿੰਡ ਦਾ ਇਤਿਹਾਸ, ਪੰਨਾ 25.

21 ਗੁਰਨਾਮ ਸਿੰਘ (ਡਾ.): ਰੋਜ਼ਾਨਾ ਅਜੀਤ'ਜਲੰਧਰ, ਧਰਮ ਤੇ ਵਿਰਸਾ ਅੰਕ, ਗੁਰਮਤਿ ਸੰਗੀਤ ਪ੍ਰੰਪਰਾ-110, ਮਿਤੀ 15 ਜਨਵਰੀ 2013, ਪੰਨਾ 8.

22 ਗੁਰਦਿਆਲ ਸਿੰਘ ਫੁਲ: ਮੁੱਖ ਸ਼ਬਦ, ਵਦੇਸ਼ ਫੇਰੀ, ਪੰਨਾ 1.

ਸਿਖਿਆ ਵੀ ਆਪ ਨੂੰ ਸੰਤ ਬਾਬਾ ਦਲੀਪ ਸਿੰਘ ਜੀ ਕੋਲੋਂ ਮਿਲੀ। ਸੰਤ ਗੰਧਰਵ ਜੀ ਆਪਣੇ ਇਸ ਨੁਸਖੇ ਨਾਲ ਗਠੀਆ, ਅਧਰੰਗ, ਸ਼ੂਗਰ, ਦਮਾ ਆਦਿ ਦੇ ਮਰੀਜ਼ਾਂ ਨੂੰ ਠੀਕ ਕਰਦੇ ਸਨ। ਟੀ ਵੀ ਦੇ ਮਰੀਜ਼ਾਂ ਲਈ ਸੰਤ ਸਰਵਣ ਸਿੰਘ ਗੰਧਰਵ ਪੂਰਨਮਾਸ਼ੀ ਦੀ ਰਾਤ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਦਵਾਈ ਤਿਆਰ ਕਰਦੇ ਸਨ। ਇਸ ਲਈ ਪੂਰਨਮਾਸ਼ੀ ਦੀ ਰਾਤ ਨੂੰ ਡੇਰੇ ਵਿਚ ਖੀਰ ਬਣਾਈ ਜਾਂਦੀ ਸੀ। ਫਿਰ ਇਸ ਖੀਰ ਵਿਚ ਸੰਤ ਗੰਧਰਵ ਜੀ ਵਲੋਂ ਇਕ ਦਵਾਈ ਪਾਈ ਜਾਂਦੀ ਸੀ ਜਿਸ ਨੂੰ ਚੰਨ ਦੀ ਰੋਸ਼ਨੀ ਵਿਚ ਮਿਕਸ ਕੀਤਾ ਜਾਂਦਾ ਸੀ। ਫਿਰ ਤੜਕੇ 4 ਵਜੇ ਤੋਂ ਹੀ ਟੀਵੀ ਦੇ ਮਰੀਜ਼ਾਂ ਨੂੰ ਇਹ ਦਵਾਈ ਖਵਾਈ ਜਾਂਦੀ ਸੀ। ਜਿਸ ਨਾਲ ਟੀਵੀ ਦੇ ਮਰੀਜ਼ ਠੀਕ ਹੋ ਜਾਂਦੇ ਸਨ।'[23]

**ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਦੇ ਅਨੁਸਾਰ, 'ਸੰਤ ਸਰਵਣ ਸਿੰਘ ਗੰਧਰਵ ਨੂੰ ਜਿਥੇ ਖੁਦ ਅਣਗਿਣਤ ਸ਼ਬਦ ਜਵਾਨੀ ਯਾਦ ਸਨ, ਉਥੇ ਉਹ ਆਪਣੇ ਸ਼ਗਿਰਦਾਂ ਨੂੰ ਵੀ ਕੀਰਤਨ ਕਰਨ ਲਈ ਜਵਾਨੀ ਸ਼ਬਦ ਯਾਦ ਕਰਵਾਉਂਦੇ ਸਨ। ਸੰਤ ਜੀ ਆਪਣੇ ਸ਼ਗਿਰਦਾਂ ਨੂੰ ਪੂਰੀ ਲਗਨ ਨਾਲ ਮਿਹਨਤ ਕਰਵਾਉਂਦੇ ਸਨ। ਉਨ੍ਹਾਂ ਦਾ ਜਿਹੜਾ ਵਿਦਿਆਰਥੀ ਸੰਗੀਤ ਦੀ ਕਲਾਸ ਵਿਚ ਜਾਂ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵਿਚ ਨਹੀਂ ਸੀ ਆਉਂਦਾ, ਉਸ ਦੀ ਸੰਤਾਂ ਸਾਹਮਣੇ ਪੇਸ਼ੀ ਪੈਂਦੀ ਸੀ। ਉਸ ਸਮੇਂ ਡੇਰੇ ਵਿਚ ਕੋਈ ਦੋ ਸੌ ਦੇ ਕਰੀਬ ਵਿਦਿਆਰਥੀ ਕੀਰਤਨ ਦੀ ਸਿਖਿਆ ਅਤੇ ਸਾਜ਼ ਵਜਾਉਣ ਦੀ ਸਿਖਿਆ ਲੈ ਰਹੇ ਸਨ। ਸਮੇਂ-ਸਮੇਂ ਤੇ ਵਿਦਿਆਰਥੀ ਵੱਧਦੇ-ਘੱਟਦੇ ਰਹਿੰਦੇ ਸਨ। ਸਾਰੇ ਵਿਦਿਆਰਥੀ ਡੇਰੇ ਵਿਚ ਰਹਿ ਕੇ ਹੀ ਸੰਤ ਜੀ ਕੋਲੋਂ ਕੀਰਤਨ ਸਿਖਦੇ ਸਨ। ਡੇਰੇ ਵਿਚ ਸੰਤ ਜੀ ਵਲੋਂ ਦਿਨ ਵਿਚ ਦੋ ਵਾਰੀ ਸੰਗੀਤ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਸਨ। ਪਹਿਲੀ ਕਲਾਸ ਸਵੇਰੇ 10 ਵਜੇ ਅਤੇ ਦੂਸਰੀ ਕਲਾਸ 3 ਵਜੇ ਲੱਗਦੀ ਸੀ। ਹਰ ਕਲਾਸ ਦਾ ਸਮਾਂ ਦੋ ਘੰਟੇ ਦਾ ਹੁੰਦਾ ਸੀ। ਇਸ ਤੋਂ ਇਲਾਵਾ ਵੀ ਡੇਰੇ ਦਾ ਸਾਰਾ ਮਹੌਲ ਸੰਗੀਤਮਈ ਬਣਿਆ ਰਹਿੰਦਾ ਸੀ। ਸੰਤ ਜੀ ਜਿਥੇ ਖੁਦ 32 ਪ੍ਰਕਾਰ ਦੇ ਸਾਜ਼ ਵਜਾਉਂਦੇ ਸਨ, ਉਥੇ ਉਹ ਵਿਦਿਆਰਥੀਆਂ ਨੂੰ ਵੀ ਤਬਲਾ, ਹਰਮੋਨੀਅਮ, ਸਿਤਾਰ, ਵਾਇਲਨ, ਪਿਆਨੋ, ਦਿਲਰੁਬਾ, ਤਾਨਪੁਰਾ, ਜਲ ਤਰੰਗ ਤੇ ਹੋਰ ਤੰਤੀ ਸਾਜ ਸਿਖਾਉਂਦੇ ਸਨ। ਭਾਈ ਬਲਵੀਰ ਸਿੰਘ ਨੂੰ ਸੰਤ ਸਰਵਣ ਸਿੰਘ ਗੰਧਰਵ ਨਾਲ ਕੀਰਤਨ ਕਰਨ ਅਤੇ ਤਬਲਾ ਵਾਦਨ ਕਰਨ ਦਾ ਸੁਭਾਗ ਪ੍ਰਾਪਤ ਹੈ।'[24]

---

23 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਤੇ ਅਧਾਰਿਤ, ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

24 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 15.12.2013,

**ਬਲਵੀਰ ਸਿੰਘ ਕੰਵਲ** ਅਨੁਸਾਰ, "ਸੰਤ ਸਰਵਣ ਸਿੰਘ, ਜਿਨ੍ਹਾਂ ਨੇ ਸੰਗੀਤ ਦੀ ਡਬਲ ਐਮ.ਏ ਕੀਤੀ ਹੋਈ ਸੀ, ਕੀਰਤਨ ਤੋਂ ਛੁੱਟ ਬੜਾ ਸੋਹਣਾ ਜਲਤ੍ਰੰਗ ਅਤੇ ਸਿਤਾਰ ਵੀ ਵਜਾਉਂਦੇ ਸਨ।"[25]

**ਪ੍ਰੋ. ਜਗਜੀਤ ਕੌਰ** ਅਨੁਸਾਰ, "ਸੰਤ ਸਰਵਣ ਸਿੰਘ ਜੀ ਕੇਵਲ ਬੰਦਸ਼ਕਾਰ ਜਾਂ ਸਿਧਾਂਤਕਾਰ ਹੀ ਨਹੀਂ ਸੀ ਸਗੋਂ ਆਪ ਸੰਗੀਤ ਦੇ ਸਫਲ ਪ੍ਰਸਤੁਤਕਾਰ ਵੀ ਸਨ। ਗੁਰ ਕੀਰਤਨ ਆਪ ਦੇ ਜੀਵਨ ਦਾ ਅਨਿੱਖੜਵਾ ਅੰਗ ਸੀ। ਡੁਮੇਲੀ, ਅਨੰਦਪੁਰ ਸਾਹਿਬ, ਅਤੇ ਲੁਧਿਆਣਾ ਵਿਖੇ ਆਪ ਦੇ ਵੱਖ-ਵੱਖ ਡੇਰੇ ਸਨ ਅਤੇ ਇਨ੍ਹਾਂ ਡੇਰਿਆਂ ਵਿਚ ਕੀਰਤਨ ਦੀ ਸਿਖਿਆ ਦਾ ਪ੍ਰਵਾਹ ਨਿਰੰਤਰ ਚਲਦਾ ਆ ਰਿਹਾ ਹੈ। ਆਪ ਦੀਆਂ 'ਗੋਬਿੰਦ ਪ੍ਰੀਤਿ ਲਗੀ ਅਤਿ ਪਿਆਰੀ' ਐਲ.ਪੀ. ਰਿਕਾਰਡ ਤੇ ਹੋਰ ਰਿਕਾਰਡਿੰਗਜ਼ ਕਾਫੀ ਸਤਿਕਾਰੀਆਂ ਜਾਂਦੀਆਂ ਹਨ।"[26] ਵੱਖ-ਵੱਖ ਉਸਤਾਦਾਂ ਤੋਂ ਸੰਗੀਤ ਗਾਇਨ ਅਤੇ ਸੰਗੀਤ ਵਾਦਨ ਦੀ ਸਿਖਿਆ ਲੈ ਕੇ ਬਾਲਕ ਸਰਵਣ ਉਚ ਕੋਟੀ ਦੇ ਸੰਗੀਤਕਾਰ ਬਣ ਗਏ। ਉਨ੍ਹਾਂ ਨੇ ਕਲਾਸੀਕਲ ਸੰਗੀਤ ਗਾਇਨ ਅਤੇ ਵਾਦਨ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਕਰ ਲਈ ਸੀ। ਸਰਵਣ ਸਿੰਘ ਇਕ ਅਜਿਹੇ ਕਲਾਕਾਰ ਬਣੇ ਜੋ ਡਿਗਰੀ ਧਾਰਕ ਵੀ ਸਨ ਅਤੇ ਸੰਗੀਤ ਵਿਚ ਵੀ ਪੂਰੀ ਨਿਪੁੰਨਤਾ ਰੱਖਦੇ ਸਨ। ਇਸ ਸਬੰਧ ਵਿਚ ਇਕ ਘਟਨਾ ਦਾ ਵਰਣਨ 'ਵਦੇਸ਼ ਫੇਰੀ' ਪੁਸਤਕ ਵਿਚ ਇਸ ਤਰ੍ਹਾਂ ਮਿਲਦਾ ਹੈ।

"ਉਨੀ ਸੌ ਪੰਜਾਹ ਵਿਚ ਸੰਗੀਤ ਦੀਆਂ ਡਿਗਰੀਆਂ ਦੀ ਪੁੱਛ ਪ੍ਰਤੀਤ ਬਹੁਤ ਵਧ ਗਈ। ਜਿਸ ਸਾਜਿੰਦੇ ਜਾਂ ਗਵੱਈਏ ਕੋਲ ਡਿਗਰੀ ਨਹੀਂ ਸੀ, ਉਸ ਨੂੰ ਪੂਰਨ ਗਵੱਈਆ ਤੇ ਸਾਜਿੰਦਾ ਨਹੀਂ ਸੀ ਮੰਨਿਆ ਜਾ ਰਿਹਾ। ਇਸ ਲਈ ਹਰ ਗਵੱਈਆ ਰਾਗ ਵਿਦਿਆ ਦੀ ਡਿਗਰੀ ਪ੍ਰਾਪਤ ਕਰਨ ਲਈ ਯਤਨ ਕਰਨ ਲੱਗਾ। ਯੁਵਕ ਸੰਗੀਤਕਾਰ ਸਰਵਣ ਸਿੰਘ ਨੇ ਪਾਠਕ ਸੰਗੀਤ ਕਲਾ ਕੇਂਦਰ ਨਵਾਂ ਸ਼ਹਿਰ ਤੋਂ ਡਿਗਰੀ ਪ੍ਰਾਪਤ ਕਰਨ ਦਾ ਮਨ ਬਣਾਇਆ। ਇਸੇ ਸੰਗੀਤ ਵਿਦਿਆਲੇ ਦਾ ਇੰਚਾਰਜ ਰੋਸ਼ਨ ਲਾਲ ਪਾਠਕ ਸੀ। ਆਪ 1956 ਵਿਚ ਉਥੋਂ ਡਿਗਰੀ ਲੈਣ ਗਏ। ਇੰਚਾਰਜ ਨੇ ਦੇਹਰਾਦੂਨ ਸੰਗੀਤ ਕਾਲਜ ਦੇ ਪ੍ਰਿੰਸੀਪਲ ਪੰਡਿਤ ਰਾਜਾ ਰਾਮ ਨੂੰ ਇਮਤਿਹਾਨ ਲੈਣ ਲਈ ਬੁਲਾਇਆ। ਰਾਜਾ ਜੀ ਬਹੁਤ ਉਚੇ ਕਲਾਕਾਰ ਸਨ। ਇਮਤਿਹਾਨ ਸਵੇਰੇ ਅਰੰਭ ਹੋਇਆ ਤੇ ਦੁਪਹਿਰ ਤੱਕ ਹੁੰਦਾ ਰਿਹਾ। ਯੁਵਕ ਸੰਗੀਤਕਾਰ ਸਰਵਣ ਸਿੰਘ ਨੂੰ ਪੂਰੀਆ ਧਨਾਸਰੀ ਰਾਗ ਵਜਾਉਣ ਲਈ ਕਿਹਾ ਗਿਆ। ਆਪ ਨੇ ਬੜੀ ਸਫਲਤਾ ਨਾਲ ਇਹ ਰਾਗ ਵਜਾਇਆ। ਫਿਰ ਉਨ੍ਹਾਂ ਨੇ ਕਿਹਾ ਕਿ ਜੋ ਜੀਅ ਕਰਦਾ ਹੈ ਵਜਾ ਕੇ ਸੁਣਾ। ਸੰਗੀਤਕਾਰ ਸਰਵਣ ਸਿੰਘ ਨੇ ਰਾਗ ਆਸਾ ਵਿਚ ਧਰੁਪਦ ਅਰੰਭ

---

25 ਬਲਵੀਰ ਸਿੰਘ ਕੰਵਲ: ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ, ਜਨਵਰੀ 2010, ਪੰਨਾ 280.

26 ਪ੍ਰੋ. ਜਗਜੀਤ ਕੌਰ: ਗੁਰਮਤਿ ਸੰਗੀਤਾਚਾਰੀਆ ਸੰਤ ਸਰਵਣ ਸਿੰਘ ਗੰਧਰਵ, ਵਿਸਮਾਦੁ ਨਾਦ, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 96-97.

ਕੀਤਾ। ਫਿਰ ਆਸਾ ਰਾਗ ਗਾਇਆ, ਜਿਸ ਦੇ ਬੋਲ ਸਨ 'ਪ੍ਰਥਮੇ ਨਾਦ ਸੁਰ ਸਾਦੇ ਅਰਾਧੇ ਤਬ ਗੁਣ ਜਨ ਮੋਹਿ ਗਾਵੇ ਵਜਾਵੇ'।

ਇਸ ਤੋਂ ਪਿਛੋਂ ਆਪ ਨੇ ਤਿੰਨ ਤਾਲ ਅਰੰਭ ਕੀਤਾ ਤੇ ਤਾਨ ਆਲਾਪ, ਮੁਰਕੀ, ਫੰਦਾ, ਇਰਾਦਾ ਪਲਟਾ ਆਦਿ ਸਭ ਕੁਝ ਬੜੀ ਸਫਲਤਾ ਨਾਲ ਸੁਣਾਇਆ। ਐਗਜਾਮੀਨਰ ਬੜਾ ਮਸਤ ਹੋ ਕੇ ਸਭ ਕੁਝ ਸੁਣਦਾ ਰਿਹਾ। ਐਗਜਾਮੀਨਰ ਕੁਝ ਨਾ ਬੋਲਿਆ ਤੇ ਮਸਤੀ ਵਿਚ ਝੂਮਦਾ ਰਿਹਾ। ਆਪ ਨੇ ਤਾਨਪੁਰਾ ਹੇਠਾਂ ਰੱਖ ਦਿਤਾ। ਉਹ ਫਿਰ ਵੀ ਕੁਝ ਨਾ ਬੋਲਿਆ ਤੇ ਮਸਤੀ ਵਿਚ ਝੂਮਦਾ ਰਿਹਾ। ਫਿਰ ਗਵੱਈਏ ਸਰਵਣ ਸਿੰਘ ਨੇ ਆਪ ਹੀ ਬੇਨਤੀ ਕੀਤੀ 'ਸੰਤ ਜੀ ਮੈਂ ਹੋਰ ਕੀ ਸੁਣਾਵਾਂ'।

ਉਹ ਬੜੇ ਪਿਆਰ ਨਾਲ ਕਹਿਣ ਲੱਗਾ, ਹੁਣ ਹੋਰ ਕੀ ਸੁਣਾਉਣ ਦੀ ਬਾਕੀ ਰਹਿ ਗਈ ਹੈ। ਜਿਨ੍ਹਾਂ ਕੁਝ ਤੁਸੀਂ ਸੁਣਾਇਆ ਹੈ ਸਭ ਉਤਮ ਸੁਣਾਇਆ ਹੈ। ਉਹ ਕਿਸੇ ਵਿਦਿਆਰਥੀ ਨੇ ਅਜੇ ਤੱਕ ਨਹੀਂ ਸੁਣਾਇਆ। ਫਿਰ ਆਪ ਜੀ ਨੇ ਬੇਨਤੀ ਕੀਤੀ ਕਿ ਕੋਰਸ ਵਿਚ ਤਾਂ ਬ੍ਰਹਮ ਤਾਲ, ਇੰਦਰ ਤਾਲ, ਸਿਖਰ ਤਾਲ, ਜੈ ਗੋਪਾਲ ਤਾਲ ਆਦਿ ਸੱਤ ਤਾਲ ਲਿਖੇ ਹਨ ਤੇ ਮੈਂ ਸਾਰੇ ਤਿਆਰ ਕੀਤੇ ਹੋਏ ਹਨ। ਤੁਹਾਨੂੰ ਉਚੇਚੇ ਤੌਰ ਤੇ ਮੈਥੋਂ ਇਹ ਸਭ ਕੁਝ ਸੁਣਨਾ ਚਾਹੀਦਾ ਹੈ, ਤਾਂ ਜੋ ਮੇਰੀ ਤਸੱਲੀ ਹੋ ਜਾਵੇ ਕਿ ਮੈਂ ਠੀਕ ਤਿਆਰ ਕੀਤੇ ਹਨ ਜਾਂ ਨਹੀਂ। ਮੈਂ ਧਮਾਰ ਦੀ ਦੁਗਣ, ਤਿਗੁਣ, ਚੌਗੁਣ, ਛੇਗੁਣ, ਨੌਂਗੁਣ ਅਤੇ ਬਾਰਾਂ ਗੁਣ ਵੀ ਤਿਆਰ ਕੀਤੇ ਹਨ।

ਉਨ੍ਹਾਂ ਨੇ ਕਿਹਾ 'ਹੋਰ ਸੁਣਨ ਦੀ ਲੋੜ ਤਾਂ ਨਹੀਂ ਪਰ ਜੇ ਤੂੰ ਕਹਿੰਦਾ ਏਂ ਤਾਂ ਮੈਂ ਸੁਣ ਲੈਂਦਾ ਹਾਂ, ਸ਼ੁਰੂ ਕਰ।

ਆਪ ਨੇ ਗਾਉਣਾ ਅਰੰਭ ਕੀਤਾ। ਐਗਜਾਮੀਨਰ ਕੁਰਸੀ ਤੇ ਬੈਠਾ ਸੀ। ਉਹ ਐਨਾ ਮਸਤ ਤੇ ਖੁਸ਼ ਹੋਇਆ ਕਿ ਕੁਰਸੀ ਤੋਂ ਉਠ ਕੇ ਹੇਠਾਂ ਜ਼ਮੀਨ ਤੇ ਬੈਠ ਗਿਆ ਤੇ ਵਾਹ-ਵਾਹ ਕਰ ਉਠਿਆ 'ਕਮਾਲ, ਸ਼ਾਬਾਸ਼ ਕਮਾਲ। ਮੈਂ ਇਹੋ ਜਿਹਾ ਰਾਗ ਅੱਗੇ ਕਦੇ ਵੀ ਨਹੀਂ ਸੁਣਿਆ। ਸਾਰੇ ਵਿਦਿਆਰਥੀਆਂ ਵਿਚੋਂ ਕੋਈ ਵੀ ਵਿਦਿਆਰਥੀ ਐਨੇ ਉਚੇ ਪੱਧਰ ਦਾ ਰਾਗ ਨਹੀਂ ਸੁਣਾ ਸਕਿਆ। ਬਾਕੀ ਅਸੀਂ ਤਾਂ ਐਵੇਂ ਖਾਨਾ ਪੂਰਤੀ ਹੀ ਕਰਨੀ ਹੈ। ਤੁਹਾਡੇ ਵਰਗੇ ਗਵੱਈਏ ਦਾ ਇਮਤਿਹਾਨ ਲੈਣਾ ਬਹੁਤ ਕਠਿਨ ਹੈ। ਖਾਸ ਕਰਕੇ ਤੇਰੇ ਵਰਗੇ ਸ਼ੁਧ ਗਾਉਣ ਵਾਲੇ ਗਵੱਈਏ ਦਾ ਇਮਤਿਹਾਨ ਲੈਣਾ ਤਾਂ ਬਹੁਤ ਹੀ ਔਖਾ ਹੈ। ਸਾਨੂੰ ਤਾਂ ਤੁਹਾਡੇ ਕੋਲੋਂ ਕੁਝ ਸਿਖਣਾ ਚਾਹੀਦਾ ਹੈ।

ਇਉਂ ਇਮਤਿਹਾਨ ਦੇ ਕੇ ਆਪ ਵਾਪਸ ਆ ਗਏ। ਦੇਹਰਾਦੂਨ ਤੋਂ ਪੰਡਿਤ ਰਾਜਾ ਰਾਮ ਨੇ ਆਪ ਨੂੰ ਚਿਠੀ ਹਿੰਦੀ ਵਿਚ ਲਿਖੀ ਜਿਸ ਦਾ ਸਾਰ ਅੰਸ਼ ਇਉਂ ਸੀ। 'ਮੈਂ ਬੜੇ ਵਿਦਿਆਰਥੀਆਂ ਦੇ ਇਮਤਿਹਾਨ ਲਏ ਹਨ। ਬਹੁਤ ਵੱਡੇ-ਵੱਡੇ ਗਵੱਈਆਂ ਦੇ ਰਾਗ ਸੁਣੇ ਹਨ। ਪਰ ਜੋ ਆਨੰਦ ਮੈਨੂੰ ਤੁਹਾਡਾ ਰਾਗ ਸੁਣ ਕੇ ਆਇਆ

ਹੈ, ਉਹ ਆਨੰਦ ਅਜੇ ਤੀਕ ਨਹੀਂ ਆਇਆ। ਕਿਉਂਕਿ ਤੁਹਾਡੇ ਗਲੇ ਵਿਚ ਅਨੋਖੀ ਲਚਕ ਹੈ। ਵੱਖ-ਵੱਖ ਤਾਲ-ਧੁਨੀ ਤੇ ਧੁਨੀ ਦੇ ਉਤਰਾ ਚੜ੍ਹਾ ਸਿਰਜਨ ਦੀ ਇਕ ਅਨੋਖੀ ਪ੍ਰਤਿਭਾ ਹੈ। ਰਾਗ ਦੀ ਸ਼ੁਧੀ ਆਪ ਦੀ ਕਲਾ ਦਾ ਖਾਸ ਗੁਣ ਹੈ। ਮੈਨੂੰ ਪੱਕੀ ਆਸ ਹੈ ਕਿ ਤੁਸੀਂ ਰਾਗ ਦੇ ਖੇਤਰ ਵਿਚ ਕਿਸੇ ਦਿਨ ਬਹੁਤ ਨਾਮਣਾ ਖੱਟੋਗੇ। ਮੈਂ ਆਪ ਜੀ ਨੂੰ ਸ਼ੁਭ ਕਾਮਨਾਵਾਂ ਭੇਜਦਾ ਹਾਂ।"[27]

ਪੰਡਿਤ ਰਾਜਾ ਰਾਮ ਦੀ ਚਿਠੀ ਨੇ ਸਰਵਣ ਸਿੰਘ ਨੂੰ ਹੋਰ ਉਤਸ਼ਾਹਿਤ ਕੀਤਾ ਤੇ ਆਪ ਦਿਨ ਰਾਤ ਮਿਹਨਤ ਕਰਨ ਲੱਗੇ। ਸੰਗੀਤਕ ਨਿਪੁੰਨਤਾ ਦੇ ਨਾਲ-ਨਾਲ ਸਰਵਣ ਸਿੰਘ ਗੁਰਬਾਣੀ ਵੱਲ ਵੀ ਉਤਨੇ ਹੀ ਆਕ੍ਰਸ਼ਿਤ ਸਨ। ਸੰਤ ਸਰਵਣ ਸਿੰਘ ਗੰਧਰਵ ਨੇ ਗੁਰਬਾਣੀ ਦੀ ਵਿਆਖਿਆ ਕਰਨੀ ਸੰਤ ਬਾਬਾ ਦਲੀਪ ਸਿੰਘ ਜੀ ਕੋਲੋਂ ਸਿਖ ਲਈ। ਇਉਂ ਆਪ ਗੁਰਬਾਣੀ ਦੇ ਕੀਰਤਨ ਕਰਨ ਅਤੇ ਗੁਰਬਾਣੀ ਦੀ ਵਿਆਖਿਆ ਕਰਨ ਵਿਚ ਮਾਹਿਰ ਹੋ ਗਏ। ਸੰਤ ਸਰਵਣ ਸਿੰਘ ਗੰਧਰਵ ਨੇ ਹਮੇਸ਼ਾ ਗੁਰਬਾਣੀ ਨੂੰ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਨਿਰਧਾਰਿਤ ਰਾਗਾਂ ਅਤੇ ਤੰਤੀ ਸਾਜ਼ਾਂ ਨਾਲ ਹੀ ਗਾਇਨ ਕਰਨ ਨੂੰ ਪਹਿਲ ਦਿਤੀ। ਇਹੀ ਕਾਰਣ ਹੈ ਕਿ ਸੰਤ ਸਰਵਣ ਸਿੰਘ ਦਾ ਨਾਮ ਪੰਥ ਦੇ ਮਹਾਨ ਕੀਰਤਨੀਏ ਵਜੋਂ ਲਿਆ ਜਾਂਦਾ ਸੀ।

**ਸੰਤ ਸਰਵਣ ਸਿੰਘ ਗੰਧਰਵ** ਦੇ ਆਪਣੇ ਸ਼ਬਦਾਂ ਅਨੁਸਾਰ, "ਸੋ ਮੇਰੀ ਆਪਣੀ ਵੀ ਸਾਰੀ ਉਮਰ ਇਹੋ ਪ੍ਰਣ ਰਿਹਾ ਹੈ ਕਿ ਗੁਰੂ ਸਾਹਿਬ ਜੀ ਦੇ ਹੁਕਮ ਮੁਤਾਬਿਕ ਮਰਿਯਾਦਾ ਨੂੰ ਕਾਇਮ ਰੱਖਣਾ। ਜੋ ਜਿਸ ਵੀ ਸਲੋਕ ਅਤੇ ਸ਼ਬਦ ਨੂੰ ਜਿਸ ਰਾਗ ਵਿਚ ਗੁਰੂ ਸਾਹਿਬ ਜੀ ਨੇ ਗਾਇਨ ਕੀਤਾ ਸੀ, ਉਸੇ ਹੀ ਪਰੰਪਰਾ ਅਨੁਸਾਰ ਉਸੇ ਰਾਗ ਵਿਚ ਅਲਾਪਦੇ ਰਹੇ ਹਾਂ ਅਤੇ ਅੱਗੋਂ ਵੀ ਸਤਿਗੁਰ ਦੀ ਕ੍ਰਿਪਾ ਅਨੁਸਾਰ ਇਸ ਹੀ ਮਰਿਯਾਦਾ ਨੂੰ ਨਿਭਾਵਾਂਗੇ। ਇਹ ਵੀ ਹੋ ਸਕਦਾ ਸੀ ਕਿ ਅਸੀਂ ਮਾਇਆ ਦੇ ਲਾਲਚ ਵਿਚ ਲੱਗ ਕੇ ਇਸ ਲਾਈਨ ਨੂੰ ਛੱਡ ਵੀ ਜਾਂਦੇ, ਪਰ ਸਾਡੇ ਉਤੇ ਮਹਾਂਪੁਰਖ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਜੀ ਅਤੇ ਉਨ੍ਹਾਂ ਦੇ ਗੁਰ ਭਾਈ 108 ਬ੍ਰਹਮ ਗਿਆਨੀ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਕ੍ਰਿਪਾ ਸੀ ਅਤੇ ਉਹਨਾਂ ਦੇ ਕਰੜੇ ਹੁਕਮ ਦੁਆਰਾ ਸਾਨੂੰ ਵੀ ਇਸ ਪਰੰਪਰਾ ਵਿਚ ਬੱਝ ਕੇ ਤੁਰਨ ਦਾ ਮਾਣ ਪ੍ਰਾਪਤ ਹੁੰਦਾ ਰਿਹਾ। ਸੋ ਅਸੀਂ ਸਭਨਾਂ ਨੂੰ ਸਾਂਝੇ ਤੌਰ ਤੇ ਵਿਦਿਆਰਥੀਆਂ, ਕੀਰਤਨਕਾਰਾਂ, ਸੰਗੀਤਕਾਰਾਂ, ਅਤੇ ਰਾਗੀਆਂ ਨੂੰ ਬੇਨਤੀ ਕਰਦੇ ਹਾਂ ਕਿ ਦੁਨਿਆਵੀ ਮਾਇਆ ਦੇ ਖਿਆਲ ਤੋਂ ਉਚੇਰੇ ਉਠ ਕੇ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਕਾਇਮ ਰੱਖੋ ਅਤੇ ਗੁਰੂ ਸਾਹਿਬ ਜੀ ਦੇ ਬਚਨ ਨੂੰ ਮੰਨ ਕੇ ਮਹਾਂ ਸੁਖ ਅਨੰਦ ਦੀ ਪ੍ਰਾਪਤੀ ਕਰੋ। ਜਿਵੇ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ:

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**

(ਆਸਾ ਦੀ ਵਾਰ, ਪੰਨਾ 471)"[28]

---

27 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 18-21.

28 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 78.

ਧੁਰਕੀ ਬਾਣੀ ਦਾ ਕੀਰਤਨ ਰਾਗਾਤਮਿਕ ਅਤੇ ਤੰਤੀ ਸਾਜ਼ਾਂ ਨਾਲ ਕਰਨ ਕਰਕੇ ਆਪ ਦਾ ਨਾਮ ਦੇਸ਼ ਅਤੇ ਵਿਦੇਸ਼ ਵਿਚ ਲਿਆ ਜਾਣ ਲੱਗਾ। ਸੰਗਤਾਂ ਵਿਚ ਆਪ ਦੇ ਕੀਰਤਨ ਦੀ ਮੰਗ ਵਧਣ ਲੱਗੀ। ਸਿਟੇ ਵਜੋਂ ਆਪ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਦੇ ਮਨਸ਼ੇ ਨਾਲ ਦੇਸ਼ ਦੇ ਕੋਨੇ-ਕੋਨੇ ਅਤੇ ਵਿਦੇਸ਼ਾਂ ਵਿਚ ਵੀ ਕੀਰਤਨ ਕਰਨ ਦੇ ਪ੍ਰੋਗਰਾਮ ਉਲੀਕੇ। ਜਿਸ ਕਾਰਨ ਆਪ ਗੁਰਮਤਿ ਸੰਗੀਤ ਦੇ ਮਹਾਨ ਕੀਰਤਨਕਾਰ ਵਜੋਂ ਜਾਣੇ ਜਾਣ ਲੱਗੇ।

## 3.2 ਗੁਰਬਾਣੀ ਪਰਚਾਰ

ਉਚ ਕੋਟੀ ਦੀ ਸੰਗੀਤਕ ਵਿਦਿਆ ਹਾਸਲ ਕਰਨ ਉਪਰੰਤ ਸੰਤ ਸਰਵਣ ਸਿੰਘ ਗੰਧਰਵ ਨੇ ਆਪਣਾ ਸਾਰਾ ਜੀਵਨ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਲਗਾਇਆ। ਇਸ ਉਦੇਸ਼ ਲਈ ਆਪ ਨੇ ਜਿਥੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਜਾ ਕੇ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ, ਉਥੇ ਵਿਦੇਸ਼ਾ **(ਇੰਗਲੈਂਡ, ਅਮਰੀਕਾ, ਕਨੇਡਾ, ਜਰਮਨ ਆਦਿ)** ਵਿਚ ਵੀ ਜਾ ਕੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਕਰਨ ਲਈ ਵਡਮੁਲਾ ਯੋਗਦਾਨ ਪਾਇਆ।

### 3.2.1 ਗੁਰਬਾਣੀ ਪਰਚਾਰ (ਦੇਸ਼ ਵਿਚ)

ਸੰਤ ਸਰਵਣ ਸਿੰਘ ਗੰਧਰਵ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਦੇਸ਼ ਦੇ ਕੋਨੇ-ਕੋਨੇ ਦੀ ਯਾਤਰਾ ਕੀਤੀ। ਇਸ ਮੌਕੇ ਉਨ੍ਹਾਂ ਨੇ ਦੇਸ਼ ਦੇ ਪ੍ਰਮੁਖ ਸ਼ਹਿਰਾਂ ਵਿਚ ਕੀਰਤਨ ਪਰੰਪਰਾ ਦੇ ਮਾਧਿਅਮ ਰਾਂਹੀ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ।

#### 3.2.1.1 ਅਸਾਮ ਦੀ ਯਾਤਰਾ

ਸ. ਹੁਕਮ ਸਿੰਘ ਅਤੇ ਸ. ਅਜਾਇਬ ਸਿੰਘ ਜੀ ਦੇ ਸੱਦੇ ਤੇ ਆਪ ਨੇ ਅਸਾਮ ਦੀ ਪਹਿਲੀ ਯਾਤਰਾ ਕੀਤੀ ਅਤੇ ਕੀਰਤਨ ਅਤੇ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਬਾਣੀ ਨਾਲ ਜੋੜਿਆ।

**ਸੇਵਕ ਸਿੰਘ ਉਪਲ** ਅਨੁਸਾਰ, "ਮੁਕੰਮਲ ਤਿਆਰੀ ਉਪਰੰਤ 11 ਅਕਤੂਬਰ 1962 ਸ਼ਾਮ ਨੂੰ ਆਪ ਜੀ ਸਣੇ ਜਥੇ ਜਲੰਧਰ ਪਹੁੰਚ ਗਏ। ਅੱਗੇ ਸਟੇਸ਼ਨ ਤੇ ਆਪ ਜੀ ਦੇ ਦਰਸ਼ਨ ਕਰਨ ਲਈ ਬੇਅੰਤ ਸੰਗਤਾਂ ਆ ਜੁੜੀਆਂ ਸਨ ਅਤੇ ਆਪ ਜੀ ਦਾ ਅਸਾਮ ਜਾਣ ਦਾ ਪ੍ਰੋਗਰਾਮ ਸੁਣ ਕੇ ਹੋਰ ਸੰਗਤਾਂ ਵੀ ਆ ਰਹੀਆਂ ਸਨ।.......ਇਸ ਤਰ੍ਹਾਂ ਦੋ ਦਿਨ ਦੇ ਸਫ਼ਰ ਤੋਂ ਬਾਅਦ ਗੱਡੀ ਹਾਵੜਾ ਸਟੇਸ਼ਨ ਤੇ ਜਾ ਲੱਗੀ। ਏਥੇ ਅੱਗੋਂ ਹੀ ਸੰਗਤਾਂ ਨੂੰ ਲੈ ਕੇ ਗਿਆਨੀ ਸਰਵਨ ਸਿੰਘ ਜੀ ਨਾਗਰਾ ਅਤੇ ਸ. ਜੋਗਿੰਦਰ ਸਿੰਘ ਜੀ ਸਟੇਸ਼ਨ ਤੇ ਪਹੁੰਚੇ ਹੋਏ ਸਨ, ਆਪ ਜੀ ਦੇ ਦਰਸ਼ਨ ਕਰਦਿਆਂ ਸਾਰ ਸ੍ਰਬਤ ਸੰਗਤਾਂ ਨੇ ਖੁਸ਼ੀ ਵਿਚ ਆਣ ਕੇ ਜੈਕਾਰੇ ਛੱਡੇ ਅਤੇ ਵਾਰੀ-ਵਾਰੀ ਆਪ ਨੂੰ ਸਭ ਨੇ ਨਮਸਕਾਰ ਕੀਤੀ।"[29] ਗੁਰਦੁਆਰਾ ਬੜੀ ਸੰਗਤ ਵਲੋਂ ਆਪ ਜੀ

---

29 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 27.

ਠਹਿਰਨ ਦਾ ਸਾਰਾ ਇੰਤਜਾਮ ਕੀਤਾ ਹੋਇਆ ਸੀ। ਇਥੇ ਆਪ ਹਰ ਰੋਜ ਆਸਾ ਦੀ ਵਾਰ ਦਾ ਕੀਰਤਨ ਕਰਦੇ ਤੇ ਸੰਗਤਾਂ ਨੇ ਵੀ ਆਪ ਦੀ ਆਮਦ ਦਾ ਵਿਸ਼ੇਸ਼ ਤੌਰ ਤੇ ਲਾਹਾ ਲਿਆ। ਇਥੇ 25 ਦਿਨ ਗੁਰਬਾਣੀ ਗਾਇਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨ ਉਪਰੰਤ ਆਪ ਆਸਾਮ ਦੇ ਸ਼ਹਿਰ ਤਿਨ ਸ਼ਕੀਏ ਵਿਖੇ ਆ ਗਏ।

"ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਵਾਲੇ ਦਿਨ ਆਪ ਜੀ ਨੇ ਅਨੰਦਮਈ ਕੀਰਤਨ ਕੀਤਾ, ਜਿਸ ਵਿਚ ਆਪ ਜੀ ਨੇ 'ਮਾਨਸ ਔਤਾਰ ਧਾਰ ਦਰਸ ਦਿਖਾਏ ਹੈ' ਸ਼ਬਦ ਸ਼ੁਰੂ ਕੀਤਾ ਹੋਇਆ ਸੀ। ਭੈਰਵੀ ਰਾਗਨੀ ਦੀਆਂ ਮਿੱਠੀਆਂ-ਮਿੱਠੀਆਂ ਸੁਰਾਂ ਵਿਚ ਆਪ ਇਸ ਸ਼ਬਦ ਨੂੰ ਅਲਾਪ ਰਹੇ ਸਨ। ਸੁਰਾਂ ਦੀ ਗੂੰਜਾਰ, ਤਬਲੇ ਦੀ ਮਿੱਠੀ-ਮਿੱਠੀ ਟੁਣਕਾਰ, ਸੁਰਮੰਡਲ ਦੇ ਤਾਰਾਂ ਦੀ ਝਨਕਾਰ, ਅਤੇ ਧੁਰ ਦੀ ਬਾਣੀ ਦਾ ਸ਼ਬਦ ਸਾਰੀਆਂ ਚੀਜਾਂ ਮਿਲ ਕੇ ਵਾਯੂ ਮੰਡਲ ਦੀ ਖਿਲਰੀ ਹੋਈ ਬਿਰਤੀ ਨੂੰ ਇਕੱਠ ਵਿਚ ਲਿਆ ਰਹੀ ਸੀ। ਸੰਗਤ ਪ੍ਰੇਮ ਵਿਚ ਮਸਤ ਹੋਈ ਝੂਮ ਰਹੀ ਸੀ।"[30]

ਪਹਿਲੇ ਸ਼ਬਦ ਦੀ ਸਮਾਪਤੀ ਉਪਰੰਤ ਆਪ ਜੀ ਨੇ ਦੂਸਰੇ ਸ਼ਬਦ ਦਾ ਰਸਭਿੰਨਾ ਗਾਇਨ ਅਰੰਭ ਕੀਤਾ, ਜਿਸ ਦੇ ਬੋਲ ਸਨ-

**ਕਲ ਤਾਰਨ ਗੁਰੂ ਨਾਨਕ ਆਇਆ।**

ਇਸ ਸ਼ਬਦ ਦਾ ਗਾਇਨ ਕਰਦਿਆਂ ਆਪ ਜੀ ਨੇ ਅਸਾਮ ਦੀ ਸੰਗਤ ਨੂੰ ਗੁਰੂ ਨਾਨਕ ਜੀ ਦੇ ਮਿਸ਼ਨ ਤੋਂ ਜਾਣੂੰ ਕਰਵਾਇਆ। ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਭਾਰੀ ਨਗਰ ਕੀਰਤਨ ਕੱਢਿਆ ਗਿਆ, ਜਿਸ ਵਿਚ ਆਪ ਜੀ ਨੇ ਹਿੰਦੀ ਭਾਸ਼ਾ ਵਿਚ ਲੈਕਚਰ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਥੋਂ ਆਪ ਸੰਗਤ ਦੇ ਸੱਦੇ ਤੇ **ਚਬੂਆ** ਸ਼ਹਿਰ ਆ ਗਏ। ਇਥੇ ਸ. ਅਜੀਤ ਸਿੰਘ, ਸੇਠ ਮੁਰਲੀਧਰ ਮਾਰਵਾੜੀ, ਅਤੇ ਸ. ਬਿਸ਼ਨ ਸਿੰਘ ਨੇ ਆਪ ਜੀ ਦੀ ਸੰਗਤ ਕਰਕੇ ਗੁਰਬਾਣੀ ਦਾ ਲਾਹਾ ਲਿਆ। ਇਥੋਂ ਆਪ **ਡਿਬਰੂਗੜ੍ਹ** ਆ ਗਏ ਜਿਥੇ ਆਪ ਜੀ ਨੇ ਕੀਰਤਨ ਦੁਆਰਾ ਬੇਅੰਤ ਸੰਗਤਾਂ ਨੂੰ ਨਿਹਾਲ ਕੀਤਾ। ਇਥੋਂ ਆਪ ਜੀ ਨੂੰ ਸ. ਰਾਜਿੰਦਰ ਸਿੰਘ ਅਤੇ ਸ. ਰੇਸ਼ਮ ਨੇ ਬੇਨਤੀ ਕਰਕੇ **ਜੋਰਹਾਟ** ਜਾਣ ਲਈ ਕਿਹਾ। ਜਿਥੇ ਆਪ ਨੇ ਅਨੇਕਾਂ ਗੁਰਬਾਣੀ ਪ੍ਰੇਮੀਆਂ ਦੇ ਘਰਾਂ ਵਿਚ ਜਾ ਕੇ ਰਸਭਿੰਨਾ ਕੀਰਤਨ ਕੀਤਾ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਥੋਂ ਆਪ **ਨਵਾਂ ਗਾਉਂ** ਆ ਗਏ। ਇਸ ਉਪਰੰਤ ਆਪ **ਗੋਹਾਟੀ** ਆ ਗਏ ਜਿਥੇ ਸ. ਦੇਵ ਜੀ 'ਸਾ' ਮਿਲ ਵਾਲਿਆ ਨੇ ਸ਼ਹਿਰ ਦੀ ਸੰਗਤ ਨਾਲ ਮਿਲ ਕੇ ਥਾਂ-ਥਾਂ ਤੇ ਆਪ ਜੀ ਦਾ ਕੀਰਤਨ ਕਰਵਾਇਆ। ਇਸ ਉਪਰੰਤ ਆਪ ਨੇ **ਸ਼ਿਲਾਂਗ** ਜਾ ਕੇ ਵੀ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਫਿਰ

30 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 28-29.

ਆਪ ਨੇ **ਬੰਗਾਲ** ਵੱਲ ਚਾਲੇ ਪਾ ਦਿਤੇ। ਇਥੇ ਵੀ ਆਪ ਨੇ ਅਨੇਕਾਂ ਗੁਰਸਿਖਾਂ ਜਿਵੇਂ ਕਿ ਸ. ਅਮਰ ਸਿੰਘ ਰਠੌਰ, ਹਰਭਜਨ ਸਿੰਘ, ਸ. ਅਜਾਇਬ ਸਿੰਘ ਫਲਾਕਟੇ ਵਾਲਿਆਂ ਦੇ ਘਰਾਂ ਵਿਚ ਜਾ ਕੇ ਕੀਰਤਨ ਕੀਤਾ ਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਾ ਕੀਤਾ। ਇਥੇ ਹੀ ਸ. ਸੇਵਾ ਸਿੰਘ ਜੱਸ ਦੀ ਬੇਨਤੀ ਤੇ ਆਪ ਨੇ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਗੁਰਦੁਆਰਾ ਹੈਮਿਨ ਟੋਨ ਗੰਜ ਦੀ ਨਵੀਂ ਇਮਾਰਤ ਦਾ ਆਪਣੇ ਸ਼ੁਭ ਹੱਥਾਂ ਨਾਲ ਨੀਂਹ ਪੱਥਰ ਰੱਖਿਆ ਤੇ ਆਪਣੇ ਵਲੋਂ ਚੋਖੀ ਮਾਇਆ ਵੀ ਭੇਂਟ ਕੀਤੀ। ਇਸ ਕੰਮ ਦੀ ਸੰਗਤਾਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ। ਇਸ ਉਪਰੰਤ **ਸਿਲੀਗੁੜੀ** ਆ ਗਏ ਜਿਥੇ ਸ. ਹਿੰਮਤ ਸਿੰਘ ਤੇ ਸ. ਰਣਜੀਤ ਸਿੰਘ ਹੋਟਲ ਵਾਲਿਆ ਨੇ ਵੱਖ-ਵੱਖ ਥਾਵਾਂ ਤੇ ਆਪ ਜੀ ਦਾ ਕੀਰਤਨ ਕਰਵਾਇਆ। ਇਥੇ ਆਪ ਮਿਲਟਰੀ ਦੀ ਰਜਮੈਂਟ ਵਿਚ ਵੀ ਗਏ ਜਿਥੇ ਮਿਲਟਰੀ ਦੇ ਗੁਰਮੁਖਾਂ ਨੇ ਆਪ ਜੀ ਦਾ ਕੀਰਤਨ ਸਰਵਣ ਕੀਤਾ। ਇਸ ਤਰ੍ਹਾਂ ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਕਰੀਬ ਛੇ ਮਹੀਨੇ ਦੀ **ਅਸਾਮ** ਦੀ ਇਸ ਯਾਤਰਾ ਦੌਰਾਨ ਆਪਣੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਲੰਮੀ ਯਾਤਰਾ ਦੌਰਾਨ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਕੇ ਆਪ ਵਾਪਸ ਆਪਣੇ ਡੇਰੇ ਡੁਮੇਲੀ ਵਿਖੇ ਆ ਗਏ। ਇਸ ਤੋਂ ਇਲਾਵਾ ਆਪ ਨੇ **ਮਹਾਂਰਾਸ਼ਟਰ**, **ਰਾਜਸਥਾਨ**, **ਕਸ਼ਮੀਰ**, **ਉਤਰ ਪ੍ਰਦੇਸ਼**, **ਬੰਗਾਲ**, **ਮੱਧ ਪ੍ਰਦੇਸ਼**, **ਗੋਹਾਟੀ**, **ਸਿਲੀਗੁੜੀ**, ਸਮੇਤ ਦੇਸ਼ ਦੇ ਕਈ ਪ੍ਰਾਂਤਾਂ ਵਿਚ ਜਾ ਕੇ ਗੁਰਬਾਣੀ ਗਾਇਨ ਦੁਆਰਾ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ।

### 3.2.2 ਗੁਰਬਾਣੀ ਪਰਚਾਰ (ਵਿਦੇਸ਼ ਵਿਚ)

ਰਾਗਮਈ ਅਤੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਕਰਕੇ ਦੇਸ਼-ਵਿਦੇਸ਼ ਦੀ ਸੰਗਤ ਵਿਚ ਆਪ ਜੀ ਦਾ ਸਤਿਕਾਰ ਹੋਰ ਵੀ ਵਧ ਗਿਆ। ਵਿਦੇਸ਼ ਦੀ ਸੰਗਤ ਦੇ ਸੱਦੇ ਤੇ ਆਪ **1970 ਵਿਚ ਇੰਗਲੈਂਡ** ਚਲੇ ਗਏ। ਇੰਗਲੈਂਡ ਵਿਚ ਆਪ ਜੀ ਨੇ **ਸਾਊਥਹਾਲ**, **ਲਿਸਟਰ**, **ਬਰਮਿੰਗਮ** ਆਦਿ ਸਮੇਤ ਕਈ ਹੋਰ ਸ਼ਹਿਰਾਂ ਵਿਚ ਕੀਰਤਨ ਕਰਕੇ ਉਥੋਂ ਦੀਆਂ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ। **ਅਮਰੀਕਾ** ਦੀ ਸੰਗਤ ਦੇ ਸੱਦੇ ਤੇ ਆਪ **1973 ਵਿਚ ਅਮਰੀਕਾ** ਚਲੇ ਗਏ। ਇਥੇ ਆਪ ਨੇ **ਸਟੋਕਟਨ ਦੀ ਲਾਇਬਰੇਰੀ** ਵਿਚ ਰਾਗਮਈ ਗੁਰਬਾਣੀ ਗਾਇਨ ਕਰਕੇ ਅਤੇ ਸਿਤਾਰ ਵਾਦਨ ਪੇਸ਼ ਕਰਕੇ ਸਭ ਨੂੰ ਹੈਰਾਨ ਕਰ ਦਿਤਾ। ਇਸ ਤੋਂ ਇਲਾਵਾ ਆਪ ਜੀ ਨੇਂ **ਯੂਬਾ**, **ਬਰਕਲੇ**, **ਕੈਲੇਫੋਰਨੀਆਂ**, **ਸਾਨਫਰਾਂਸਿਸਕੋ**, **ਲਾਸਏਂਜਲਸ**, ਸਮੇਤ ਕਈ ਹੋਰ ਸ਼ਹਿਰਾਂ ਵਿਚ ਰਾਗਮਈ ਕੀਰਤਨ ਕਰਕੇ ਸੰਗਤਾਂ ਦਾ ਦਿਲ ਜਿਤ ਲਿਆ। 1974 ਵਿਚ ਆਪ ਸੰਗਤਾਂ ਦੇ ਸੱਦੇ ਤੇ **ਕਨੇਡਾ** ਚਲੇ ਗਏ। ਇਥੇ ਆਪ ਨੇ **ਵੈਨਕੂਵਰ**, **ਡੰਕਨ**, **ਕੈਮਲੂਪ**, **ਟਰੰਟੋ**, **ਮੈਨਟ੍ਰੀਅਲ** ਸਮੇਤ ਹੋਰ ਅਨੇਕ ਸ਼ਹਿਰਾਂ ਵਿਚ ਧੁਰਕੀ ਬਾਣੀ ਦਾ ਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ

#### 3.2.2.1 ਇੰਗਲੈਂਡ ਦੀ ਯਾਤਰਾ

ਆਪ ਦੇ ਸੰਗੀਤ ਅਤੇ ਕੀਰਤਨ ਦੀ ਮਹਿਕ ਨੇ ਜਿਥੇ ਹਿੰਦੁਸਤਾਨੀ ਸੰਗੀਤ ਪ੍ਰੇਮੀਆਂ ਅਤੇ ਸੰਗਤਾਂ ਦੇ ਦਿਲਾਂ ਨੂੰ ਮੋਹਿਆ, ਉਥੇ ਪ੍ਰਦੇਸਾਂ ਦੀਆਂ ਸੰਗਤਾਂ ਦੇ ਮਨਾਂ ਨੂੰ ਵੀ ਟੁੰਬਿਆ। ਨਤੀਜੇ ਵਜੋਂ 1970 ਵਿਚ ਸ.

ਕਰਨੈਲ ਸਿੰਘ ਨਿਝਰ (ਲੰਡਨ), ਸ. ਅਜੀਤ ਸਿੰਘ (ਲਿਸਟਰ), ਤੇ ਸ. ਗੁਰਬਖ਼ਸ਼ ਸਿੰਘ ਰਾਏ ਨੇ ਆਪ ਜੀ ਨੂੰ **ਇੰਗਲੈਂਡ** ਜਾ ਕੇ ਇਥੋਂ ਦੀਆਂ ਸੰਗਤਾਂ ਨੂੰ ਆਪਣੇ ਰਸਭਿੰਨੇ ਕੀਰਤਨ ਦੁਆਰਾ ਨਿਹਾਲ ਕਰਨ ਦੀ ਬੇਨਤੀ ਕੀਤੀ।

**ਇੰਗਲੈਂਡ** ਪੂਜ ਕੇ ਆਪ ਦਾ ਸਭ ਤੋਂ ਪਹਿਲਾ ਪ੍ਰੋਗਰਾਮ **ਸਾਊਥਹਾਲ** ਵਿਚ ਰੱਖਿਆ ਗਿਆ ਜਿਥੇ ਵੱਡੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੋਇਆ। ਬਸੰਤ ਰਿਤੂ ਹੋਣ ਕਰਕੇ ਗਿਆਨੀ ਗੁਰਦੀਪ ਸਿੰਘ ਨੇ ਆਪ ਨੂੰ ਬਸੰਤ ਰਾਗ ਸੁਣਾਉਣ ਲਈ ਕਿਹਾ। ਪਰ ਆਪ ਨੇ ਕਿਹਾ ਕਿ ਬਸੰਤ ਰਾਗ ਸੁਣਨ ਤੋਂ ਪਹਿਲਾ ਗੁਰਬਾਣੀ ਦਾ ਕੀਰਤਨ ਸੁਣੋ। ਪਰ ਸਾਰਿਆਂ ਨੇ ਬਸੰਤ ਰਾਗ ਸੁਣਨ ਲਈ ਜੋਰਦਾਰ ਬੇਨਤੀ ਕੀਤੀ। ਇਸ ਤੇ ਆਪ ਨੇ ਬਸੰਤ ਰਾਗ ਇਨ੍ਹਾਂ ਲੀਨ ਹੋ ਗਾਇਆ ਕਿ ਸਾਰੇ ਲੋਕ ਅਸ਼-ਅਸ਼ ਕਰ ਉਠੇ। ਇਸ ਉਪਰੰਤ ਆਪ ਨੇ ਹੰਡੋਲ-ਬਸੰਤ, ਪੂਰਵੀ ਬਸੰਤ, ਭੈਰੋਂ ਬਸੰਤ, ਰਾਗਾਂ ਦਾ ਗਾਇਨ ਵੀ ਕੀਤਾ।

"ਫਿਰ ਬਹੁਤ ਪਿਆਰ ਵਿਚ ਬਾਬਾ ਨਾਮਦੇਵ ਦਾ ਇਹ ਸ਼ਬਦ ਗਾਇਆ।

**ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ॥**

**ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥**

**------------------------------------------**

**ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥**

**ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥2॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1196)**

ਫਿਰ ਗੁਰੂ ਨਾਨਕ ਦੇਵ ਜੀ ਦਾ ਬਸੰਤ ਰਾਗ ਵਿਚ ਇਸ ਸ਼ਬਦ ਦਾ ਗਾਇਨ ਕੀਤਾ।

**ਰੁਤਿ ਆਈਲੇ ਸਰਸ ਬਸੰਤ ਮਾਹਿ ॥**

**ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥**

**ਕਿਸੁ ਪੂਜ ਚੜਾਵਉ ਲਗਉ ਪਾਇ ॥1॥**

**--------------------------------------**

**ਸਿਰੁ ਨਾਨਕ ਲੋਕਾ ਪਾਵ ਹੈ ॥**

**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥"**[31]

ਕੀਰਤਨ ਦੀ ਸਮਾਪਤੀ ਉਪਰੰਤ ਸਭ ਸੰਗਤਾਂ ਆਪ ਦੁਆਰਾ ਕੀਤੇ ਕੀਰਤਨ ਦੀ ਮਹਿਮਾ ਗਾਉਣ ਲੱਗੀਆਂ। ਆਪ ਜੀ ਨੂੰ ਥਾਂ-ਥਾਂ ਤੋਂ ਸੱਦੇ ਆਉਣ ਲੱਗੇ। ਸੰਗਤਾਂ ਦੀ ਬੇਨਤੀ ਤੇ ਲੀਡਜ਼ ਦੇ ਗੁਰਦੁਆਰਾ

---

31 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 35-36.

ਸਾਹਿਬ ਵਿਖੇ ਆਪ ਜੀ ਦਾ ਕੀਰਤਨ ਕਰਵਾਇਆ ਗਿਆ, ਜਿਥੇ ਆਪ ਨੇ ਇਸ ਸ਼ਬਦ ਦਾ ਗਾਇਨ ਬਹੁਤ ਹੀ ਬੈਰਾਗਮਈ ਕੀਤਾ।

**ਚੇਤ ਰੇ ਚੇਤ ਅਚੇਤ ਮਹਾਪਸ**

**ਅੰਤ ਕੀ ਵਾਰ ਇਕਲੇ ਜਾਇ ਹੈ।**

ਸੰਤ ਜੀ ਨੇ ਇਸ ਸ਼ਬਦ ਦੀ ਨਾਲ ਨਾਲ ਵਿਆਖਿਆ ਵੀ ਬਹੁਤ ਸੁੰਦਰ ਤਰੀਕੇ ਨਾਲ ਕੀਤੀ, ਜਿਸ ਦਾ ਸੰਗਤਾਂ ਤੇ ਬਹੁਤ ਜਿਆਦਾ ਪ੍ਰਭਾਵ ਪਿਆ।

"ਇਸ ਸ਼ਬਦ ਕੀਰਤਨ ਦਾ ਅਸਰ ਉਥੇ ਬੈਠੇ ਗੋਰੇ ਤੇ ਗੋਰੀਆਂ ਉਤੇ ਬਹੁਤ ਹੋਇਆ। ਉਹ ਸਤਿ ਸ੍ਰੀ ਅਕਾਲ ਉਚਾਰਨ ਲੱਗ ਪਏ। ਬਹੁਤ ਸਾਰਿਆਂ ਨੇ ਉਥੇ ਅੰਮ੍ਰਿਤ ਛਕਿਆ। ਪਾਠ ਕਰਨ ਲਈ ਜਪੁਜੀ ਸਾਹਿਬ ਤੇ ਸੁਖਮਣੀ ਦੇ ਗੁਟਕੇ ਖਰੀਦ ਲਏ। ਭਾਵ ਇਹ ਕਿ ਆਪ ਦੇ ਕੀਰਤਨ ਨਾਲ ਬਹੁਤ ਸਾਰੇ ਸ੍ਰੀ ਸਜਣਾਂ ਨੇ ਸਿਖੀ ਮਰਿਯਾਦਾ ਵਿਚ ਰਹਿਣਾ ਅਰੰਭ ਕਰ ਦਿਤਾ।"[32]

ਇਸੇ ਤਰ੍ਹਾਂ ਸੰਗਤਾਂ ਦੀ ਬੇਨਤੀ ਤੇ ਲਿਸਟਰ ਸ਼ਹਿਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਸਬੰਧ ਵਿਚ ਆਪ ਜੀ ਨੇ ਇਸ ਸ਼ਬਦ ਦਾ ਗਾਇਨ ਕੀਤਾ।

**ਪ੍ਰਗਟ ਭਈ ਸਗਲੇ ਜੁਗ ਅੰਤਰਿ**

**ਗੁਰ ਨਾਨਕ ਕੀ ਵਡਿਆਈ ॥੪॥੧੧॥**

**-----------------------------------------------**

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥**

**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥(ਪੰਨਾ 611)**

ਇਸ ਤੋਂ ਇਲਾਵਾ ਆਪ ਜੀ ਦਾ ਕੀਰਤਨ **ਬਰਮਿੰਘਮ** ਸ਼ਹਿਰ ਵਿਚ ਵੀ ਕਰਵਾਇਆ ਗਿਆ ਜਿਥੇ ਆਪ ਨੇ ਗੋਰੇ ਲੋਕਾਂ ਦੀਆਂ ਕਈ ਸ਼ੰਕਾਵਾਂ ਦੇ ਤਸੱਲੀਬਖਸ਼ ਜਵਾਬ ਦੇ ਕੇ ਉਨ੍ਹਾਂ ਨੂੰ ਗੁਰੂ ਬਾਣੀ ਨਾਲ ਜੋੜਿਆ। ਸੰਤ ਸਰਵਣ ਸਿੰਘ ਨੇ ਗੁਰਬਾਣੀ ਦਾ ਪਰਚਾਰ ਤੇ ਪਰਸਾਰ ਕਰਨ ਹਿਤ **ਕੈਵੈਂਟਰੀ** ਦੇ ਗੁਰਦੁਆਰਾ ਸਾਹਿਬ ਵਿਚ ਵੀ ਕੀਰਤਨ ਕੀਤਾ। ਇਸ ਗੁਰਦੁਆਰਾ ਸਾਹਿਬ ਵਿਚ ਕੀਰਤਨੀ ਜਥੇ ਪ੍ਰਬੰਧਕਾਂ ਵਲੋਂ ਲਗਾਈਆਂ ਗਈਆਂ ਪਬੰਧੀਆਂ ਕਾਰਨ ਕੀਰਤਨ ਕਰਨ ਤੋ ਝਿਜਕਦੇ ਸਨ। ਸੰਗਤਾਂ ਦੀ ਬੇਨਤੀ ਤੇ ਆਪ ਨੇ ਇਸ ਗੁਰਦੁਆਰਾ ਸਾਹਿਬ ਵਿਚ ਕੀਰਤਨ ਕਰਨ ਲਈ ਹੁੰਗਾਰਾ ਭਰਿਆ। ਜਦ ਆਪ ਨੇ ਕੀਰਤਨ ਕਰਨਾ ਅਰੰਭ ਕੀਤਾ ਤਾਂ ਪ੍ਰਬੰਧਕ ਬਹੁਤ ਪ੍ਰਭਾਵਿਤ ਹੋਏ। ਉਹ ਪ੍ਰਬੰਧਕ, ਜਿਹੜੇ ਕੀਰਤਨ ਦੇ ਹੱਕ ਵਿਚ ਨਹੀਂ ਸਨ, ਉਨ੍ਹਾਂ ਨੇ ਵੀ ਕੀਰਤਨ ਦਾ ਖੂਭ ਅਨੰਦ ਮਾਣਿਆ।

---

32 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 39.

ਇਸ ਪ੍ਰਕਾਰ ਸੰਤ ਸਰਵਣ ਸਿੰਘ ਗੰਧਰਵ ਨੇ ਲੱਗਭਗ **ਗਿਆਰਾਂ ਮਹੀਨੇ ਇੰਗਲੈਂਡ** ਵਿਖੇ ਰਸਭਿੰਨੇ ਕੀਰਤਨ ਅਤੇ ਕਥਾ ਨਾਲ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਆਪ ਜੀ ਦੇ ਰਸਭਿੰਨੇ ਕੀਰਤਨ ਦੀਆਂ ਦੀਵਾਨੀਆਂ ਹੋਈਆਂ ਸੰਗਤਾਂ ਭਾਵੇਂ ਆਪ ਜੀ ਨੂੰ ਵਾਪਸ ਪੰਜਾਬ ਜਾਣ ਦੀ ਆਗਿਆ ਨਹੀਂ ਸੀ ਦੇ ਰਹੀਆਂ, ਪਰ ਕੁਝ ਡੁਮੇਲੀ ਡੇਰੇ ਦੇ ਰੁਝੇਵਿਆਂ ਅਤੇ ਐਮਬੈਸਡਰ ਪੁਰੀ ਵਲੋਂ ਬੰਗਲਾ ਦੇਸ਼ ਵਿਚ ਹੋਣ ਵਾਲੇ ਪ੍ਰੋਗਰਾਮਾਂ ਦਾ ਸੱਦਾ ਪੱਤਰ ਆਉਣ ਕਾਰਨ ਆਪ ਪੰਜਾਬ ਵਾਪਸ ਆਉਣ ਲਈ ਤਿਆਰ ਹੋ ਗਏ। **ਇੰਗਲੈਂਡ** ਦੀਆਂ ਅਣਗਿਣਤ ਸੰਗਤਾਂ, ਗੁਰਦੁਆਰਾ ਕਮੇਟੀ ਦੇ ਮੈਂਬਰ, ਦੇਸ ਪ੍ਰਦੇਸ ਦੇ ਐਡੀਟਰ, ਤੇ ਹੋਰ ਬਹੁਤ ਸਾਰੇ ਆਪ ਜੀ ਦੇ ਪ੍ਰੇਮੀ ਆਪ ਜੀ ਨੂੰ ਏਅਰਪੋਰਟ ਤੇ ਵਿਦਾ ਕਰਨ ਲਈ ਆਏ। ਇਸ ਪ੍ਰਕਾਰ ਇੰਗਲੈਂਡ ਦੀਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਸੰਦੇਸ਼ ਦੇਣ ਉਪਰੰਤ ਆਪ ਡੁਮੇਲੀ ਵਾਪਸ ਆ ਗਏ।

**3.2.2.2 ਅਮਰੀਕਾ ਦੀ ਯਾਤਰਾ**

ਇੰਗਲੈਂਡ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਨ ਉਪਰੰਤ ਆਪ ਜੀ ਦੇ ਰਸਭਿੰਨੇ ਕੀਰਤਨ ਦੇ ਟੇਪ ਅਮਰੀਕਾ ਅਤੇ ਕਨੇਡਾ ਵਿਚ ਵੀ ਪੁਜ ਗਏ। ਸ. ਸੇਵਕ ਸਿੰਘ ਉਪਲ ਅਤੇ ਸ. ਬਲਬੀਰ ਸਿੰਘ ਨੇ ਸ. ਮੋਤਾ ਸਿੰਘ ਥਿਆੜਾ, ਸ. ਦੀਦਾਰ ਸਿੰਘ ਬੈਂਸ, ਸ. ਦੌਲਤ ਸਿੰਘ ਤੇ ਹੋਰ ਗੁਰਬਾਣੀ ਪ੍ਰੇਮੀਆਂ ਨਾਲ ਮਿਲ ਕੇ ਸੰਤ ਸਰਵਣ ਸਿੰਘ ਗੰਧਰਵ ਨੂੰ ਅਮਰੀਕਾ ਬਲਾਉਣ ਦੀ ਵਿਉਂਤ ਬਣਾਈ। 20 ਦਸੰਬਰ 1973 ਨੂੰ ਸਟੋਕਟਨ ਦੇ ਗੁਰਦੁਆਰੇ ਦੇ ਪ੍ਰਧਾਨ ਸ. ਦਰਸ਼ਨ ਸਿੰਘ ਤੇ ਸ. ਅਮਰਜੀਤ ਸਿੰਘ ਨੇ ਆਪ ਨੂੰ ਸਟੋਕਟਨ ਵਿਖੇ ਆਉਣ ਲਈ ਬੁਲਾਵਾ ਭੇਜਿਆ। ਆਪ ਮਿਥੇ ਸਮੇਂ ਤੇ ਸਟੋਕਟਨ ਨਾ ਪੁਜ ਸਕੇ ਕਿਉਂਕਿ ਗਲਤੀ ਨਾਲ ਆਪ ਨੂੰ ਸਟੋਕਟਨ ਏਅਰਪੋਰਟ ਦੀ ਜਗਾ ਲਾਸ ਏਂਜਲਸ ਉਤਾਰ ਦਿਤਾ ਗਿਆ। ਬਾਅਦ ਵਿਚ ਸੰਗਤਾਂ ਦੇ ਭਾਰੀ ਇਕੱਠ ਨੇ ਬੜੇ ਹੀ ਸਤਿਕਾਰ ਸਹਿਤ ਆਪ ਨੂੰ ਸਟੋਕਟਨ ਲੈ ਆਂਦਾ।

"ਅਗਲੇ ਦਿਨ 30 ਦਸੰਬਰ 1973 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਉਤਸਵ ਸੀ। ਇਸ ਗੁਰਪੁਰਬ ਉਤੇ ਬਹੁਤ ਵੱਡਾ ਸੰਗਤਾਂ ਦਾ ਇਕੱਠ ਹੋ ਰਿਹਾ ਸੀ। ਆਪ ਨੂੰ ਇਸ ਮਹਾਨ ਉਤਸਵ ਤੇ ਕੀਰਤਨ ਕਰਨ ਲਈ ਬੇਨਤੀ ਕੀਤੀ ਗਈ। ਆਪ ਨੇ ਸੰਗਤਾਂ ਦੀ ਤੀਬਰ ਭਾਵਨਾ ਦਾ ਸਤਿਕਾਰ ਕਰਦਿਆਂ ਹੋਇਆਂ ਆਪਣੇ ਆਪ ਨੂੰ ਸ੍ਰੀ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜੋੜ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਦਾ ਕੀਰਤਨ ਅਰੰਭਿਆ।

**ਕਹਿਓ ਪ੍ਰਭੂ ਸੋ ਭਾਖ ਹਉ**

**ਕਿਸਹੂ ਨਾ ਕਾਨ ਰਾਖ ਹਉ**

ਇਸ ਸ਼ਬਦ ਨਾਲ ਬੜਾ ਅਲੋਕਿਕ ਰਸ ਉਸਰਿਆ ਜਿਸ ਨੇ ਸਾਰੀਆਂ ਸੰਗਤਾਂ ਨੂੰ ਸੁਰ ਕਰ ਲਿਆ। ਫਿਰ ਆਪ ਨੇ ਇਸ ਸ਼ਬਦ ਦਾ ਗਾਇਨ ਕੀਤਾ।

**ਜੋ ਨਿਜ ਪ੍ਰਭ ਮੋ ਸੋ ਕਹਾ**

**ਸੋ ਕਹੇ ਹਉ ਜਗ ਮਾਇ**

ਇਨ੍ਹਾਂ ਸ਼ਬਦਾਂ ਦੀਆਂ ਮਨੋਹਰ ਮਧੁਰ ਧੁਨੀਆਂ ਨੇ ਸੰਗਤਾਂ ਨੂੰ ਇਸ ਤਰ੍ਹਾਂ ਬੰਨ ਲਿਆ ਕਿ ਕੀਰਤਨ ਸਾਢੇ ਤਿੰਨ ਘੰਟੇ ਚਲਦਾ ਰਿਹਾ, ਜਦ ਕਿ ਆਪ ਨੂੰ ਕੇਵਲ ਇਕ ਘੰਟਾ ਹੀ ਸਮਾਂ ਦਿਤਾ ਸੀ। ਇਸ ਸ਼ਬਦ ਦੀ ਰਸੀਲੀ ਲੈਅ ਨੇ ਗੁਰਦੁਆਰੇ ਦੇ ਬਾਹਰ ਆਉਂਦੇ ਜਾਂਦੇ ਗੋਰੇ ਗੋਰੀਆਂ ਨੂੰ ਵੀ ਕੀਲ ਲਿਆ ਤੇ ਉਹ ਸਭ ਅੰਦਰ ਆ ਕੇ ਤੇ ਕੁਝ ਪਲ ਖਲੋ ਕੇ ਕੀਰਤਨ ਸੁਣਨ ਲਗ ਪਏ। ਸਭ ਰਾਹੀ ਸੜਕਾਂ ਤੇ ਕੀਰਤਨ ਸੁਣਨ ਲਈ ਰੁਕ ਗਏ ਤੇ ਇਉਂ ਜਾਪਣ ਲਗ ਪਿਆ ਜਿਵੇਂ ਇਸ ਕੀਰਤਨ ਨੇ ਸਾਰਾ ਵਾਤਾਵਰਣ, ਹਵਾ, ਧੁੱਪ ਸਭ ਕੀਲ ਲਿਆ ਹੋਵੇ।"[33]

ਸੰਤ ਸਰਵਣ ਸਿੰਘ ਨੇ ਤੰਤੀ ਸਾਜਾਂ ਨਾਲ ਰਾਗਮਈ ਕੀਰਤਨ ਕਰਕੇ ਵਿਦੇਸ਼ਾ ਵਿਚ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਨਾਲ ਹੀ ਉਥੇ ਉਨ੍ਹਾਂ ਨੂੰ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਵੀ ਪ੍ਰੇਰਿਤ ਕੀਤਾ।

"ਉਥੇ ਦੇ ਲੋਕ (ਅਮਰੀਕਾ) ਅੰਮ੍ਰਿਤ ਨੂੰ ਤੇ ਅੰਮ੍ਰਿਤ ਛਕਣ ਨੂੰ ਚੰਗਾ ਨਹੀਂ ਸਨ ਗਿਣਦੇ, ਪਰ ਆਪ ਦੇ ਬਚਨਾਂ, ਆਪ ਦੇ ਕੀਰਤਨ, ਆਪ ਦੇ ਪ੍ਰਭਾਵ ਨਾਲ ਬਹੁਤ ਸਾਰੇ ਲੋਕ ਅੰਮ੍ਰਿਤ ਛਕਣ ਲਈ ਪਰੇਰੇ ਗਏ ਤੇ ਉਨ੍ਹਾਂ ਨੇ ਹੱਸਦੇ ਮੱਥੇ ਅੰਮ੍ਰਿਤ ਪਾਨ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।"[34]

**ਅਮਰੀਕਾ** ਵਿਚ ਆਪ ਦਾ ਪ੍ਰੋਗਰਾਮ ਟੀ.ਵੀ. ਤੇ ਵੀ ਪ੍ਰਸਾਰਿਤ ਹੋਇਆ, ਜਿਸ ਨੂੰ ਗੋਰੇ ਲੋਕਾਂ ਨੇ ਵੀ ਵੇਖਿਆ। ਇਸ ਪ੍ਰੋਗਰਾਮ ਤੋਂ ਪ੍ਰਭਾਵਿਤ ਹੋ ਕੇ ਗੋਰਿਆਂ ਨੇ ਸਟੋਕਟਨ ਦੀ ਸ਼ਾਨਦਾਰ ਲਾਇਬ੍ਰੇਰੀ ਵਿਚ ਆਪ ਦਾ ਪ੍ਰੋਗਰਾਮ ਰੱਖਿਆ ਜਿਸ ਵਿਚ ਆਪ ਜੀ ਨੂੰ ਸਿਤਾਰ ਵਜਾਉਣ ਲਈ ਕਿਹਾ ਗਿਆ। ਸਿਤਾਰ ਸੁਣ ਕੇ ਸਰੋਤੇ ਤੇ ਪ੍ਰਬੰਧਕ ਬਹੁਤ ਖੁਸ਼ ਹੋਏ। ਫਿਰ ਆਪ ਨੂੰ ਗਾ ਕੇ ਸਣਾਉਣ ਲਈ ਕਿਹਾ ਗਿਆ ਤੇ ਆਪ ਨੇ ਇਹ ਸ਼ਬਦ ਦਾ ਗਾਇਨ ਕੀਤਾ।

**ਮੋਹਿ ਪ੍ਰਦੇਸਨਿ ਦੂਰ ਤੇ ਆਈ ॥੧॥**

ਇਸ ਪ੍ਰਕਾਰ ਜਦ ਕੁਝ ਸ਼ਬਦਾਂ ਦਾ ਗਾਇਨ ਕੀਤਾ ਤਾਂ ਸੰਗਤਾਂ ਗੁਰਬਾਣੀ ਦੇ ਰਸ ਵਿਚ ਇਕ-ਮਿਕ ਹੋ ਗਈਆਂ।

---

33 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 55-57.

34 ---ਉਹੀ---.

ਇਸ ਉਪਰੰਤ ਸ. ਦੀਦਾਰ ਸਿੰਘ ਯੂਬਾ ਸਿਟੀ ਦੀ ਸੰਗਤ ਨੂੰ ਨਾਲ ਲੈ ਕੇ ਆਪ ਜੀ ਨੂੰ **ਯੂਬਾ ਸਿਟੀ** ਲੈ ਕੇ ਜਾਣ ਲਈ ਆ ਗਏ। ਇਥੇ ਆਪ ਦੇ ਕੀਰਤਨ ਦਾ ਸਮਾਗਮ ਗੁਰਦੁਆਰਾ ਸਾਹਿਬ ਵਿਚ ਰੱਖਿਆ ਗਿਆ। ਇਥੇ ਆਪ ਨੇ ਇਕ ਹਫਤਾ ਰਹਿਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਸੰਗਤਾਂ ਦੀ ਸ਼ਰਧਾ ਤੇ ਪਿਆਰ ਕਾਰਨ ਆਪ ਨੂੰ ਇਕ ਮਹੀਨਾ ਰੁਕਣਾ ਪਿਆ। ਇਥੇ ਆਪ ਨੂੰ ਸੰਗਤ ਨੇ ਰੋਜ਼ਾਨਾ ਸਵੇਰੇ ਕੀਰਤਨ ਕਰਨ ਦੀ ਬੇਨਤੀ ਕੀਤੀ ਤੇ ਕੀਰਤਨ ਕਰਨ ਲਈ ਘਰਾਂ ਤੋਂ ਵੀ ਸੱਦੇ ਆਉਣ ਲੱਗੇ। ਏਥੇ ਹੀ ਸ਼ਹਿਰ ਵਿਚ ਸਥਿਤ ਇਕ ਕਾਲਜ ਵਿਚ ਆਪ ਨੇ ਸਿਤਾਰ ਵਾਦਨ ਦਾ ਪ੍ਰੋਗਰਾਮ ਪੇਸ਼ ਕਰਕੇ ਸਭਨਾਂ ਨੂੰ ਮੂੰਹ ਵਿਚ ਉਂਗਲਾਂ ਪਾਉਣ ਲਈ ਮਜਬੂਰ ਕਰ ਦਿਤਾ। ਆਪ ਦੇ ਕੀਰਤਨ ਦੀ ਮਹਿਮਾ ਸੁਣ ਕੇ ਸ. ਹਰਭਜਨ ਸਿੰਘ ਬੈਂਸ, ਸ. ਜਸਵੀਰਪਾਲ ਸਿੰਘ ਤੇ ਸਰਦਾਰ ਤ੍ਰਿਭਵਨ ਸਿੰਘ ਇੰਜੀਨੀਅਰ ਆਪ ਨੂੰ ਬਰਕਲੇ ਲੈ ਗਏ। ਇਥੇ ਵੀ ਆਪ ਨੇ ਸੰਗਤਾਂ ਦੇ ਘਰਾਂ ਵਿਚ ਜਾ ਕੇ ਕੀਰਤਨ ਕੀਤਾ ਤੇ ਗੁਰਬਾਣੀ ਦਾ ਪਰਚਾਰ ਤੇ ਪਰਸਾਰ ਕੀਤਾ।

ਯੂਬਾ ਸਿਟੀ ਤੋਂ ਬਾਅਦ ਆਪ ਸੰਗਤ ਦੇ ਸੱਦੇ ਤੇ ਕੈਲੇਫੋਰਨੀਆਂ ਪੁੱਜ ਗਏ ਜਿਥੇ ਆਪ ਨੇ ਗੁਰਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। "ਇਸ ਸੁੰਦਰ ਇਲਾਕੇ ਵਿਚ ਬਹੁਤ ਸੁੰਦਰ ਸਿੱਖ ਸੈਂਟਰ ਹੈ। ਇਥੇ ਦੀਆਂ ਸੰਗਤਾਂ ਆਪ ਦੇ ਕੀਰਤਨ ਦੀ ਮਹਿਮਾ ਸੁਣ ਚੁਕੀਆਂ ਸਨ। ਸੰਗਤਾਂ ਨੇ ਆਪ ਨੂੰ ਇਸ ਸੈਂਟਰ ਵਿਚ ਕੀਰਤਨ ਕਰਨ ਦੀ ਬੇਨਤੀ ਕੀਤੀ ਆਪ ਨੇ ਬੇਨਤੀ ਕਬੂਲ਼ ਕਰ ਲਈ। ਆਪ ਨੇ ਸੈਂਟਰ ਦੇ ਪ੍ਰੋਗਰਾਮ ਵਿਚ ਦੇਸੀ ਟੋਡੀ ਰਾਗ ਵਿਚ ਇਹ ਸ਼ਬਦ ਗਾਇਆ-

**ਸਤਿਗੁਰ ਆਇਓ ਸਰਣਿ ਤੁਹਾਰੀ ॥**

**ਮਿਲੈ ਸੂਖੁ ਨਾਮੁ ਹਰਿ ਸੋਭਾ**

**ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥**

--------------------------------------

**ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥**

**ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ** ॥੨॥੪॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 713)

**'ਰਖਿ ਲੇਹੁ ਇਹ ਬਾਰੀ'** ਤੁਕ ਨੇ ਸੰਗਤਾਂ ਦੇ ਮਨਾਂ ਨੂੰ ਪਿਘਲਾ ਕੇ ਸਹਿਜ ਅਨੰਦ ਪ੍ਰਦਾਨ ਕਰ ਦਿਤਾ। ਸਾਰੀਆਂ ਸੰਗਤਾਂ ਇਉਂ ਜਾਪਦੀਆਂ ਸਨ ਜਿਵੇਂ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਕੇ ਬਖਸ਼ਿਸ਼ਾਂ ਪ੍ਰਾਪਤ ਕਰ ਰਹੀਆਂ ਹੋਣ। ਉਨ੍ਹਾਂ ਦਾ ਤਨ, ਮਨ ਸੀਤਲ ਤੇ ਨਿਰਮਲ ਹੋ ਗਿਆ ਹੋਵੇ। ਅਰਦਾਸ ਹੋ ਗਈ। ਸਾਰੀਆਂ ਸੰਗਤਾਂ ਨੇ ਇਹ ਸ਼ਬਦ ਬਹੁਤ ਸਲਾਹਿਆ।"[35]

---

35 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 59.

ਇਸ ਰਸਮਈ ਕੀਰਤਨ ਦਾ ਸੰਗਤਾਂ ਤੇ ਇਨ੍ਹਾਂ ਡੂੰਘਾ ਅਸਰ ਹੋਇਆ ਕਿ ਇਥੇ ਨਵੇਂ ਬਣਨ ਵਾਲੇ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਵੀ ਆਪ ਵਰਗੀ ਮਹਾਨ ਸ਼ਖਸ਼ੀਅਤ ਤੋਂ ਰਖਵਾਉਣ ਦਾ ਫੈਸਲਾ ਕੀਤਾ। ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਥਾਂ ਨਿਸ਼ਚਿਤ ਕਰਨ ਲਈ ਕਮੇਟੀ ਵਿਚ ਦੋ ਧੜੇ ਬਣ ਗਏ। ਦੋਵੇ ਧੜੇ ਆਪਣੀ ਆਪਣੀ ਜਿਦ ਤੇ ਅੜ ਗਏ। ਸੰਤ ਗੰਧਰਵ ਜੀ ਦੇ ਕੀਰਤਨ ਅਤੇ ਸਿਖਿਆਵਾਂ ਦਾ ਸੰਗਤਾਂ ਬਹੁਤ ਸਤਿਕਾਰ ਕਰਦੀਆਂ ਸਨ। ਅਖੀਰ ਫੈਸਲਾ ਹੋਇਆ ਕਿ ਜਿਸ ਥਾਂ ਤੇ ਸੰਤ ਗੰਧਰਵ ਜੀ ਗੁਰਦੁਆਰੇ ਦੀ ਉਸਾਰੀ ਕਰਨ ਲਈ ਫੈਸਲਾ ਕਰਨ, ਉਹ ਫੈਸਲਾ ਦੋਵੇ ਧੜਿਆਂ ਨੂੰ ਮਨਜ਼ੂਰ ਹੋਵੇਗਾ। ਆਪ ਜੀ ਨੇ ਬੜੀ ਸੋਚ ਵਿਚਾਰ ਕਰਨ ਤੋਂ ਬਾਅਦ ਗੁਰਦੁਆਰੇ ਦੀ ਉਸਾਰੀ ਲਈ ਇਕਾਂਤਮਈ ਉਚੇ ਟਿਲੇ ਵਾਲੀ ਜਗਾ ਚੁਣੀ। ਆਪ ਦੇ ਇਸ ਫੈਸਲੇ ਦਾ ਦੋਵੇਂ ਧੜਿਆਂ ਨੇ ਸਵਾਗਤ ਕੀਤਾ। ਇਸ ਪ੍ਰਕਾਰ ਸੰਤ ਸਰਵਣ ਸਿੰਘ ਗੰਧਰਵ ਨੇ ਵਿਦੇਸ਼ ਵਿਚ ਵੀ ਸੰਗਤਾਂ ਦੇ ਮਤ ਭੇਦ ਮਿਟਾ ਕੇ ਉਨ੍ਹਾਂ ਨੂੰ ਗੁਰਬਾਣੀ ਦੇ ਨਾਲ ਜੋੜਿਆ।

ਇਸ ਉਪਰੰਤ ਆਪ ਦਾ ਸਮਾਗਮ **ਬਰਕਲੇ ਯੂਨੀਵਰਸਿਟੀ** ਵਿਚ ਕਰਵਾਇਆ ਗਿਆ। ਇਥੋ ਦਾ ਇਕ ਪ੍ਰੋਫੈਸਰ ਸੁਰਜੀਤ ਸਿੰਘ ਆਪ ਦੇ ਕੀਰਤਨ ਅਤੇ ਸਿਤਾਰ ਵਾਦਨ ਦੇ ਪ੍ਰੋਗਰਾਮ ਤੋ ਪ੍ਰਭਾਵਿਤ ਹੋ ਕੇ ਆਪ ਦਾ ਸ਼ਗਿਰਦ ਬਣ ਗਿਆ ਤੇ ਆਪ ਕੋਲੋਂ ਸਿਤਾਰ, ਬੰਸਰੀ ਤੇ ਦਿਲਰੁਬਾ ਦੀ ਸਿਖਿਆ ਲੈ ਕੇ ਵਜਾਉਣੇ ਅਰੰਭ ਕਰ ਦਿਤੇ। ਸੁਰਜੀਤ ਸਿੰਘ ਪੰਜਾਬੀ ਅਤੇ ਅੰਗਰੇਜੀ ਦੋਵੇਂ ਭਾਸ਼ਾਵਾਂ ਦਾ ਮਾਹਿਰ ਸੀ। ਉਹ ਸੰਤ ਜੀ ਦੇ ਕੀਰਤਨ ਸਮੇਂ ਦੋ ਭਾਸ਼ੀਏ ਦਾ ਕੰਮ ਕਰਦਾ ਸੀ। ਇਸ ਪ੍ਰਕਾਰ ਅੰਗਰੇਜ ਸੰਗਤਾਂ ਨੇ ਵੀ ਗੁਰਬਾਣੀ ਦਾ ਅੰਗਰਜੀ ਅਨੁਵਾਦ ਸੁਣਨਾ ਤੇ ਪੜਨਾ ਸ਼ੁਰੂ ਕਰ ਦਿਤਾ। ਜਿਸ ਦਾ ਅੰਗਰੇਜ ਲੋਕਾਂ ਤੇ ਡੂੰਘਾ ਅਸਰ ਹੋਇਆ।

ਇਸ ਉਪਰੰਤ ਸ. ਜਰਨੈਲ ਸਿੰਘ ਦੇ ਯਤਨਾਂ ਨਾਲ ਸਾਨਫਰਾਸਿਸਕੋ ਸ਼ਹਿਰ ਵਿਖੇ ਸੰਗਤਾਂ ਦੇ ਘਰ-ਘਰ ਜਾ ਕੇ ਕੀਰਤਨ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਹਰ ਗੁਰੂ ਦਾ ਸਿਖ ਸੰਤ ਜੀ ਨੂੰ ਆਪਣੇ ਘਰ ਬੁਲਾ ਦੇ ਗੁਰਬਾਣੀ ਦਾ ਮਨਮੋਹਕ ਕੀਰਤਨ ਕਰਵਾਉਣ ਦਾ ਇਸ਼ਕ ਸੀ। ਇੰਡੀਅਨ ਜਨਰਲ ਕੌਂਸਲ ਦੇ ਵੱਡੇ ਅਫ਼ਸਰ ਅਰੋੜਾ ਸਾਹਿਬ ਦੇ ਘਰ ਕੀਰਤਨ ਕਰਨ ਦਾ ਪ੍ਰੋਗਰਾਮ ਰੱਖਿਆ ਗਿਆ, ਜਿਥੇ ਸੰਗਤਾਂ ਦਾ ਭਾਰੀ ਇਕੱਠ ਹੋਇਆ। ਕੀਰਤਨ ਕਰਨ ਉਪਰੰਤ ਆਪ ਨੂੰ ਸਿਤਾਰ ਵਾਦਨ ਦਾ ਪ੍ਰੋਗਰਾਮ ਪੇਸ਼ ਕਰਨ ਦੀ ਬੇਨਤੀ ਕੀਤੀ ਗਈ। ਅਰੋੜਾ ਸਾਹਿਬ ਨੇ ਆਪ ਨੂੰ ਸਿਤਾਰ ਉਤੇ ਮਲ੍ਹਾਰ ਰਾਗ ਵਜਾਉਣ ਲਈ ਕਿਹਾ। ਜਦ ਆਪ ਨੇ ਸਿਤਾਰ ਤੇ ਮਲ੍ਹਾਰ ਰਾਗ ਵਜਾਇਆ ਤਾਂ ਇੰਝ ਪ੍ਰਤੀਤ ਹੋਇਆ ਜਿਵੇਂ ਸਾਫ ਅਸਮਾਨ ਤੇ ਬੱਦਲ ਛਾ ਗਏ ਹੋਣ। ਇਸ ਸਮਾਗਮ ਤੇ ਚਾਹ ਪਾਰਟੀ ਦਾ ਪ੍ਰੋਗਰਾਮ ਵੀ ਰੱਖਿਆ ਹੋਇਆ ਸੀ। ਸਮਾਗਮ ਦੇ ਮੁੱਖ ਮਹਿਮਾਨ ਮੇਅਰ ਲਾਰਡ ਸਨ। ਲਾਰਡ ਮੇਅਰ ਨੇ ਜਦ ਸੰਤ ਸਰਵਣ ਸਿੰਘ ਦੀ ਸਿਤਾਰ ਸੁਣਨੀ ਅਰੰਭ ਕੀਤੀ ਤਾਂ ਉਨ੍ਹਾਂ ਨੂੰ ਵੀ ਰਾਗ ਦੀਆਂ ਸੁਰਾਂ ਨੇ ਆਪਣੇ ਜਾਦੂ ਵਿਚ ਲਪੇਟ ਲਿਆ।

ਇਸ ਉਪਰੰਤ ਆਪ ਦਾ ਪ੍ਰੋਗਰਾਮ ਗੁਰਬਚਨ ਸਿੰਘ ਵਿਰਕ ਦੀ ਬੇਨਤੀ ਤੇ ਲੋਸਐਂਜਲਸ ਵਿਚ ਰਖਵਾਇਆ ਗਿਆ। ਇਥੇ ਵੀ ਸੰਗਤਾਂ ਦਾ ਭਾਰੀ ਇਕੱਠ ਹੋਇਆ ਜਿਨ੍ਹਾਂ ਵਿਚ ਵੱਡੇ-ਵੱਡੇ ਕਰਮਚਾਰੀ, ਵਿਦਵਾਨ, ਫਿਲਾਸਫਰ, ਲੀਡਰ ਵੀ ਆਪ ਦਾ ਕੀਰਤਨ ਸਰਵਣ ਕਰਨ ਆਏ।

"ਆਪ ਨੇ ਕੋਮਲ ਅਸਾਵਰੀ ਵਿਚ ਇਹ ਸ਼ਬਦ ਗਇਆ।

**ਚਰਨ ਕਮਲ ਸੰਗਿ ਲਾਗੀ ਡੋਰੀ ॥**

**ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥1॥ਰਹਾਉ॥**

**-----------------------------------------------------------**

**ਜਸੁ ਗਾਵਤ ਭਗਤਿ ਰਸੁ ਉਪਜਿਉ**

**ਮਾਇਆ ਕੀ ਜਾਲੀ ਤੋਰੀ ॥੧॥**"[36]

ਸ਼ਬਦ ਗਾਇਨ ਦੇ ਨਾਲ-ਨਾਲ ਆਪ ਜੀ ਨੇ ਸੁੰਦਰ ਵਿਆਖਿਆ ਕੀਤੀ ਜਿਸ ਦਾ ਅਮਰਜੀਤ ਸਿੰਘ ਮਰਵਾਹੇ ਨੇ ਅੰਗਰੇਜੀ ਵਿਚ ਵੀ ਅਨੁਵਾਦ ਕਰਕੇ ਸੰਗਤਾਂ ਨੂੰ ਸੁਣਾਇਆ। ਇਸ ਪ੍ਰਕਾਰ ਆਪ ਦੇ ਸ਼ਬਦ ਕੀਰਤਨ ਤੇ ਵਿਆਖਿਆ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸ ਤਰ੍ਹਾਂ ਸੰਤ ਸਰਵਣ ਸਿੰਘ ਗੰਧਰਵ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਦੇ ਗੁਰਦੁਆਰਿਆਂ ਤੇ ਸੰਗਤਾਂ ਦੇ ਘਰਾਂ ਵਿਚ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਨਾਲ ਸੰਗਤਾਂ ਨੂੰ ਜੋੜਦੇ ਰਹੇ। ਇਸ ਦੇ ਨਾਲ ਹੀ ਅੰਗਰੇਜ ਲੋਕਾਂ ਨੂੰ ਵੀ ਗੁਰੂ ਨਾਨਕ ਦੀ ਇਸ ਧੁਰਕੀ ਬਾਣੀ ਨਾਲ ਜੋੜਕੇ ਗੁਰਬਾਣੀ ਦਾ ਪਰਚਾਰ ਤੇ ਪਰਸਾਰ ਕੀਤਾ।

### 3.2.2.3 ਕਨੇਡਾ ਦੀ ਯਾਤਰਾ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਲਈ **ਸੰਤ ਸਰਵਣ ਸਿੰਘ ਗੰਧਰਵ 19 ਜੁਲਾਈ 1974** ਨੂੰ **ਵੈਨਕੋਵਰ (ਕਨੇਡਾ)** ਪਹੁੰਚ ਗਏ। ਇਥੇ ਪੁਜਣ ਤੇ ਦਲਜੀਤ ਸਿੰਘ ਸੰਧੂ, ਸ. ਗਿਆਨ ਸਿੰਘ ਨਿਝਰ ਡੁਮੇਲੀ, ਸ. ਤੇਜਾ ਸਿੰਘ ਡੁਮੇਲੀ ਤੇ ਸ. ਧਰਮ ਸਿੰਘ ਨੇ ਆਪ ਦਾ ਨਿਘਾ ਸਵਾਗਤ ਕੀਤਾ। ਇਥੇ ਸੰਗਤਾਂ ਨੇ ਆਪ ਨੂੰ ਬੇਨਤੀ ਕੀਤੀ ਕਿ ਸੰਤ ਜੀ ਆਪ ਜੀ ਨੂੰ ਇਥੇ ਕੀਰਤਨ ਨਹੀਂ ਕਰਨਾ ਚਾਹੀਦਾ ਕਿਉਂਕਿ ਜਿਹੜੇ ਲੋਕ ਪਹਿਲਾਂ ਇਥੇ ਆਏ ਹੋਏ ਹਨ ਉਨ੍ਹਾਂ ਦੇ ਵਰਤਾਉ ਨੇ ਪੰਜਾਬੀਆਂ, ਸਿੱਖਾਂ, ਕੀਰਤਨੀਆਂ ਤੇ ਗਾਇਕਾਂ ਪ੍ਰਤੀ ਸਖਤ ਘਿਰਣਾ ਪੈਦਾ ਕੀਤੀ ਹੋਈ ਹੈ। ਹੁਣ ਇਥੇ ਦੇ ਲੋਕ ਕਿਸੇ ਪੰਜਾਬੀ ਦਾ ਕੀਰਤਨ ਸੁਣਨਾ ਪਸੰਦ ਨਹੀਂ ਕਰਦੇ।

---

36 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 73.

ਆਪ ਨੇ ਕਿਹਾ ਕਿ ਅਸੀਂ ਤਾਂ ਗੁਰੂ ਘਰ ਦਾ ਸੁਨੇਹਾ ਹਰ ਥਾਂ ਪਹੁੰਚਾਉਣਾ ਹੈ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਹਰ ਆਦਮੀ ਦੇ ਅੰਦਰ ਰੱਬੀ ਨੂਰ ਹੈ ਤੇ ਗੁਰਬਾਣੀ ਦਾ ਕੀਰਤਨ ਉਸ ਨੂੰ ਸੁਰ ਕਰਨ ਦੀ ਸਮਰੱਥਾ ਰੱਖਦਾ ਹੈ। ਜਦ ਮਨੁੱਖ ਨੂੰ ਆਪਣੇ ਅੰਦਰ ਮੂਲ ਦੀ ਪਹਿਚਾਨ ਹੋ ਜਾਂਦੀ ਹੈ, ਫਿਰ ਆਪਣੇ ਆਪ ਲਿਵ ਗੁਰੂ ਚਰਨਾਂ ਨਾਲ ਜੁੜ ਜਾਂਦੀ ਹੈ।

"ਕੀਰਤਨ ਅਰੰਭ ਹੋਇਆ ਅਤੇ ਪਹਿਲੇ ਦਿਨ ਆਪ ਨੇ ਇਸ ਸ਼ਬਦ ਦਾ ਗਾਇਨ ਕੀਤਾ।

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ**

**ਸਾਰ ਨ ਜਾਣਾ ਤੇਰੀ ॥**

**ਸਭ ਤੇ ਵਡਾ ਸਤਿਗੁਰੁ ਨਾਨਕੁ**

**ਜਿਨਿ ਕਲ ਰਾਖੀ ਮੇਰੀ ॥"** [37]

ਸ਼ਬਦ ਗਾਇਨ ਦੇ ਨਾਲ-ਨਾਲ ਆਪ ਨੇ ਵਿਆਖਿਆ ਤੇ ਸਾਖੀ ਵੀ ਸੁਣਾਈ ਜਿਸ ਨੂੰ ਸੁਣ ਕੇ ਸੰਗਤਾਂ ਤੇ ਬਹੁਤ ਪ੍ਰਭਾਵ ਪਿਆ। ਆਪ ਦਾ ਰਸਮਈ ਕੀਰਤਨ ਸਰਵਣ ਕਰਨ ਤੋਂ ਬਾਅਦ ਸੰਗਤਾਂ ਨੇ ਆਪਣੇ ਘਰਾਂ ਵਿਚ ਆਪ ਦਾ ਕੀਰਤਨ ਕਰਵਾਉਣਾ ਸ਼ੁਰੂ ਕਰ ਦਿਤਾ। ਹੌਲੀ-ਹੌਲੀ ਜਿਸ ਘਰ ਵਿਚ ਆਪ ਦਾ ਕੀਰਤਨ ਹੁੰਦਾ ਸੀ, ਉਥੇ ਸੰਗਤਾਂ ਦੀ ਆਮਦ ਵਧਣ ਲੱਗੀ।

ਆਪ ਦੇ ਕੀਰਤਨ ਦੀ ਸ਼ੋਭਾ ਸੁਣ ਕੇ ਵੱਡੇ ਗੁਰਦੁਆਰੇ ਹਾਈ ਸਟਰੀਟ ਵਿਚ ਕੀਰਤਨ ਕਰਵਾਉਣ ਦਾ ਫੈਸਲਾ ਕੀਤਾ। ਦੋ ਹਫਤੇ ਪਹਿਲਾਂ ਵੱਡੇ-ਵੱਡੇ ਪੋਸਟਰ ਸ਼ਹਿਰ ਵਿਚ ਥਾਂ-ਥਾਂ ਲੁਆਏ ਗਏ ਤਾਂ ਜੋ ਸੰਗਤਾਂ ਨੂੰ ਪਤਾ ਲੱਗ ਜਾਵੇ। ਇਸ ਕੀਰਤਨ ਦਰਬਾਰ ਵਿਚ ਵੱਡੇ-ਵੱਡੇ ਰਾਗੀ, ਗਵੱਈਏ, ਕੀਰਤਨੀਏ ਤੇ ਹੋਰ ਮੁਸਲਮਾਨ ਰਾਗੀ ਪੁੱਜੇ। "ਆਪ ਨੇ ਰਾਗ ਮਾਲਕੌਂਸ ਵਿਚ ਇਕ ਤਾਲ ਵਿਚ ਇਹ ਸ਼ਬਦ ਗਾਇਆ।

**ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥**

**ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥**

**--------------------------------------------**

**ਸੰਤ ਧੂਰਿ ਪਾਈਐ ਵਡਭਾਗੀ ॥**

**ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ** ॥੪॥੭੦॥੧੩੯॥

ਫਿਰ ਆਪ ਨੇ ਇਸ ਸ਼ਬਦ ਨੂੰ ਤਿੰਨ ਤਾਲ ਵਿਚ ਗਾਇਆ। ਇਸ ਸ਼ਬਦ ਨੇ ਬਹੁਤ ਸੁੰਦਰ ਰੰਗ ਬੰਨ੍ਹਿਆ। ਇਥੋਂ ਤੱਕ ਕਿ ਗੋਰੇ ਤੇ ਗੋਰੀਆਂ ਵੀ ਝੂਮ ਉਠੇ।"[38]

---

37 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 86.

38 ---ਉਹੀ---, ਪੰਨਾ 98-99.

ਬਹੁਤ ਸਾਰੀਆਂ ਸੰਗਤਾਂ ਨੇ ਆਪ ਦੇ ਇਸ ਪ੍ਰੋਗਰਾਮ ਦੀ ਰਿਕਾਰਡਿੰਗ ਵੀ ਕੀਤੀ। ਆਪ ਦਾ ਕੀਰਤਨ ਕਰਵਾਉਣ ਲਈ ਹੋਰ ਸੰਗਤਾਂ ਆਪ ਕੋਲ ਆਉਣ ਲੱਗੀਆਂ। ਗਿਆਨੀ ਤਾਰਾ ਸਿੰਘ ਨੇ ਵੀ ਆਪ ਨੂੰ ਬੇਨਤੀ ਕੀਤੀ ਕਿ ਇਥੇ ਇਕ ਮਹੀਨਾ ਹੋਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇ। ਪਰ ਆਪ ਦਾ ਅਗਲਾ ਪ੍ਰੋਗਰਾਮ ਡੰਕਨ ਸਿਟੀ ਦਾ ਬਣ ਚੁੱਕਾ ਸੀ।

ਸ. ਮਈਆ ਸਿੰਘ ਨੇ ਬਹੁਤ ਹੀ ਸੁੰਦਰ 'ਪਾਲਦੀ' ਅਸਥਾਨ ਬਣਾਇਆ ਹੋਇਆ ਹੈ। ਇਥੇ ਬਹੁਤ ਹੀ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਸੰਗਤਾਂ ਦੀ ਬੇਨਤੀ ਤੇ ਆਪ ਨੇ ਇਸ ਗੁਰਦੁਆਰਾ ਸਾਹਿਬ ਵਿਚ ਵੀ ਕੀਰਤਨ ਕੀਤਾ ਤੇ ਸੰਗਤਾਂ ਦੇ ਠਾਠਾਂ ਮਾਰਦੇ ਹੜ੍ਹ ਨੂੰ ਧੁਰਕੀ ਬਾਣੀ ਨਾਲ ਜੋੜਿਆ। ਇਸ ਪ੍ਰਕਾਰ ਡੰਕਨ ਸ਼ਹਿਰ ਵਿਚ ਆਪ ਜੀ ਦੀ ਕਲਾ ਦੇ ਚਰਚੇ ਥਾਂ-ਥਾਂ ਹੋਣ ਲੱਗੇ।

"ਅੰਗਰੇਜਾਂ ਨੇ ਡੰਕਨ ਸ਼ਹਿਰ ਦੇ ਬਹੁਤ ਵੱਡੇ ਹਾਲ ਵਿਚ ਆਪ ਦਾ ਪ੍ਰੋਗਰਾਮ ਕਰਾਉਣ ਦਾ ਪ੍ਰਬੰਧ ਕੀਤਾ। ਆਪ ਜੀ ਦੀਆਂ ਫੋਟੋਆਂ ਵਾਲੇ ਪੋਸਟਰ ਛਾਪ ਕੇ ਥਾਂ-ਥਾਂ ਲਾਏ ਗਏ ਤਾਂ ਜੋ ਲੋਕਾਂ ਨੂੰ ਚੰਗੀ ਤਰਾਂ ਪਤਾ ਲੱਗ ਜਾਵੇ ਕਿ ਆਪ ਸਿਤਾਰ ਵਜਾਉਣ ਦਾ ਅਲੌਕਿਕ ਪ੍ਰੋਗਰਾਮ ਪੇਸ਼ ਕਰ ਰਹੇ ਹਨ। ਹਾਲ ਬਹੁਤ ਵਧੀਆ ਸਜਾਇਆ ਹੋਇਆ ਸੀ। ਸੰਗਤਾਂ, ਸਰੋਤੇ, ਦਰਸ਼ਕ ਤੇ ਪ੍ਰੈਸ ਰਿਪੋਰਟਰ ਹੁੰਮ ਹੁੰਮਾ ਕੇ ਹਾਲ ਵਿਚ ਪੁਜੇ ਹੋਏ ਸਨ। ---------- ਯੂਬਾ ਸ਼ਹਿਰ ਤੇ ਵਿਕਟੋਰੀਆ ਝੀਲ ਤੋਂ ਵੀ ਬੇਗਿਣਤ ਸੰਗਤਾਂ ਆਈਆਂ ਹੋਈਆਂ ਸਨ। ਬਹੁਤ ਲੋਕ ਅੰਦਰ ਥਾਂ ਨਾ ਮਿਲਣ ਕਰਕੇ ਹਾਲ ਦੇ ਬਾਹਰ ਹੀ ਖੜੇ ਹੋ ਗਏ ਸਨ। ਬਾਹਰ ਖੜੇ ਲੋਕਾਂ ਦੀ ਖਾਤਰ ਬਾਹਰ ਵੀ ਕਈ ਸਪੀਕਰ ਲਾ ਦਿਤੇ ਗਏ।------------- ਰਿਪੋਰਟਰਾਂ ਦਾ ਕਹਿਣਾ ਸੀ ਕਿ ਇਹੋ ਜਿਹਾ ਇਕੱਠ ਇਥੇ ਪਿਛਲੇ ਪੰਜਾਹ ਸਾਲਾਂ ਵਿਚ ਵੀ ਨਹੀਂ ਹੋਇਆ।

ਆਪ ਨੇ ਸਿਤਾਰ ਵਜਾਈ। ਸਿਤਾਰ ਦੀਆਂ ਸੁਰਾਂ ਦੇ ਸੁਰੀਲੇ ਸੰਗੀਤ ਨੇ ਸਾਰਾ ਵਾਤਾਵਰਨ ਕੀਲ ਲਿਆ ਤੇ ਸਭ ਸੁਣਨ ਵਾਲੇ ਅੰਦਰੋ ਬਾਹਰੋਂ ਮਸਤ ਹੋ ਕੇ ਇਕ ਸੁਰ ਦੀ ਲੈਅ ਦਾ ਰੂਪ ਧਾਰ ਗਏ। ਕਿਸੇ ਅਗੰਮੀ ਅਨੰਦ ਵਿਚ ਗੁਆਚ ਗਏ। ਇਹ ਪ੍ਰੋਗਰਾਮ ਸਰੋਤਿਆਂ, ਸੰਗਤਾਂ, ਅਖਬਾਰਾਂ, ਤੇ ਟੀ.ਵੀ ਵਾਲਿਆਂ ਵਲੋਂ ਬਹੁਤ ਸਲਾਹਿਆ ਗਿਆ। ਸਤਿਨਾਮ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਬੰਧਕਾਂ ਦੇ ਉਦਮ ਨਾਲ ਆਪ ਦਾ ਸਿਤਾਰ ਦਾ ਪ੍ਰੋਗਰਾਮ ਵਿਕਟੋਰੀਆ ਟੀ.ਵੀ ਸ਼ਟੇਸ਼ਨ ਡਬਲ ਚੈਨਲ ਤੇ ਕਰਾਇਆ ਗਿਆ। ਅੱਜ ਤੱਕ ਕਿਸੇ ਪੰਜਾਬੀ ਕਲਾਕਾਰ ਜਾਂ ਕੀਰਤਨੀਏ ਦਾ ਪ੍ਰੋਗਰਾਮ ਵਿਕਟੋਰੀਆ ਛੇ ਚੈਨਲ ਟੀ.ਵੀ. ਸ਼ਟੇਸ਼ਨ ਤੇ ਨਹੀਂ ਕਰਾਇਆ ਗਿਆ। ਇਹ ਆਪ ਦੀ ਬਹੁਤ ਵੱਡੀ ਪ੍ਰਾਪਤੀ ਸੀ ਤੇ ਅਕਾਲ ਪੁਰਖ ਦੀ ਮਿਹਰ ਦਾ ਇਕ ਸਿਟਾ ਸੀ।"[39]

---

39 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 105-107.

ਆਪ ਨੂੰ ਟੀ.ਵੀ. ਉਤੇ ਹੋਰ ਪ੍ਰੋਗਰਾਮ ਦੇਣ ਲਈ ਕਿਹਾ ਗਿਆ ਪਰ ਆਪ ਦਾ ਪ੍ਰੋਗਰਾਮ ਕੈਮਲੂਪ ਦਾ ਬਣ ਚੁੱਕਾ ਸੀ। ਜਿਥੇ ਸ. ਕਰਤਾਰ ਸਿੰਘ ਪ੍ਰਧਾਨ ਅਤੇ ਸ. ਜਸਪਾਲ ਸਿੰਘ ਜੌਹਲ ਤੇ ਹੋਰ ਆਗੂਆਂ ਨੇ ਬੜੀ ਹੀ ਗਰਮਜੋਸ਼ੀ ਨਾਲ ਆਪ ਦਾ ਭਰਪੂਰ ਸਵਾਗਤ ਕੀਤਾ। ਇਥੇ ਸੰਗਤਾਂ ਨੇ ਆਪ ਜੀ ਪਾਸੋਂ ਡੁਮੇਲੀ ਡੇਰੇ ਬਾਰੇ ਪੂਰਨ ਜਾਣਕਾਰੀ ਲਈ। ਇਸ ਉਪਰੰਤ ਆਪ ਨੇ ਸਮੁੰਦਰ ਵਿਚ ਬਹਿਰੀ ਜਹਾਜ ਰਾਹੀਂ ਸਮੁੰਦਰ ਦੇ ਪਾਰ ਦੇ ਪੋਲਟ ਅਲਵਰਨੀ ਆਦਿ ਸ਼ਹਿਰਾਂ ਵਿਚ ਜਾ ਕੇ ਸੰਗਤਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ ਤੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ। ਕਰੀਬ ਦੋ ਮਹੀਨੇ ਆਪ ਨੇ ਟਰੰਟੋ ਦੀ ਸੰਗਤ ਵਿਚ ਕੀਰਤਨ ਦਾ ਪ੍ਰਵਾਹ ਚਲਾਇਆ।

ਟਰੰਟੋ ਤੋਂ ਬਾਅਦ ਫਿਰ ਆਪ ਦਾ ਪ੍ਰੋਗਰਾਮ ਇੰਗਲੈਂਡ ਜਾਣ ਦਾ ਬਣਿਆ ਹੋਇਆ ਸੀ ਤੇ ਇਸ ਵਾਸਤੇ ਸੀਟਾਂ ਵੀ ਬੁਕ ਕਰਵਾਈਆ ਹੋਈਆਂ ਹੋਈਆਂ ਸਨ ਕਿ ਆਪ ਜੀ ਪਾਸ ਮੌਨਟ੍ਰੀਅਲ ਸ਼ਹਿਰ ਦੀ ਸੰਗਤ ਆ ਪੁਜੀ।------------ ਸੰਗਤ ਦੀ ਬੇਨਤੀ ਕਬੂਲਦਿਆਂ ਆਪ ਨੇ ਆਪਣੀਆਂ ਟਿਕਟਾਂ ਕੈਂਸਲ ਕਰਵਾ ਕੇ ਮੌਨਟ੍ਰੀਅਲ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਲਿਆ।

"ਸੰਗਤਾਂ ਦਾ ਉਤਸ਼ਾਹ ਵੇਖ ਕੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਆਪ ਦਾ ਕੀਰਤਨ ਗੁਰਦੁਆਰੇ ਵਿਚ ਕਰਵਾਇਆ। ਇਥੇ ਆਪ ਨੇ ਇਹ ਸ਼ਬਦ ਗਾਇਆ।

**ਧਿਆਨ ਧਰੋ ਤਿਹ ਜਿਹ ਕੋ ਮਨ ਮੈਂ**

**ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥**

ਸ਼ਬਦ ਦੀ ਲੈਅ ਨੇ ਇਕ ਅਨੋਖਾ ਰਸ ਬੰਨ ਦਿਤਾ।------------- ਆਪ ਦੇ ਕੀਰਤਨ ਨੇ ਸੰਗਤਾਂ ਵਿਚ ਗੁਰੂ ਨਾਨਕ ਦੇਵ ਦੇ ਚਰਨਾਂ ਦੀ ਪ੍ਰੀਤੀ, ਲੋਕ ਸੇਵਾ, ਸਰਬਤ ਦਾ ਭਲਾ ਮੰਗਣ ਤੇ ਰਲ ਕੇ ਰਹਿਣ ਦੀ ਪਵਿਤਰ ਭਾਵਨਾ ਪੈਦਾ ਕਰ ਦਿਤੀ।"[40]

### 3.2.2.4 ਇੰਗਲੈਂਡ ਦੀ ਦੂਸਰੀ ਯਾਤਰਾ

ਸੰਤ ਸਰਵਣ ਸਿਘ ਗੰਧਰਵ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਲਈ ਕਨੇਡਾ ਤੋਂ ਬਾਅਦ 19 ਫਰਵਰੀ ਨੂੰ **ਇੰਗਲੈਂਡ ਦੇ ਸ਼ਹਿਰ ਸਾਊਥਹਾਲ** ਵਿਖੇ ਪੁਜੇ, ਜਿਥੇ ਸ. ਪ੍ਰੀਤਮ ਸਿੰਘ ਡੁਮੇਲੀ, ਜੈਲਦਾਰ ਪਰਮਜੀਤ ਸਿੰਘ ਤੇ ਹੋਰ ਬਹੁਤ ਸਾਰੀਆਂ ਸਾਰੀਆਂ ਸੰਗਤਾਂ ਨੇ ਆਪ ਦਾ ਨਿੱਘਾ ਸਵਾਗਤ ਕੀਤਾ। ਸ. ਸੋਹਣ ਸਿੰਘ ਤੇ ਸ. ਉਜਾਗਰ ਸਿੰਘ ਸਹੋਤਾ ਨੇ ਆਪ ਜੀ ਨੂੰ ਬੇਨਤੀ ਕੀਤੀ ਕਿ ਸਾਊਥਹਾਲ ਦੀਆਂ ਸੰਗਤਾਂ ਆਪ ਜੀ ਦਾ ਕੀਰਤਨ ਸੁਣਨ ਲਈ ਬਹੁਤ ਉਤਾਵਲੀਆਂ ਹਨ। ਉਨ੍ਹਾਂ ਸੰਤ ਜੀ ਨੂੰ ਦੱਸਿਆਂ ਕਿ ਇਥੋਂ ਦੀਆਂ ਸੰਗਤਾਂ ਨੇ ਆਪ ਜੀ ਦਾ 1970 ਦੀ ਇੰਗਲੈਂਡ ਫੇਰੀ ਵਾਲਾ ਕੀਤਾ ਕੀਰਤਨ ਰਿਕਾਰਡ

---

40 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 120-121.

ਕਰਕੇ ਸਾਂਭਿਆਂ ਹੋਇਆ ਹੈ ਤੇ ਹੁਣ ਤੱਕ ਉਹੀ ਕੀਰਤਨ ਸੁਣਦੀਆਂ ਆ ਰਹੀਆਂ ਹਨ। ਇਸ ਲਈ ਬੇਨਤੀ ਕਬੂਲ਼ ਕਰੋ ਤੇ ਆਪਣੇ ਰਸਭਿੰਨੇ ਕੀਰਤਨ ਨਾਲ ਸਾਊਥਹਾਲ ਦੀਆਂ ਸੰਗਤਾਂ ਨੂੰ ਨਿਹਾਲ ਕਰੋ। ਸੰਗਤ ਦੀ ਬੇਨਤੀ ਤੇ ਸੰਤ ਗੰਧਰਵ ਜੀ ਨੇ ਇਥੋਂ ਦੇ ਗੁਰਦੁਆਰਾ ਸਾਹਿਬ ਵਿਚ ਕੀਰਤਨ ਅਰੰਭ ਕੀਤਾ। ਆਪ ਨਿਤ ਨਵਾਂ ਸ਼ਬਦ ਨਵੇਂ ਰਾਗ ਵਿਚ ਪੜ੍ਹਦੇ ਤੇ ਬੜੀ ਹੀ ਸਰਲ ਤੇ ਸੁੰਦਰ ਵਿਆਖਿਆ ਕਰਦੇ।

ਇੰਗਲੈਂਡ ਦੀ ਦੂਸਰੀ ਯਾਤਰਾ ਦੌਰਾਨ ਸੰਤ ਸਰਵਣ ਸਿੰਘ ਗੰਧਰਵ ਦੇ ਕੀਰਤਨ ਦੀ ਮਹਿਮਾ **ਸੇਵਕ ਸਿੰਘ ਉਪਲ** ਨੇ ਆਪਣੀ ਪੁਸਤਕ ਵਿਚ 'ਵਦੇਸ਼ ਫੇਰੀ' ਵਿਚ ਇਸ ਤਰ੍ਹਾਂ ਕੀਤੀ ਹੈ। "ਆਪ ਨੇ ਆਪਣੇ ਮਨੋਹਰ ਕੀਰਤਨ ਨਾਲ ਰੁਸੀਆਂ ਸੰਗਤਾਂ ਨੂੰ ਮੁੜ ਇਕੱਠਿਆਂ ਕਰ ਦਿਤਾ। ਗੁਰਦੁਆਰਿਆਂ ਦੇ ਧੜਿਆਂ ਨੂੰ ਉਨ੍ਹਾਂ ਦੇ ਵਿਰੋਧ ਮਿਟਾ ਕੇ ਗਲਵਕੜੀਆਂ ਪੁਆ ਦਿਤੀਆਂ। ਆਪ ਨੇ ਗੁਰਦੁਆਰਿਆਂ ਵਿਚ ਘਟੀਆਂ ਰੌਣਕਾਂ ਨੂੰ ਮੁੜ ਸੁਰਜੀਤ ਕਰ ਦਿਤਾ। ਆਪ ਨੇ ਆਪਣੇ ਬਚਨਾਂ ਨਾਲ ਪ੍ਰਦੇਸ ਵਿਚ ਵਸਦੇ ਸਿੰਘਾਂ ਅੰਦਰ ਮੁੜ ਆਤਮਿਕ ਸਾਂਝ ਸੁਰਜੀਤ ਕਰ ਦਿਤੀ। ਆਪ ਨੇ ਆਪਣੀ ਕਲਾ ਨਾਲ ਯੂਰਪੀਨ ਲੋਕਾਂ, ਗੋਰਿਆਂ ਤੇ ਗੋਰੀਆਂ ਅੰਦਰ ਗੁਰੂ ਘਰ ਲਈ ਸ਼ਰਧਾ ਪੈਦਾ ਕਰ ਦਿਤੀ। ਆਪ ਨੇ ਘਰ-ਘਰ ਸਤਸੰਗ ਤੇ ਕੀਰਤਨ ਕਰਕੇ ਹਰ ਘਰ ਨੂੰ ਧਰਮਸਾਲ ਬਣਾ ਦਿਤਾ। ਆਪ ਨੇ ਅੰਦਰਲੇ ਤੇ ਬਾਹਰਲੇ ਜੀਵਨ ਦੀ ਅਨੁਕੂਲਤਾ ਦੀ ਮਹੱਤਤਾ ਦਰਸ਼ਕਾਂ ਸੰਗਤਾਂ ਨੂੰ ਅਸਲੀ ਸ਼ਾਂਤੀ ਪ੍ਰਾਪਤੀ ਕਰਨ ਦਾ ਸਹਿਜ ਜੋਗ ਸਮਝਾ ਦਿਤਾ। ਆਪ ਆਪਣੇ ਕੀਰਤਨ, ਆਪਣੇ ਜਲ ਤਰੰਗ ਤੇ ਆਪਣੀ ਸਿਤਾਰ ਦੀ ਕਲਾ ਨਾਲ ਸੰਗਤਾਂ ਨੂੰ ਅਨੰਦ ਬਖਸ਼ ਕੇ ਇਉਂ ਹੀ ਆਪਣੇ ਦੇਸ਼ ਵੱਲ ਪਰਤੇ ਜਿਵੇਂ ਸੁਚੱਜਾ ਕਲਾਕਾਰ ਮੰਚ ਉਤੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਕੇ, ਰੱਜ ਕੇ ਨਾਮਣਾ ਖੱਟ ਕੇ ਆਪਣੀ ਮਾਤਾ ਦੀ ਗੋਦ ਵਿਚ ਆਇਆ ਕਰਦਾ ਹੈ, ਜਿਵੇਂ ਟਹਿਣੀ ਫਲਾਂ ਦੇ ਭਾਰ ਨਾਲ ਆਪਣੀਆਂ ਜੜ੍ਹਾਂ ਵੱਲ ਝੁਕ ਜਾਇਆ ਕਰਦੀ ਹੈ।"[41]

ਇਸ ਪ੍ਰਕਾਰ ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਆਪਣੇ ਦੇਸ ਦੇ ਵੱਖ-ਵੱਖ ਰਾਜਾਂ ਵਿਚ ਜਾ ਕੇ ਧੁਰਕੀ ਬਾਣੀ ਦਾ ਕੀਰਤਨ ਤੇ ਵਿਆਖਿਆ ਕਰਕੇ ਸੰਗਤਾਂ ਨੂੰ ਗੁਰੂ ਘਰਾਂ ਨਾਲ ਜੋੜਿਆ, ਉਥੇ ਵਿਦੇਸ਼ਾਂ ਵਿਚ ਵੀ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜੀ ਰੱਖਿਆ। 20-21 ਅਗਸਤ ਨੂੰ ਸੰਤ ਬਾਬਾ ਦਲੀਪ ਸਿੰਘ ਜੀ ਦੀ ਬਰਸੀ ਹੋਣ ਕਰਕੇ ਸੰਤ ਸਰਵਣ ਸਿੰਘ ਗੰਧਰਵ 9 ਅਗਸਤ 1975 ਨੂੰ ਵਾਪਸ ਡੁਮੇਲੀ ਡੇਰੇ ਵਿਖੇ ਆ ਗਏ। ਆਪ ਨੇ ਵਿਦੇਸ਼ਾਂ ਵਿਚ ਆਪਣੇ ਕੀਰਤਨ ਦਾ ਅਜਿਹਾ ਪ੍ਰਭਾਵ ਛੱਡਿਆ ਕਿ ਡੁਮੇਲੀ ਵਾਪਸ ਪਰਤਣ ਉਪਰੰਤ ਵੀ ਵਿਦੇਸ਼ਾਂ ਵਿਚੋ ਬਹੁਤ ਸਾਰੀਆਂ ਸ਼ਰਧਾ ਭਰੀਆਂ ਚਿਠੀਆਂ ਬਾਅਦ ਵਿਚ ਵੀ ਡੁਮੇਲੀ ਡੇਰੇ ਵਿਚ ਪੁਜਦੀਆਂ ਰਹੀਆਂ। ਇਸ ਪ੍ਰਕਾਰ ਇੰਗਲੈਂਡ ਦੀ ਧਰਤੀ ਤੇ ਆਪ ਨੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

---

41 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 126.

### 3.2.2.5 ਇੰਗਲੈਡ ਦੀ ਤੀਸਰੀ ਯਾਤਰਾ

ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਸੰਤ ਸਰਵਣ ਸਿੰਘ ਗੰਧਰਵ ਨੇ ਇੰਗਲੈਂਡ ਦੀ ਤੀਸਰੀ ਯਾਤਰਾ ਕੀਤੀ।

**ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਦੇ ਅਨੁਸਾਰ 'ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਕਰਨ ਲਈ ਸੰਤ ਸਰਵਣ ਸਿੰਘ ਗੰਧਰਵ ਦੀ ਅਗਵਾਈ ਵਿਚ ਚਾਰ ਗੁਰੂ ਪ੍ਰੇਮੀਆਂ ਦਾ ਜਥਾ 24 ਅਪਰੈਲ 1983 ਨੂੰ ਇੰਗਲੈਂਡ ਦੀ ਧਰਤੀ ਲਈ ਰਵਾਨਾ ਹੋਇਆ। ਇਸ ਜਥੇ ਵਿਚ ਸੰਤ ਸਰਵਣ ਸਿੰਘ ਗੰਧਰਵ ਤੋਂ ਇਲਾਵਾ ਬੀਬੀ ਇੰਦਰਜੀਤ ਕੌਰ (ਇਹ ਉਹ ਬੀਬੀ ਜੀ ਸਨ ਜਿਨ੍ਹਾਂ ਨੇ ਸੰਤ ਸਰਵਣ ਸਿੰਘ ਗੰਧਰਵ ਦੁਆਰਾ ਲਿਖੀਆਂ ਪੁਸਤਕਾਂ 'ਸੁਰ ਸਿਮਰਨ ਸੰਗੀਤ' ਪ੍ਰਕਾਸ਼ਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ), ਸ. ਚਰਨਜੀਤ ਸਿੰਘ ਸ਼ਿਮਲੇ ਵਾਲੇ (ਤਬਲਾ ਵਾਦਕ) ਅਤੇ ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਖੁਦ ਸ਼ਾਮਿਲ ਸਨ। ਇਸ ਯਾਤਰਾ ਦਾ ਸਾਰਾ ਪ੍ਰੋਗਰਾਮ ਪਹਿਲਾਂ ਹੀ ਬਣਿਆਂ ਹੋਇਆ ਸੀ। ਕੀਰਤਨ ਕਰਨ ਲਈ ਇੰਗਲੈਡ ਦੇ ਸ਼ਹਿਰ, ਸਮਾਂ, ਸਥਾਨ ਪਹਿਲਾਂ ਤੋਂ ਹੀ ਤਹਿ ਸੀ। **ਇਗਲੈਂਡ** ਦੀ ਇਸ ਫੇਰੀ ਦੌਰਾਨ ਸੰਤ ਸਰਵਣ ਸਿੰਘ ਗੰਧਰਵ ਨੇ **ਸੈਵਨਕਿੰਗਜ਼, ਗਲਾਸਗੋ, ਹਿਲਫੋਰਟ, ਬੈਸਟਰ, ਬਰੈਡਫੋਰਟ** ਆਦਿ ਤੋਂ ਇਲਾਵਾ ਹੋਰ ਅਨੇਕਾਂ ਸਥਾਨਾਂ ਤੇ ਕੀਰਤਨ ਅਤੇ ਕਥਾ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ। ਹਰੇਕ ਸ਼ਹਿਰ ਵਿਚ ਇਕ-ਇਕ ਹਫਤਾ ਰੁਕ ਕੇ ਸ਼ਹਿਰ ਦੇ ਹਰੇਕ ਗੁਰਦੁਆਰਾ ਸਾਹਿਬ ਵਿਚ ਕੀਰਤਨ ਕੀਤਾ ਗਿਆ। ਅਕਤੂਬਰ 1983 ਦੇ ਅਖੀਰ ਵਿਚ ਆਪ ਇੰਗਲੈਂਡ ਦੀ ਸੰਗਤ ਨੂੰ ਧੁਰਕੀ ਬਾਣੀ ਨਾਲ ਜੁੜਨ ਦਾ ਸੰਦੇਸ਼ ਦੇ ਕੇ ਵਾਪਸ ਡੁਮੇਲੀ ਆ ਗਏ।'[42]

ਇਸ ਪਰਕਾਰ ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਦੇਸ਼ ਦੇ ਕੋਨੇ-ਕੋਨੇ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ, ਉਥੇ ਵਿਦੇਸ਼ਾਂ ਵਿਚ ਵੀ ਜਾ ਕੇ ਆਪਣੇ ਅਤੇ ਗੋਰੇ ਲੋਕਾਂ ਨੂੰ ਧੁਰਕੀ ਬਾਣੀ ਨਾਲ ਜੋੜਿਆ। ਉਨ੍ਹਾਂ ਦੀ ਇਸ ਮਿਹਨਤ ਦਾ ਸਿਟਾ ਇਹ ਨਿਕਲਿਆ ਕਿ ਵਿਦੇਸ਼ਾਂ ਵਿਚ ਰਹਿਣ ਵਾਲੇ ਬਹੁਤ ਸਾਰੇ ਭਾਰਤੀ ਤੇ ਗੋਰੇ ਲੋਕ ਅੰਮ੍ਰਿਤ ਛਕ ਕੇ ਸਿੰਘ ਸਜ ਗਏ। **ਇੰਗਲੈਂਡ, ਕਨੇਡਾ, ਅਮਰੀਕਾ** ਦੇ ਹਰੇਕ ਸ਼ਹਿਰ ਵਿਚ ਆਪ ਨੇ ਗੁਰਬਾਣੀ ਦਾ ਕੀਰਤਨ ਕਰਕੇ ਤੇ ਕਥਾ ਕਰਕੇ ਗਰਬਾਣੀ ਰੂਪੀ ਅੰਮ੍ਰਿਤ ਦੀ ਵਰਖਾ ਕੀਤੀ। ਜਿਸ ਕਰਕੇ ਸੰਗਤਾਂ ਗੁਰਬਾਣੀ ਦੇ ਰੰਗ ਵਿਚ ਰੰਗੀਆਂ ਗਈਆਂ। ਜੇਕਰ ਇਹ ਕਹਿ ਲਿਆ ਜਾਵੇ ਕਿ ਸੰਤ ਸਰਵਣ ਸਿੰਘ ਗੰਧਰਵ ਨੇ ਦੇਸ਼ ਅਤੇ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਵਿਚ ਅਹਿੰਮ ਭੂਮਿਕਾ ਨਿਭਾਈ ਹੈ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

---

42 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

## 3.3 ਪੁਸਤਕ ਪ੍ਰਕਾਸ਼ਨ

ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਦੇਸ਼-ਵਿਦੇਸ਼ ਵਿਚ ਤੰਤੀ ਸਾਜਾਂ ਨਾਲ ਰਾਗਮਈ ਕੀਰਤਨ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ, ਉਥੇ 'ਸੁਰ ਸਿਮਰਨ ਸੰਗੀਤ' ਪੁਸਤਕ (ਸੱਤ ਭਾਗਾਂ ਵਿਚ) ਪ੍ਰਕਾਸ਼ਿਤ ਕਰਕੇ ਗੁਰਬਾਣੀ ਸੰਗੀਤ ਪ੍ਰਤੀ ਵਡਮੁੱਲੀ ਸੇਵਾ ਕੀਤੀ। ਇਨ੍ਹਾਂ ਸੱਤ ਭਾਗਾਂ ਵਿਚ ਜਿਥੇ ਭਾਰਤੀ ਸੰਗੀਤ ਸਬੰਧੀ ਜਾਣਕਾਰੀ ਉਪਲਬਧ ਕਰਵਾਈ ਗਈ ਹੈ, ਉਥੇ ਗੁਰਮਤਿ ਸੰਗੀਤ ਦਾ ਅਥਾਹ ਖਜ਼ਾਨਾ ਮੌਜੂਦ ਹੈ।

**"ਸੁਰ ਸਿਮਰਨ ਸੰਗੀਤ' ਪੁਸਤਕ ਦੇ ਪਹਿਲੇ ਭਾਗ** ਵਿਚ ਸੰਗੀਤ ਦੇ ਸਿਧਾਂਤ ਬਾਰੇ ਸੁਰ ਸਾਧਨਾ, ਸੰਗੀਤ ਦੀ ਪਰਿਭਾਸ਼ਾ, ਸੰਗੀਤ ਪੱਧਤੀਆਂ, ਭਾਤਖੰਡੇ ਸੁਰ ਲਿਪੀ ਪੱਧਤੀ, ਸ਼ਰੁਤੀ, ਸਪਤਕ, ਥਾਟ, ਰਾਗ, ਤਾਲ ਦਾ ਮਹੱਤਵ ਆਦਿ ਮਹੱਤਵਪੂਰਨ ਪੱਖਾਂ ਸਬੰਧੀ ਸਿਧਾਂਤਿਕ ਚਰਚਾ ਹੈ। ਪੁਸਤਕ ਵਿਚ 36 ਬੰਦਸ਼ਾਂ, 19 ਰਾਗਾਂ ਤੇ 7 ਤਾਲਾਂ ਵਿਚ ਦਰਜ ਹਨ। ਇਸ ਵਿਚ ਦਰਜ 6 ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰ, 5 ਗੁਰਮਤਿ ਸੰਗੀਤ ਦੀ ਨਿਰਧਾਰਤ ਰਾਗਾਂ ਦੀ ਧਾਰਾ ਅਨੁਸਾਰ ਅਤੇ 25 ਸ਼ਬਦ ਰੀਤ ਧਾਰਾ ਦੇ ਅਨੁਸਾਰ ਰਚੀਆਂ ਗਈਆਂ ਹਨ।

**'ਸੁਰ ਸਿਮਰਨ ਸੰਗੀਤ' ਦੇ ਦੂਜੇ ਭਾਗ** ਵਿਚ ਸੰਗੀਤ ਦੇ ਸਿਧਾਂਤ ਦੇ ਵਿਭਿੰਨ ਪਹਿਲੂਆਂ ਸਬੰਧੀ ਵਿਚਾਰ ਦੇ ਨਾਲ-ਨਾਲ ਹੋਰ ਵਿਸ਼ਿਆਂ ਸਬੰਧੀ ਨਿਬੱਧ ਸੰਕਲਿਤ ਹਨ। ਪੁਸਤਕ ਦੇ ਇਸ ਭਾਗ ਵਿਚ 36 ਸ਼ਬਦ ਕੀਰਤਨ ਰਚਨਾਵਾਂ ਨੂੰ 11 ਰਾਗਾਂ ਅਧੀਨ ਸੁਰਲਿਪੀਬੱਧ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 9 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਅਤੇ 27 ਸ਼ਬਦ ਰੀਤ ਧਾਰਾ ਅਨੁਸਾਰੀ ਹਨ। ਇਸ ਪੁਸਤਕ ਵਿਚ ਆਸਾ ਦੀ ਵਾਰ ਵੀ ਸੁਰਲਿਪੀਬੱਧ ਕੀਤੀ ਗਈ ਹੈ।

**'ਸੁਰ ਸਿਮਰਨ ਸੰਗੀਤ' ਦੇ ਤੀਜੇ ਭਾਗ** ਵਿਚ ਲੇਖਕ ਨੇ ਸੰਗੀਤ ਦੇ ਸਿਧਾਂਤਾਂ ਸਬੰਧੀ ਵਿਚਾਰ ਕਰਦਿਆਂ ਜਾਤੀ, ਸੁਰ ਸੰਵਾਦ, ਪੱਛਮੀ ਸੰਗੀਤ ਵਿਚ ਸੁਰ ਸੰਵਾਦ, ਗ੍ਰਾਮ, ਮੂਰਛਨਾ ਵਰਗੇ ਵਿਸ਼ਿਆਂ ਸਬੰਧੀ ਖੋਜ ਭਰਪੂਰ ਲੇਖਨ ਕੀਤਾ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ 59 ਸ਼ਬਦ ਕੀਰਤਨ ਰਚਨਾਵਾਂ ਨੂੰ 26 ਰਾਗਾਂ ਦੇ ਅੰਤਰਗਤ 16 ਤਾਲਾਂ ਵਿਚ ਤਾਲਬੱਧ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਖਿਆਲ ਅੰਗ ਅਤੇ ਸ਼ਬਦ ਰੀਤ ਪਰੰਪਰਾ ਅਨੁਸਾਰ ਰਚਿਤ ਸ਼ਬਦ ਰਚਨਾਵਾਂ ਵਿਸ਼ੇਸ਼ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਚੌਥਾ ਭਾਗ,** ਜੋ ਕਿ 1985 ਵਿਚ ਪ੍ਰਕਾਸ਼ਿਤ ਹੋਇਆ, ਵਿਚ ਤਾਲ ਸਬੰਧਿਤ ਵਿਭਿੰਨ ਵਿਸ਼ਿਆਂ ਦੀ ਸਿਧਾਂਤਿਕ ਅਤੇ ਵਿਹਾਰਿਕ ਜਾਣਕਾਰੀ ਤੋਂ ਇਲਾਵਾ ਇਸ ਵਿਚ 197 ਸ਼ਬਦ ਕੀਰਤਨ ਰਚਨਾਵਾਂ ਨੂੰ 83 ਰਾਗਾਂ ਅਧੀਨ ਦਰਜ ਕੀਤਾ ਗਿਆ ਹੈ। ਨਿਰਧਾਰਿਤ ਰਾਗਾਂ ਵਿਚ ਰਚਿਤ ਰਚਨਾਵਾਂ ਤੋਂ ਬਿਨਾਂ ਧਰੁਪਦ, ਖਿਆਲ ਅਤੇ ਪੜਤਾਲ ਸ਼ੈਲੀ ਵਿਚ ਅੰਕਿਤ ਵੱਖ-ਵੱਖ ਰਚਨਾਵਾਂ ਇਸ ਚੌਥੇ ਭਾਗ ਦਾ ਵਿਸ਼ੇਸ਼ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਪੰਜਵਾਂ ਭਾਗ** 1987 ਵਿਚ ਪ੍ਰਕਾਸ਼ਿਤ ਹੋਇਆ। ਇਸ ਪੁਸਤਕ ਦੇ ਅੰਤਰਗਤ ਨਿਬੱਧ ਗਾਨ, ਮਾਰਗੀ ਅਤੇ ਦੇਸੀ ਸੰਗੀਤ, ਲੋਕ ਗਾਇਨ ਸ਼ੈਲੀਆਂ, ਗੁਰਮਤਿ ਸੰਗੀਤ ਪੱਧਤੀ, ਕਰਨਾਟਕ ਸੰਗੀਤ ਪੱਧਤੀ, ਸਬੰਧੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਸ ਪੁਸਤਕ ਦੇ ਅੰਤਰਗਤ ਪ੍ਰਚਲਿਤ ਅਤੇ ਅਪ੍ਰਚਲਿਤ 114 ਰਾਗਾਂ ਅਧੀਨ 15 ਤਾਲਾਂ ਸਹਿਤ 261 ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ। ਧਰੁਪਦ, ਧਮਾਰ, ਖਿਆਲ ਅਤੇ ਪੜਤਾਲ ਸ਼ੈਲੀ ਇਨ੍ਹਾਂ ਰਚਨਾਵਾਂ ਦਾ ਵਿਸ਼ੇਸ਼ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ** 1990 ਵਿਚ ਪ੍ਰਕਾਸ਼ਿਤ ਹੋਇਆ। ਇਸ ਭਾਗ ਦੇ ਅੰਤਰਗਤ 321 ਸ਼ਬਦ ਕੀਰਤਨ ਰਚਨਾਵਾਂ ਨੂੰ 100 ਰਾਗਾਂ ਅਤੇ 16 ਵੱਖ-ਵੱਖ ਤਾਲਾਂ ਅਧੀਨ ਦਰਜ ਕੀਤਾ ਗਿਆ ਹੈ। ਇਸ ਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਨਾਲ-ਨਾਲ ਹੋਰ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਸਬੰਧੀ ਸਿਧਾਂਤਕ ਤੇ ਕਿਰਿਆਤਮਕ ਜਾਣਕਾਰੀ ਦਿਤੀ ਗਈ ਹੈ। ਬਾਕੀ ਸ਼ੈਲੀਆਂ ਤੋਂ ਬਿਨ੍ਹਾਂ ਵੱਖ-ਵੱਖ ਰਾਗਾਂ ਵਿਚ ਗੁਲਦਸਤੇ ਇਨ੍ਹਾਂ ਰਚਨਾਵਾਂ ਦਾ ਵਿਲੱਖਣ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਸੱਤਵਾਂ ਭਾਗ** 1994 ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ 67 ਸ਼ਬਦ ਕੀਰਤਨ ਰਚਨਾਵਾਂ ਨੂੰ 38 ਰਾਗਾਂ ਤੇ 8 ਤਾਲਾਂ ਅਧੀਨ ਤਾਲਬੱਧ ਕੀਤਾ ਗਿਆ ਹੈ। ਇਸ ਪੁਸਤਕ ਦੇ ਅੰਤਰਗਤ ਸੰਗੀਤ ਦੇ ਸਿਧਾਂਤਕ ਵਿਸ਼ਿਆਂ ਅਧੀਨ ਸੰਗੀਤ ਪੱਧਤੀਆਂ, ਰਾਗ ਵਰਗੀਕਰਨ, ਭਰਤ ਦੀ ਸਾਰਣਾ ਚਤੁਸ਼ਟਈ, ਸ਼ਾਰੰਗਦੇਵ ਦੀ ਸਾਰਣਾ ਪ੍ਰਕਿਰਿਆ, ਸੁਰ ਸਥਾਪਨਾ ਪ੍ਰਕਿਰਿਆ ਤੇ ਪ੍ਰਕਰਣ ਆਦਿ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ।

'ਸੁਰ ਸਿਮਰਨ ਸੰਗੀਤ' ਪੁਸਤਕ ਦੇ 7 ਭਾਗਾਂ ਵਿਚ ਲੇਖਕ ਸੰਤ ਸਰਵਣ ਸਿੰਘ ਗੰਧਰਵ ਨੇ ਸਰਵਣ ਸਾਰੰਗ, ਸਰਵਣ ਕਾਨੜਾ, ਸਰਵਣ ਗੌਂਡ, ਸਰਵਣ ਟੋਡੀ, ਸਿੰਘ ਸਰਵਣ ਕੇਦਾਰ, ਸਿੰਧੁ ਬਹਾਰ, ਗੁਰਦੇਵ ਸਾਰੰਗ, ਲੱਛਾ ਸਾਖ ਬਿਲਾਵਲ, ਮਧੂ ਮਲਾਰ, ਗੰਧਰਵ ਸੂਹੀ, ਗੰਧਰਵ ਬਿਹਾਗ, ਆਦਿ ਕੁਲ 88 ਮੌਲਿਕ ਰਾਗ ਅੰਕਿਤ ਕੀਤੇ ਹਨ।"[43]

**ਸੰਤ ਸਰਵਣ ਸਿੰਘ ਜੀ ਗੰਧਰਵ** 'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ ਤਿਆਰ ਕਰਵਾ ਕੇ ਅਤੇ ਸੱਤਵਾਂ ਭਾਗ ਪੂਰਾ ਲਿਖਵਾਉਣ ਉਪਰੰਤ, ਇਸਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ 9 ਫਰਵਰੀ 1992 ਨੂੰ ਸੱਚਖੰਡ ਜਾ ਵਿਰਾਜੇ। ਉਨ੍ਹਾਂ ਦੇ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੀ ਹੋਣਹਾਰ ਸ਼ਗਿਰਦ ਬੀਬੀ ਇੰਦਰਜੀਤ ਕੌਰ ਨੇ ਇਨਾਂ ਅੰਕਾਂ ਨੂੰ ਛਪਵਾਉਣ ਦੀ ਸੇਵਾ ਨਿਭਾਈ।

---

43 ਗੁਰਨਾਮ ਸਿੰਘ (ਡਾ.): ਰੋਜ਼ਾਨਾ 'ਅਜੀਤ' ਜਲੰਧਰ, ਧਰਮ ਤੇ ਵਿਰਸਾ ਅੰਕ, ਗੁਰਮਤਿ ਸੰਗੀਤ ਪ੍ਰੰਪਰਾ-133, ਮਿਤੀ 16 ਜੁਲਾਈ 2013, ਪੰਨਾ 8.

**ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ, 'ਬੰਦਿਸ਼ ਨੂੰ ਲਿਖਣ ਤੋਂ ਪਹਿਲਾਂ ਸੰਤ ਜੀ ਇਸ ਨੂੰ ਚੰਗੀ ਤਰਾਂ ਹਰਮੋਨੀਅਮ ਤੇ ਕੱਢਦੇ ਸਨ। ਇਸ ਉਪਰੰਤ ਤਸੱਲੀ ਹੋਣ ਤੇ ਉਹੀ ਬੰਦਿਸ਼ ਬੀਬੀ ਇੰਦਰਜੀਤ ਕੌਰ ਕੋਲੋਂ ਲਿਖਵਾਉਂਦੇ। ਇਸ ਉਪਰੰਤ ਇਹ ਲਿਖੀਆਂ ਬੰਦਸ਼ਾਂ ਛਪਣ ਲਈ ਪ੍ਰੈਸ ਨੂੰ ਭੇਜੀਆਂ ਜਾਂਦੀਆਂ ਸਨ। ਇਸ ਤਰ੍ਹਾਂ ਵਾਰ-ਵਾਰ ਤਰੁਟੀਆਂ ਦੂਰ ਕਰਕੇ ਇਹ ਪੁਸਤਕ 'ਸੁਰ ਸਿਮਰਨ ਸੰਗੀਤ' (ਸੱਤ ਭਾਗ) ਹੋਂਦ ਵਿਚ ਆਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਸਤਕਾਂ ਵਿਚ ਦਰਜ ਸਾਰੀਆਂ ਬੰਦਸ਼ਾਂ ਸੰਤ ਸਰਵਣ ਸਿੰਘ ਗੰਧਰਵ ਦੀਆਂ ਆਪਣੀਆਂ ਹਨ ਤੇ ਇਹ ਸਾਰੀਆਂ ਹੀ ਉਨ੍ਹਾਂ ਨੂੰ ਜਵਾਨੀ ਯਾਦ ਵੀ ਹੁੰਦੀਆਂ ਸਨ।'[44]

ਸੰਤ ਸਰਵਣ ਸਿੰਘ ਗੰਧਰਵ ਦੀ ਪੁਸਤਕ ਲੜੀ 'ਸੁਰ ਸਿਮਰਨ ਸੰਗੀਤ' ਦੀ ਪ੍ਰਸ਼ੰਸਾ ਵਿਚ **ਦਰਸ਼ਨ ਸਿੰਘ ਖਾਲਸਾ** (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ) ਅਨੁਸਾਰ, "ਸੰਤ ਸਰਵਣ ਸਿੰਘ ਗੰਧਰਵ (ਡਬਲ ਐਮ.ਏ.) ਡੁਮੇਲੀ ਵਾਲਿਆਂ ਦੀ ਰਚਿਤ ਪੁਸਤਕ ਸੁਰ ਸਿਮਰਨ ਸੰਗੀਤ ਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ। ਸੰਤ ਜੀ ਨੇ ਅਤੀ ਕੋਮਲ ਅਤੇ ਸੂਖਮ ਵਿਸ਼ੇ ਨੂੰ ਵਿਦਵਤਾ ਨਾਲ ਪਾਠਕਾਂ ਸਾਹਮਣੇ ਰੱਖਣ ਦਾ ਸਫਲ ਉਪਰਾਲਾ ਕੀਤਾ ਹੈ। ਸੰਤ ਜੀ ਨੇ 7 ਭਾਗਾਂ ਵਿਚ 'ਸੁਰ ਸਿਮਰਨ ਸੰਗੀਤ' ਪੁਸਤਕ ਰਚਿਤ ਕੀਤੀ ਹੈ। ਇਹ ਪੁਸਤਕ ਬੜੀ ਲਾਹੇਬੰਦ ਤੇ ਉਪਮਾ ਯੋਗ ਹੈ। ਅੱਜ ਤੱਕ ਪੰਜਾਬੀ ਭਾਸ਼ਾ ਵਿਚ ਜਿੰਨੀਆਂ ਵੀ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ, ਮੇਰੀ ਆਪਣੀ ਚੋਣ ਤੋਂ ਪਤਾ ਲੱਗਾ ਹੈ ਕਿ ਇਹ ਪੁਸਤਕ ਸਭ ਪੁਸਤਕਾਂ ਨਾਲੋਂ ਜ਼ਿਆਦਾ ਖੋਜ ਭਰੀ ਹੈ, ਗੁਰਮਤਿ ਸੰਗੀਤ ਦੇ ਆਧਾਰ ਤੇ ਖੋਜ ਕਰ ਕੇ ਬਣਾਈ ਗਈ ਹੈ। ਇਸਦੇ ਪਹਿਲੇ, ਦੂਜੇ, ਤੀਜੇ, ਚੌਥੇ, ਪੰਜਵੇਂ ਭਾਗ ਵਿਚ ਭਾਤਖੰਡੇ ਸੁਰ ਲਿਪੀ ਦੇ ਚਿੰਨ੍ਹ, ਆਸਾ ਦੀ ਵਾਰ, ਸ੍ਰੀ ਰਾਗ ਅਤੇ ਗਉੜੀ ਰਾਗ ਬਾਰੇ ਖੋਲ ਕੇ ਜਾਣਕਾਰੀ ਦਿਤੀ ਗਈ ਹੈ। ਇਹ ਹੀ ਨਹੀਂ ਬਲਕਿ ਇਹਨਾਂ ਵਿਚ ਸੰਗੀਤ ਦੇ ਸ਼ਾਸਤ੍ਰੀਯ ਅਤੇ ਅਮਲੀ ਵਿਸ਼ੇ ਸੰਬੰਧੀ ਜਾਣਕਾਰੀ ਬਹੁਤ ਅੱਛੇ ਢੰਗ ਨਾਲ ਅੰਕਿਤ ਕੀਤੀ ਗਈ ਹੈ। ਸੰਗੀਤ ਦੇ ਵਿਦਿਆਰਥੀ ਅਤੇ ਕੀਰਤਨ ਸਿੱਖਣ ਦੇ ਚਾਹਵਾਨ ਸੱਜਣਾਂ ਲਈ ਇਹ ਕੀਰਤਨ ਸਿੱਖਣ ਦੀ ਪੁਸਤਕ ਬਹੁਤ ਲਾਭਦਾਇਕ ਹੈ। ਅਜਿਹੀ ਪੁਸਤਕ ਰਾਹੀਂ ਸੰਤ ਜੀ ਨੇ ਸਿੱਖ ਪੰਥ ਹੀ ਨਹੀਂ, ਬਲਕਿ ਸਮੁੱਚੇ ਜਗਤ ਦੀ ਵੱਡੀ ਸੇਵਾ ਕੀਤੀ ਹੈ। ਸੰਸਾਰ ਦੇ ਮਸ਼ਹੂਰ ਸੰਗੀਤਕਾਰਾਂ ਵਿੱਚੋਂ ਸੰਤ ਸਰਵਣ ਸਿੰਘ ਗੰਧਰਵ (ਡਬਲ ਐਮ.ਏ.) ਜੀ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਅੰਕਿਤ ਹੋਵੇਗਾ ਅਤੇ ਸੰਤ ਜੀ ਸੂਰਜ ਦੀ ਰੋਸ਼ਨੀ ਵਾਂਗ ਸੰਗੀਤ ਰਾਹੀਂ ਆਪਣੇ ਗਿਆਨ ਦਾ ਪਸਾਰਾ ਦੁਨੀਆਂ ਦੇ ਹਰੇਕ ਖੇਤਰ ਵਿਚ ਕਰਨਗੇ। ਜਿਵੇਂ ਸੂਰਜ ਦੀਆਂ ਕਿਰਨਾਂ ਹਨੇਰੇ ਨੂੰ ਦੂਰ ਕਰਦੀਆਂ ਹਨ, ਫੁੱਲਾਂ ਨੂੰ ਭਿੰਨ-ਭਿੰਨ ਰੰਗ ਪ੍ਰਦਾਨ

---

44 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

ਕਰਦੀਆਂ ਹਨ ਅਤੇ ਇਹਨਾਂ ਵਿਚ ਖ਼ੁਸ਼ਬੂ ਪਾਉਂਦੀਆਂ ਹਨ ਅਤੇ ਅਨੇਕਾਂ ਬਿਮਾਰੀਆਂ ਦੂਰ ਕਰਦੀਆਂ ਹੋਈਆਂ ਪ੍ਰਕਿਰਤੀ ਨੂੰ ਵਧਾਉਣ ਵਿਚ ਸਹਾਇਕ ਹੁੰਦੀਆਂ ਹਨ, ਉਸੀ ਪ੍ਰਕਾਰ ਮਹਾਨ ਸੰਗੀਤਕਾਰ ਸੰਤ ਸਰਵਣ ਸਿੰਘ ਗੰਧਰਵ (ਡਬਲ ਐਮ.ਏ.) ਡੁਮੇਲੀ ਵਾਲਿਆਂ ਨੇ ਆਪਣੀ ਇਸ ਮਹਾਨ ਕਲਾ ਦੁਆਰਾ ਸੰਗੀਤ ਦੇ ਖੇਤਰ ਵਿਚ ਇਕ ਅਜਿਹੀ ਜੋਤ ਜਗਾ ਦਿੱਤੀ ਹੈ ਜਿਹੜੀ ਰਹਿੰਦੀ ਦੁਨੀਆਂ ਤੀਕ ਜਗਦੀ ਰਹੇਗੀ। ਸੰਤ ਜੀ ਦਾ ਆਪਣਾ ਜੀਵਨ ਬੜਾ ਸੱਚਾ ਤੇ ਸੁੱਚਾ ਹੈ। ਸੰਤ ਜੀ ਨੇ ਆਪਣਾ ਸਾਰਾ ਜੀਵਨ ਪਰਉਪਕਾਰ ਤੇ ਹੀ ਲਾਇਆ ਹੈ।"[45]

ਗੁਰਮਤਿ ਸੰਗੀਤਾਚਾਰੀਆ **ਡਾ. ਗੁਰਨਾਮ ਸਿੰਘ** ਅਨੁਸਾਰ, "ਆਪ ਨੇ ਆਪਣੀਆਂ ਪੁਸਤਕਾਂ ਵਿਚ ਪ੍ਰਯੋਗ ਕੀਤੇ ਗਏ ਰਾਗਾਂ, ਰਾਗ ਪ੍ਰਕਾਰਾਂ, ਮਿਸ਼ਰਤ ਰਾਗਾਂ, ਵਿਭਿੰਨ ਰਾਗ ਸਰੂਪਾਂ ਦੀਆਂ ਅਦਭੁੱਦ ਬੰਦਸ਼ਾਂ ਤਿਆਰ ਕੀਤੀਆਂ ਹਨ। ਇਹਨਾਂ ਦੇ ਰਾਗ ਸਰੂਪਾਂ ਅਤੇ ਸ਼ਾਸਤਰ ਵਿਖਿਆਨ ਵਿਚਲੀ ਮੌਲਿਕਤਾ ਸੰਗੀਤ ਦੀ ਨਿਵੇਕਲੇ ਰਾਹ ਰੁਸ਼ਨਾਉਂਦੀ ਹੈ। ਗੰਧਰਵ ਸਾਹਿਬ ਕੋਲ ਬਾਣੀ, ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੀ ਸੂਖ਼ਮ ਸੂਝ ਸੀ ਅਤੇ ਇਨ੍ਹਾਂ ਤਿੰਨਾਂ ਵਿਚ ਸੰਤੁਲਨ ਰੱਖ ਸਕਣ ਨੂੰ ਆਪ ਨੇ ਆਪਣਾ ਆਦਰਸ਼ ਬਣਾਇਆ ਹੈ। ਕਿਸੇ ਹੱਦ ਤੱਕ ਇਹ ਬੰਦਸ਼ਾਂ ਸਾਧਾਰਣ ਗਾਇਕ ਦੇ ਵਸੋਂ ਬਾਹਰ ਦੀ ਵਸਤ ਵੀ ਹਨ ਕਿਉਂਕਿ ਇਹਨਾਂ ਦੇ ਗਾਇਨ ਲਈ ਸੰਗੀਤ ਦੀ ਪੂਰਨ ਸੂਝ, ਰਿਆਜ਼ ਤੇ ਆਵਾਜ਼ ਦੀ ਆਵਸ਼ੱਕਤਾ ਹੈ। ਜਿਥੇ ਕਿਤੇ ਵੀ ਰਾਗਾਂ ਦੇ ਸਰੂਪਾਂ ਦੇ ਸਬੰਧੀ ਵਖਰੇਵੇ ਤੇ ਭਿੰਨਤਾ ਪਾਈ ਜਾਂਦੀ ਹੈ ਉਥੇ ਸੰਤ ਸਰਵਣ ਸਿੰਘ ਦਾ ਮੱਤ ਸਪੱਸ਼ਟ ਤੇ ਨਿਰਛਲ ਹੈ। ਇਹ ਉਨ੍ਹਾਂ ਦੀ ਲਿਖਤ ਦਾ ਵਡੇਰਾ ਗੁਣ ਹੈ।"[46]

ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ 'ਸੁਰ ਸਿਮਰਨ ਸੰਗੀਤ' (ਸੱਤ ਭਾਗਾਂ) ਵਿਚ ਜਿਥੇ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਨਾਲ ਸਬੰਧਿਤ ਵਿਸ਼ਾਲ ਸਮੱਗਰੀ ਦਾ ਸੰਕਲਨ ਕੀਤਾ ਹੈ ਉਥੇ ਅਨੇਕ ਵਿਸ਼ੇਸ਼ ਰਾਗ ਪ੍ਰਯੋਗ ਵਿਚ ਲਿਆਂਦੇ ਹਨ।

**ਡਾ. ਗੁਰਨਾਮ ਸਿੰਘ** ਅਨੁਸਾਰ ਇਹ ਰਾਗ ਇਸ ਪ੍ਰਕਾਰ ਹਨ, 'ਅਨੰਦਪੁਰੀ ਕਾਨੜਾ, ਅਨੰਦੀ ਕੇਦਾਰ, ਆਡੰਬਰੀ ਕੇਦਾਰ, ਆੜਾਨਾ ਕਾਨੜਾ, ਔੜਵ ਤੁਖਾਰੀ, ਇਮਨ ਕਲਿਆਣ, ਸੰਗਮ ਕੇਦਾਰ, ਸਰਵਣ ਸਾਰੰਗ, ਸਰਵਣ ਕਾਨੜਾ, ਸਰਵਣ ਗੌਂਡ, ਸਰਵਣ ਟੋਡੀ, ਸਰਵਣ ਭੈਰਉ, ਸਰਵਣ ਮਲ੍ਹਾਰ, ਸਰਵਨ, ਸਾਰੰਗ ਗੌਂਡ, ਸਾਰੰਗ ਗੌਲ, ਸਾਰੰਗਾ ਸਾਰੰਗ, ਸਾਵਨੀ ਨਟ, ਸਿੰਘ ਸਰਵਣ ਕੇਦਾਰ, ਸਿੰਘ ਸਰਵਣ ਨਾਟ, ਸਿੰਧੂ ਬਹਾਰ, ਸੂਹਾ ਬਿਲਾਵਲ, ਸੋਰਠਿ ਮਾਝ, ਸ਼ਿਆਮ ਕਾਨੜਾ, ਸ਼ੁੱਧ ਗਉੜੀ, ਹੰਸ ਕਲਿਆਣ, ਹੰਸ ਨਟ, ਹਮੀਰ ਨਟ, ਹੋਲੀ, ਕਬੀਰ ਭੈਰਉ, ਕਮਲ ਰੰਜਨੀ, ਕਾਨੜਾ ਬਹਾਰ, ਕਾਨੜਾ

---

45 ਜਥੇਦਾਰ ਦਰਸ਼ਨ ਸਿੰਘ ਖਾਲਸਾ: ਮੁਖਬੰਧ, ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 13-14.

46 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2000, ਪੰਨਾ 194.

ਮਲ੍ਹਾਰ, ਕਾਫੀ ਸੂਹੀ, ਕਾਫੀ ਕਾਨੜਾ, ਕੇਦਾਰ ਬਹਾਰ, ਕੇਦਾਰ ਮਲਾਰ, ਖਵਾਜਾ ਕਲਿਆਣ, ਗੰਧਰਵ ਸੂਹੀ, ਗੰਧਰਵ ਗੌਂਡ, ਗੰਧਰਵ ਬਿਹਾਗ, ਗੰਧਾਰੀ ਟੋਡੀ, ਗੁੰਜੀ ਕਾਨੜਾ, ਗੁਰਦੇਵ ਸਾਰੰਗ, ਗੁਰਦੇਵ ਮਲ੍ਹਾਰ, ਚੰਦ੍ਰਿਕਾ ਗੌਂਡ, ਛਾਇਆ ਮਲ੍ਹਾਰ, ਜਯੰਤ ਕਾਨੜਾ, ਜਲਧਰ ਕਲਿਆਣ, ਜਲਧਰ ਮਲ੍ਹਾਰ, ਜੈਜ ਬਿਲਾਵਲ, ਜੈ ਜੈ ਵੰਤੀ ਟੋਡੀ, ਜੋਗ ਮਲ੍ਹਾਰ, ਤਿਲੰਗ ਜੋਗ, ਦਖਿਣੀ ਸੂਹੀ, ਦੁਰਗਾ ਕਲਿਆਣ, ਨਟ ਕਲਿਆਣ, ਨਟ ਕੇਦਾਰ, ਨਾਰਾਇਣ ਗੌਂਡ, ਪੰਚ ਕਲਿਆਣ, ਪੰਤ ਗੌਂਡ, ਪ੍ਰਭਾਤ ਕਿਰਣ, ਬਸੰਤ ਕਲਿਆਣ, ਬਸੰਤ ਕੇਦਾਰ, ਬਸੰਤ ਟੋਡੀ, ਬਰਸਾਤੀ ਮਲਾਰ, ਬੀਹੜ ਭੈਰਉ, ਮਹੀਂਦਰ ਭੈਰਉ, ਮਧੁਪ ਕਲਿਆਣ, ਮਧੂ ਮਲਾਰ, ਮਾਝ ਖਮਾਜੀ, ਮਾਰੂ ਤਿਲੰਗ, ਮਾਲਗੁੰਜੀ ਕਾਨੜਾ, ਮਾਲਤੀ ਬਸੰਤ, ਮੁਲਤਾਨੀ ਧਨਾਸਰੀ, ਮੋਹਨ ਕਲਿਆਣ, ਮੋਟਕੀ ਟੋਡੀ, ਯਸ਼ ਰੰਜਨੀ, ਯਮਨੀ ਮਾਝ, ਰੰਜਨੀ, ਰਾਗੇ ਸ੍ਰੀ ਕਾਨੜਾ, ਰਾਗੇ ਸ੍ਰੀ ਬਹਾਰ, ਰਾਜ ਕਲਿਆਣ, ਰੇਵਤੀ ਕਾਨੜਾ, ਲਹਿਦਾ, ਲੱਛਾ ਸਾਖਾ ਬਿਲਾਵਲ, ਲਲਿਤ ਕਲੀ, ਵਡਹੰਸ ਸਾਰੰਗ, ਵੇਣੀ ਕੇਦਾਰ ਆਦਿ।'[47]

**ਸੰਤ ਹਰਚੰਦ ਸਿੰਘ ਲੌਂਗੋਵਾਲ** ਅਨੁਸਾਰ, "ਹਜ਼ਾਰਾਂ ਸੰਗੀਤ ਦੇ ਵਿਦਿਆਰਥੀਆਂ ਨੇ ਸੁਰ ਸਿਮਰਨ ਸੰਗੀਤ ਰਾਹੀਂ ਗੁਰਬਾਣੀ ਦੇ ਕੀਰਤਨ ਦੀ ਅਮੋਲਕ ਦਾਤ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਉਹ ਸੰਤ ਸਰਵਣ ਸਿੰਘ ਜੀ, ਡਬਲ ਐਮ.ਏ. ਗੰਧਰਵ ਡੁਮੇਲੀ ਵਾਲਿਆਂ ਦੇ ਮਹਾਨ ਉਦਮ ਸਦਕਾ ਰਾਗ ਵਿਦਿਆ ਵਿਚ ਪ੍ਰਵੀਨ ਹੋ ਕੇ ਕੀਰਤਨ ਰਾਹੀਂ ਸਿੱਖੀ ਦੀ ਸੇਵਾ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦੇਸ-ਪਰਦੇਸ ਦੇ ਗੁਰਧਾਮਾਂ ਵਿਚ ਕੀਰਤਨ ਕਰਨ ਵਾਲੇ ਅਨੇਕ ਰਾਗੀ ਸਿੰਘਾਂ ਨੇ ਇਸ ਅਮੋਲਕ ਸੰਗੀਤ ਗ੍ਰੰਥ ਰਾਹੀਂ ਲਾਭ ਉਠਾਇਆ ਹੈ।"[48] **ਪ੍ਰੋ. ਜਗਜੀਤ ਕੌਰ** ਅਨੁਸਾਰ, "ਸੰਤ ਸਰਵਣ ਸਿੰਘ ਜੀ ਗੰਧਰਵ ਦੁਆਰਾ ਲਿਖਿਤ ਸੁਰ ਸਿਮਰਨ ਸੰਗੀਤ ਗੁਰਮਤਿ ਸੰਗੀਤ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਇਨ੍ਹਾਂ ਪੁਸਤਕਾਂ ਵਿਚ ਆਪ ਨੇ ਗੁਰਮਤਿ ਸੰਗੀਤ ਨੂੰ ਪੂਰਨ ਤੌਰ ਤੇ ਭਾਰਤੀ ਸੰਗੀਤ ਨਾਲ ਜੋੜਨ ਤੇ ਭਾਰਤੀ ਸੰਗੀਤ ਦੇ ਸੰਦਰਭ ਵਿਚ ਪ੍ਰਸਤੁਤ ਕਰਨ ਦੀ ਵਿਧਾ ਨੂੰ ਦ੍ਰਿੜਾਇਆ ਹੈ। ਇਸ ਕਾਰਜ ਦੇ ਅੰਤਰਗਤ ਆਪ ਨੇ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਭਿੰਨ-ਭਿੰਨ ਰਾਗਾਂ, ਭਿੰਨ-ਭਿੰਨ ਤਾਲਾਂ ਤੇ ਭਿੰਨ-ਭਿੰਨ ਗਾਇਨ ਸ਼ੈਲੀਆਂ ਵਿਚ ਮੌਲਿਕ ਬੰਦਸ਼ਾਂ ਦੀ ਰਚਨਾਂ ਕਰਕੇ ਉਨ੍ਹਾਂ ਨੂੰ ਸੁਰ ਲਿਪੀ ਬੱਧ ਕੀਤਾ ਹੈ। ਗੰਧਰਵ ਸਾਹਿਬ ਦੀ ਕਲਮ ਸੰਗੀਤ ਦੇ ਵਿਸਤਾਰਾਂ ਸਮੇਂ ਨਾਂ ਰੁਕੀ ਹੈ ਨਾਂ ਅਟਕੀ ਹੈ। ਰਾਗਾਂ ਦੇ ਪਰਿਚਯ, ਇਨ੍ਹਾਂ ਦੇ ਵੱਖ-ਵੱਖ ਪ੍ਰਕਾਰ, ਰਾਗਾਂ ਵਿਚ ਭਿੰਨ-ਭਿੰਨ ਬੰਦਸ਼ਾਂ, ਤਾਲਾਂ ਦਾ ਵਿਸਤਾਰ, ਸੰਗੀਤ ਸਿਧਾਤਾਂ ਦੀ ਵਿਆਖਿਆ, ਭਿੰਨ-ਭਿੰਨ ਸੰਗੀਤ ਮੱਤਾਂ ਦਾ ਬੇਟੋਕ ਬੇਅਟਕ ਵਰਣਨ ਆਪ ਦੇ ਹਿਸੇ ਹੀ ਆਇਆ ਹੈ। 'ਸੁਰ ਸਿਮਰਨ ਸੰਗੀਤ'

---

47 Gurnam Singh (Dr.) (Editor-in-chief): Gurmat Sangit Terminology, 2012, ਪੰਨਾ 67-134

48 ਸੰਤ ਹਰਚੰਦ ਸਿੰਘ ਲੌਂਗੋਵਾਲ: ਮੁਖਬੰਧ, ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 14.

ਨਾਮਕ ਪੁਸਤਕਾਂ ਨੂੰ ਗੁਰਮਤਿ ਸੰਗੀਤ ਪ੍ਰਤੀ ਹੀ ਨਹੀਂ ਸਗੋਂ ਭਾਰਤੀ ਸੰਗੀਤ ਲਈ ਵੀ ਵਡਮੁੱਲਾ ਯੋਗਦਾਨ ਹੈ। ਪੰਜਾਬੀ ਭਾਸ਼ਾ ਵਿਚ ਕਿਸੇ ਇਕ ਵਿਅਕਤੀ ਦੁਆਰਾ ਰਚਿਤ ਤੇ ਪ੍ਰਕਾਸ਼ਿਤ ਇਹ ਕਾਰਜ ਆਪਣੇ ਆਪ ਵਿਚ ਇਕ ਨਿਵੇਕਲਾ ਮਿਸਾਲ ਹੈ।"[49]

**ਸ. ਕੁਲਵਿੰਦਰ ਸਿੰਘ** ਅਨੁਸਾਰ, "ਸੁਰ ਸਿਮਰਨ ਸੰਗੀਤ ਦੇ ਰਚੈਤਾ ਸ੍ਰੀਮਾਨ 108 ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਸਰਵਣ ਸਿੰਘ ਜੀ ਗੰਧਰਵ ਸੰਨ 1926 ਤੋਂ 1992 ਤੱਕ ਇਸ ਸੰਸਾਰ ਵਿਚ ਇਸ ਤਰ੍ਹਾਂ ਵਿਚਰੇ 'ਜੈਸੇ ਜਲ ਮਹਿ ਕਮਲ ਅਲੇਪ'॥ ਸੰਤ ਜੀ ਮਹਾਰਾਜ ਨੇ ਇਸ ਸੰਸਾਰ ਵਿਚ ਆ ਕੇ ਸੰਗੀਤ ਕਲਾਕਾਰਾਂ ਅਤੇ ਕੀਰਤਨ ਸਿੱਖਣ ਦੇ ਉਪਾਸ਼ਕਾਂ ਵਾਸਤੇ ਇਕ ਬਹੁਤ ਵਡਮੁੱਲੀ ਦੇਣ ਸੁਰ ਸਿਮਰਨ ਸੰਗੀਤ ਪੁਸਤਕ ਦੀ ਰਚਨਾਂ ਵੱਖ-ਵੱਖ 7 ਭਾਗਾਂ ਵਿਚ ਕੀਤੀ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਅਤੇ ਇਹਨਾਂ ਤੋਂ ਇਲਾਵਾ ਤਕਰੀਬਨ ਇਕ ਹਜ਼ਾਰ ਰਾਗਾਂ ਤੇ ਉਪ-ਰਾਗਾਂ ਦਾ ਪੂਰਨ ਵਿਸਥਾਰ ਨਾਲ ਸ਼ਬਦ ਅਤੇ ਭਜਨ ਗਾ ਕੇ ਵਰਣਨ ਕੀਤਾ ਗਿਆ ਹੈ। ਬਹੁਤ ਹੀ ਸੌਖੇ ਢੰਗ ਨਾਲ ਕੀਰਤਨ ਕਰਨ ਤੇ ਸਿਖਣ ਵਾਲੇ ਉਪਾਸ਼ਕਾਂ ਵਾਸਤੇ ਉਸੇ ਤਰ੍ਹਾਂ ਦਾ ਢੰਗ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਬਹੁਤ ਹੀ ਔਖੀਆਂ ਚੀਜ਼ਾਂ ਨੂੰ ਸਰਲ ਢੰਗ ਨਾਲ ਸਮਝਾਇਆ ਗਿਆ ਹੈ, ਜਿਹੜਾ ਕਿ ਆਪਣੇ ਆਪ ਵਿਚ ਇਕ ਮਿਸਾਲ ਰੂਪ ਹੈ।"[50]

ਇਸ ਤਰ੍ਹਾਂ ਸੰਤ ਸਰਵਣ ਸਿੰਘ ਨੇ ਜਿਥੇ ਦੇਸ਼-ਵਿਦੇਸ਼ ਵਿਚ ਰਾਗ ਨਿਰਧਾਰਿਤ ਕੀਰਤਨ ਕਰਕੇ ਗੁਰਬਾਣੀ ਗਾਇਨ ਦਾ ਆਪ ਪਰਚਾਰ ਕੀਤਾ, ਉਥੇ ਆਉਣ ਵਾਲੇ ਸਮੇਂ ਵਿਚ ਕੀਰਤਨ ਪ੍ਰੇਮੀਆਂ ਦੇ ਮਾਰਗ ਦਰਸ਼ਨ ਹਿਤ ਪੁਸਤਕ ਰਚਨਾਂ ਕਰਕੇ ਨਾਂ ਕੇਵਲ ਆਪਣੀਆਂ ਰਚਨਾਵਾਂ ਨੂੰ ਭਵਿਖ ਲਈ ਸੁਰੱਖਿਅਤ ਕੀਤਾ ਬਲਕਿ ਕੀਰਤਨ ਪ੍ਰੇਮੀਆਂ ਲਈ ਵਡਮੁੱਲਾ ਯੋਗਦਾਨ ਵੀ ਪਾਇਆ।

### 3.4 ਸਨਮਾਨ

ਸੰਤ ਸਰਵਣ ਸਿੰਘ ਨੂੰ ਆਪਣੇ ਵਡਮੁੱਲੇ ਕਾਰਜਾਂ ਸਦਕਾ ਦੇਸ਼-ਵਿਦੇਸ ਦੀਆਂ ਅਨੇਕ ਸਭਾ ਸੁਸਾਇਟੀਆਂ ਵਲੋਂ ਭਰਪੂਰ ਮਾਣ ਸਨਮਾਨ ਦਿਤਾ ਗਿਆ। **ਡਾ. ਗੁਰਨਾਮ ਸਿੰਘ** ਅਨੁਸਾਰ, 'ਗੁਰਮਤਿ ਸੰਗੀਤ ਸੁਸਾਇਟੀ ਪਟਿਆਲਾ ਵਲੋਂ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਦੀ ਯਾਦ ਵਿਚ ਆਪ ਨੂੰ ਦਿਤਾ ਗਿਆ '**ਗੁਰਮਤਿ ਸੰਗੀਤ ਅਵਾਰਡ**' ਵੀ ਆਪ ਦੀ ਇਕ ਵਿਸ਼ੇਸ਼ ਪ੍ਰਾਪਤੀ ਸੀ ਕਿਉਂਕਿ ਇਹ ਅਵਾਰਡ ਗੁਰਮਤਿ ਸੰਗੀਤ ਦੇ ਕਿਸੇ ਸ਼ਾਸਤਰੀ ਨੂੰ ਹੀ ਦਿਤਾ ਜਾਂਦਾ ਹੈ। ਚੀਫ਼ ਖਾਲਸਾ ਦੀਵਾਨ ਵਲੋਂ

---

49 ਪ੍ਰੋ. ਜਗਜੀਤ ਕੌਰ: ਗੁਰਮਤਿ ਸੰਗੀਤਾਚਾਰੀਆ ਸੰਤ ਸਰਵਣ ਸਿੰਘ ਗੰਧਰਵ, ਵਿਸਮਾਦੁ ਨਾਦ, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 96.

50 ਸ. ਕੁਲਵਿੰਦਰ ਸਿੰਘ: ਸ਼ਰਧਾ ਦੇ ਫੁੱਲ, ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 14.

1993 ਵਿਚ ਪਟਿਆਲਾ ਦੇ ਪੋਲੋ ਗਰਾਊਂਡ ਵਿਚ ਕਰਵਾਈ ਗਈ ਸਰਵ ਹਿੰਦ ਐਜੂਕੇਸ਼ਨ ਕਾਨਫਰੰਸ ਦੌਰਾਨ ਆਪ ਜੀ ਨੂੰ ਕੋਆਰਡੀਨੇਟਰ ਬਣਾਇਆ ਗਿਆ ਸੀ ਜਿਸ ਵਿਚ ਗਉੜੀ ਦੇ ਪ੍ਰਕਾਰ ਗਾਏ ਗਏ ਹਨ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਕੀਤਾ ਗਿਆ ਕਾਰਜ ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਕਿਰਿਆਤਮਕ ਖੇਤਰ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ।

## 3.5 ਸ਼ਗਿਰਦ

ਸੰਤ ਸਰਵਣ ਸਿੰਘ ਗੰਧਰਵ ਸੰਗੀਤ ਦੇ ਧਨੀ ਸਨ। ਉਹ ਜਿਥੇ ਰਾਗਾਤਮਿਕ ਕੀਰਤਨ ਕਰਨ ਅਤੇ ਤੰਤੀ ਸਾਜ਼ ਵਜਾਉਣ ਦੇ ਮਾਹਿਰ ਸਨ, ਉਥੇ ਉਨ੍ਹਾਂ ਦੇ ਅਨੇਕਾਂ ਸ਼ਗਿਰਦ ਵੀ ਹੋਏ ਹਨ ਜਿਨ੍ਹਾਂ ਨੇ ਡੁਮੇਲੀ ਟਕਸਾਲ ਅਤੇ ਸੰਤ ਸਰਵਣ ਸਿੰਘ ਗੰਧਰਵ ਦਾ ਨਾਮ ਰੋਸ਼ਨ ਕੀਤਾ ਹੈ।

'ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਖੁਦ **ਦੇਸ਼-ਵਿਦੇਸ਼ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ** ਕੀਰਤਨ ਕਰਕੇ ਨਾਮਣਾ ਖੱਟਿਆ, ਉਥੇ ਉਨ੍ਹਾਂ ਦੇ ਸ਼ਗਿਰਦਾਂ ਨੇ ਵੀ ਡੁਮੇਲੀ ਟਕਸਾਲ ਦਾ ਨਾਮ ਉੱਚਾ ਕੀਤਾ। ਇਨ੍ਹਾਂ ਵਿਚੋਂ **ਭਾਈ ਬੰਤਾ ਸਿੰਘ** (ਅੰਮ੍ਰਿਤਸਰ ਵਾਲੇ) ਅਤੇ **ਭਾਈ ਸੱਜਣ ਸਿੰਘ** (ਪਿੰਡ ਮੂਲੋਵਾਲ ਜਿਲਾ ਸੰਗਰੂਰ) ਪਹਿਲਾਂ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਕੀਰਤਨ ਕਰਦੇ ਰਹੇ। ਬਾਅਦ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਦੀਆਂ ਸੇਵਾਵਾਂ ਨਿਭਾ ਕੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਬਣੇ। ਇਨ੍ਹਾਂ ਵਿਚੋ ਭਾਈ ਬੰਤਾ ਸਿੰਘ ਜੀ ਤਾਂ ਬੀਤੇ ਸਾਲ ਰੱਬ ਨੂੰ ਪਿਆਰੇ ਹੋ ਗਏ ਸਨ, ਤੇ ਭਾਈ ਸੱਜਣ ਸਿੰਘ ਅੱਜਕਲ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਪੱਕੇ ਤੌਰ ਤੇ ਰਹਿ ਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੇ ਹਨ। ਇਹ ਦੋਵੇਂ ਨੇਤਰਹੀਣ ਸਨ। ਭਾਈ ਸੱਜਣ ਸਿੰਘ ਅਨੁਸਾਰ ਉਹ 1965 ਵਿਚ ਸੰਤ ਗੰਧਰਵ ਜੀ ਦੀ ਸ਼ਰਨ ਵਿਚ ਆਏ ਸਨ। ਉਨ੍ਹਾਂ ਨੇ ਸੰਤ ਜੀ ਕੋਲੋਂ ਵਾਇਲਨ ਅਤੇ ਦਿਲਰੁਬਾ ਸਿਖਣੀ ਅਰੰਭ ਕੀਤੀ ਪਰ ਸਿਖ ਨਹੀਂ ਸਕੇ। ਇਸ ਉਪਰੰਤ ਹਰਮੋਨੀਅਮ ਅਤੇ ਤਬਲਾ ਦੀ ਸਿਖਿਆ ਗੰਧਰਵ ਸਾਹਿਬ ਕੋਲੋਂ ਲਈ। ਉਨ੍ਹਾਂ ਨੇ 1981 ਤੋਂ ਲੈ ਕੇ 1994 ਤੱਕ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕੀਤਾ। ਸੰਤ ਜੀ ਦੇ ਸ਼ਗਿਰਦਾਂ ਵਿਚੋ **ਭਾਈ ਗੁਰਮੇਲ ਸਿੰਘ ਜਗਜੀਤਪੁਰ** (ਨੇੜੇ ਫਗਵਾੜਾ) ਵਾਲੇ ਵੀ ਮਹਾਨ ਰਾਗੀ ਹੋਏ ਹਨ, ਜੋ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਅਤੇ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਕੀਰਤਨ ਕਰਦੇ ਰਹੇ ਹਨ। ਇਹ ਵੀ ਸੂਰਰਮੇ ਸਿੰਘ ਸਨ ਤੇ ਚੜ੍ਹਾਈ ਕਰ ਚੁੱਕੇ ਹਨ। ਇਸੇ ਤਰਾਂ **ਭਾਈ ਦਇਆ ਸਿੰਘ** ਨੇ ਵੀ ਸੰਤ ਸਰਵਣ ਸਿੰਘ ਗੰਧਰਵ ਨਾਲ ਰਹਿ ਕੇ ਕੀਰਤਨ ਕਰਨ ਦੀ ਵਿਸ਼ੇਸ਼ ਸਿਖਲਾਈ ਲਈ ਤੇ ਬਾਅਦ ਵਿਚ ਕਨੇਡਾ ਜਾ ਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ। **ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨੇ ਵੀ ਸੰਤ ਗੰਧਰਵ ਜੀ ਕੋਲ ਰਹਿ ਕੇ ਕੀਰਤਨ ਕਰਨ ਦੀ ਰਾਗਾਤਮਿਕ ਸਿਖਲਾਈ ਲਈ ਤੇ ਬਾਅਦ ਵਿਚ ਉਨ੍ਹਾਂ ਨਾਲ ਸਾਈਡ ਤੇ ਬੈਠ ਕੇ ਕੀਰਤਨ ਵੀ ਕਰਦੇ ਰਹੇ। ਆਪ ਨੂੰ ਵੀ ਸੰਤ ਜੀ ਨਾਲ ਰਹਿ ਕੇ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ

ਪਰਚਾਰ ਤੇ ਪਰਸਾਰ ਕਰਨ ਦਾ ਸੁਭਾਗ ਪ੍ਰਾਪਤ ਹੈ। ਸੰਤ ਜੀ ਦੇ ਸ਼ਗਿਰਦਾਂ ਵਿਚੋਂ **ਮਹੰਤ ਬਲਵੀਰ ਸਿੰਘ** ਅੱਜਕਲ ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ (ਡੁਮੇਲੀ ਟਕਸਾਲ) ਵਿਖੇ ਰਹਿ ਕੇ ਹੀ ਕੀਰਤਨ ਸੇਵਾਵਾਂ ਦੇ ਰਹੇ ਹਨ। ਮਹੰਤ ਬਲਵੀਰ ਸਿੰਘ ਦਾ ਪਿਛੋਕੜ ਯੂ.ਪੀ ਦਾ ਹੈ ਤੇ ਆਪ ਬਚਪਨ ਤੋਂ ਹੀ ਅੱਖਾਂ ਦੀ ਰੋਸ਼ਨੀ ਘੱਟ ਹੋਣ ਕਾਰਨ ਡੁਮੇਲੀ ਡੇਰੇ ਵਿਚ ਰਹਿ ਕੇ ਸੰਤ ਗੰਧਰਵ ਜੀ ਕੋਲੋਂ ਕੀਰਤਨ ਤੇ ਹੋਰ ਸਾਜ਼ ਸਿਖਣ ਲੱਗ ਪਏ ਸਨ। ਹੁਣ ਆਪ ਬਜ਼ੁਰਗ ਹੋ ਚੁੱਕੇ ਹਨ ਤੇ ਡੁਮੇਲੀ ਡੇਰੇ ਵਿਚ ਹੀ ਰਹਿ ਕੇ ਕੀਰਤਨ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਦੇ ਸ਼ਗਿਰਦਾਂ ਵਿਚੋ **ਸੰਤ ਪ੍ਰੀਤਮ ਸਿੰਘ** ( ਮੌਜੂਦਾ ਮੁੱਖ ਸੇਵਾਦਾਰ ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ) ਵੀ ਅੱਜਕਲ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੇ ਹਨ।'[51]

## 3.6 ਲੋਕ ਭਲਾਈ ਦੇ ਕਾਰਜ

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦਾ ਵੇਰਵਾ ਵੀ ਬਹੁਤ ਲੰਬਾ ਹੈ। ਆਪ ਦੇ ਇਨ੍ਹਾਂ ਲੋਕ ਭਲਾਈ ਦੇ ਕੰਮਾਂ ਕਾਰਨ ਦੇਸ਼-ਵਿਦੇਸ਼ ਦੀ ਸੰਗਤ ਅੱਜ ਵੀ ਆਪ ਨੂੰ ਯਾਦ ਕਰਦੀ ਹੈ।

### 3.6.1 ਕਾਲਜ ਦੀ ਸਥਾਪਨਾ

**1971** ਵਿਚ ਆਪ ਜੀ ਨੇ ਪਿੰਡ ਡੁਮੇਲੀ ਵਿਖੇ ਹੀ ਆਪਣੇ ਗੁਰੂ ਸੰਤ ਬਾਬਾ ਦਲੀਪ ਸਿੰਘ ਪ੍ਰਤੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਨਾਮ ਤੇ ਇਕ ਕਾਲਜ ਦੀ ਸਥਾਪਨਾ ਕੀਤੀ, ਜੋ ਕਿ **'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ'** ਦੇ ਨਾਮ ਹੇਠ ਇਲਾਕੇ ਵਿਚ ਵਿਦਿਆ ਦਾ ਪਰਸਾਰ ਕਰ ਰਿਹਾ ਹੈ। ਇਸ ਕਾਲਜ ਦੇ ਆਪ 'ਲਾਈਫ਼ ਪ੍ਰਧਾਨ' ਰਹੇ। 1996 ਤੋਂ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਿਹਾ ਹੈ।

### 3.6.2 ਡਿਸਪੈਂਸਰੀ ਤੇ ਪਸ਼ੂ ਹਸਪਤਾਲ ਦੀ ਸਥਾਪਨਾ

ਇਸੇ ਤਰ੍ਹਾਂ ਡੁਮੇਲੀ ਪਿੰਡ ਵਿਚ ਹੀ ਆਪ ਜੀ ਨੇ **ਇਕ ਡਿਸਪੈਂਸਰੀ ਅਤੇ ਇਕ ਪਸ਼ੂਆਂ ਦੇ ਹਸਪਤਾਲ ਦੀ ਬਿਲਡਿੰਗ ਦੀ ਉਸਾਰੀ** ਕਰਵਾਈ। ਇਸ ਨਾਲ ਡੁਮੇਲੀ ਪਿੰਡ ਅਤੇ ਇਲਾਕੇ ਦੇ ਲੋਕਾਂ ਨੂੰ ਸਿਹਤ ਸਬੰਧੀ ਸੇਵਾਵਾਂ ਆਪਣੇ ਘਰ ਵਿਚ ਹੀ ਮਿਲਣ ਲੱਗੀਆਂ। "ਸੰਤ ਜੀ ਮਹਾਰਾਜ ਮਨੁੱਖ ਜਾਤੀ ਲਈ ਰੂਹਾਨੀ ਸੇਵਾ ਦੇ ਨਾਲ-ਨਾਲ ਰੋਗੀ ਲੋਕਾਂ ਦੀ ਸੇਵਾ ਕਰਕੇ ਭੀ ਜਿੰਦਗੀ ਨੂੰ ਹੋਰ ਸੁਖਾਵਾਂ ਤੇ ਸ਼ਾਂਤ ਬਣਾ ਰਹੇ

---

51 ਸੰਤ ਪ੍ਰੀਤਮ ਸਿੰਘ, ਭਾਈ ਸੱਜਣ ਸਿੰਘ ਅਮਰੀਕਾ, ਮਹੰਤ ਬਲਵੀਰ ਸਿੰਘ ਅਤੇ ਸ. ਹਰਤਾਜ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਵੱਖ-ਵੱਖ ਮਿਤੀਆਂ।

ਹਨ। ਪਿੰਡ ਡੁਮੇਲੀ ਵਿਚ ਇਕ ਡਿਸਪੈਂਸਰੀ ਚਾਲੂ ਕੀਤੀ ਗਈ ਹੈ ਜਿਥੇ ਦੁਖੀ ਤੇ ਰੋਗੀ ਮਨੁੱਖ ਜਾਤੀ ਦਾ ਭਲਾ ਕੀਤਾ ਜਾਂਦਾ ਹੈ ਤੇ ਜਿਥੇ ਤੱਕ ਹੋ ਸਕੇ ਮੁਫਤ ਦਵਾਈ ਆਦਿ ਦਿਤੀ ਜਾਂਦੀ ਹੈ।"[52]

### 3.6.3 ਸੰਗੀਤ ਵਿਦਿਆਲਾ ਡੁਮੇਲੀ ਅਤੇ ਸ੍ਰੀ ਅਨੰਦਪੁਰ ਸਾਹਿਬ

ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਿਆ ਦੇਣ ਲਈ ਪਿੰਡ ਡੁਮੇਲੀ ਵਿਚ ਹੀ ਆਪ ਜੀ ਨੇ **ਸੰਗੀਤ ਵਿਦਿਆਲਾ** ਖੋਲ੍ਹਿਆ। ਸੰਤ ਸਰਵਣ ਸਿੰਘ ਗੰਧਰਵ ਡੇਰੇ ਵਿਚ ਮੌਜੂਦ ਵਿਦਿਆਰਥੀਆਂ ਨੂੰ ਆਪ ਸੰਗੀਤ ਵਿਦਿਆ, ਗੁਰਬਾਣੀ ਸਿੱਖਿਆ ਅਤੇ ਪਾਠ ਪੜ੍ਹਨ ਦੀ ਵਿਧੀ ਦੱਸਦੇ ਸਨ। ਵਿਦਿਆ ਦੇਣ ਸਮੇਂ ਗਰੀਬ-ਅਮੀਰ, ਜਾਤ-ਪਾਤ, ਉਚ-ਨੀਚ ਨਹੀਂ ਸੀ ਦੇਖੀ ਜਾਂਦੀ। ਇਸ ਵਿਦਿਆਲਾ ਦੀ ਦੈਨਿਕ ਕਾਰਜ ਪ੍ਰਣਾਲੀ ਬਾਰੇ ਸੇਵਕ ਸਿੰਘ ਉਪਲ ਨੇ ਆਪਣੀ ਪੁਸਤਕ 'ਵਿਦੇਸ਼ ਫੇਰੀ' ਵਿਚ ਇਸ ਤਰ੍ਹਾਂ ਲਿਖਿਆ ਹੈ।

**ਸੇਵਕ ਸਿੰਘ ਉਪਲ** ਅਨੁਸਾਰ, "ਨਿਤਾ ਪ੍ਰਤੀ ਦੇ ਨਿਯਮ ਅਨੁਸਾਰ ਸਵੇਰੇ ਤਿੰਨ ਵਜੇ ਘੰਟੀ ਵੱਜੀ, ਸਾਰੇ ਡੇਰੇ ਦਾਰਾਂ ਨੇ ਉਠ ਕੇ ਇਸ਼ਨਾਨ ਪਾਣੀ ਕੀਤਾ, ਫਿਰ ਪੰਜਾਂ ਬਾਣੀਆਂ ਦੇ ਪਾਠ ਦਾ ਨਿਤਨੇਮ, ਆਸਾ ਦੀ ਵਾਰ ਦਾ ਕੀਰਤਨ ਤੇ ਕੀਰਤਨ ਤੋਂ ਉਪਰੰਤ ਅਰਦਾਸਾ ਹੋਇਆ ਤਾਂ ਸਾਰਿਆ ਨੇ ਹੁਕਮਨਾਮਾ ਸੁਣਿਆ। ਫਿਰ ਨਾਸ਼ਤੇ ਦੀ ਘੰਟੀ ਵੱਜੀ ਤਾਂ ਸਾਰਿਆਂ ਨੇ ਲੰਗਰ ਵਿਚ ਗਰਮ ਜਲ ਛੱਕਿਆ। ਅੰਨ-ਪਾਣੀ ਛੱਕਣ ਤੋਂ ਉਪਰੰਤ ਕਲਾਸ ਦੀ ਘੰਟੀ ਵੱਜੀ ਤਾਂ ਡੇਰੇ ਦੇ ਜਿਤਨੇ ਵੀ ਸੰਗੀਤ ਸਿਖਣ ਜਾਂ ਪਾਠ ਸਿਖਣ ਵਾਲੇ ਗਰੀਬ ਤੇ ਅਰਥੀ ਵਿਦਿਆਰਥੀ ਰਹਿੰਦੇ ਹਨ, ਸਾਰੇ ਕਲਾਸ ਵਿਚ ਆ ਗਏ। ਜਿਨ੍ਹਾਂ ਨੂੰ ਸੰਤ ਮਹਾਰਜ ਜੀ ਆਪ ਹੀ ਸਬਕ ਦਿੰਦੇ ਹਨ, ਸਾਰਿਆ ਨੂੰ ਸਬਕ ਦਿੱਤਾ। ਇਹ ਸਾਰੇ ਵਿਦਿਆਰਥੀ ਡੇਰੇ ਵਿਚ ਰਹਿ ਕੇ ਫਰੀ ਕੀਰਤਨ ਦੀ ਸਿਖਿਆ ਪ੍ਰਾਪਤ ਕਰਦੇ ਹਨ ਅਤੇ ਇਨ੍ਹਾਂ ਨੂੰ ਡੇਰਿਉਂ ਰੋਟੀ ਤੇ ਕਪੜਾ ਵੀ ਸੰਤ ਜੀ ਫਰੀ ਦਿੰਦੇ ਹਨ। ਇਥੇ ਇਕ ਹੋਰ ਬੜੀ ਵੱਡੀ ਗੱਲ ਇਹ ਹੈ ਕਿ ਲੰਗਰ ਦੀ ਘੰਟੀ ਵਜਣ ਵੇਲੇ ਇਹ ਨਹੀਂ ਦੇਖਿਆ ਜਾਂਦਾ ਕਿ ਇਹ ਪ੍ਰਾਣੀ ਇਥੇ ਰਹਿੰਦਾ ਹੈ ਜਾਂ ਕਿ ਬਾਹਰੋਂ ਆਇਆ ਹੈ, ਭਾਵ ਕਿ ਹਰ ਇਕ ਪ੍ਰਾਣੀ ਨੂੰ ਲੰਗਰ ਅੰਦਰ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਦੀ ਇਜ਼ਾਜ਼ਤ ਹੈ ਅਤੇ ਕਿਸੇ ਨੂੰ ਵੀ ਰੋਕਿਆ ਨਹੀਂ ਜਾਂਦਾ। ਇਸੇ ਪ੍ਰਕਾਰ ਵਿਦਿਆ ਦੇਣ ਵੇਲੇ ਵੀ ਅਮੀਰ-ਗਰੀਬ, ਜਾਤ-ਕੁਜਾਤ ਕੋਈ ਨਹੀਂ ਦੇਖਿਆ ਜਾਂਦਾ। ਹਰ ਇਕ ਨੂੰ ਇਕੋ ਜਿਹਾ ਸਬਕ ਹੁੰਦਾ ਹੈ ਅਤੇ ਵਿਤਕਰਾ ਕੋਈ ਨਹੀਂ ਹੁੰਦਾ।"[53]

'**ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨੇ ਡੇਰੇ ਦੀ ਮਰਿਯਾਦਾ ਸਬੰਧੀ ਗੱਲਬਾਤ ਕਰਦਿਆਂ ਦੱਸਿਆ ਕਿ ਸੰਤ ਜੀ ਸਭ ਤੋਂ ਪਹਿਲਾਂ ਤੜਕਸਾਰ ਕਰੀਬ 3 ਵਜੇ ਉਠ ਪੈਂਦੇ ਸਨ। ਫਿਰ ਉਨ੍ਹਾਂ ਨੇ ਕੋਲ ਪਈ ਘੰਟੀ ਵਜਾਉਣੀ ਤਾਂ ਸਭ ਸਿੰਘਾਂ (ਡੇਰੇ ਵਿਚ ਰਹਿਣ ਵਾਲੇ ਵਿਦਿਆਰਥੀ ਅਤੇ

---

52 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 6.

53 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 25-26.

ਗੁਰਬਾਣੀ ਪ੍ਰੇਮੀ) ਨੇ ਕਰੀਬ 4 ਵਜੇ ਇਸ਼ਨਾਨ ਕਰਕੇ ਨਿਤਨੇਮ ਕਰਨਾ। ਉਸ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਜਾਂਦਾ ਸੀ ਜਿਸ ਵਿਚ ਸੰਤ ਗੰਧਰਵ ਜੀ ਜਰੂਰ ਹਾਜ਼ਰੀ ਭਰਦੇ ਸਨ। ਭੋਗ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਸੀ। ਫਿਰ ਚਾਹ-ਪਾਣੀ ਅਤੇ ਲੰਗਰ ਦੀ ਘੰਟੀ ਵੱਜਦੀ ਸੀ। ਲੰਗਰ ਦੀ ਘੰਟੀ ਅਲੱਗ ਹੁੰਦੀ ਸੀ। ਕਰੀਬ 10 ਵਜੇ ਸੰਤ ਸਰਵਣ ਸਿੰਘ ਗੰਧਰਵ ਵਲੋਂ ਸੰਗੀਤ ਦੀ ਕਲਾਸ ਲਗਾਈ ਜਾਂਦੀ ਸੀ। ਕਲਾਸ ਵਿਚ ਸੰਤ ਜੀ ਵਿਦਿਆਰਥੀਆਂ ਕੋਲੋਂ ਸਭ ਤੋਂ ਪਹਿਲਾਂ ਦਿਤਾ ਹੋਇਆ ਸਬਕ ਸੁਣਦੇ। ਜਿਹੜੇ ਵਿਦਿਆਰਥੀ ਇਹ ਸਬਕ ਸਹੀ ਸਣਾਉਂਦੇ, ਉਨ੍ਹਾਂ ਨੂੰ ਅਗਲਾ ਸਬਕ ਦਿਤਾ ਜਾਂਦਾ। ਜਿਹੜੇ ਵਿਦਿਆਰਥੀ ਪਹਿਲਾਂ ਦਿਤਾ ਹੋਇਆ ਸਬਕ ਸਹੀ ਨਾਂ ਸਣਾਉਂਦੇ, ਉਨ੍ਹਾਂ ਨੂੰ ਉਹੀ ਸਬਕ ਦੁਆਰਾ ਸਿਖਾਇਆ ਜਾਂਦਾ। ਇਹ ਕਲਾਸ ਕਰੀਬ ਦੋ ਘੰਟੇ ਦੀ ਹੁੰਦੀ ਸੀ। 12 ਵਜੇ ਫਿਰ ਲੰਗਰ ਦੀ ਘੰਟੀ ਵਜਦੀ ਤੇ ਲੋੜਵੰਦ ਵਿਦਿਆਰਥੀ ਲੰਗਰ ਹਾਲ ਵਿਚ ਜਾ ਕੇ ਪੰਗਤ ਵਿਚ ਬੈਠ ਕੇ ਲੰਗਰ ਛਕਦੇ। ਕੁਝ ਸਮਾਂ ਅਰਾਮ ਕਰਨ ਤੋਂ ਬਾਅਦ 3 ਵਜੇ ਫਿਰ ਸੰਗੀਤ ਦੀ ਕਲਾਸ ਲੱਗਦੀ ਜੋ ਕਿ ਡੇਢ ਤੋਂ ਦੋ ਘੰਟੇ ਦੀ ਹੁੰਦੀ ਸੀ। ਇਨ੍ਹਾਂ ਰੁਝੇਵਿਆਂ ਵਿਚੋ ਕੁਝ ਸਮਾਂ ਕੱਢ ਕੇ ਸੰਤ ਜੀ ਪੁਸਤਕ ਲਿਖਣ ਦਾ ਕੰਮ ਕਰਦੇ। ਸ਼ਾਮ ਨੂੰ ਫਿਰ ਸ਼ਾਮ ਦਾ ਨਿਤਨੇਮ ਸ਼ੁਰੂ ਹੋ ਜਾਂਦਾ।'[54]

ਇਸੇ ਤਰਾਂ ਸੰਤ ਸਰਵਣ ਸਿੰਘ ਗੰਧਰਵ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਕੀਰਤਨ ਦੀ ਸਿਖਲਾਈ ਲਈ ਕੇਂਦਰ ਸਥਾਪਿਤ ਕੀਤਾ। ਇਥੇ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ।

**ਸੰਤ ਸਰਵਣ ਸਿੰਘ ਗੰਧਰਵ** ਅਨੁਸਾਰ, "ਦਾਸ ਨੂੰ (ਸੰਤ ਸਰਵਣ ਸਿੰਘ ਗੰਧਰਵ) ਵੀ ਸ੍ਰੀ ਅਨੰਦਪੁਰ ਸਾਹਿਬ ਹੋਲਗੜ੍ਹ ਰੋਡ ਤੇ ਚਰਨ ਗੰਗਾ ਦੇ ਕਿਨਾਰੇ ਇਕ ਆਸ਼ਰਮ ਬਣਾਉਣ ਦੀ ਪ੍ਰੇਰਨਾ ਹੋਈ। ਉਸ ਪ੍ਰੇਰਨਾ ਦੁਆਰਾ ਕੌਮ ਦੇ ਬੱਚਿਆਂ ਦਾ ਜੀਵਨ ਉਚਾ ਕਰਨ ਲਈ ਧਾਰਮਿਕ ਕੀਰਤਨ ਵਿਦਿਆ ਸਿਖਾਉਣ ਅਤੇ ਪੜ੍ਹਾਉਣ ਦੀ ਆਗਿਆ ਹੋਈ। ਉਸ ਆਸ਼ਰਮ ਦਾ ਨੀਂਹ-ਪੱਥਰ ਸੰਨ 1971 ਵਿਚ ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਰੱਖਿਆ ਗਿਆ।"[55]

**ਸੇਵਕ ਸਿੰਘ ਉਪਲ** ਅਨੁਸਾਰ, "ਸੰਤ ਜੀ ਨੇ ਆਨੰਦਪੁਰ ਸਾਹਿਬ ਵਿਚ ਆਪਣੇ ਡੇਰੇ ਗੰਧਰਵ ਸੰਗੀਤ ਸਭਾ ਭੀ ਬਣਾਈ ਹੈ, ਜਿਥੇ ਸੰਗੀਤ ਦੀ ਸਿਖਿਆ ਦਿਤੀ ਜਾਂਦੀ ਹੈ। ਸੰਤ ਜੀ ਇਸ ਕੰਮ ਵਿਚ ਪੂਰੀ

---

54 ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਰਿਹਾਣਾ ਜੱਟਾਂ, ਕਪੂਰਥਲਾ, ਮਿਤੀ 7.12.2013,

55 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 67.

ਰੁਚੀ ਲੈ ਰਹੇ ਹਨ ਤੇ ਉਨ੍ਹਾਂ ਦੇ ਯਤਨਾਂ ਨਾਲ ਇਹ ਸੰਸਥਾ ਸਰਕਾਰ ਨੇ ਸੰਗੀਤ ਸਿਖਿਆ ਲਈ ਮਨਜ਼ੂਰ ਕੀਤੀ ਹੋਈ ਹੈ।"[56]

### 3.6.4 ਮਾਇਕ ਸਹਾਇਤਾ

ਸੰਤ ਸਰਵਣ ਸਿੰਘ ਗੰਧਰਵ ਮਹਾਨ ਦਾਨੀ ਵਜੋਂ ਵੀ ਜਾਣੇ ਜਾਂਦੇ ਸਨ। ਆਪ ਨੇ ਜਿਥੇ ਲੋਕਾਈ ਦੀ ਸਹਾਇਤਾ ਲਈ ਕਈ ਬਿਲਡਿੰਗਾਂ ਦੀ ਉਸਾਰੀ ਕਰਵਾਈ ਉਥੇ ਕਈ ਸੰਸਥਾਵਾਂ ਦੀ ਮਾਇਆ ਨਾਲ ਸਹਾਇਤਾ ਵੀ ਕੀਤੀ।

"ਪਿੰਡ ਵਿਚ ਪਸ਼ੂਆਂ ਦੇ ਹਸਪਤਾਲ ਲਈ ਇੰਗਲੈਂਡ ਵਿਚ ਨਗਰ ਡੁਮੇਲੀ ਦੇ ਰਹਿਣ ਵਾਲੇ ਸੱਜਣਾਂ ਪਾਸੋਂ ਮਾਇਆ ਇਕੱਠੀ ਕਰ ਕੇ ਬਿਲਡਿੰਗ ਦੀ ਉਸਾਰੀ ਕਰਵਾਈ। ਆਪ ਜੀ ਨੇ **ਹਰੀਜਨ ਧਰਮਸ਼ਾਲਾ ਅਤੇ ਹਾਇਰ ਸੈਕੰਡਰੀ ਸਕੂਲ ਡੁਮੇਲੀ ਨੂੰ ਮਾਇਆ** ਦਿਤੀ। ਵਿਦਿਆ ਨਾਲ ਆਪ ਜੀ ਦਾ ਅਥਾਹ ਪਿਆਰ ਹੈ। ਸੋ ਆਪ ਜੀ ਨੇ ਰਾਮਗੜ੍ਹੀਆ ਵਿਦਿਅਕ ਆਸ਼ਰਮ ਫਗਵਾੜਾ ਨੂੰ ਚੋਖੀ ਮਾਇਆ ਦਿਤੀ।"[57]

## 3.7 ਸੰਤ ਸਰਵਣ ਸਿੰਘ ਗੰਧਰਵ-ਅੰਤਿਮ ਸਮਾਂ

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਨਾਮ ਦੁਨੀਆਂ ਭਰ ਵਿਚ ਸਥਾਪਿਤ ਕਰਨ ਵਾਲੇ ਇਹ ਮਹਾਨ ਸੰਗੀਤ ਵਿਦਵਾਨ ਸੰਤ ਸਰਵਣ ਸਿੰਘ ਗੰਧਰਵ 9 ਫਰਵਰ 1992 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸੰਗੀਤ ਜਗਤ ਵਿਚ ਉਨ੍ਹਾਂ ਦਾ ਨਾਮ ਰਹਿੰਦੀ ਦੁਨੀਆਂ ਤੱਕ ਰਹੇਗਾ। ਡੇਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ, ਜਿਥੇ ਸੰਤ ਸਰਵਣ ਸਿੰਘ ਜੀ ਗੰਧਰਵ ਜੀ ਨੇਂ ਆਪਣੇ ਜੀਵਨ ਦੇ ਕੀਮਤੀ ਪਲ ਬਿਤਾਏ, ਵਿਖੇ ਅੱਜ ਵੀ ਹਰੇਕ ਸਾਲ 7, 8, 9 ਫਰਵਰੀ ਨੂੰ ਉਨ੍ਹਾਂ ਦੀ ਬਰਸੀ ਸਮਾਗਮ ਤੇ ਪੰਥ ਪ੍ਰਸਿਧ ਕੀਰਤਨੀ ਜਥੇ, ਕਥਾ ਵਾਚਕ ਤੇ ਢਾਡੀ ਜਥੇ ਗਰਬਾਣੀ ਗਾਇਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਸ ਬਰਸੀ ਸਮਾਗਮ ਦੇ ਵਿਚਕਾਰਲੇ ਦਿਨ 8 ਫਰਵਰੀ ਨੂੰ ਹਰੇਕ ਸਾਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਵਲੋਂ ਸੰਤ ਸਰਵਣ ਸਿੰਘ ਜੀ ਦੀ ਨਿਘੀ ਮਿੱਠੀ ਯਾਦ ਵਿਚ ਅੰਤਰ ਕਾਲਜ ਸ਼ਬਦ, ਵਾਰ ਗਾਇਨ, ਕਵੀਸ਼ਰੀ ਗਾਇਨ, ਅਤੇ ਧਾਰਮਿਕ ਕਵਿਤਾ ਉਚਾਰਨ ਮੁਕਾਵਲੇ ਵੀ ਕਰਵਾਏ ਜਾਂਦੇ ਹਨ। ਭਾਵੇਂ ਗੰਧਰਵ ਅੱਜ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੀ ਪਰੰਪਰਾ ਨੂੰ ਉਨ੍ਹਾਂ ਦੇ ਹੋਣਹਾਰ ਸ਼ਗਿਰਦ ਸੰਤ ਪ੍ਰੀਤਮ ਸਿੰਘ (ਮੌਜੂਦਾ ਮੁਖੀ) ਨੇ ਹੂ-ਬ-ਹੂ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਅੱਜ ਵੀ ਸੰਤ ਪ੍ਰੀਤਮ ਸਿੰਘ ਦੀ ਦੇਖ-ਰੇਖ ਅਧੀਨ ਅਨੇਕਾਂ ਸੰਗੀਤ ਵਿਦਿਆਰਥੀ ਗੁਰਬਾਣੀ ਪੜ੍ਹਨ ਅਤੇ ਗੁਰਮਤਿ ਵਿਧਾਨ ਅਨੁਸਾਰ ਕੀਰਤਨ ਕਰਨ ਦੀ ਸਿਖਿਆ ਲੈ ਰਹੇ ਹਨ।

---

56 ਸੇਵਕ ਸਿੰਘ ਉਪਲ: ਵਦੇਸ਼ ਫੇਰੀ, ਪੰਨਾ 6.

57 --- ਉਹੀ, --- ਉਹੀ ---, ਪੰਨਾ 10.

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੂਰਮੇ ਸਿੰਘ ਹੋਣ ਦੇ ਬਾਵਜੂਦ ਵੀ ਸੰਤ ਸਰਵਣ ਸਿੰਘ ਨੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਵਿਚ ਜਿਕਰਯੋਗ ਯੋਗਦਾਨ ਪਾਇਆ ਹੈ। ਸੰਤ ਦਲੀਪ ਸਿੰਘ ਦੇ ਅਸ਼ੀਰਵਾਦ ਸਦਕਾ ਇਨ੍ਹਾਂ ਨੇ ਜਿਥੇ ਵੱਖ-ਵੱਖ ਗੁਣੀਜਨਾਂ ਕੋਲੋਂ ਗੁਰਮਤਿ ਸੰਗੀਤ ਦੀ ਸਿਖਿਆ ਲਈ, ਉਥੇ ਭਾਰਤੀ ਸ਼ਾਸਤਰੀ ਸੰਗੀਤ ਦੇ ਰਾਗਾਂ ਦਾ ਵੀ ਗਹਿਰਾ ਗਿਆਨ ਪ੍ਰਾਪਤ ਕੀਤਾ। ਉਚ ਪੱਧਰ ਦਾ ਸੰਗੀਤਕ ਗਿਆਨ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਨੇ ਜਿਥੇ ਦੇਸ਼ ਦੇ ਕੋਨੇ-ਕੋਨੇ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਕੀਤਾ ਉਥੇ ਵਿਦੇਸ਼ਾਂ ਵਿਚ ਜਾ ਕੇ ਵੀ ਸੰਗਤਾਂ ਨੂੰ ਗੁਰਬਾਣੀ ਸੰਗੀਤ ਨਾਲ ਜੋੜਿਆ। ਆਪ ਜੀ ਦੁਆਰਾ ਲਿਖੀ ਗਈ ਪੁਸਤਕ 'ਸੁਰ ਸਿਮਰਨ ਸੰਗੀਤ' (7 ਭਾਗ) ਵਿਚ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਅਥਾਹ ਖਜਾਨਾ ਮੌਜੂਦ ਹੈ। ਇਹ ਪੁਸਤਕ ਸੰਗੀਤ ਪ੍ਰੇਮੀਆਂ ਅਤੇ ਖੋਜਾਰਥੀਆਂ ਲਈ ਲਾਹੇਬੰਦ ਸਾਬਿਤ ਹੋਈ ਹੈ। ਇਨ੍ਹਾਂ ਨੂੰ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਕਾਰਜਾਂ ਕਰਕੇ ਅਨੇਕਾਂ ਮਾਣ ਸਨਮਾਨ ਮਿਲੇ। ਇਨ੍ਹਾਂ ਦੇ ਅਨੇਕਾਂ ਸ਼ਗਿਰਦ ਹੋਏ ਜਿਨਾਂ ਨੇ ਆਪ ਦੇ ਦਰਸਾਏ ਮਾਰਗ ਤੇ ਚੱਲ ਕੇ ਡੁਮੇਲੀ ਟਕਸਾਲ ਦਾ ਨਾਮ ਰੋਸ਼ਨ ਕੀਤਾ। ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕਰਨ ਤੋਂ ਇਲਾਵਾ ਇਨ੍ਹਾਂ ਨੇ ਲੋਕ ਭਲਾਈ ਦੇ ਕੰਮਾਂ ਵਿਚ ਵੀ ਖਾਸ ਦਿਲਚਸਪੀ ਲਈ। ਆਪ ਨੇ ਅਨੇਕ ਲੋੜਵੰਦ ਲੋਕਾਂ ਅਤੇ ਸੰਸਥਾਵਾਂ ਦੀ ਮਾਇਕ ਸਹਾਇਤਾ ਵੀ ਕੀਤੀ। ਇਸ ਤਰ੍ਹਾਂ ਸੰਤ ਸਰਵਣ ਸਿੰਘ ਗੰਧਰਵ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਕਾਰਜ ਕੀਤੇ ਜੋ ਅਭੁਲਣਯੋਗ ਹਨ।

# ਚੌਥਾ ਅਧਿਆਇ
# ਡੁਮੇਲੀ ਟਕਸਾਲ: ਪ੍ਰਤਿਨਿਧ ਸ਼ਬਦ ਕੀਰਤਨ ਰਚਨਾਵਾਂ

ਖੋਜ ਪ੍ਰਬੰਧ ਦੇ ਦੂਜੇ ਅਧਿਆਇ ਡੁਮੇਲੀ ਟਕਸਾਲ ਦੇ ਪਰਮੁਖ ਕਾਰਜ ਕਰਤਾ ਵਿਚ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਡੁਮੇਲੀ ਟਕਸਾਲ ਵਿਚ ਕੀਰਤਨ ਦੀ ਪਰੰਪਰਾ ਰਹੀ ਹੈ। ਡੁਮੇਲੀ ਟਕਸਾਲ ਦੇ ਬਾਨੀ ਸੰਤ ਦਲੀਪ ਸਿੰਘ ਅਤੇ ਉਨ੍ਹਾਂ ਤੋਂ ਬਾਅਦ ਸੰਤ ਹਰਬੰਸ ਸਿੰਘ, ਸੰਤ ਸਰਵਣ ਸਿੰਘ ਗੰਧਰਵ ਅਤੇ ਮੌਜੂਦਾ ਸਮੇਂ ਵਿਚ ਸੰਤ ਪ੍ਰੀਤਮ ਸਿੰਘ ਕੀਰਤਨ ਨਾਲ ਜੁੜੇ ਰਹੇ ਹਨ। ਇਨ੍ਹਾਂ ਪ੍ਰਮੁੱਖ ਕਾਰਜ ਕਰਤਾਵਾਂ ਵਿਚੋਂ ਡੁਮੇਲੀ ਟਕਸਾਲ ਦੇ ਸੰਸਥਾਪਕ ਸੰਤ ਦਲੀਪ ਸਿੰਘ (1883-1949) ਦੇ ਸ਼ਿਸ਼ ਸੰਤ ਸਰਵਣ ਸਿੰਘ ਗੰਧਰਵ (1926-1992) ਦੇ ਸਮੇਂ ਗੁਰਮਤਿ ਸੰਗੀਤ ਦਾ ਪਰਚਾਰ ਵਧੇਰੇ ਹੋਇਆ ਹੈ। ਸੰਤ ਸਰਵਣ ਸਿੰਘ ਗੰਧਰਵ ਤੋਂ ਇਲਾਵਾ ਡੁਮੇਲੀ ਟਕਸਾਲ ਦੇ ਕਿਸੇ ਵੀ ਹੋਰ ਕਾਰਜ ਕਰਤਾ ਦੇ ਸਮੇਂ ਵਿਚ ਸਾਨੂੰ ਗੁਰਮਤਿ ਸੰਗੀਤ ਸਬੰਧੀ ਪ੍ਰਕਾਸ਼ਿਤ ਰੂਪ ਵਿਚ ਕੋਈ ਕਾਰਜ ਪ੍ਰਾਪਤ ਨਹੀਂ ਹੁੰਦਾ। ਪ੍ਰਮੁੱਖ ਰੂਪ ਵਿਚ ਸੰਤ ਸਰਵਣ ਸਿੰਘ ਗੰਧਰਵ ਦੀ ਹੀ ਪ੍ਰਕਾਸ਼ਿਤ ਕਾਰਜ ਵਿਚ ਮੁੱਖ ਭੂਮਿਕਾ ਹੈ। ਸੰਤ ਸਰਵਣ ਸਿੰਘ ਗੰਧਰਵ ਨੇ ਸੁਰ ਸਿਮਰਨ ਸੰਗੀਤ ਪੁਸਤਕ ਸੱਤ ਭਾਗਾਂ ਵਿਚ ਲਿਖ ਕੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਇਸ ਕਾਰਜ ਨੂੰ ਲੇਖਨ ਬੱਧ ਕਰਨ ਵਿਚ ਉਨ੍ਹਾਂ ਦੀ ਇਕ ਸ਼ਰਧਾਲੂ ਬੀਬੀ ਇੰਦਰਜੀਤ ਕੌਰ ਨੇ ਬਾਖੂਬੀ ਭੂਮਿਕਾ ਨਿਭਾਈ। ਸੰਤ ਸਰਵਣ ਸਿੰਘ ਗੰਧਰਵ ਨੇਤਰਹੀਣ ਹੋਣ ਕਾਰਣ ਆਪ ਲਿਖਿਤ ਕਾਰਜ ਨਹੀਂ ਕਰਦੇ ਸਨ। ਆਮ ਪੜ੍ਹਨ ਅਤੇ ਸੁਣਨ ਵਿਚ ਆਇਆ ਹੈ ਕਿ ਸੰਤ ਜੀ ਆਪ ਬੋਲਦੇ ਜਾਂਦੇ ਅਤੇ ਉਨ੍ਹਾਂ ਦੇ ਹਰ ਸ਼ਬਦ ਨੂੰ ਬੀਬੀ ਇੰਦਰਜੀਤ ਕੌਰ ਲਿਖਦੇ ਸਨ, ਜਿਸ ਨੂੰ ਬਾਅਦ ਵਿਚ ਪ੍ਰਕਾਸ਼ਿਤ ਕਰਵਾ ਕੇ ਪੁਸਤਕ ਦਾ ਰੂਪ ਦਿਤਾ ਜਾਂਦਾ ਸੀ।

**ਸੰਤ ਸਰਵਣ ਸਿੰਘ ਗੰਧਰਵ ਦੇ ਨਜ਼ਦੀਕੀ ਸ. ਕੁਲਵਿੰਦਰ ਸਿੰਘ ਅਨੁਸਾਰ,** 'ਸੰਤ ਜੀ ਮਹਾਰਾਜ ਨੇ ਛੇਵਾਂ ਭਾਗ ਛਪਦੇ ਛਪਦੇ ਹੀ ਇਹ ਸੱਤਵਾਂ ਭਾਗ ਲਿਖਵਾਉਣਾ ਸ਼ੁਰੂ ਕਰ ਦਿਤਾ ਸੀ। ਬੀਬੀ ਇੰਦਰਜੀਤ ਕੌਰ ਜਿਨ੍ਹਾਂ ਨੇ ਸੰਤ ਜੀ ਮਹਾਰਾਜ ਪਾਸੋਂ ਵਿਦਿਆ ਪ੍ਰਾਪਤ ਕੀਤੀ, ਉਹਨਾਂ ਨੇ ਸੰਤ ਜੀ ਮਹਾਰਾਜ ਦੇ ਮੁਖਾਰਵਿੰਦ ਤੋਂ ਉਚਾਰਣ ਕੀਤੀ ਰਾਗ ਵਿਦਿਆ ਕਲਮਬੰਦ ਕਰਨ ਦੀ ਸੇਵਾ ਵੀ ਕੀਤੀ। ਸੰਤ ਜੀ ਮਹਾਰਾਜ ਫਰਵਰੀ 1992 ਨੂੰ ਸੁਰ ਸਿਮਰਨ ਸੰਗੀਤ ਦਾ ਛੇਵਾਂ ਭਾਗ ਰਲੀਜ਼ ਕਰਨ ਤੋਂ ਪਹਿਲਾਂ ਤੇ ਸੱਤਵਾਂ ਭਾਗ ਲਿਖਵਾ ਕੇ, ਕਿਤਾਬ ਦਾ ਕਾਗਜ਼ ਲੈ ਕੇ ਦੇਣ ਉਪਰੰਤ ਪੰਜ ਭੂਤਕ ਸਰੀਰ ਤਿਆਗ ਕੇ ਸੱਚਖੰਡ ਜਾ ਬਿਰਾਜੇ।'[1]

---

1 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 14.

ਇਸ ਤਰ੍ਹਾਂ ਸੁਰ ਸਿਮਰਨ ਸੰਗੀਤ ਪੁਸਤਕ ਲੜ੍ਹੀ ਵਿਚ ਇਸ ਦੇ ਸੱਤ ਭਾਗ ਪ੍ਰਕਾਸ਼ਿਤ ਹੋਏ। ਇਨ੍ਹਾਂ ਸੱਤ ਭਾਗਾਂ ਵਿਚ ਉਨ੍ਹਾਂ ਦੀਆਂ ਸਾਰੀਆਂ ਬੰਦਸ਼ਾਂ ਦਰਜ ਹਨ ਅਤੇ ਹੋਰ ਕੋਈ ਵੀ ਅਪ੍ਰਕਾਸ਼ਿਤ ਬੰਦਸ਼ਾਂ ਨਹੀਂ ਮਿਲਦੀਆਂ। ਖੋਜ ਪਰਬੰਧ ਦੇ ਇਸ ਅਧਿਆਇ '**ਡੁਮੇਲੀ ਟਕਸਾਲ: ਪ੍ਰਤਿਨਿਧ ਸ਼ਬਦ ਕੀਰਤਨ ਰਚਨਾਵਾਂ** ਵਿਚ ਸੰਤ ਸਰਵਣ ਸਿੰਘ ਗੰਧਰਵ ਦੀਆਂ ਗੁਰਮਤਿ ਸੰਗੀਤ ਦੀਆਂ ਪ੍ਰਕਾਸ਼ਿਤ ਬੰਦਿਸ਼ਾਂ (ਸੁਰ ਸਿਮਰਨ ਸੰਗੀਤ ਪੁਸਤਕ ਦੇ ਸੱਤ ਭਾਗਾਂ ਵਿਚ ਪ੍ਰਕਾਸ਼ਿਤ) ਨੂੰ ਹੀ ਮੁਖ ਰੂਪ ਵਿਚ ਵਿਚਾਰਿਆ ਗਿਆ ਹੈ ਅਤੇ ਇਨ੍ਹਾਂ ਨੂੰ ਹੀ ਮੁਖ ਰੂਪ ਵਿਚ ਡੁਮੇਲੀ ਟਕਸਾਲ ਦੀਆਂ ਰਚਨਾਵਾਂ ਮੰਨਿਆ ਜਾਂਦਾ ਹੈ, ਕਿਉਂਕਿ ਸੰਤ ਸਰਵਣ ਸਿੰਘ ਗੰਧਰਵ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਉਹੀ ਰਚਨਾਵਾਂ ਪ੍ਰਚੱਲਿਤ ਹਨ ਅਤੇ ਆਮ ਤੌਰ ਤੇ ਰੋਜ਼ਾਨਾ ਕੀਰਤਨ ਵਿਚ ਉਨ੍ਹਾਂ ਬੰਦਿਸ਼ਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ।

ਪੁਸਤਕ ਲੜੀ ਸੁਰ ਸਿਮਰਨ ਸੰਗੀਤ ਦੇ ਪਹਿਲੇ ਭਾਗ (ਪ੍ਰਕਾਸ਼ਿਤ ਸਮਾਂ ਸੰਨ 1978) ਵਿਚ ਸੰਤ ਸਰਵਣ ਸਿੰਘ ਗੰਧਰਵ ਨੇ 19 ਰਾਗਾਂ (ਰਾਗ ਬਿਲਾਵਲ, ਆਸਾ, ਦੁਰਗਾ, ਯਮਨ, ਭੁਪਾਲੀ, ਭੈਰਉ, ਆਸਾਵਰੀ, ਭੈਰਵੀ, ਟੋਡੀ, ਮਾਰਵਾ, ਪਹਾੜੀ, ਮਾਂਡ, ਮਿਸ਼ਰ ਪਹਾੜੀ, ਹਮੀਰ ਕਲਿਆਣ, ਕਲਿਆਣ, ਸਿੰਧੜਾ, ਡੰਝੋਟੀ, ਮਿਸ਼ਰ ਪੀਲੂ, ਸਿੰਧੀ ਭੈਰਵੀ ਆਦਿ) ਅਤੇ 8 ਤਾਲਾਂ (ਤਾਲ ਕਹਿਰਵਾ, ਦਾਦਰਾ, ਤਿੰਨ ਤਾਲ, ਝਪਤਾਲ, ਇਕ ਤਾਲ, ਰੂਪਕ, ਤੀਵਰਾ, ਸੂਲਫਾਕਤਾ ਆਦਿ ) ਵਿਚ 41 ਬੰਦਸ਼ਾਂ ਦਰਜ ਕੀਤੀਆਂ ਹਨ। ਇਨ੍ਹਾਂ ਵਿਚੋਂ 8 ਬੰਦਿਸ਼ਾਂ ਨਿਰਧਾਰਿਤ ਰਾਗਾਂ ਵਿਚ ਹਨ ਅਤੇ 28 ਬੰਦਿਸ਼ਾਂ ਨਿਰਧਾਰਿਤ ਰਾਗਾਂ ਵਿਚ ਨਹੀਂ ਹਨ। ਬਾਕੀ 5 ਸ਼ਬਦਾਂ ਨੂੰ ਪਹਿਲਾਂ ਦਿਤੀ ਨੋਟੇਸ਼ਨ ਤੇ ਹੀ ਗਾਉਣ ਲਈ ਕਿਹਾ ਗਿਆ ਹੈ। ਇਸ ਪੁਸਤਕ ਵਿਚ ਰਾਗ ਭੈਰਵੀ ਅਤੇ ਤਿੰਨ ਤਾਲ ਵਿਚ ਦਰਜ ਸਰਸਵਤੀ ਸਾਧਨਾ ਵੀ ਇਕ ਪੁਰਾਤਨ ਬੰਦਿਸ਼ ਹੈ ਜਿਸ ਨੂੰ ਸੰਤ ਸਰਵਣ ਸਿੰਘ ਗੰਧਰਵ ਨੇ ਇਸ ਪੁਸਤਕ ਵਿਚ ਸੰਭਾਲਿਆ ਹੈ।'[2]

ਸੰਤ ਸਰਵਣ ਸਿੰਘ ਗੰਧਰਵ ਦੀ ਇਸ ਪੁਸਤਕ (ਸੁਰ ਸਿਮਰਨ ਸੰਗੀਤ-ਭਾਗ ਪਹਿਲਾ) ਵਿਚ ਜਿਨ੍ਹਾਂ ਰਾਗਾਂ ਵਿਚ ਇਹ ਬੰਦਸ਼ਾਂ ਹਨ ਉਨ੍ਹਾਂ ਦੇ ਸਰਗਮ ਗੀਤ, ਪ੍ਰੀਚੈ, ਅਲਾਪ ਅਤੇ ਤਾਨਾਂ ਵੀ ਦਿਤੀਆਂ ਗਈਆਂ ਹਨ। ਇਸ ਪ੍ਰਕਾਰ ਜੇਕਰ ਇਹ ਕਿਹਾ ਜਾਵੇ ਕਿ ਸੁਰ ਸਿਮਰਨ ਸੰਗੀਤਪੁਸਤਕ ਦੇ ਪਹਿਲੇ ਭਾਗ ਵਿਚ ਸੰਗੀਤ ਦੇ ਆਰੰਭਿਕ ਵਿਦਿਆਰਥੀਆਂ ਲਈ ਭਰਪੂਰ ਖਜ਼ਾਨਾ ਮੌਜੂਦ ਹੈ, ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

## 4.1 ਸੁਰ ਸਿਮਰਨ ਸੰਗੀਤ– ਭਾਗ ਪਹਿਲਾ (ਬੰਦਸ਼ਾਂ)

ਇਸ ਭਾਗ ਵਿਚ ਪ੍ਰਕਾਸ਼ਿਤ ਬੰਦਸ਼ਾਂ ਵਿਚੋਂ ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਕੁਝ ਬੰਦਸ਼ਾਂ ਬਿਲਾਵਲ, ਆਸਾ, ਦੁਰਗਾ, ਭੁਪਾਲੀ, ਭੈਰਉ, ਮਿਸ਼ਰ ਪਹਾੜੀ, ਭੈਰਵੀ ਆਦਿ ਰਾਗਾਂ ਵਿਚ ਦਰਜ ਕੀਤੀਆਂ

---

2 ਸੁਰ ਸਿਮਰਨ ਸੰਗੀਤ (ਭਾਗ ਪਹਿਲਾ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

ਗਈਆਂ ਹਨ ਜੋ ਕਿ ਕ੍ਰਮਵਾਰ ਤਿੰਨ ਤਾਲ, ਸੂਲਫਾਕਤਾ, ਤਿੰਨ ਤਾਲ, ਤਿੰਨ ਤਾਲ, ਤਿੰਨ ਤਾਲ, ਦਾਦਰਾ ਅਤੇ ਕਹਿਰਵਾ ਤਾਲਾਂ ਵਿਚ ਦਰਜ ਹਨ। ਇਹ ਉਪਰਾਲਾ ਕੀਤਾ ਗਿਆ ਹੈ ਕਿ ਗੁਰਬਾਣੀ ਦੇ ਸ਼ਬਦਾਂ ਦੀਆਂ ਭਿੰਨ-ਭਿੰਨ ਰਾਗਾਂ ਅਤੇ ਭਿੰਨ-ਭਿੰਨ ਤਾਲਾਂ ਦੀਆਂ ਇਨ੍ਹਾਂ ਬੰਦਸ਼ਾਂ ਨੂੰ ਇਥੇ ਸੰਜੋਇਆ ਜਾਏ। ਅੱਗੇ ਇਹ ਬੰਦਸ਼ਾਂ ਉਦਹਰਣ ਵਜੋਂ ਦਰਜ ਕੀਤੀਆਂ ਗਈਆਂ ਹਨ।

**4.1.1 ਸ਼ਬਦ**

**ਬਿਲਾਵਲੁ ਮਹਲਾ ੫** (ਪੰਨਾ 806)

**ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ਰਹਾਉ॥**

**ਤਾਪ ਪਾਪ ਸੰਤਾਪ ਬਿਨਾਸੇ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥**

**ਅਨਦੁ ਕਰਹੁ ਮਿਲਿ ਸੁੰਦਰ ਨਾਰੀ॥ ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥**

**ਰਾਗ ਬਿਲਾਵਲ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਗ | ਪ | ਮ | ਗ | ਰੇ | ਗ | ਪ | ਧ | ਸਾਂ | ਸਾਂ | ਸਾਂ | ਸਾਂ | ਧਨੀ | ਸਾਂਨੀ | ਧ | ਪ |
| ਸ਼ਬਦ | ਸਾਂ | S | ਤਿ | ਪਾ | ਈ | S | ਗੁ | ਰਿ | ਸ | ਤਿ | ਗੁ | ਰਿ | ਪੂS | SS | ਰੇ | S |
| | ਸਾਂ | ਨੀ | ਰੇਂ | ਸਾਂ | ਧਨੀ | ਸਾਂਨੀ | ਧ | ਪ | ਗ | ਪ | ਮ | ਗ | ਰੇਗ | ਮਗ | ਰੇ | ਸਾ |
| | ਸੁ | ਖ | ਉ | ਪ | ਜੇS | SS | ਬਾ | ਜੇ | ਅ | ਨ | ਹ | ਦ | ਤੂS | SS | ਰੇ | S |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਗ | ਗ | ਪ | ਪ | ਨੀ | ਧ | ਨੀ | ਨੀ | ਸਾਂ | – | ਸਾਂ | ਸਾਂ | ਰੇਂ | ਨੀ | ਸਾਂ | ਸਾਂ |
| | ਤਾ | S | ਪ | ਪਾ | S | ਪ | ਸੰ | S | ਤਾ | S | ਪ | ਬਿ | ਨਾ | S | ਸੇ | S |
| | ਨੀ | ਸਾਂ | ਗਂ | ਗਂ | ਗਂ | ਮਂ | ਰੇਂ | ਸਾਂ | ਰੇਂ | ਸਾਂ | ਧ | ਪ | ਨੀ | ਧ | ਨੀ | ਸਾਂ |
| | ਹ | ਰਿ | ਸਿ | ਮ | ਰ | ਤ | ਕਿ | ਲ | ਵਿ | ਖ | ਸ | ਭਿ | ਨਾ | S | ਸੇ | S |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[3]

3 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 69.

**4.1.2** **ਸ਼ਬਦ**

**ਆਸਾ ਘਰੁ ੫ ਮਹਲਾ ੧ (ਪੰਨਾ 359)**

**ਭੀਤਰਿ ਪੰਚ ਗੁਪਤ ਮਨਿ ਵਾਸੇ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥**

**ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥**

**ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ਰਹਾਉ॥**

**ਫੂਲ ਮਾਲਾ ਗਲਿ ਪਹਿਰਉਗੀ ਹਾਰੋ॥ ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥੨॥**

**ਪੰਚ ਸਖੀ ਹਮ ਏਕੁ ਭਤਾਰੋ॥ ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥੩॥**

**ਪੰਚ ਸਖੀ ਮਿਲਿ ਰੁਦਨੁ ਕਰੇਹਾ॥ ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ ॥੪॥**

**ਰਾਗ ਆਸਾ, ਤਾਲ ਸੂਲਫਾਕਤਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਗ | ਮ | ਪ | ਧ | ਧ | ਨੀ | ਪ | ਧ | ਪ | – |
| ਸ਼ਬਦ | ਮ | ਨੁ | ਮੇ | S | ਰਾ | S | S | S | S | S |
| | ਪ | ਧ | ਧ | ਰੇਂ | ਸਾਂਨੀ | ਧਨੀ | ਸਾਂ | – | ਸਾਂ | – |
| | ਮ | ਨੁ | ਮੇ | S | ਰਾS | SS | S | S | S | S |
| | ਸਾਂ | ਨੀ | ਧ | ਪ | ਪ | ਨੀ | ਧ | – | – | ਧ |
| | ਦਇ | ਆ | ਲ | ਸੇ | ਤੀ | S | S | S | S | S |
| | ਗ | ਮ | ਪ | ਗ | ਮ | ਰੇ | ਗ | ਸਾਰੇ | ਸਾ | – |
| | ਥਿ | ਰੁ | ਨ | ਰ | ਹੈ | S | S | SS | S | S |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਅੰਤਰਾ**

| | | | | | | | | | | |
|---|---|---|---|---|---|---|---|---|---|---|
| | ਪ | ਪ | ਧ | ਰੇਂ | ਸਾਂ | – | ਸਾਂ | – | ਸਾਂ | ਸਾਂ |
| | ਭੀ | S | ਤ | ਰਿ | ਪੰ | S | ਚ | S | S | ਗੁ |
| | ਰੇਂ | ਸਾਂ | ਗਂ | ਰੇਂ | ਸਾਂ | ਰੇਂ | ਸਾਂ | ਨੀ | ਧ | ਨੀ |
| | ਪ | ਤ | ਮ | ਨਿ | ਵਾ | S | ਸੇ | S | S | S |
| | ਸਾਂ | ਨੀ | ਧ | ਪ | ਪ | ਨੀ | ਧ | – | – | – |
| | ਥਿ | ਰੁ | ਨ | S | ਰ | ਹਹਿ | S | S | ਜੈ | ਸੇ |
| | ਗ | ਮ | ਪ | ਗ | ਮ | ਰੇ | ਗ | ਸਾਰੇ | ਸਾ | – |
| | ਭਵ | ਹਿਉ | ਦਾ | S | ਸੇ | S | S | SS | S | S |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[4]

4 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 74.

**4.1.3** **ਸ਼ਬਦ**

**ਸਵਈਏ ਮਹਲੇ ਚਉਥੇ ਕੇ ੪** (ਪੰਨਾ 1403-04)

**ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥**

**ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥**

**ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥**

**ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥**

**ਕੀਆ ਖੇਲੁ ਬਡ ਮੇਲੁ ਤਮਾਸਾ ਵਾਹ ਗੁਰੂ ਤੇਰੀ ਸਭ ਰਚਨਾ ॥**

**ਰਾਗ ਦੁਰਗਾ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਧ | ਸਾਂ | ਧ | ਪ | ਮ | ਰੇ | ਸਾ | ਰੇ | ਪ | – | ਪ | ਪ | ਧ | ਮ | ਪ | – |
| ਸ਼ਬਦ | ਕੀ | s | ਆ | ਖੇ | s | ਲੁ | ਬ | ਡ | ਮੇ | s | ਲੁ | ਤ | ਮਾ | s | ਸਾ | s |
| | | | | | | | | | | | | | | | | |
| | ਧ | ਸਾਂ | ਰੇਂ | ਸਾਂ | ਧ | ਸਾਂ | ਧ | ਪ | ਮ | ਪ | ਧ | ਪ | ਮ | ਰੇ | ਸਾ | – |
| | ਵਾ | s | ਹਿ | ਗੁ | ਰੂ | s | ਤੇ | s | ਰੀ | s | ਸ | ਭ | ਰ | ਚ | ਨਾ | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਮ | ਮ | ਮ | ਮ | ਪ | ਪ | ਧ | ਧ | ਸਾਂ | ਸਾਂ | ਸਾਂ | ਸਾਂ | ਰੇਂ | ਧ | ਸਾਂ | – |
| | ਤੂ | ਜਲਿ | ਥ | ਲਿ | ਗ | ਗ | ਨਿ | ਪ | ਯਾ | s | ਲਿ | ਪੂ | s | ਰਿ | ਰਹ੍ਯਾ | s |
| | | | | | | | | | | | | | | | | |
| | ਧ | ਸਾਂ | ਰੇਂ | ਮਂ | ਰੇਂ | – | ਸਾਂ | ਧ | ਮ | ਪ | ਧ | ਪ | ਮ | ਰੇ | ਸਾ | – |
| | ਅੰ | s | ਮ੍ਰਿ | ਤ | ਤੇ | s | ਮੀ | ਠੇ | ਜਾ | s | ਕੇ | s | ਬ | ਚ | ਨਾ | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[5]

5 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 77.

**4.1.4** **ਸ਼ਬਦ**

**ਗਉੜੀ ਸ੍ਰੀ ਕਬੀਰ ਜੀ** (ਪੰਨਾ 323)

**ਅਬ ਮੋਹਿ ਜਲਤ ਰਾਮ ਜਲੁ ਪਾਇਆ॥ ਰਾਮ ਉਦਕਿ ਤਨੁ ਜਲਤੁ ਬੁਝਾਇਆ ॥੧॥ਰਹਾਉ॥**

**ਮਨੁ ਮਾਰਣ ਕਾਰਣਿ ਬਨ ਜਾਈਐ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥**

**ਜਿਹ ਪਾਵਕ ਸੁਰਿ ਨਰ ਹੈ ਜਾਰੇ॥ ਰਾਮ ਉਦਕਿ ਜਨ ਜਲਤ ਉਬਾਰੇ ॥੨॥**

**ਭਵ ਸਾਗਰ ਸੁਖ ਸਾਗਰ ਮਾਹੀ॥ ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥**

**ਕਹਿ ਕਬੀਰ ਭਜੁ ਸਾਰਿੰਗਪਾਨੀ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥**

**ਰਾਗ ਭੁਪਾਲੀ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | ਰੇ | ਗ | ਰੇ | ਸਾ | ਧ | ਸਾ | ਰੇ | ਪ | ਗ | ਗ | ਗ | ਪ | ਰੇ | ਗ | ਗ |
| ਸ਼ਬਦ | ਅ | ਬ | ਮੋ | ਹਿ | ਜ | ਲ | ਤ | ਰਾ | s | ਮ | ਜ | ਲੁ | ਪਾ | s | ਇਆ | s |
| | ਗ | ਗ | ਪ | ਰੇ | ਗ | ਪ | ਧ | ਸਾਂ | ਧ | ਸਾਂ | ਧ | ਪ | ਗ | ਰੇ | ਸਾ | – |
| | ਰਾ | s | ਮ | ਉ | ਦ | ਕਿ | ਤ | ਨੁ | ਜ | ਲ | ਤ | ਬੁ | ਝਾ | s | ਇਆ | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਗ | ਗ | ਗ | ਗ | ਪ | ਪ | ਧ | ਪਧ | ਸਾਂ | ਸਾਂ | ਸਾਂ | ਸਾਂ | ਧ | ਰੇਂ | ਸਾਂ | ਸਾਂ |
| | ਮ | ਨੁ | ਮਾ | s | ਰ | ਣ | ਕਾ | ss | ਰ | ਣਿ | ਬ | ਨ | ਜਾ | s | ਈਐ | s |
| | ਸਾਂ | ਰੇਂ | ਗਂ | ਰੇਂ | ਸਾਂ | ਰੇਂ | ਸਾਂ | ਸਾਂ | ਧ | ਸਾਂ | ਧ | ਪ | ਗ | ਰੇ | ਸ | – |
| | ਸੋ | s | ਜ | ਲੁ | ਬਿ | ਨੁ | ਭ | ਗ | ਵੰ | s | ਤ | ਨ | ਪਾ | s | ਈਐ | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

ਨੋਂਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[6]

6 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 86.

**4.1.5** **ਸ਼ਬਦ**

**ਭੈਰਉ ਮਹਲਾ ੫ (ਪੰਨਾ 1136)**

**ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥**

**ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥**

**ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥**

**ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥**

**ਰਾਗ ਭੈਰਉ, ਤਿੰਨ ਤਾਲ**

**ਸਥਾਈ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| **ਮਾਤਰੇ** | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
| **ਸਰਗਮ** | ਧੁ | – | ਪ | ਪ | ਮ | ਗ | ਮ | – | ਰੇ | – | ਗ | ਮ | ਗ | ਰੇ | ਸਾ | – |
| **ਸ਼ਬਦ** | ਊ | s | ਠ | ਤ | ਸੁ | ਖੀ | ਆ | s | ਬੈ | s | ਠ | ਤ | ਸੁ | ਖੀ | ਆ | s |
| | ਸ | ਰੇ | ਗ | ਮ | ਪ | ਧੁ | ਨੀ | ਸਾਂ | ਨੀ | – | ਸਾਂ | ਰੇਂ | ਸਾਂ | ਨੀ | ਧੁ | ਪ |
| | ਭ | ਉ | ਨ | ਹੀ | ਲਾ | s | ਗੈ | ਜਾਂ | ਐ | s | ਸੇ | s | ਬੁ | ਝੀ | ਆ | s |
| **ਤਾਲ ਚਿੰਨ੍ਹ** | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਮ | – | ਪ | ਧੁ | ਨੀ | – | ਸਾਂ | ਸਾਂ | ਨੀ | – | ਸਾਂ | ਰੇਂ | ਸਾਂ | ਨੀ | ਧੁ | ਪ |
| | ਰਾ | s | ਖਾ | s | ਏ | s | ਕੁ | ਹ | ਮਾ | s | ਰਾ | s | ਸੁ | ਆ | ਮੀ | s |
| | ਧੁ | ਧੁ | ਪ | ਪ | ਮ | ਗ | ਮ | – | ਰੇ | – | ਗ | ਮ | ਗ | ਰੇ | ਸਾ | – |
| | ਸ | ਗ | ਲ | ਘ | ਟਾ | s | ਕਾ | s | ਅੰ | s | ਤ | ਰ | ਜਾ | s | ਮੀ | s |
| **ਤਾਲ ਚਿੰਨ੍ਹ** | 0 | | | | 3 | | | | x | | | | 2 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।**"[7]

ਸੰਤ ਸਰਵਣ ਸਿੰਘ ਗੰਧਰਵ ਨੇ ਸੁਰ ਸਿਮਰਨ ਸੰਗੀਤ ਦੇ ਪਹਿਲੇ ਭਾਗ ਵਿਚ ਕੁਝ ਸ਼ਬਦਾਂ ਦੀਆਂ ਰੀਤਾਂ ਵੀ ਦਿਤੀਆਂ ਹਨ। ਇਨ੍ਹਾਂ ਰੀਤਾਂ ਵਿਚੋਂ ਕੁਝ ਇਥੇ ਦੇ ਰਹੇ ਹਾਂ।

7 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 90.

**4.1.6** ਸ਼ਬਦ

**ਗੂਜਰੀ ਮਹਲਾ ੫ (ਪੰਨਾ 498)**

**ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥**

**ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥੧॥**

**ਮੋਹਨੁ ਪ੍ਰਾਨ ਮਾਨ ਰਾਗੀਲਾ ॥**

**ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ ॥੧॥ਰਹਾਉ॥**

**ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥**

**ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥੨॥**

**ਰਾਗ ਮਿਸ਼ਰ ਪਹਾੜੀ, ਤਾਲ ਦਾਦਰਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਪ | ਪ | ਪ | ਧਸਾਂ | ਧ | ਪ | ਮ | ਗ | ਰੇਸਾ | ਰੇਗੁ | ਰੇ | ਰੇ |
| ਸ਼ਬਦ | ਦਿ | ਨੁ | ਰਾ | ਤੀS | S | ਆ | ਰਾ | ਧ | ਹੁS | ਪਿਆ | ਰੋ | S |
| | ਸਾ | ਸਾ | ਰੇ | ਗ | ਮਗ | ਰੇਸਾ | ਰੇ | ਸਾ | ਸਾ | ਸਾ | ਸਾ | ਸਾ |
| | ਨਿਮ | ਖ | ਨ | ਕੀ | ਜੈS | SS | ਢੀ | S | S | ਲਾ | S | S |
| ਤਾਲ ਚਿੰਨ੍ਹ | x | | | 0 | | | x | | | 0 | | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਪ | ਪ | ਪ | ਧ | ਸਾਂ | ਸਾਂ | ਧ | ਸਾਂ | ਸਾਂ | ਰੇਂ | ਗੁਂ | ਗੁਂ |
| | ਸੰ | ਤ | ਸੇ | ਵਾ | ਕ | ਰਿ | ਭਾ | ਵ | ਨੀ | ਲਾ | ਈਐ | S |
| | ਰੇਂ | ਗੁਂ | ਰੇਂ | ਸਾਂ | ਧਨੀ | ਪਧ | ਨੀ | ਸਾਂ | ਸਾਂ | ਸਾਂ | ਸਾਂ | ਸਾਂ |
| | ਤਿਆ | S | ਗਿ | ਮਾ | ਨੁS | ਹਾS | ਠੀ | S | S | ਲਾ | S | S |
| ਤਾਲ ਚਿੰਨ੍ਹ | x | | | 0 | | | x | | | 0 | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[8]

8 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 116.

**4.1.7** **ਸ਼ਬਦ**

**ਆਸਾ ਮਹਲਾ ੫** (ਪੰਨਾ 378)

**ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ॥**

**ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥**

**ਤੁਮਰੀ ਓਟ ਤੁਮਾਰੀ ਆਸਾ ॥**

**ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ਰਹਾਉ॥**

**ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ ॥**

**ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ ॥੨॥**

**ਰਾਗ ਭੈਰਵੀ, ਤਾਲ ਕਹਿਰਵਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | – | ਪ | ਪ | ਪ | ਪ | ਧੁ | ਪ | ਮ | ਮ | ਪ | ਮ | ਗੁ | ਰੇ | ਮ | ਗੁ | – |
| ਸ਼ਬਦ | s | ਤੁਝ | ਬਿ | ਨੁ | ਅ | ਵ | ਰੁ | ਨਾ | ਹੀ | s | ਮੈ | s | ਦੂ | s | ਜਾ | s |
| | ਰੁੇਸਾ | ਸਾ | – | ਸਾ | ਸਾ | ਰੁੇ | ਮ | ਗੁ | ਰੁੇ | – | ਸਾ | – | – | – | – | – |
| | ss | ਤੂੰ | s | ਮੇ | ਰੇ | s | ਮ | ਨ | ਮਾ | s | ਹੀ | s | s | s | s | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | – | ਪ | ਪ | ਪ | ਪ | ਧੁ | ਪ | ਮ | ਮ | ਪ | ਧੁ | ਨੀ | ਧੁ | – | ਪ | – |
| | s | ਤੂੰ | s | ਸਾ | ਜ | ਨੁ | ਸੰ | s | ਗੀ | s | ਪ੍ਰ | ਭੁ | ਮੇ | s | ਰਾ | s |
| | – | ਸਾ | ਪ | ਪ | ਪ | ਧੁ | ਪ | ਮ | ਰੇ | ਮ | ਗੁ | ਗੁ | ਗੁ | ਗੁ | ਰੁੇ | ਸਾ |
| | s | ਕਾ | s | ਹੇ | ਜੀ | s | ਅ | ਡ | ਰਾ | s | ਹੀ | s | s | s | s | s |
| | ਰੁੇਸਾ | ਸਾ | – | ਸਾ | ਸਾ | ਰੁੇ | ਮ | ਗੁ | ਰੁੇ | – | ਸਾ | – | – | – | – | – |
| | ss | ਤੂੰ | s | ਮੇ | ਰੇ | s | ਮ | ਨ | ਮਾ | s | ਹੀ | s | s | s | s | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[9]**

---

9 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪਹਿਲਾ), ਜਨਵਰੀ 2006, ਪੰਨਾ 132.

**ਵਿਸ਼ਲੇਸ਼ਣ**

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਰਚਿਤ ਪੁਸਤਕ ਸੁਰ ਸਿਮਰਨ ਸੰਗੀਤ ਦੇ ਪਹਿਲੇ ਭਾਗ ਵਿਚ ਜੋ ਸ਼ਬਦ ਕੀਰਤਨ ਰਚਨਾਵਾਂ ਸੁਰ ਲਿਪੀਬੱਧ ਸਹਿਤ ਦਿਤੀਆਂ ਗਈਆਂ ਹਨ, ਉਨ੍ਹਾਂ ਸਾਰੀਆਂ ਰਚਨਾਵਾਂ ਵਿਚ ਵਿਦਿਆਰਥੀਆਂ ਦੇ ਸਤਰ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਸਵਰਲਿਪੀਆਂ ਦਾ ਅਰੰਭ ਰਾਗ ਬਿਲਾਵਲ ਤੋਂ ਕੀਤਾ ਗਿਆ ਹੈ, ਕਿਉਂਕਿ ਸੰਤ ਸਰਵਣ ਸਿੰਘ ਗੰਧਰਵ ਦੇ ਵਿਚਾਰ ਅਨੁਸਾਰ ਇਸ ਰਾਗ ਵਿਚ ਸ਼ੁਧ ਸੁਰਾਂ ਹੋਣ ਕਾਰਨ ਇਸ ਨੂੰ ਸਮਝਣਾ ਸੌਖਾ ਹੈ। ਉਨ੍ਹਾਂ ਅਨੁਸਾਰ ਜਦੋਂ ਵੀ ਕੋਈ ਵਿਅਕਤੀ ਗਾਉਣਾ ਸ਼ੁਰੂ ਕਰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਸ਼ੁਧ ਸੁਰਾਂ ਵਿਚ ਹੀ ਗਾਉਂਦਾ ਹੈ। ਕਿਸੇ ਹੋਰ ਰਾਗ ਵਿਚ ਗਾਉਣਾ ਉਸ ਲਈ ਮੁਸ਼ਕਲ ਹੋ ਜਾਂਦਾ ਹੈ। ਇਸੇ ਲਈ ਹੀ ਵਿਦਿਆਰਥੀਆਂ ਦੇ ਸਿਖਣ ਲਈ ਇਸ ਪੁਸਤਕ ਵਿਚ ਬਿਲਾਵਲ ਰਾਗ ਨੂੰ ਹੀ ਪ੍ਰਧਾਨਤਾ ਦਿਤੀ ਗਈ ਹੈ। ਰਾਗਾਂ ਦੇ ਨਾਲ-ਨਾਲ ਸਰਲ ਤਾਲਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਬਿਨ੍ਹਾਂ ਸਰਗਮ ਗੀਤ, ਰਾਗਾਂ ਦਾ ਪ੍ਰੀਚੈ, ਅਲਾਪ ਅਤੇ ਤਾਨਾਂ ਵੀ ਦਿਤੀਆਂ ਗਈਆਂ ਹਨ ਤਾਂ ਕਿ ਵਿਦਿਆਰਥੀਆਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਬਿਨ੍ਹਾਂ ਇਸ ਪੁਸਤਕ ਵਿਚ ਹਰਮੋਨੀਅਮ, ਤਾਨਪੁਰਾ, ਸੰਗੀਤ, ਥਾਟ, ਰਾਗ, ਤਾਲਾਂ, ਵਰਣ, ਅਲੰਕਾਰ ਆਦਿ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਤੀ ਗਈ ਹੈ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਸੰਨ 1978 ਈ. ਵਿਚ ਪ੍ਰਕਾਸ਼ਿਤ ਕੀਤੀ ਗਈ 136 ਪੰਨਿਆਂ ਦੀ ਇਸ ਪੁਸਤਕ ਵਿਚ 19 ਰਾਗਾਂ ਅਤੇ 8 ਤਾਲਾਂ ਵਿਚ ਸੁਰਲਿਪੀਬੱਧ ਕੀਤੀਆਂ 41 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਸ਼ਲਾਘਾਯੋਗ ਕਾਰਜ ਹੈ।

## 4.2 ਸੁਰ ਸਿਮਰਨ ਸੰਗੀਤ - ਭਾਗ ਦੂਜਾ (ਬੰਦਸ਼ਾਂ)

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਪ੍ਰਕਾਸ਼ਿਤ **ਸੁਰ ਸਿਮਰਨ ਸੰਗੀਤ ਪੁਸਤਕ ਦੇ ਦੂਜੇ ਭਾਗ** ਵਿਚ ਵੀ ਗੁਰਮਤਿ ਸੰਗੀਤ ਦਾ ਅਥਾਹ ਖਜ਼ਾਨਾ ਮੌਜੂਦ ਹੈ। ਪੁਸਤਕ ਦੇ ਇਸ ਭਾਗ ਵਿਚ ਸੰਤ ਸਰਵਣ ਸਿੰਘ ਗੰਧਰਵ ਨੇ ਆਸਾ ਦੀ ਵਾਰ ਦੇ ਕੀਰਤਨ ਕਰਨ ਦੇ ਤਿੰਨ ਪ੍ਰਕਾਰ (ਤਰੀਕੇ) ਦੱਸੇ ਹਨ ਤਾਂ ਕਿ ਇਕ ਸਧਾਰਣ ਵਿਅਕਤੀ ਅਤੇ ਸੰਗੀਤ ਦਾ ਗਿਆਤਾ ਵੀ ਆਸਾ ਦੀ ਵਾਰ ਦਾ ਕੀਰਤਨ ਕਰ ਸਕਣ। **ਸੰਤ ਸਰਵਣ ਸਿੰਘ ਗੰਧਰਵ ਅਨੁਸਾਰ**, ਪਹਿਲੇ ਨੰਬਰ ਤੇ ਤਿੰਨ ਸੁਰਾਂ ਵਾਲੇ ਕੀਰਤਨ ਦਾ ਰੂਪ ਹੋਵੇਗਾ, ਤਾਂ ਕਿ ਆਸਾ ਦੀ ਵਾਰ ਦਾ ਕੀਰਤਨ ਹਰ ਮਨੁੱਖ, ਹਰ ਪ੍ਰਾਣੀ ਵਾਜੇ ਦੀ ਸੁਰ ਦਬਾ ਕੇ ਕੀਰਤਨ ਕਰ ਸਕੇ ਅਤੇ ਪ੍ਰਮੇਸ਼ਰ ਦੇ ਗੁਣ ਗਾ ਸਕੇ। ਇਸ ਵਿਚ ਤਿੰਨ ਧਾਰਨਾਂ ਹਨ। ਪਹਿਲੀ ਧਾਰਨਾ ਵਿਚ 24 ਛੱਕੇ ਪੜ੍ਹੇ ਜਾ ਸਕਦੇ ਹਨ। ਦੂਸਰੀ ਧਾਰਨਾ ਵਿਚ 24 ਸਲੋਕ ਅਤੇ ਤੀਸਰੀ ਧਾਰਨਾ ਵਿਚ 24 ਪਉੜੀਆਂ ਪੜ੍ਹੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਬਹੁਤੀ ਵਿਦਵਤਾ ਦੀ ਲੋੜ ਨਹੀਂ ਹੁੰਦੀ। ਕੇਵਲ ਸੁਰ ਨਾਲ ਅਵਾਜ਼ ਮੇਲ ਕੇ ਸਾਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾ ਸਕਦਾ ਹੈ।

ਦੂਜੇ ਨੰਬਰ ਤੇ ਸ਼ੁਧ ਆਸਾ ਵਿਚ ਹੀ ਸਾਰੀ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ ਤਾਂ ਕਿ ਆਸਾ ਦੀ ਵਾਰ ਸ਼ੁਧ ਆਸਾ ਰਾਗ ਵਿਚ ਗਾਈ ਜਾ ਸਕੇ।--------------- ਤਿੰਨ ਨੰਬਰ ਵਿਚ ਆਸਾ ਦੀ ਵਾਰ ਦਾ ਕੀਰਤਨ ਉਹਨਾਂ ਸ਼ਰਧਾਲੂ ਪਿਆਰਿਆਂ ਦੇ ਲਈ ਹੋਵੇਗਾ ਜਿਹੜੇ ਕਿ ਸੰਗੀਤ ਵਿਚ ਹੀ ਕੀਰਤਨ ਸੁਣਨਾ ਤੇ ਕਰਨਾ ਚਾਹੁੰਦੇ ਹਨ। ਇਸ ਵਿਚ ਪਹਿਲੇ ਬਾਰਾਂ ਸਲੋਕ ਆਸਾ ਰਾਗ ਵਿਚ ਅਤੇ ਬਾਕੀ ਦੇ ਬਾਰਾਂ ਸਲੋਕ ਹੋਰ ਰਾਗਾਂ ਵਿਚ ਜਿਵੇਂ ਕਿ ਭੈਰਉ, ਭੈਰਵੀ, ਸਿੰਧੜਾ, ਆਸਾਵਰੀ, ਜੋਗੀਆ ਆਸਾਵਰੀ ਅਤੇ ਕੁਝ ਭੈਰਉ ਥਾਟ ਦੇ ਹੋਰ ਰਾਗਾਂ ਵਿਚ ਸ਼ਬਦ ਹੋਣਗੇ।'[10] ਇਸ ਤੋਂ ਇਲਾਵਾ ਅਨੰਦ ਸਾਹਿਬ ਦੀ ਬਾਣੀ ਨੂੰ ਕਹਿਰਵਾ ਅਤੇ ਢਾਈਆ ਤਾਲਾਂ ਵਿਚ ਸੁਰਲਿਪੀਬੱਧ ਕੀਤਾ ਗਿਆ ਹੈ। ਪੁਸਤਕ ਦੇ ਅਖੀਰ ਵਿਚ 13 ਰਾਗਾਂ (ਰਾਗ ਆਸਾ, ਮਾਂਡ, ਆਸਾ ਬਿਲਾਵਲ, ਲਹਿਦਾ, ਭੈਰਵ, ਜੋਗੀਆ ਭੈਰਵ, ਅਹੀਰ ਭੈਰਵ, ਨਟ ਭੈਰਵ, ਵਿਭਾਸ, ਮਿਸ਼ਰਤ ਭੈਰਵ, ਸਿੰਧੜਾ, ਕਾਫੀ, ਭੈਰਵੀ ਆਦਿ ਹਨ) ਅਤੇ 7 ਤਾਲਾਂ (ਕਹਿਰਵਾ, ਦਾਦਰਾ, ਯਕਾ, ਸੂਲਤਾਲ, ਤਿੰਨ ਤਾਲ, ਦੀਪਚੰਦੀ, ਢਾਈਆ ਆਦਿ) ਅਧੀਨ 36 ਸ਼ਬਦ ਕੀਰਤਨ ਦੀਆਂ ਰਚਨਾਵਾਂ ਦਰਜ ਹਨ। ਇਨ੍ਹਾਂ ਵਿਚੋਂ 9 ਗੁਰਮਤਿ ਸੰਗੀਤ ਵਿਧਾਨ ਦੇ ਅਨੁਸਾਰ, 15 ਸ਼ਬਦ ਰੀਤ ਧਾਰਾ ਦੇ ਅਨੁਸਾਰ ਅਤੇ 12 ਸ਼ਬਦਾਂ ਦੀ ਸੁਰ ਲਿਪੀ ਨਹੀ ਦਿਤੀ ਗਈ। ਸਗੋਂ ਇਨ੍ਹਾਂ 12 ਸ਼ਬਦਾਂ ਨੂੰ ਇਸ ਪੁਸਤਕ ਵਿਚ ਪਹਿਲਾਂ ਦਿਤੀਆਂ ਗਈਆਂ ਸੁਰਲਿਪੀਆਂ ਅਨੁਸਾਰ ਹੀ ਗਾਉਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ 5 ਰਾਗਾਂ (ਆਸਾ ਬਿਲਾਵਲ, ਵਿਭਾਸ, ਨਟ ਭੈਰਵ, ਜੋਗੀਆ ਭੈਰਵ ਅਤੇ ਰਾਗ ਸਿਧੜਾ) ਆਦਿ ਦਾ ਸਰਲ ਪ੍ਰੀਚੈ ਵੀ ਇਸ ਪੁਸਤਕ ਵਿਚ ਦਿਤਾ ਗਿਆ ਹੈ।'[11] ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਇਨ੍ਹਾਂ ਵਿਚੋਂ ਆਸਾ, ਕਾਫੀ, ਭੈਰਵੀ ਰਾਗਾਂ ਦੀਆਂ ਬੰਦਸ਼ਾਂ ਇਥੇ ਦਰਜ ਕੀਤੀਆਂ ਗਈਆਂ ਹਨ, ਜੋ ਕਿ ਤਾਲ ਕਹਿਰਵਾ, ਦਾਦਰਾ, ਸੂਲਫਾਕਤਾ, ਦੀਪਚੰਦੀ ਆਦਿ ਤਾਲਾਂ ਵਿਚ ਹਨ।

---

10 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 119.

11 ਸੁਰ ਸਿਮਰਨ ਸੰਗੀਤ (ਭਾਗ ਦੂਜਾ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

**4.2.1** **ਆਸਾ ਦੀ ਵਾਰ**

**ੴ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੪ ਛੰਤ ਘਰੁ ੪॥**

**ਹਰਿ ਅੰਮ੍ਰਿਤ ਭਿੰਨੇ ਲੋਇਣਾ, ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥**

**ਮਨੁ ਰਾਮਿ ਕਸਵਟੀ ਲਾਇਆ, ਕੰਚਨੁ ਸੋਵਿੰਨਾ॥**

**ਗੁਰਮਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥**

**ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥੧॥**

**ਆਸਾ ਮਹਲਾ ੪ ਛੰਤ ਘਰੁ ੪**

**ਛੱਕਾ ਪਹਿਲਾ, ਤਾਲ ਕਹਿਰਵਾ**

**ਸਥਾਈ**

| ਮਾਤਰੇ | 1 | 2 | 3 | 4 | 1 | 2 | 3 | 4 | 1 | 2 | 3 | 4 | 1 | 2 | 3 | 4 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾਂ | ਸਾਂ | ਸਾਂ | ਸਾਂ | ਨੀਧ | ਨੀ | ਧਪ | ਧ | ਪਮ | ਗ | ਪ | ਧ | ਸਾਂ | ਸਾਂ | ਸਾਂ | ਸਾਂ |
| ਸ਼ਬਦ | ਹਰਿ | ਅੰ | ਮ੍ਰਿ | ਤ | ਭਿੰS | S | ਨੇS | S | SS | ਲੋ | S | ਇ | ਣਾ | S | S | S |
| ਸਰਗਮ | ਪਸਾਂ | ਸਾਂਨ਼ੀ | ਨ਼ੀਧ | ਧਪ | ਪਨ਼ੀ | ਧਪ | ਮਗ | ਰੇ | – | ਗ | ਗਮ | ਗਰੇ | ਸਾ | – | – | – |
| ਸ਼ਬਦ | ਮਨੁ | ਪ੍ਰੇS | Sਮਿ | Sਰ | ਤੰS | SS | ਨਾS | S | S | ਰਾ | SS | ਮਰਾ | ਜੇ | S | S | S |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਅੰਤਰਾ**

| ਸਰਗਮ | ਸਾ | ਧ਼ਸਾ | ਧ਼ਸਾ | ਧ਼ਸਾ | ਧ਼ | ਸਾ | ਸਾ | ਸਾ | – | ਰੇਪ | ਮਗ | ਰੇਗ | ਰੇ | ਰੇ | ਰੇ | ਰੇ |
|---|---|---|---|---|---|---|---|---|---|---|---|---|---|---|---|---|
| ਸ਼ਬਦ | ਮਨੁ | ਰਾS | ਮਿS | ਕਸ | ਵ | S | ਟੀ | S | S | ਲਾS | SS | ਇS | ਆ | S | S | S |
| ਸਰਗਮ | ਪਸਾਂ | ਸਾਂਨ਼ੀ | ਨ਼ੀਧ | ਧਪ | ਪਨ਼ੀ | ਧਪ | ਮਗ | ਰੇ | ਗ | ਗ | ਮ | ਗਰੇ | ਸਾ | ਸਾ | ਸਾ | ਸਾ |
| ਸ਼ਬਦ | ਕੰS | ਚS | ਨੁS | ਸੋS | ਵਿੰS | SS | ਨਾS | S | ਕੰ | ਚ | ਨੁ | ਸੋS | ਵਿੰ | S | ਨਾ | S |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[12]

12 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 137.

**4.2.2** ਆਸਾ ਦੀ ਵਾਰ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥

ਸਲੋਕੁ ਮਹਲਾ ੧॥ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥

ਮਹਲਾ ੨॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥

ਮਹਲਾ ੧॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥

| | | | | | | | | |
|---|---|---|---|---|---|---|---|---|
| ਸਾ | ਰੇ | ਗ | ਮ | ਮ | ਗ | ਗ | ਰੇ | ਰੇ |
| ੴ | ਸਤਿ | ਨਾਮੁ | ਕਰਤਾ | ਪੁਰਖੁ | ਨਿਰਭਉ | ਨਿਰਵੈਰੁ | ਅਕਾਲ | ਮੂਰਤਿ |

| | | | | | | | |
|---|---|---|---|---|---|---|---|
| ਗਰੇ | ਸਾਰੇ | ਗਪ | ਮਗ | ਗ | ਸਾ | ” | ਸਾ |
| ਅ | SSS | SS | ਜੂਨੀ | ਸੈਭੰ | ਗੁਰਪ੍ਰਸਾਦਿ | ” | ਆਸਾ ਮਹਲਾ ੧ |

| | | | | | | | |
|---|---|---|---|---|---|---|---|
| ਨੀ | ਨੀ | ਧ | ਪ | ਮ | ਪ | ਪ | ਧ |
| ਵਾਰ ਸਲੋਕਾ | ਨਾਲਿ | ਸਲੋਕ ਭੀ ਮਹਲੇ | ਪਹਿਲੇ ਕੇ | ਲਿਖੇ | ਟੁੰਡੇ | ਅਸ | ਰਾਜੈ |

| | | | | | | | |
|---|---|---|---|---|---|---|---|
| ਰੇਂ | ਸਾਂ | ॥ | ਧ | ਰੇਂ--- | ਸਾਂਗਂ | ਰੇਂਗਂ | ਸਾਂਨੀ ਪ |
| ਕੀ | ਧੁਨੀ | ॥ | ਸਲੋਕ ਮਹਲਾ ੧ | ਬਲਿਹਾਰੀ ਗੁਰ | ਆਪ | ਣੇSSS | SSS |

| | | | | | | | | |
|---|---|---|---|---|---|---|---|---|
| ਰੇਂ | - | ਸਾਂ | - | । | ਸਾਂ | ਸਾਂ | -ਧਪਮ- | ਮ - |
| ਦਿਉ | ਹਾੜੀ | ਸਦ | ਵਾਰ | । | ਜਿਨਿ | ਮਾਣਸ | ਤੇ ਦੇਵਤੇ ਕੀਏ | ਕਰਤ ਨ |

| | | | | | | | | | |
|---|---|---|---|---|---|---|---|---|---|
| ਪ | ਧ | ਪ | ॥ | ਪ | - | ਪ ਨੀ ਧ ਸਾਂ | ਨੀ ਰੇਂ ਸ | ਪ | ਧ |
| ਲਾ | ਗੀ | ਵਾਰ | ॥ | ਮਹਲਾ | ਦੂ | ਜਾ S S S | S S S | ਜੇ | ਸਉ |

| | | | | | | | | |
|---|---|---|---|---|---|---|---|---|
| ਧ ਪ ਨੀ ਧ | ਪ - - ਮ ਗ | ਮ ਪ ॥ | ਧ | ਪ | ਮਗ ਰੇ ਸ ਗ ਰੇ | ਪ ਮ ਗ | ਰੇ ਸਾ -॥ | ਸਾ॥ |
| ਚੰਦਾ ਉ ਗ ਵਹਿ | ਸੂ S S ਰਜ ਚ | ੜਹਿ ਹਜਾਰ॥ | ਏ | ਤੇ | ਚਾਨ ਣ ਹੋ ਦਿ ਆਂ | ਘੁਰ ਬਿਨੁ ਘੋ | ਰ ਅੰਧਾ ਰ॥ | ਮਹਲਾ ੧॥ |

| | | | | | | | |
|---|---|---|---|---|---|---|---|
| ਮ | ਗ ਪ ਮ-- | ਧ ਧ | ਪ | ॥ | ਪ | ਧ | ਰੇਂ |
| ਨਾਨਕ | ਗੁਰੂ ਨ ਚੇਤਨੀ | ਮਨਿ ਆਪਣੈ ਸੁ | ਚੇਤ | ॥ | ਛੁਟੇ | ਤਿਲ | ਬੂ |

| | | | | | | | |
|---|---|---|---|---|---|---|---|
| ਰੇਂ- | ਸਾਂ | ਧ | ਧ | ਧ | ਸਾਂ॥ | ਮ--- | ਗ ਮ ਪ |
| ਆੜ | ਜਿਉ | ਸੁੰਞੇ | ਅੰ | ਦਰਿ | ਖੇਤ॥ | ਖੇਤੈ ਅੰਦਰਿ ਛੁਟਿਆ | ਕਹੁ ਨਾ ਨਕ |

| | | | | | | |
|---|---|---|---|---|---|---|
| ਧ | ਪ ॥ | ਸਾਂ ਨੀ ਧ | ਪ | ਮ ਗ ਰੇ | ਪ | ਗ ਰੇ |
| ਸਉ | ਨਾਹ॥ | ਫਲੀ ਅਹਿ ਫੁਲੀ | ਅਹਿ | ਬ ਪੁ ੜੇ | ਭੀਤਨ | ਵਿ ਚਿ |

”[13]

---

13 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 138-139.

**4.2.3** **ਪਉੜੀ**

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**
**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥**
**ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥**
**ਕਰਿ ਆਸਣੁ ਡਿਠੋ ਚਾਉ ॥੧॥**
**ਪਉੜੀ ਸੁਰ ਲਿਪੀ, ਤਾਲ ਕਹਿਰਵਾ**
**ਸਥਾਈ**

| ਮਾਤਰੇ | 1 | 2 | 3 | 4 | 1 | 2 | 3 | 4 |
|---|---|---|---|---|---|---|---|---|
| ਸਰਗਮ | ਸਾ | ਸਾ | ਸਾ | ਰੇਗ | ਰੇ | ਸਾ | – | ਸਾ |
| ਸ਼ਬਦ | ਸੁਆਹ | ਪਉੜੀ, | ਆਪੀ | ਨੈ੍ਆਪੁ | ਸਾਜਿ | ਓ | S | ਆ |
| ਸਰਗਮ | ਸਧ | ਧ | ਨੀਧ | ਪਮੰ | ਪ | – | ਗ | ਰੇਸਾ |
| ਸ਼ਬਦ | ਪੀS | ਨੈ੍ | SS | SS | S | S | ਰਚਿ | ਓS |
| ਸਰਗਮ | ਰੇ | ਸਾ | ਸਾ | ਰੇਗ | ਰੇ | ਸਾ | – | ਸਾ |
| ਸ਼ਬਦ | ਨਾ | ਉ | ਦੁਯੀ | ਕੁਦਰਤਿ | ਸਾਜੀ | ਐ | S | ਕਰਿ |
| ਸਰਗਮ | ਸਧ | ਧ | ਨੀਧ | ਪਮੰ | ਪ | – | ਗ | ਰੇਸਾ |
| ਸ਼ਬਦ | ਆS | ਸ | ਣੁS | SS | S | S | ਡਿ | ਠੋS |
| ਸਰਗਮ | ਰੇ | ਸਾ | ਸਾ | ਰੇਗ | ਰੇ | ਸਾ | – | ਸਾ |
| ਸ਼ਬਦ | ਚਾ | ਉ | ਦਾਤਾ | ਕਰਤਾ | ਆਪਿ | ਤੂੰ | S | ਤੁਸਿ |
| ਸਰਗਮ | ਸਧ | ਧ | ਨੀਧ | ਪਮੰ | ਪ | – | ਗ | ਰੇਸਾ |
| ਸ਼ਬਦ | ਦੇS | ਵਹਿ | SS | SS | S | S | ਕਰ | ਹਿਪ |
| ਸਰਗਮ | ਰੇ | ਸਾ | ਸਾ | ਰੇਗ | ਰੇ | ਸਾ | – | ਸਾ |
| ਸ਼ਬਦ | ਸਾ | ਉ | ਤੂੰ | ਜਾਣੋਈ | ਸਭ | ਸੈ | S | ਦੇ |
| ਸਰਗਮ | ਸਧ | ਧ | ਨੀਧ | ਪਮੰ | ਪ | – | ਗ | ਰੇਸਾ |
| ਸ਼ਬਦ | ਲੈS | ਸਹਿ | SS | SS | S | S | ਜਿੰ | ਦੁS |
| ਸਰਗਮ | ਰੇ | ਸਾ | – | ਪਧ | ਧਸਾਂ | ਸਾਂ | – | ਰੇਂਸਾਂ |
| ਸ਼ਬਦ | ਕਵਾ | ਉ | S | ਕਰਿ | ਆ | ਸਣੁ | S | ਕਰਿ |
| ਸਰਗਮ | ਨੀ | ਸਾਂ | ਧਨੀ | ਪਧ | ਸਾਂਨੀ | ਸਾਂ | ਧਪ | ਧਪ |
| ਸ਼ਬਦ | ਆ | ਸਣੁ | ਡਿS | ਠੋS | ਚਾS | ਉ | ਡਿS | ਠੋS |
| ਸਰਗਮ | ਮਗ | ਰੇ | ਗ | ਮਗ | ਰੇ | ਸਾ | – | – |
| ਸ਼ਬਦ | ਚਾS | ਉ | ਡਿ | ਠੋS | ਚਾ | ਉ | S | S |
| ਤਾਲ ਚਿੰਨ੍ਹ | X | | | | X | | | |

[14]

14 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 139-140.

**4.2.4** **ਛੰਤ**

**ਹਰ ਪ੍ਰੇਮ ਬਾਣੀ ਮਨੁ ਮਾਰਿਆ, ਅਣੀਆਲੇ ਅਣੀਆ ਰਾਮ ਰਾਜੇ ॥**

**ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥**

**ਜੀਵਨ ਮੁਕਤਿ ਸੋ ਆਖੀਐ, ਮਰਿ ਜੀਵੈ ਮਰੀਆ ॥**

**ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥੨॥**

**ਛੱਕਾ ਦੂਸਰਾ, ਤਾਲ ਦਾਦਰਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਗਪ | ਪਮ | ਮਗ | ਗਰੇ | ਰੇਸਾ | ਸਾ | ਸਾਰੇ | ਧ | ਸਾ | ਗਗੁ | ਗ | ਗ |
| ਸ਼ਬਦ | ਹਰਿ | ਪ੍ਰੇS | ਮਬਾ | ਣੀS | ਮS | ਨੁ | ਮਾS | S | ਰਿ | ਆS | S | S |
| ਸਰਗਮ | ਗ | ਪ | ਪਧ | ਨੀਸਾਂ | ਨੀ | ਧ | ਪਮ | ਪਮ | ਧਪ | ਮ | ਗ | ਗ |
| ਸ਼ਬਦ | ਅਣੀ | ਆ | ਲੇS | ਅਣੀ | ਆ | S | ਰਾS | Sਮ | ਰਾS | ਜੇ | S | S |
| ਤਾਲ ਚਿੰਨ੍ਹ | x | | | 0 | | | x | | | 0 | | |

**ਅੰਤਰਾ**

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਸਾਂ | ਸਾਂ | ਨੀ | ਸਾਂਰੇਂ | ਸਾਂਨੀ | ਸਾਂਨੀ | ਧਧੁ | ਧ | ਨੀ | ਸਾਂਨੀ | ਸਾਂ | ਸਾਂ |
| ਸ਼ਬਦ | ਜਿਸੁ | ਲਾ | ਗੀ | ਪੀS | SS | ਰਪਿ | ਰੰS | S | ਮ | ਕੀS | S | S |
| ਸਰਗਮ | ਗ | ਪ | ਪਧ | ਨੀਸਾਂ | ਨੀ | ਧ | ਪਮ | ਪਮ | ਧਮ | ਮ | ਗ | ਗ |
| ਸ਼ਬਦ | ਸੋ | ਜਾ | ਣੈS | ਜਰੀ | ਆ | S | ਸੋS | ਜਾS | ਣੈS | ਜਰੀ | ਆ | S |
| ਤਾਲ ਚਿੰਨ੍ਹ | x | | | 0 | | | x | | | 0 | | |

ਨੋਟ: ਬਾਕੀ ਅੰਤਰੇ ਵੀ ਇਹਨਾਂ ਸੁਰਾਂ 'ਤੇ ਹੀ ਗਾਏ ਜਾਣਗੇ।"[15]

15 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 141.

**4.2.5** **ਸ਼ਬਦ**

**ਆਸਾ ਮਹਲਾ ੫** (ਪੰਨਾ 388)

**ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ॥ ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ ॥੧॥**

**ਸੁਨਿ ਸੁਨਿ ਜੀਵਾ ਸੋਇ ਤੁਮਾਰੀ॥ ਮੋਹਿ ਨਿਰਗੁਨ ਕਉ ਲੇਹੁ ਉਧਾਰੀ ॥੧॥ਰਹਾਉ॥**

**ਮਿਟਿ ਗਇਆ ਦੂਖੁ ਬਿਸਾਰੀ ਚਿੰਤਾ॥ ਫਲੁ ਪਾਇਆ ਜਪਿ ਸਤਿਗੁਰ ਮੰਤਾ ॥੨॥**

**ਸੋਈ ਸਤਿ ਸਤਿ ਹੈ ਸੋਇ॥ ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥੩॥**

**ਕਹੁ ਨਾਨਕ ਕਉਨ ਉਹ ਕਰਮਾ॥ ਜਾ ਕੈ ਮਨਿ ਵਸਿਆ ਹਰਿ ਨਾਮਾ ॥੪॥**

**ਰਾਗ ਆਸਾ, ਤਾਲ ਕਹਿਰਵਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | ਸਾ | ਸਾ | ਸਾ | ਸਾ | ਸਾ | ਸਾ | ਸਾ | ਨੀ | ਰੇ | ਸਾ | ਨੀ | ਧ | ਨੀ | ਧ | – |
| ਸ਼ਬਦ | ਸੁ | ਨਿ | ਸੁ | ਨਿ | ਜੀ | s | ਵਾ | s | ਸੋ | s | ਇ | ਤੁ | ਮਾ੍ | s | ਰੀ | s |
| | | | | | | | | | | | | | | | | |
| ਸਰਗਮ | ਧ | ਧ | ਨੀ | ਨੀ | ਰੇ | ਗ | ਰੇਗ | ਮ | ਗ | ਰੇ | ਗ | ਰੇ | ਸਾ | ਸਾ | ਸਾ | ਸਾ |
| ਸ਼ਬਦ | ਮੋ | ਹਿ | ਨਿ | ਰ | ਗੁ | ਨ | ਕਉ | s | ਲੇ | s | ਹੁ | ਉ | ਧਾ | s | ਰੀ | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਅੰਤਰਾ**

| ਸਰਗਮ | ਸਾ | ਸਾ | ਮ | ਮ | ਮ | ਮ | ਮ | ਗ | ਮ | ਪ | ਪ | ਪ | ਪ | – | ਪ | ਮ |
|---|---|---|---|---|---|---|---|---|---|---|---|---|---|---|---|---|
| ਸ਼ਬਦ | ਜ | ਉ | ਸੁ | ਪ੍ਰ | ਸੰ | s | ਨ | s | ਹੋ | ਇਉ | ਪ੍ਰ | ਭੁ | ਮੇ | s | ਰਾ | s |
| | | | | | | | | | | | | | | | | |
| ਸਰਗਮ | ਮ | ਧ | ਧ | ਧ | ਧ | ਪ | ਪ | ਮ̍ | ਮ̍ | ਪ | ਪ | – | ਪ | – | ਪ | – |
| ਸ਼ਬਦ | ਤਾਂ | s | ਦੂ | ਖੁ | ਭ | ਰ | ਮੁ | ਕ | ਹੁ | s | ਕੈ | ਸੇ | ਨੇ | s | ਰਾ | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ ’ਤੇ ਹੀ ਗਾਏ ਜਾਣਗੇ।”[16]

16 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 219.

**4.2.6** **ਸ਼ਬਦ**

**ਆਸਾ ਮਹਲਾ ੫** (ਪੰਨਾ 387)

**ਉਕਤਿ ਸਿਆਨਪ ਕਿਛੂ ਨ ਜਾਨਾ ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥੧॥**
**ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥੧॥ਰਹਾਉ॥**
**ਮੂਰਖ ਮੁਗਧ ਅਗਿਆਨ ਅਵੀਚਾਰੀ ॥ ਨਾਮ ਤੇਰੇ ਕੀ ਆਸ ਮਨਿ ਧਾਰੀ ॥੨॥**
**ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥**
**ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥੪॥**

**ਰਾਗ ਆਸਾ, ਤਾਲ ਸੂਲਫਾਕਤਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਧ | ਪ | ਗ | ਮ | ਪ | ਮ॑ | ਪ | – | ਪ | ਗ |
| ਸ਼ਬਦ | ਉ | ਕ | ਤਿ | ਸਿ | ਆ | ऽ | ऽ | ਨ | ਪ | ऽ |
| ਸਰਗਮ | ਪ | – | ਪ | ਧ | ਨੀ | – | ਸਾਂ | ਨੀ | ਧ | ਪ |
| ਸ਼ਬਦ | ਕਿ | ऽ | ਛੂ | ਨ | ਜਾ | ऽ | ਨਾ | ऽ | ऽ | ऽ |
| ਸਰਗਮ | ਧ | ਧ | ਨ਼ੀ | ਧ | ਪ | ਮ॑ | ਪ | ਪ | ਪ | – |
| ਸ਼ਬਦ | ਦਿ | ऽ | ਨੁ | ऽ | ਰੈ | ऽ | ਣਿ | ਤੇ | ਰਾ | ऽ |
| ਸਰਗਮ | ਗ | – | ਮ | ਪ | ਗ | ਮ | ਰੇ | ਗ | ਸਾ | – |
| ਸ਼ਬਦ | ਨਾ | ऽ | ਮੁ | ਵ | ਖਾ | ऽ | ਨਾ | ऽ | ऽ | ऽ |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਅੰਤਰਾ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਪ | – | ਪ | ਧ | ਸਾਂ | ਨੀ | ਧ | ਸਾਂ | – | – |
| ਸ਼ਬਦ | ਮੈ | ऽ | ਨਿ | ਰ | ਗੁ | ਨ | ऽ | ਗੁ | ਣੁ | ऽ |
| ਸਰਗਮ | ਰੇਂ | ਸਾਂ | ਗਂ | ਰੇਂ | ਸਾਂ | ਰੇਂ | ਸਾਂ | ਨੀ | ਧ | ਪ |
| ਸ਼ਬਦ | ਨਾ | ऽ | ਹੀ | ऽ | ਕੋ | ऽ | ਇ | ऽ | ऽ | ऽ |
| ਸਰਗਮ | ਧ | ਧ | ਨ਼ੀ | ਧ | ਪ | ਮ॑ | ਪ | ਪ | – | – |
| ਸ਼ਬਦ | ਕ | ਰ | ਨ | ਕ | ਰਾ | ऽ | ऽ | ਵਨ | ऽ | ऽ |
| ਸਰਗਮ | ਗ | ਗ | ਮ | ਪ | ਗ | ਮ | ਰੇ | ਗ | ਸਾ | – |
| ਸ਼ਬਦ | ਹਾ | ਰ | ਪ੍ਰ | ਭ | ਸੋ | ऽ | ਇ | ऽ | ऽ | ऽ |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[17]

---

17 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 224-225.

### 4.2.7 ਸ਼ਬਦ

**ਰਾਗ ਆਸਾ ਮਹਲਾ ੫ ਘਰੁ ੧੩ (ਪੰਨਾ 406)**

**ਸਤਿਗੁਰ ਬਚਨ ਤੁਮ੍ਾਰੇ॥ ਨਿਰਗੁਣ ਨਿਸਤਾਰੇ ॥੧॥ਰਹਾਉ॥**

**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥**

**ਜਨਮ ਭਵੰਤੇ ਨਰਕਿ ਪੜੰਤੇ ਤਿਨ ਕੇ ਕੁਲ ਉਧਾਰੇ ॥੨॥**

**ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥੩॥**

**ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ॥੪॥**

**ਰਾਗ ਆਸਾ, ਤਾਲ ਦੀਪਚੰਦੀ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|---|
| ਸਰਗਮ | ਸਾ | ਸਾ | ਸਾ | ਮਰੇ | ਮ | ਮ | ਮ | ਪ | ਧ | ਧ | ਧ | ਪ | ਧ | ਧ |
| ਸ਼ਬਦ | ਸ | s | ਤਿ | ਗੁs | s | ਰ | s | ਬ | ਚ | s | ਨ | s | s | s |
| ਸਰਗਮ | ਪ | ਧ | ਮ | ਗ | ਗ | ਰੇ | ਸਾ | ਰੇ | ਰੇ | ਰੇ | ਸਾ | ਸਾ | ਸਾ | ਸਾ |
| ਸ਼ਬਦ | ਬ | ਚ | s | ਨ | s | s | ਤੁ | ਮ੍ਾ | s | s | ਰੇ | s | s | s |
| ਸਰਗਮ | ਧ | ਧ | ਪ | ਧ | ਧ | ਰੇਂ | ਰੇਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ |
| ਸ਼ਬਦ | ਨਿ | ਰ | s | ਗੁ | ਣ | ਨਿ | ਸ | ਤਾ | s | s | ਰੇ | s | s | s |
| ਤਾਲ ਚਿੰਨ੍ਹ | x | | | 2 | | | | 0 | | | 3 | | | |

**ਅੰਤਰਾ**

| ਸਰਗਮ | ਪ | ਪ | ਪ | ਧ | ਸਾਂ | ਸਾਂ | ਸਾਂ | ਰੇਂ | ਰੇਂ | ਗਂ | ਰੇਂ | ਰੇਂ | ਗਂ | ਗਂ |
|---|---|---|---|---|---|---|---|---|---|---|---|---|---|---|
| ਸ਼ਬਦ | ਮ | ਹਾ | ਬਿ | ਖਾ | s | ਦੀ | s | ਦੁ | ਸ | ਟ | ਅ | ਪ | ਵਾ | ਦੀ |
| ਸਰਗਮ | ਰੇਂ | ਰੇਂ | ਸਾਂ | ਰੇਂ | ਰੇਂ | ਗਂ | ਗਂ | ਰੇਂ | ਰੇਂ | ਰੇਂ | ਸਾਂ | ਸਾਂ | ਸਾਂ | ਸਾਂ |
| ਸ਼ਬਦ | ਤੇ | s | ਪੁ | ਨੀ | s | ਤ | ਸੰ | ਗਾ | s | s | ਰੇ | s | s | s |
| ਤਾਲ ਚਿੰਨ੍ਹ | x | | | 2 | | | | 0 | | | 3 | | | |

ਨੋਟ: ਬਾਕੀ ਅੰਤਰੇ ਵੀ ਇਹਨਾਂ ਸੁਰਾਂ ’ਤੇ ਹੀ ਗਾਏ ਜਾਣਗ।”[18]

18 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 228.

**4.2.8** **ਵਾਰ ਭਾਈ ਗੁਰਦਾਸ ਜੀ**

**ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ॥**
**ਹੋਛਾ ਸਾਹੁ ਨ ਕੀਚਈ ਫਿਰਿ ਪਛੋਤਾਈਐ॥**
**ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ॥**
**ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ॥**
**ਦੁਰਮਤਿ ਮੈਲੁ ਨ ਉਤਰੈ ਕਿਉਂ ਤੀਰਥਿ ਨਾਈਐ॥**
**ਪੀਰ ਮੁਰੀਦਾਂ ਪਿਰਹੜੀ ਸੁਖ ਸਹਜਿ ਸਮਾਈਐ॥੧੫॥੨੭॥**

**ਰਾਗ ਕਾਫੀ, ਤਾਲ ਕਹਿਰਵਾ**

**ਸਥਾਈ**

| ਮਾਤਰੇ | 1 | 2 | 3 | 4 | 1 | 2 | 3 | 4 | 1 | 2 | 3 | 4 | 1 | 2 | 3 | 4 |
|---|---|---|---|---|---|---|---|---|---|---|---|---|---|---|---|---|
| ਸਰਗਮ | – | ਰੇਗੁ | ਮਗੁ | ਰੇ | ਸ | ਰੇ | ਮ | ਪ | – | ਧ | ਮ | ਪ | ਮਪ | ਧਪ | ਗੁਰੇ | ਰੇ |
| ਸ਼ਬਦ | S | ਦਾS | SS | ਤਾ | S | ਓ | ਹੁ | ਨ | S | ਮੰ | S | ਗੀ | ਐS | SS | SS | S |
| ਸਰਗਮ | – | ਸਾਂ | – | ਰੇਂਸਾਂ | ਨੁੀ | ਧ | ਮ | ਪ | ਰੇਮ | ਪਧ | ਮ | ਪ | ਗੁ | ਰੇ | ਗੁ | ਸਾ |
| ਸ਼ਬਦ | S | ਫਿ | S | ਰਿS | ਮੰ | S | ਗ | ਣਿ | ਜਾS | SS | S | S | S | ਈ | ਐ | S |
| ਤਾਲ ਚਿੰਨ੍ਹ | x | | | | x | | | | x | | | | x | | | |

**ਅੰਤਰਾ**

| ਸਰਗਮ | – | ਪ | ਨੀ | ਸਾਂਰੇਂ | – | ਰੇਂ | ਰੇਂ | ਗੁਂ | ਗੁਂ | ਸਾਂ | ਰੇਂ | ਰੇਂ | ਸਾਂ | ਸਾਂ | ਸਾਂ | ਸਾਂ |
|---|---|---|---|---|---|---|---|---|---|---|---|---|---|---|---|---|
| ਸ਼ਬਦ | S | ਹੋ | S | ਛਾS | S | ਸਾ | S | ਹੁ | ਨ | ਕੀ | S | ਚ | ਈ | S | S | S |
| ਸਰਗਮ | – | ਪ | ਨੀ | ਨੀ | ਸਾਂ | ਮਂ | ਗੁਂ | ਰੇਂ | ਗੁਂ | – | ਰੇਂ | ਸਂ | ਰੇਂ | ਸਾਂ | ਸਾਂ | ਸਾਂ |
| ਸ਼ਬਦ | S | ਫਿ | S | ਰਿ | ਪ | S | ਛੋ | S | ਤਾ | S | ਈ | S | ਐ | S | S | S |
| ਸਰਗਮ | – | ਸਾਂ | – | ਰੇਂਸਾਂ | ਨੁੀ | ਧ | ਮ | ਪ | ਰੇਮ | ਪਧ | ਮ | ਪ | ਗੁ | ਰੇ | ਗੁ | ਸਾ |
| ਸ਼ਬਦ | S | ਫਿ | S | ਰਿS | ਪ | S | ਛੋ | S | ਤਾS | SS | S | S | S | ਈ | ਐ | S |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[19]

19 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 246.

**4.2.9** **ਸ਼ਬਦ**

**ਕਾਨੜਾ ਮਹਲਾ ੫** (ਪੰਨਾ 1299)

**ਸੰਤਨ ਪਹਿ ਆਪਿ ਉਧਾਰਨ ਆਇਓ ॥੧॥ਰਹਾਉ॥**

**ਦਰਸਨ ਭੇਟਤ ਹੋਤ ਪੁਨੀਤਾ ਹਰਿ ਹਰਿ ਮੰਤ੍ਰੁ ਦ੍ਰਿੜਾਇਓ ॥੧॥**

**ਕਾਟੇ ਰੋਗ ਭਏ ਮਨ ਨਿਰਮਲ ਹਰਿ ਹਰਿ ਅਉਖਧੁ ਖਾਇਓ ॥੨॥**

**ਅਸਥਿਤ ਭਏ ਬਸੇ ਸੁਖ ਥਾਨਾ ਬਹੁਰਿ ਨ ਕਤਹੂ ਧਾਇਓ ॥੩॥**

**ਸੰਤ ਪ੍ਰਸਾਦਿ ਤਰੇ ਕੁਲ ਲੋਗਾ ਨਾਨਕ ਲਿਪਤ ਨ ਮਾਇਓ ॥੪॥**

**ਰਾਗ ਭੈਰਵੀ, ਤਾਲ ਦਾਦਰਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਸਾ | ਗੁ | ਨ੍ਹੀ | ਸਾ | ਸਾ | ਸਾ | ਪ | ਧੁ | ਨ੍ਹੀ | ਨੀਸਾਂ | ਸਾਂਪ | – |
| ਸ਼ਬਦ | ਸੰ | ਤ | ਨ | ਪ | ਹਿ | s | ਸੰ | ਤ | ਨ | ਪs | ਹਿs | s |
| | | | | | | | | | | | | |
| ਸਰਗਮ | ਪਧੁ | ਮਪ | ਗੁ | ਗੁਪ | ਮ | ਮ | ਪਧੁ | ਸਾਂਨ੍ਹੀ | ਧੁਪ | ਧੁਪ | ਮਗੁ | ਰੁੇਸਾ |
| ਸ਼ਬਦ | ਆs | ਪਿs | ਉ | ਧਾs | ਰ | ਨ | ਆs | ਇs | ਓs | ਆs | ਇs | ਓs |
| ਤਾਲ ਚਿੰਨ੍ਹ | x | | | 0 | | | x | | | 0 | | |

**ਅੰਤਰਾ**

| ਸਰਗਮ | ਗੁਂ | ਗੁਂ | ਰੁੇਂ | ਗੁਂ | ਗੁਂ | ਗੁਂ | ਗੁਂਰੁੇਂ | ਸਾਂਨੀ | ਪ | ਪ | ਨ੍ਹੀ | ਰੁੇਂ |
|---|---|---|---|---|---|---|---|---|---|---|---|---|
| ਸ਼ਬਦ | ਦਰ | ਸ | ਨ | ਭੇ | ਟ | ਤ | ਹੋs | ss | ਤ | ਪੁ | ਨੀ | ਤਾ |
| | | | | | | | | | | | | |
| ਸਰਗਮ | ਗੁਂਰੁੇਂ | ਸਾਂ | ਸਾਂਨ੍ਹੀ | ਧੁਨ੍ਹੀ | ਪ | ਪ | ਗੁਂਰੁੇਂ | ਸਾਂਨ੍ਹੀ | ਸਾਂ | ਪਧੁ | ਸਾਂ | – |
| ਸ਼ਬਦ | ਹਰਿ | ਹ | ਰਿs | ਮੰs | ਤ੍ਰ | s | ਦ੍ਰਿs | ੜਾs | ਇਓ | ਆs | ਇਓ | s |
| ਤਾਲ ਚਿੰਨ੍ਹ | x | | | 0 | | | x | | | 0 | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[20]

20 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਦੂਜਾ), ਜਨਵਰੀ 2006, ਪੰਨਾ 250.

**ਵਿਸ਼ਲੇਸ਼ਣ**

ਸੁਰ ਸਿਮਰਨ ਸੰਗੀਤ ਪੁਸਤਕ ਦੇ ਦੂਜੇ ਭਾਗ ਵਿਚ ਲੇਖਕ ਸੰਤ ਸਰਵਣ ਸਿੰਘ ਗੰਧਰਵ ਨੇ ਆਸਾ ਰਾਗ ਤੇ ਵਧੇਰੇ ਧਿਆਨ ਕੇਂਦਰਤ ਕੀਤਾ ਹੈ। ਇਸ ਪੁਸਤਕ ਦੀ ਸ਼ੈਲੀ ਬਹੁਤ ਹੀ ਸਰਲ ਹੈ ਜੋ ਕਿ ਵਿਦਿਆਰਥੀਆਂ ਨੂੰ ਇਮਤਿਹਾਨ ਵਿਚ ਲਾਹੇਵੰਦ ਸਾਬਿਤ ਹੋ ਸਕਦੀ ਹੈ। ਇਸ ਪੁਸਤਕ ਵਿਚ ਕੀਰਤਨ ਦੀ ਮਹਾਨਤਾ, ਰਾਗਾਂ ਅਤੇ ਆਪਣੇ ਮਨ ਦੀ ਸਾਧਨਾ ਲਈ ਵੀ ਵਿਚਾਰਾਂ ਦਿਤੀਆਂ ਗਈਆਂ ਹਨ ਜੋ ਕਿ ਸੰਗੀਤ ਦੇ ਵਿਦਿਆਰਥੀਆਂ ਅਤੇ ਸੰਗੀਤ ਪ੍ਰੇਮੀਆਂ ਲਈ ਲਾਭਦਾਇਕ ਸਿਧ ਹੋਣਗੀਆਂ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਪ੍ਰਕਾਸ਼ਿਤ ਕੀਤੀ ਗਈ 254 ਪੰਨਿਆਂ ਦੀ ਇਸ ਪੁਸਤਕ ਵਿਚ 13 ਰਾਗਾਂ ਅਤੇ 7 ਤਾਲਾਂ ਵਿਚ ਸੁਰਲਿਪੀਬੱਧ ਕੀਤੀਆਂ 36 ਸ਼ਬਦ ਕੀਰਤਨ ਰਚਨਾਵਾਂ ਆਪਣੇ ਆਪ ਵਿਚ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਸ਼ਲਾਘਾਯੋਗ ਕਾਰਜ ਹੈ। ਇਸ ਤੋਂ ਇਲਾਵਾ ਤਿੰਨ ਪ੍ਰਕਾਰ ਦੀ ਆਸਾ ਦੀ ਵਾਰ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਮਹਾਨ ਕਾਰਜ ਕਿਹਾ ਜਾ ਸਕਦਾ ਹੈ।

## 4.3 ਸੁਰ ਸਿਮਰਨ ਸੰਗੀਤ-ਭਾਗ ਤੀਸਰਾ (ਬੰਦਸ਼ਾਂ)

**ਸੁਰ ਸਿਮਰਨ ਸੰਗੀਤ ਪੁਸਤਕ ਦੇ ਤੀਜੇ ਭਾਗ** ਵਿਚ ਲੇਖਕ ਸੰਤ ਸਰਵਣ ਸਿੰਘ ਗੰਧਰਵ ਨੇ 26 ਰਾਗਾਂ ਅਤੇ 16 ਤਾਲਾਂ ਅਧੀਨ 105 ਸ਼ਬਦ ਕੀਰਤਨ ਰਚਨਾਵਾਂ ਨੂੰ ਤਾਲਬੱਧ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਲੱਖਣ ਕਾਰਜ ਕੀਤਾ ਹੈ। ਇਸ ਪੁਸਤਕ ਵਿਚ 18 ਸ਼ਬਦ ਕੀਰਤਨ ਰਚਨਾਵਾਂ ਨਿਰਧਾਰਿਤ ਰਾਗਾਂ ਵਿਚ, 78 ਦੂਸਰੇ ਰਾਗਾਂ ਵਿਚ ਅਤੇ 9 ਸ਼ਬਦ ਕੀਰਤਨ ਰਚਨਾਵਾਂ ਨੂੰ ਪਹਿਲਾਂ ਦਿਤੀ ਸਵਰਲਿਪੀ ਅਨੁਸਾਰ ਗਾਉਣ ਲਈ ਕਿਹਾ ਗਿਆ ਹੈ। ਸੰਤ ਜੀ ਵਲੋਂ ਇਸ ਪੁਸਤਕ ਨੂੰ 20 ਨਵੰਬਰ 1983 ਨੂੰ ਸੰਪੂਰਨ ਕੀਤਾ ਗਿਆ। ਇਸ ਪੁਸਤਕ ਵਿਚ ਰਾਗ ਸ੍ਰੀ, ਜੈਤਸਰੀ, ਪੂਰੀਆ ਧਨਾਸਰੀ, ਸ਼ੁਧ ਬਸੰਤੁ, ਬਸੰਤੁ ਹਿੰਡੋਲ, ਮਾਲਤੀ ਬਸੰਤ, ਪੂਰਵੀ, ਦੀਪਕ, ਬਸੰਤ ਪੰਚਮ, ਬਸੰਤ ਮੁਖਾਰੀ, ਰਾਗ ਕੁੰਤਲੀ, ਸ੍ਰੀ ਟੰਕ, ਸ਼ੁੱਧ ਬਿਲਾਵਲ, ਅਲੈਹੀਆ ਬਿਲਾਵਲ, ਦੇਵਗਿਰੀ ਬਿਲਾਵਲ, ਯਮਨੀ ਬਿਲਾਵਲ, ਸ਼ੁਕਲ ਬਿਲਾਵਲ, ਨਟ ਬਿਲਾਵਲ, ਸਰਪਰਦਾ ਬਿਲਾਵਲ, ਲਲਿਤ ਬਿਲਾਵਲ, ਜੈਜ ਬਿਲਾਵਲ, ਕਕੁੰਭ ਬਿਲਾਵਲ, ਬੰਗਾਲ ਬਿਲਾਵਲ, ਸੂਹਾ ਬਿਲਾਵਲ, ਲੱਛਾ ਸਾਖ ਬਿਲਾਵਲ, ਆਸਾ ਬਿਲਾਵਲ ਆਦਿ ਰਾਗਾਂ ਵਿਚ ਸ਼ਬਦਾਂ ਨੂੰ ਤਾਲ ਢਾਈਆ (ਰੂਪਕ), ਚਾਰ ਤਾਲ, ਇਕ ਤਾਲ, ਤਿੰਨ ਤਾਲ, ਖਟ, ਸੂਲ ਤਾਲ, ਧਮਾਰ, ਝਪ ਤਾਲ, ਕਹਿਰਵਾ, ਦੀਪਚੰਦੀ, ਗਜਝੰਪਾ, ਬਸੰਤੁ, ਆੜਾ ਚੌਤਾਲ, ਫਰੋਦਸਤ, ਝੂਮਰਾ, ਤਲਵਾੜਾ ਆਦਿ ਤਾਲਾਂ ਵਿਚ ਸੁਰਲਿਪੀਬੱਧ ਕੀਤਾ ਗਿਆ ਹੈ। ਇਸ ਪੁਸਤਕ ਵਿਚ ਇਕ ਪੜਤਾਲ ਨੂੰ ਵੀ ਰਾਗ ਅਲੈਹੀਆ ਬਿਲਾਵਲ ਵਿਚ ਸੁਰਲਿਪੀਬੱਧ ਕੀਤਾ ਗਿਆ ਹੈ, ਜਿਸ ਵਿਚ ਝਪਤਾਲ, ਚਾਰ ਤਾਲ, ਸੂਲ ਤਾਲ, ਗਜਝੰਪਾ ਤਾਲ, ਯਕਾ ਤਾਲ ਅਤੇ ਤਿੰਨ ਤਾਲ ਪ੍ਰਯੋਗ ਕੀਤੇ ਗਏ ਹਨ।'[21] ਇਸ ਤੋਂ ਇਲਾਵਾ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ 4 ਭਜਨ, ਇਕ ਕਵਿਤਾ ਅਤੇ 7 ਸਬਦਾਂ ਨੂੰ ਧਰੁਪਦ ਅੰਗ ਤੋਂ ਲਿਪੀਬੱਧ ਕੀਤਾ ਗਿਆ ਹੈ। ਸੰਤ ਸਰਵਣ ਸਿੰਘ ਗੰਧਰਵ ਨੇ ਇਸ ਪੁਸਤਕ ਵਿਚ ਤੰਤੀ ਸਾਜ਼ਾਂ ਦੇ 102, ਅਵਨੱਧ ਵਾਦਯ ਦੇ

---

21 ਸੁਰ ਸਿਮਰਨ ਸੰਗੀਤ (ਭਾਗ ਤੀਸਰਾ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

107, ਸੁਸ਼ਿਰ ਵਾਦਯ ਦੇ 51, ਅਤੇ ਘਨ ਵਾਦਯ ਦੇ 45 ਸਾਜ਼ਾਂ ਦੇ ਨਾਵਾਂ ਦਾ ਜ਼ਿਕਰ ਕਰਕੇ ਖੋਜਾਤਮਿਕ ਪੱਖ ਤੋਂ ਇਸ ਪੁਸਤਕ ਦੀ ਮੰਗ ਵਿਚ ਵਾਧਾ ਕੀਤਾ ਹੈ। ਇਨ੍ਹਾਂ ਸੁਰ ਲਿਪੀ ਸਹਿਤ ਪ੍ਰਕਾਸ਼ਿਤ ਰਚਨਾਵਾਂ ਵਿਚੋਂ ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਕੇਵਲ ਕੁਝ ਹੀ ਰਚਨਾਵਾਂ ਇਥੇ ਦਰਜ ਕੀਤੀਆਂ ਗਈਆਂ ਹਨ ਜੋ ਕਿ ਰਾਗ ਸ੍ਰੀ, ਸ਼ੁੱਧ ਬਿਲਾਵਲ, ਜੈਤਸਰੀ, ਪੂਰੀਆ ਧਨਾਸਰੀ, ਸ਼ੁਧ ਬਸੰਤੁ, ਪੂਰਵੀ ਵਿਚ ਹਨ ਅਤੇ ਇਨ੍ਹਾਂ ਨੂੰ ਕ੍ਰਮਵਾਰ ਸੂਲਫਾਕਤਾ, ਦਰੁਤ ਇਕ ਤਾਲ, ਢਾਈਆ, ਚਾਰ ਤਾਲ, ਢਾਈਆ, ਤਿੰਨ ਤਾਲ ਆਦਿ ਤਾਲਾਂ ਵਿਚ ਨਿਬੱਧ ਕੀਤਾ ਗਿਆ ਹੈ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਸੰਨ 1983 ਵਿਚ ਪ੍ਰਕਾਸ਼ਿਤ ਕੀਤੀ ਗਈ 320 ਪੰਨਿਆਂ ਦੀ ਵੱਡ ਅਕਾਰੀ ਇਹ ਪੁਸਤਕ ਆਪਣੇ ਅੰਦਰ ਗੁਰਮਤਿ ਸੰਗੀਤ ਦਾ ਅਥਾਹ ਖਜਾਨਾ ਸਮੋਈ ਬੈਠੀ ਹੈ। ਅੱਗੇ ਉਦਾਹਰਣ ਵਜੋਂ ਇਸ ਪੁਸਤਕ ਵਿਚ ਦਰਜ ਕੁਝ ਬੰਦਿਸ਼ਾਂ ਅੰਕਿਤ ਕੀਤੀਆਂ ਗਈਆਂ ਹਨ-

**4.3.1** **ਸ਼ਬਦ**

**ਸਲੋਕ ਮਹਲਾ ੩** (ਪੰਨਾ 83)

**ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥**

**ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥**

**ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥**

**ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥ ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥**

**ਰਾਗ ਸ੍ਰੀ, ਤਾਲ ਸੂਲਫਾਕਤਾ**

**ਸਥਾਈ**

| **ਮਾਤਰੇ** | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| **ਸਰਗਮ** | ਸਾਂਨੀ | ਧੁਪ | ਮੰਪ | ਧੁਪ | ਪ | ਪਮੰ | ਮੰਗ | ਰੇਗ | ਰੇ | ਰੇਸਾ |
| **ਸ਼ਬਦ** | ਰਾS | ਗਾS | SS | ਵਿS | ਚਿ | ਸ੍ਰੀS | ਰਾS | ਗੁS | ਹੈ | S |
| | ਸਾਨ਼ੀ | ਧੁਨ਼ੀ | ਸਾਨ਼ੀ | ਰੇਸਾ | -ਸਾ | ਰੇਮੰ | ਪਮੰ | ਰੇਗ | -ਰੇ | ਰੇਸਾ |
| | ਜੇS | ਸਚਿ | ਧS | ਰੇS | SS | ਪਿਆ | SS | SS | SS | Sਰੁ |
| **ਤਾਲ ਚਿੰਨ੍ਹ** | x | | 0 | | 2 | | 3 | | 0 | |

**ਅੰਤਰਾ**

| | | | | | | | | | | |
|---|---|---|---|---|---|---|---|---|---|---|
| | ਪ | ਮੰਪ | ਨੀ | ਸਾਂ | ਸਾਂ | ਰੇਂ | ਰੇਂ | ਸਾਂਨੀ | ਰੇਂਸਾਂ | ਨੀਸਾਂ |
| | ਸ | ਦਾS | ਹ | ਰਿ | ਸਚੁ | ਮ | ਨਿ | ਵਸੈ | SS | SS |
| | ਗਂ | ਗਂ | ਮੰਗਂ | ਰੇਂਰੇਂ | -ਸਾਂ | ਸਾਂਨੀ | ਧੁਨੀ | ਧੁਨੀ | ਰੇਂਨੀ | ਧੁਪ |
| | ਨਿਹ | ਚ | ਲS | ਮਤਿ | Sਅ | ਪਾS | SS | SS | SS | ਰੁS |
| **ਤਾਲ ਚਿੰਨ੍ਹ** | x | | 0 | | 2 | | 3 | | 0 | |

**ਨੋਂਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[22]

---

22 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 162.

**4.3.2** **ਸ਼ਬਦ**

**ਬਿਲਾਵਲੁ ਮਹਲਾ ੫** (ਪੰਨਾ 829)

**ਜੀਵਉ ਨਾਮੁ ਸੁਨੀ ॥**

**ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ਰਹਾਉ॥**

–––––––––––––––––

**ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥**

**ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥੨॥**

**ਰਾਗ ਸ਼ੁੱਧ ਬਿਲਾਵਲ, ਦਰੁਤ ਇਕ ਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਸਾਂ | ਸਾਂ | ਨੀ | ਰੇਂ | ਸਾਂ | ਸਾਂ | ਨੀ | ਧ | ਨੀ | ਧਪ | ਗ | ਪ |
| ਸ਼ਬਦ | ਜੀ | s | ਵਉ | ਨਾ | s | ਮੁ | ਨਾ | s | ਮੁ | ਸੁs | ਨੀ | s |
| | ਗ | ਪ | ਮ | ਗਰੇ | ਗ | ਰੇਸਾ | ਗ | ਪ | ਮ | ਗਰੇ | ਗ | ਗ |
| | ਜਉ | ਸੁ | ਪ੍ਰ | ਸੰs | ਨ | ਭs | ਏ | s | ਗੁ | ਰs | ਪੂ | ਰੇ |
| | ਗਂ | ਗਂ | ਮਂ | ਗਂ | ਮਂਰੇਂ | ਸਾਂ | ਰੇਂਸਾਂ | ਨੀਧ | ਪਗ | ਪ | ਨੀਧ | ਨੀ |
| | ਤ | ਬ | ਮੇ | s | ਰੀs | s | ਆs | ss | ਸs | ਪੁ | ਨੀs | s |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਪ | ਗ | ਪ | ਨੀਧ | ਸਾਂ | ਸਾਂ | ਨੀਧ | ਨੀ | ਰੇਂ | ਸਾਂ | ਸਾਂ | ਸਾਂ |
| | ਪੀ | ਰ | ਗ | ਈs | ਬਾ | s | ਧੀs | ਮ | ਨਿ | ਧੀ | s | ਰਾ |
| | ਨੀਸਾਂ | ਰੇਂਗਂ | ਮਂਗਂ | ਮਂਗਂ | ਮਂਰੇਂ | ਸਾਂ | ਰੇਂਸਾਂ | ਨੀਧ | ਪਗ | ਪ | ਨੀਧ | ਨੀ |
| | ਮੋੱs | ਹਿs | ਓs | ਅs | ਨs | ਦ | ਧੁs | ss | ss | ਨੀ | ss | s |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ ’ਤੇ ਹੀ ਗਾਏ ਜਾਣਗੇ।”[23]

23 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 261.

**4.3.3** **ਸ਼ਬਦ**

**ਜੈਤਸਰੀ ਮਹਲਾ ੫** (ਪੰਨਾ 700)

**ਧੀਰਉ ਸੁਨਿ ਧੀਰਉ ਪ੍ਰਭ ਕਉ ॥੧॥ਰਹਾਉ॥**

**ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ ਨੀਰਉ ਪੇਖਿ ਪ੍ਰਭ ਕਉ ਨੀਰਉ ॥੧॥**

**ਬੇਸੁਮਾਰ ਬੇਅੰਤੁ ਬਡ ਦਾਤਾ ਮਨਹਿ ਗਹੀਰਉ ਪੇਖਿ ਪ੍ਰਭ ਕਉ ॥੨॥**

**ਜੋ ਚਾਹਉ ਸੋਈ ਸੋਈ ਪਾਵਉ ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥੩॥**

**ਗੁਰ ਪ੍ਰਸਾਦਿ ਨਾਨਕ ਮਨਿ ਵਸਿਆ ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ ॥੪॥**

**ਰਾਗ ਜੈਤਸਰੀ, ਤਾਲ ਢਾਈਆ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|---|
| ਸਰਗਮ | ਨ਼ੀ | ਸਾ | ਮ' | ਗ | ਰੇ | ਸਾ | ਸਾ | ਸਾ | ਗ | ਮ' | ਪ | ਧੁ | ਪਮ' | ਪ |
| ਸ਼ਬਦ | ਧੀ | s | ਰਉ | ਸੁ | ਨਿ | ਧੀ | s | ਰ | ਉ | s | ਪ੍ਰ | ਭ | ਕs | ਉ |
| ਤਾਲ ਚਿੰਨ੍ਹ | X<br>0 | | | 2 | | 3 | | X<br>0 | | | 2 | | 3 | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | ਪ | ਪ | ਪ | ਧੁ | ਪ | ਨੀ | ਨੀ | ਸਾਂ | ਸਾਂ | ਸਾਂ | ਸਾਂ | ਰੇਂ | ਨੀ | ਸਾਂ |
| | ਜੀ | s | ਅ | ਪ੍ਰਾ | ਨ | ਮ | ਨੁ | ਤ | ਨੁ | ਸਭੁ | ਅ | ਰ | ਪ | ਉ |
| | ਰੇਂ | ਰੇਂ | ਮ' | ਗਂ | ਰੇਂ | ਸਾਂ | ਸਾਂ | ਸਾਂਨੀ | ਧੁਨੀ | ਸਾਂਨੀ | ਧੁਨੀ | ਧੁਪ | ਮ'ਪ | ਮ'ਗ |
| | ਨੀ | s | ਰਉ | ਪੇ | s | ਖਿ | s | ਪ੍ਰs | ਭs | ਕਉ | ਨੀs | ss | ਰਉ | ss |
| ਤਾਲ ਚਿੰਨ੍ਹ | X<br>0 | | | 2 | | 3 | | X<br>0 | | | 2 | | 3 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[24]

24 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 173.

**4.3.4** **ਸ਼ਬਦ**

**ਧਨਾਸਰੀ ਮਹਲਾ ੪ ਘਰ ੫ ਦੁਪਦੇ (ਪੰਨਾ 668)**

**ੳਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥**

**ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ, ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥**

-----------------------------

**ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ, ਹਰਿ ਪ੍ਰਭੁ ਇਵ ਨ ਪਤੀਨੇ ॥**

**ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ ॥੨॥**

**ਰਾਗ ਪੂਰੀਆ ਧਨਾਸਰੀ, ਚਾਰ ਤਾਲ (ਧਰੁਪਦ)**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਮ | ਧੁ | ਰੇੁਂ | ਨੀ | ਧੁ | ਧੁ | ਪ | ਪ | ਮ | ਧੁ | ਪ | ਪ |
| ਸ਼ਬਦ | ੳ | ਰ | ऽ | ਧਾ | ऽ | ਰਿ | ਬੀ | ऽ | ਚਾ | ऽ | ਰਿ | ऽ |
| | ਮ | ਧੁ | ਮ | ਗ | ਗ | ਗ | ਮ | ਰੇੁ | ਗ | ਗ | ਰੇੁ | ਸਾ |
| | ਮੁ | ऽ | ਰਾ | ऽ | ਰਿ | ऽ | ਰ | ऽ | ਮੋ | ਰ | ऽ | ਮੁ |
| | ਨੀ | ਰੇੁ | ਗ | ਗ | ਗ | ਗ | ਮਰੇੁ | ਗ | ਪ | ਪਮ | ਗਰੇੁ | ਸਾ |
| | ਮ | ਨ | ਮੋ | ऽ | ਹ | ਨ | ਨਾऽ | ਮੁ | ਜ | ਪੀऽ | ऽऽ | ਨੇ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਗ | ਧੁਮ | ਧੁ | ਨੀਮ | ਧੁ | ਨੀ | ਮਧੁ | ਨੀਸਾ | ਸਾ | ਰੇੁਂ | ਸਾਂ | ਸਾਂ |
| | ਅ | ऽऽ | ਦ੍ਰਿ | ऽऽ | ਸ | ਟੁ | ਅऽ | ऽऽ | ਗੋ | ऽ | ਚ | ਰੁ |
| | ਧੁ | ਨੀ | ਰੇੁਂ | ਗਂ | ਨੀ | ਰੇੁਂ | ਰੇੁਂ | ਮਂ | ਗਂ | ਰੇੁਂ | ਸਾਂ | ਸਾਂ |
| | ਅ | ਪ | ਰੰ | ऽ | ਪ | ਰ | ਸੁ | ਆ | ऽ | ऽ | ਮੀ | ऽ |
| | ਸਾਂਨੀ | ਰੇੁਂ | ਨੀ | ਧੁਨੀ | ਧੁ | ਪ | ਮਗ | ਮਰੇੁ | ਗ | ਰੇੁਮ | ਗਰੇੁ | ਸਾ |
| | ਗੁਰਿ | ਪੂ | ਰੈ | ਪ੍ਰऽ | ਗ | ਟ | ਕऽ | ऽऽ | ਰਿ | ਦੀऽ | ऽऽ | ਨੇ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"**[25]

25 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 181.

**4.3.5** **ਸ਼ਬਦ**

**ਬਸੰਤੁ ਮਹਲਾ ੫ ਘਰੁ ੧ ਇਕ ਤੁਕੇ (ਪੰਨਾ 1184)**

**ਸਗਲ ਇਛਾ ਜਪਿ ਪੁੰਨੀਆ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥੧॥**

**ਤੁਮ ਰਵਹੁ ਗੋਬਿੰਦੈ ਰਵਣ ਜੋਗੁ॥ ਜਿਤੁ ਰਵਿਐ ਸੁਖ ਸਹਜ ਭੋਗੁ ॥੧॥ਰਹਾਉ॥**

**ਕਰਿ ਕਿਰਪਾ ਨਦਰਿ ਨਿਹਾਲਿਆ॥ ਅਪਣਾ ਦਾਸੁ ਆਪਿ ਸਮਾਲਿਆ ॥੨॥**

**ਸੇਜ ਸੁਹਾਵੀ ਰਸਿ ਬਨੀ॥ ਆਇ ਮਿਲੇ ਪ੍ਰਭ ਸੁਖ ਧਨੀ ॥੩॥**

**ਮੇਰਾ ਗੁਣੁ ਅਵਗਣੁ ਨ ਬੀਚਾਰਿਆ॥**

**ਪ੍ਰਭ ਨਾਨਕ ਚਰਣ ਪੂਜਾਰਿਆ ॥੪॥**

**ਰਾਗ ਸ਼ੁਧ ਬਸੰਤੁ, ਤਾਲ ਢਾਈਆ**

**ਸਥਾਈ**

| | | | | | | | | | | | | | | |
|---|---|---|---|---|---|---|---|---|---|---|---|---|---|---|
| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸਰਗਮ | ਮੑਧੁ | ਨੀਸਾਂ | ਨੀ | ਧੁ | ਪ | ਪ | ਪ | ਗ | ਗ | ਮੑਗ | ਮੑਗ | ਮੑਗ | ਮੑਗ | ਰੇੁਸਾ |
| ਸ਼ਬਦ | ਸS | ਗS | ਲ | ਇ | ਛਾ | ਜ | ਪਿ | ਪੁੰ | ਨੀ | SS | ਆS | SS | SS | SS |
| | ਸਾ | ਮ | ਮ | ਮ | ਮ | ਮ | ਗ | ਗ | ਨੀ | ਨੀ | ਨੀ | ਨੀ | ਧੁਨੀ | ਸਾਂ |
| | ਪ੍ਰਭਿ | ਮੇ | ਲੇ | ਚਿ | ਰੀ | S | ਵਿ | ਛੁੰ | S | S | ਨਿ | S | ਆS | S |
| ਤਾਲ ਚਿੰਨ੍ਹ | 0 | | | | | | | 0 | | | | | | |
| | x | | | 2 | | 3 | | X | | | 2 | | 3 | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | ਮੑ | ਧੁ | ਧੁ | ਨੀ | ਨੀ | ਧੁਮੑ | ਧੁ | ਧੁ | ਰੇਂੁ | ਰੇਂੁ | ਰੇਂੁ | ਰੇਂੁ | ਰੇਂੁ | ਸਾਂ |
| | ਤੁਮ | ਰ | ਵਹੁ | ਗੋ | S | ਬਿੰS | ਦੈ | ਰ | ਵ | ਣ | ਜੋ | S | ਗੁ | S |
| | ਨੀ | ਰੇਂੁ | ਰੇਂੁ | ਰੇਂੁ | ਗਂ | ਰੇਂੁ | ਸਾਂ | ਧੁਨੀ | ਰੇਂੁਨੀ | ਧੁਪ | ਮੑਪ | ਧੁਪ | ਮੑਗ | ਮੑਗ |
| | ਜਿ | S | ਤੁ | ਰਵਿ | ਐ | ਸੁ | ਖ | ਸS | ਹS | ਜS | ਭੋS | SS | ਗੁS | SS |
| ਤਾਲ ਚਿੰਨ੍ਹ | 0 | | | | | | | 0 | | | | | | |
| | x | | | 2 | | 3 | | x | | | 2 | | 3 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[26]

---

26 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 197.

**4.3.6** **ਸ਼ਬਦ**

**ਗਉੜੀ ਪੂਰਵੀ ਮਹਲਾ ੫** (ਪੰਨਾ 207)

**ਹਉ ਤਾ ਕੈ ਬਲਿਹਾਰੀ॥ ਜਾ ਕੈ ਕੇਵਲ ਨਾਮੁ ਅਧਾਰੀ ॥੧॥ਰਹਾਉ॥**

**ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥**

\-\-\-\-\-\-\-\-\-\-\-\-\-\-

**ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ॥**

**ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥੪॥**

**ਰਾਗ ਪੂਰਵੀ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਨੀ | ਰੁੇ | ਗ | ਰੁੇ | ਗ | ਮ' | ਪ | ਮ' | ਧੁ | ਪ | ਮ' | ਪ | ਗ | ਮ | ਗ | ਸਾ |
| ਸ਼ਬਦ | ਹ | ਉ | ਤਾ | s | ਕੈ | s | ਬ | ਲਿ | ਹਾ | s | s | s | s | s | ਰੀ | S |
| | ਪ | ਪ | ਮ' | ਗ | ਮ' | ਧੁ | ਪ | ਪ | ਨੀ | ਧੁ | ਪ | ਪ | ਗ | ਮ' | ਗਰੁੇ | ਸਾ |
| | ਜਾ | s | ਕੈ | s | ਕੇ | s | ਵ | ਲ | ਨਾ | s | ਮੁ | ਅ | ਧਾ | s | ਰੀs | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਪ | ਪ | ਮ' | ਗ | ਮ' | ਧੁ | ਮ' | ਧੁ | ਨੀ | ਸਾਂ | ਸਾਂ | ਸਾਂ | ਸਾਂ | ਰੁੇਂ | ਸਾਂ | - |
| | ਮ | ਹਿ | ਮਾ | s | ਤਾ | s | ਕੀ | s | ਕੇ | s | ਤ | ਕ | ਗ | ਨੀ | ਐ | s |
| | ਨੀ | ਰੁੇਂ | ਗਂ | ਰੁੇਂ | ਸਾਂ | ਨੀ | ਧੁ | ਪ | ਨੀ | ਧੁ | ਪ | ਮ | ਗ | ਮ' | ਗਰੁੇ | ਸਾ |
| | ਜਨ | ਪਾ | s | ਰ | ਬ੍ਰਹ | ਮ | ਰੰ | ਗਿ | ਰਾ | s | s | s | s | s | ਤੇs | s |
| ਤਾਲ ਚਿੰਨ੍ਹ | 0 | | | | **3** | | | | x | | | | 2 | | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ 'ਤੇ ਹੀ ਗਾਏ ਜਾਣਗੇ।"[27]

27 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 234.

**ਵਿਸ਼ਲੇਸ਼ਣ**

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਰਚਿਤ ਸੁਰ ਸਿਮਰਨ ਸੰਗੀਤ􀀀ਪੁਸਤਕ ਦਾ ਤੀਸਰਾ ਭਾਗ ਆਪਣੇ ਅੰਦਰ ਗੁਰਮਤਿ ਸੰਗੀਤ ਦਾ ਅਥਾਹ ਖਜ਼ਾਨਾ ਸਮੋਈ ਬੈਠਾ ਹੈ। 320 ਪੰਨਿਆਂ ਦੀ ਇਹ ਪੁਸਤਕ ਸੰਗੀਤ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਲਾਹੇਬੰਦ ਸਾਬਤ ਹੋਈ ਹੈ। ਇਸ ਪੁਸਤਕ ਵਿਚ ਸੰਗੀਤ ਦੇ ਵਿਦਿਆਰਥੀਆਂ ਲਈ ਜਿਥੇ ਸ਼ਬਦਾਂ ਦੀ ਸਰਲਤਾ ਦਾ ਖਿਆਲ ਰੱਖਿਆ ਗਿਆ ਹੈ, ਉਥੇ ਅਨੇਕਾਂ ਗੁਰਬਾਣੀ ਰਚਨਾਵਾਂ ਨੂੰ ਕਠਿਨ ਤਾਲਾਂ ਵਿਚ ਵੀ ਤਾਲਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਾਗ ਅਲੈਹੀਆ ਬਿਲਾਵਲ ਵਿਚ ਇਕ ਪੜਤਾਲ ਗਾਇਨ ਸ਼ੈਲੀ ਵੀ ਇਸ ਪੁਸਤਕ ਦਾ ਸ਼ਿੰਗਾਰ ਹੈ। ਹਰ ਇਕ ਰਾਗ ਦਾ ਸਰਗਮ ਗੀਤ ਅਤੇ ਲਕਸ਼ਣ ਗੀਤ ਵੀ ਇਸ ਪੁਸਤਕ ਵਿਚ ਅੰਕਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ 4 ਭਜਨ, ਇਕ ਕਵਿਤਾ ਅਤੇ ਧਰੁਪਦ ਅੰਗ ਤੋਂ ਲਿਪੀਬੱਧ ਕੀਤੇ 7 ਸ਼ਬਦ ਇਸ ਪੁਸਤਕ ਨੂੰ ਬਾਕੀ ਪੁਸਤਕਾਂ ਤੋਂ ਅਲੱਗ ਕਰ ਦਿੰਦੇ ਹਨ। ਸੰਤ ਸਰਵਣ ਸਿੰਘ ਗੰਧਰਵ ਨੇ ਇਸ ਪੁਸਤਕ ਵਿਚ ਤੰਤੀ ਸਾਜ਼ਾਂ ਦੇ 102, ਅਵਨੱਧ ਵਾਦਯ ਦੇ 107, ਸੁਸ਼ਿਰ ਵਾਦਯ ਦੇ 51, ਅਤੇ ਘਨ ਵਾਦਯ ਦੇ 45 ਸਾਜ਼ਾਂ ਦੇ ਨਾਵਾਂ ਦਾ ਲੇਖਨ ਕਰਕੇ ਨਿਵੇਕਲਾ ਕੰਮ ਕੀਤਾ ਹੈ। ਜੇਕਰ ਇੰਞ ਕਿਹਾ ਜਾਵੇ ਕਿ 26 ਰਾਗਾਂ ਅਤੇ 16 ਤਾਲਾਂ ਅਧੀਨ 105 ਸ਼ਬਦ ਕੀਰਤਨ ਰਚਨਾਵਾਂ ਦਾ ਇਹ ਗੁਲਦਸਤਾ ਆਪਣੇ ਅੰਦਰ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਅਥਾਹ ਖਜ਼ਾਨਾ ਸਮੋਈ ਬੈਠਾ ਹੈ, ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

## 4.4 ਸੁਰ ਸਿਮਰਨ ਸੰਗੀਤ - ਭਾਗ ਚੌਥਾ (ਬੰਦਸ਼ਾਂ)

**ਸੁਰ ਸਿਮਰਨ ਸੰਗੀਤ ਪੁਸਤਕ ਦੇ ਚੌਥੇ ਭਾਗ** ਨੂੰ ਸੰਤ ਸਰਵਣ ਸਿੰਘ ਗੰਧਰਵ ਨੇ ਲੱਗਭੱਗ ਸਾਢੇ ਤਿੰਨ ਸਾਲ ਦਾ ਸਮਾਂ ਲਗਾ ਕੇ 15 ਮਾਰਚ 1987 ਨੂੰ ਸੰਪੂਰਨ ਕੀਤਾ। ਇਸ ਪੁਸਤਕ ਵਿਚ ਰਾਗਾਂ ਅਤੇ ਉਪ ਰਾਗਾਂ ਨੂੰ ਬੜੇ ਹੀ ਵਿਸਥਾਰ ਸਹਿਤ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ ਪ੍ਰਚਲਿਤ ਅਤੇ ਅਪ੍ਰਚਲਿਤ 47 ਤਾਲਾਂ ਨੂੰ ਵਿਸਥਾਰ ਸਹਿਤ ਦਿਤਾ ਗਿਆ ਹੈ। ਇਸ ਪੁਸਤਕ ਵਿਚ 82 ਰਾਗਾਂ ਅਧੀਨ 186 ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ। ਇਨ੍ਹਾਂ ਵਿਚੋਂ 43 ਸ਼ਬਦ ਕੀਰਤਨ ਰਚਨਾਵਾਂ ਨਿਰਧਾਰਿਤ ਰਾਗਾਂ ਵਿਚ, 143 ਸ਼ਬਦ ਕੀਰਤਨ ਰਚਨਾਵਾਂ ਦੂਸਰੇ ਰਾਗਾਂ ਵਿਚ ਅਤੇ 2 ਸ਼ਬਦ ਕੀਰਤਨ ਰਚਨਾਵਾਂ ਨੂੰ ਪਹਿਲਾਂ ਦਿਤੀ ਗਈ ਬੰਦਿਸ਼ ਅਨੁਸਾਰ ਗਾਉਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ 5 ਸ਼ਬਦ ਪੜਤਾਲ ਗਾਇਨ ਸ਼ੈਲੀ ਵਿਚ, 6 ਸ਼ਬਦ ਧਰੁਪਦ ਅੰਗ ਦੇ ਅਤੇ ਇਕ ਤਰਾਨਾ ਵੀ ਦਿਤਾ ਗਿਆ ਹੈ। ਇਸ ਪੁਸਤਕ ਵਿਚ ਜੋ ਸ਼ਬਦ ਕੀਰਤਨ ਰਚਨਾਵਾਂ ਦਰਜ ਹਨ, ਉਹ ਕ੍ਰਮਵਾਰ ਰਾਗ ਸ਼ੁਧ ਗਉੜੀ, ਗਉੜੀ ਬੈਰਾਗਣ, ਗਉੜੀ ਗੁਆਰੇਰੀ, ਗਉੜੀ ਪੂਰਵੀ, ਗਉੜੀ ਚੇਤੀ, ਗਉੜੀ ਮਾਲਾ, ਗਉੜੀ ਮਾਲਵਾ, ਥਿਤੀ ਗਉੜੀ, ਗਉੜੀ ਦੀਪਕੀ, ਗਉੜੀ ਦਖਣੀ, ਗਉੜੀ ਪੂਰਵੀ

ਦੀਪਕੀ, ਗਉੜੀ ਭੀ ਸੋਰਠਿ ਭੀ, ਗਉੜੀ ਮਾਝ, ਰਾਗ ਬਿਹਾਗ, ਬਿਹਾਗੜਾ, ਪਟ ਬਿਹਾਗ, ਮਾਰੂ ਬਿਹਾਗ, ਗੰਧਰਵ ਬਿਹਾਗ, ਨਟ ਬਿਹਾਗ, ਸ਼ੁੱਧ ਧਨਾਸਰੀ, ਰਾਗ ਧਨਾਸਰੀ (ਭੀਮ-ਪਲਾਸੀ ਅੰਗ), ਰਾਗ ਧਨਾਸਰੀ (ਭੈਰਵੀ ਅੰਗ), ਮੁਲਤਾਨੀ ਧਨਾਸਰੀ, ਧਨਾਸਰੀ (ਥਾਟ ਖਮਾਜ), ਰਾਗ ਸ਼ੁਧ ਟੋਡੀ, ਮੁਲਤਾਨੀ ਟੋਡੀ, ਬਸੰਤੀ ਟੋਡੀ, ਲਛਮੀ ਟੋਡੀ, ਅੰਜਨੀ ਟੋਡੀ, ਰਾਮਕਲੀ ਟੋਡੀ, ਦਰਬਾਰੀ ਟੋਡੀ, ਬਹਾਦੁਰੀ ਟੋਡੀ (ਪ੍ਰਕਾਰ ਪਹਿਲਾ), ਬਹਾਦਰੀ ਟੋਡੀ (ਪ੍ਰਕਾਰ ਦੂਸਰਾ), ਛਾਇਆ ਟੋਡੀ, ਲਾਚਾਰੀ ਟੋਡੀ, ਸਰਵਣ ਟੋਡੀ, ਜੈ ਜੈ ਵੰਤੀ ਟੋਡੀ, ਬਿਲਾਸਖਾਨੀ ਟੋਡੀ, ਖਟ ਟੋਡੀ, ਦੇਸੀ ਟੋਡੀ, ਗੰਧਾਰੀ ਟੋਡੀ, ਭੁਪਾਲ ਟੋਡੀ, ਮੋਟਕੀ ਟੋਡੀ, ਰਾਗ ਗੌਂਡ, ਸਰਵਣ ਗੌਂਡ, ਰੀਤ ਗੌਂਡ, ਦੇਸ਼ ਗੌਂਡ, ਅਨੰਤ ਗੌਂਡ, ਚੰਦ੍ਰਿਕਾ ਗੌਂਡ, ਪੰਤ ਗੌਂਡ, ਨਾਰਾਇਣੀ ਗੌਂਡ, ਗੰਧਰਵ ਗੌਂਡ, ਸਾਰੰਗ ਗੌਂਡ, ਰਾਗ ਰਾਮਕਲੀ, ਲਲਿਤ ਰਾਮਕਲੀ, ਗੁਣ ਕਲੀ, ਰਾਗ ਸ਼ੁੱਧ ਨਟ, ਨਟ ਨਾਰਾਇਣ, ਹੰਸ ਨਟ, ਕਾਮੋਦ ਨਟ, ਰਾਗ ਨਾਟ (ਥਾਟ ਕਾਫੀ), ਛਾਇਆ ਨਟ, ਸਾਵਨੀ ਨਟ, ਰਾਗ ਸਿੰਘ ਸਰਵਣ ਨਾਟ, ਹਮੀਰ ਨਟ, ਰਾਗ ਸ਼ੁੱਧ ਕੇਦਾਰ, ਮਲੂਹਾ ਕੇਦਾਰ, ਸੰਗਮ ਕੇਦਾਰ, ਆਡੰਬਰੀ ਕੇਦਾਰ, ਵੈਣੀ ਕੇਦਾਰ, ਜਲਧਰ ਕੇਦਾਰ, ਨਟ ਕੇਦਾਰ, ਚਾਂਦਨੀ ਕੇਦਾਰ, ਸ਼ਿਆਮ ਕੇਦਾਰ, ਅਨੰਦੀ ਕੇਦਾਰ, ਬਸੰਤ ਕੇਦਾਰ, ਕੇਦਾਰ ਬਹਾਰ ਅਤੇ ਰਾਗ ਸਿੰਘ ਸਰਵਣ ਕੇਦਾਰ ਵਿਚ ਦਰਜ ਹਨ। ਇਨ੍ਹਾਂ ਰਚਨਾਵਾਂ ਨੂੰ ਸੰਤ ਸਰਵਣ ਸਿੰਘ ਗੰਧਰਵ ਨੇ 15 ਤਾਲਾਂ (ਇਕ ਤਾਲ, ਤਿੰਨ ਤਾਲ, ਚਾਰ ਤਾਲ, ਝਪ ਤਾਲ, ਢਾਈਆ, ਧਮਾਰ, ਸੂਲ ਤਾਲ, ਤਾਲ ਖਟ, ਜੈ ਗੋਪਾਲ, ਆੜਾ ਚੌਤਾਲ, ਤਾਲ ਸਵਾਰੀ, ਝੂਮਰਾ, ਫਰੋਦਸਤ, ਕਹਿਰਵਾ, ਦਾਦਰਾ ਆਦਿ) ਵਿਚ ਸੁਰਲਿਪੀਬੱਧ ਕੀਤਾ ਹੈ।'[28] ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਇਨ੍ਹਾਂ ਰਚਨਾਵਾਂ ਵਿਚੋ ਕੁਝ ਸ਼ਬਦ ਰਚਨਾਵਾਂ ਇਥੇ ਰਾਗ ਸ਼ੁਧ ਗਉੜੀ, ਸ਼ੁਧ ਟੋਡੀ, ਗੌਂਡ, ਰਾਮਕਲੀ, ਰਾਗ ਸਿੰਘ ਸਰਵਣੀ ਨਾਟ, ਸ਼ੁਧ ਕੇਦਾਰ, ਰਾਗ ਸਿੰਘ ਸਰਵਣ ਕੇਦਾਰ ਆਦਿ ਵਿਚ ਦਰਜ ਕੀਤੀਆਂ ਗਈਆਂ ਹਨ, ਜੋ ਕ੍ਰਮਵਾਰ ਝਪ ਤਾਲ, ਤਿੰਨ ਤਾਲ, ਝਪ ਤਾਲ, ਢਾਈਆ, ਚਾਰ ਤਾਲ, ਫਰੋਦਸਤ ਅਤੇ ਝਪ ਤਾਲ ਵਿਚ ਦਰਜ ਹਨ। ਸੰਤ ਸਰਵਣ ਸਿੰਘ ਗੰਧਰਵ ਨੇ 511 ਪੰਨਿਆਂ ਦੀ ਇਸ ਪੁਸਤਕ ਦਾ ਪ੍ਰਕਾਸ਼ਨ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸ਼ਲਾਘਾਯੋਗ ਕਾਰਜ ਕੀਤਾ ਹੈ।

---

28 ਸੁਰ ਸਿਮਰਨ ਸੰਗੀਤ (ਭਾਗ ਚੌਥਾ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

**4.4.1** **ਸ਼ਬਦ**

**ਗਉੜੀ ਮਹਲਾ ੫** (ਪੰਨਾ 187)

**ਗੁਰ ਕੇ ਚਰਣ ਊਪਰਿ ਮੇਰੇ ਮਾਥੇ॥ ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥**

**ਸਤਿਗੁਰ ਅਪੁਨੇ ਕਉ ਕੁਰਬਾਨੀ॥ ਆਤਮ ਚੀਨਿ ਪਰਮ ਰੰਗ ਮਾਨੀ ॥੧॥ਰਹਾਉ॥**

-------------------------------------------

**ਗੁਰੁ ਸੁਖਦਾਤਾ ਗੁਰੁ ਕਰਤਾਰੁ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥੪॥**

**ਰਾਗ ਸ਼ੁੱਧ ਗਉੜੀ, ਝਪਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਰੁੇ | ਰੁੇ | ਸਾ | – | ਸਾ | ਨ਼ੀਧੁ | ਸਾਨ਼ੀ | ਰੁੇ | ਰੁੇ | ਰੁੇ |
| ਸ਼ਬਦ | ਗੁ | ਰ | ਕੇ | ऽ | ਚ | ਰऽ | ਣऽ | ਊ | ऽ | ऽ |
| | ਪਮ | ਰੁੇਗ | ਗ | ਗ | ਗ | ਮਗ | ਪਮ | ਗਰੁੇ | ਰੁੇ | ਸਾ |
| | ਪਰਿ | ऽऽ | ਮੇ | ऽ | ਰੇ | ਮਾऽ | ऽऽ | ऽऽ | ऽ | ਥੇ |
| | ਨ਼ੀਧੁ | ਨੀ | ਧੁ | ਪ | ਪ | ਧੁ | ਮ | ਧੁਪ | ਨ਼ੀਧੁ | ਨੀ |
| | ਤਾऽ | ऽ | ਤੇ | ऽ | ऽ | ਦੁ | ਖ | ਮੇऽ | ऽऽ | ਰੇ |
| | ਪ | ਨ਼ੀਧੁ | ਸਾਨ਼ੀ | ਰੁੇ | ਰੁੇ | ਮ | ਪਮ | ਗਮ | ਗਰੁੇ | ਸਾ |
| | ਸ | ਗਲ਼ऽ | ਲੇऽ | ऽ | ऽ | ਲਾ | ऽऽ | ਥੇऽ | ऽऽ | ऽ |
| ਤਾਲ ਚਿੰਨ੍ਹ | x | | 2 | | | 0 | | 3 | | |

**ਅੰਤਰਾ**

| | | | | | | | | | | |
|---|---|---|---|---|---|---|---|---|---|---|
| | ਗ | ਮ | ਧੁ | ਧੁ | ਪ | ਮ | ਪ | ਧੁ· | ਪ | ਨੀ |
| | ਸ | ਤਿ | ਗੁ | ਰ | ऽ | ਅ | ऽ | ਪੁ | ऽ | ਨੇ |
| | ਸਾਂ | ਸਾਂ | ਸਾਂ | ਸਾਂ | ਸਾਂ | ਰੁੇਂ | ਰੁੇਂ | ਨੀ | ਨੀ | ਸਾਂ |
| | ਕ | ਉ | ਕੁ | ऽ | ਰ | ਬਾ | ऽ | ਨੀ | ऽ | ऽ |
| | ਨੀ | ਸਾਂ | ਨੀ | ਰੁੇਂ | ਰੁੇਂ | ਨੀ | ਧੁ | ਪ | ਮ | ਮ |
| | ਆ | ऽ | ਤ | ऽ | ਮ | ਚੀ | ऽ | ਨਿ | ऽ | ऽ |
| | ਪ | ਮ | ਧੁ | ਪ | ਮ | ਰੁੇ | ਰੁੇਗ | ਰੁੇ | ਸਾ | – |
| | ਪਰ | ਮ | ਰੰ | ऽ | ਗ | ਮਾ | ऽऽ | ਨੀ | ऽ | ऽ |
| ਤਾਲ ਚਿੰਨ੍ਹ | x | | 2 | | | 0 | | 3 | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"**[29]

29 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 172.

4.4.2 **ਸ਼ਬਦ**

**ਸਲੋਕ ਕਬੀਰ ਜੀ (ਪੰਨਾ 1365)**

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ ॥**

**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥**

**ਰਾਗ ਸ਼ੁੱਧ ਟੋਡੀ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | – | ਪ | ਪ | ਪ | ਮ | ਗੁ | ਪਮ | ਪਮ | ਧੁ | ਧੁ | ਮ | ਗੁ | ਰੇ | ਗੁ | ਰੇ | ਸਾ |
| ਸ਼ਬਦ | s | ਚੰ | ਦ | ਨ | ਕਾ | s | ਬਿs | ਰs | ਵਾ | s | s | ਭ | ਲਾ | s | s | s |
| | – | ਸਾ | ਰੇ | ਗੁ | ਮ | – | ਧੁ | ਧੁ | ਨੀਧੁ | ਮਧੁ | ਨੀਸਾਂ | ਨੀਧੁ | ਪਮ | ਗੁਮ | ਗੁਰੇ | ਸਾ |
| | s | ਬੇ | ੜਿ | ਓ | ਢਾ | s | ਕ | ਪ | ਲਾs | ss | ss | ss | ss | ss | ss | ਸ |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | – | ਗੁ | ਮ | ਧੁ | ਧੁ | ਨੀ | ਮ | ਧੁ | ਸਾਂ | – | ਸਾਂ | ਸਾਂ | ਰੇਂ | – | ਸਾਂ | – |
| | s | ਓ | ਇ | ਭੀ | ਚੰ | s | ਦ | ਨੁ | ਹੋ | s | ਇ | ਰ | ਹੇ | s | s | s |
| | – | ਸਾਂ | ਰੇਂ | ਗੁਂ | ਰੇਂ | ਰੇਂ | ਸਾਂ | ਸਾਂ | ਸਾਂਨੀ | ਧੁਨੀ | ਸਾਂਨੀ | ਧੁਪ | ਪਮ | ਗੁਮ | ਗੁਰੇ | ਸਾ |
| | s | ਬ | ਸੇ | ਜੁ | ਚੰ | s | ਦ | ਨ | ਪਾs | ss | ss | ss | ss | ss | ss | ਸਿ |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

।”[30]

30 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 292.

**4.4.3** **ਸ਼ਬਦ**

**ਰਾਗੁ ਗੋਂਡ ਬਾਣੀ ਭਗਤਾ ਕੀ॥ ਕਬੀਰ ਜੀ ਘਰੁ ੧ (ਪੰਨਾ 870)**

**ਸੰਤੁ ਮਿਲੈ ਕਿਛੁ ਸੁਨੀਐ ਕਹੀਐ॥**

**ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥**

**ਬਾਬਾ ਬੋਲਨਾ ਕਿਆ ਕਹੀਐ॥**

**ਜੈਸੇ ਰਾਮ ਨਾਮ ਰਵਿ ਰਹੀਐ ॥੧॥ਰਹਾਉ॥**

---------------------------------------

**ਕਹੁ ਕਬੀਰ ਛੂਛਾ ਘਟੁ ਬੋਲੈ॥**

**ਭਰਿਆ ਹੋਇ ਸੁ ਕਬਹੁ ਨ ਡੋਲੈ ॥੪॥**

**ਰਾਗ ਗੌਂਡ, ਝਪ ਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਰੇ | ਰੇ | ਸਾ | ਸਾ | ਰੇਸਾ | ਪ | ਪ | ਧਪ | ਰੇਂਸਾਂ | ਰੇਂਸਾਂ |
| ਸ਼ਬਦ | ਸੰ | ਤੁ | ਮਿ | ਲੈ | ਕਿਛੁ | ਸੁਨੀ | ਐ | ਕਹੀ | ss | ਐs |
| | ਨੀ | ਸਾਂਰੇਂ | ਨ਼ੀਸਾਂ | ਨ਼ੀਧ | ਧ | ਨ਼ੀਧ | ਪਧ | ਪਸਾ | ਸਾਰੇ | ਸਾ |
| | ਮਿ | ਲੈs | ਅਸੰਤੁ | ਮਸ | ਟਿ | ਕs | ਰਿs | ਰਹੀ | ss | ਐ |
| ਤਾਲ ਚਿੰਨ੍ਹ | x | | 2 | | | 0 | | 3 | | |

**ਅੰਤਰਾ**

| | | | | | | | | | | |
|---|---|---|---|---|---|---|---|---|---|---|
| | ਪ | ਪ | ਧ | ਧ | ਪ | ਨ਼ੀਧ | ਪਪ | ਨੀਸਾਂ | ਸਾਂ | ਸਾਂ |
| | ਬਾ | ਬਾ | ਬੋ | ਲ | ਨਾ | ਕਿs | ਆs | ਕਹੀ | s | ਐ |
| | ਰੇਂ | ਰੇਂ | ਰੇਂ | ਸਾਂਰੇਂ | ਸਾਂ | ਸਾਂਨੀ | ਧਨੀ | ਸਾਰੇਂ | ਸਾਂਨੀ | ਧਪ |
| | ਜੈਸੇ | ਰਾਮ | ਨਾ | ss | ਮ | ਰs | ਵਿs | ਰਹੀ | ss | ਐs |
| ਤਾਲ ਚਿੰਨ੍ਹ | x | | 2 | | | 0 | | 3 | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[31]

31 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 371.

**4.4.4** **ਸ਼ਬਦ**

**ਰਾਮਕਲੀ ਮਹਲਾ ੫ (ਪੰਨੇ 886-87)**

**ਕਰਨ ਕਰਾਵਨ ਸੋਈ॥ ਆਨ ਨ ਦੀਸੈ ਕੋਈ॥**

**ਠਾਕੁਰੁ ਮੇਰਾ ਸੁਘੜੁ ਸੁਜਾਨਾ॥**

**ਗੁਰਮੁਖਿ ਮਿਲਿਆ ਰੰਗੁ ਮਾਨਾ ॥੧॥**

**ਐਸੋ ਰੇ ਹਰਿ ਰਸੁ ਮੀਠਾ॥**

**ਗੁਰਮੁਖਿ ਕਿਨੈ ਵਿਰਲੈ ਡੀਠਾ ॥੧॥ਰਹਾਉ॥**

---------------------

**ਖੋਲਿ ਕਿਵਾਰਾ ਮਹਲਿ ਬੁਲਾਇਆ॥**

**ਜੈਸਾ ਸਾ ਤੈਸਾ ਦਿਖਲਾਇਆ॥**

**ਕਹੁ ਨਾਨਕ ਸਭੁ ਪੜਦਾ ਤੂਟਾ॥ ਹਉ ਤੇਰਾ ਤੂ ਮੈ ਮਨਿ ਵੂਠਾ ॥੪॥**

**ਰਾਗ ਰਾਮਕਲੀ, ਤਾਲ ਢਾਈਆ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|---|
| ਸਰਗਮ | ਸਾ | ਮ | ਮ | ਪਮ | ਗਮ | ਪ | ਪ | ਪ | ਧੁ | ਨ਼ੀ | ਧੁ | ਪ | ਮ' | ਪ |
| ਸ਼ਬਦ | ਐ | ਸੋ | ऽ | ਰੇऽ | ऽऽ | ਹ | ਰਿ | ਰ | ऽ | ਸੁ | ਮੀ | ऽ | ਠਾ | ऽ |
| | ਪ | ਗ | ਮ | ਰੁੇ | ਰੁੇ | ਸਾ | ਸਾ | ਸਾਨੀ | ਧੁਨੀ | ਸਾ | ਰੁੇ | ਰੁੇ | ਸਾ | ਸਾ |
| | ਗੁਰ | ਮੁ | ਖਿ | ਕਿ | ऽ | ਨੈ | ऽ | ਵਿऽ | ਰऽ | ਲੈ | ਡੀ | ऽ | ਠਾ | ऽ |
| ਤਾਲ ਚਿੰਨ੍ਹ | 0 | | | | | | | 0 | | | | | | |
| | x | | | 2 | | 3 | | x | | | 2 | | 3 | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | ਮ | ਮ | ਮ | ਮਨੀ | ਧੁ | ਨੀ | ਨੀ | ਸਾਂ | ਸਾਂ | ਸਾਂ | ਸਾਂਰੁੇਂ | ਸਾਂਨੀ | ਸਾਂ | ਸਾਂ |
| | ਕ | ਰ | ऽ | ਨऽ | ऽ | ਕ | ऽ | ਰਾ | ऽ | ਵਨ | ਸੋऽ | ऽऽ | ਈ | ऽ |
| | ਮਂ | ਗਂ | ਮਂ | ਰੁੇਂ | ਰੁੇਂ | ਸਾਂ | ਸਾਂ | ਧੁਨੀ | ਸਾਂਨੀ | ਧੁਪ | ਮ'ਪ | ਧੁਪ | ਮ'ਪ | ਮਗ |
| | ਆ | ਨ | ਨ | ਦੀ | ऽ | ਸੈ | ऽ | ਕੋऽ | ऽऽ | ऽऽ | ऽऽ | ऽऽ | ਈऽ | ऽऽ |
| | 0 | | | | | | | 0 | | | | | | |
| ਤਾਲ ਚਿੰਨ੍ਹ | x | | | 2 | | 3 | | x | | | 2 | | 3 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"**[32]

32 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 408.

## 4.4.5 ਸ਼ਬਦ

**ਕਾਫੀ ਨਟ, ਸਵੈਯਾ (ਸਰਵ ਲੋਹ ਗ੍ਰੰਥ 'ਚੋਂ)**

**ਜਾਪਹੁ ਭਗਤਿ ਵਛਲ ਭਵ ਖੰਡਨ ਦੀਨਾ ਨਾਥ ਭਵਾਨੀ॥**

**ਤਰਹੁ ਸੰਸਾਰ ਭਉਜਲ ਬਿਖ ਸਾਗਰ ਧਰਹੁ ਧਯਾਨ ਮੂਰਤਿ ਕਲਿਆਨੀ॥**

**ਭਵਨ ਭਵਨ ਪ੍ਰਤਾਪ ਬਿਰਾਜਤ ਲੋਕ ਚਤੁਰ ਦਸਰਾਨੀ॥.**

**ਮਹਾਰਾਜ ਰਾਜਨ ਸਿਰਤਾਜਾ ਦੇਤੁ ਸਕਲ ਜਾਚਕ ਬਰਦਾਨੀ॥੧॥**

**ਰਾਗ ਸਿੰਘ ਸਰਵਣੀ ਨਾਟ, ਚਾਰ ਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਸਾਰੇ | ਨ਼ੀ | ਸਾ | ਗਰੇ | ਗਰੇ | ਗ | ਪਮ | ਪ | ਪ | ਨ਼ੀਧ਼ | ਨ਼ੀ | ਪ |
| ਸ਼ਬਦ | ਜਾS | ਪ | ਹੁ | ਭS | ਗਤਿ | ਵ | ਛਲ | ਭ | ਵ | ਖੰS | ਡ | ਨ |
| | ਧਨ਼ੀ | ਸਾਂਰੇਂ | ਨ਼ੀਸਾਂ | ਧ਼ | ਮ | ਪ | ਰੇ | ਗਮ | ਪ | ਗਮ | ਰੇ | ਸਾ |
| | ਦੀS | SS | ਨਾS | ਨਾ | S | ਥ | ਭ | SS | S | ਵਾS | S | ਨੀ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਪਧ਼ | ਮ | ਪ | ਸਾਂਨ਼ੀ | ਨ਼ੀ | ਸਾਂ | ਰੇਂ | ਰੇਂ | ਗਂਪਂ | ਪਂ | ਗਂਮਂ | ਰੇਂਸਾਂ |
| | ਤS | ਰ | ਹੁ | ਸੰS | ਸਾ | ਰ | ਭਉ | ਜਲ | ਬਿਖ | ਸਾ | ਗS | ਰS |
| | ਗਂ | ਰੇਂਸਾਂ | ਨ਼ੀਪ | ਸਾਂਨ਼ੀ | ਰੇਂਸਾਂ | ਸਾਂ | ਪਰੇ | ਗਮ | ਪਗ | ਮਰੇ | ਸਾਰੇ | ਨ਼ੀਸਾ |
| | ਧ | ਰਹੁ | ਧS | ਯਾS | SS | ਨ | ਮੂS | ਰਤਿ | ਕਲਿ | ਆS | SS | ਨੀS |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[33]

33 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 451.

**4.4.6** **ਸ਼ਬਦ**

**ਕੇਦਾਰਾ ਮਹਲਾ ੪, ਘਰੁ ੧ (ਪੰਨਾ 1118)**

**ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥**

**ਅਗਮ ਅਗੋਚਰੁ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ ਰੇ ॥ਰਹਾਉ॥**

**ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥**

**ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥**

-------------------------------------------------

**ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋ ਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥**

**ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥**

**ਰਾਗ ਸ਼ੁੱਧ ਕੇਦਾਰ, ਤਾਲ ਫਰੋਦਸਤ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|---|
| ਸਰਗਮ | ਨ਼ੀ | ਧ | ਪ | ਮ੍ਪ | ਧ | ਪ | ਧਪ | ਪਮ| | ਧਪ | ਮਮ | ਮ | ਸਾ | ਰੇ | ਸਾ |
| ਸ਼ਬਦ | ਮੇ | ਰੇ | ਮਨ | ਰਾS | ਮ | ਨਾ | SS | ਮS | ਨਿਤ | ਗਾਵੀ | ਐ | S | ਰੇ | S |
| | ਸਾਨ਼ੀ | ਧ | ਨ਼ੀ | ਸਾਨ਼ੀ | ਰੇ | ਸਾ | ਸਾਮ | ਗ | ਮ੍ | ਪਧ | ਪਮ | ਪ | ਮ | ਰੇ |
| | ਅਗ | ਮ | ਅਗ | ਮਅ | ਗੋ | ਚ | ਰੁS | ਨ | ਜਾ | ਈS | ਹਰਿ | ਲ | ਖਿ | ਆ |
| | ਸਾਂ | ਨੀ | ਸਾਂ | ਧਨ਼ੀ | ਧਪ | ਮ੍ਪ | ਮ੍ | ਪ | ਧਪ | ਮ੍ਪ | ਮ | ਸਾ | ਰੇ | ਸਾ |
| | ਗੁ | ਰੁ | S | ਪੂS | ਰਾS | ਮਿS | ਲੈ | ਲ | ਖਾS | ਵੀS | ਐ | S | ਰੇ | S |
| ਤਾਲ ਚਿੰਨ੍ਹ | x | | | | 2 | | 0 | | | | 4 | | 5 | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | ਪ | ਮ੍ | ਪ | ਨੀ | ਧ | ਨੀ | ਸਾਂ | ਸਾਂ | ਸਾਂ | ਸਾਂ | ਨੀ | ਰੇਂ | ਸਾਂ | ਸਾਂ |
| | ਜਿਸੁ | ਆ | ਪੇ | ਕਿ | ਰਪਾ | ਕ | ਰੇ | S | ਮੇ | ਰਾ | ਸੁਆ | S | ਮੀ | S |
| | ਨੀਸਾਂ | ਰੇਂਮਂ | ਰੇਂਸਾਂ | ਧਨ਼ੀ | ਧਪ | ਮ੍ਪ | ਮ੍ਪ | ਧਨ਼ੀ | ਧਪ | ਮ੍ਪ | ਧਪ | ਮ੍ਪ | ਮਸਾ | ਰੇਸਾ |
| | ਤਿS | ਸੁS | SS | ਜਨ | ਕਉ | ਹਰਿ | ਲਿS | ਵS | ਲਾS | ਵੀS | ਐS | SS | ਰੇS | SS |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | | 5 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"**[34]

---

34 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 457.

**4.4.7** **ਸ਼ਬਦ**

**ਕੇਦਾਰਾ ਕਬੀਰ ਜੀ** (ਪੰਨਾ 1124)

**ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ॥**

**ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੂ ਲੈ ਜਾਇ ॥੧॥ਰਹਾਉ॥**

------------------------------------------

**ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥੨॥**

**ਰਾਗ ਸਿੰਘ ਸਰਵਣ ਕੇਦਾਰ, ਝਪਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਗੁ | ਗੁ | ਰੇ | ਰੇ | ਮਗੁ | ਮ | ਰੇ | ਸਾ | ਸਾ | ਰੇਸਾ |
| ਸ਼ਬਦ | ਚਾ | ਰਿ | ਦਿ | S | ਨS | ਅਪ | ਨੀ | ਨਉ | ਬ | ਤਿS |
| | ਧਨੀ | ਸਾ | ਸਾ | ਰੇ | ਮਰੇ | ਸਾਮ | ਮ | ਗ | ਮ | ਰੇਸਾ |
| | ਚS | ਲੇ | ਬ | ਜਾ | ਇS | ਚਲੇ | ਬ | ਜਾ | S | ਇS |
| | ਸਾਮ | ਮ | ਪ | ਪ | ਮਪ | ਪ | ਪ | ਧ | ਸਾਂ | ਧਪ |
| | ਇਤ | ਨਕੁ | ਖ | ਟੀ | ਆS | ਗਠੀ | ਆ | ਮ | ਟੀ | ਆS |
| | ਨੀ | ਨੀ | ਸਾਂ | ਧ | ਪ | ਮਪ | ਧਪ | ਮ | ਰੇ | ਸਾ |
| | ਸੰ | ਗਿ | ਨ | ਕ | ਛੁ | ਲੈS | ਜਾS | S | S | ਇ |
| ਤਾਲ ਚਿੰਨ੍ਹ | x | | | | | 0 | | 3 | | |

**ਅੰਤਰਾ**

| | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| | ਪਮ | ਪ | ਨੀਧ | ਨੀ | ਨੀ | ਸਾਂ | ਸਾਂ | ਰੇਂ | ਸਾਂਨੀ | ਸਾਂ |
| | ਦਿਹ | ਰੀ | ਬੈS | S | ਠੀ | ਮਿਹ | ਰੀ | ਰੋ | SS | ਵੈ |
| | ਰੇਂ | ਸਾਂਨੀ | ਸਾਂਨੀ | ਸਾਂਧ | ਪ | ਮਪ | ਧਪ | ਮ | ਮ | ਰੇਸ |
| | ਦੁਆ | ਰੈS | ਲS | SS | ਉ | ਸੰS | ਗਿS | ਮਾ | S | ਇS |
| ਤਾਲ ਚਿੰਨ੍ਹ | x | | 2 | | | 0 | | 3 | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"**[35]

---

35 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਚੌਥਾ), ਜਨਵਰੀ 2006, ਪੰਨਾ 508.

**ਵਿਸ਼ਲੇਸ਼ਣ**

ਸੁਰ ਸਿਮਰਨ ਸੰਗੀਤ ਪੁਸਤਕ ਦਾ ਚੌਥਾ ਭਾਗ ਜਿਥੇ ਗੁਰਮਤਿ ਸੰਗੀਤ ਨਾਲ ਸਬੰਧਿਤ ਹੈ ਉਥੇ ਭਾਰਤੀ ਸ਼ਾਸਤਰੀ ਸੰਗੀਤ ਨਾਲ ਵੀ ਸਬੰਧ ਰੱਖਦਾ ਹੈ। ਇਸ ਪੁਸਤਕ ਵਿਚ ਸ਼ਬਦ ਕੀਰਤਨ ਰਚਨਾਵਾਂ ਅਤੇ ਨਿਰੋਲ ਗੁਰਮਤਿ ਸੰਗੀਤ ਦੀ ਗਾਇਨ ਸ਼ੈਲੀ ਪੜਤਾਲ ਦਰਜ ਹੈ। ਇਸ ਤੋਂ ਇਲਾਵਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਗਾਇਨ ਸ਼ੈਲੀ ਤਰਾਨਾ ਵੀ ਇਸ ਪੁਸਤਕ ਦੀ ਸ਼ਾਨ ਨੂੰ ਵਧਾਉਂਦਾ ਹੈ। ਸੰਤ ਸਰਵਣ ਸਿੰਘ ਗੰਧਰਵ ਨੇ ਇਸ ਪੁਸਤਕ ਵਿਚ ਜੋ 186 ਸ਼ਬਦ ਕੀਰਤਨ ਰਚਨਾਵਾਂ (82 ਰਾਗਾਂ ਅਤੇ 15 ਤਾਲਾਂ ਅਧੀਨ) ਦਿਤੀਆਂ ਹਨ। ਉਨ੍ਹਾਂ ਨੂੰ ਚੰਗੀ ਤਰ੍ਹਾਂ ਘੋਖਿਆਂ ਸਪਸ਼ਟ ਹੋ ਜਾਂਦਾ ਹੈ ਕਿ ਸੰਤ ਜੀ ਨੂੰ ਗੁਰਮਤਿ ਸੰਗੀਤ ਬਾਰੇ ਅਥਾਹ ਜਾਣਕਾਰੀ ਹਾਸਿਲ ਸੀ। ਇਸ ਤੋ ਇਲਾਵਾ ਇਸ ਪੁਸਤਕ ਵਿਚ ਪ੍ਰਕਾਸ਼ਿਤ ਪ੍ਰਚਲਿਤ ਅਤੇ ਅਪ੍ਰਚਲਿਤ 47 ਤਾਲਾਂ ਦਾ ਅਨਮੋਲ ਖਜ਼ਾਨਾ ਵੀ ਮੌਜੂਦ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ 511 ਪੰਨਿਆਂ ਦੀ ਵੱਡ ਅਕਾਰੀ ਇਸ ਪੁਸਤਕ ਵਿਚ ਗੁਰਮਤਿ ਸੰਗੀਤ ਪ੍ਰੇਮੀਆਂ ਅਤੇ ਖੋਜਾਰਥੀਆਂ ਲਈ ਬੜੀ ਲਾਹੇਵੰਦ ਸਮੱਗਰੀ ਦਰਜ ਹੈ।

## 4.5 ਸੁਰ ਸਿਮਰਨ ਸੰਗੀਤ - ਭਾਗ ਪੰਜਵਾਂ (ਬੰਦਸ਼ਾਂ)

**ਸੁਰ ਸਿਮਰਨ ਸੰਗੀਤ ਪੁਸਤਕ ਦੇ ਪੰਜਵੇਂ ਭਾਗ** ਵਿਚ ਵੀ ਸੰਤ ਸਰਵਣ ਸਿੰਘ ਗੰਧਰਵ ਨੇ ਸੰਗੀਤ ਦੇ ਵੱਖ-ਵੱਖ ਪਹਿਲੂਆਂ ਤੇ ਚਾਨਣਾ ਪਾਇਆ ਹੈ। ਉਨ੍ਹਾਂ ਨੇ ਇਸ ਪੁਸਤਕ ਵਿਚ ਸੰਗੀਤ ਦੇ ਕਈ ਵਿਸ਼ੇ ਜਿਵੇਂ ਨਾਦ, ਭਾਈ ਮਰਦਾਨਾ, ਸੰਗੀਤ, ਨਿਬੱਧ ਗਾਨ, ਅਨਿਬੱਧ ਗਾਨ, ਸਥਾਇ, ਉਠਾਵ, ਮੁਖ ਚਾਲਨ, ਰਾਗਾਲਾਪ, ਰੂਪਕਾਲਾਪ, ਆਲਾਪਤਿ ਗਾਨ, ਚਲਨ, ਵਿਦਾਰੀ, ਧਾਤੂ, ਆਕਿਸ਼ਪਿਤਕਾ, ਨਾਇਕੀ, ਨਾਇਕ, ਗਾਇਕੀ, ਗਾਇਕ, ਵਾਗੇਯਕਾਰ, ਕਲਾਵੰਤ, ਗੰਧਰਵ, ਪੰਡਿਤ, ਸੰਗੀਤ ਸ਼ਾਸਤਰਕਾਰ, ਕਵਾਲ, ਅਤਾਈ ਗਾਇਕ, ਕੱਥਕ, ਮਾਰਗੀ ਸੰਗੀਤ ਤੇ ਦੇਸੀ ਸੰਗੀਤ, ਗਾਇਨ ਸ਼ੈਲੀਆਂ, ਗੁਰਮਤਿ ਸੰਗੀਤ ਪੱਧਤੀ, ਕਰਨਾਟਕ ਸੰਗੀਤ ਪੱਧਤੀ, ਗਾਇਕੀ ਦੇ ਢੰਗ, ਘਰਾਣੇ, ਖਿਆਲ, ਵਰਗੀਕਰਣ, ਤਾਨਾਂ, ਗਮਕ ਤਾਂ ਦਰਜ ਕੀਤੇ ਗਏ ਹੀ ਹਨ, ਨਾਲ ਹੀ ਅਨੇਕਾਂ ਰਾਗਾਂ ਵਿਚ ਬੰਦਸ਼ਾਂ ਨੂੰ ਵੀ ਲਿਪੀਬੱਧ ਕੀਤਾ ਹੈ।

**ਸੁਰ ਸਿਮਰਨ ਸੰਗੀਤ ਪੁਸਤਕ ਦਾ ਪੰਜਵਾਂ ਭਾਗ,** ਜੋ ਸੰਤ ਸਰਵਣ ਸਿੰਘ ਗੰਧਰਵ ਦੁਆਰਾ 1987 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਹ ਭਾਗ ਵਿਚ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਅਥਾਹ ਖਜ਼ਾਨਾ ਮੌਜੂਦ ਹੈ। ਸੰਤ ਜੀ ਨੇ ਇਸ ਭਾਗ ਵਿਚ 112 ਰਾਗਾਂ ਅਧੀਨ 253 ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਹੈ। ਇਨ੍ਹਾਂ ਵਿਚੋਂ 5 ਸ਼ਬਦ ਕੀਰਤਨ ਦੀਆਂ ਰਚਨਾਵਾਂ ਨਿਰਧਾਰਿਤ ਰਾਗਾਂ ਵਿਚ ਸੁਰਲਿਪੀਬੱਧ ਹਨ। ਇਨ੍ਹਾਂ ਸਾਰੀਆਂ ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ 18 ਤਾਲਾਂ (ਤਾਲ ਸੂਲਫਾਕਤਾ, ਢਾਈਆ, ਤਿੰਨ ਤਾਲ, ਚਾਰ ਤਾਲ, ਝਪ ਤਾਲ, ਇਕ ਤਾਲ, ਕਹਿਰਵਾ,

ਦਾਦਰਾ, ਹਨੁਮਾਨ ਤਾਲ, ਗਜਝੰਪਾ, ਧਮਾਰ, ਜੈ ਗੋਪਾਲ, ਜੈ ਮੰਗਲ ਤਾਲ, ਦੀਪਚੰਦੀ, ਆੜਾ ਚੌਤਾਲ, ਫਰੋਦਸਤ, ਤਾਲ ਸਵਾਰੀ, ਛੂਮਰਾ ਆਦਿ) ਵਿਚ ਤਾਲਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ 13 ਪੜਤਾਲਾਂ ਅਤੇ 5 ਤਰਾਨਿਆਂ ਦਾ ਗੁਲਦਸਤਾ ਵੀ ਸੰਤ ਸਰਵਣ ਸਿੰਘ ਗੰਧਰਵ ਦੁਆਰਾ ਦਿਤਾ ਗਿਆ ਹੈ।’[36] ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ □ਸੁਰ ਸਿਮਰਨ ਸੰਗੀਤ□ ਪੁਸਤਕ ਦੇ ਪੰਜਵੇਂ ਭਾਗ ਵਿਚੋਂ ਕੁਝ ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਵਿਚ ਦਰਜ ਕੀਤਾ ਹੈ, ਜੋ ਕਿ ਕ੍ਰਮਵਾਰ ਰਾਗ ਪ੍ਰਭਾਤ ਵਿਭਾਸ, ਕਾਨੜਾ ਬਹਾਰ, ਸ਼ੁਧ ਸਾਰੰਗ, ਸਰਵਣ ਮਲ੍ਹਾਰ, ਨਾਇਕੀ ਕਾਨੜਾ, ਕਲਿਆਣ ਆਦਿ ਅਤੇ ਤਾਲਾਂ ਕ੍ਰਮਵਾਰ ਹਨੁਮਾਨ ਤਾਲ, ਝਪ ਤਾਲ, ਚਾਰ ਤਾਲ, ਸੂਲਫਾਕਤਾ, ਯਕਾ ਅਤੇ ਤਿੰਨ ਤਾਲ ਵਿਚ ਦਰਜ ਹਨ।

---

36 ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

**4.5.1** **ਸ਼ਬਦ**

**ਪ੍ਰਭਾਤੀ ਮਹਲਾ ੫ ਬਿਭਾਸ** (ਪੰਨਾ 1337)

**ਮਨੁ ਹਰਿ ਕੀਆ ਤਨੁ ਸਭੁ ਸਾਜਿਆ॥ ਪੰਚ ਤਤ ਰਚਿ ਜੋਤਿ ਨਿਵਾਜਿਆ ॥**

**ਸਿਹਜਾ ਧਰਤਿ ਬਰਤਨ ਕਉ ਪਾਨੀ ॥ ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ॥੧॥**

-------------------------------------

**ਗੁਰ ਮਿਲਿ ਆਏ ਤੁਮਰੈ ਦੁਆਰ॥ ਜਨ ਨਾਨਕ ਦਰਸਨੁ ਦੇਹੁ ਮੁਰਾਰਿ ॥੪॥**

**ਰਾਗ ਪ੍ਰਭਾਤ ਬਿਭਾਸ, ਹਨੁਮਾਨ ਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|---|
| ਸਰਗਮ | ਰੁੇ | ਰੁੇ | ਗ | ਰੁੇਰੁੇ | ਸਾ | ਸਾ | ਗ | ਪ | ਗ | ਰੁੇ | ਸਾ |
| ਸ਼ਬਦ | ਮਨ | ਸਤਿ | ਗੁਰੁ | ਸੇS | ਵਿ | ਹੋਇ | ਪਰ | ਮ | ਗ | ਤੇ | S |
| | ਧੁ | ਨੀ | ਨੀ | ਸਾ | ਸਾ | ਰੁੇਸਾ | ਗ | ਮ | ਮ' | ਮ' | ਮ |
| | ਹ | ਰ | ਖ | ਸੋ | ਗ | ਤੇS | ਰਹ | ਹਿ | ਨਿ | ਰਾ | ਰਾ |
| | ਧੁ | ਧੁ | ਮਧੁ | ਨੀਸਾਂ | ਨੀਧੁ | ਗ | ਮਧੁ | ਗਮ | ਗਪ | ਗਰੁੇ | ਸਾ |
| | ਤਾਂ | ਤੂ | ਪਾS | SS | ਵਹਿ | S | ਪ੍ਰਾS | ਨS | ਪS | ਤੇS | S |
| ਤਾਲ ਚਿੰਨ੍ਹ | x | | 2 | | 3 | 4 | | 5 | 6 | 7 | 8 |

**ਅੰਤਰਾ**

| | | | | | | | | | | | |
|---|---|---|---|---|---|---|---|---|---|---|---|
| | ਮ | ਪ | ਧੁ | ਧੁ | ਨੀ | ਸਾਂ | ਸਾਂਰੁੇਂ | ਸਾਂ | ਨੀ | ਸਾਂ | ਰੁੇਂਸਾਂ |
| | ਮਨੁ | ਹ | ਰਿ | ਕੀ | ਆ | ਤਨੁ | ਸS | ਭੁ | ਸਾ | ਜਿ | ਆS |
| | ਸਾਂਨੀ | ਸਾਂਨੀ | ਸਾਂਨੀ | ਧੁਪ | ਮਪ | ਧੁਪ | ਗਪ | ਗਮ | ਗਪ | ਗਰੁੇ | ਸਾ |
| | ਪੰS | ਚS | ਤS | ਤS | ਰS | ਚਿS | ਜੋS | ਤਿਨਿ | ਵਾS | ਜਿS | ਆ |
| | ਸਾ | ਗਰੁੇ | ਸਾ | ਮ | ਗਪ | ਧੁਪ | ਧੁਪ | ਮ | ਧੁ | ਪਧੁ | ਨੀ |
| | ਸਿ | ਹS | ਜਾ | S | ਧਰ | ਤਿS | ਬਰ | ਤਨ | ਕਉ | ਪਾS | ਨੀ |
| | ਸਾਂਨੀ | ਸਾਂਨੀ | ਸਾਂਨੀ | ਧੁਪ | ਮਪ | ਧੁਪ | ਗਪ | ਗਮ | ਗਪ | ਗਰੁੇ | ਸਾ |
| | ਨਿਮ | ਖS | ਨS | ਵਿਸਾ | ਰਹੁ | ਸੇਵ | ਹੁਸਾ | ਰਿਗ | ਪਾS | ਨੀS | S |
| ਤਾਲ ਚਿੰਨ੍ਹ | x | | 2 | | 3 | 4 | | 5 | 6 | 7 | 8 |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।**"[37]

37 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 195.

**4.5.2** **ਸ਼ਬਦ**

**ਕਾਨੜਾ ਮਹਲਾ ੫ (ਪੰਨਾ 1303)**

**ਸਿਮਰਤ ਨਾਮੁ ਮਨਹਿ ਸੁਖੁ ਪਾਈਐ॥ ਸਾਧ ਜਨਾ ਮਿਲਿ ਹਰਿ ਜਸੁ ਗਾਈਐ ॥੧॥ਰਹਾਉ॥**

**ਕਰਿ ਕਿਰਪਾ ਪ੍ਰਭ ਰਿਦੈ ਬਸੇਰੋ॥ ਚਰਨ ਸੰਤਨ ਕੈ ਮਾਥਾ ਮੇਰੋ ॥੧॥**

**ਪਾਰਬ੍ਰਹਮ ਕਉ ਸਿਮਰਹੁ ਮਨਾਂ ॥ ਗੁਰਮੁਖਿ ਨਾਨਕ ਹਰਿ ਜਸੁ ਸੁਨਾਂ ॥੨॥**

**ਰਾਗ ਕਾਨੜਾ ਬਹਾਰ, ਝਪਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਧਨੁੀ | ਸਾਂ | ਨੁੀ | ਪ | ਪ | ਮ | ਪ | ਨੁੀਪ | ਮਗੁ | ਮ |
| ਸ਼ਬਦ | ਸਿS | ਮ | ਰ | S | ਤ | ਨਾ | S | ਮੁS | SS | S |
| | ਨੁੀਧ | ਧੁ | ਨੁੀ | ਨੁੀ | ਸਾਂ | ਸਾਂ | – | ਨੀਸਾਂ | ਰੇਂਸਾਂ | ਨੁੀਧੁ |
| | ਮS | ਨਹਿ | ਸੁ | S | ਖੁ | ਪਾ | S | ਈਐ | SS | SS |
| | ਧ | ਨੁੀ | ਸਾਂਰੁੇਂ | ਰੇਂ | ਸਾਂ | ਸਾਂਰੁੇਂ | ਗੁਂਰੇਂ | ਨੁੀ | ਸਾਂ | ਨੁੀਧ |
| | ਸਾ | ਧ | ਜS | ਨਾ | S | ਮਿS | SS | ਲਿ | S | SS |
| | ਧਨੁੀ | ਸਾਂ | ਨੁੀ | ਪਮ | ਨੁੀਪ | ਮਗੁ | ਮ | ਮਪ | ਧੁ | ਨੁੀਸਾਂ |
| | ਹS | ਰਿ | ਜ | SS | ਸੁS | ਗਾS | S | ਈਐ | S | SS |
| ਤਾਲ ਚਿੰਨ੍ਹ | x | | 2 | | | 0 | | 3 | | |

**ਅੰਤਰਾ**

| | | | | | | | | | | |
|---|---|---|---|---|---|---|---|---|---|---|
| | ਮ | ਪ | ਪ | ਧੁ | ਧੁ | ਨੁੀ | ਸਾਂ | ਨੁੀ | ਸਾਂ | ਸਾਂ |
| | ਕ | ਰਿ | ਕਿ | ਰ | ਪਾ | ਪ੍ਰ | S | ਭ | S | S |
| | ਨੁੀ | ਸਾਂ | ਗੁਂ | ਮਂ | ਰੇਂ | ਸਾਂ | ਨੀਸਾਂ | ਰੇਂਸਾਂ | ਨੁੀ | ਧ |
| | ਰਿ | S | ਦੈ | S | ਬ | ਸੇ | SS | ਰੋS | S | S |
| | ਧਨੁੀ | ਸਾਂ | ਨੁੀ | ਪ | ਪ | ਮ | ਪ | ਪ | ਗੁ | ਮ |
| | ਚS | S | ਰ | S | ਨ | ਸੰ | ਤਨ | ਕੈ | S | S |
| | ਧੁ | ਧੁ | ਨੁੀ | ਸਾਂ | ਰੇਂ | ਸਾਂਰੇਂ | ਗਂਰੇਂ | ਨੀਸਾਂ | ਨੁੀ | ਧ |
| | ਮਾ | S | ਥਾ | S | S | ਮੇS | SS | ਰੋS | S | S |
| ਤਾਲ ਚਿੰਨ੍ਹ | x | | 2 | | | 0 | | 3 | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।**”[38]

---

38 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 234.

**4.5.3** **ਸ਼ਬਦ**

**ਸਾਰਗ ਛੰਤ ਮਹਲਾ ੫ (ਪੰਨਾ 1236)**

**ਕਉਨ ਉਪਮਾ ਦੇਉ ਕਵਨ ਵਡਾਈ ॥ ਪੂਰਨ ਪੁਰਿ ਰਹਿਓ ਸ੍ਰਬ ਠਾਈ ॥**

**ਪੂਰਨ ਮਨਮੋਹਨ ਘਟ ਘਟ ਸੋਹਨ ਜਬ ਖਿੰਚੈ ਤਬ ਛਾਈ ॥**

----------------------------

**ਕਹੁ ਨਾਨਕ ਹਰਿ ਹਰਿ ਆਰਾਧਹੁ ਕਵਨ ਉਪਮਾ ਦੇਉ ਕਵਨ ਵਡਾਈ ॥੨॥**

**ਰਾਗ ਸ਼ੁੱਧ ਸਾਰੰਗ, ਚਾਰ ਤਾਲ (ਧਰੁਪਦ)**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਮਰੇ | ਮ॑ | ਮ॑ | ਪਧ | ਪਮ॑ | ਪ | ਮਰੇ | ਮ | ਰੇ | ਸਾਨੀ | ਰੇ | ਸਾ |
| ਸ਼ਬਦ | ਪੂS | ਰ | ਨ | ਮਨ | ਮੋS | ਹਨ | ਘS | ਟ | ਘਟ | ਸੋS | ਹ | ਨ |
| | ਰੇ | ਸਾਂਨੀ | ਸਾ | ਨੀਸਾ | ਧਨ਼ੀ | ਪ | ਪਪ | ਨ਼ੀ | ਧ | ਰੇ | ਸਾਨ਼ੀ | ਸਾ |
| | ਜ | SS | ਬ | ਖਿੰS | SS | ਚੈ | ਤS | ਬ | S | ਛਾ | SS | ਈ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਮਰੇ | ਮ॑ | ਪ | ਪਧ | ਪਮ॑ | ਪ | ਪ | ਨ਼ੀਧ | ਨੀ | ਨੀ | ਸਾਂ | ਸਾਂ |
| | ਕS | ਉ | ਨ | ਉਪ | ਮਾS | ਦੇਉ | ਕ | ਵS | ਨਬ | ਡਾ | S | ਈ |
| | ਮਂ | ਰੇਂ | ਰੇਂ | ਸਾਂਨੀ | ਨੀ | ਸਾਂ | ਰੇਮ॑ | ਪਧ | ਮ॑ਪ | ਰੇਸਾ | ਰੇਸਾ | ਨੀਸਾ |
| | ਪੂ | ਰ | ਨ | ਪੂS | ਰਿਰ | ਹਿਓ | ਸ੍ਰS | SS | ਬS | ਠਾS | SS | ਈS |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[39]

---

39 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 245.

**4.5.4** **ਸ਼ਬਦ**

**ਮਲਾਰ ਮਹਲਾ ੫, ਪੜਤਾਲ (ਪੰਨਾ 1273)**
**ਘਨੁ ਗਰਜਤ ਗੋਬਿੰਦ ਰੂਪ॥ ਗੁਨ ਗਾਵਤ ਸੁਖ ਚੈਨ ॥੧॥ਰਹਾਉ॥**
**ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ ॥੧॥**
**ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥**
**ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ ॥੨॥**
**ਰਾਗ ਸਰਵਣ ਮਲ੍ਹਾਰ, ਪੜਤਾਲ,**
**ਤਾਲ ਸੂਲਫਾਕਤਾ**
**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਮਗੁ | ਗੁਮ | ਰੇ | ਰੇ | ਸਾ | ਨ਼ੀਧ਼ | ਨ਼ੀਧ਼ | ਨ਼ੀ | ਸਾ | ਰੇਸ |
| ਸ਼ਬਦ | ਘਨੁ | ਗਰ | ਜ | ਤ | ਗੋ | ਬਿੰS | ਦS | ਰੂ | S | ਪS |
| | ਸਾ | ਗਰੇ | ਗ | ਮ | ਧਮ | ਨ਼ੀਧ | ਮਧ | ਮਗੁ | ਗੁਮ | ਰੇਸ |
| | ਗੁ | ਨS | ਗਾ | S | ਵਤ | ਸੁS | ਖS | ਚੈS | SS | ਨS |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਅੰਤਰਾ (1) ਤਾਲ ਸਵਾਰੀ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|---|
| ਸਰਗਮ | ਮ | ਗ | ਮ | ਧ | ਮ | ਮ | ਗ | ਗ | ਮ | ਗੁਮ | ਰੇ | ਸਾ | ਨ਼ੀਧ਼ | ਨ਼ੀਸਾ | ਰੇਸ |
| ਸ਼ਬਦ | ਹ | S | ਰਿ | ਚ | ਰ | ਨ | ਸ | ਰ | ਨ | ਤS | ਰ | ਨ | ਸਾS | ਗS | ਰS |
| | ਸਾ | ਸਾ | ਰੇਸ | ਨ਼ੀਧ | ਨੀ | ਸਾਂ | ਰੇਂਸਾਂ | ਧਨੀ | ਸਾਂ | ਧਨੀ | ਸਾਂ | ਮਂ | ਗਮ | ਰੇਗੁ | ਰੇਸਾ |
| | ਧੁ | S | ਨਿS | ਅS | ਨ | ਹ | ਤਾS | SS | S | ਰS | S | ਸ | ਬੈS | SS | ਨS |
| ਤਾਲ ਚਿੰਨ੍ਹ | x | | | | 2 | | | | 3 | | | | 4 | | |

**ਅੰਤਰਾ (2) ਚਾਰ ਤਾਲ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਗੁਸਾ | ਗ | ਮ | ਮਧ | ਧ | ਧ | ਨ਼ੀ | ਧ | ਨੀ | ਸਾਂ | – | ਰੇਂਸਾਂ |
| ਸ਼ਬਦ | ਪS | ਥਿ | ਕ | ਪਿਆ | S | ਸ | ਚਿ | ਤ | ਸ | ਰੋ | S | ਵਰ |
| | ਸਾਂ | ਸਾਂ | ਸਾਂ | ਨੀ | ਸਾਂ | ਰੇਂਸਾਂ | ਮਂ | ਗੁਂ | ਗੁਂਮਂ | ਰੇਂ | ਸਾਂ | ਸਾਂ |
| | ਆ | ਤ | ਮ | ਜ | S | ਲੁS | ਲੈ | S | SS | S | S | ਨ |
| | ਧਸਾਂ | ਨੀ | ਸਾਂ | ਰੇਂਸਾਂ | ਨ਼ੀ | ਧ | ਮਗੁ | ਗੁ | ਮ | ਮਰੇ | ਰੇ | ਸਾ |
| | ਹS | S | ਰਿ | ਦS | ਰ | ਸ | ਪ੍ਰੇS | ਮ | ਜਨ | ਨਾS | ਨ | ਕ |
| | ਮਗ | ਰੇ | ਮਧ | ਮਗ | ਮਗ | ਰੇਸ | ਸਾਨ਼ੀ | ਧ਼ | ਨ਼ੀ | ਸਾਰੇ | ਸਾਨ਼ੀ | ਸਾ |
| | ਕS | S | ਰਿS | ਕਿS | ਰS | ਪਾS | ਪ੍ਰਭS | S | ਭ | ਦੈS | SS | ਨ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

”[40]

40 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 339-340.

**4.5.5** **ਸ਼ਬਦ**

**ਕਾਨੜਾ ਮਹਲਾ ੫** (**ਪੰਨਾ** 1301)

**ਕੁਚਿਲ ਕਠੋਰ ਕਪਟ ਕਾਮੀ ॥**

**ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ਰਹਾਉ॥**

**ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ ॥੧॥**

**ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥**

**ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥**

**ਰਾਗ ਨਾਇਕੀ ਕਾਨੜਾ, ਤਾਲ ਯਕਾ**

**ਸਥਾਈ**

| ਮਾਤਰੇ | 9 | 10 | 11 | 12 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|
| ਸਰਗਮ | ਸਾਨ਼ੀ | ਸਾ | ਰੇ | ਸਾਰੇ | ਰੇਪ | ਪ | ਮਪ | ਨ਼ੀਨ਼ੀ | ਮਗੁ | ਮਗੁ | ਮ | ਰੇਸ |
| ਸ਼ਬਦ | ਕੁਚਿ | ਲ | ਕ | ਠੋS | SS | ਰ | ਕS | ਪS | ਟS | ਕਾS | S | ਮੀS |
| | ਰੇ | ਰੇ | ਸਾ | ਨ਼ੀਸਾ | ਨ਼ੀਸਾ | ਸਾ | ਰੇ | ਸਾਰੇ | ਮਗੁ | ਮ | ਸਾਰੇ | ਸਾ |
| | ਜਿਉ | ਜਾ | S | ਨਹਿ | ਤਿS | ਉ | ਤਾ | SS | ਰਿਸੁ | ਆ | SS | ਮੀ |
| ਤਾਲ ਚਿੰਨ੍ਹ | 3 | | 4 | | x | | 0 | | 2 | | 0 | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਪ | ਮਪ | ਮਗੁਮਗੁ | ਮ | ਪ | ਪ | ਮਪ | ਮਪ | ਪਨ਼ੀ | ਪ | ਸਾਂ | ਸਾਂ |
| | ਤੂ | ਸS | ਮSSS | ਰ | S | ਥੁ | ਸS | ਰS | ਨਿS | ਜੋ | S | ਗੁ |
| | ਪਨ਼ੀ | ਨ਼ੀ | ਪ | ਪ | ਮਪ | ਰੇ | ਮ | ਸਾ | ਰੇ | ਰੇ | ਸਾ | ਨ਼ੀਸਾ |
| | ਤੂS | ਰਾ | ਖਹਿ | ਅ | ਪS | S | ਨੀ | ਕ | ਲ | ਧਾ | S | ਰਿS |
| ਤਾਲ ਚਿੰਨ੍ਹ | 3 | | 4 | | x | | 0 | | 2 | | 0 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[41]

41 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 457.

**4.5.6** ਸ਼ਬਦ

(ਸਰਬ ਲੋਹ ਗ੍ਰੰਥ 'ਚੋਂ)

ਬਿਸਨ ਪਦ ਰਾਗ ਕਲਿਆਣ

ਪਿਆਰੇ ਕਹੋਂ ਕਵਨ ਬਿਧਿ ਗਯੈ ॥

ਪੰਚ ਦੂਤ ਸੰਗੀ ਇਸ ਮਨ ਕੇ ਖਿਨ ਖਿਨ ਭ੍ਰਮਤ ਨ ਚੱਯੈ ॥

ਇਕ ਚਿਤ ਇਕ ਛਿਨ ਰਹਿ ਨ ਦੇਈ ਊਭ ਪਯਾਲ ਭ੍ਰਮੱਯੈ ॥

ਮਹਾ ਪਾਪ ਘੋਰ ਦੁਰਮਤਿ ਮਹਿ ਰੁਚਿ ਚਿਤ ਮੋਹਿ ਲਗੱਯੈ ॥

ਰਾਗ ਕਲਿਆਣ, ਤਿੰਨ ਤਾਲ

ਸਥਾਈ

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਪ | ਮ॑ | ਗ | ਰੇ | ਗ | ਮ॑ | ਧ | ਪ | ਗ | ਰੇ | ਗ | ਰੇ | ਨੀ | ਰੇ | ਸਾ | – |
| ਸ਼ਬਦ | ਪਿਆ | s | ਰੇ | s | ਕ | ਹੋਂ | s | ਕ | ਵ | ਨ | ਬਿ | ਧਿ | ਗ | s | ਯੈ | s |
| | ਨੀ | ਧ | ਨੀ | ਰੇ | ਸਾ | ਸਾ | ਸਾ | ਸਾ | ਨੀ | ਰੇ | ਗ | ਮ॑ | ਧ | ਮ॑ | ਧ | ਪ |
| | ਪੰ | s | ਚ | ਦੂ | s | ਤ | ਸੰ | s | ਗੀ | s | ਇ | ਸ | ਮ | ਨ | ਕੇ | s |
| | ਮ॑ | ਗ | ਮ॑ | ਧ | ਨੀ | ਰੇਂ | ਸਾਂ | ਸਾਂ | ਸਾਂਨੀ | ਧਪ | ਮ॑ਧ | ਪ | ਪਮ॑ | ਗਰੇ | ਨੀਰੇ | ਸਾ |
| | ਖਿ | ਨ | ਖਿ | ਨ | ਭ੍ਰ | ਮ | ਤ | ਨ | ਚੱs | ss | ss | s | ਯੈs | ss | ss | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

ਅੰਤਰਾ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਮ॑ | ਧ | ਪ | ਪ | ਮ॑ | ਗ | ਮ॑ | ਧ | ਮ॑ਧ | ਨੀਸਾਂ | ਸਾਂ | ਸਾਂ | ਨੀ | ਰੇਂ | ਸਾਂ | – |
| | ਇ | ਕ | ਚਿ | ਤ | ਇ | ਕ | ਛਿ | ਨ | ਰs | ss | ਹਿ | ਨ | ਦੇ | s | ਈ | s |
| | ਨੀ | ਰੇਂ | ਗਂ | ਰੇਂ | ਨ਼ੀ | ਰੇਂ | ਸਾਂ | – | ਸਾਂਨ਼ੀ | ਧਪ | ਮ॑ਧ | ਪ | ਪਮ॑ | ਗਰੇ | ਨੀਰੇ | ਸਾ |
| | ਊ | s | ਭ | ਪ | ਯਾ | s | ਲ | s | ਭ੍ਰs | ਮੱs | ss | s | ਯੈs | ss | ss | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[42]

---

42 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 540.

**ਵਿਸ਼ਲੇਸ਼ਣ**

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਪ੍ਰਕਾਸ਼ਿਤ ਕੀਤੇ ਗਏ ਸੁਰ ਸਿਮਰਨ ਸੰਗੀਤ ਪੁਸਤਕ ਦੇ ਪੰਜਵੇ ਭਾਗ ਵਿਚ ਗੁਰਮਤਿ ਸੰਗੀਤ ਦੇ ਭਰਪੂਰ ਖਜ਼ਾਨੇ ਦੇ ਨਾਲ-ਨਾਲ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀਆਂ ਵੀ ਗਾਇਨ ਸ਼ੈਲੀਆਂ (ਜਿਵੇਂ ਕਿ ਤਰਾਨਾ) ਵਿਚ ਬੰਦਸ਼ਾਂ ਲਿਪੀਬੱਧ ਕੀਤੀਆਂ ਗਈਆਂ ਹਨ। ਪੁਸਤਕ ਵਿਚ 112 ਰਾਗਾਂ ਅਤੇ 18 ਤਾਲਾਂ ਅਧੀਨ 253 ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ ਲਿਪੀਬੱਧ ਕੀਤਾ ਗਿਆ ਹੈ ਜੋ ਕਿ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਸ਼ਲਾਘਾਯੋਗ ਕਾਰਜ ਹੈ। ਪੁਸਤਕ ਵਿਚ 13 ਪੜਤਾਲਾਂ ਅਤੇ 5 ਤਰਾਨਿਆਂ ਦਾ ਗੁਲਦਸਤਾ ਵੀ ਅੰਕਿਤ ਕੀਤਾ ਗਿਆ ਹੈ।

## 4.6 ਸੁਰ ਸਿਮਰਨ ਸੰਗੀਤ-ਭਾਗ ਛੇਵਾਂ (ਬੰਦਸ਼ਾਂ)

**ਸੁਰ ਸਿਮਰਨ ਸੰਗੀਤ ਪੁਸਤਕ ਦੇ ਛੇਵੇਂ ਭਾਗ** ਵਿਚ 85 ਰਾਗਾਂ ਦਾ ਜਿਕਰ ਆਉਂਦਾ ਹੈ। ਜਿਨ੍ਹਾਂ ਵਿਚ 68 ਰਾਗਾਂ ਅਧੀਨ ਸ਼ਬਦ ਰਚਨਾਵਾਂ ਨੂੰ ਲਿਪੀਬੱਧ ਕੀਤਾ ਗਿਆ ਹੈ ਜਦ ਕਿ ਬਾਕੀ 15 ਰਾਗਾਂ ਦਾ ਸੰਖੇਪ ਪ੍ਰੀਚੈ ਦਿਤਾ ਗਿਆ ਹੈ। ਇਨ੍ਹਾਂ 68 ਰਾਗਾਂ ਅਧੀਨ ਸੰਤ ਸਰਵਣ ਸਿੰਘ ਗੰਧਰਵ ਨੇ 321 ਸ਼ਬਦ ਕੀਰਤਨ ਦੀਆਂ ਰਚਨਾਵਾਂ ਦਿੱਤੀਆਂ ਹਨ। ਇਨ੍ਹਾਂ ਰਚਨਾਵਾਂ ਵਿਚੋਂ 77 ਸ਼ਬਦ ਕੀਰਤਨ ਰਚਨਾਵਾਂ ਨਿਰਧਾਰਿਤ ਰਾਗਾਂ ਤੇ ਅਧਾਰਿਤ ਹਨ ਅਤੇ 236 ਸ਼ਬਦ ਕੀਰਤਨ ਰਚਨਾਵਾਂ ਨਿਰਧਾਰਿਤ ਰਾਗਾਂ ਵਿਚ ਨਹੀਂ ਹਨ। ਇਸ ਤੋਂ ਇਲਾਵਾ 8 ਸ਼ਬਦ ਕੀਰਤਨ ਦੀਆਂ ਰਚਨਾਵਾਂ ਦੀ ਸਵਰਲਿਪੀ ਨਹੀਂ ਦਿਤੀ ਗਈ ਬਲਕਿ ਪਹਿਲੇ ਅੰਕਿਤ ਕੀਤੇ ਗਏ ਸ਼ਬਦ ਦੀ ਸਵਰਲਿਪੀ ਅਨੁਸਾਰ ਹੀ ਗਾਉਣ ਦੀ ਹਦਾਇਤ ਕੀਤੀ ਗਈ ਹੈ। ਇਨ੍ਹਾਂ ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ 14 ਤਾਲਾਂ (ਤਾਲ ਰੂਪਕ, ਆੜਾ ਚੌਤਾਲ, ਤਿੰਨ ਤਾਲ, ਕਹਿਰਵਾ, ਝਪ ਤਾਲ, ਸੂਲਫਾਕਤਾ, ਚਾਰ ਤਾਲ, ਦਾਦਰਾ, ਯਕਾ, ਖਟ, ਜੈ ਗੋਪਾਲ ਤਾਲ, ਧਮਾਰ, ਫਰੋਦਸਤ, ਦੀਪਚੰਦੀ ਆਦਿ) ਵਿਚ ਤਾਲਬੱਧ ਕੀਤਾ ਗਿਆ ਹੈ। ਇਸ ਪੁਸਤਕ ਵਿਚ 3 ਪੜਤਾਲਾਂ, 4 ਕਵਿਤਾਵਾਂ ਅਤੇ 3 ਤਰਾਨੇ ਵੀ ਸੁਰਲਿਪੀਬੱਧ ਕੀਤੇ ਗਏ ਹਨ, ਜੋ ਕਿ ਸੰਗੀਤ ਪ੍ਰੇਮੀਆਂ ਲਈ ਅਨਮੋਲ ਖਜ਼ਾਨਾ ਹੈ। ਇਸ ਪੁਸਤਕ ਦੇ ਪੰਨਾ 240 ਉਤੇ ਅੰਕਿਤ ਕਲਿਆਣ ਮਹਲਾ ੪ ਅਧੀਨ ਅੰਕਿਤ ਸ਼ਬਦ ਨੂੰ ਸੰਤ ਸਰਵਣ ਸਿੰਘ ਨੇ ਨੌਂ ਪ੍ਰਕਾਰ ਦੇ ਕਲਿਆਣ (ਰਾਗ ਸ਼ੁਧ ਕਲਿਆਣ, ਗੋਰਖ ਕਲਿਆਣ, ਪੂਰਵਾ ਕਲਿਆਣ, ਹੇਮ ਕਲਿਆਣ, ਰਾਜ ਕਲਿਆਣ, ਹਮੀਰ ਕਲਿਆਣ, ਕਲਿਆਣ ਬਸੰਤੁ, ਸ਼ੁਭ ਕਲਿਆਣ, ਇਮਨ ਕਲਿਆਣ ਆਦਿ) ਅਤੇ ਨੌਂ ਤਾਲਾਂ (ਧਮਾਰ, ਚਾਰ ਤਾਲ, ਸੂਲਫਾਕਤਾ, ਆੜਾ ਚੌਤਾਲ, ਝਪਤਾਲ, ਰੂਪਕ, ਯਕਾ, ਫਰੋਦਸਤ, ਤਿੰਨ ਤਾਲ ਆਦਿ) ਵਿਚ ਸੁਰਲਿਪੀਬੱਧ ਕਰਕੇ ਆਪਣੀ ਸੰਗੀਤਕ ਸੂਝਬੂਝ ਦਾ ਸਬੂਤ ਦਿਤਾ ਹੈ।'[43] ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਸੁਰ ਸਿਮਰਨ ਸੰਗੀਤ ਪੁਸਤਕ ਦੇ ਛੇਵੇਂ ਭਾਗ

43 ਸੁਰ ਸਿਮਰਨ ਸੰਗੀਤ (ਭਾਗ ਛੇਵਾਂ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

ਵਿਚੋਂ ਕ੍ਰਮਵਾਰ ਰਾਗਾਂ ਸਿਰੀ ਰਾਗ, ਮਾਝ, ਆਸਾਵਰੀ, ਗੂਜਰੀ, ਦੇਵਗੰਧਾਰੀ, ਸੋਰਠਿ, ਸੂਹੀ ਲਲਿਤ ਆਦਿ ਵਿਚ ਦਰਜ ਸ਼ਬਦ ਰਚਨਾਵਾਂ ਨੂੰ ਇਥੇ ਦਰਜ ਕੀਤਾ ਗਿਆ ਹੈ। ਇਹ ਰਚਨਾਵਾਂ ਕ੍ਰਮਵਾਰ ਤਾਲ ਰੂਪਕ, ਤਿੰਨ ਤਾਲ, ਸੂਲ਼ਫਾਕਤਾ, ਢਾਈਆ, ਕਹਿਰਵਾ, ਖਟ, (ਪੜਤਾਲ-ਤਿਨ ਤਾਲ, ਝਪ ਤਾਲ ਅਤੇ ਢਾਈਆ ਆਦਿ) ਆਦਿ ਤਾਲਾਂ ਵਿਚ ਤਾਲਬੱਧ ਹਨ।

**4.6.1 ਸ਼ਬਦ**

**ਰਾਗ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ (ਪੰਨਾ 14)**

**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥**

**ਕਸਤੂਰਿ ਕੁੰਗੂ ਅਗਰਿ ਚੰਦਨਿ, ਲੀਪਿ ਆਵੈ ਚਾਉ॥**

**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥---**

**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥**

**ਸਿਰੀ ਰਾਗੁ, ਤਾਲ ਰੂਪਕ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|---|
| ਸਰਗਮ | ਪ਼ | ਰੇ | ਰੇ | ਰੇ | ਰੇ | ਰੇ | ਪ | ਰੇ | ਗੁ | ਰੇ | ਸਾ | ਸਾ | ਸਾ | ਸਾ |
| ਸ਼ਬਦ | ਮਤੁ | ਦੇ | ਖਿ | ਭੂ | s | ਲਾ | s | ਵੀ | s | ਸ | ਰੈ | s | s | s |
| | ਰੇ | ਰੇ | ਮ | ਰੇ | ਰੇ | ਰੇ | ਪ | ਪਸਾਂ | ਨ਼ੀਧ | ਪ | ਮਪ | ਧਪ | ਮਗੁ | ਰੇਸਾ |
| | ਤੇ | s | ਰਾ | ਚਿ | ਤਿ | ਨ | s | ਆs | ss | ਵੈ | ਨਾs | ss | ਉs | ss |
| ਤਾਲ ਚਿੰਨ੍ਹ | 0<br>x | | | 2 | | 3 | | 0<br>x | | | 2 | | 3 | |

**ਅੰਤਰਾ**

| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|---|
| ਸਰਗਮ | ਮ | ਪ | ਪ | ਨੀ | ਨੀ | ਨੀ | ਨੀ | ਸਾਂ | ਸਾਂ | ਸਾਂ | ਨੀਸਾਂ | ਰੇਂ | ਨੀ | ਸਾਂ |
| ਸ਼ਬਦ | ਮੋ | ਤੀ | ਤ | ਮੰ | s | ਦ | ਰ | ਊ | s | ਸ | ਰਹਿ | s | s | s |
| | ਰੇਂ | ਰੇਂ | ਪਂ | ਰੇਂ | ਗੁਂ | ਰੇਂ | ਸਾਂ | ਨ਼ੀ | ਸਾ | ਰੇਂ | ਨ਼ੀ | ਧ | ਪ | ਪ |
| | ਰਤ | ਨੀ | ਤ | ਹੋ | s | ਹਿ | s | ਜ | s | s | ਝਾ | s | ਉ | s |
| | ਮ | ਪ | ਨੀ | ਸਾਂ | ਨੀ | ਸਾਂ | ਸਾਂ | ਸਾਂ | ਨ਼ੀ | ਧ | ਮਰੇ | ਮ | ਰੇ | ਪ |
| | ਕਸ | ਤੂ | ਰਿ | ਕੁੰ | s | ਗੂ | s | ਅ | ਗ | ਰਿ | ਚੰs | s | ਦ | ਨਿ |
| | ਰੇਂ | ਰੇਂ | ਰੇਂ | ਰੇਂ | ਸਾਂ | ਨ਼ੀਧ | ਪ | ਪ | ਸਾਂ | ਸਾਂ | ਨ਼ੀਧ | ਪਮ | ਗੁਰੇ | ਸਾ |
| | ਲੀ | s | ਪਿ | ਆ | s | ਵੈs | s | ਚਾ | s | s | ਉs | ss | ss | s |
| ਤਾਲ ਚਿੰਨ੍ਹ | 0<br>x | | | 2 | | 3 | | 0<br>x | | | 2 | | 3 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"**[44]

44 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 28-29.

**4.6.2** **ਸ਼ਬਦ**

**ਮਾਝ ਮਹਲਾ ੫** (**ਪੰਨਾ** 105)

**ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ ॥**

**ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥੧॥**

-----------------------------------------

**ਤੇਰੀ ਸਰਣਿ ਮੇਰੇ ਦੀਨ ਦਇਆਲਾ॥ ਸੁਖ ਸਾਗਰ ਮੇਰੇ ਗੁਰ ਗੋਪਾਲਾ ॥**

**ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥੪॥**

**ਰਾਗ ਮਾਝ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਪ | ਗਮ | ਰੇ | ਸਾ | ਧ | ਨ਼ੀ | ਸਾ | ਸਾ | ਰੇਗ | ਮਗ | ਮ | ਮ | ਗ | ਮ | ਰੇ | ਸਾ |
| ਸ਼ਬਦ | ਜਿ | SS | ਥੈ | S | ਨਾ | S | ਮੁ | S | ਜਪੀ | ਐS | ਪ੍ਰ | ਭ | ਪਿਆ | S | ਰੇ | S |
| | ਗ | ਮ | ਪ | ਗ | ਨ਼ੀ | ਧ | ਨੀ | ਸਾਂ | ਨ਼ੀ | ਪ | ਮ | ਪ | ਧਪ | ਗਮ | ਰੇਗ | ਰੇਸ |
| | ਸੇ | S | S | ਅਸ | ਥ | ਲ | ਸੋ | S | ਇ | ਨ | ਚ | ਉ | ਬਾS | SS | ਰੇS | SS |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਗ | ਮ | ਪ | ਧ | ਨੀ | ਸਾਂ | ਸਾਂ | ਸਾਂ | ਨੀ | ਨੀ | ਸਾਂ | ਰੇਂ | ਨੀ | ਸਾਂ | ਨ਼ੀ | ਧ |
| | ਜਿ | S | ਥੈ | S | ਨਾ | S | ਮੁ | ਨ | ਜਪੀ | ਐ | ਮੇ | ਰੇ | ਗੋ | ਇ | ਦਾ | S |
| | ਨੀ | ਸਾਂ | ਗਂ | ਮਂ | ਰੇਂ | ਸਾਂ | ਨੀ | ਸਾਂ | ਨ਼ੀ | ਧ | ਮ | ਮ | ਧਪ | ਗਮ | ਰੇਸਾ | ਨੀਸਾ |
| | ਸੇ | S | ਈ | S | ਨ | ਗ | ਰ | ਉ | ਜਾ | S | ੜੀ | S | ਜੀS | SS | ਉS | SS |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।**”[45]

45 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 33.

**4.6.3** **ਸ਼ਬਦ**

**ਰਾਗੁ ਆਸਾ ਮਹਲਾ ੫ ਘਰੁ ੧੭ ਆਸਾਵਰੀ (ਪੰਨਾ 409)**
**ਗੋਬਿੰਦ ਗੋਬਿੰਦ ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ ॥**
**ਗੁਰਿ ਕਹਿਆ ਸੁ ਚਿਤਿ ਧਰਿ ਹਾਂ॥ ਅਨ ਸਿਉ ਤੋਰਿ ਫੇਰਿ ਹਾਂ॥**
**ਐਸੇ ਲਾਲਨੁ ਪਾਇਓ ਰੀ ਸਖੀ ॥੧॥ਰਹਾਉ॥**
**ਪੰਕਜ ਮੋਹ ਸਰਿ ਹਾਂ॥ ਪਗੁ ਨਹੀ ਚਲੈ ਹਰਿ ਹਾਂ॥ਗਹਡਿਓ ਮੂੜ ਨਰਿ ਹਾਂ॥ ਅਨਿਨ ਉਪਾਵ ਕਰਿ ਹਾਂ॥**
**ਤਉ ਨਿਕਸੈ ਸਰਨਿ ਪੈ ਰੀ ਸਖੀ ॥੧॥**
**-----------------------------------**
**ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥੨॥**
**ਰਾਗ ਆਸਾਵਰੀ, ਤਾਲ ਸੂਲਫਾਕਤਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਮ | ਗੁ | ਰੇ | ਸਾ | ਰੇ | ਰੇ | ਰੇ | ਸਾ | ਸਾ | ਸਾ |
| ਸ਼ਬਦ | ਗੋ | s | ਬਿੰ | ਦ | ਗੋ | ਬਿੰਦ | ਕ | ਰਿ | ਹਾਂ | s |
| | ਮ | ਰੇ | ਮ | ਮ | ਮ | ਮ | ਮ | ਪ | ਪ | ਪ |
| | ਹ | ਰਿ | ਹ | ਰਿ | ਮ | ਨਿ | ਪਿਆ | ਰਿ | ਹਾਂ | s |
| | ਮ | ਮ | ਪ | ਪ | ਪ | ਸਾਂ | ਧੁ | ਧੁ | ਪ | ਪ |
| | ਗੁ | ਰਿ | ਕਹਿ | ਆਸੁ | ਚਿ | ਤ | ਧ | ਰਿ | ਹਾਂ | s |
| | ਰੇਂ | ਨੁੀ | ਸਾਂ | ਸਾਂ | ਧੁ | ਨੁੀ | ਧੁ | ਪ | ਮ | ਪ |
| | ਅ | ਨ | ਸਿ | ਉ | ਤੋ | ਰਿ | ਫੇ | ਰਿ | ਹਾਂ | s |
| | ਸਾਂ | ਨੁੀ | ਧੁ | ਪ | ਮ | ਪ | ਗੁ | ਰੇ | ਸਾ | ਸਾ |
| | ਐ | ਸੇ | ਲਾ | ਲਨੁ | ਪਾ | ਇਓ | ਰੀ | s | ਸ | ਖੀ |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਅੰਤਰਾ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਪ | ਮ | ਪ | ਪ | ਧੁ | ਧੁ | ਧੁ | ਧੁ | ਪ | ਧੁ |
| ਸ਼ਬਦ | ਪੰ | s | ਕ | ਜ | ਮੋ | ਹਿ | ਸ | ਰਿ | ਹਾਂ | s |
| | ਸਾਂ | ਨੁੀ | ਧੁ | ਪ | ਧੁ | ਸਾਂ | ਨੁੀ | ਸਾਂ | ਨੁੀ | ਪ |
| | ਪ | ਗੁ | ਨ | ਹੀ | ਚ | ਲੈ | ਹ | ਰਿ | ਹਾਂ | s |
| | ਰੇਂ | ਰੇਂ | ਰੇਂ | ਰੇਂ | ਰੇਂ | ਗੁਂ | ਰੇਂ | ਸਾਂ | ਸਾਂ | ਸਾਂ |
| | ਗ | ਹ | ਡਿ | ਓ | ਮੂ | ੜ | ਨ | ਰਿ | ਹਾਂ | s |
| | ਨੁੀ | ਸਾਂ | ਨੁੀਸਾਂ | ਰੇਂਸਾਂ | ਨੁੀ | ਸਾਂ | ਧ | ਪ | ਮ | ਪ |
| | ਅ | ਨਿ | ਨs | ਉs | ਪਾ | ਵ | ਕ | ਰਿ | ਹਾਂ | s |
| | ਸਾਂ | ਨੁੀ | ਧੁ | ਪ | ਮ | ਪ | ਗੁ | ਰੇ | ਸਾ | ਸਾ |
| | ਤਉ | ਨਿ | ਕ | ਸੈ | ਸਰ | ਨਿ | ਪੈ | ਰੀ | ਸ | ਖੀ |
| ਤਾਲ ਚਿੰਨ੍ਹ | x | | 0 | | 2 | | 3 | | 0 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"**[46]

46 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 56-57.

**4.6.4** **ਸ਼ਬਦ**

**ਗੂਜਰੀ ਮਹਲਾ ੪** (ਪੰਨਾ 492-93)

**ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ॥**

**ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥੧॥**

-----------------------

**ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥**

**ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥**

**ਰਾਗ ਗੂਜਰੀ, ਤਾਲ ਦਾਈਆ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|---|
| ਸਰਗਮ | ਸਾ | ਰੇ੍ | ਗੁ | ਰੇ੍ | ਸਾ | ਨੀ | ਸਾ | ਨੀ | ਸਾ | ਸਾ | ਨੀਸਾ | ਰੇ੍ਸਾ | ਨੀ | ਧੁ |
| ਸ਼ਬਦ | ਗੋ | ਵਿੰ | ਦੁ | ਗੋ | s | ਵਿੰ | ਦੁ | ਪ੍ਰੀ | ਤ | ਮ | ਮਨਿ | ਪ੍ਰੀs | ਤ | ਮੁ |
| | ਸਾ | ਰੇ੍ | ਗੁ | ਮ॑ | ਧੁ | ਧੁ | ਧੁ | ਨੀ | ਮ॑ | ਧੁ | ਮ॑ਧੁ | ਨੀਧੁ | ਮ॑ਗੁ | ਰੇ੍ਸਾ |
| | ਮਿਲਿ | ਸ | ਤ | ਸੰ | s | ਗ | ਤਿ | ਸਬ | ਦਿ | ਮਨੁ | ਮੋs | ss | ਹੈs | ss |
| ਤਾਲ | 0 | | | | | | | 0 | | | | | | |
| ਚਿੰਨ੍ਹ | x | | | 2 | | 3 | | x | | | 2 | | 3 | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | ਗੁ | ਮ॑ | ਧੁ | ਧੁ | ਧੁ | ਧੁ | ਧੁ | ਨੀ | ਮ॑ | ਧੁ | ਸਾਂ | ਸਾਂ | ਸਾਂ | ਸਾਂ |
| | ਜ | ਪਿ | ਗੋ | ਵਿੰ | ਦੁ | s | ਗੋ | ਵਿੰ | ਦੁ | ਧਿ | ਆ | s | ਈਐ | s |
| | ਗੁਂ | ਰੇਂ | ਗੁਂ | ਰੇਂ | ਸਾਂ | ਨੀ | ਸਾਂ | ਨੀਸਾਂ | ਧੁਨੀ | ਮ॑ਧੁ | ਗੁਮ॑ | ਧੁਮ॑ | ਗੁਰੇ੍ | ਸਾ |
| | ਸ | ਭ | ਕਉ | ਦਾ | s | ਨੁ | ਦੇਇ | ਪ੍ਰs | ਭੁs | ss | ਓs | ss | ਹੈs | s |
| ਤਾਲ | 0 | | | 2 | | 3 | | 0 | | | 2 | | 3 | |
| ਚਿੰਨ੍ਹ | x | | | | | | | x | | | | | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।”[47]

---

47 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 67.

**4.6.5** **ਸ਼ਬਦ**

**ਦੇਵਗੰਧਾਰੀ ਮਹਲਾ ੫ (ਪੰਨਾ 532)**

**ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥**

**ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥੧॥ਰਹਾਉ॥**

---------------------------------------

**ਸੰਕਟ ਘੋਰ ਕਟੇ ਖਿਨ ਭੀਤਰਿ ਨਾਨਕ ਹਰਿ ਦਰਸਿ ਸਮਾਈਐ ॥੨॥**

**ਰਾਗ ਦੇਵ ਗੰਧਾਰੀ, ਤਾਲ ਕਹਿਰਵਾ**

**ਸਥਾਈ**

| ਮਾਤਰੇ | 1 | 2 | 3 | 4 | 1 | 2 | 3 | 4 | 1 | 2 | 3 | 4 | 1 | 2 | 3 | 4 |
|---|---|---|---|---|---|---|---|---|---|---|---|---|---|---|---|---|
| ਸਰਗਮ | – | ਮ | ਮ | ਮ | ਮ | ਮ | ਮ | ਮ | ਗ | ਰੇ | ਗ | ਗ | ਰੇ | ਰੇ | ਸ | ਨ਼ੀ |
| ਸ਼ਬਦ | s | ਗੁਰ | ਬਿ | ਨੁ | ਗਿਆ | s | ਨੁ | ਨ | ਪਾ | s | ਈ | ਐ | ਮਾ | s | ਈ | s |
| | – | ਨ਼ੀ | ਸਾ | ਸਾ | ਸਾ | – | ਰੇਗੁ | ਸਾ | ਰੇ | ਸਾ | ਰੇ | ਸਾ | ਸਾ | ਸਾ | ਸਾ | ਸਾ |
| | s | ਗੁਰ | ਬਿ | ਨੁ | ਗਿਆ | s | ਨੁs | ਨ | ਪਾ | s | ਈ | ਐ | s | s | s | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | – | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਨ਼ੀ | ਨ਼ੀ | ਨ਼ੀ | ਨ਼ੀ | ਨ਼ੀ | ਧੁ | ਪ | ਮ |
| | s | ਅਨਿ | ਕ | ਪ੍ਰ | ਕਾ | s | ਰ | ਫਿ | ਰ | ਤ | ਬਿ | ਲ | ਲਾ | s | ਤੇ | s |
| | – | ਮ | ਪ | ਪ | ਪ | ਧੁ | ਨ਼ੀ | ਸਾਂ | ਨ਼ੀ | ਧੁ | ਪ | ਪ | ਪ | ਪ | ਪ | ਪ |
| | s | ਮਿ | ਲ | ਤ | ਨ | ਹੀ | ਗੋ | s | ਸਾ | s | ਈ | ਐ | s | s | s | s |
| ਤਾਲ ਚਿੰਨ੍ਹ | x | | | | 0 | | | | x | | | | 0 | | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।”[48]

48 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 76.

**4.6.6** **ਸ਼ਬਦ**

**ਸੋਰਠਿ ਮਹਲਾ ੫ ਘਰ ੨ ਚਉਪਦੇ** (ਪੰਨਾ 611-12)

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥**

**ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥**

---------------------------------------------------------

**ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥**

**ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥**

**ਰਾਗ ਸੋਰਠਿ, ਤਾਲ ਖਟ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 |
|---|---|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | ਸਾ | ਸਾ | ਪ | ਪ | ਪ | ਮ | ਰੇ | ਮ | ਮ | ਪ | ਪ | ਪ | ਨ਼ੀ | ਧ | ਪ | ਧ | ਪ |
| ਸ਼ਬਦ | ਏ | s | ਕੁ | ਪਿ | ਤਾ | s | ਏ | s | ਕ | ਸ | ਕੇ | s | ਹ | ਮ | ਬਾ | s | ਰਿ | ਕ |
| | | | | | | | | | | | | | | | | | | |
| | ਸਾ | ਪੰ | ਸਾ | ਨ਼ੀ | ਧੰ | ਪੰ | ਸਾ | ਪ | ਮ | ਗ | ਰੇਗ | ਰੇ | ਰੇਗ | ਸਾਨ਼ੀ | ਪੰਨ਼ੀ | ਨ਼ੀਰੇ | ਸਾ | ਸਾ |
| | ਤੂ | s | ਮੇ | s | ਰਾ | s | ਗੁ | s | s | s | ਰs | s | ਹਾs | ss | ss | ss | ਈ | s |
| ਤਾਲ ਚਿੰਨ੍ਹ | x | | 0 | | 2 | | 3 | | 0 | | 4 | | 5 | | 6 | | 0 | |

**ਅੰਤਰਾ**

| | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|
| | ਪਮੁ | ਪ | ਧ | ਪ | ਨੀ | ਨੀ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ | ਰੇਂਮਂ | ਗਂਰੇਂ | ਸਾਂ | ਸਾਂ |
| | ਸੁs | ਣਿ | ਮੀ | ਤਾ | s | s | ਜੀ | ਉ | ਹ | ਮਾ | ਰਾ | s | ਬ | ਲਿ | ਬs | ਲਿs | ਜਾ | ਸੀ |
| | | | | | | | | | | | | | | | | | | |
| | ਪ | ਨੀ | ਸਾ | ਮਂ | ਗਂ | ਰੇਂ | ਨੀਸਾਂ | ਰੇਂਸਾਂ | ਰੇਂ | ਨੀ | ਧ | ਪ | ਮ | ਪ | ਪਧ | ਮ | ਗ | ਰੇ |
| | ਹ | ਰਿ | ਦ | ਰ | ਸ | ਨੁ | ਦੇs | ss | ਹੁ | s | s | ਦਿ | ਖਾ | s | ss | s | ਈ | s |
| ਤਾਲ ਚਿੰਨ੍ਹ | x | | 0 | | 2 | | 3 | | 0 | | 4 | | 5 | | 6 | | 0 | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[49]

49 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 97.

**4.6.7** **ਸ਼ਬਦ**

ਸੂਹੀ ਲਲਿਤ ਕਬੀਰ ਜੀਉ (ਪੰਨਾ 793)

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥

ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥

ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ

ਤਿਨਿ ਹਉ ਲੀਆ ਉਬਾਰੀ ॥੧॥ਰਹਾਉ॥

ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥

ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥

------------------------------------

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥੪॥

ਰਾਗ ਸੂਹੀ ਲਲਿਤ, ਪੜਤਾਲ, ਤਿੰਨ ਤਾਲ

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਨੀ | ਰੇ੍ | ਗ | ਮ | ਮ' | ਮ | ਮ | ਮ | ਗ | ਮ | ਗ | ਮ | ਰੇ੍ਗ | ਮਗ | ਰੇ੍ | ਸਾ |
| ਸ਼ਬਦ | ਏ | s | ਕੁ | s | ਕੋ | s | ਟੁ | s | ਪੰ | ਚ | ਸਿ | ਕ | ਦਾs | ss | ਰਾ | s |
| | ਧੁ | - | ਮਧੁ | ਨੀਸਾਂ | ਨੀ | ਧੁ | ਮ' | ਮ | ਮ | ਗ | ਪ | ਮ | ਰੇ | ਰੇ | ਸਾ | ਸਾ |
| | ਪੰ | s | ਚੇs | ss | ਮਾ | s | ਗਹਿ | s | ਹਾ | s | s | s | ਲਾ | s | s | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

ਅੰਤਰਾ (1) ਝਪਤਾਲ

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਮ | ਮ | ਨੀ੍ਧੁ | ਨੀ | ਨੀ | ਸਾਂ | ਨੀਧ | ਰੇਂ | ਸਾਂ | ਸਾਂ |
| ਸ਼ਬਦ | ਜਿ | ਮੀ | ਨਾs | ਹੀ | ਮੈ | ਕਿਸੀ | ਕੀs | ਬੋ | s | ਈ |
| | ਰੇਂ | ਸਾਂ | ਨੀਧ | ਨੀ | ਨੀਸਾਂ | ਨੀਧ | ਨੀ | ਧ | ਮ' | ਧ |
| | ਐ | ਸਾ | ਦੇs | s | ਨੁਦੁ | ਖਾs | s | ਲਾ | s | s |
| ਤਾਲ ਚਿੰਨ੍ਹ | x | | 2 | | | 0 | | 3 | | |

### ਅੰਤਰਾ (2) ਤਾਲ ਢਾਈਆ

| ਮਾਤਰੇ | 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|---|
| ਸਰਗਮ | ਮ | ਮ̍ | ਮ̍ | ਮ̍ | ਧੁ | ਮ̍ | ਮ | ਧੁ | ਰੇੁਂ | ਨੀ | ਧੁ | ਮ̍ਧੁ | ਮ̍ | ਮ |
| ਸ਼ਬਦ | ਹ | ਰਿ | ਕੇ | ਲੋ | ਗਾ | ਮੋ | ਕਉ | ਨੀ | ਤਿ | ਡ | ਸੈ | ਪਟ | ਵਾ | ਰੀ |
| | | | | | | | | | | | | | | |
| | ਧ | ਮ̍ | ਧ | ਨੀ | ਸਾਂ | ਸਾਂ | ਸਾਂ | ਧ | ਧ | ਰੇਂ | ਸਾਂਨੀ | ਧਨੀ | ਧ | ਪ |
| | ਊ | ਪ | ਰਿ | ਭੁ | ਜਾ | ਕਰਿ | ਮੈ | ਗੁਰ | ਪਹਿ | ਪੁ | ਕਾS | SS | ਰਿ | ਆ |
| | | | | | | | | | | | | | | |
| | ਸਾਂ | ਸਾਂ | ਸਾਂ | ਸਾਂਨੀ | ਧੁਨੀ | ਸਾਂਨੀ | ਧਮ̍ | ਮ | – | ਮ̍ਧੁ | ਗਮ̍ | ਗਮ | ਰੇੁਗ | ਰੇੁਸਾ |
| | ਤਿ | ਨ | ਹਉ | ਲੀS | SS | ਆS | ਉS | ਬਾ | S | SS | ਰੀS | SS | SS | SS |
| ਤਾਲ | 0 | | | 2 | | 3 | | 0 | | | 2 | | 3 | |
| ਚਿੰਨ੍ਹ | x | | | | | | | x | | | | | | |

### ਅੰਤਰਾ (3) ਤਿੰਨ ਤਾਲ

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਧੁ | ਮ | ਮ | ਧੁ | ਨੀ | ਧੁ | ਨੀ | ਨੀ | ਸਾਂ | ਸਾਂ | ਸਾਂ | ਸਾਂ | ਰੇਂ | ਨੀ | ਸਾਂ | ਸਾਂ |
| ਸ਼ਬਦ | ਨ | ਉ | ਡਾ | S | ਡੀ | S | ਦ | ਸ | ਮੁੰ | S | ਸ | ਫ | ਧਾ | S | ਵਹਿ | S |
| | | | | | | | | | | | | | | | | |
| | ਨੀ | ਸਾਂ | ਰੇਂ | ਨੀ | ਸਾਂ | ਧ | ਪ | ਪ | ਗਮ | ਮ̍ਮ | ਗ | ਮ | ਰੇੁਗ | ਮਗ | ਰੇੁ | ਸਾ |
| | ਰ | ਈ | ਅ | ਤਿ | ਬ | ਸ | ਨ | ਨ | ਦੇS | SS | S | S | ਹੀS | SS | S | S |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।**"[50]

50 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਜਨਵਰੀ 2006, ਪੰਨਾ 153-154.

**ਵਿਸ਼ਲੇਸ਼ਣ**

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ 'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ ਗੁਰਮਤਿ ਸੰਗੀਤ ਅਤੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਇਕ ਮਹਾਨ ਕਾਰਜ ਹੈ। ਇਹ ਪੁਸਤਕ ਸੰਗੀਤ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਲਾਹੇਵੰਦ ਸਬਿਤ ਹੋਵੇਗੀ। ਇਸ ਪੁਸਤਕ ਵਿਚ 68 ਰਾਗਾਂ ਅਧੀਨ 14 ਤਾਲਾਂ ਵਿਚ 321 ਸ਼ਬਦ ਕੀਰਤਨ ਦੀਆਂ ਰਚਨਾਵਾਂ ਦਿਤੀਆਂ ਗਈਆਂ ਹਨ। ਪੁਸਤਕ ਵਿਚ 3 ਪੜਤਾਲਾਂ, 4 ਕਵਿਤਾਵਾਂ ਅਤੇ 3 ਤਰਾਨੇ ਵੀ ਦਰਜ ਹਨ।

## 4.7 ਸੁਰ ਸਿਮਰਨ ਸੰਗੀਤ-ਭਾਗ ਸੱਤਵਾਂ (ਬੰਦਸ਼ਾਂ)

**ਸੁਰ ਸਿਮਰਨ ਸੰਗੀਤ ਪੁਸਤਕ ਦੇ ਸਤਵੇਂ ਭਾਗ** ਵਿਚ ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਪ੍ਰਚਲਿਤ ਅਤੇ ਅਪ੍ਰਚਲਿਤ 920 ਰਾਗਾਂ ਦਾ ਸੰਖੇਪ ਪ੍ਰੀਚੈ ਦਿਤਾ ਹੈ, ਉਥੇ 35 ਰਾਗਾਂ (ਰਾਗ ਪਰਜ, ਤ੍ਰਿਵੇਣੀ, ਗੌਰਾ ਅੰਜਨੀ, ਰੇਵਾ, ਯਸ਼ ਰੰਜਨੀ, ਮਾਲਵੀ, ਰੰਜਨੀ, ਮਨੋਹਰ, ਹੰਸ ਨਾਰਾਇਣੀ, ਮੇਵਾੜਾ, ਸਾਵਨੀ, ਛਾਇਆ, ਛਾਇਆ ਤਿਲਕ, ਚੰਦ੍ਰਿਕਾ, ਰਸ ਰੰਜਨੀ, ਸ਼ੰਕਰਾ, ਭਵਾਨੀ, ਦੇਸ਼ਕਾਰ, ਹੰਸ ਧਵਨਿ, ਚਕਰਧਰ, ਭਿੰਨ ਸ਼ੜਜ, ਜਯਰਾਜ, ਕਮਲ ਰੰਜਨੀ, ਸ਼ੰਕਰਾ ਭਰਣ, ਕੁੰਤਲ, ਮਾਲਕੌਂਸ, ਭੀਮ ਪਲਾਸੀ, ਲਲਿਤ, ਭੁਪਾਲੀ, ਬਾਗੇਸ਼ਵਰੀ, ਮਿਸ਼ਰ ਪਹਾੜੀ, ਭੈਰਵੀ, ਭੈਰਉ, ਪੂਰਵੀ, ਬਿਹਾਗ ਆਦਿ) ਅਧੀਨ 69 ਸ਼ਬਦ ਕੀਰਤਨ ਦੀਆਂ ਰਚਨਾਵਾਂ ਨੂੰ 11 ਤਾਲਾਂ (ਤਿੰਨ ਤਾਲ, ਧਮਾਰ, ਝਪ ਤਾਲ, ਯਕਾ, ਦਾਦਰਾ, ਝੂਮਰਾ, ਇਕ ਤਾਲ, ਢਾਈਆ, ਚਾਰ ਤਾਲ, ਜੈ ਤਾਲ, ਕਹਿਰਵਾ ਆਦਿ) ਵਿਚ ਤਾਲਬੱਧ ਕੀਤਾ ਹੈ। ਇਸ ਤੋਂ ਬਿਨ੍ਹਾਂ ਇਸ ਪੁਸਤਕ ਵਿਚ 1 ਪੜਤਾਲ, 1 ਕਵਿਤਾ ਅਤੇ 2 ਤਰਾਨੇ ਵੀ ਸੁਰਲਿਪੀਬੱਧ ਸਹਿਤ ਦਿਤੇ ਗਏ ਹਨ। ਰਾਗਾਂ ਦੇ ਸਰਗਮ ਗੀਤ ਅਤੇ ਲਕਸ਼ਣ ਗੀਤ ਵੀ ਦਿਤੇ ਗਏ ਹਨ।'[51] ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਸੁਰ ਸਿਮਰਨ ਸੰਗੀਤ ਪੁਸਤਕ ਦੇ ਸੱਤਵੇਂ ਭਾਗ ਵਿਚੋਂ ਇਥੇ ਕੁਝ ਸ਼ਬਦ ਕੀਰਤਨ ਰਚਨਾਵਾਂ ਨੂੰ ਦਰਜ ਕੀਤਾ ਗਿਆ ਹੈ। ਇਹ ਰਚਨਾਵਾਂ ਕ੍ਰਮਵਾਰ ਰਾਗ ਪਰਜ, ਛਾਇਆ ਤਿਲਕ, ਰਸ ਰੰਜਨੀ, ਭਵਾਨੀ, ਦੇਸ਼ਕਾਰ, ਜਯਰਾਜ, ਮਾਲਕੌਂਸ ਆਦਿ ਅਤੇ ਤਾਲਾਂ ਤਿੰਨ ਤਾਲ, ਝੂਮਰਾ, ਤਿੰਨ ਤਾਲ, ਦਾਦਰਾ, ਝਪ ਤਾਲ, ਯਕਾ, ਚਾਰ ਤਾਲ ਆਦਿ ਵਿਚ ਤਾਲਬੱਧ ਹਨ।

---

51 ਸੁਰ ਸਿਮਰਨ ਸੰਗੀਤ (ਭਾਗ ਸਤਵਾਂ) ਪੁਸਤਕ ਦੇ ਤਤਕਰੇ ਅਤੇ ਪੁਸਤਕ ਦੇ ਅਧਾਰ ਤੇ।

**4.7.1** **ਸ਼ਬਦ**

**ਗਉੜੀ ਕਬੀਰ ਜੀ** (**ਪੰਨਾ** 336-37)

**ਪਾਨੀ ਮੈਲਾ ਮਾਟੀ ਗੋਰੀ॥**

**ਇਸ ਮਾਟੀ ਕੀ ਪੁਤਰੀ ਜੋਰੀ ॥੧॥**

**ਮੈ ਨਾਹੀ ਕਛੁ ਆਹਿ ਨ ਮੋਰਾ॥**

**ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ਰਹਾਉ॥**

----------------

**ਕਹਿ ਕਬੀਰ ਇਕ ਨੀਵ ਉਸਾਰੀ॥**

**ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥**

**ਰਾਗ ਪਰਜ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾ | - | ਗ | - | ਮ॑ | ਧੁ | ਨੀ | ਸਾਂ | ਰੁੇਂ | - | ਸਾਂ | - | ਸਾਂ | ਨੀ | ਧੁ | ਪ |
| ਸ਼ਬਦ | ਪਾ | s | ਨੀ | s | ਮੈ | s | ਲਾ | s | ਮਾ | s | ਟੀ | s | ਗੋ | s | ਰੀ | s |
| | ਮ॑ | ਧੁ | ਸਾਂ | - | ਨੀ | - | ਮ॑ | - | ਮ॑ | ਮ॑ | ਗ | ਮ॑ | ਮ॑ | ਗ | ਰੁੇ | ਸਾ |
| | ਇ | ਸ | ਮਾ | s | ਟੀ | s | ਕੀ | s | ਪੁ | ਤ | ਰੀ | s | ਜੋ | s | ਰੀ | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਮ | ਗ | ਮ॑ | ਧੁ | ਨੀ | ਨੀ | ਸਾਂ | ਸਾਂ | ਸਾਂ | ਰੁੇਂ | ਸਾਂ | ਰੁੇਂ | ਨੀ | - | ਸਾਂ | - |
| | ਮੈ | s | ਨਾ | s | ਹੀ | s | ਕਿ | ਛੁ | ਆ | s | ਹਿ | ਨ | ਮੋ | s | ਰਾ | s |
| | ਨੀ | ਰੁੇਂ | ਗਂ | ਰੁੇਂ | ਗਂ | ਰੁੇਂ | ਸਾਂ | ਸਾਂ | ਨੀ | - | ਧੁ | ਧੁਸਾਂ | ਸਾਂ | ਨੀ | ਧੁ | ਪ |
| | ਤ | ਨੁ | ਧ | ਨੁ | ਸ | ਭੁ | ਰ | ਸੁ | ਗੋ | s | ਬਿੰ | ਦs | ਤੋ | s | ਰਾ | s |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।**"[52]

52 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 273.

**4.7.2 ਸ਼ਬਦ**

**ਬਿਲਾਵਲੁ ਮਹਲਾ ੫ (ਪੰਨਾ 807)**

**ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ॥**

**ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ਰਹਾਉ॥**

---------------------------------

**ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥੨॥**

**ਰਾਗ ਛਾਇਆ ਤਿਲਕ, ਤਾਲ ਝੂਮਰਾ**

**ਸਥਾਈ**

| ਮਾਤਰੇ | 11 | 12 | 13 | 14 | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|---|---|---|---|
| ਸਰਗਮ | ਰੇ | ਗ | ਗਮ | (ਪ) | ਮ | ਗ | ਰੇ | ਸਾ | ਰੇਗ | ਸਾ | - | ਗਮ | ਗ | ਸਾ |
| ਸ਼ਬਦ | ਤਾ | ऽ | ਪऽ | ਸੰ | ਤਾ | ऽ | ਪ | ਸ | ਗऽ | ਲੇ | ऽ | ਗऽ | ऽ | ਏ |
| | ਸਾਪ | ਪ | ਰੇਧ | ਸਾ | ਰੇ | ਗ | ਸਾ | ਸਾਂ | ਸਾਂਪ | ਪਧ | ਮ | ਗਰੇ | ਗ | ਸਾ |
| | ਬਿऽ | ਨ | ਸੇऽ | ऽ | ਤੇ | ऽ | ऽ | ਰੋ | ऽऽ | ऽऽ | ऽ | ਗऽ | ऽ | ऽ |
| ਤਾਲ ਚਿੰਨ੍ਹ | 3 | | | | x | | | 2 | | | | 0 | | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | ਮ | ਮਪ | ਨੀ | ਨੀ | ਸਾਂ | ਸਾਂ | ਸਾਂ | ਰੇਂ | ਰੇਪ | ਮਂ | ਗਂ | ਸਾਂ | ਰੇਂਗਂ | ਸਾਂ |
| | ਪਾ | ऽऽ | ਰ | ਬ੍ਰ | ਹਮਿ | ऽ | ਤੂ | ਬ | ऽऽ | ऽ | ਖ | ਸਿਆ | ऽऽ | ऽ |
| | ਸਾਂ | ਸਾਂ | ਰੇਂ | ਸਾਂ | ਸਾਂਧ | ਨ਼ੀ | ਪ | ਸਾਂ | ਸਾਂ | ਪ | ਧਪ | ਗਮ | ਗਰੇ | ਗਸਾ |
| | ਸੰ | ऽ | ऽ | ऽ | ਤਨ | ਰ | ਸ | ਭੋ | ऽ | ऽ | ऽऽ | ਗऽ | ऽऽ | ऽऽ |
| ਤਾਲ ਚਿੰਨ੍ਹ | 3 | | | | x | | | 2 | | | | 0 | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।”[53]

---

53 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 318.

**4.7.3** **ਤਰਾਨਾ**

**ਰਾਗ ਰਸ ਰੰਜਨੀ**

**ਤਨਨਨ ਦੀਂ ਤਨਨਨ ਦੀ ਤਨਨਨ ਤੂੰ ਤਦਾਰੇ ਦਾਨੀ,**

**ਤੂੰ ਦਿਰ ਦਾਨੀ ਦੀ ਤਨ ਦੇਰੇ ਨਾ ਦੇਰੇ ਨਾ।**

**ਉਦਾਨੀ ਤਦੀਯਨ ਤਨਨਨ ਤਨ ਦੀ ਤਨਾ ਦੇਰੇ ਨਾ,**

**ਤੂੰ ਦ੍ਰਿ ਦਾਨੀ ਦੀਂ ਦੀਂ ਤਦ੍ਰਾ ਨੀ ਤੂੰ ਦੇਰੇ ਨਾ ਤਨਾ ਨਾ ਨਾ।**

**ਰਾਗ ਰਸ ਰੰਜਨੀ, ਤਰਾਨਾ, ਤਿੰਨ ਤਾਲ**

**ਸਥਾਈ**

| ਮਾਤਰੇ | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| ਸਰਗਮ | ਸਾਰੇ | ਮਰੇ | ਸਾ | ਮਧ | ਨੀਧ | ਮ | ਸਾਂਨੀ | ਧਨੀ | ਸਾਂ | – | – | ਨੀ | ਧ | ਮ | ਰੇ | ਸਾ |
| ਸ਼ਬਦ | ਤਨ | ਨਨ | ਦੀਂ | ਤਨ | ਨਨ | ਦੀਂ | ਤਨ | ਨਨ | ਤੂੰ | s | s | ਤ | ਦਾ | ਰੇ | ਦਾ | ਨੀ |
| | ਸਾ | ਰੇਰੇ | ਸਾ | ਨੀ | ਨੀਧ | – | ਨੀ | ਸਾ | ਮ | – | ਰੇ | ਸਾ | ਮਧ | – | ਮ | ਰੇ |
| | ਤੂੰ | ਦਿਰ | ਦਾ | ਨੀ | ਦੀs | s | ਤ | ਨ | ਦੇ | s | ਰੇ | ਨਾ | ਦੇs | s | ਰੇ | ਨਾ |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

**ਅੰਤਰਾ**

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਮ | ਮਰੇ | ਮ | ਮਧ | ਨੀਨੀ | ਨੀਧ | ਮਧ | ਨੀਨੀ | ਸਾਂ | – | ਸਾਂ | ਸਾਂ | ਰੇਂ | ਮਂ | ਰੇਂ | ਸਾਂ |
| | ਉ | ਦਾs | ਨੀਤ | ਦੀs | ਯਨ | ਤਨ | ਨਨ | ਤਨ | ਦੀ | s | ਤ | ਨਾ | ਦੇ | ਰੇ | ਨਾ | s |
| | ਸਾਂ | ਨੀਧ | ਨੀ | ਸਾਂ | ਨੀ– | ਧਮ | ਧ | ਨੀ | ਧ | ਮਰੇ | ਮ | ਧ | ਨੀਨੀ | ਨੀਧ | ਧਮ | ਰੇਸਾ |
| | ਤੂੰ | ਦ੍ਰਿਦਾ | ਨੀ | ਦੀਂ | ਦੀs | ਤਦ੍ਰਾ | ਨੀ | ਤੂੰ | ਦੇ | ਰੇਨਾ | s | ਤ | ਨਾs | ss | ਨਾs | ਨਾs |
| ਤਾਲ ਚਿੰਨ੍ਹ | 0 | | | | 3 | | | | x | | | | 2 | | | |

।”[54]

54 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 327.

**4.7.4** **ਸ਼ਬਦ**

ਬਿਲਾਵਲੁ ਮਹਲਾ ੫ (ਪੰਨਾ 804-05)

**ਸਗਲ ਮਨੋਰਥ ਪਾਈਅਹਿ ਮੀਤਾ॥**

**ਚਰਨ ਕਮਲ ਸਿਉ ਲਾਈਐ ਚੀਤਾ ॥੧॥**

**ਹਉ ਬਲਿਹਾਰੀ ਜੋ ਪ੍ਰਭੂ ਧਿਆਵਤ॥ ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ਰਹਾਉ॥**

-------------------------------------------

**ਹਰਿ ਦਰਸਨ ਕੀ ਮਨਿ ਪਿਆਸ ਘਨੇਰੀ॥**

**ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥**

**ਰਾਗ ਭਵਾਨੀ, ਤਾਲ ਦਾਦਰਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਸਾ | ਮ | ਰੇ | ਸਾ | ਧ | ਸਾ | ਮ | ਰੇ | ਸਾ | ਰੇ | ਮ | ਰੇ |
| ਸ਼ਬਦ | ਸਗ | ਲ | ਮ | ਨੋ | ਰ | ਥ | ਪਾ | s | ਈਅਹਿ | ਮੀ | s | ਤਾ |
| | ਰੇ | ਮ | ਧ | ਮ | ਧ | ਸਾਂ | ਧ | ਮ | ਰੇ | ਮ | ਰੇ | ਸਾ |
| | ਚਰ | ਨ | ਕ | ਮ | ਲ | ਸਿਉ | ਲਾ | s | ਈਐ | ਚੀ | s | ਤਾ |
| ਤਾਲ ਚਿੰਨ੍ਹ | x | | | 0 | | | x | | | 0 | | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਮ | ਰੇ | ਮ | ਧ | ਮ | ਧ | ਸਾਂ | ਸਾਂ | ਸਾਂ | ਧ | ਰੇਂ | ਸਾਂ |
| | ਹਉ | ਬ | ਲਿ | ਹਾ | s | ਰੀ | ਜੋ | ਪ੍ਰ | ਭੂ | ਧਿਆ | ਵ | ਤ |
| | ਰੇਂ | ਮਂ | ਰੇਂ | ਸਾਂ | ਸਾਂ | ਧ | ਸਾਂ | ਧ | ਰੇ | ਮ | ਰੇ | ਸਾ |
| | ਜਲ | ਨਿ | ਬੁ | ਝੈ | s | ਹਰਿ | ਹਰਿ | ਗੁ | ਨ | ਗਾ | ਵ | ਤ |
| ਤਾਲ ਚਿੰਨ੍ਹ | x | | | 0 | | | x | | | 0 | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।"[55]

---

55 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 338.

**4.7.5** **ਸ਼ਬਦ**

**ਬਿਲਾਵਲੁ ਮਹਲਾ ੧** (ਪੰਨਾ 795)

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।**

**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥**

-------------------------------------

**ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ॥**

**ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥**

**ਰਾਗ ਦੇਸ਼ਕਾਰ, ਝਪਤਾਲ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਸਰਗਮ | ਸਾ | ਧ | ਸਾਂ | ਧ | ਪ | ਗਪ | ਧਪ | ਗ | ਰੇ | ਸਾ |
| ਸ਼ਬਦ | ਤੂ | ਸੁਲ | ਤਾ | s | ਨੁ | ਕਹਾ | ਹਉ | ਮੀ | s | ਆ |
| | ਸਾ | ਧ | ਸਾਧ | ਰੇਰੇ | ਸਾ | ਗਪ | ਧਪ | ਧ | ਮਗ | ਰੇਸਾ |
| | ਤੇ | s | ਰੀs | ਕਵ | ਨ | ਵs | ss | ਡਾ | ss | ਈs |
| ਤਾਲ ਚਿੰਨ੍ਹ | x | | 2 | | | 0 | | 3 | | |

**ਅੰਤਰਾ**

| | | | | | | | | | | |
|---|---|---|---|---|---|---|---|---|---|---|
| | ਧ | ਗ | ਗਧ | ਪ | ਗ | ਧਸਾਂ | ਧ | ਰੇਂ | ਸਾਂ | ਸਾਂ |
| | ਜੋ | ਤੂ | ਦੇs | ਹਿ | ਸੁ | ਕs | ਹਾ | ਸੁ | ਆ | ਮੀ |
| | ਧ | ਸਾਂ | ਗਂਰੇਂ | ਗਂ | ਰੇਂ | ਸਾਂਧ | ਪਧ | ਪ | ਪਗ | ਰੇਸਾ |
| | ਮੈ | ਮੂ | ਰs | s | ਖ | ਕਹ | ਣੁਨ | ਜਾ | ss | ਈs |
| ਤਾਲ ਚਿੰਨ੍ਹ | x | | 2 | | | 0 | | 3 | | |

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।”[56]

---

56 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 341.

**4.7.6** **ਸ਼ਬਦ**

ਬਿਲਾਵਲੁ ਮਹਲਾ ਪ (ਪੰਨਾ 837)

**ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ॥**

**ਤਜਿ ਆਨ ਸਰਣਿ ਗਹੀ ॥੧॥ਰਹਾਉ॥**

**ਪ੍ਰਭ ਚਰਨ ਕਮਲ ਅਪਾਰ॥ ਹਉ ਜਾਉ ਸਦ ਬਲਿਹਾਰ॥**

**ਮਨਿ ਪ੍ਰੀਤਿ ਲਾਗੀ ਤਾਹਿ॥ ਤਜਿ ਆਨ ਕਤਹਿ ਨ ਜਾਹਿ ॥੧॥**

-----------------------------------

**ਕਰਿ ਬੰਦਨਾ ਲਖ ਬਾਰ॥ ਥਕਿ ਪਰਿਓ ਪ੍ਰਭ ਦਰਬਾਰ॥**

**ਪ੍ਰਭ ਕਰਹੁ ਸਾਧੂ ਧੂਰਿ॥ ਨਾਨਕ ਮਨਸਾ ਪੂਰਿ॥੮॥**

**ਰਾਗ ਜਯਰਾਜ, ਤਾਲ ਯਕਾ**

**ਸਥਾਈ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਧ | ਪ | ਮਰੇ | ਰੇ | ਸਾ | ਸਾ | ਮ | ਧ | ਨੀਸਾਂ | ਰੇਂਸਾਂ | ਧਪ | ਪ |
| ਸ਼ਬਦ | ਉ | ਪ | ਮਾS | ਜਾ | ਤ | ਨ | ਕਹੀ | ਮੇ | ਰੇS | ਪ੍ਰS | ਭS | ਕੀ |
| | ਮ | ਧ | ਨੀ | ਸਾਂ | ਧਪ | ਪ | ਧ | ਪ | ਮਰੇ | ਰੇ | ਸਾ | ਸਾ |
| | ਉ | ਪ | ਮਾ | ਜਾ | ਤS | ਨ | ਕ | S | SS | ਹੀ | S | S |
| | ਸਾ | ਸਾ | ਸਾ | ਮ | ਮ | ਮ | ਧ | ਨੀ | ਸਾਂ | ਰੇਂ | ਪ | ਪ |
| | ਤ | S | ਜਿ | ਆ | ਨ | ਸ | ਰ | ਣਿ | ਗ | S | S | ਹੀ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਅੰਤਰਾ**

| ਮਾਤਰੇ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਸਰਗਮ | ਮ | – | ਮ | ਮ | ਧ | ਧ | ਮ | ਧ | ਨੀ | ਸਾਂ | ਸਾਂ | ਸਾਂ |
| ਸ਼ਬਦ | ਪ੍ਰ | S | ਭ | ਚ | ਰ | ਨ | ਕਮ | ਲ | ਅ | ਪਾ | S | ਰ |
| | ਮ | ਧ | ਨੀ | ਸਾਂ | ਰੇਂ | ਸਾਂ | ਸਾਂ | ਰੇਂ | ਸਾਂ | ਸਾਂ | ਪ | ਪ |
| | ਹ | S | ਉ | ਜਾ | S | ਉ | ਸਦ | ਬ | ਲਿ | ਹਾ | S | ਰ |
| | ਮਂ | ਮਂ | ਰੇਂ | ਰੇਂ | ਸਾਂ | ਸਾਂ | ਧ | ਪ | ਮਰੇ | ਰੇ | ਸਾ | ਸਾ |
| | ਮ | S | ਨਿ | ਪ੍ਰੀ | S | ਤਿ | ਲਾ | S | ਗੀS | ਤਾ | S | ਹਿ |
| | ਸਾ | ਸਾ | ਸਾ | ਮ | ਮ | ਮ | ਧ | ਨੀ | ਸਾਂ | ਰੇਂ | ਪ | ਪ |
| | ਤ | S | ਜਿ | ਆ | S | ਨ | ਕਤ | ਹਿ | ਨ | ਜਾ | S | ਹਿ |
| ਤਾਲ ਚਿੰਨ੍ਹ | x | | 0 | | 2 | | 0 | | 3 | | 4 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।”**[57]

57 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 358-59.

**4.7.7** **ਸ਼ਬਦ**

**ਸਵਈਏ ਮਹਲੇ ਚਉਥੇ ਕੇ** (ਪੰਨਾ 1406)

**ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥**

**ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥**

**ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥**

**ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥**

**ਰਾਗ ਮਾਲਕੌਂਸ, ਚਾਰ ਤਾਲ**

**ਸਥਾਈ**

| **ਮਾਤਰੇ** | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| **ਸਰਗਮ** | ਮ | ਗੁ | ਮ | ਗੁ | ਸਾ | ਸਾ | ਗੁ | ਨ੍ਹੀ | ਸਾ | ਸਾਧੁ | ਸਾਨ੍ਹੀ | ਸਾ |
| **ਸ਼ਬਦ** | ਨਾ | S | ਨਕਿ | ਨਾ | S | ਮੁਨਿ | ਰੰ | S | ਜਨ | ਜਾS | SS | ਨ੍ਹਉ |
| | ਸਾਂ | ਸਾਂ | ਸਾਂ | ਧੁ | ਨ੍ਹੀ | ਧੁ | ਗੁ | ਮ | ਧੁਨ੍ਹੀ | ਸਾਂਧੁ | ਮਗੁ | ਸਾ |
| | ਕੀ | S | ਨੀ | ਭ | ਗ | ਤਿ | ਪ੍ਰੇ | ਮ | ਲਿਵ | ਲਾS | SS | ਈ |
| **ਤਾਲ ਚਿੰਨ੍ਹ** | x | | 0 | | 2 | | 0 | | 3 | | 4 | |

**ਅੰਤਰਾ**

| | | | | | | | | | | | | |
|---|---|---|---|---|---|---|---|---|---|---|---|---|
| | ਗੁ | ਗੁ | ਮ | ਨ੍ਹੀ | ਧੁ | ਨ੍ਹੀ | ਸਾਂ | ਸਾਂ | ਨ੍ਹੀ | ਸਾਂ | ਸਾਂ | ਸਾਂ |
| | ਤਾ | S | ਤੇ | ਅੰ | ਗ | ਦੁ | ਅੰ | ਗ | ਸੰਸਿ | ਭ | ਯੋ | S |
| | ਨ੍ਹੀ | ਸਾਂ | ਮਂ | ਗੁਂ | ਸਾਂ | ਸਾਂ | ਧੁ | ਨ੍ਹੀ | ਧੁ | ਮ | ਗੁ | ਸਾ |
| | ਸਾ | ਇ | ਰੁ | ਤਿ | S | ਨਿ | ਸ | ਬ | ਦ | ਸੁ | ਰ | ਤਿ |
| | ਸਾਂ | ਸਾਂ | ਸਾਂ | ਧੁ | ਨ੍ਹੀ | ਧੁ | ਗੁ | ਮ | ਧੁਨ੍ਹੀ | ਸਾਂਧੁ | ਮਗੁ | ਸਾ |
| | ਕੀ | S | S | ਨੀ | S | ਵ | ਰ | ਖਾ | SS | SS | SS | ਈ |
| **ਤਾਲ ਚਿੰਨ੍ਹ** | x | | 0 | | 2 | | 0 | | 3 | | 4 | |

**ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉਤੇ ਗਾਏ ਜਾਣਗੇ।**"[58]

58 ਸੰਤ ਸਰਵਣ ਸਿੰਘ ਗੰਧਰਵ: ਸੁਰ ਸਿਮਰਨ ਸੰਗੀਤ (ਭਾਗ ਸਤਵਾਂ), ਜਨਵਰੀ 2006, ਪੰਨਾ 373.

**ਵਿਸ਼ਲੇਸ਼ਣ**

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਰਚਿਤ 'ਸੁਰ ਸਿਮਰਨ ਸੰਗੀਤ' ਪੁਸਤਕ ਦਾ ਸੱਤਵਾਂ ਭਾਗ ਗੁਰਮਤਿ ਸੰਗੀਤ ਦਾ ਅਨਮੋਲ ਸਰਮਾਇਆ ਹੈ। ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਸੰਤ ਜੀ ਨੇ ਆਪਣਾ ਪੰਜ ਭੂਤਕ ਸਰੀਰ ਤਿਆਗ ਦਿਤਾ ਸੀ। ਇਸ ਪੁਸਤਕ ਦੀ ਮਹੱਤਤਾ ਇਸ ਤਰ੍ਹਾਂ ਹੋਰ ਵੀ ਵੱਧ ਜਾਂਦੀ ਹੈ ਕਿ ਇਹ ਪੁਸਤਕ ਸੰਤ ਸਰਵਣ ਸਿੰਘ ਗੰਧਰਵ ਦੇ ਸਵਰਗਵਾਸ ਹੋਣ ਤੋਂ ਬਾਅਦ, ਉਨ੍ਹਾਂ ਦੀ ਸ਼ਗਿਰਦ ਬੀਬੀ ਇੰਦਰਜੀਤ ਕੌਰ ਦੇ ਯਤਨਾਂ ਨਾਲ ਪ੍ਰਕਾਸ਼ਿਤ ਹੋਈ। ਪੁਸਤਕ ਵਿਚ 920 ਰਾਗਾਂ ਦਾ ਸੰਖੇਪ ਪ੍ਰੀਚੈ, 35 ਰਾਗਾਂ ਅਧੀਨ 69 ਸ਼ਬਦ ਕੀਰਤਨ ਰਚਨਾਵਾਂ ਨੂੰ 11 ਤਾਲਾਂ ਵਿਚ ਲਿਪੀਬੱਧ ਕੀਤਾ ਗਿਆ ਹੈ। ਪੁਸਤਕ ਵਿਚ ਸ਼ਾਮਲ ਪੜਤਾਲ, ਤਰਾਨੇ ਅਤੇ ਕਵਿਤਾ ਇਸ ਦੀ ਸੁੰਦਰਤਾ ਨੂੰ ਹੋਰ ਵਧਾਉਂਦੇ ਹਨ।

ਡੁਮੇਲੀ ਟਕਸਾਲ ਦੀਆਂ ਗੁਰਮਤਿ ਸੰਗੀਤ ਦੀਆਂ ਰਚਨਾਵਾਂ (ਪ੍ਰਕਾਸ਼ਿਤ ਅਤੇ ਅਪ੍ਰਕਾਸ਼ਿਤ) ਨੂੰ ਇਕੱਤਰ ਕਰਨ ਦੇ ਉਦੇਸ਼ ਨਾਲ ਡੁਮੇਲੀ ਟਕਸਾਲ ਦੇ ਅਰੰਭ ਤੋਂ ਹੀ ਪ੍ਰਮੁਖ ਕਾਰਜ ਕਰਤਾਵਾਂ ਦੇ ਪੀੜੀ ਦਰ ਪੀੜੀ ਸ਼ਰਧਾਲੂਆਂ ਅਤੇ ਪਰਿਵਾਰ ਜਨਾਂ ਨਾਲ ਸੰਪਰਕ ਸਾਧਿਆ ਗਿਆ, ਜਿਸ ਉਪਰੰਤ ਇਹ ਸਾਹਮਣੇ ਆਇਆ ਹੈ ਕਿ ਸੰਤ ਸਰਵਣ ਸਿੰਘ ਗੰਧਰਵ ਦੀਆਂ ਰਚਨਾਵਾਂ ਤੋਂ ਇਲਾਵਾ ਕੋਈ ਵੀ ਰਚਨਾਂ ਸਾਨੂੰ ਪ੍ਰਕਾਸ਼ਿਤ ਰੂਪ ਵਿਚ ਨਹੀ ਮਿਲਦੀ ਅਤੇ ਨਾ ਹੀ ਕ੍ਰਿਆਤਮਕ ਰੂਪ ਵਿਚ (ਕੀਰਤਨ ਰੂਪ ਵਿਚ) ਸੁਣਨ ਵਿਚ ਆਈ ਹੈ। ਇਸ ਲਈ (ਜਿਸ ਤਰ੍ਹਾਂ ਪਹਿਲਾਂ ਵੀ ਕਿਹਾ ਗਿਆ ਹੈ) ਇਸ ਅਧਿਆਇ ਅਧੀਨ ਮੁਖ ਰੂਪ ਵਿਚ ਸੰਤ ਸਰਵਣ ਸਿੰਘ ਗੰਧਰਵ ਦੁਆਰਾ ਪ੍ਰਕਾਸ਼ਿਤ ਸੁਰ ਸਿਮਰਨ ਸੰਗੀਤ ਪੁਸਤਕ ਦੇ ਸੱਤ ਭਾਗਾਂ ਵਿਚੋਂ ਹੀ ਰਚਨਾਵਾਂ ਤੇ ਵਿਚਾਰ ਕੀਤਾ ਗਿਆ ਹੈ।

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਪ੍ਰਕਾਸ਼ਿਤ ਪੁਸਤਕਾਂ (ਸੁਰ ਸਿਮਰਨ ਸੰਗੀਤ 7 ਭਾਗ) ਦਾ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ਇਸ ਵਿਚ ਦਰਜ ਬੰਦਸ਼ਾਂ ਜਿਥੇ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਰਚੀਆਂ ਗਈਆਂ ਹਨ, ਉਥੇ ਕਈ ਬੰਦਸ਼ਾਂ ਦੂਸਰੇ ਰਾਗਾਂ ਵਿਚ ਵੀ ਲਿਪੀਬੱਧ ਕੀਤੀਆਂ ਗਈਆਂ ਹਨ। ਇਸ ਤੋਂ ਬਿਨ੍ਹਾਂ ਇਨ੍ਹਾਂ ਪੁਸਤਕਾਂ ਵਿਚ ਕੁਝ ਸ਼ਬਦ ਰੀਤਾਂ ਵੀ ਲਿਪੀਬੱਧ ਕੀਤੀਆਂ ਗਈਆਂ ਹਨ। ਇਸ ਤੋਂ ਬਿਨ੍ਹਾਂ ਇਨ੍ਹਾਂ ਪੁਸਤਕਾਂ ਵਿਚ ਪੜਤਾਲਾਂ, ਕਵਿਤਾਵਾਂ ਅਤੇ ਤਰਾਨੇ ਵੀ ਅੰਕਿਤ ਕੀਤੇ ਗਏ ਹਨ।

ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ 'ਸੁਰ ਸਿਮਰਨ ਸੰਗੀਤ' (ਸੱਤ ਭਾਗ) ਵਿਚ ਕੁਝ ਵਿਸ਼ੇਸ਼ ਰਾਗ ਪ੍ਰਯੋਗ ਵਿਚ ਲਿਆਂਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਅਨੰਦਪੁਰੀ ਕਾਨੜਾ, ਅਨੰਦੀ ਕੇਦਾਰ, ਆਡੰਬਰੀ ਕੇਦਾਰ, ਆੜਾਨਾ ਕਾਨੜਾ, ਔੜਵ ਤੁਖਾਰੀ, ਇਮਨ ਕਲਿਆਣ, ਸੰਗਮ ਕੇਦਾਰ, ਸਰਵਣ ਸਾਰੰਗ, ਸਰਵਣ ਕਾਨੜਾ, ਸਰਵਣ ਗੌਂਡ, ਸਰਵਣ ਟੋਡੀ, ਸਰਵਣ ਭੈਰਉ, ਸਰਵਣ ਮਲ੍ਹਾਰ, ਸਰਵਨ, ਸਾਰੰਗ ਗੌਂਡ, ਸਾਰੰਗ ਗੌਲ, ਸਾਰੰਗਾ ਸਾਰੰਗ, ਸਾਵਨੀ ਨਟ,

ਸਿੰਘ ਸਰਵਣ ਕੇਦਾਰ, ਸਿੰਘ ਸਰਵਣ ਨਾਟ, ਸਿੰਧੁ ਬਹਾਰ, ਸੂਹਾ ਬਿਲਾਵਲ, ਸੋਰਠਿ ਮਾਝ, ਸ਼ਿਆਮ ਕਾਨੜਾ, ਸ਼ੁੱਧ ਗਉੜੀ, ਹੰਸ ਕਲਿਆਣ, ਹੰਸ ਨਟ, ਹਮੀਰ ਨਟ, ਹੋਲੀ, ਕਬੀਰ ਭੈਰਉ, ਕਮਲ ਰੰਜਨੀ, ਕਾਨੜਾ ਬਹਾਰ, ਕਾਨੜਾ ਮਲ੍ਹਾਰ, ਕਾਫੀ ਸੂਹੀ, ਕਾਫੀ ਕਾਨੜਾ, ਕੇਦਾਰ ਬਹਾਰ, ਕੇਦਾਰ ਮਲਾਰ, ਖਵਾਜਾ ਕਲਿਆਣ, ਗੰਧਰਵ ਸੂਹੀ, ਗੰਧਰਵ ਗੌਂਡ, ਗੰਧਰਵ ਬਿਹਾਗ, ਗੰਧਾਰੀ ਟੋਡੀ, ਗੁੰਜੀ ਕਾਨੜਾ, ਗੁਰਦੇਵ ਸਾਰੰਗ, ਗੁਰਦੇਵ ਮਲ੍ਹਾਰ, ਚੰਦ੍ਰਿਕਾ ਗੌਂਡ, ਛਾਇਆ ਮਲ੍ਹਾਰ, ਜਯੰਤ ਕਾਨੜਾ, ਜਲਧਰ ਕਲਿਆਣ, ਜਲਧਰ ਮਲ੍ਹਾਰ, ਜੈਜ ਬਿਲਾਵਲ, ਜੈ ਜੈ ਵੰਤੀ ਟੋਡੀ, ਜੋਗ ਮਲ੍ਹਾਰ, ਤਿਲੰਗ ਜੋਗ, ਦਖਿਣੀ ਸੂਹੀ, ਦੁਰਗਾ ਕਲਿਆਣ, ਨਟ ਕਲਿਆਣ, ਨਟ ਕੇਦਾਰ, ਨਾਰਾਇਣ ਗੌਂਡ, ਪੰਚ ਕਲਿਆਣ, ਪੰਤ ਗੌਂਡ, ਪ੍ਰਭਾਤ ਕਿਰਣ, ਬਸੰਤ ਕਲਿਆਣ, ਬਸੰਤ ਕੇਦਾਰ, ਬਸੰਤ ਟੋਡੀ, ਬਰਸਾਤੀ ਮਲਾਰ, ਬੀਹੜ ਭੈਰਉ, ਮਹੀਂਦਰ ਭੈਰਉ, ਮਧੁਪ ਕਲਿਆਣ, ਮਧੂ ਮਲਾਰ, ਮਾਝ ਖਮਾਜੀ, ਮਾਰੂ ਤਿਲੰਗ, ਮਾਲਗੁੰਜੀ ਕਾਨੜਾ, ਮਾਲਤੀ ਬਸੰਤ, ਮੁਲਤਾਨੀ ਧਨਾਸਰੀ, ਮੋਹਨ ਕਲਿਆਣ, ਮੋਟਕੀ ਟੋਡੀ, ਯਸ਼ ਰੰਜਨੀ, ਯਮਨੀ ਮਾਝ, ਰੰਜਨੀ, ਰਾਗੇ ਸ੍ਰੀ ਕਾਨੜਾ, ਰਾਗੇ ਸ੍ਰੀ ਬਹਾਰ, ਰਾਜ ਕਲਿਆਣ, ਰੇਵਤੀ ਕਾਨੜਾ, ਲਹਿਦਾ, ਲੱਛਾ ਸਾਖਾ ਬਿਲਾਵਲ, ਲਲਿਤ ਕਲੀ, ਵਡਹੰਸ ਸਾਰੰਗ, ਵੇਣੀ ਕੇਦਾਰ ਆਦਿ।'[59]

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਤ ਸਰਵਣ ਸਿੰਘ ਗੰਧਰਵ ਨੇ ਇਨ੍ਹਾਂ ਗੁਰਬਾਣੀ ਦੀਆਂ ਬੰਦਸ਼ਾਂ ਨੂੰ ਵੱਖ-ਵੱਖ ਤਾਲਾਂ (ਪ੍ਰਚਲਿਤ ਅਤੇ ਅਪ੍ਰਚਲਿਤ) ਵਿਚ ਸੰਜੋਇਆ ਹੈ। ਸੰਤ ਜੀ ਦੁਆਰਾ ਰਚਿਤ ਸੁਰ ਸਿਮਰਨ ਸੰਗੀਤ ਦੇ ਸੱਤ ਭਾਗਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਗੁਰਬਾਣੀ ਦਾ ਕੀਰਤਨ ਕਰਨ ਅਤੇ ਸਿਖਣ ਵਾਲੇ ਉਪਾਸ਼ਕਾਂ ਲਈ ਬਹੁਤ ਹੀ ਸਰਲ ਤਰੀਕੇ ਉਪਲਬਧ ਕਰਵਾਏ ਗਏ ਹਨ। ਕਈ ਕਠਿਨ ਚੀਜ਼ਾਂ ਨੂੰ ਵੀ ਸਰਲ ਤਰੀਕੇ ਨਾਲ ਸਮਝਾਇਆ ਗਿਆ ਹੈ। ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਸ਼ਬਦ ਕੀਰਤਨ ਰਚਨਾਵਾਂ ਨੂੰ ਲਿਪੀਬੱਧ ਕਰਕੇ ਮਹਾਨ ਕਾਰਜ ਕੀਤਾ ਹੈ, ਉਥੇ ਉਨ੍ਹਾਂ ਦੀਆਂ ਇਹ ਪੁਸਤਕਾਂ ਖੋਜਾਰਥੀਆਂ ਲਈ ਸਹਾਈ ਸਿਧ ਹੁੰਦੀਆਂ ਹਨ।

ਇਥੇ ਇਹ ਵਿਸ਼ੇਸ਼ ਜ਼ਿਕਰਯੋਗ ਹੈ ਕਿ ਵਿਵਹਾਰਿਕ ਪੱਖ ਤੋਂ ਅੱਜ ਵੀ ਇਨਾਂ ਰਚਨਾਵਾਂ ਵਿਚੋਂ ਹੀ ਕੁਝ ਸ਼ਬਦ ਰਚਨਾਵਾਂ ਡੁਮੇਲੀ ਟਕਸਾਲ ਦੀ ਕੀਰਤਨ ਪਰੰਪਰਾ ਵਿਚ ਜਿਉਂ ਦੀਆਂ ਤਿਉਂ ਪ੍ਰਚੱਲਿਤ ਹਨ ਅਤੇ ਸਵੇਰ-ਸ਼ਾਮ ਉਨ੍ਹਾਂ ਦਾ ਗਾਇਨ ਹੁੰਦਾ ਹੈ।

59 Gurnam Singh (Dr.) (Editor-in-chief): Gurmat Sangit Terminology, 2012, ਪੰਨਾ 67-134.

# ਪੰਜਵਾਂ ਅਧਿਆਇ
# ਡੁਮੇਲੀ ਟਕਸਾਲ: ਵਰਤਮਾਨ ਰੂਪ ਰੇਖਾ ਅਤੇ ਵਿਸ਼ਲੇਸ਼ਣ

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੇ ਇਤਿਹਾਸਿਕ ਪਿਛੋਕੜ ਬਾਰੇ ਬੇਸ਼ਕ ਵੱਖਰਾ ਅਧਿਆਇ ਪਹਿਲਾਂ ਦਿਤਾ ਜਾ ਚੁੱਕਿਆ ਹੈ, ਪਰੰਤੂ ਡੁਮੇਲੀ ਟਕਸਾਲ ਦੀ ਵਰਤਮਾਨ ਸਥਿਤੀ ਜਾਨਣ ਤੋਂ ਪਹਿਲਾਂ ਉਸ ਦੇ ਇਤਿਹਾਸਿਕ ਪਿਛੋਕੜ ਤੇ ਬਹੁਤ ਸੰਖੇਪ ਵਿਚ ਝਾਤ ਪਾਉਣਾ ਜਰੂਰੀ ਹੋ ਜਾਂਦਾ ਹੈ। ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਡੁਮੇਲੀ ਟਕਸਾਲ ਜਿਲਾ ਕਪੂਰਥਲਾ ਦੀ ਫਗਵਾੜਾ ਤਹਿਸੀਲ ਅਧੀਨ ਪੈਂਦੀ ਹੈ ਅਤੇ ਫਗਵਾੜਾ-ਹੁਸ਼ਿਆਰਪੁਰ ਸੜਕ ਤੇ ਸਥਿਤ ਰਿਹਾਣਾਂ ਜੱਟਾਂ ਪਿੰਡ ਤੋਂ ਲਹਿੰਦੇ ਪਾਸੇ (ਪੱਛਮ ਵੱਲ) ਲਗਭਗ ਤਿੰਨ ਕਿਲੋਮੀਟਰ ਤੇ ਸਥਿਤ ਹੈ। ਇਸ ਦਾ ਅਰੰਭ **ਸੰਤ ਦਲੀਪ ਸਿੰਘ** (1883-1949) ਤੋਂ ਮੰਨਿਆ ਜਾਂਦਾ ਹੈ। ਸੰਤ ਦਲੀਪ ਸਿੰਘ ਦੇ ਗੁਰਬਾਣੀ ਪ੍ਰੇਮੀ, ਕੀਰਤਨ ਪ੍ਰੇਮੀ ਅਤੇ ਤਪੱਸਵੀ (ਤਪੱਸਿਆਂ ਕਰਨ ਵਾਲਾ) ਹੋਣ ਦੇ ਕਾਰਣ ਹੀ ਇਹ ਟਕਸਾਲ ਹੋਂਦ ਵਿਚ ਆਈ, ਇਸ ਲਈ ਸੰਤ ਦਲੀਪ ਸਿੰਘ ਨੂੰ ਡੁਮੇਲੀ ਟਕਸਾਲ ਦਾ ਮੋਢੀ ਮੰਨਿਆ ਜਾ ਸਕਦਾ ਹੈ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਦੋ ਸ਼ਿਸ਼ਾਂ **ਸੰਤ ਸਰਵਣ ਸਿੰਘ ਗੰਧਰਵ** ਅਤੇ **ਸੰਤ ਹਰਬੰਸ ਸਿੰਘ** ਨੇ ਇਸ ਟਕਸਾਲ ਦਾ ਨਾਮ ਦੁਨੀਆਂ ਭਰ ਵਿਚ ਰੌਸ਼ਨ ਕੀਤਾ। **ਸੰਤ ਸਰਵਣ ਸਿੰਘ ਗੰਧਰਵ** ਨੇ ਗੁਰਮਤਿ ਸੰਗੀਤ ਨਾਲ ਸਬੰਧਿਤ 'ਸੁਰ ਸਿਮਰਨ ਸੰਗੀਤ' ਪੁਸਤਕ ਸੱਤ ਭਾਗਾਂ ਵਿਚ ਅਤੇ 'ਮਨ ਅਤੇ ਸਰੀਰ ਅਰੋਗ ਕਿਵੇਂ ਰੱਖੀਏ' ਨਾਮਕ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ। 'ਗੋਬਿੰਦ ਪ੍ਰੀਤਿ ਲਗੀ ਅਤਿ ਪਿਆਰੀ' ਦੇ ਸਿਰਲੇਖ ਅਧੀਨ ਐਲ. ਪੀ. ਰਿਕਾਰਡ ਕਰਵਾਇਆ। ਇਸ ਤਰ੍ਹਾਂ ਆਪ ਨੇ ਦੇਸ਼ ਅਤੇ ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ। **ਸੰਤ ਹਰਬੰਸ ਸਿੰਘ** ਨੇ ਵੀ ਆਪਣੇ ਜੀਵਨ ਵਿਚ ਅਨੇਕਾਂ ਗੁਰਦੁਆਰਿਆਂ, ਹਸਪਤਾਲਾਂ, ਸਰਾਵਾਂ, ਸੜਕਾਂ, ਪੁਲਾਂ ਦਾ ਨਿਰਮਾਣ ਕਰਵਾਇਆ। ਵਿਦੇਸ਼ਾਂ ਵਿਚ ਕੀਰਤਨ ਕਰਕੇ ਗੁਰਮਤਿ ਸੰਗੀਤ ਦਾ, ਵਿਸ਼ੇਸ਼ ਤੌਰ ਤੇ ਛੋਟੇ ਬੱਚਿਆਂ ਵਿਚ ਪਰਚਾਰ ਤੇ ਪਰਸਾਰ ਕੀਤਾ।

ਸੰਤ ਹਰਬੰਸ ਸਿੰਘ ਤੋਂ ਬਾਅਦ ਉਨ੍ਹਾਂ ਦੇ ਸ਼ਿਸ਼ **ਸੰਤ ਰਾਮ ਸਿੰਘ** ਨੇ ਡੇਰੇ ਨੂੰ ਚਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰੰਤੂ ਬਹੁਤ ਸਫਲ ਨਾ ਹੋ ਸਕੇ। ਦੂਜੇ ਪਾਸੇ ਸੰਤ ਸਰਵਣ ਸਿੰਘ ਗੰਧਰਵ ਤੋਂ ਬਾਅਦ ਉਨ੍ਹਾਂ ਦੇ ਸ਼ਿਸ਼ **ਸੰਤ ਪ੍ਰੀਤਮ ਸਿੰਘ** ਨੇ ਡੇਰੇ ਦੀ ਵਾਗਡੋਰ ਸੰਭਾਲੀ। ਇਹੀ ਸੰਤ ਪ੍ਰੀਤਮ ਸਿੰਘ ਅੱਜਕਲ ਇਸ ਡੇਰੇ ਦੀ ਦੇਖਭਾਲ ਕਰ ਰਹੇ ਹਨ। ਸੰਤ ਰਾਮ ਸਿੰਘ ਅਕਾਲ ਚਲਾਣਾ ਕਰਨ ਉਪਰੰਤ ਉਨ੍ਹਾਂ ਦੀ ਪਗੜੀ ਵੀ ਸੰਤ ਪ੍ਰੀਤਮ ਸਿੰਘ ਦੇ ਹੀ ਬੰਨੀ ਗਈ। ਜਿਸ ਦੇ ਫਲਸਰੂਪ ਅੱਜ ਡੁਮੇਲੀ ਟਕਸਾਲ ਦੇ ਕਰਤਾ ਧਰਤਾ **ਸੰਤ ਪ੍ਰੀਤਮ ਸਿੰਘ** ਹੀ ਹਨ ਅਤੇ ਉਨ੍ਹਾਂ ਦੀ ਦੇਖ ਰੇਖ ਅਧੀਨ ਇਹ ਟਕਸਾਲ ਅੱਜ ਵੀ ਚੱਲ ਰਹੀ ਹੈ।

## 5.1 ਡੁਮੇਲੀ ਟਕਸਾਲ ਦਾ ਵਰਤਮਾਨ ਰੂਪ

ਅੱਜਕਲ ਡੁਮੇਲੀ ਟਕਸਾਲ ਦੇ ਕਾਰਜ ਕਰਤਾ ਸੰਤ ਪ੍ਰੀਤਮ ਸਿੰਘ ਹਨ। ਉਹ ਆਪ ਰਾਗਾਂ ਤੇ ਅਧਾਰਿਤ ਕੀਰਤਨ ਕਰਨ ਵਿਚ ਪ੍ਰਬੀਣ ਹਨ ਕਿਉਂਕਿ ਉਨ੍ਹਾਂ ਨੇ ਵੀ ਸੰਤ ਸਰਵਣ ਸਿੰਘ ਗੰਧਰਵ ਦੀ ਸੰਗਤ ਵਿਚ ਰਹਿ ਕੇ ਸੰਗੀਤ ਦੀ ਸਿਖਿਆ ਲਈ।

**ਉਸਾਰੀ ਪੱਖੋਂ** ਦੇਖੀਏ ਤਾਂ `ਡੁਮੇਲੀ ਟਕਸਾਲ ਦੀਆਂ ਕਾਫੀ ਇਮਾਰਤਾਂ ਪੁਰਾਣੀਆਂ ਹੋ ਚੁੱਕੀਆਂ ਸਨ। ਜਿਸ ਕਾਰਨ ਸੰਤ ਪ੍ਰੀਤਮ ਸਿੰਘ ਨੇ ਇਮਾਰਤਾਂ ਦਾ ਕੁਝ ਹਿੱਸਾ ਢਾਹ ਕੇ ਨਵਾਂ ਬਣਾਇਆ ਹੈ। ਨਵੀਂ ਉਸਾਰੀ ਗਈ ਵੱਡ ਅਕਾਰੀ ਇਮਾਰਤ ਦੇ ਹੇਠਲੇ ਹਾਲ ਵਿਚ ਲੰਗਰ ਹਾਲ ਬਣਾਇਆ ਗਿਆ ਹੈ ਜਦ ਕਿ ਇਸ ਦੇ ਬਿਲਕੁਲ ਉਪਰਲੇ ਹਾਲ ਵਿਚ ਗੁਰਦੁਆਰਾ ਸਾਹਿਬ ਬਣਾਏ ਗਏ ਹਨ। ਸੰਤ ਪ੍ਰੀਤਮ ਸਿੰਘ ਇਸ ਵੱਡੇ ਹਾਲ ਵਿਚ ਅਕਸਰ ਵੱਡੇ-ਵੱਡੇ ਦੀਵਾਨ ਅਤੇ ਧਾਰਮਿਕ ਪ੍ਰੋਗਰਾਮ ਕਰਵਾਉਂਦੇ ਰਹਿੰਦੇ ਹਨ। ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ) ਵਿਖੇ ਸਰੋਵਰ ਵੀ ਬਣਿਆ ਹੋਇਆ ਹੈ। ਗੁਰਦੁਆਰੇ ਦੇ ਇਕ ਕੋਨੇ ਤੇ ਸੰਤ ਹਰਬੰਸ ਸਿੰਘ ਦੀ ਸਮਾਧ (ਜਿਸ ਸਥਾਨ ਤੇ ਸਸਕਾਰ ਕੀਤਾ ਗਿਆ ਸੀ, ਉਸ ਜਗਾ ਤੇ ਬਣਾਇਆ ਗਿਆ ਛੋਟਾ ਗੁਰਦੁਆਰਾ) ਬਣੀ ਹੋਈ ਹੈ। ਸੰਗਤਾਂ ਇਥੇ ਵੀ ਨਤਮਸਤਕ ਹੁੰਦੀਆਂ ਹਨ।

**ਕਾਰਗੁਜ਼ਾਰੀ ਪੱਖੋਂ** ਦੇਖੀਏ ਤਾਂ ਭਾਂਵੇ ਸੰਤ ਸਰਵਣ ਸਿੰਘ ਦੇ ਸਮੇਂ ਵਾਲਾ ਸੰਗੀਤਕ ਮਹੌਲ ਹੁਣ ਇਥੇ ਨਹੀਂ ਮਿਲਦਾ ਪਰ ਫਿਰ ਵੀ ਨਵੀਂ ਪੀੜੀ ਨੂੰ ਗੁਰਬਾਣੀ ਸੰਥਿਆ ਅਤੇ ਗੁਰਮਤਿ ਸੰਗੀਤ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਹੈ। ਕਿਸੇ ਸਮੇਂ ਸੰਤ ਸਰਵਣ ਸਿੰਘ ਗੰਧਰਵ ਨਾਲ ਕੀਰਤਨ ਕਰਨ ਵਿਚ ਸਾਥ ਦੇਣ ਵਾਲੇ **ਮਹੰਤ ਬਲਵੀਰ ਸਿੰਘ**, (ਜੋ ਕਿ ਛੋਟੀ ਉਮਰ ਵਿਚ ਹੀ ਇਸ ਡੇਰੇ ਵਿਚ ਆ ਕੇ ਰਹਿਣ ਲੱਗ ਪਏ ਸਨ ਤੇ ਸਾਰੀ ਉਮਰ ਹੀ ਇਸ ਡੇਰੇ ਵਿਚ ਰਹੇ ਤੇ ਹੁਣ ਬਜ਼ੁਰਗ ਹੋ ਚੁੱਕੇ ਹਨ) ਹੁਣ ਵੀ ਰੋਜ਼ਾਨਾ ਪੁਰਾਤਨ ਬੰਦਸ਼ਾਂ ਗਾ ਕੇ ਕੀਰਤਨ ਕਰਦੇ ਹਨ। ਉਹ ਗੁਰਮਤਿ ਸੰਗੀਤ ਵਿਚ ਇਨ੍ਹਾਂ ਇਕਮਿਕ ਹੋ ਚੁੱਕੇ ਹਨ ਕਿ ਕਈ ਵਾਰੀ ਆਪ ਹੀ ਤਬਲਾ ਵਜਾ ਕੇ ਅਤੇ ਆਪ ਹੀ ਸ਼ਬਦਾਂ ਦੀਆਂ ਪੁਰਾਤਨ ਬੰਦਸ਼ਾਂ ਗਾਕੇ ਕੀਰਤਨ ਕਰਦੇ ਹਨ। ਜਿਸ ਕਾਰਨ ਸੰਗਤਾਂ ਨੂੰ ਸੰਤ ਸਰਵਣ ਸਿੰਘ ਗੰਧਰਵ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਸ ਟਕਸਾਲ ਵਿਚ ਲਗਭਗ 1968 ਈ. ਤੋਂ ਰਹਿ ਰਹੇ ਸ. ਗੁਰਸ਼ਰਨ ਸਿੰਘ (ਜਿਨ੍ਹਾਂ ਨੂੰ ਸ੍ਰੀਮਾਨ ਜੀ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ) ਨੇ ਲਗਭਗ 48 ਸਾਲ ਇਸ ਡੇਰੇ ਵਿਚ ਰਹਿ ਕੇ ਜੜੀਆਂ ਬੂਟੀਆਂ ਤੋਂ ਦਵਾਈਆਂ ਤਿਆਰ ਕਰਕੇ ਰੋਗੀਆਂ ਦੇ ਰੋਗ ਦੂਰ ਕਰਨ ਦਾ ਕੰਮ ਕੀਤਾ। ਉਨ੍ਹਾਂ ਦੇ ਸਵਰਗ ਸਿਧਾਰ ਜਾਣ ਉਪਰੰਤ ਉਨ੍ਹਾਂ ਦਾ ਸਸਕਾਰ ਵੀ ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ (ਡੁਮੇਲੀ ਟਕਸਾਲ) ਦੀ ਹਦੂਦ ਦੇ ਅੰਦਰ ਹੀ ਕੀਤਾ ਗਿਆ ਹੈ)।'[1] ਗੁਰਦੁਆਰਾ ਸੰਤ ਦਲੀਪ ਸਿੰਘ ਕੁਟੀਆ (ਡੁਮੇਲੀ ਟਕਸਾਲ) ਵਿਖੇ ਰੋਜ਼ਾਨਾ ਲੰਗਰ

---

1 ਸ. ਗੁਰਸ਼ਰਨ ਸਿੰਘ (ਸ੍ਰੀਮਾਨ ਜੀ) ਦੇ ਭਰਾ ਸ. ਜੋਧ ਸਿੰਘ ਜੰਮੂ ਤੋਂ ਫੋਨ ਰਾਂਹੀ ਅਤੇ ਡੁਮੇਲੀ ਟਕਸਾਲ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਅਧਾਰਿਤ, ਮਿਤੀ 5.5.2017.

ਦੀ ਸੇਵਾ ਚਲਦੀ ਰਹਿੰਦੀ ਹੈ। ਸੰਤਾਂ ਦੀਆਂ ਬਰਸੀਆਂ ਤੋਂ ਇਲਾਵਾ ਮਹੀਨੇ ਦੇ ਅਖੀਰਲੇ ਐਤਵਾਰ ਵੀ ਇਕ ਵੱਡਾ ਸਮਾਗਮ ਕੀਤਾ ਜਾਂਦਾ ਹੈ ਜਿਸ ਵਿਚ ਅਣਗਿਣਤ ਸੰਗਤਾਂ ਗੁਰਦੁਆਰਾ ਸਾਹਿਬ ਵਿਚ ਸ਼ਰਧਾ ਨਾਲ ਮੱਥਾ ਟੇਕਦੀਆਂ ਹਨ।'[2]

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਅਜੋਕੇ ਸਮੇਂ ਵਿਚ ਸੰਤ ਸਰਵਣ ਸਿੰਘ ਦੇ ਪੁਰਾਣੇ ਸਾਥੀ ਮਹੰਤ ਬਲਵੀਰ ਸਿੰਘ ਗੁਰਦੁਆਰਾ ਸਾਹਿਬ (ਡੁਮੇਲੀ ਟਕਸਾਲ) ਵਿਖੇ ਰੋਜ਼ਾਨਾ ਪੁਰਾਣੀਆਂ ਬੰਦਸ਼ਾਂ ਦਾ ਗਾਇਨ ਕਰਦੇ ਹਨ। ਇਸ ਗੁਰਦੁਆਰੇ (ਟਕਸਾਲ) ਅੰਦਰ ਸੰਤਾਂ ਦੀਆਂ ਬਰਸੀਆਂ ਤੋਂ ਇਲਾਵਾ ਮਹੀਨੇ ਵਾਰ ਸਮਾਗਮ ਕੀਤਾ ਜਾਂਦਾ ਹੈ।

## 5.2 ਡੁਮੇਲੀ ਟਕਸਾਲ ਦੀ ਕਾਰਜ ਵਿਧੀ ਅਤੇ ਕੀਰਤਨ ਪਰੰਪਰਾ

**ਸੰਤ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ** ਦੇ ਪਾਏ ਪੂਰਨਿਆਂ ਤੇ ਨਿਰੰਤਰ ਚੱਲ ਰਹੀ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਅਜਕਲ **ਸੰਤ ਪ੍ਰੀਤਮ ਸਿੰਘ** ਦੀ ਦੇਖ ਰੇਖ ਅਧੀਨ ਚੱਲ ਰਹੀ ਹੈ। ਗੁਰਮਤਿ ਸੰਗੀਤ ਦੇ ਵਿਕਾਸ ਪੱਖੋਂ ਵਰਤਮਾਨ ਵਿਚ ਬੇਸ਼ਕ ਇਨ੍ਹਾਂ ਨੇ ਕੋਈ ਨਵੀਆਂ ਲੀਹਾਂ ਨਹੀ ਪਾਈਆਂ ਪ੍ਰੰਤੂ ਸੰਤ ਦਲੀਪ ਸਿੰਘ ਦੇ ਸਮੇਂ ਤੋਂ ਚਲੀ ਆ ਰਹੀ ਪਰੰਪਰਾ ਨੂੰ ਹੀ ਨਿਭਾਉਣ ਦੀ ਸਫਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੰਤ ਸਰਵਣ ਸਿੰਘ ਗੰਧਰਵ ਤੋਂ ਬਾਦ ਗੁਰਮਤਿ ਸੰਗੀਤ ਨਾਲ ਸਬੰਧਿਤ ਕਿਸੇ ਵੀ ਤਰ੍ਹਾਂ ਦੀਆਂ ਪੁਸਤਕਾਂ ਦਾ ਪ੍ਰਕਾਸ਼ਨ ਇਥੇ ਨਹੀਂ ਹੋਇਆ ਹੈ। ਡੁਮੇਲੀ ਟਕਸਾਲ ਦੀ ਕਾਰਜਵਿਧੀ ਨੂੰ ਅੱਗੇ ਦੋ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ।

### 5.2.1 ਵਰਤਮਾਨ ਵਿਚ ਡੁਮੇਲੀ ਟਕਸਾਲ ਦਾ ਨਿਤਨੇਮ

ਡੁਮੇਲੀ ਟਕਸਾਲ ਵਿਚ ਸੰਤ ਦਲੀਪ ਸਿੰਘ ਦੇ ਸਮੇਂ ਤੋਂ ਚਲੀ ਆ ਰਹੀ ਪਰੰਪਰਾ ਨੂੰ ਹੂ-ਬ-ਹੂ ਨਿਭਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ **ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ 'ਵਰਤਮਾਨ ਸਮੇਂ ਵੀ ਰੋਜ਼ਾਨਾ ਤੜ੍ਹਕਸਾਰ 3 ਵਜੇ ਡੇਰੇ (ਟਕਸਾਲ) ਵਿਚ ਘੰਟੀ ਵਜਾਈ ਜਾਂਦੀ ਹੈ ਅਤੇ ਇਹ ਡਿਊਟੀ ਉਹ ਆਪ (ਮਹੰਤ ਬਲਵੀਰ ਸਿੰਘ) ਨਿਭਾਉਂਦੇ ਆ ਰਹੇ ਹਨ। ਘੰਟੀ ਲਗਾਉਣ ਉਪਰੰਤ ਦਰਬਾਰ ਸਾਹਿਬ, ਲੰਗਰ ਹਾਲ, ਡੇਰੇ ਦੇ ਗੇਟ, ਬਾਲਣ ਵਾਲਾ ਕਮਰਾ, ਰਸੋਈ ਆਦਿ ਸਭ ਖੋਲ ਦਿਤੇ ਜਾਂਦੇ ਹਨ। ਡੇਰੇ (ਟਕਸਾਲ) ਵਿਚ ਨਿਤਨੇਮ 4 ਵਜੇ ਸ਼ੁਰੂ ਹੋ ਜਾਂਦਾ ਹੈ। ਨਿਤਨੇਮ ਦੀਆਂ ਬਾਣੀਆਂ ਪੜ੍ਹਨ ਉਪਰੰਤ ਆਸਾ ਦੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ। 6 ਕੁ ਵਜੇ ਭੋਗ ਪਾਏ ਜਾਂਦੇ ਹਨ। ਫਿਰ 7 ਵਜੇ ਚਾਹ ਦੀ ਘੰਟੀ ਅਤੇ 10 ਵਜੇ ਪ੍ਰਸ਼ਾਦੇ (ਲੰਗਰ) ਦੀ ਘੰਟੀ ਵਜਾਈ ਜਾਂਦੀ

2 ਸੰਤ ਪ੍ਰੀਤਮ ਸਿੰਘ ਅਤੇ ਮਹੰਤ ਬਲਵੀਰ ਸਿੰਘ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਅਤੇ ਡੁਮੇਲੀ ਟਕਸਾਲ ਤੋਂ ਪ੍ਰਾਪਤ ਕੀਤੀ ਜਾਣਕਾਰੀ ਤੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.01.2017,

ਹੈ। ਇਸੇ ਤਰ੍ਹਾਂ ਸ਼ਾਮ ਨੂੰ 3 ਵਜੇ ਚਾਹ ਦੀ ਘੰਟੀ ਅਤੇ ਸ਼ਾਮ 7 ਵਜੇ ਲੰਗਰ ਦੀ ਘੰਟੀ ਵਜਾਈ ਹੈ। ਸ਼ਾਮ ਦਾ ਲੰਗਰ ਦੇਰ ਰਾਤ ਤੱਕ ਚਲਦਾ ਰਹਿੰਦਾ ਹੈ। ਇਸੇ ਤਰ੍ਹਾਂ ਸ਼ਾਮ ਨੂੰ 5 ਵਜੇ ਕੀਰਤਨ ਅਰੰਭ ਹੋ ਜਾਂਦਾ ਹੈ, ਜਿਸ ਵਿਚ ਮੇਰੇ (ਮਹੰਤ ਬਲਵੀਰ ਸਿੰਘ) ਸਮੇਤ ਡੇਰੇ ਦਾ ਕੀਰਤਨੀ ਜਥਾ (ਭਾਈ ਗੁਰਪ੍ਰੀਤ ਸਿੰਘ ਰਾਗੀ, ਕੀਰਤ ਸਿੰਘ ਰਾਗੀ ਅਤੇ ਭਗਤ ਸਿੰਘ (ਤਬਲਾ ਵਾਦਕ) ਕੀਰਤਨ ਕਰਦਾ ਹੈ। ਇਸ ਮੌਕੇ ਸ਼ਾਮ ਦੀਆਂ ਬਾਣੀਆਂ ਦਾ ਪਾਠ ਅਤੇ ਆਰਤੀ ਕਰਨ ਉਪਰੰਤ ਸਮਾਪਤੀ ਲਗਭਗ 8 ਵਜੇ ਕੀਤੀ ਜਾਂਦੀ ਹੈ।'[3]

### 5.2.2 ਡੁਮੇਲੀ ਟਕਸਾਲ ਵਿਚ ਕੀਰਤਨ ਦੀ ਸਿਖਲਾਈ

ਸੰਤ ਦਲੀਪ ਸਿੰਘ (1883-1949) ਦੇ ਸਮੇਂ ਤੋਂ ਅਰੰਭ ਹੋਈ ਗੁਰਮਤਿ ਸੰਗੀਤ ਦੀ ਇਸ ਡੁਮੇਲੀ ਟਕਸਾਲ ਵਿਚ ਕੀਰਤਨ ਦੀ ਪਰੰਪਰਾ ਨੂੰ ਵਿਸ਼ੇਸ਼ ਮਹੱਤਵ ਦਿਤਾ ਜਾਂਦਾ ਰਿਹਾ ਹੈ। ਜੇਕਰ ਅਰੰਭ ਤੋਂ ਹੀ ਝਾਤ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਸੰਤ ਦਲੀਪ ਸਿੰਘ ਗੁਰਬਾਣੀ ਪ੍ਰੇਮੀ, ਕੀਰਤਨ ਪ੍ਰੇਮੀ, ਤਪੱਸਵੀ, ਗਰੀਬਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਨੇ ਗੁਰਬਾਣੀ ਦੇ ਪਰਚਾਰ ਅਤੇ ਪਰਸਾਰ ਲਈ ਕੀਰਤਨ ਨੂੰ ਸਾਧਨ ਬਣਾਇਆ। ਉਨ੍ਹਾਂ ਨੇ ਆਪਣੇ ਸ਼ਿਸ਼ ਬਾਲਕ ਸਰਵਣ ਸਿੰਘ, ਜੋ ਕਿ ਨੇਤਰਹੀਣ ਸਨ, ਨੂੰ ਕੀਰਤਨ ਦੀ ਸਿਖਲਾਈ ਦਿਵਾਉਣੀ ਅਰੰਭ ਕੀਤੀ। ਉਨ੍ਹਾਂ ਨੇ ਬਾਲਕ ਸਰਵਣ ਸਿੰਘ ਨੂੰ ਕੀਰਤਨ ਵਿਚ ਪਰਪੱਕ ਕਰਨ ਲਈ ਵੱਖ-ਵੱਖ ਉਸਤਾਦਾਂ (ਜਿਨ੍ਹਾਂ ਦਾ ਖੋਜ ਪ੍ਰਬੰਧ ਦੇ ਤੀਸਰੇ ਅਧਿਆਇ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ) ਕੋਲੋਂ ਗਾਇਨ ਅਤੇ ਵਾਦਨ ਦੀ ਸਿਖਿਆ ਦਵਾਈ। ਸੰਤ ਦਲੀਪ ਸਿੰਘ ਦੇ ਸਵਰਗ ਸਿਧਾਰ (21 ਅਗਸਤ 1949) ਜਾਣ ਉਪਰੰਤ ਸੰਤ ਸਰਵਣ ਸਿੰਘ ਗੰਧਰਵ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਗੀਤ ਦੀ ਵਿਦਿਆ ਦੇਣ ਦੇ ਉਦੇਸ਼ ਨਾਲ ਡੁਮੇਲੀ ਵਿਖੇ 1950 ਈ. ਵਿਚ ਅਤੇ ਅਨੰਦਪੁਰ ਸਾਹਿਬ ਵਿਖੇ 1978 ਈ. ਵਿਚ (ਗੰਧਰਵ ਸੰਗੀਤ ਵਿਦਿਆਲਾ) ਸੰਗੀਤ ਵਿਦਿਆਲਿਆਂ ਦੀ ਸਥਾਪਨਾ ਕੀਤੀ। ਸੰਤ ਸਰਵਣ ਸਿੰਘ ਦੇ ਸਮੇਂ (1926-1992) ਦਿਨ ਵਿਚ ਰੋਜ਼ਾਨਾ ਦੋ ਵਾਰੀ ਸੰਗੀਤ ਦੀ ਕਲਾਸ ਲੱਗਿਆ ਕਰਦੀ ਸੀ। ਜਿਸ ਵਿਚ ਕੀਰਤਨ ਦੀ ਸਿਖਲਾਈ ਦੇ ਨਾਲ-ਨਾਲ ਗੁਰਮਤਿ ਸੰਗੀਤ ਨਾਲ ਵੱਜਣ ਵਾਲੇ ਸਾਜ਼ਾਂ ਦੀ ਵੀ ਸਿਖਲਾਈ ਦਿਤੀ ਜਾਂਦੀ ਸੀ। ਵਰਤਮਾਨ ਸਮੇਂ ਵਿਚ ਭਾਂਵੇ ਸੰਤ ਸਰਵਣ ਸਿੰਘ ਗੰਧਰਵ ਦੇ ਸਮੇਂ ਵਾਲਾ ਸੰਗੀਤਕ ਮਹੌਲ ਅਤੇ ਕਾਰਜਵਿਧੀ ਦੇਖਣ ਨੂੰ ਨਹੀ ਮਿਲਦੀ ਪਰ ਫਿਰ ਵੀ ਗੁਰਬਾਣੀ ਸੰਥਿਆ, ਕੀਰਤਨ ਪਰੰਪਰਾ ਅਤੇ ਹਿਕਮਤ ਦੇ ਮਾਧਿਅਮ ਰਾਂਹੀ ਇਸੇ ਪਰੰਪਰਾ ਨੂੰ ਨਿਭਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

---

3 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.01.2017,

**ਮਹੰਤ ਬਲਵੀਰ ਸਿੰਘ** (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ, 'ਸਮੇਂ ਅਤੇ ਹਲਾਤਾਂ ਦੇ ਬਦਲਾਅ ਕਾਰਨ ਅੱਜਕਲ ਸੰਤ ਸਰਵਣ ਸਿੰਘ ਗੰਧਰਵ ਦੇ ਸਮੇਂ ਵਾਲਾ ਸੰਗੀਤਕ ਮਹੌਲ ਹੁਣ ਇਥੇ ਨਹੀ ਮਿਲਦਾ। ਅੱਜਕਲ ਨਾਂ ਤਾਂ ਕੋਈ ਸਿਖਾਉਣਾ ਚਾਹੁੰਦਾ ਹੈ ਅਤੇ ਨਾਂ ਹੀ ਕਿਸੇ ਕੋਲ ਸਿਖਣ ਦਾ ਸਮਾਂ ਹੈ। ਜਿਸ ਕਾਰਨ ਬਹੁਤ ਘੱਟ ਵਿਦਿਆਰਥੀ ਸੰਗੀਤ ਦੀ ਸਿਖਿਆ ਲੈਣ ਲਈ ਇਥੇ (ਡੁਮੇਲੀ ਟਕਸਾਲ ਵਿਖੇ) ਆਉਂਦੇ ਹਨ। ਭਾਵੇਂ ਗੁਰਮਤਿ ਸੰਗੀਤ ਦੇ ਸਾਜ਼ਾ ਜਿਵੇਂ ਕਿ ਰਬਾਬ, ਸਰੰਦਾ, ਦਿਲਰੁਬਾ, ਤਾਊਸ, ਸਾਰੰਗੀ ਆਦਿ ਦੀ ਸਿਖਲਾਈ ਵਰਤਮਾਨ ਸਮੇਂ ਇਥੇ ਨਹੀਂ ਦਿਤੀ ਜਾਂਦੀ ਪਰ ਫਿਰ ਵੀ ਗੁਰਦੁਆਰੇ ਵਿਚ ਕੀਰਤਨੀ ਜਥੇ ਦੇ ਮੈਂਬਰ (ਭਾਈ ਗੁਰਪ੍ਰੀਤ ਸਿੰਘ ਰਾਗੀ, ਭਾਈ ਕੀਰਤ ਸਿੰਘ ਰਾਗੀ ਅਤੇ ਭਾਈ ਭਗਤ ਸਿੰਘ ਤਬਲਾ ਵਾਦਕ) ਇਨ੍ਹਾਂ ਵਿਦਿਆਰਥੀਆਂ ਨੂੰ ਮੁਫਤ ਸੰਗੀਤ (ਤਬਲਾ ਅਤੇ ਹਰਮੋਨੀਅਮ) ਦੀ ਸਿਖਿਆ ਦਿੰਦੇ ਹਨ।'[4]

ਇਥੇ ਇਹ ਵੀ ਵਰਨਣਯੋਗ ਹੈ ਕਿ ਡੁਮੇਲੀ ਟਕਸਾਲ ਵਿਚ ਗੁਰਮਤਿ ਸੰਗੀਤ ਦੀ ਸਿਖਿਆ ਲੈਣ ਵਾਲੇ ਕਈ ਵਿਦਿਆਰਥੀ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਦੇ ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਰਣਜੀਤ ਸਿੰਘ (ਖੋਜ ਕਰਤਾ) ਦੇ ਵੀ ਸੰਪਰਕ ਵਿਚ ਰਹਿੰਦੇ ਹਨ ਅਤੇ ਵੇਲੇ ਕੁਵੇਲੇ ਉਨ੍ਹਾਂ ਕੋਲੋਂ ਵੀ ਸੰਗੀਤ ਦੀ ਸਿਖਿਆ ਲੈਂਦੇ ਰਹਿੰਦੇ ਹਨ। (ਇਹ ਕਾਲਜ ਸੰਤ ਸਰਵਣ ਸਿੰਘ ਗੰਧਰਵ ਦੁਆਰਾ 1971******* ਈ. ਵਿਚ ਖੋਲਿਆ ਗਿਆ ਸੀ ਅਤੇ ਇਹ ਡੁਮੇਲੀ ਟਕਸਾਲ ਤੋਂ ਕਰੀਬ 1 ਕਿ.ਮੀ. ਦੀ ਦੂਰੀ ਤੇ ਡੁਮੇਲੀ ਪਿੰਡ ਵਿਚ ਹੀ ਸਥਿਤ ਹੈ)।

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਸਮੇਂ ਦੇ ਬਦਲਾਅ ਨਾਲ ਵਰਤਮਾਨ ਵਿਚ ਡੁਮੇਲੀ ਟਕਸਾਲ ਵਿਚ ਸੰਗੀਤ ਸਿਖਣ ਲਈ ਬਹੁਤ ਘੱਟ ਵਿਦਿਆਰਥੀ ਆਉਂਦੇ ਹਨ। ਪਰ ਜਿਹੜਾ ਵੀ ਵਿਦਿਆਰਥੀ ਸੰਗੀਤ ਦੀ ਸਿਖਿਆ ਲੈਣਾ ਚਾਹੁੰਦਾ ਹੈ, ਉਸ ਨੂੰ ਮੁਫਤ ਸੰਗੀਤ ਸਿਖਲਾਈ ਦਿਤੀ ਜਾਂਦੀ ਹੈ। ਉਂਝ ਡੁਮੇਲੀ ਟਕਸਾਲ ਵਿਚ ਕੀਰਤਨ ਅਤੇ ਤਬਲੇ ਦੀਆਂ ਕਲਾਸਾਂ ਹਰ ਰੋਜ਼ ਲਗਾਉਣ ਦਾ ਪ੍ਰਬੰਧ ਹੈ। ਜਿਹੜੇ ਵਿਦਿਆਰਥੀ ਕੀਰਤਨ ਕਰਨ ਜਾਂ ਤਬਲਾ ਵਜਾਉਣ ਵਿਚ ਮਾਹਿਰ ਹੋ ਜਾਂਦੇ ਹਨ, ਉਨਾਂ ਨੂੰ ਗੁਰੂ ਦੇ ਦਰਬਾਰ ਵਿਚ ਕੀਰਤਨ ਕਰਨ ਕੀ ਇਜ਼ਾਜਤ ਦਿਤੀ ਜਾਂਦੀ ਹੈ।

---

4 ਮਹੰਤ ਬਲਵੀਰ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 31.01.2017,

*******ਇਸ ਕਾਲਜ ਦੇ ਪ੍ਰਾਸਪੈਕਟਸ ਵਿਚ ਕਾਲਜ ਦੀ ਸਥਾਪਤੀ ਦਾ ਸਾਲ 1972 ਦੱਸਿਆ ਗਿਆ ਹੈ। ਜਦ ਕਿ ਸੰਤ ਸਰਵਣ ਸਿੰਘ ਗੰਧਰਵ ਦੇ ਐਲ. ਪੀ. ਰਿਕਾਰਡ ਅਤੇ 'ਸੁਰ ਸਿਮਰਨ ਸੰਗੀਤ' ਪੁਸਤਕ ਦੇ ਸੱਤਵੇ ਭਾਗ ਵਿਚ ਇਹ ਵਰ੍ਹਾਂ 1971 ਦਰਸਾਇਆ ਗਿਆ ਹੈ। ਇਸ ਲਈ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਹਿਲਾ ਸ਼ੈਸ਼ਨ 1971-72 ਹੋਵੇਗਾ।

## 5.3 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ (ਕਪੂਰਥਲਾ)

ਡੁਮੇਲੀ ਟਕਸਾਲ ਦੀਆਂ ਗਤੀਵਿਧੀਆਂ ਵਿਚ '**ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ**' ਵੱਡਾ ਯੋਗਦਾਨ ਪਾ ਰਿਹਾ ਹੈ। ਇਹ ਕਾਲਜ ਡੁਮੇਲੀ ਟਕਸਾਲ ਦੇ ਪ੍ਰਮੁਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਵਲੋਂ ਆਪਣੇ ਗੁਰੂ ਸੰਤ ਦਲੀਪ ਸਿੰਘ ਦੀ ਯਾਦ ਵਿਚ ਸੰਨ 1971 ਵਿਚ ਅਰੰਭ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਿਹਾ ਇਹ ਕਾਲਜ ਪਿਛਲੇ ਲਗਭਗ 46 ਸਾਲਾਂ ਤੋਂ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਸਿਖਿਆ ਪ੍ਰਦਾਨ ਕਰਦਾ ਆ ਰਿਹਾ ਹੈ। ਇਹ ਕਾਲਜ ਪਿੰਡ ਡੁਮੇਲੀ ਦੇ ਦੱਖਣ ਵੱਲ ਸਥਿਤ ਹੈ।'[5]

ਡੁਮੇਲੀ ਪਿੰਡ ਦੇ ਆਸ-ਪਾਸ ਤਿੰਨ ਜਿਲੇ ਕਪੂਰਥਲਾ, ਹੁਸ਼ਿਆਰਪਰ ਤੇ ਜਲੰਧਰ ਆਪਸ ਵਿਚ ਮਿਲਦੇ ਹਨ, ਇਸ ਲਈ ਇਸ ਕਾਲਜ ਵਿਚ ਇਨ੍ਹਾਂ ਤਿੰਨਾਂ ਜਿਲਿਆਂ ਦੇ ਵਿਦਿਆਰਥੀ ਸਿਖਿਆ ਗ੍ਰਹਿਣ ਕਰਨ ਲਈ ਆਉਂਦੇ ਹਨ। ਦੂਰ-ਦੂਰ ਦੇ ਪਿੰਡਾਂ ਤੋਂ ਵਿਦਿਆਰਥੀਆਂ ਨੂੰ ਲਿਆਉਣ ਅਤੇ ਛੱਡਣ ਲਈ ਕਾਲਜ ਕੋਲ ਤਿੰਨ ਬੱਸਾਂ ਹਨ। ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ (ਡੁਮੇਲੀ ਟਕਸਾਲ) ਤੋਂ ਇਸ ਕਾਲਜ ਦੀ ਦੂਰੀ ਲਗਭਗ ਇਕ ਕਿਲੋਮੀਟਰ ਹੈ।

### 5.3.1 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ) ਵਿਚ ਪੜ੍ਹਾਏ ਜਾਂਦੇ ਵਿਸ਼ੇ

ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ ਵਿਖੇ ਨਿਮਨਲਿਖਤ ਵਿਸ਼ੇ ਪੜ੍ਹਾਏ ਜਾਂਦੇ ਹਨ, ਜਿਨ੍ਹਾਂ ਦੇ ਵੱਖਰੇ-ਵੱਖਰੇ ਵਿਭਾਗ ਹਨ ਜਿਵੇਂ:-

'ਅੰਗਰੇਜੀ (ਜਨਰਲ), ਅੰਗਰੇਜੀ (ਇਲੈਕਟਿਵ), ਪੰਜਾਬੀ (ਜਨਰਲ), ਪੰਜਾਬੀ (ਇਲੈਕਟਿਵ), ਇਤਿਹਾਸ, ਅਰਥ ਸ਼ਾਸਤਰ, ਸੰਗੀਤ (ਗਾਇਨ), ਗਣਿਤ, ਰਾਜਨੀਤੀ ਸ਼ਾਸਤਰ, ਸਰੀਰਕ ਸਿਖਿਆ, ਧਰਮ ਅਧਿਐਨ, ਕੰਪਿਊਟਰ, ਸੁਰੱਖਿਆ ਅਤੇ ਯੁੱਧਨੀਤਕ, ਕਾਮਰਸ।'[6]

### 5.3.2 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ) ਦੀਆਂ ਗਤੀਵਿਧੀਆਂ

ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ **ਧਾਰਮਿਕ, ਸਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ** ਲਈ ਵਿਸ਼ੇਸ਼ ਉਪਰਾਲੇ ਕਰਦਾ ਰਹਿੰਦਾ ਹੈ। ਇਸ ਸਬੰਧੀ ਵਿਸਥਾਰ ਸਹਿਤ ਵਰਨਣ ਇਸ ਤਰ੍ਹਾਂ ਹੈ:-

---

5 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਦੇ ਪ੍ਰਾਸਪੈਕਟਸ (ਸੈਸ਼ਨ 2014-15) ਤੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਅਧਾਰਿਤ।

6 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਦੇ ਪ੍ਰਾਸਪੈਕਟਸ (ਸੈਸ਼ਨ 2014-15) ਅਤੇ ਕਾਲਜ ਤੋਂ ਨਿਜੀ ਤੌਰ ਤੇ ਪ੍ਰਾਪਤ ਕੀਤੀ ਜਾਣਕਾਰੀ ਦੇ ਅਧਾਰਿਤ।

— **ਇਹ** ਕਾਲਜ **ਧਾਰਮਿਕ ਸਮਾਗਮ** ਅਤੇ ਕੀਰਤਨ ਦਾ ਕੇਂਦਰ ਰਿਹਾ ਹੈ। ਇਸ ਸਬੰਧ ਵਿਚ **ਡਾ. ਕਿਰਪਾਲ ਕੌਰ**, (ਸਾਬਕਾ ਪ੍ਰਿੰਸੀਪਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ) ਦੱਸਦੇ ਹਨ 'ਸੰਤ ਸਰਵਣ ਸਿੰਘ ਗੰਧਰਵ ਨੇ ਇਸ ਕਾਲਜ ਦੀ ਸ਼ੁਰੂਆਤ ਆਪਣੇ ਗੁਰੂ ਸੰਤ ਬਾਬਾ ਦਲੀਪ ਸਿੰਘ ਦੀ ਯਾਦ ਵਿਚ ਕੀਤੀ ਸੀ। ਉਨ੍ਹਾਂ ਦੱਸਿਆ ਕਿ ਸੰਤ ਸਰਵਣ ਸਿੰਘ ਗੰਧਰਵ ਆਪਣੇ ਜਿਉਂਦੇ ਜੀਅ ਇਸ ਕਾਲਜ ਦੇ ਲਾਈਫ਼ ਪ੍ਰਧਾਨ ਰਹੇ। ਉਨ੍ਹਾਂ ਅਨੁਸਾਰ ਸੰਤ ਸਰਵਣ ਸਿੰਘ ਗੰਧਰਵ ਨੂੰ ਗੁਰਮਤਿ ਸੰਗੀਤ ਨਾਲ ਇਨ੍ਹਾਂ ਲਗਾਵ ਸੀ ਕਿ ਉਹ ਕਾਲਜ ਵਿਚ ਆ ਕੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਿਆ ਦਿੰਦੇ ਸਨ। ਉਹ ਆਪ ਵੀ ਸਮੇਂ-ਸਮੇਂ ਤੇ ਹੋਣ ਵਾਲੇ ਕਾਲਜ ਦੇ ਸਮਾਗਮਾਂ ਵਿਚ ਭਾਗ ਲੈ ਕੇ ਰਾਗਮਈ ਕੀਰਤਨ ਕਰਦੇ ਰਹਿੰਦੇ ਸਨ।'[7]

ਸੰਤ ਸਰਵਣ ਸਿੰਘ ਗੰਧਰਵ ਭਾਵੇਂ ਅੱਜ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੀਆਂ ਪਾਈਆਂ ਰੀਤਾਂ ਅਨੁਸਾਰ ਅੱਜ ਵੀ ਕਾਲਜ ਵਿਚ ਵੱਖ-ਵੱਖ ਤਰ੍ਹਾਂ ਦੀਆਂ ਸਰਗਰਮੀਆਂ ਜਾਰੀ ਹਨ।

— ਕਾਲਜ ਵਿਚ ਵੱਖ-ਵੱਖ **ਸੰਗੀਤਕ ਮੁਕਾਬਲੇ** ਹੁੰਦੇ ਰਹਿੰਦੇ ਹਨ। ਇਸ ਸਬੰਧ ਵਿਚ **ਪ੍ਰੋ. ਜੁਝਾਰ ਸਿੰਘ**, (ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ) ਦਸਦੇ ਹਨ ਕਿ , 'ਸੰਤ ਸਰਵਣ ਸਿੰਘ ਗੰਧਰਵ ਦੇ ਪਾਏ ਪੂਰਨਿਆਂ ਤੇ ਚਲਦਿਆਂ ਕਾਲਜ ਵਲੋਂ ਹਰ ਸਾਲ ਸੰਤਾਂ ਦੀ ਬਰਸੀ ਮੌਕੇ **ਸ਼ਬਦ ਗਾਇਨ, ਵਾਰ ਗਾਇਨ, ਧਾਰਮਿਕ ਕਵਿਤਾ, ਕਵੀਸ਼ਰੀ ਅਤੇ ਤਬਲਾ ਵਾਦਨ** ਦੇ ਅੰਤਰ ਕਾਲਜ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਸੰਤ ਦਲੀਪ ਸਿੰਘ ਜੀ ਕੁਟੀਆ (ਡੁਮੇਲੀ ਟਕਸਾਲ) ਦੇ ਮੌਜੂਦਾ ਸੰਚਾਲਕ ਸੰਤ ਪ੍ਰੀਤਮ ਸਿੰਘ ਵਲੋਂ ਪੂਰਾ ਸਹਿਯੋਗ ਦਿਤਾ ਜਾਂਦਾ ਹੈ। ਇਸ ਮੁਕਾਬਲੇ ਵਿਚ ਦੂਰ-ਦੂਰ ਦੇ ਕਾਲਜਾਂ ਦੇ ਵਿਦਿਆਰਥੀ ਭਾਗ ਲੈਂਦੇ ਹਨ ਤੇ ਨਕਦ ਇਨਾਮ ਅਤੇ ਟਰਾਫੀਆਂ ਪ੍ਰਾਪਤ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਰਵਾਏ ਜਾਂਦੇ ਇਸ ਧਾਰਮਿਕ ਮੁਕਾਬਲੇ ਵਿਚ ਜਿਥੇ ਸਰੋਤਿਆਂ (ਸੰਗਤਾਂ) ਨੂੰ ਥੱਲੇ ਬੈਠ ਕੇ ਮੁਕਾਬਲੇ ਦੇਖਣੇ ਅਤੇ ਸੁਣਨੇ ਪੈਂਦੇ ਹਨ, ਉਥੇ ਇਨ੍ਹਾਂ ਮੁਕਾਬਲਿਆਂ ਦੇ ਜੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਹੀ ਮੁਕਾਬਲਿਆਂ ਦੇ ਨਤੀਜੇ ਤਿਆਰ ਕਰਦੇ ਹਨ।'[8]

---

7 ਡਾ. ਕਿਰਪਾਲ ਕੌਰ, ਸਾਬਕਾ ਪ੍ਰਿੰਸੀਪਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਹੁਸ਼ਿਆਰਪੁਰ, ਮਿਤੀ 6. 8. 2014,

8 ਪ੍ਰੋ. ਜੁਝਾਰ ਸਿੰਘ, ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10. 9. 2014,

— ਕਾਲਜ ਵਿਚ **ਸੰਗੀਤ ਵਿਸ਼ਾ** ਆਰੰਭ ਕਰਨ ਦੇ ਉਪਰਾਲੇ ਦੇ ਸਬੰਧ ਵਿਚ **ਡਾ. ਕਿਰਪਾਲ ਕੌਰ**, (ਸਾਬਕਾ ਪ੍ਰਿੰਸੀਪਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ) ਦਾ ਕਹਿਣਾ ਹੈ ਕਿ 'ਪ੍ਰਿੰਸੀਪਲ ਬਣਨ ਤੋਂ ਪਹਿਲਾਂ ਉਹ (ਡਾ. ਕਿਰਪਾਲ ਕੌਰ) ਇਸੇ ਕਾਲਜ ਵਿਚ ਪੰਜਾਬੀ ਦੇ ਲੈਕਚਰਾਰ ਵਜੋਂ ਸੇਵਾਵਾਂ ਦਿੰਦੇ ਰਹੇ ਸਨ। ਉਹ ਹਮੇਸ਼ਾ ਹੀ ਸੰਤਾਂ ਨੂੰ ਡੇਰੇ ਜਾਂ ਕਾਲਜ ਵਿਚ ਮਿਲਦੇ ਰਹਿੰਦੇ ਸਨ। ਸੰਤ ਸਰਵਣ ਸਿੰਘ ਗੰਧਰਵ ਦਾ ਇਹ ਸੁਪਨਾ ਸੀ ਕਿ ਕਾਲਜ ਵਿਚ ਸੰਗੀਤ ਦਾ ਵਿਸ਼ਾ ਸ਼ੁਰੂ ਕਰਕੇ ਵਿਦਿਆਰਥੀਆਂ ਨੂੰ ਸੰਗੀਤ ਦੀ ਵਿਦਿਆ ਦਿਤੀ ਜਾਵੇ। ਉਨ੍ਹਾਂ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਜਦ ਉਹ ਸੰਨ 2005 ਵਿਚ ਇਸ ਕਾਲਜ ਦੇ ਪ੍ਰਿੰਸੀਪਲ ਬਣੇ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਕਾਲਜ ਵਿਚ ਹੋਰ ਕੋਰਸ ਸ਼ੁਰੂ ਕਰਨ ਦੇ ਨਾਲ-ਨਾਲ ਸੰਗੀਤ ਦਾ ਵਿਸ਼ਾ ਵੀ ਅਰੰਭ ਕਰਨ ਦਾ ਉਪਰਾਲਾ ਕੀਤਾ। ਉਨਾਂ ਦੀ ਇਸ ਕੋਸ਼ਿਸ਼ ਨੂੰ ਸੰਨ 2006 ਵਿਚ ਸਫ਼ਲਤਾ ਮਿਲੀ। ਸੰਨ 2006 ਵਿਚ ਮਿਊਜ਼ਿਕ ਵੋਕਲ (ਸੰਗੀਤ ਗਾਇਨ) ਦਾ ਵਿਸ਼ਾ ਅਰੰਭ ਕੀਤਾ, ਜਿਸ ਵਿਚ ਪ੍ਰੋ. ਰਣਜੀਤ ਸਿੰਘ (ਖੋਜ ਕਰਤਾ) ਦੀ ਸਭ ਤੋਂ ਪਹਿਲੀ ਨਿਯੁਕਤੀ ਹੋਈ। ਉਸ ਸਮੇਂ ਤੋਂ ਬਾਅਦ ਸੰਗੀਤ ਦੇ ਖੇਤਰ ਵਿਚ ਇਸ ਕਾਲਜ ਨੇ ਚੋਖਾ ਨਾਮਣਾ ਖੱਟਿਆ ਹੈ।'[9]

— ਕਾਲਜ ਵਿਚ ਚਲਦੀ ਆ ਰਹੀ ਰੀਤ ਮੁਤਾਬਿਕ ਹਰੇਕ ਸਾਲ **ਸ੍ਰੀ ਅਖੰਡ ਪਾਠ ਸਾਹਿਬ** ਵੀ ਕਰਵਾਏ ਜਾਂਦੇ ਹਨ। ਇਸ ਸਬੰਧ ਵਿਚ **ਪ੍ਰੋ. ਜੁਝਾਰ ਸਿੰਘ**, (ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ) ਦਾ ਕਹਿਣਾ ਹੈ ਕਿ ਸੰਤ ਸਰਵਣ ਸਿੰਘ ਗੰਧਰਵ ਅਕਸਰ ਗੁਰਬਾਣੀ ਦਾ ਪਾਠ ਤੇ ਗਾਇਨ ਕਰਦੇ ਰਹਿੰਦੇ ਸਨ। ਉਨ੍ਹਾਂ ਦੇ ਇਸ ਉਦੇਸ਼ ਦੀ ਪੂਰਤੀ ਲਈ ਕਾਲਜ ਸਟਾਫ਼ ਵਲੋਂ ਹਰ ਸਾਲ ਕਾਲਜ ਵਿਚ ਸ੍ਰੀ ਅਖੰਡ ਪਾਠ ਕਰਵਾਇਆ ਜਾਂਦਾ ਹੈ। ਜਿਸ ਵਿਚ ਕਾਲਜ ਦੇ ਵਿਦਿਆਰਥੀ ਤੇ ਹੋਰ ਬਾਹਰੋਂ ਆਏ ਕੀਰਤਨੀ ਜਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਭੋਗ ਉਪਰੰਤ ਅਤੁੱਟ ਲੰਗਰ ਵਰਤਾਇਆ ਜਾਂਦਾ ਹੈ।'[10]

— **ਗੁਰਬਾਣੀ ਦੇ ਸ਼ੁਧ ਉਚਾਰਣ** ਤੇ ਬੱਲ ਦਿਤੇ ਜਾਣ ਦੇ ਸਬੰਧ ਵਿਚ **ਪ੍ਰੋ. ਜੁਝਾਰ ਸਿੰਘ**, (ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ) ਕਹਿੰਦੇ ਹਨ ਕਿ, 'ਉਹ ਆਪ ਵੀ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ ਅਤੇ ਅੱਜਕਲ ਧਰਮ ਅਧਿਐਨ ਵਿਭਾਗ ਦੇ

---

9 ਡਾ. ਕਿਰਪਾਲ ਕੌਰ, ਸਾਬਕਾ ਪ੍ਰਿੰਸੀਪਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਹੁਸ਼ਿਆਰਪੁਰ, ਮਿਤੀ 6. 8. 2014,

10 ਪ੍ਰੋ. ਜੁਝਾਰ ਸਿੰਘ, ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10. 9. 2014,

ਮੁਖੀ ਵਜੋਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸੰਤ ਸਰਵਣ ਸਿੰਘ ਗੰਧਰਵ ਦੇ ਦਰਸਾਏ ਮਾਰਗ ਤੇ ਚਲਦਿਆ ਉਹ ਵੀ ਆਪਣੇ ਵਿਭਾਗ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਦਾ ਪਾਠ ਕਰਨਾ ਸਿਖਾਉਂਦੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਸਵੇਰ ਸਮੇਂ ਪਹਿਲਾ ਪੀਰੀਅਡ ਖਾਲੀ ਰੱਖਿਆ ਗਿਆ ਹੈ। ਗੁਰਬਾਣੀ ਦਾ ਸ਼ੁਧ ਪਾਠ ਸਿਖਣ ਦੇ ਚਾਹਵਾਨ ਵਿਦਿਆਰਥੀ ਇਸ ਪੀਰੀਅਡ ਵਿਚ ਧਰਮ ਅਧਿਐਨ ਵਿਭਾਗ ਵਿਚ ਆਉਂਦੇ ਹਨ ਤੇ ਪਾਠ ਕਰਨਾ ਸਿਖਦੇ ਹਨ। ਪ੍ਰੋ. ਸਾਹਿਬ ਅਨੁਸਾਰ ਵਿਦਿਆਰਥੀਆਂ ਨੂੰ ਸਹਿਜ ਪਾਠ ਸਿਖਾਉਣ ਲਈ ਸੈਂਚੀਆਂ ਮੰਗਵਾਈਆਂ ਗਈਆਂ ਹਨ, ਤਾਂ ਕਿ ਵਿਦਿਆਰਥੀ ਗੁਰਬਾਣੀ ਦਾ ਪਾਠ ਕਰ ਸਕਣ।'[11]

— ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਧਾਰਮਿਕ ਮੁਕਾਬਲਿਆਂ ਦੇ ਨਾਲ-ਨਾਲ **ਸਭਿਆਚਾਰਕ ਗਤੀਵਿਧੀਆਂ** ਵਿਚ ਮੋਹਰੀ ਕਾਲਜ ਸਾਬਿਤ ਹੋਇਆ ਹੈ। ਕਾਲਜ ਵਿਚ ਹੋਣ ਵਾਲੇ ਇਨ੍ਹਾਂ ਸਭਿਆਚਾਰਕ ਪ੍ਰੋਗਰਾਮਾਂ ਦੇ ਸਬੰਧ ਵਿਚ ਉਥੇ ਕਾਰਜਰੱਤ ਵੱਖ-ਵੱਖ ਪ੍ਰੋਫ਼ਸਰ ਸਾਹਿਬਾਨ ਨਾਲ ਸਾਖਿਆਕਾਰ ਤੋਂ ਇਹ ਤਸਵੀਰ ਸਾਫ਼ ਉਭਰ ਕੇ ਆਉਂਦੀ ਹੈ। **ਪ੍ਰੋ. ਸੁਰਿੰਦਰ ਕੌਰ ਬੈਂਸ**, (ਮੁਖੀ ਅਰਥ ਸ਼ਾਸਤਰ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ) ਅਨੁਸਾਰ, 'ਕਾਲਜ ਵਿਚ ਹੋਣ ਵਾਲੇ ਧਾਰਮਿਕ ਮੁਕਾਬਲਿਆਂ ਤੋਂ ਇਲਾਵਾ ਕਾਲਜ ਵਿਚ ਹਰੇਕ ਸਾਲ ਅੰਤਰ ਕਾਲਜ ਸਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਾਦਾਂ ਹੈ, ਜਿਸ ਵਿਚ ਗੀਤ, ਲੋਕ ਗੀਤ, ਲੋਕ ਨਾਚ ਗਿੱਧਾ ਅਤੇ ਭੰਗੜੇ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਨਾਂ ਮੁਕਾਬਲਿਆਂ ਵਿਚ ਦੂਰੋਂ-ਦੂਰੋਂ ਅਣਗਿਣਤ ਕਾਲਜ ਭਾਗ ਲੈਂਦੇ ਹਨ। ਇਸ ਤੋਂ ਇਲਾਵਾ ਸਾਉਣ ਮਹੀਨੇ 'ਤੀਆਂ ਦਾ ਤਿਉਹਾਰ' ਵੀ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਪੰਜਾਬ ਦੇ ਪੁਰਾਤਨ ਸਭਿਆਚਾਰ ਦੀ ਸਾਫ਼-ਸਾਫ਼ ਤਸਵੀਰ ਪੇਸ਼ ਕੀਤੀ ਜਾਂਦੀ ਹੈ। ਇਸ ਮੌਕੇ ਹੋਰ ਖਾਣ ਪੀਣ ਦੀਆਂ ਵਸਤਾਂ ਤੋਂ ਇਲਾਵਾ ਖੀਰ ਪੂੜਿਆਂ ਦਾ ਲੰਗਰ ਵੀ ਲਗਾਇਆ ਜਾਂਦਾ ਹੈ। ਇਨਾਂ ਸਾਰੇ ਪ੍ਰੋਗਰਾਮਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨਾਂ ਪ੍ਰੋਗਰਾਮਾਂ ਵਿਚ ਬਾਹਰੋ ਆਏ ਹੋਏ ਸਟਾਫ਼ ਮੈਂਬਰਾਂ, ਵਿਦਿਆਰਥੀਆਂ ਅਤੇ ਇਲਾਕਾ ਨਿਵਾਸੀਆਂ ਲਈ ਗੁਰੂ ਦਾ ਅਟੁੱਟ ਲੰਗਰ ਪੰਗਤ ਵਿਚ ਬਿਠਾ ਕੇ ਛਕਾਇਆ ਜਾਂਦਾ ਹੈ।'[12]

— ਕਾਲਜ ਵਲੋਂ ਵਿਦਿਆਰਥੀਆਂ ਨੂੰ ਕਾਲਜ ਦੀਆਂ ਆਪਣੀਆਂ ਬੱਸਾਂ ਰਾਹੀਂ ਲਿਜਾ ਕੇ **ਗੁਰਧਾਮਾਂ ਦੇ ਦਰਸ਼ਨ** ਦੀਦਾਰੇ ਕਰਵਾਏ ਜਾਂਦੇ ਹਨ। **ਡਾ. ਕਿਰਪਾਲ ਕੌਰ**, (ਸਾਬਕਾ ਪ੍ਰਿੰਸੀਪਲ ਸੰਤ ਬਾਬਾ ਦਲੀਪ

---

11 ਪ੍ਰੋ. ਜੁਝਾਰ ਸਿੰਘ, ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10. 9. 2014,

12 ਪ੍ਰੋ. ਸੁਰਿੰਦਰ ਕੌਰ ਬੈਂਸ, ਮੁਖੀ ਅਰਥ ਸ਼ਾਸਤਰ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10. 10. 2014,

ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ) ਅਨੁਸਾਰ, 'ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਹਮੇਸ਼ਾ ਗੁਰਧਾਮਾਂ ਦੇ ਦਰਸ਼ਨਾਂ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਕਾਲਜ ਵਲੋਂ ਵੀ ਹਰੇਕ ਸਾਲ ਗੁਰਧਾਮਾਂ ਦੇ ਦਰਸ਼ਨਾਂ ਲਈ ਵਿਦਿਆਰਥੀਆਂ ਨੂੰ ਲਿਜਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਵਿਦਿਆਰਥੀਆਂ ਨੂੰ ਪੰਜਾਬ, ਹਰਿਆਣਾ, ਹਿਮਾਚਲ ਦੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਵਾਉਣ ਤੋਂ ਇਲਾਵਾ ਸੰਨ 2008 ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਵੀ ਕਰਵਾਏ ਜਾ ਚੁਕੇ ਹਨ। ਇਸ ਤੋਂ ਇਲਾਵਾ ਜਿਨੀਆਂ ਵੀ ਸ਼ਤਾਬਦੀਆਂ ਮਨਾਈਆਂ ਗਈਆਂ, ਉਨ੍ਹਾਂ ਵਿਚ ਵੀ ਕਾਲਜ ਦੀਆਂ ਬੱਸਾਂ ਰਾਹੀ ਵਿਦਿਆਰਥੀਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਲਿਜਾਇਆ ਗਿਆ ਅਤੇ ਸ਼ਤਾਬਦੀਆਂ ਮਨਾਉਣ ਦੇ ਮੰਤਵ ਤੋਂ ਜਾਣੂ ਕਰਵਾਇਆ ਗਿਆ।'[13]

— ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨੇ **ਧਰਮ ਦੇ ਪਰਚਾਰ** ਲਈ ਵੀ ਆਪਣਾ ਬਣਦਾ ਯੋਗਦਾਨ ਪਾਇਆ ਹੈ। ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਹੋਣ ਕਰਕੇ ਇਸ ਕਾਲਜ ਨੇ ਧਰਮ ਦੇ ਪਰਚਾਰ ਤੇ ਪਰਸਾਰ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ ਹੈ। **ਪ੍ਰੋ. ਜੁਝਾਰ ਸਿੰਘ**, (ਮੁਖੀ ਧਰਮ ਅਧਿਐਨ ਵਿਭਾਗ) ਨੇ ਇਸ ਸਬੰਧ ਵਿਚ ਚਾਨਣਾ ਪਾਉਂਦੇ ਹੋਏ ਇਸ ਤਰ੍ਹਾਂ ਦੱਸਿਆ, 'ਉਨ੍ਹਾਂ ਅਨੁਸਾਰ ਜੇਕਰ ਇਲਾਕੇ ਦੇ ਕਿਸੇ ਪਿੰਡ ਦੇ ਲੋਕਾਂ ਨੇ ਸਮੂਹਿਕ ਰੂਪ ਵਿਚ ਤਖਤਾਂ ਤੇ ਜਾ ਕੇ ਜਾਂ ਕਿਸੇ ਹੋਰ ਧਾਰਮਿਕ ਸਥਾਨ ਤੇ ਜਾ ਕੇ ਅੰਮ੍ਰਿਤ ਛਕਣਾ ਹੋਵੇ, ਤਾਂ ਉਨਾਂ ਦੇ ਜਾਣ ਅਤੇ ਆਉਣ ਲਈ ਕਾਲਜ ਵਲੋਂ ਆਪਣੀ ਸ਼ਪੈਸ਼ਲ ਬੱਸ ਫ਼ਰੀ ਭੇਜੀ ਜਾਂਦੀ ਹੈ।'[14]

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡੁਮੇਲੀ ਟਕਸਾਲ ਜੋ ਜਿਲਾ ਕਪੂਰਥਲਾ ਦੀ ਫਗਵਾੜਾ ਤਹਿਸੀਲ ਅਧੀਨ ਪੈਂਦੀ ਹੈ ਅਤੇ ਫਗਵਾੜਾ-ਹੁਸ਼ਿਆਰਪੁਰ ਸੜਕ ਤੇ ਸਥਿਤ ਰਿਹਾਣਾਂ ਜੱਟਾਂ ਪਿੰਡ ਤੋਂ ਲਹਿੰਦੇ ਪਾਸੇ ਕਰੀਬ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ, ਇਹ ਸੰਤ ਦਲੀਪ ਸਿੰਘ (1883-1949) ਦੇ ਸਮੇਂ ਤੋਂ ਹੋਂਦ ਵਿਚ ਆਈ। ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਨੇ ਆਪਣੇ ਕਾਰਜਾਂ ਦੇ ਮਾਧਿਅਮ ਰਾਂਹੀ ਇਸ ਟਕਸਾਲ ਦਾ ਵਿਸਤਾਰ ਕੀਤਾ ਅਤੇ ਇਸ ਦਾ ਨਾਂ ਦੁਨੀਆਂ ਭਰ ਵਿਚ ਚਮਕਾਇਆ। ਉਨ੍ਹਾਂ ਤੋਂ ਬਾਅਦ ਅੱਜਕਲ ਸੰਤ ਪ੍ਰੀਤਮ ਸਿੰਘ ਦੀ ਦੇਖ ਰੇਖ ਅਧੀਨ ਇਹ ਟਕਸਾਲ ਚੱਲ ਰਹੀ ਹੈ। ਸੰਤ

---

13 ਡਾ. ਕਿਰਪਾਲ ਕੌਰ, ਸਾਬਕਾ ਪ੍ਰਿੰਸੀਪਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਹੁਸ਼ਿਆਰਪੁਰ, ਮਿਤੀ 6. 8. 2014,

14 ਪ੍ਰੋ. ਜੁਝਾਰ ਸਿੰਘ, ਮੁਖੀ ਧਰਮ ਅਧਿਐਨ ਵਿਭਾਗ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ, ਕਪੂਰਥਲਾ, ਮਿਤੀ 10. 9. 2014,

ਪ੍ਰੀਤਮ ਸਿੰਘ ਨੇ ਡੇਰੇ ਦੀਆਂ ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਨਵਾਂ ਰੂਪ ਦਿਤਾ ਹੈ। ਸੰਤ ਸਰਵਣ ਸਿੰਘ ਤੋਂ ਬਾਅਦ ਇਸ ਟਕਸਾਲ ਵਲੋਂ ਕਿਸੇ ਵੀ ਤਰ੍ਹਾਂ ਦੀ ਸੰਗੀਤਕ ਸਮੱਗਰੀ ਦਾ ਪ੍ਰਕਾਸ਼ਨ ਨਹੀ ਹੋਇਆ। ਸੰਤ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਦੇ ਸਮੇਂ ਤੋਂ ਚਲੀ ਆ ਰਹੀ ਪਰੰਪਰਾ ਨੂੰ ਹੀ ਹੂ-ਬ-ਹੂ ਨਿਭਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਸਦਕਾ ਅੱਜ ਵੀ ਸੰਗੀਤ ਦੇ ਵਿਦਿਆਰਥੀ (ਬਹੁਤ ਘੱਟ ਗਿਣਤੀ ਵਿਚ) ਸੰਗੀਤ ਦੀ ਸਿਖਿਆ ਲੈਣ ਲਈ ਇਥੇ (ਡੁਮੇਲੀ ਟਕਸਾਲ ਵਿਖੇ) ਆਉਂਦੇ ਹਨ। ਭਾਵੇਂ ਗੁਰਮਤਿ ਸੰਗੀਤ ਦੇ ਸਾਜ਼ਾਂ ਰਬਾਬ, ਸਰੰਦਾ, ਦਿਲਰੁਬਾ, ਤਾਊਸ, ਸਾਰੰਗੀ ਆਦਿ ਦੀ ਸਿਖਲਾਈ ਵਰਤਮਾਨ ਸਮੇਂ ਇਥੇ ਨਹੀਂ ਦਿਤੀ ਜਾਂਦੀ ਪਰ ਫਿਰ ਵੀ ਗੁਰਦੁਆਰੇ ਵਿਚ ਕੀਰਤਨੀ ਜਥੇ ਦੇ ਮੈਂਬਰ (ਭਾਈ ਗੁਰਪ੍ਰੀਤ ਸਿੰਘ ਰਾਗੀ, ਭਾਈ ਕੀਰਤ ਸਿੰਘ ਰਾਗੀ ਅਤੇ ਭਾਈ ਭਗਤ ਸਿੰਘ ਤਬਲਾ ਵਾਦਕ) ਇਨ੍ਹਾਂ ਵਿਦਿਆਰਥੀਆਂ ਨੂੰ ਮੁਫਤ ਸੰਗੀਤ (ਤਬਲਾ ਅਤੇ ਹਰਮੋਨੀਅਮ) ਦੀ ਸਿਖਿਆ ਦਿੰਦੇ ਹਨ। ਸੰਤ ਪ੍ਰੀਤਮ ਸਿੰਘ ਨੇ ਗੁਰਮਤਿ ਸੰਗੀਤ ਦਾ ਪਰਚਾਰ ਪਰਸਾਰ ਕਰਨ ਅਤੇ ਸੰਤ ਸਰਵਣ ਸਿੰਘ ਗੰਧਰਵ ਦੁਆਰਾ ਚਲਾਈ ਗਈ ਕੀਰਤਨ ਦੀ ਸਿਖਲਾਈ ਪਰੰਪਰਾ ਨੂੰ ਹੂ-ਬ-ਹੂ ਚਾਲੂ ਰੱਖਣ ਦੀ ਬਚਨਬੱਧਤਾ ਪ੍ਰਗਟਾਈ ਹੈ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਡੁਮੇਲੀ ਟਕਸਾਲ ਤੋਂ ਲਗਭਗ 1 ਕਿਲੋਮੀਟਰ ਦੂਰ 1971 ਵਿਚ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ (ਕਪੂਰਥਲਾ)ਦੀ ਸਥਾਪਨਾ ਕੀਤੀ ਗਈ ਜੋ ਅੱਜਕਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਪੇਡੂੰ ਖੇਤਰ ਦੇ ਵਿਦਿਆਰਥੀਆਂ ਨੂੰ ਸਿਖਿਆ ਪ੍ਰਦਾਨ ਕਰ ਰਿਹਾ ਹੈ। ਕਾਲਜ ਵਲੋਂ ਹਰ ਸਾਲ ਸੰਤਾਂ ਦੀ ਬਰਸੀ ਮੌਕੇ ਸ਼ਬਦ ਗਾਇਨ, ਵਾਰ ਗਾਇਨ, ਧਾਰਮਿਕ ਕਵਿਤਾ, ਕਵੀਸ਼ਰੀ ਅਤੇ ਤਬਲਾ ਵਾਦਨ ਦੇ ਅੰਤਰ ਕਾਲਜ ਮੁਕਾਬਲੇ ਕਰਵਾਏ ਜਾਂਦੇ ਹਨ। ਕਾਲਜ ਸਟਾਫ਼ ਵਲੋਂ ਹਰ ਸਾਲ ਕਾਲਜ ਵਿਚ ਸ੍ਰੀ ਅਖੰਡ ਪਾਠ ਕਰਵਾਇਆ ਜਾਂਦਾ ਹੈ। ਜਿਸ ਵਿਚ ਕਾਲਜ ਦੇ ਵਿਦਿਆਰਥੀ ਤੇ ਹੋਰ ਬਾਹਰੋਂ ਆਏ ਕੀਰਤਨੀ ਜਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਧਾਰਮਿਕ ਗਤੀਵਿਧੀਆਂ ਤੋਂ ਇਲਾਵਾ ਇਲਾਵਾ ਕਾਲਜ ਵਿਚ ਅੰਤਰ ਕਾਲਜ ਸਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਾਦਾਂ ਹੈ, ਜਿਸ ਵਿਚ ਗੀਤ, ਲੋਕ ਗੀਤ, ਲੋਕ ਨਾਚ ਗਿੱਧਾ ਅਤੇ ਭੰਗੜੇ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਸਾਉਣ ਮਹੀਨੇ 'ਤੀਆਂ ਦਾ ਤਿਉਹਾਰ' ਵੀ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

## 5.4 ਅਲੋਚਨਾਤਮਿਕ ਵਿਸ਼ਲੇਸ਼ਣ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਟਕਸਾਲਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੀ ਮਹੱਤਤਾ ਨੂੰ ਆਂਕਣ ਲਈ ਸਾਨੂੰ ਗੁਰਮਤਿ ਸੰਗੀਤ ਦੀਆਂ ਪ੍ਰਮੁਖ ਟਕਸਾਲਾਂ ਦੇ ਸੰਦਰਭ ਵਿਚ ਦੇਖਣਾ ਪਵੇਗਾ। ਵੱਖ-ਵੱਖ ਟਕਸਾਲਾਂ ਦੀ ਕਾਰਗੁਜ਼ਾਰੀ ਨੂੰ ਵਾਚਣ ਉਪਰੰਤ ਹੀ ਡੁਮੇਲੀ ਟਕਸਾਲ ਦੀ ਮਹੱਤਤਾ ਨੂੰ ਆਕਿਆਂ ਜਾ ਸਕਦਾ ਹੈ। ਜੇਕਰ ਗੁਰੂ ਸਾਹਿਬਾਨ ਦੇ ਕਾਲ

ਤੋਂ ਆਰੰਭ ਕਰੀਏ ਤਾਂ ਸਾਨੂੰ ਪਤਾ ਚਲਦਾ ਹੈ ਕਿ ਗੁਰੂ ਸਾਹਿਬਾਨ ਨੇ ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕਰ ਕੇ ਗੁਰਮਤਿ ਸੰਗੀਤ ਦਾ ਪ੍ਰਵਾਹ ਚਲਾਇਆ ਸੀ। ਗੁਰੂ ਕਾਲ ਤੋਂ ਬਾਅਦ ਇਸ ਕਾਰਜ ਲਈ ਸਮੇਂ-ਸਮੇਂ ਅਨੇਕ ਟਕਸਾਲਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੀ ਪਰੰਪਰਾ ਦਾ ਵਿਕਾਸ ਕਰਨ ਵਿਚ ਵੱਡਾ ਯੋਗਦਾਨ ਪਾਇਆ। ਇਨ੍ਹਾਂ ਵਿਚੋਂ ਪ੍ਰਮੁਖ ਟਕਸਾਲਾਂ ਇਸ ਤਰ੍ਹਾਂ ਹਨ:- ਦਮਦਮਾ ਸਾਹਿਬ ਦੀ ਟਕਸਾਲ, ਮਸਤੂਆਣਾ ਟਕਸਾਲ, ਬੁੱਢਾਜੋੜ ਟਕਸਾਲ, ਦਮਦਮੀ ਟਕਸਾਲ, ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਦੋਧਰਪੁਰ ਟਕਸਾਲ, ਹਰਗਨਾ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ। ਇਸ ਤੋਂ ਇਲਾਵਾ ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ; ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰਮਤਿ ਵਿਦਿਆਲਾ ਰਕਾਬਗੰਜ, ਦਿੱਲੀ; ਸੂਰਮਾ ਆਸ਼ਰਮ, ਅੰਮ੍ਰਿਤਸਰ; ਜਵੱਦੀ ਟਕਸਾਲ, ਲੁਧਿਆਣਾ; ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ; ਗੁਰਮਤਿ ਸੰਗੀਤ ਸੁਸਾਇਟੀ, ਪਟਿਆਲਾ; ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ; ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਡੇਸ਼ਨ, ਨਵੀ ਦਿੱਲੀ; ਗੁਰਮਤਿ ਮਿਸ਼ਨਰੀ ਸੰਸਥਾਵਾਂ ਨੇ ਵੀ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵੱਡਾ ਯੋਗਦਾਨ ਪਾਇਆ ਹੈ।

ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਗੁਰਮਤਿ ਸੰਗੀਤ ਦੀਆਂ ਇਨ੍ਹਾਂ ਪ੍ਰਮੁਖ ਟਕਸਾਲਾਂ ਉਤੇ ਬਹੁਤ ਹੀ ਸੰਖੇਪ ਵਿਚ ਝਾਤ ਪਾਉਣਾ ਜਰੂਰੀ ਹੈ।

**ਦਮਦਮਾ ਸਾਹਿਬ ਦੀ ਟਕਸਾਲ**, ਜੋ ਕਿ ਬਠਿੰਡਾ ਜਿਲਾ ਦੇ ਕਸਬਾ ਤਲਵੰਡੀ ਸਾਬੋ ਵਿਖੇ ਸਥਿਤ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਕਾਰਜਸ਼ੀਲ ਹੈ। **ਡਾ. ਜਸਬੀਰ ਕੌਰ** ਅਨੁਸਾਰ, `ਇਸ ਟਕਸਾਲ ਵਿਚ ਸਮੇਂ-ਸਮੇਂ ਤੇ ਬਾਬਾ ਦੀਪ ਸਿੰਘ ਜੀ, ਬਾਬਾ ਗੁਰਬਖਸ਼ ਸਿੰਘ, ਗਿਆਨੀ ਸੂਰਤ ਸਿੰਘ, ਸੰਤ ਅਤਰ ਸਿੰਘ ਅਤੇ ਭਾਈ ਤਾਰਾ ਸਿੰਘ ਜੀ ਮੁਖੀ ਰਹਿ ਚੁੱਕੇ ਹਨ। ਇਸ ਟਕਸਾਲ ਨੇ ਰਾਗੀ ਜੰਗ ਸਿੰਘ ਪਖਾਵਜ਼ੀ, ਭਾਈ ਬਾਗ ਸਿੰਘ, ਸੰਤ ਬਿਸ਼ਨ ਸਿੰਘ ਮੁਰਾਲਾ ਵਾਲੇ, ਭਾਈ ਬਲਜੀਤ ਸਿੰਘ ਫਤਿਹਬਾਦ, ਭਾਈ ਇੰਦਰਪਾਲ ਸਿੰਘ ਅਤੇ ਭਾਈ ਜਗਜੀਤ ਸਿੰਘ ਕੋਹਾੜਕਾ ਜਿਹੇ ਰਾਗੀ ਪੈਦਾ ਕੀਤੇ ਹਨ। ਭਾਈ ਜਗਜੀਤ ਸਿੰਘ ਕੋਹਾੜਕਾ ਨੇ ਗੁਰਮਤਿ ਸੰਗੀਤ ਦੇ ਖੇਤਰ ਨਾਲ ਸਬੰਧਿਤ 8 ਪੁਸਤਕਾਂ ਵੀ ਲਿਖੀਆਂ ਹਨ।`[15]

ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ **ਬੁੱਢਾ ਜੋੜ ਟਕਸਾਲ**, ਜੋ ਕਿ ਰਾਜਸਥਾਨ ਵਿਚ ਹੈ, ਨੇ ਵੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਜ਼ਿਕਰਯੋਗ ਕੰਮ ਕੀਤਾ ਹੈ। **ਡਾ. ਗੁਰਨਾਮ ਸਿੰਘ** ਅਨੁਸਾਰ, `ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਦੁਆਰਾ ਅਰੰਭ ਕੀਤੀ ਇਹ ਟਕਸਾਲ ਲੱਗਭਗ 200 ਸਾਲ ਤੋਂ

15 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 114-116.

ਕਾਰਜਸ਼ੀਲ ਹੈ ਜਿਸ ਨੇ ਭਾਈ ਗੁਰਮੇਲ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਗੋਪਾਲ ਸਿੰਘ, ਭਾਈ ਨਿਰਮਲ ਸਿੰਘ ਖਾਲਸਾ ਅਤੇ ਉਸਤਾਦ ਹਾਕਮ ਸਿੰਘ ਮੌਜੀ ਜਿਹੇ ਕੀਰਤਨਕਾਰ ਪੈਦਾ ਕੀਤੇ ਹਨ।`[16]

ਗੁਰਮਤਿ ਸੰਗੀਤ ਦੀ **ਮਸਤੂਆਣਾ ਟਕਸਾਲ** ਨੇ ਵੀ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਆਪਣਾ ਯੋਗਦਾਨ ਪਾਇਆ ਹੈ। **ਡਾ. ਦਰਸ਼ਨ ਸਿੰਘ ਨਰੂਲਾ** ਅਨੁਸਾਰ, `ਇਸ ਟਕਸਾਲ ਨੇ ਭਾਈ ਲਾਲ ਅਤੇ ਭਾਈ ਜਸਵੰਤ ਸਿੰਘ ਜਿਹੇ ਰਾਗੀ ਪੈਦਾ ਕੀਤੇ ਹਨ।`[17] **ਡਾ. ਗੁਰਨਾਮ ਸਿੰਘ** ਅਨੁਸਾਰ, "ਭਾਈ ਹੀਰਾ ਸਿੰਘ, ਮਹੰਤ ਗੱਜਾ ਸਿੰਘ, ਬਾਬਾ ਖੁਸ਼ਹਾਲ ਸਿੰਘ, ਭਾਈ ਦਲ ਸਿੰਘ, ਭਾਈ ਜੈਮਲ ਸਿੰਘ, ਬਾਬਾ ਹਰਮੋਹਨ ਸਿੰਘ ਆਦਿ ਰਾਗੀ ਇਸ ਟਕਸਾਲ ਨਾਲ ਹੀ ਸਬੰਧਿਤ ਰਹੇ ਹਨ।"[18] ਮਸਤੂਆਣਾ ਟਕਸਾਲ ਦੀ ਇਕ ਹੋਰ ਸ਼ਾਖਾ ਬੜੂ ਸਾਹਿਬ ਹਿਮਾਚਲ ਵਿਚ ਵੀ ਹੈ ਜਿਥੇ ਛੋਟੇ ਬੱਚਿਆਂ ਨੂੰ ਗੁਰਮਿਤ ਸੰਗੀਤ ਦੀ ਸਿਖਿਆ ਦਿਤੀ ਜਾ ਰਹੀ ਹੈ।

**ਦਮਦਮੀ ਟਕਸਾਲ** ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ (ਅੰਮ੍ਰਿਤਸਰ) ਵਿਖੇ ਹੈ। ਬਾਬਾ ਦੀਪ ਸਿੰਘ ਜੀ ਦੇ ਸਮੇਂ ਤੋਂ ਅਰੰਭ ਹੋਈ ਇਸ ਟਕਸਾਲ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਕਾਰਜ ਕੀਤੇ। **ਡਾ. ਜਸਬੀਰ ਕੌਰ** ਅਨੁਸਾਰ, `ਇਸ ਟਕਸਾਲ ਦੇ ਬਾਬਾ ਗੁਰਬਖ਼ਸ ਸਿੰਘ, ਗਿਆਨੀ ਸੂਰਤ ਸਿੰਘ, ਭਾਈ ਗੁਰਦਾਸ ਸਿੰਘ, ਸੰਤ ਦਯਾ ਸਿੰਘ, ਗਿਆਨੀ ਭਗਵਾਨ ਸਿੰਘ, ਬਾਬਾ ਹਰਨਾਮ ਸਿੰਘ, ਬਾਬਾ ਬਿਸ਼ਨ ਸਿੰਘ, ਬਾਬਾ ਸੁੰਦਰ ਸਿੰਘ, ਬਾਬਾ ਗੁਰਬਚਨ ਸਿੰਘ ਖਾਲਸਾ, ਸੰਤ ਕਰਤਾਰ ਸਿੰਘ, ਸੰਤ ਜਰਨੈਲ ਸਿੰਘ ਸਮੇਤ ਅਨੇਕਾਂ ਮੁਖੀ ਰਹਿ ਚੁਕੇ ਹਨ। ਇਸ ਟਕਸਾਲ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਛੋਟੇ ਬੱਚਿਆਂ ਨੂੰ ਗੁਰਬਾਣੀ ਕੰਠ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਗੁਰਬਾਣੀ ਗਾਇਨ, ਤਬਲਾ ਵਾਦਨ ਅਤੇ ਗਤਕੇ ਦੀ ਵਿਧੀਬੱਧ ਸਿਖਲਾਈ ਵੀ ਦਿਤੀ ਜਾਂਦੀ ਹੈ।`[19]

ਅਠਾਰਵੀ ਸਦੀ ਵਿਚ ਅਰੰਭ ਹੋਈ **ਦੌਧਰਪੁਰ ਦੀ ਟਕਸਾਲ** ਨੇ ਵੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਮਹਾਨ ਕਾਰਜ ਕੀਤੇ ਹਨ। **ਡਾ. ਜਸਬੀਰ ਕੌਰ** ਅਨੁਸਾਰ, `ਇਸ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਸਿਖਿਆ ਲੈ ਕੇ ਬਹੁਤ ਸਾਰੇ ਨੇਤਰਹੀਣ ਵਿਦਿਆਰਥੀ ਪ੍ਰਸਿਧ ਰਾਗੀ ਬਣੇ। ਇਸ ਟਕਸਾਲ ਨੇ ਕਈ ਕੀਰਤਨੀਏ ਪੈਦਾ ਕੀਤੇ ਜਿਵੇਂ ਕਿ ਮਹੰਤ ਗੱਜਾ ਸਿੰਘ, ਭਾਈ ਜੈਮਲ ਸਿੰਘ, ਸੰਤ ਸਰਵਣ ਸਿੰਘ ਗੰਧਰਵ,

---

16 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2012, ਪੰਨਾ 206.

17 ਦਰਸ਼ਨ ਸਿੰਘ ਨਰੂਲਾ (ਡਾ.): ਗੁਰਮਤਿ ਸੰਗੀਤ ਦੀਆਂ ਪ੍ਰਮੁੱਖ ਟਕਸਾਲਾਂ, ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 1997-98, ਪਰਚਾ ਪਹਿਲਾ, ਪੰਨਾ 15.

18 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2012, ਪੰਨਾ 206.

19 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 118-119.

ਭਾਈ ਵੀਰ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਸੁੱਚਾ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਲਛਮਣ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਜਸਵੰਤ ਸਿੰਘ ਜਖ਼ਮੀ ਆਦਿ।`[20]

ਚਮਕੌਰ ਸਾਹਿਬ ਵਿਚ ਸਥਾਪਿਤ ਹੋਈ **ਹਰਗਨਾ ਦੀ ਟਕਸਾਲ** ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਮਹਾਨ ਯੋਗਦਾਨ ਪਾਇਆ ਹੈ। **ਡਾ. ਗੁਰਨਾਮ ਸਿੰਘ** ਅਨੁਸਾਰ, `ਇਸ ਟਕਸਾਲ ਦੇ ਮੋਢੀ ਭਾਈ ਸੰਪੂਰਨ ਸਿੰਘ ਜੀ, ਸਵਰਗੀ ਦਲੀਪ ਚੰਦਰ ਬੇਦੀ ਅਤੇ ਭਾਈ ਲਾਲ ਜੀ ਤਿੰਨੋ ਭਾਈ ਉਤਮ ਸਿੰਘ ਦੇ ਸ਼ਿਸ਼ ਸਨ। ਇਸ ਟਕਸਾਲ ਤੋਂ ਸਮੇਂ-ਸਮੇਂ ਸ. ਜਸਵੰਤ ਸਿੰਘ ਭੰਵਰਾ, ਪ੍ਰੋ. ਤਾਰਾ ਸਿੰਘ, ਪੰਡਿਤ ਦਲੀਪ ਚੰਦਰ ਬੇਦੀ, ਸਾਗਰ ਜੀ, ਡਾ. ਜਗੀਰ ਸਿੰਘ, ਡਾ. ਬਚਿਤਰ ਸਿੰਘ ਅਤੇ ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀ ਸਿਖਿਆ ਪ੍ਰਾਪਤ ਕਰਕੇ ਇਸ ਦਾ ਪਰਚਾਰ ਤੇ ਪਰਸਾਰ ਕੀਤਾ।`[21] ਵਰਨਣਯੋਗ ਹੈ ਕਿ ਇਸ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਡਾ. ਗੁਰਨਾਮ ਸਿੰਘ ਅੱਜਕਲ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਵਜੋਂ ਸੇਵਾਵਾ ਦੇ ਰਹੇ ਹਨ। ਉਨ੍ਹਾਂ ਦੀ ਦੇਖ-ਰੇਖ ਅਧੀਨ ਗੁਰਮਤਿ ਸੰਗੀਤ ਪ੍ਰਵੇਸ਼ਿਕਾ ਤੋਂ ਲੈ ਕੇ ਪੀਐਚ. ਡੀ. ਪੱਧਰ ਤੱਕ ਗੁਰਮਤਿ ਸੰਗੀਤ ਦੀ ਵਿਦਿਆ ਦਿਤੀ ਜਾਣ ਲੱਗੀ ਹੈ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਿਰਧਾਰਿਤ ਰਾਗਾਂ ਅਨੁਸਾਰ ਸ਼ਬਦਾਂ ਦਾ ਗਾਇਨ (ਰਿਕਾਰਡਿੰਗਜ਼ ਦੇ ਰੂਪ ਵਿਚ) ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਕੀਤੇ ਕਾਰਜਾਂ ਦਾ ਬਿਉਰਾ ਬਹੁਤ ਲਮੇਰਾ ਹੈ ਜਿਸ ਲਈ ਵੱਖਰੇ ਅਧਿਆਇ ਦੀ ਲੋੜ ਹੈ।

ਇਸੇ ਤਰ੍ਹਾਂ **ਤਰਨਤਾਰਨ ਦੀ ਟਕਸਾਲ** ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਵਰਨਣਯੋਗ ਕੰਮ ਕੀਤੇ। ਇਸ ਦੀ ਸਥਾਪਨਾ 1904 ਵਿਚ ਤਰਨਤਾਰਨ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਸੰਤ ਈਸ਼ਰ ਸਿੰਘ ਦੀ ਸਰਪ੍ਰਸਤੀ ਅਧੀਨ ਹੋਈ। **ਡਾ. ਗੁਰਨਾਮ ਸਿੰਘ ਅਨੁਸਾਰ**, `ਮਾਸਟਰ ਨੱਥੂ ਰਾਮ, ਭਾਈ ਸੰਤੂ (ਤਬਲਾ ਵਾਦਕ ਤੇ ਪਖਾਵਜੀ), ਭਾਈ ਬਖਸ਼ੀਸ ਸਿੰਘ, ਭਾਈ ਸੰਤਾ ਸਿੰਘ, ਭਾਈ ਮੁਕੰਦ ਸਿੰਘ, ਭਾਈ ਪੂਰਨ ਸਿੰਘ, ਭਾਈ ਪ੍ਰੇਮ ਸਿੰਘ ਸਮੇਤ ਅਨੇਕਾਂ ਰਾਗੀਆਂ ਤੇ ਤਬਲਾ ਵਾਦਕਾਂ ਨੇ ਇਸ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਕਰਕੇ ਇਸ ਦਾ ਪਰਚਾਰ ਅਤੇ ਪਰਸਾਰ ਕੀਤਾ।`[22]

---

20 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 116-117.

21 ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, 2012, ਪੰਨਾ 208-209.

22 ---ਉਹੀ---, ਪੰਨਾ 209.

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ **ਜਵੱਦੀ ਟਕਸਾਲ** ਦੀ ਵੀ ਮਹੱਤਵਪੂਰਨ ਭੂਮਿਕਾ ਹੈ। **ਡਾ. ਜਸਬੀਰ ਕੌਰ** ਅਨੁਸਾਰ, `1991 ਵਿਚ ਉਸ ਵੇਲੇ ਦੇ ਟਕਸਾਲ ਮੁਖੀ ਸੰਤ ਸੁੱਚਾ ਸਿੰਘ ਦੀ ਅਗਵਾਈ ਅਧੀਨ ਪੰਜ ਰੋਜ਼ਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਹੋਇਆ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਅਧੀਨ ਗੁਰਬਾਣੀ ਦਾ ਗਾਇਨ ਕੀਤਾ ਗਿਆ। ਇਸੇ ਤਰ੍ਹਾਂ 1992 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਿਸ਼ਰਤ ਰਾਗ ਅਤੇ ਲੋਕ ਧੁਨਾਂ, 1993 ਵਿਚ ਸਾਰੇ ਬਾਣੀਕਾਰਾਂ ਦੇ ਚੋਣਵੇ ਸ਼ਬਦਾਂ ਨੂੰ ਨਿਰਧਾਰਿਤ ਰਾਗਾਂ ਵਿਚ ਗਾਇਨ ਕਰਕੇ ਉਨ੍ਹਾਂ ਦੀ ਰਿਕਾਰਡਿੰਗਜ਼ ਵੀ ਕੀਤੀ ਗਈ। ਇਸ ਤੋਂ ਬਿਨ੍ਹਾਂ ਇਸ ਟਕਸਾਲ ਨੇ ਪੁਸਤਕਾਂ ਦਾ ਵੀ ਪ੍ਰਕਾਸ਼ਨ ਵੀ ਕੀਤਾ। ਇਸ ਟਕਸਾਲ ਨੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਗਾਇਨ ਅਤੇ ਤੰਤੀ ਸਾਜ਼ਾਂ ਦੀ ਸਿਖਿਆ ਦੇਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਟਕਸਾਲ ਨੇ ਸਮੇਂ-ਸਮੇਂ ਤੇ ਵਰਕਸ਼ਾਪਾਂ, ਸੈਮੀਨਾਰ, ਸਿਮਰਨ ਕੈਂਪ ਅਤੇ ਗੁਰਮਤਿ ਸੰਗੀਤ ਸੰਮੇਲਨ ਕਰਵਾ ਕੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵੱਡਾ ਯੋਗਦਾਨ ਪਾਇਆ। ਸੰਤ ਸੁੱਚਾ ਸਿੰਘ ਤੋਂ ਬਾਦ ਸੰਤ ਅਮੀਰ ਸਿੰਘ ਵੀ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਕਾਰਜਰੱਤ ਹਨ।'[23]

ਉਪਰੋਕਤ ਪ੍ਰਮੁੱਖ ਟਕਸਾਲਾਂ ਤੋਂ ਇਲਾਵਾ ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਡੁਮੇਲੀ ਦੀ ਟਕਸਾਲ, ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ, ਕਲੇਰਾਂ ਵਾਲਾ ਟਕਸਾਲ, ਰਕਾਬਗੰਜ ਟਕਸਾਲ, ਯਤੀਮਖਾਨਾ ਅੰਮ੍ਰਿਤਸਰ ਤੇ ਸੂਰਮਾ ਆਸ਼ਰਮ, ਬੁੱਢਾ ਜੋੜ ਟਕਸਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਕਾਰਜਰੱਤ ਹਨ।

ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ **ਡੁਮੇਲੀ ਟਕਸਾਲ (ਜਿਲਾ ਕਪੂਰਥਲਾ)** ਵੀ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੀ ਹੈ। ਗੁਰਮਤਿ ਸੰਗੀਤ ਦੀਆਂ ਉਪਰੋਕਤ ਟਕਸਾਲਾਂ ਦੇ ਕਾਰਜਾਂ ਦੀ ਕਸੌਟੀ ਤੇ ਜੇਕਰ ਡੁਮੇਲੀ ਟਕਸਾਲ ਦੀ ਕਾਰਜਵਿਧੀ ਨੂੰ ਪਰਖਿਆ ਜਾਵੇ ਤਾਂ ਉਸ ਸਬੰਧੀ ਹੇਠ ਲਿਖੇ ਤੱਥ ਦ੍ਰਿਸ਼ਟੀ ਗੋਚਰ ਹੁੰਦੇ ਹਨ।

ਡੁਮੇਲੀ ਟਕਸਾਲ ਦੇ ਇਤਿਹਾਸਿਕ ਪਿਛੋਕੜ ਤੇ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਡੁਮੇਲੀ ਟਕਸਾਲ ਦਾ ਆਰੰਭ **ਸੰਤ ਦਲੀਪ ਸਿੰਘ** ਤੋਂ ਹੋਇਆ। ਉਹ ਗੁਰਬਾਣੀ ਪ੍ਰੇਮੀ, ਸ਼ਾਂਤੀ ਦੇ ਪੁਜਾਰੀ, ਨਿਵੇਕਲੇ ਗੁਣਾਂ ਦੇ ਧਾਰਨੀ, ਪ੍ਰਸਿਧ ਵੈਦ, ਦਇਆਵਾਨ, ਨੇਕ ਦਿਲ ਇਨਸਾਨ, ਗਰੀਬਾਂ ਦੇ ਮਸੀਹਾ, ਪਰਉਪਕਾਰੀ

23 ਜਸਬੀਰ ਕੌਰ (ਡਾ.): ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਮਾਰਚ 2006, ਪੰਨਾ 126-129.

ਮਹਾਂਪੁਰਖ, ਕ੍ਰਾਂਤੀਕਾਰੀ ਅਤੇ ਦੇਸ਼ ਭਗਤ ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਨੇ ਸਿਖੀ ਪਰਚਾਰ ਅਤੇ ਅੰਮ੍ਰਿਤ ਸੰਚਾਰ ਕਰਕੇ ਅਨੇਕਾਂ ਸੰਗਤਾਂ ਨੂੰ ਸੇਧ ਦੇਣ ਦਾ ਮਹਾਨ ਕੰਮ ਕੀਤਾ। ਆਪ ਸ਼ੁਧ ਗੁਰਬਾਣੀ ਪੜ੍ਹਨ ਅਤੇ ਕੀਰਤਨ ਦੀ ਸਿਖਿਆ ਵੀ ਦਿੰਦੇ ਸਨ। ਉਨ੍ਹਾਂ ਦੇ ਸਵਰਗਵਾਸ ਹੋਣ ਸਮੇਂ ਸਾਰੇ ਇਲਾਕੇ ਵਿਚ ਸੋਗ ਦੀ ਲਹਿਰ ਸੀ। ਸੰਤ ਦਲੀਪ ਸਿੰਘ ਦੇ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੇ ਦੋ ਸ਼ਿਸ਼ਾਂ **ਸੰਤ ਸਰਵਣ ਸਿੰਘ ਗੰਧਰਵ** ਅਤੇ **ਸੰਤ ਹਰਬੰਸ ਸਿੰਘ** ਨੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਜਿਥੇ ਕਈ ਸਮਾਜ ਭਲਾਈ ਦੇ ਕੰਮ ਕੀਤੇ ਉਥੇ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਵਲੋਂ ਗੁਰਮਤਿ ਸੰਗੀਤ ਅਤੇ ਧਰਮ ਦੇ ਖੇਤਰ ਵਿਚ ਕਾਰਜ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਗੁਰੂ ਸੰਤ ਦਲੀਪ ਸਿੰਘ ਨੇ ਮੈਦਾਨ ਤਿਆਰ ਕਰ ਦਿਤਾ ਸੀ। ਇਸ ਮੈਦਾਨ ਵਿਚ ਵਿਚਰਦਿਆਂ ਹੀ ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਮਹਾਨ ਕਾਰਜ ਕੀਤੇ। ਸੰਤ ਸਰਵਣ ਸਿੰਘ ਦੇ ਸਮੇਂ (1926-1992) ਡੁਮੇਲੀ ਟਕਸਾਲ ਆਪਣੇ ਸਿਖਰ ਤੇ ਸੀ। ਇਸ ਸਮੇਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਅਨੇਕ ਕਾਰਜ ਹੋਏ ਜਿਵੇ ਕਿ-

— ਗੁਰਮਤਿ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਨਾਲ ਸਬੰਧਿਤ '**ਸੁਰ ਸਿਮਰਨ ਸੰਗੀਤ**' ਨਾਮਕ ਸੱਤ **ਪੁਸਤਕਾਂ ਦਾ ਪ੍ਰਕਾਸ਼ਨ** ਹੋਇਆ ਜਿਨ੍ਹਾਂ ਵਿਚ 1011 ਦੇ ਲਗਭਗ ਸ਼ਬਦ ਰਚਨਾਵਾਂ ਨੂੰ ਲਿਪੀਬੱਧ ਕੀਤਾ ਗਿਆ ਹੈ।

— ਇਸ ਤੋਂ ਇਲਾਵਾ ਇਨ੍ਹਾਂ ਪੁਸਤਕਾਂ ਵਿਚ **23 ਪੜਤਾਲਾਂ**, **4 ਭਜਨ**, **6 ਕਵਿਤਾਵਾਂ**, **11 ਤਰਾਨਿਆਂ ਅਤੇ ਸ਼ਬਦਾਂ** ਨੂੰ ਲਿਪੀਬੱਧ ਕਰਕੇ ਗੁਰਮਤਿ ਸੰਗੀਤ ਅਤੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਡੁਮੇਲੀ ਟਕਸਾਲ ਨੇ ਵਡਮੁੱਲਾ ਯੋਗਦਾਨ ਪਾਇਆ ਹੈ।

— ਇਸੇ ਸਮੇਂ ਹੀ ਇਕ ਹੋਰ ਪੁਸਤਕ '**ਮਨ ਅਤੇ ਸਰੀਰ ਅਰੋਗ ਕਿਵੇਂ ਰੱਖੀਏ**'ਦਾ ਪ੍ਰਕਾਸ਼ਨ ਹੋਇਆ। ਜਿਸ ਵਿਚ ਸੰਤ ਸਰਵਣ ਸਿੰਘ ਗੰਧਰਵ ਨੇ ਮਨ ਅਤੇ ਸਰੀਰ ਨੂੰ ਅਰੋਗ ਰੱਖਣ ਲਈ ਕਈ ਸੁਝਾਅ ਦਿਤੇ ਹਨ।

— ਇਕ 7 ਸ਼ਬਦਾਂ ਦਾ ਐਲ. ਪੀ. ਰਿਕਾਰਡ '**ਗੋਬਿੰਦ ਪ੍ਰੀਤਿ ਲਗੀ ਅਤਿ ਪਿਆਰੀ**' ਵੀ ਰਿਕਾਰਡ (ਸੰਤ ਸਰਵਣ ਸਿੰਘ ਗੰਧਰਵ ਦੀ ਅਵਾਜ਼ ਵਿਚ) ਹੋਇਆ ਜੋ ਨਿਰੋਲ ਡੁਮੇਲੀ ਟਕਸਾਲ ਦਾ ਬਾਕੀ ਟਕਸਾਲਾਂ ਨਾਲੋਂ ਵੱਖਰਾ ਅਤੇ ਮਹਾਨ ਕਾਰਜ ਮੰਨਿਆ ਜਾ ਸਕਦਾ ਹੈ।

— ਡੁਮੇਲੀ ਟਕਸਾਲ ਦੁਆਰਾ ਗੁਰਮਤਿ ਸੰਗੀਤ ਦੇ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਇਸ ਦੇ ਮੁਖ ਕਾਰਜਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ **ਇੰਗਲੈਂਡ, ਅਮਰੀਕਾ, ਕਨੇਡਾ ਅਤੇ ਜਰਮਨ** ਵਿਚ

ਜਾ ਕੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ। ਇਨ੍ਹਾਂ ਸਥਾਨਾਂ ਤੇ ਜਾ ਕੇ ਸੰਤ ਜੀ ਨੇ ਗੁਰਦੁਆਰਿਆਂ ਅਤੇ ਲੋਕਾਂ ਦੇ ਘਰਾਂ ਵਿਚ ਜਾ ਕੇ ਗੁਰਮਤਿ ਸੰਗੀਤ ਦੀ ਪੁਰਾਤਨ ਚਲਦੀ ਆ ਰਹੀ ਕੀਰਤਨ ਪਰੰਪਰਾ ਅਨੁਸਾਰ ਕੀਰਤਨ ਕਰ ਕੇ ਜਿਥੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ ਉਥੇ ਲੋਕਾਂ ਨੂੰ ਪੁਰਾਤਨ ਕੀਰਤਨ ਸ਼ੈਲੀ ਤੋਂ ਜਾਣੂ ਕਰਵਾਇਆ।

**—** ਆਪ ਨੇ **88 ਵਿਸ਼ੇਸ਼ ਰਾਗਾਂ** ਦਾ ਵੀ ਪ੍ਰਯੋਗ ਕੀਤਾ।

ਸੰਤ ਸਰਵਣ ਸਿੰਘ ਗੰਧਰਵ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਕੇ ਡੁਮੇਲੀ ਟਕਸਾਲ ਦਾ ਨਾਂ ਰੌਸ਼ਨ ਕੀਤਾ। ਇਸੇ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਸਿਖਿਆ ਲੈ ਕੇ **ਭਾਈ ਸੱਜਣ ਸਿੰਘ** ਮੂਲੋਵਾਲ (ਨੇਤਰਹੀਣ) ਅਤੇ **ਭਾਈ ਬੰਤਾ ਸਿੰਘ** (ਨੇਤਰਹੀਣ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਰਹੇ ਹਨ। ਇਸੇ ਟਕਸਾਲ ਦੇ ਵਿਦਿਆਰਥੀ ਰਹੇ ਭਾਈ **ਗੁਰਮੇਲ ਸਿੰਘ ਜਗਜੀਤਪੁਰ** (ਨੇਤਰਹੀਣ) ਵਾਲੇ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੇ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਕਾਫੀ ਸਮਾਂ ਕੀਰਤਨ ਕਰਦੇ ਰਹੇ। **ਭਾਈ ਦਇਆ ਸਿੰਘ ਕਨੇਡਾ, ਮਹਿੰਦਰ ਸਿੰਘ ਕਨੇਡਾ** ਅਤੇ **ਸ. ਹਰਤਾਜ ਸਿੰਘ**, ਜਿਨ੍ਹਾਂ ਨੇ ਡੁਮੇਲੀ ਟਕਸਾਲ ਤੋਂ ਹੀ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ ਨੇ ਬਾਅਦ ਵਿਚ ਕਨੇਡਾ ਅਤੇ ਇੰਗਲੈਂਡ ਜਾ ਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ। ਇਸੇ ਟਕਸਾਲ ਦੇ ਵਿਦਿਆਰਥੀ ਰਹੇ **ਮਹੰਤ ਬਲਵੀਰ ਸਿੰਘ** (ਜੋ ਇਸ ਟਕਸਾਲ ਵਿਚ ਬਚਪਨ ਵਿਚ ਆਏ ਸਨ ਤੇ ਹੁਣ ਬਜ਼ੁਰਗ ਹੋ ਚੁੱਕੇ ਹਨ) ਅੱਜਕਲ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ) ਵਿਖੇ ਰਹਿ ਕੇ ਹੀ ਕੀਰਤਨ ਸੇਵਾਵਾਂ ਦੇ ਰਹੇ ਹਨ। ਬਚਪਨ ਤੋਂ ਡੁਮੇਲੀ ਟਕਸਾਲ ਵਿਚ ਰਹਿਣ ਵਾਲੇ **ਸੰਤ ਪ੍ਰੀਤਮ ਸਿੰਘ** (ਮੌਜੂਦਾ ਮੁੱਖ ਸੇਵਾਦਾਰ ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ), ਜਿਨ੍ਹਾਂ ਨੇ ਸੰਤ ਸਰਵਣ ਸਿੰਘ ਗੰਧਰਵ ਕੋਲ ਰਹਿ ਕੇ ਗੁਰਮਤਿ ਸੰਗੀਤ ਦੀ ਸਿਖਿਆ ਲਈ, ਉਹ ਵੀ ਅੱਜਕਲ ਦੇਸ਼-ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰ ਰਹੇ ਹਨ।'[24]

ਡੁਮੇਲੀ ਟਕਸਾਲ ਨੇ ਗੁਰਮਤਿ ਸੰਗੀਤ ਦਾ ਅਧਿਆਤਮਿਕ ਪਰਚਾਰ ਕਰਨ ਤੋਂ ਇਲਾਵਾ ਅਕਾਦਮਿਕ ਸਿਖਿਆ ਦੇ ਖੇਤਰ ਵਿਚ ਵੀ ਬਹੁਤ ਯੋਗਦਾਨ ਪਾਇਆ ਜਿਵੇਂ ਕਿ-

**—** ਇਸੇ ਟਕਸਾਲ ਦੇ ਪ੍ਰਮੁੱਖ ਕਾਰਜਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ ਡੁਮੇਲੀ ਪਿੰਡ ਵਿਚ ਹੀ ਵਿਚ ਹੀ ਇਕ ਕਾਲਜ `**ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ**` ਖੋਲਿਆ।

---

24 ਸੰਤ ਪ੍ਰੀਤਮ ਸਿੰਘ, ਭਾਈ ਸੱਜਣ ਸਿੰਘ, ਮਹੰਤ ਬਲਵੀਰ ਸਿੰਘ ਅਤੇ ਸ. ਹਰਤਾਜ ਸਿੰਘ (ਸ਼ਗਿਰਦ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਸਾਖਿਆਕਾਰ (ਇੰਟਰਵਿਊ) ਦੇ ਅਧਾਰਿਤ, ਡੁਮੇਲੀ/ਰਿਹਾਣਾਂ ਜੱਟਾਂ, ਕਪੂਰਥਲਾ, ਵੱਖ-ਵੱਖ ਮਿਤੀਆਂ।

— ਇਸ ਤੋਂ ਇਲਾਵਾ ਪਿੰਡ ਵਿਚ ਹੀ **ਇਕ ਡਿਸਪੈਂਸਰੀ ਅਤੇ ਇਕ ਪਸ਼ੂਆਂ ਦੇ ਹਸਪਤਾਲ** ਦੀ ਇਮਾਰਤ ਦੀ ਉਸਾਰੀ ਕਰਵਾਈ।

— ਡੁਮੇਲੀ ਪਿੰਡ ਵਿਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ **ਸੰਗੀਤਕ ਵਿਦਿਆਲੇ** ਖੋਲੇ।

ਇਸੇ ਤਰ੍ਹਾਂ **ਸੰਤ ਹਰਬੰਸ ਸਿੰਘ** (1920-1990) ਦੇ ਸਮੇਂ ਵੀ ਡੁਮੇਲੀ ਟਕਸਾਲ ਨੇ **ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ** ਲਈ ਮਹੱਤਵਪੂਰਨ ਭੂਮਿਕਾ ਨਿਭਾਈ।

— ਇਸ ਸਮੇਂ ਇੰਗਲੈਂਡ ਦੇ ਵੈਸਟ ਬ੍ਰਾਮਵਿਚ ਵਿਖੇ '**ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਨਾਮ ਤੇ ਗੁਰਦੁਆਰਾ ਸਾਹਿਬ ਦੀ ਸਥਾਪਨਾ'** ਕਰਕੇ ਵਿਦੇਸ਼ੀ ਸੰਗਤਾਂ, ਖਾਸ ਕਰਕੇ ਛੋਟੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ੍ਹ ਲਗਾ ਕੇ ਗੁਰਮਤਿ ਸੰਗੀਤ ਦੀ ਸਿਖਿਆ ਦਿਤੀ ਗਈ।

— ਇਸੇ ਸਮੇਂ ਹੀ ਟਕਸਾਲ ਵਲੋਂ **ਇੰਗਲੈਂਡ**, **ਕਨੇਡਾ**, **ਆਸਟਰੇਲੀਆ**, **ਮਲੇਸ਼ੀਆ ਅਤੇ ਪਾਕਿਸਤਾਨ** ਆਦਿ ਦੇਸ਼ਾਂ ਵਿਚ ਜਾ ਕੇ ਗੁਰਦੁਆਰਿਆਂ ਦੀਆਂ ਉਸਾਰੀਆਂ ਅਤੇ ਸਾਂਭ-ਸੰਭਾਲ ਦਾ ਕੰਮ ਕੀਤਾ।

— ਡੁਮੇਲੀ ਟਕਸਾਲ ਵਲੋਂ ਸਮਾਜ ਭਲਾਈ ਦੇ ਕੰਮ ਕਰਦਿਆਂ ਅਨੇਕ **ਹਸਪਤਾਲਾਂ**, **ਸਰਾਵਾਂ**, **ਸੜ੍ਹਕਾਂ**, **ਪੁਲ੍ਹਾਂ ਦੀ ਉਸਾਰੀ**, **ਸਕੂਲ**, **ਕਾਲਜ**, **ਸਿਲਾਈ ਸੈਂਟਰ ਖੋਲਣੇ**, **ਗਰੀਬ ਬੱਚਿਆਂ ਦੇ ਵਿਆਹ ਅਤੇ ਪੜ੍ਹਾਈ ਲਈ ਖੁੱਲ ਕੇ ਮਾਇਕ ਸਹਾਇਤਾ** ਕੀਤੀ ਗਈ।

— ਸੰਤ ਹਰਬੰਸ ਸਿੰਘ ਦੇ ਸਮੇਂ ਡੁਮੇਲੀ ਟਕਸਾਲ ਵਲੋਂ ਜਿਥੇ ਰਾਗੀਆਂ ਅਤੇ ਢਾਡੀਆਂ ਦੇ ਮਾਣ ਸਤਿਕਾਰ ਵਿਚ ਵਾਧਾ ਹੋਇਆ ਉਥੇ ਅਜ਼ਾਦੀ ਸਮੇਂ **ਸਿੱਖ ਪੰਥ ਤੋਂ ਵਿਛੜੇ ਗੁਰਧਾਮਾਂ ਦੀ ਸਾਂਭ ਸੰਭਾਲ** ਵੱਲ ਵਿਸ਼ੇਸ਼ ਤੌਰ ਤੇ ਜ਼ੋਰ ਦਿਤਾ।

**ਸੰਤ ਹਰਬੰਸ ਸਿੰਘ** ਤੋਂ ਬਾਅਦ **ਸੰਤ ਰਾਮ ਸਿੰਘ** ਦੇ ਸਮੇਂ ਕੁਝ ਕਾਰਣਾਂ ਕਰਕੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਦਾ ਕਾਰਜ ਬਹੁਤ ਅੱਗੇ ਨਹੀ ਵੱਧ ਸਕਿਆ। ਬਾਬਾ ਰਾਮ ਸਿੰਘ ਦੇ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੀ ਪੱਗ ਵੀ **ਸੰਤ ਪ੍ਰੀਤਮ ਸਿੰਘ** (ਜੋ ਸੰਤ ਸਰਵਣ ਸਿੰਘ ਗੰਧਰਵ ਦੇ ਸ਼ਗਿਰਦ ਸਨ ਅਤੇ ਉਨ੍ਹਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਉਤਰਾ ਅਧਿਕਾਰੀ ਬਣੇ) ਦੇ ਬੱਝੀ। ਇਸ ਪ੍ਰਕਾਰ ਇਸ ਅਸਥਾਨ (ਟਕਸਾਲ) ਦਾ ਸੰਚਾਲਨ ਅੱਜਕਲ ਸੰਤ ਪ੍ਰੀਤਮ ਸਿੰਘ ਕਰ ਰਹੇ ਹਨ, ਜੋ ਕਿ ਡੁਮੇਲੀ ਟਕਸਾਲ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਸ ਪ੍ਰਕਾਰ ਸੰਤ ਦਲੀਪ ਸਿੰਘ (1883-1949) ਤੋਂ ਲੈ ਕੇ ਸੰਤ ਪ੍ਰੀਤਮ ਸਿੰਘ (ਡੁਮੇਲੀ ਟਕਸਾਲ ਦੇ ਮੌਜੂਦਾ ਸੰਚਾਲਕ) ਦੇ ਸਮੇਂ ਤੱਕ ਡੁਮੇਲੀ ਦੀ ਟਕਸਾਲ ਨੇ ਤਿੰਨ ਪੀੜੀਆਂ ਦਾ ਸਫ਼ਰ ਤਹਿ ਕਰਦਿਆਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਡਮੁੱਲਾ

ਯੋਗਦਾਨ ਪਾਇਆ  ਹੈ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਵਿਚ ਸੰਲਗਨ ਗੁਰਮਤਿ ਸੰਗੀਤ ਦੀਆਂ ਬਾਕੀ ਟਕਸਾਲਾਂ ਦੇ ਸੰਦਰਭ ਵਿਚ ਜੇਕਰ ਵਿਚਾਰ ਕਰੀਏ ਤਾਂ ਡੁਮੇਲੀ ਟਕਸਾਲ ਵਿਚ ਵੀ ਉਨ੍ਹਾਂ ਵਾਲੀਆਂ ਸਾਰੀਆਂ ਵਿਸ਼ੇਸ਼ਤਾਵਾਂ ਹਨ ਅਤੇ ਇਹ ਟਕਸਾਲ ਦੀ ਪਰਿਭਾਸ਼ਾ ਤੇ ਖਰੀ ਉਤਰਦੀ ਹਨ। ਵਰਤਮਾਨ ਵਿਚ ਇਹ ਟਕਸਾਲ ਸੰਤ ਪ੍ਰੀਤਮ ਸਿੰਘ ਦੀ ਦੇਖ ਰੇਖ ਅਧੀਨ ਚੱਲ ਰਹੀ ਹੈ। ਸਮੇਂ ਦੇ ਉਤਰਾਅ-ਚੜ੍ਹਾਅ ਨਾਲ ਇਸ ਟਕਸਾਲ ਦੀ ਕਾਰਗੁਜ਼ਾਰੀ ਵਿਚ ਭਾਵੇਂ ਪਰਿਵਰਤਨ ਹੁੰਦੇ ਰਹੇ ਪਰੰਤੂ ਇਸ ਟਕਸਾਲ ਦੇ ਕਰਤਾ ਧਰਤਾ ਹਮੇਸ਼ਾ ਆਪਣੇ ਤੋਂ ਪਹਿਲੇ ਸੰਤਾਂ ਮਹਾਂਪੁਰਖਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਣ ਦੀ ਕੋਸ਼ਿਸ ਕਰਦੇ ਰਹੇ ਹਨ ਅਤੇ ਵਰਤਮਾਨ ਵਿਚ ਵੀ ਇਹ ਕੋਸ਼ਿਸ਼ ਜਾਰੀ ਹੈ। ਡੁਮੇਲੀ ਟਕਸਾਲ ਦੇ ਉਪਰੋਕਤ ਕਾਰਜਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਡੁਮੇਲੀ ਟਕਸਾਲ ਆਪਣੇ ਆਰੰਭ ਤੋਂ ਲੈ ਕੇ ਅੱਜ ਤੱਕ ਗੁਰਮਤਿ ਸੰਗੀਤ ਦੇ ਪਰਚਾਰ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਸੰਲਗਨ ਗੁਰਮਤਿ ਸੰਗੀਤ ਦੀਆਂ ਬਾਕੀ ਟਕਸਾਲਾਂ ਦੇ ਸੰਦਰਭ ਵਿਚ ਵੀ ਜੇਕਰ ਵਿਚਾਰ ਕਰੀਏ, ਤਾਂ ਵੀ ਸਪਸ਼ਟ ਹੋ ਜਾਂਦਾ ਹੈ ਕਿ ਡੁਮੇਲੀ ਟਕਸਾਲ ਵਿਚ ਉਹ ਸਾਰੀਆਂ ਵਿਸ਼ੇਸ਼ਤਾਵਾਂ ਹਨ ਅਤੇ ਇਹ `ਟਕਸਾਲ` ਦੀ ਪਰਿਭਾਸ਼ਾ ਤੇ ਖਰੀ ਉਤਰਦੀ ਹੈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡੁਮੇਲੀ ਟਕਸਾਲ ਨੇ ਸੰਤ ਬਾਬਾ ਦਲੀਪ ਸਿੰਘ (1883-1949) ਦੇ ਸਮੇਂ ਤੋਂ ਆਰੰਭ ਹੋ ਕੇ ਸੰਤ ਪ੍ਰੀਤਮ ਸਿੰਘ (ਮੌਜੂਦਾ ਮੁਖੀ ਡੁਮੇਲੀ ਟਕਸਾਲ) ਦੇ ਸਮੇਂ ਤੱਕ ਦਾ ਸਫ਼ਰ ਤਹਿ ਕੀਤਾ ਹੈ।

# ਉਪਸੰਹਾਰ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਅਨੇਕ ਟਕਸਾਲਾਂ ਨੇ ਆਪਣਾ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿਚੋਂ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੀ ਵੀ ਅਹਿਮ ਭੂਮਿਕਾ ਹੈ। ਇਸ ਟਕਸਾਲ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਤੋਂ ਪਹਿਲਾ 'ਟਕਸਾਲ' ਸ਼ਬਦ ਨੂੰ ਪ੍ਰਭਾਸ਼ਿਤ ਕਰਨਾ ਜਰੂਰੀ ਹੋ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇਂ ਟਕਸਾਲ' ਨੂੰ 'ਟਕੇ ਬਣਾਉਣ ਵਾਲਾ ਘਰ' ਦੱਸਿਆ ਹੈ। ਜਿਥੇ ਰੁਪਏ, ਪੈਸੇ, ਸਿਕੇ ਤਿਆਰ ਕੀਤੇ ਜਾਂਦੇ ਹਨ ਜਾਂ ਜਿਥੇ ਵਿਦਿਆ ਸਿਖਾਈ ਜਾਂਦੀ ਹੈ। ਟਕਸਾਲ ਦੀ ਪਰਿਭਾਸ਼ਾ ਡਾ. ਗੁਰਨਾਮ ਸਿੰਘ, ਡਾ. ਜਸਬੀਰ ਕੌਰ ਅਤੇ ਡਾ. ਸੁਸ਼ੀਲ ਕੁਮਾਰ ਚੌਬੇ ਨੇ ਵੀ ਦਿਤੀ ਹੈ ਜਿਸ ਤੋਂ ਟਕਸਾਲ ਸ਼ਬਦ ਦੇ ਅਰਥ ਸਪਸ਼ਟ ਹੋ ਜਾਂਦੇ ਹਨ।

ਪ੍ਰਾਚੀਨ ਕਾਲ ਤੋਂ ਹੀ ਧਰਮ ਅਤੇ ਸੰਗੀਤ ਦੋਵੇਂ ਇਕੋ ਸਿਕੇ ਦੇ ਦੋ ਪਾਸੇ ਰਹੇ ਹਨ। ਧਰਮ ਦੇ ਪਰਚਾਰ ਲਈ ਹਮੇਸ਼ਾਂ ਸੰਗੀਤ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਸਿੱਖ ਗੁਰੂ ਸਹਿਬਾਨ ਨੇਂ ਵੀ ਆਪਣੀ ਵਿਚਾਰਧਾਰਾ ਨੂੰ ਪਰਚਾਰਨ ਲਈ ਗੁਰਬਾਣੀ ਦੀ ਰਚਨਾ ਕੀਤੀ ਅਤੇ ਉਸਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਕੀਰਤਨ (ਸੰਗੀਤ) ਦਾ ਸਹਾਰਾ ਲਿਆ। ਗੁਰਬਾਣੀ ਦੇ ਪਰਚਾਰ ਅਤੇ ਪਰਸਾਰ ਲਈ ਸ੍ਰੀ ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਕੀਰਤਨ ਕੇਂਦਰ ਸਥਾਪਿਤ ਕੀਤੇ। ਗੁਰੂ ਕਾਲ ਤੋਂ ਬਾਅਦ ਵੱਖ-ਵੱਖ ਟਕਸਾਲਾਂ ਨੇ ਇਸ ਮਾਰਗ ਤੇ ਚਲਦੇ ਹੋਏ ਕੀਰਤਨ ਅਤੇ ਸਿਖਲਾਈ ਦੀ ਪਰੰਪਰਾ ਨੂੰ ਅੱਗੇ ਵਧਾਇਆ। ਜਿਸ ਦੇ ਸਿੱਟੇ ਵਜੋਂ ਮੱਧਕਾਲ ਵਿਚ ਅਰੰਭ ਹੋਈ ਗੁਰਬਾਣੀ ਕੀਰਤਨ ਦੀ ਪਰੰਪਰਾ ਨੇ ਅੱਜ ਵਿਸ਼ਾਲ ਰੂਪ ਧਾਰਨ ਕਰ ਲਿਆ ਹੈ। ਇਥੇ ਸੰਖੇਪ ਰੂਪ ਵਿਚ ਇਸ ਦਾ ਵਰਣਨ ਕੀਤਾ ਜਾ ਰਿਹਾ ਹੈ।

ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਨੇਂ ਸਭ ਤੋਂ ਪਹਿਲਾ ਕੀਰਤਨ ਕੇਂਦਰ ਕਰਤਾਰਪੁਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜਦ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤਾਂ ਭਾਈ ਮਰਦਾਨਾ (ਮਰਦਾਨਾ ਰਬਾਬੀ) ਰਬਾਬ ਵਜਾ ਕੇ ਉਨ੍ਹਾਂ ਦਾ ਸਾਥ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 19 ਰਾਗਾਂ ਵਿਚ 976 ਸ਼ਬਦ ਦਰਜ ਹਨ। ਸ੍ਰੀ ਗੁਰੂ ਅੰਗਦ ਦੇਵ ਜੀ (1504-1552) ਨੇਂ ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਦੂਸਰਾ ਕੀਰਤਨ ਕੇਂਦਰ ਖਡੂਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ 9 ਰਾਗਾਂ ਵਿਚ 63 ਸਲੋਕਾਂ ਦੀ ਰਚਨਾਂ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ (1479-1574) ਨੇਂ ਤੀਸਰਾ ਕੀਰਤਨ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 17 ਰਾਗਾਂ ਵਿਚ 907 ਸ਼ਬਦ ਦਰਜ ਹਨ। ਆਪ ਨੇ ਗੁਰਬਾਣੀ ਕੀਰਤਨ ਨਾਲ ਸੰਗਤ ਕਰਨ ਲਈ

'ਸਰੰਦਾ' ਨਾਮਕ ਇਕ ਸੰਗੀਤ ਸਾਜ਼ ਦਾ ਆਵਿਸ਼ਕਾਰ ਵੀ ਕੀਤਾ। ਇਸੇ ਤਰ੍ਹਾਂ ਚੌਥੇ ਗੁਰੂ ਰਾਮਦਾਸ ਜੀ (1534-1584) ਨੇ ਰਾਮਦਾਸਪੁਰਾ/ ਚੱਕ ਗੁਰੂ ਦੀ ਨੀਂਹ ਰੱਖੀ, ਜੋ ਸ੍ਰੀ ਅੰਮ੍ਰਿਤਸਰ ਨਾਮ ਨਾਲ ਪ੍ਰਸਿਧ ਹੋਇਆ। ਇਸ ਸਮੇਂ ਭਾਈ ਸੱਤਾ ਤੇ ਬਲਵੰਡ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਲਈ ਯਤਨਸ਼ੀਲ ਰਹੇ। ਗੁਰੂ ਰਾਮਦਾਸ ਜੀ ਦੇ ਸਮੇਂ ਹੀ ਪੜਤਾਲ ਗਾਇਨ ਸ਼ੈਲੀ ਹੋਂਦ ਵਿਚ ਆਈ, ਜੋ ਸੰਗੀਤ ਜਗਤ ਦੀ ਕਿਸੇ ਹੋਰ ਪਰੰਪਰਾ ਵਿਚ ਉਪਲਬਧ ਨਹੀਂ। ਆਪ ਜੀ ਨੇਂ 19 ਪੜਤਾਲਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਆਪ ਜੀ ਨੇ 31 ਰਾਗਾਂ ਵਿਚ 679 ਪਦਾਂ ਦੀ ਰਚਨਾ ਕੀਤੀ। ਪੰਜਵੇ ਗੁਰੂ ਅਰਜਨ ਦੇਵ ਜੀ (1563-1606) ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 31 ਰਾਗਾਂ ਵਿਚ 2216 ਸ਼ਬਦ ਦਰਜ ਹਨ। ਆਪ ਜੀ ਨੇ 36 ਪੜਤਾਲਾਂ ਦੀ ਰਚਨਾ ਵੀ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਆਪ ਦੇ ਸਮੇਂ ਮੁੱਖ ਕੀਰਤਨਕਾਰ ਭਾਈ ਸੱਤਾ ਅਤੇ ਬਲਵੰਡ ਕਿਸੇ ਗੱਲ ਤੋਂ ਨਰਾਜ਼ ਹੋ ਗਏ। ਇਸ ਉਪਰੰਤ ਆਪ ਨੇ ਸਮੂਹ ਸੰਗਤ ਵਿਚ ਵਿਧੀਵਤ ਰੂਪ ਵਿਚ ਕੀਰਤਨ ਦੀ ਪਰੰਪਰਾ ਚਲਾਈ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ (1666-1708) ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਕੀਰਤਨ ਕੇਂਦਰ ਸਥਾਪਿਤ ਕਰਕੇ ਗੁਰਮਤਿ ਲਹਿਰ ਨੂੰ ਪ੍ਰਚੰਡ ਕੀਤਾ।

ਸਿਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਬਹੁਤ ਸਾਰੇ ਗੁਰਦੁਆਰਿਆਂ, ਡੇਰਿਆਂ ਵਿਚ ਸੰਤਾਂ ਮਹਾਤਮਾਵਾਂ ਨੇ ਕੀਰਤਨ ਜਾਂ ਗੁਰਮਤਿ ਸੰਗੀਤ ਦੀ ਸਿਖਿਆ ਦਾ ਨਿਯਮਤ ਰੂਪ ਵਿਚ ਪ੍ਰਬੰਧ ਕੀਤਾ। ਅਜਿਹੇ ਡੇਰਿਆਂ ਜਾਂ ਸਥਾਨਾਂ ਨੂੰ ਹੀ 'ਟਕਸਾਲ' ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਟਕਸਾਲ ਉਸ ਜਗਾ (ਸਥਾਨ) ਨੂੰ ਕਿਹਾ ਜਾਂਦਾ ਹੈ, ਜਿਥੇ ਸਿੱਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜਾਂ, ਰਹਿਣ-ਸਹਿਣ, ਇਤਿਹਾਸ ਸਬੰਧੀ ਪੂਰਨ ਤੌਰ ਤੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤ ਅਨੁਸਾਰ, ਗੁਰਬਾਣੀ ਗਾਇਨ ਦੇ ਮਹਾਨ ਗਿਆਤਾ ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਗਾਇਨ ਦੀ ਸਿਖਿਆ ਦਿੰਦੇ ਹਨ। ਟਕਸਾਲਾਂ ਵਿਚ ਜਿਥੇ ਸਿਖਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਨ ਦੀ ਮਰਿਯਾਦਾ, ਨਿਰਧਾਰਿਤ ਰਾਗਾਂ ਦੀ ਸਿਖਿਆ, ਸਮੇਂ ਮੁਤਾਬਿਕ ਕੀਰਤਨ ਕਰਨ ਦੀ ਵਿਧੀ ਸਿਖਾਈ ਜਾਂਦੀ ਹੈ, ਉਥੇ ਤੰਤੀ ਸਾਜ਼ਾਂ ਤੋਂ ਇਲਾਵਾ ਹੋਰ ਦੂਸਰੇ ਸਾਜ਼ ਵਜਾਉਣ ਦੀ ਸਿਖਿਆ ਵੀ ਦਿਤੀ ਜਾਂਦੀ ਹੈ। ਇਨ੍ਹਾਂ ਟਕਸਾਲਾਂ, ਡੇਰਿਆਂ, ਸੰਸਥਾਵਾਂ ਨੇਂ ਕੀਰਤਨ ਪਰੰਪਰਾ ਦੀ ਨਿਯਮਾਂ ਅਨੁਸਾਰ ਸਿਖਲਾਈ ਵਿਚ, ਗੁਰਮਤਿ ਸੰਗੀਤ ਦੀ ਇਸ ਪਰੰਪਰਾ ਨੂੰ ਜੀਵਤ ਰੱਖਣ ਅਤੇ ਹੋਰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਟਕਸਾਲਾਂ ਦੇ ਨਾਮ ਇਸ ਪ੍ਰਕਾਰ ਹਨ- ਦਮਦਮਾ ਸਾਹਿਬ ਦੀ ਟਕਸਾਲ, ਮਸਤੂਆਣਾ

ਟਕਸਾਲ, ਬੁੱਢਾਜੋੜ ਟਕਸਾਲ, ਦਮਦਮੀ ਟਕਸਾਲ, ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਦੋਧਰਪੁਰ ਟਕਸਾਲ, ਹਰਗਨਾ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ; ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰਮਤਿ ਵਿਦਿਆਲਾ ਰਕਾਬਗੰਜ, ਦਿੱਲੀ; ਸੂਰਮਾ ਆਸ਼ਰਮ, ਅੰਮ੍ਰਿਤਸਰ; ਜਵੱਦੀ ਟਕਸਾਲ, ਲੁਧਿਆਣਾ; ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ; ਗੁਰਮਤਿ ਸੰਗੀਤ ਸੁਸਾਇਟੀ, ਪਟਿਆਲਾ; ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ; ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀ ਦਿੱਲੀ; ਗੁਰਮਤਿ ਮਿਸ਼ਨਰੀ ਸੰਸਥਾਵਾਂ ਆਦਿ।

ਗੁਰਮਤਿ ਸੰਗੀਤ ਦੀਆਂ ਉਪਰੋਕਤ ਟਕਸਾਲਾਂ ਵਿਚੋਂ ਡੁਮੇਲੀ ਦੀ ਟਕਸਾਲ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਡੁਮੇਲੀ ਟਕਸਾਲ ਦੇ ਯੋਗਦਾਨ ਦਾ ਅਧਿਐਨ ਕਰਨ ਤੋਂ ਪਹਿਲਾਂ ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਕਿਹੋ ਜਿਹੀ ਹੈ, ਇਸ ਬਾਰੇ ਜਾਣਕਾਰੀ ਜਰੂਰੀ ਹੈ।

ਜਿਲਾ ਕਪੂਰਥਲਾ ਦੀ ਤਹਿਸੀਲ ਫਗਵਾੜਾ ਅਧੀਨ ਪੈਂਦਾ ਪਿੰਡ ਡੁਮੇਲੀ ਹੁਸ਼ਿਆਰਪੁਰ-ਫਗਵਾੜਾ ਸੜਕ ਤੇ ਸਥਿਤ ਪਿੰਡ ਰਿਹਾਣਾ ਜੱਟਾਂ ਤੋਂ ਬਿਲਕੁਲ ਲਹਿੰਦੇ ਪਾਸੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਪਿੰਡ ਦੀ ਇਤਿਹਾਸ ਬਾਰੇ ਕਈ ਦੰਦ ਕਥਾਵਾਂ ਸੁਣਨ ਨੂੰ ਮਿਲਦੀਆਂ ਹਨ। ਕਿਸੇ ਸਮੇਂ ਬਿਆਸ ਅਤੇ ਸਤਲੁਜ ਦਰਿਆ ਇਥੇ ਇਕੱਠੇ ਵਗਦੇ ਹੁੰਦੇ ਸਨ। ਦੋ ਦਰਿਆਵਾਂ ਦੇ ਮੇਲ ਕਾਰਨ, ਦੋ-ਮੇਲ ਤੋਂ ਇਸ ਪਿੰਡ ਦਾ ਨਾਮ 'ਦੋ-ਮੇਲੀ' ਪੈ ਗਿਆ, ਜੋ ਬਾਅਦ ਵਿਚ ਵਿਗੜ ਕੇ 'ਡੁਮੇਲੀ' ਬਣ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਜਦ ਦੋਵੇਂ ਦਰਿਆ ਅਲੱਗ-ਅਲੱਗ ਵਗਣ ਲੱਗੇ ਤਾਂ ਇਥੇ ਇਕ ਬਹੁਤ ਵੱਡਾ ਸਾਰਾ ਡੁੰਮ ਪੈ ਗਿਆ। ਇਸ ਡੁੰਮ ਤੋਂ ਹੀ ਇਸ ਪਿੰਡ ਦਾ ਨਾਮਕਰਨ ਹੌਲੀ-ਹੌਲੀ ਡੁਮੇਲੀ ਹੋ ਗਿਆ।

ਪੁਰਾਤਨ ਸਾਖੀਆਂ ਵਿਚ ਛੇਵੇਂ ਸਿੱਖ ਗੁਰੂ ਸਾਹਿਬਾਨ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਸਬੰਧ ਵੀ ਇਸ ਪਿੰਡ ਨਾਲ ਜੁੜਦਾ ਹੈ। ਕਿਹਾ ਜਾਂਦਾ ਹੈ ਕਿ ਕਿਸੇ ਤਪੱਸਵੀ ਦੀ ਦਿੱਤੀ ਬਦ-ਦੁਆ ਕਾਰਨ ਪਿੰਡ ਵਿਚ ਆਪੇ ਹੀ ਅੱਗ ਲੱਗਦੀ ਰਹੀ ਤੇ ਭਾਰੀ ਨੁਕਸਾਨ ਹੁੰਦਾ ਰਹਿੰਦਾ ਸੀ। ਸਿਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗਲ ਫੌਜਾਂ ਦਾ ਟਾਕਰਾ ਕਰਦੇ ਹੋਏ ਸੰਨ 1646 ਵਿਚ ਬਿਆਸ ਦਰਿਆ ਲੰਘ ਕੇ ਗਰਨਾਂ ਸਾਹਿਬ ਬੋਦਲਾਂ, ਡਰੋਲੀ ਕਲਾਂ ਤੋਂ ਹੁੰਦੇ ਹੋਏ ਡੁਮੇਲੀ ਪੁੱਜੇ। ਉਸ ਸਮੇਂ ਮੁਗਲ ਫੌਜਾਂ ਗੁਰੂ ਜੀ ਦਾ ਪਿੱਛਾ ਕਰ ਰਹੀਆਂ ਸਨ। ਗੁਰੂ ਜੀ ਨੂੰ ਮੁਸ਼ਕਲ ਵਿਚ ਦੇਖਦਿਆਂ ਡੁਮੇਲੀ ਦੇ ਲੋਕਾਂ ਨੇਂ ਉਨ੍ਹਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਇਕ ਪੁਰਾਣੇ ਜਿਹੇ ਕੋਠੇ ਅੰਦਰ ਰਹਿਣ ਲਈ ਜਗਾ ਦੇ ਦਿਤੀ। ਪਿੰਡ ਵਾਸੀਆਂ ਨੇ ਨਾਲ ਦੇ ਸਿੰਘਾਂ ਨੂੰ ਇਕ-ਇਕ, ਦੋ-ਦੋ ਕਰਕੇ ਪਿੰਡ ਦੇ ਸਾਰੇ ਘਰਾਂ ਵਿਚ ਰੱਖ ਲਿਆ। ਮੁਗਲ ਫੌਜਾਂ ਪਿੰਡ ਵਿਚ ਸ਼ਾਂਤੀ ਦਾ

ਪਸਾਰਾ ਦੇਖ ਕੇ ਅੱਗੇ ਲੰਘ ਗਈਆਂ। ਉਧਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਇਕ ਸੱਪ ਨੇਂ ਡੰਗ ਮਾਰ ਦਿਤਾ। ਦੰਦ ਕਥਾ ਅਨੁਸਾਰ ਡੰਗ ਮਾਰਨ ਉਪਰੰਤ ਸੱਪ ਦੀ ਮੌਤ ਹੋ ਗਈ ਸੀ। ਇਸ ਘਟਨਾ ਉਪਰੰਤ ਗੁਰੂ ਜੀ ਨੇਂ ਵਰ ਦਿਤਾ ਕਿ ਡੁਮੇਲੀ ਪਿੰਡ ਦੀ ਹੱਦ ਅੰਦਰ ਜੇਕਰ ਕਿਸੇ ਦੇ ਸੱਪ ਡੰਗ ਮਾਰਿਆ ਕਰੇਗਾ ਤਾਂ ਉਸ ਦੀ ਜਹਿਰ ਨਹੀਂ ਚੜ੍ਹਿਆ ਕਰੇਗੀ। ਗੁਰੂ ਜੀ ਦੁਆਰਾ ਪਿੰਡ ਵਾਸੀਆਂ ਨੂੰ ਦਿਤਾ ਇਹ ਵਰ ਅੱਜ ਵੀ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਮੁਗਲ ਫੌਜਾਂ ਗੁਰੂ ਜੀ ਦਾ ਪਿਛਾ ਕਰਦੀਆਂ-ਕਰਦੀਆਂ ਡੁਮੇਲੀ ਪਿੰਡ ਨੂੰ ਛੱਡ ਕੇ ਅੱਗੇ ਨਿਕਲ ਗਈਆਂ। ਪਿੰਡ ਵਾਸੀਆਂ ਵਲੋਂ ਦਿਤੇ ਯੋਗਦਾਨ ਕਾਰਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਬਹੁਤ ਖ਼ੁਸ਼ ਹੋਏ। ਕਿਹਾ ਜਾਂਦਾ ਹੈ ਕਿ ਪਿੰਡ ਵਾਸੀਆਂ ਦੀ ਫਰਿਆਦ ਤੇ ਗੁਰੂ ਸਾਹਿਬ ਨੇ ਇਕ ਤਪੱਸਵੀ ਦੇ ਦਿੱਤੇ ਸਰਾਪ ਤੋਂ ਕੋਈ ਨੁਕਸਾਨ ਦਾ ਹੋਣ ਲਈ ਇਕ ਥੰਮ ਧਰਤੀ ਵਿਚ ਗੱਡਿਆ, ਜੋ ਅੱਜ ਵੀ ਮੌਜੂਦ ਹੈ। ਇਸ ਅਸਥਾਨ ਤੇ ਅੱਜਕਲ 'ਗੁਰਦੁਆਰਾ ਥੰਮ ਜੀ ਸਾਹਿਬ' ਸਸ਼ੋਭਿਤ ਹੈ। ਇਸ ਘਟਨਾ ਦੇ ਨਾਲ ਹੀ ਗੁਰੂ ਜੀ ਨੇਂ ਪਿੰਡ ਵਾਸੀਆਂ ਨੂੰ ਕਿਸੇ ਵੀ ਬਾਹਰੀ ਆਫ਼ਤ ਦਾ ਇਕਮੁੱਠ ਹੋ ਕੇ ਟਾਕਰਾ ਕਰਨ ਦਾ ਵਰ ਦਿੱਤਾ।

ਜਿਲਾ ਕਪੂਰਥਲਾ ਦੇ ਇਸ ਇਤਿਹਾਸਿਕ ਪਿੰਡ ਡੁਮੇਲੀ ਦੇ ਪਿਛੋਕੜ ਬਾਰੇ ਭਾਵੇਂ ਵੱਖਰੀ ਖੋਜ ਦੀ ਜਰੂਰਤ ਹੈ, ਪਰੰਤੂ ਇਹ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਕਿ ਡੁਮੇਲੀ ਪਿੰਡ ਵਿਚ ਮਹਾਨ ਸੰਤ-ਮਹਾਂਪੁਰਖ, ਮਹਾਂਦਾਨੀ, ਸਿਆਸੀ, ਸੇਵਾਦਾਰ, ਲੋਕ ਸੇਵਕ ਅਤੇ ਲਿਖਾਰੀ ਸਮੇਂ-ਸਮੇਂ ਤੇ ਹੋਏ ਹਨ, ਜਿਸ ਕਾਰਨ ਲੱਗਭਗ ਹਰ ਖੇਤਰ ਵਿਚ ਡੁਮੇਲੀ ਦੇ ਵਾਸੀਆਂ ਦਾ ਯੋਗਦਾਨ ਰਿਹਾ ਹੈ। ਡੁਮੇਲੀ ਪਿੰਡ ਵਿਚ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ, ਬਾਬਾ ਰਾਣਾ, ਸੰਤ ਕਪੂਰ ਸਿੰਘ ਜੀ, ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ, ਸੰਤ ਮਨਜੀਤ ਸਿੰਘ, ਚੌਧਰੀ ਬਿਅੰਤ ਸਿੰਘ, ਠੇਕੇਦਾਰ ਖੇਮ ਸਿੰਘ ਭੋਗਲ, ਸਰਦਾਰ ਮੇਲਾ ਸਿੰਘ ਭੋਗਲ, ਸਰਦਾਰ ਪ੍ਰੀਤਮ ਸਿੰਘ ਭੋਗਲ, ਐਡਵੋਕੇਟ ਭਰਪੂਰ ਸਿੰਘ ਭੋਗਲ, ਮਾਸਟਰ ਸਾਧੂ ਰਾਮ ਗੰਗੜ, ਡਾ. ਬਖ਼ਸ਼ੀਸ਼ ਸਿੰਘ ਨਿਝਰ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਜਿਥੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਅਨੇਕਾਂ ਟਕਸਾਲਾਂ ਕਾਰਜਸ਼ੀਲ ਰਹੀਆਂ ਹਨ, ਉਥੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੇਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਜਿਸ ਤੇ ਵੱਖਰੇ ਤੌਰ ਤੇ ਕੋਈ ਖੋਜ ਕਾਰਜ ਨਹੀਂ ਹੋਇਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਡੁਮੇਲੀ ਟਕਸਾਲ ਦੇ ਇਸ ਯੋਗਦਾਨ ਸਬੰਧੀ ਅਧਿਐਨ ਕਰਨ ਹਿਤ ਖੋਜ ਕਾਰਜ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਇਤਿਹਾਸਿਕ ਸਰਵੇਖਣ** ਵਿਚ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਦੀ ਪਰਿਭਾਸ਼ਾ, ਉਸਦਾ ਅਰੰਭ ਅਤੇ ਵਿਕਾਸ ਬਾਰੇ ਵਿਸਥਾਰ ਸਹਿਤ

ਵਰਣਨ ਕੀਤਾ ਗਿਆ ਹੈ। ਇਸ ਉਪਰੰਤ ਟਕਸਾਲ ਦੀ ਪਰਿਭਾਸ਼ਾ ਦਿੰਦਿਆਂ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ। ਇਸ ਉਪਰੰਤ ਡੁਮੇਲੀ ਪਿੰਡ ਦੇ ਇਤਿਹਾਸ ਅਤੇ ਭੂਗੋਲਿਕ ਸਥਿਤੀ ਤੇ ਚਾਨਣਾ ਪਾਉਂਦਿਆਂ ਡੁਮੇਲੀ ਪਿੰਡ ਦੇ ਥੇਹਾਂ, ਤਪੱਸਵੀ ਦੇ ਦਿਤੇ ਸਰਾਪ ਅਤੇ ਗੁਰੂ ਹਰਗੋਬਿੰਦ ਜੀ ਦੇ ਦਿਤੇ ਵਰਾਂ ਦਾ ਵਰਣਨ ਕੀਤਾ ਗਿਆ। ਡੁਮੇਲੀ ਵਾਸੀਆਂ ਨੇ ਵਿਦਿਆ ਦੇ ਖੇਤਰ ਵਿਚ, ਜੈਤੋਂ ਦੇ ਮੋਰਚੇ ਵਿਚ, ਕਿਸਾਨ ਮੋਰਚੇ ਵਿਚ, ਜਿੰਮੀਦਾਰਾ ਮੋਰਚਾ ਲਹੌਰ ਵਿਚ, ਬੱਬਰ ਅਕਾਲੀ ਲਹਿਰ ਵਿਚ ਅਤੇ ਵਿਦੇਸ਼ਾਂ ਵਿਚ ਵਿਸ਼ੇਸ਼ ਯੋਗਦਾਨ ਦਿਤਾ ਹੈ ਜਿਸ ਦਾ ਸੰਖੇਪ ਵਰਣਨ ਇਸ ਅਧਿਆਇ ਵਿਚ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡੁਮੇਲੀ ਪਿੰਡ ਦੇ ਪਰਮੁੱਖ ਮਹਾਂਪੁਰਖਾਂ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ।

ਦੂਸਰੇ ਅਧਿਆਇ **ਡੁਮੇਲੀ ਟਕਸਾਲ: ਪਰਮੁਖ ਕਾਰਜ ਕਰਤਾ** ਦੇ ਅਰੰਭ ਵਿਚ ਸਭ ਤੋਂ ਪਹਿਲਾਂ ਸੰਤ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਡੁਮੇਲੀ ਟਕਸਾਲ ਦੇ ਪਰਮੁੱਖ ਕਾਰਜ ਕਰਤਾਵਾਂ ਸੰਤ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ ,ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਲਈ ਇਸ ਦੂਸਰੇ ਅਧਿਆਇ ਵਿਚ ਉਕਤ ਮਹਾਨ ਸ਼ਖਸ਼ੀਅਤਾਂ ਦੇ ਜੀਵਨ, ਕਾਰਜਕਾਲ ਅਤੇ ਯੋਗਦਾਨ ਸਬੰਧੀ ਸੰਖੇਪ ਜਾਣਕਾਰੀ ਦਿਤੀ ਗਈ ਹੈ।

ਤੀਸਰੇ ਅਧਿਆਇ **ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ** ਅਨੁਸਾਰ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਸ ਲਈ ਉਨ੍ਹਾਂ ਦੇ ਗੁਰਮਤਿ ਸੰਗੀਤ ਨੂੰ ਪ੍ਰਚਾਰਨ, ਪ੍ਰਸਾਰਨ, ਸਿਖਿਆ, ਪੁਸਤਕ ਪ੍ਰਕਾਸ਼ਨ ਅਤੇ ਲੋਕ ਭਲਾਈ ਦੇ ਕਾਰਜਾਂ  ਆਦਿ ਨੂੰ ਇਕ ਜਗਾ ਤੇ ਸੰਜੋਣ ਲਈ ਇਕ ਵੱਖਰੇ ਅਧਿਆਇ ਦੀ ਜਰੂਰਤ ਮਹਿਸੂਸ ਕੀਤੀ ਗਈ। ਇਸ ਲਈ ਇਸ ਤੀਸਰੇ ਅਧਿਆਇ ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਜੀਵਨ ਚਰਿਤਰ, ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ, ਸੰਗੀਤ ਸਿਖਿਆ, ਗੁਰਬਾਣੀ ਪਰਚਾਰ (ਦੇਸ਼ ਅਤੇ ਵਿਦੇਸ਼ਾਂ ਵਿਚ), ਰਚਨਾ ਕਾਰਜ ਅਰਥਾਤ ਪ੍ਰਕਾਸ਼ਿਤ ਸਮੱਗਰੀ, ਸਨਮਾਨ, ਸ਼ਗਿਰਦ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕਾਰਜਾਂ ਸਮੇਤ ਹੋਰ ਸਬੰਧਿਤ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

ਚੌਥੇ ਅਧਿਆਇ **ਡੁਮੇਲੀ ਟਕਸਾਲ:  ਪ੍ਰਤਿਨਿਧ ਸ਼ਬਦ ਕੀਰਤਨ ਰਚਨਾਵਾਂ** ਵਿਚ ਡੁਮੇਲੀ ਟਕਸਾਲ ਨਾਲ ਸਬੰਧਿਤ ਵਿਦਵਾਨਾਂ ਦੀਆਂ ਬੰਦਿਸ਼ਾਂ, ਭਾਵੇਂ ਉਹ ਪ੍ਰਕਾਸ਼ਿਤ ਨਾਂ ਹੋਈਆਂ ਹੋਣ, ਪਰੰਤੂ ਮੌਖਿਕ ਰੂਪ ਵਿਚ ਜਾਂ ਕੀਰਤਨ ਰੂਪ ਵਿਚ ਪ੍ਰਚੱਲਿਤ ਹੋਣ- ਜਿਥੋਂ ਤੱਕ ਸੰਭਵ ਹੋ ਸਕਿਆ, ਉਨ੍ਹਾਂ ਗੁਰਬਾਣੀ ਦੇ

ਸ਼ਬਦਾਂ ਦੀਆਂ ਬੰਦਸ਼ਾਂ ਨੂੰ ਪ੍ਰਾਪਤ ਕਰਕੇ ਇਥੇ ਸੰਜੋਣ ਦਾ ਯਤਨ ਕੀਤਾ ਗਿਆ ਹੈ। ਇਸ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ 'ਸੁਰ ਸਿਮਰਨ ਸੰਗੀਤ' ਨਾਮ ਦੀ ਪੁਸਤਕ ਸੱਤ ਭਾਗਾਂ ਵਿਚ ਲਿਖ ਕੇ ਉਸ ਵਿਚ ਇਕ ਹਜ਼ਾਰ ਦੇ ਲਗਭਗ ਸ਼ਬਦ ਰਚਨਾਵਾਂ ਨੂੰ ਲਿਪੀਬੱਧ ਕੀਤਾ ਹੈ, ਜੋ ਕਿ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਮਹਾਨ ਕਾਰਜ ਹੈ। ਇਸ ਅਧਿਆਇ ਵਿਚ ਮੁੱਖ ਰੂਪ ਵਿਚ ਸੰਤ ਸਰਵਣ ਸਿੰਘ ਗੰਧਰਵ ਦੀਆਂ ਗੁਰਮਤਿ ਸੰਗੀਤ ਦੀਆਂ ਪ੍ਰਚਲਿਤ ਬੰਦਿਸ਼ਾਂ (ਸੁਰਸਿਮਰਨ ਸੰਗੀਤ ਪੁਸਤਕ ਦੇ ਸੱਤ ਭਾਗਾਂ ਵਿਚ ਪ੍ਰਕਾਸ਼ਿਤ) ਦਾ ਅਧਿਐਨ ਕੀਤਾ ਗਿਆ ਹੈ।

ਪੰਜਵੇ ਅਧਿਆਇ **ਡੁਮੇਲੀ ਟਕਸਾਲ: ਵਰਤਮਾਨ ਰੂਪ ਰੇਖਾ ਅਤੇ ਵਿਸ਼ਲੇਸ਼ਣ** ਵਿਚ ਡੁਮੇਲੀ ਟਕਸਾਲ ਦੀ ਵਰਤਮਾਨ ਸਥਿਤੀ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਵਰਤਮਾਨ ਵਿਚ ਡੁਮੇਲੀ ਟਕਸਾਲ ਦਾ ਨਿਤਨੇਮ, ਟਕਸਾਲ ਵਿਚ ਕੀਰਤਨ ਦੀ ਸਿਖਲਾਈ ਅਤੇ ਡੁਮੇਲੀ ਟਕਸਾਲ ਦੀ ਕਾਰਜ ਵਿਧੀ ਸਬੰਧੀ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਰੂਪ ਵਿਚ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਵਲੋਂ ਡੁਮੇਲੀ ਪਿੰਡ ਵਿਚ ਸਥਾਪਿਤ ਕੀਤੇ ਗਏ 'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ (ਕਪੂਰਥਲਾ) ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆ ਸੰਸਥਾ ਵਿਚ ਪੜਾਏ ਜਾਂਦੇ ਵਿਸ਼ਿਆਂ, ਕਾਲਜ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਵੀ ਦਿਤੀ ਗਈ ਹੈ। ਇਸ ਅਧਿਆਇ ਦੇ ਅੰਤ ਵਿਚ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਵਿਸ਼ਲੇਸ਼ਣਾਤਮਕ ਅਧਿਐਨ** ਕਰਕੇ ਇਸ ਟਕਸਾਲ ਨੂੰ ਗੁਰਮਤਿ ਸੰਗੀਤ ਦੀ ਇਕ ਮਹੱਤਵਪੂਰਨ ਟਕਸਾਲ ਸਿਧ ਕੀਤਾ ਗਿਆ ਹੈ।

ਖੋਜ ਵਿਸ਼ੇ '**ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ**' ਦਾ ਅਧਿਐਨ ਕਰਦਿਆਂ ਆਪਣੀ ਸਮਰੱਥਾ ਅਨੁਸਾਰ ਉਪਲੱਬਧ ਸਾਰੇ ਸਰੋਤਾਂ ਤੋਂ ਸਮੱਗਰੀ ਦਾ ਸੰਕਲਨ ਕੀਤਾ ਗਿਆ ਹੈ। ਆਪਣਾ ਖੋਜ ਪ੍ਰਬੰਧ ਪੇਸ਼ ਕਰਨ ਉਪਰੰਤ ਵੀ ਜੇਕਰ ਖੋਜਾਰਥੀ ਨੂੰ ਹੋਰ ਮਹੱਤਵ ਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ, ਤਾਂ ਉਸ ਨੂੰ ਵੀ ਬਾਅਦ ਵਿਚ ਆਪਣੇ ਖੋਜ ਪ੍ਰਬੰਧ ਵਿਚ ਸ਼ਾਮਿਲ ਕਰ ਲਿਆ ਜਾਵੇਗਾ।

ਮੇਰੇ ਇਸ ਖੋਜ ਪ੍ਰਬੰਧ ਤੋਂ ਸੇਧ ਲੈ ਕੇ ਭਵਿਖ ਵਿਚ ਜੇਕਰ ਖੋਜਾਰਥੀ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੂੰ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਵਿਚ ਹੋਰ ਚੰਗੀ ਤਰ੍ਹਾਂ ਉਭਾਰ ਕੇ ਕਾਰਜ ਨੂੰ ਅੱਗੇ ਵਧਾ ਸਕਣ ਜਾਂ ਕੋਈ ਹੋਰ ਮਹੱਤਵਪੂਰਨ ਜਾਣਕਾਰੀ ਦੇ ਸਕਣ, ਤਾਂ ਮੇਰਾ ਇਹ ਕਾਰਜ ਸਹੀ ਅਰਥਾਂ ਵਿਚ ਸਾਰਥਕ ਹੋਵੇਗਾ।

# ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ ਰਿਸਰਚ

ਪੀਐਚ.ਡੀ. ਦੀ ਡਿਗਰੀ ਲਈ ਖੋਜ ਪ੍ਰਬੰਧ

**SUMMARY OF THESIS**

**2017**


ਨਿਗਰਾਨ

ਡਾ. ਦੇਵਿੰਦਰ ਕੌਰ
ਸਾਬਕਾ ਪ੍ਰੋਫ਼ੈਸਰ ਅਤੇ ਮੁਖੀ,
ਸੰਗੀਤ ਵਾਦਨ ਵਿਭਾਗ,
ਸਰਕਾਰੀ ਕਾਲਜ ਲੜਕੀਆਂ,
ਪਟਿਆਲਾ।

ਖੋਜਾਰਥੀ

ਰਣਜੀਤ ਸਿੰਘ



**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# SUMMARY OF THESIS

# ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ


ਪੰਦਰਵੀ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਹੀ ਗੁਰਮਤਿ ਸੰਗੀਤ ਦੀ ਅਰੰਭਤਾ ਮੰਨੀ ਜਾਂਦੀ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿਚ ਹੁੰਦਾ ਹੈ। ਇਸ ਗ੍ਰੰਥ ਦੇ ਸੰਗੀਤਕ ਸੰਕਲਨ ਅਤੇ ਇਸ ਵਿਚ ਦਰਜ ਬਾਣੀ ਦੇ ਗਾਇਨ ਤੋਂ, ਇਕ ਮਹਾਨ ਸੰਗੀਤ ਪਰੰਪਰਾ ਦਾ ਜਨਮ ਹੋਇਆ ਹੈ। ਜਿਸ ਨੂੰ 'ਗੁਰਮਤਿ ਸੰਗੀਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਪੁਰਾਤਨ ਕਾਲ ਤੋਂ ਹੀ ਧਰਮ ਅਤੇ ਸੰਗੀਤ ਦੋਵੇਂ ਨਾਲ-ਨਾਲ ਚਲਦੇ ਰਹੇ ਹਨ। ਧਰਮ ਦੇ ਪਰਚਾਰ ਲਈ ਸੰਗੀਤ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਸਿੱਖ ਗੁਰੂ ਸਹਿਬਾਨ ਨੇਂ ਮੱਧਕਾਲ ਵਿਚ ਆਪਣੀ ਵਿਚਾਰਧਾਰਾ ਨੂੰ ਪਰਚਾਰਨ ਲਈ ਗੁਰਬਾਣੀ ਦੀ ਰਚਨਾ ਕੀਤੀ ਅਤੇ ਉਸਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਕੀਰਤਨ (ਸੰਗੀਤ) ਨੂੰ ਆਪਣਾ ਮਾਧਿਅਮ ਬਣਾਇਆ। ਗੁਰੂ ਸਾਹਿਬਾਨ ਨੇ ਬਾਣੀ ਦੇ ਪਰਚਾਰ, ਪਰਸਾਰ ਅਤੇ ਸਿਖਿਆ ਦੇ ਲਈ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ।

ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਪਹਿਲੇ ਗੁਰੂ **ਸ੍ਰੀ ਗੁਰੂ ਨਾਨਕ ਦੇਵ ਜੀ** (1469 ਤੋਂ 1539) ਨੇਂ ਸਭ ਤੋਂ ਪਹਿਲਾ ਕੀਰਤਨ ਕੇਂਦਰ ਕਰਤਾਰਪੁਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜਦ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤਾਂ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਰਬਾਬ ਤੇ ਸੰਗਤ ਕਰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 19 ਰਾਗਾਂ ਵਿਚ 976 ਸ਼ਬਦ ਦਰਜ ਹਨ। ਇਸੇ ਪਰੰਪਰਾ ਨੂੰ **ਸ੍ਰੀ ਗੁਰੂ ਅੰਗਦ ਦੇਵ ਜੀ** (1504-1552) ਨੇਂ ਅੱਗੇ ਵਧਾਉਂਦਿਆਂ ਦੂਸਰਾ ਕੀਰਤਨ ਕੇਂਦਰ ਖਡੂਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ 9 ਰਾਗਾਂ ਵਿਚ 63 ਸਲੋਕਾਂ ਦੀ ਰਚਨਾਂ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਤੀਸਰੇ ਪਾਤਸ਼ਾਹ **ਸ੍ਰੀ ਗੁਰੂ ਅਮਰਦਾਸ ਜੀ** (1479-1574) ਨੇਂ ਤੀਸਰਾ ਕੀਰਤਨ ਕੇਂਦਰ

ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ ਵੀ 17 ਰਾਗਾਂ ਵਿਚ 907 ਸ਼ਬਦਾਂ ਦੀ ਰਚਨਾਂ ਕੀਤੀ। ਗੁਰਬਾਣੀ ਕੀਰਤਨ ਨਾਲ ਸੰਗਤ ਕਰਨ ਲਈ 'ਸਰੰਦਾ' ਨਾਮਕ ਇਕ ਸੰਗੀਤ ਸਾਜ਼ ਦਾ ਆਵਿਸ਼ਕਾਰਕ ਵੀ ਆਪ ਜੀ ਨੂੰ ਮੰਨਿਆ ਜਾਂਦਾ ਹੈ। ਗੁਰੂ ਅਮਰਦਾਸ ਜੀ ਤੋਂ ਬਾਅਦ **ਗੁਰੂ ਰਾਮਦਾਸ ਜੀ** (1534-1584) ਨੇ ਰਾਮਦਾਸਪੁਰਾ/ ਚੱਕ ਗੁਰੂ ਦੀ ਨੀਂਹ ਰੱਖੀ, ਜੋ ਸ੍ਰੀ ਅੰਮ੍ਰਿਤਸਰ ਨਾਮ ਨਾਲ ਪ੍ਰਸਿਧ ਹੋਇਆ। ਇਸ ਸਮੇਂ ਭਾਈ ਸੱਤਾ ਤੇ ਬਲਵੰਡ ਗੁਰੂ ਘਰ ਦੇ ਪ੍ਰਸਿਧ ਕੀਰਤਨੀਏ ਹੋਏ ਹਨ, ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਗੁਰੂ ਰਾਮਦਾਸ ਜੀ ਦੇ ਸਮੇਂ ਹੀ ਪੜਤਾਲ ਗਾਇਨ ਸ਼ੈਲੀ ਹੋਂਦ ਵਿਚ ਆਈ, ਜੋ ਸੰਗੀਤ ਜਗਤ ਦੀ ਕਿਸੇ ਹੋਰ ਪਰੰਪਰਾ ਵਿਚ ਉਪਲਬਧ ਨਹੀਂ। ਆਪ ਜੀ ਨੇਂ 19 ਪੜਤਾਲਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਆਪ ਜੀ ਨੇ 31 ਰਾਗਾਂ ਵਿਚ 679 ਪਦਾਂ ਦੀ ਰਚਨਾਂ ਕੀਤੀ। ਇਸੇ ਤਰ੍ਹਾਂ **ਗੁਰੂ ਅਰਜਨ ਦੇਵ ਜੀ** (1563-1606) ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕੀਤਾ ਅਤੇ 31 ਰਾਗਾਂ ਵਿਚ 2216 ਸ਼ਬਦਾਂ ਦੀ ਰਚਨਾਂ ਕੀਤੀ। ਆਪ ਜੀ ਦੁਆਰਾ ਰਚਿਤ 36 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਆਪ ਦੇ ਸਮੇਂ ਮੁੱਖ ਕੀਰਤਨਕਾਰ ਭਾਈ ਸੱਤਾ ਅਤੇ ਬਲਵੰਡ ਜੀ ਦੀ ਨਰਾਜ਼ਗੀ ਉਪਰੰਤ ਆਪ ਨੇ ਸਮੂਹ ਸੰਗਤ ਵਿਚ ਵਿਧੀਵਤ ਰੂਪ ਵਿਚ ਕੀਰਤਨ ਦੀ ਪਰੰਪਰਾ ਚਲਾਈ। ਇਸੇ ਤਰਾਂ **ਸ੍ਰੀ ਗੁਰੂ ਗੋਬਿੰਦ ਸਿੰਘ ਜੀ** (1666-1708) ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕਰਕੇ ਗੁਰਬਾਣੀ ਦਾ ਪਰਚਾਰ ਅਤੇ ਪਰਸਾਰ ਕੀਤਾ।

ਇਸ ਤਰ੍ਹਾਂ ਦਸਾਂ ਪਾਤਸ਼ਾਹੀਆਂ ਨੇ ਕੀਰਤਨ ਕੇਂਦਰਾਂ ਦੇ ਮਾਧਿਅਮ ਰਾਂਹੀ ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਸਰਬ ਲੋਕਾਈ ਤੱਕ ਕੀਤਾ। ਗੁਰੂ ਕਾਲ ਜਾਂ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਬਹੁਤ ਸਾਰੇ ਗੁਰਦੁਆਰਿਆਂ, ਡੇਰਿਆਂ ਅਤੇ ਸੰਸਥਾਵਾਂ ਵਿਚ ਸੰਤਾਂ ਮਹਾਤਮਾਵਾਂ ਨੇ ਕੀਰਤਨ ਜਾਂ ਗੁਰਮਤਿ ਸੰਗੀਤ ਦੀ ਸਿਖਿਆ ਦਾ ਨਿਯਮਤ ਰੂਪ ਵਿਚ ਪ੍ਰਬੰਧ ਕੀਤਾ ਹੋਇਆ ਸੀ। ਅਜਿਹੇ ਡੇਰਿਆਂ ਜਾਂ ਸਥਾਨਾਂ ਨੂੰ ਹੀ 'ਟਕਸਾਲ' ਕਿਹਾ ਜਾਂਦਾ ਹੈ। **ਭਾਈ ਕਾਨ੍ਹ ਸਿੰਘ ਨਾਭਾ** ਨੇਂ 'ਟਕਸਾਲ' ਨੂੰ 'ਟਕੇ ਬਣਾਉਣ ਵਾਲਾ ਘਰ' ਦੱਸਿਆ ਹੈ। ਜਿਥੇ

ਰੁਪਏ, ਪੈਸੇ, ਸਿਕੇ ਤਿਆਰ ਕੀਤੇ ਜਾਂਦੇ ਹਨ ਜਾਂ ਜਿਥੇ ਵਿਦਿਆ ਸਿਖਾਈ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਟਕਸਾਲ ਉਸ ਜਗਾ (ਸਥਾਨ) ਨੂੰ ਕਿਹਾ ਜਾਂਦਾ ਹੈ, ਜਿਥੇ ਸਿੱਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜਾਂ, ਰਹਿਣ-ਸਹਿਣ ਅਤੇ ਇਤਿਹਾਸ ਸਬੰਧੀ ਪੂਰਨ ਤੌਰ ਤੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤ ਅਨੁਸਾਰ, ਗੁਰਬਾਣੀ ਗਾਇਨ ਦੇ ਮਹਾਨ ਗਿਆਤਾ ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਗਾਇਨ ਦੀ ਸਿਖਿਆ ਦਿੰਦੇ ਹਨ। ਟਕਸਾਲਾਂ ਵਿਚ ਜਿਥੇ ਸਿਖਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਨ ਦੀ ਮਰਿਯਾਦਾ, ਨਿਰਧਾਰਿਤ ਰਾਗਾਂ ਦੀ ਸਿਖਿਆ, ਸਮੇਂ ਮੁਤਾਬਿਕ ਕੀਰਤਨ ਕਰਨ ਦੀ ਵਿਧੀ ਸਿਖਾਈ ਜਾਂਦੀ ਹੈ, ਉਥੇ ਤੰਤੀ ਸਾਜ਼ਾਂ ਤੋਂ ਇਲਾਵਾ ਹੋਰ ਦੂਸਰੇ ਸਾਜ਼ ਵਜਾਉਣ ਦੀ ਸਿੱਖਿਆ ਵੀ ਦਿਤੀ ਜਾਂਦੀ ਹੈ। ਇਨ੍ਹਾਂ ਟਕਸਾਲਾਂ, ਡੇਰਿਆਂ, ਸੰਸਥਾਵਾਂ ਨੇਂ ਕੀਰਤਨ ਪਰੰਪਰਾ ਦੀ ਨਿਯਮਾਂ ਅਨੁਸਾਰ ਸਿਖਲਾਈ ਵਿਚ, ਗੁਰਮਤਿ ਸੰਗੀਤ ਦੀ ਇਸ ਪਰੰਪਰਾ ਨੂੰ ਜੀਵਤ ਰੱਖਣ ਅਤੇ ਹੋਰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚੋ ਕੁਝ ਪ੍ਰਮੁੱਖ ਟਕਸਾਲਾਂ ਦੇ ਨਾਮ ਇਸ ਪ੍ਰਕਾਰ ਹਨ- ਦਮਦਮਾ ਸਾਹਿਬ ਦੀ ਟਕਸਾਲ, ਮਸਤੂਆਣਾ ਟਕਸਾਲ, ਬੁੱਢਾਜੋੜ ਟਕਸਾਲ, ਦਮਦਮੀ ਟਕਸਾਲ, ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਦੋਧਰਪੁਰ ਟਕਸਾਲ, ਹਰਗਨਾ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ; ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰਮਤਿ ਵਿਦਿਆਲਾ ਰਕਾਬਗੰਜ, ਦਿੱਲੀ; ਸੂਰਮਾ ਆਸ਼ਰਮ, ਅੰਮ੍ਰਿਤਸਰ; ਜਵੱਦੀ ਟਕਸਾਲ, ਲੁਧਿਆਣਾ; ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ; ਗੁਰਮਤਿ ਸੰਗੀਤ ਸੁਸਾਇਟੀ, ਪਟਿਆਲਾ; ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ; ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀ ਦਿੱਲੀ; ਗੁਰਮਤਿ ਮਿਸ਼ਨਰੀ ਸੰਸਥਾਵਾ ਆਦਿ।

ਗੁਰਮਤਿ ਸੰਗੀਤ ਦੀਆਂ ਉਪਰ ਦਿਤੀਆਂ ਟਕਸਾਲਾਂ ਦੀ ਲੜੀ ਵਿਚੋਂ ਡੁਮੇਲੀ ਦੀ ਟਕਸਾਲ ਦਾ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਮਹੱਤਵਪੂਰਨ ਯੋਗਦਾਨ ਹੈ। ਡੁਮੇਲੀ ਦੀ ਟਕਸਾਲ ਦਾ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਪਾਏ ਯੋਗਦਾਨ ਦਾ ਅਧਿਐਨ ਕਰਨ ਤੋਂ ਪਹਿਲਾਂ ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਬਾਰੇ ਜਾਣਕਾਰੀ ਜਰੂਰੀ ਹੈ।

ਜਿਲਾ ਕਪੂਰਥਲਾ ਦਾ ਪਿੰਡ ਡੁਮੇਲੀ ਹੁਸ਼ਿਆਰਪੁਰ-ਫਗਵਾੜਾ ਸੜਕ ਤੇ ਸਥਿਤ ਪਿੰਡ ਰਿਹਾਣਾ ਜੱਟਾਂ ਤੋਂ ਬਿਲਕੁਲ ਲਹਿੰਦੇ ਪਾਸੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਬਿਆਸ ਅਤੇ ਸਤਲੁਜ ਦਰਿਆ ਇਥੇ ਇਕੱਠੇ ਵਗਦੇ ਹੁੰਦੇ ਸਨ। ਦੋ ਦਰਿਆਵਾਂ ਦੇ ਮੇਲ ਕਾਰਨ, ਦੋ-ਮੇਲ ਤੋਂ ਇਸ ਪਿੰਡ ਦਾ ਨਾਮ 'ਦੋ-ਮੇਲੀ' ਪੈ ਗਿਆ, ਜੋ ਬਾਅਦ ਵਿਚ ਵਿਗੜ ਕੇ 'ਡੁਮੇਲੀ' ਬਣ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਜਦ ਦੋਵੇਂ ਦਰਿਆ ਅਲੱਗ-ਅਲੱਗ ਵਗਣ ਲੱਗੇ ਤਾਂ ਇਥੇ ਇਕ ਬਹੁਤ ਵੱਡਾ ਸਾਰਾ ਡੂੰਮ ਪੈ ਗਿਆ। ਇਸ ਡੂੰਮ ਤੋਂ ਹੀ ਇਸ ਪਿੰਡ ਦਾ ਨਾਮ ਹੌਲੀ-ਹੌਲੀ ਡੁਮੇਲੀ ਪੈ ਗਿਆ।

ਡੁਮੇਲੀ ਨਾਲ ਸਬੰਧਿਤ, ਛੇਵੇਂ ਸਿੱਖ ਗੁਰੂ ਸਾਹਿਬਾਨ ਦੇ ਸਬੰਧ ਵਿਚ ਵੀ ਇਕ ਘਟਨਾ ਦਾ ਉਲੇਖ ਸਾਖੀਆਂ ਵਿਚ ਮਿਲਦਾ ਹੈ। ਉਹ ਇਹ ਕਿ ਬਹੁਤ ਸਾਲਾਂ ਤੱਕ ਕਿਸੇ ਤਪੱਸਵੀ ਦੀ ਦਿੱਤੀ ਬਦ-ਦੁਆ ਕਾਰਨ ਪਿੰਡ ਵਿਚ ਆਪੇ ਹੀ ਅੱਗ ਲੱਗਦੀ ਰਹੀ ਤੇ ਭਾਰੀ ਨੁਕਸਾਨ ਹੁੰਦਾ ਰਿਹਾ। ਸੰਨ 1646 ਵਿਚ ਸਿਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗਲ ਫੌਜਾਂ ਦਾ ਟਾਕਰਾ ਕਰਦੇ ਹੋਏ ਬਿਆਸ ਦਰਿਆ ਲੰਘ ਕੇ ਗਰਨਾਂ ਸਾਹਿਬ ਬੋਦਲਾਂ, ਡਰੋਲੀ ਕਲਾਂ ਤੋਂ ਹੁੰਦੇ ਹੋਏ ਡੁਮੇਲੀ ਪੁੱਜੇ। ਉਸ ਸਮੇਂ ਮੁਗਲ ਫੌਜਾਂ ਗੁਰੂ ਜੀ ਦਾ ਪਿੱਛਾ ਕਰ ਰਹੀਆਂ ਸਨ। ਡੁਮੇਲੀ ਦੇ ਲੋਕਾਂ ਨੇਂ ਗੁਰੂ ਜੀ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਇਕ ਪੁਰਾਣੇ ਜਿਹੇ ਕੋਠੇ ਅੰਦਰ ਸ਼ਰਨ ਦਿਤੀ। ਨਾਲ ਦੇ ਸਿੰਘਾਂ ਨੂੰ ਇਕ-ਇਕ, ਦੋ-ਦੋ ਕਰਕੇ ਪਿੰਡ ਦੇ ਸਾਰੇ ਘਰਾਂ ਵਿਚ ਰੱਖ ਲਿਆ। ਮੁਗਲ ਫੌਜਾਂ ਪਿੰਡ ਵਿਚ ਸ਼ਾਂਤੀ ਦੇਖ ਕੇ ਅੱਗੇ ਲੰਘ ਗਈਆਂ। ਉਧਰ ਪੁਰਾਣੇ ਕੋਠੇ ਵਿਚ ਬੈਠੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਇਕ ਸੱਪ ਨੇਂ ਡੰਗ ਮਾਰ ਦਿਤਾ। ਦੰਦ ਕਥਾ ਅਨੁਸਾਰ ਡੰਗ ਮਾਰਨ ਉਪਰੰਤ ਸੱਪ ਦੀ ਮੌਤ ਹੋ ਗਈ ਸੀ। ਇਸ ਘਟਨਾ ਉਪਰੰਤ ਗੁਰੂ ਜੀ ਨੇਂ ਵਰ ਦਿਤਾ ਕਿ ਡੁਮੇਲੀ ਪਿੰਡ ਦੀ ਹੱਦ ਅੰਦਰ ਜੇਕਰ ਕਿਸੇ ਦੇ ਸੱਪ ਡੰਗ ਮਾਰਿਆ ਕਰੇਗਾ ਤਾਂ ਉਸ ਦੀ ਜਹਿਰ ਨਹੀਂ ਚੜ੍ਹਿਆ ਕਰੇਗੀ। ਉਧਰ ਮੁਗਲ ਫੌਜਾਂ ਗੁਰੂ ਜੀ ਦਾ ਪਿਛਾ

ਕਰਦੀਆਂ-ਕਰਦੀਆਂ ਅੱਗੇ ਨਿਕਲ ਗਈਆਂ। ਪਿੰਡ ਵਾਸੀਆਂ ਵਲੋਂ ਦਿਤੇ ਯੋਗਦਾਨ ਕਾਰਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਬਹੁਤ ਖ਼ੁਸ਼ ਹੋਏ। ਕਿਹਾ ਜਾਂਦਾ ਹੈ ਕਿ ਪਿੰਡ ਵਾਸੀਆਂ ਦੀ ਫਰਿਆਦ ਤੇ ਗੁਰੂ ਸਾਹਿਬ ਨੇ ਤਪੱਸਵੀ ਦੇ ਦਿੱਤੇ ਸਰਾਪ ਤੋਂ ਕੋਈ ਨੁਕਸਾਨ ਦਾ ਹੋਣ ਲਈ ਇਕ ਥੰਮ ਧਰਤੀ ਵਿਚ ਗੱਡਿਆ, ਜੋ ਅੱਜ ਵੀ ਮੌਜੂਦ ਹੈ। ਇਸ ਘਟਨਾ ਦੇ ਨਾਲ ਹੀ ਗੁਰੂ ਜੀ ਨੇਂ ਪਿੰਡ ਵਾਸੀਆਂ ਨੂੰ ਕਿਸੇ ਵੀ ਬਾਹਰੀ ਆਫ਼ਤ ਦਾ ਇਕਮੁੱਠ ਹੋ ਕੇ ਟਾਕਰਾ ਕਰਨ ਦਾ ਵਰ ਦਿੱਤਾ ਜੋ ਹੁਣ ਤੱਕ ਸੱਚ ਜਾਪਦਾ ਹੈ।

ਡੁਮੇਲੀ ਪਿੰਡ ਵਿਚ ਸਮੇਂ-ਸਮੇਂ ਤੇ ਮਹਾਨ ਸੰਤ-ਮਹਾਂਪੁਰਖ, ਮਹਾਂਦਾਨੀ, ਸਿਆਸੀ, ਸੇਵਾਦਾਰ, ਲੋਕ ਸੇਵਕ ਅਤੇ ਲਿਖਾਰੀ ਹੋਏ ਹਨ, ਜਿਸ ਕਾਰਨ ਲੱਗਭਗ ਹਰ ਖੇਤਰ ਵਿਚ ਡੁਮੇਲੀ ਪਿੰਡ ਦਾ ਯੋਗਦਾਨ ਰਿਹਾ ਹੈ। ਡੁਮੇਲੀ ਪਿੰਡ ਵਿਚੋਂ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਜੀ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ ਜੀ, ਬਾਬਾ ਰਾਣਾ, ਸੰਤ ਕਪੂਰ ਸਿੰਘ ਜੀ, ਬਾਬਾ ਮਸਤ ਜੀ, ਚੌਧਰੀ ਬਿਅੰਤ ਸਿੰਘ, ਠੇਕੇਦਾਰ ਖੇਮ ਸਿੰਘ ਭੋਗਲ, ਸਰਦਾਰ ਮੇਲਾ ਸਿੰਘ ਭੋਗਲ, ਸਰਦਾਰ ਪ੍ਰੀਤਮ ਸਿੰਘ ਭੋਗਲ, ਐਡਵੋਕੇਟ ਭਰਪੂਰ ਸਿੰਘ ਭੋਗਲ, ਮਾਸਟਰ ਸਾਧੂ ਰਾਮ ਗੰਗੜ, ਡਾ. ਬਖ਼ਸ਼ੀਸ਼ ਸਿੰਘ ਨਿਝਰ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ।

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਜਿਥੇ ਅਨੇਕ ਟਕਸਾਲਾਂ ਕਾਰਜਸ਼ੀਲ ਰਹੀਆਂ ਹਨ, ਉਥੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੇਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਉਘਾ ਯੋਗਦਾਨ ਪਾਇਆ ਹੈ। ਜਿਸ ਤੇ ਵੱਖਰੇ ਤੌਰ ਤੇ ਕੋਈ ਅਧਿਐਨ ਨਹੀਂ ਹੋਇਆ। ਡੁਮੇਲੀ ਟਕਸਾਲ ਦੇ ਇਸ ਯੋਗਦਾਨ ਸਬੰਧੀ ਅਧਿਐਨ ਕਰਨ ਅਤੇ ਉਸਨੂੰ ਰੋਸ਼ਨੀ ਵਿਚ ਲਿਆਉਣ ਦੀ ਜਰੂਰਤ ਹੈ। ਇਸ ਲਈ ਮੈਂ ਆਪਣਾ ਵਿਸ਼ਾ '**ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ**' ਚੁਣਿਆ ਹੈ।

ਮੈਂ ਆਪਣੇ ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿੱਚ ਵੰਡ ਕੇ ਖੋਜ ਕਾਰਜ ਕੀਤਾ ਹੈ।

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਇਤਿਹਾਸਿਕ ਸਰਵੇਖਣ** ਦੇ ਅੰਤਰਗਤ ਸਭ ਤੋਂ ਪਹਿਲਾ ਗੁਰਮਤਿ ਸੰਗੀਤ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਉਸ ਉਪਰੰਤ ਇਸ ਦੇ ਅਰੰਭ ਅਤੇ

ਵਿਕਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਤੀ ਗਈ ਹੈ। ਇਸ ਉਪਰੰਤ ਟਕਸਾਲ ਦੀ ਪਰਿਭਾਸ਼ਾ ਦਿੰਦਿਆ ਡੁਮੇਲੀ ਪਿੰਡ ਦੇ ਇਤਿਹਾਸ ਅਤੇ ਭੂਗੋਲਿਕ ਸਥਿਤੀ, ਵੱਖ-ਵੱਖ ਖੇਤਰਾਂ ਵਿਚ ਡੁਮੇਲੀ ਵਾਸੀਆਂ ਦਾ ਯੋਗਦਾਨ, ਡੁਮੇਲੀ ਪਿੰਡ ਦੇ ਪ੍ਰਮੁੱਖ ਮਹਾਂਪੁਰਖ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ।

ਦੂਸਰੇ ਅਧਿਆਇ **ਡੁਮੇਲੀ ਟਕਸਾਲ: ਪਰਮੁਖ ਕਾਰਜ ਕਰਤਾ** ਦੇ ਅਰੰਭ ਵਿਚ ਸਭ ਤੋਂ ਪਹਿਲਾਂ ਸੰਤ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਡੁਮੇਲੀ ਟਕਸਾਲ ਦੇ ਪਰਮੁਖ ਕਾਰਜ ਕਰਤਾਵਾਂ ਸੰਤ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ ,ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਲਈ ਇਸ ਦੂਸਰੇ ਅਧਿਆਇ ਵਿਚ ਉਕਤ ਮਹਾਨ ਸ਼ਖਸ਼ੀਅਤਾਂ ਦੇ ਜੀਵਨ, ਕਾਰਜਕਾਲ ਅਤੇ ਯੋਗਦਾਨ ਸਬੰਧੀ ਸੰਖੇਪ ਜਾਣਕਾਰੀ ਦਿਤੀ ਗਈ ਹੈ।

ਤੀਸਰੇ ਅਧਿਆਇ **ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ** ਵਿਚ ਉਨ੍ਹਾਂ ਦੀ ਭੂਮਿਕਾ ਨੂੰ ਉਭਾਰਿਆ ਗਿਆ ਹੈ। ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਵਿਚ ਸੰਤ ਸਰਵਣ ਸਿੰਘ ਗੰਧਰਵ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲਈ ਉਨ੍ਹਾਂ ਦੇ ਗੁਰਮਤਿ ਸੰਗੀਤ ਨੂੰ ਪ੍ਰਚਾਰਨ, ਪ੍ਰਸਾਰਨ, ਸਿਖਿਆ, ਪੁਸਤਕ ਪ੍ਰਕਾਸ਼ਨ ਆਦਿ ਸੰਪੂਰਨ ਕਾਰਜਾਂ ਨੂੰ ਇਕ ਜਗਾ ਤੇ ਸੰਜੋਣ ਲਈ ਇਕ ਵੱਖਰੇ ਅਧਿਆਇ ਦੀ ਜਰੂਰਤ ਮਹਿਸੂਸ ਕੀਤੀ ਗਈ। ਇਸ ਲਈ ਇਸ ਅਧਿਆਇ ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਜੀਵਨ ਚਰਿਤਰ, ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ, ਸੰਗੀਤ ਸਿਖਿਆ, ਗੁਰਬਾਣੀ ਪਰਚਾਰ (ਦੇਸ਼ ਅਤੇ ਵਿਦੇਸ਼ਾਂ ਵਿਚ), ਰਚਨਾ ਕਾਰਜ ਅਰਥਾਤ ਪ੍ਰਕਾਸ਼ਿਤ ਸਮੱਗਰੀ, ਸਨਮਾਨ, ਸ਼ਗਿਰਦ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕਾਰਜਾਂ ਸਮੇਤ ਹੋਰ ਸਬੰਧਿਤ ਜਾਣਕਾਰੀ ਦਿਤੀ ਗਈ ਹੈ।

ਚੌਥੇ ਅਧਿਆਇ **ਡੁਮੇਲੀ ਟਕਸਾਲ: ਪ੍ਰਤਿਨਿਧ ਸ਼ਬਦ ਕੀਤਰਨ ਰਚਨਾਵਾਂ** ਵਿਚ ਡੁਮੇਲੀ ਟਕਸਾਲ ਨਾਲ ਸਬੰਧਿਤ ਵਿਦਵਾਨਾਂ ਦੀਆਂ ਬੰਦਿਸ਼ਾਂ, ਭਾਵੇਂ ਉਹ ਪ੍ਰਕਾਸ਼ਿਤ ਨਹੀ ਹੋਈਆਂ, ਪਰੰਤੂ ਮੌਖਿਕ ਰੂਪ ਵਿਚ ਜਾਂ

ਕੀਰਤਨ ਰੂਪ ਵਿਚ ਪ੍ਰਚੱਲਿਤ ਹਨ- ਜਿਥੋਂ ਤੱਕ ਸੰਭਵ ਹੋ ਸਕਿਆ, ਉਨ੍ਹਾਂ ਗੁਰਬਾਣੀ ਦੇ ਸ਼ਬਦਾਂ ਦੀਆਂ ਬੰਦਸ਼ਾਂ ਨੂੰ ਪ੍ਰਾਪਤ ਕਰਕੇ ਇਥੇ ਸੰਜੋਣ ਦਾ ਯਤਨ ਕੀਤਾ ਹੈ। ਮੁੱਖ ਰੂਪ ਵਿਚ ਸੰਤ ਸਰਵਣ ਸਿੰਘ ਗੰਧਰਵ ਦੀਆਂ ਗੁਰਮਤਿ ਸੰਗੀਤ ਦੀਆਂ ਪ੍ਰਚਲਿਤ ਬੰਦਿਸ਼ਾਂ (ਸੁਰ ਸਿਮਰਨ ਸੰਗੀਤ ਪੁਸਤਕ ਦੇ ਸੱਤ ਭਾਗਾਂ ਵਿਚ ਪ੍ਰਕਾਸ਼ਿਤ) ਦਾ ਅਧਿਐਨ ਕਰਕੇ, ਉਨ੍ਹਾਂ ਵਿਚੋਂ ਕੁਝ ਚੋਣਵੀਆਂ ਰਚਨਾਵਾਂ ਨੂੰ ਆਪਣੇ ਖੋਜ ਪ੍ਰਬੰਧ ਵਿਚ ਸ਼ਾਮਿਲ ਕੀਤਾ ਗਿਆ ਹੈ।

ਪੰਜਵੇ ਅਧਿਆਇ **ਡੁਮੇਲੀ ਟਕਸਾਲ: ਵਰਤਮਾਨ ਰੂਪ ਰੇਖਾ ਅਤੇ ਵਿਸ਼ਲੇਸ਼ਣ** ਵਿਚ ਡੁਮੇਲੀ ਟਕਸਾਲ ਦੇ ਵਰਤਮਾਨ ਰੂਪ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ ਡੁਮੇਲੀ ਟਕਸਾਲ ਦੀ ਕਾਰਜ ਵਿਧੀ, ਵਰਤਮਾਨ ਵਿਚ ਡੁਮੇਲੀ ਟਕਸਾਲ ਦਾ ਨਿਤਨੇਮ, ਟਕਸਾਲ ਵਿਚ ਕੀਰਤਨ ਦੀ ਸਿਖਲਾਈ ਸਬੰਧੀ ਵਿਸਤਾਰ ਸਹਿਤ ਜਾਣਕਾਰੀ ਦਿਤੀ ਹੈ। ਇਸ ਤੋਂ ਇਲਾਵਾ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਵਲੋਂ ਸਥਾਪਿਤ ਕੀਤੇ ਗਏ 'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ (ਕਪੂਰਥਲਾ) ਬਾਰੇ ਜਾਣਕਾਰੀ ਦਿੰਦਿਆ ਸੰਸਥਾ ਵਿਚ ਪੜ੍ਹਾਏ ਜਾਂਦੇ ਵਿਸ਼ਿਆਂ ਅਤੇ ਕਾਲਜ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਦਿਤੀ ਗਈ ਹੈ। ਖੋਜ ਪ੍ਰਬੰਧ ਦੇ ਅੰਤ ਵਿਚ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ** ਦੇ ਤਹਿਤ ਗੁਰਮਤਿ ਸੰਗੀਤ ਦੀਆਂ ਕਾਰਜਰੱਤ ਪਰਮੁਖ ਟਕਸਾਲਾਂ ਦੇ ਸੰਦਰਭ ਵਿਚ ਡੁਮੇਲੀ ਟਕਸਾਲ ਨੂੰ ਵਾਚਿਆ ਗਿਆ ਹੈ। ਜਿਸ ਦੇ ਸਿਟੇ ਵਜੋਂ, ਡੁਮੇਲੀ ਟਕਸਾਲ ਦੀ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਅਹਿਮ ਭੂਮਿਕਾ ਨੂੰ ਸਿਧ ਕਰਦੇ ਹੋਏ, ਕਿਸੇ ਸਿੱਟੇ ਤੇ ਪਹੁੰਚਿਆ ਗਿਆ ਹੈ।

**ਨਿਗਰਾਨ** | **ਖੋਜਾਰਥੀ**

ਡਾ. ਦੇਵਿੰਦਰ ਕੌਰ | ਰਣਜੀਤ ਸਿੰਘ

# ਸੰਦਰਭ ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


1. **ਉਪਲ, ਸੇਵਕ ਸਿੰਘ** : **ਵਦੇਸ਼ ਫੇਰੀ**
ਅਰਵਿੰਦ ਪ੍ਰੈਸ ਫਤਹਿਪੁਰਾ, ਜਲੰਧਰ ਸ਼ਹਿਰ

2. **ਅੰਮ੍ਰਿਤਪਾਲ ਕੌਰ (ਡਾ.) (ਮੁਖ ਸੰਪਾਦਕ)** : **ਖੋਜ ਪੱਤ੍ਰਿਕਾ**
ਬਾਣੀਕਾਰ ਵਿਸ਼ੇਸ਼ ਅੰਕ, ਅੰਕ 57,
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,
ਪਟਿਆਲਾ, ਮਾਰਚ 2003.

3. **ਅਮਨਪ੍ਰੀਤ ਕੌਰ** : **ਪੰਜਾਬ ਦਾ ਸੰਗੀਤ ਜਗਤ**
ਲੋਕ ਗੀਤ ਪ੍ਰਕਾਸ਼ਨ, ਐਸ.ਸੀ.ਉ. 27-26, ਸੈਕਟਰ
34 ਏ, ਚੰਡੀਗੜ੍ਹ, 2008.

4. **ਸੁਖਵੰਤ ਸਿੰਘ (ਪ੍ਰਿੰਸੀਪਲ)** : **ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ੧)**
ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ,
ਲੁਧਿਆਣਾ, 2003.

5. **ਸੁਖਵੰਤ ਸਿੰਘ (ਭਾਈ)** : **ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ਦੂਜਾ)**
ਜਵੱਦੀ ਟਕਸਾਲ, ਲੁਧਿਆਣਾ, 2003.

6. **ਸੁਖਦੇਵ ਸਿੰਘ (ਪ੍ਰੋ.)** : **ਸਿੱਖ ਧਰਮ ਤੇ ਮਨੁੱਖਤਾ ਦਾ ਸੰਕਲਪ**
ਪੰਜ ਆਬ ਪ੍ਰਕਾਸ਼ਨ, 1- ਦੇਸ਼ ਭਗਤ ਯਾਦਗਾਰ
ਬਿਲਡਿੰਗ, ਜਲੰਧਰ, 2016.

7. **ਸਾਬਰ, ਜਸਬੀਰ ਸਿੰਘ** : **ਦੋ - ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ,**
ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ 2008.

8. **ਸਵੱਰ ਸਮੁੰਦ, ਪ੍ਰਭਜੋਤ ਕੌਰ** : **ਸੁਰ ਇੰਦ੍ਰਾਵਲੀ**
ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸੰਬਰ 2005.

9. **ਹੋਠੀ, ਜਸਮੇਰ ਸਿੰਘ** : **ਸੰਤਨ ਕੀ ਮਹਿਮਾ**
ਸੰਤ ਬਾਬਾ ਹਰਬੰਸ ਸਿੰਘ ਮੈਮੋਰੀਅਲ ਟਰਸਟ ਯੂ.ਕੇ., ਸਾਹਿਬ ਸ਼ਬਦ ਜੁਗ ਯੂ.ਕੇ., 2012.

10. **ਕਰਤਾਰ ਸਿੰਘ (ਪ੍ਰੋ.)** : **ਗੁਰਬਾਣੀ ਸੰਗੀਤ ਦਰਪਣ**
ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2000.

11. **ਕੰਵਲ, ਬਲਵੀਰ ਸਿੰਘ** : **ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ**
ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2010.

12. **ਕੋਠਾ ਗੁਰੂ, ਬਲਵੰਤ ਸਿੰਘ (ਗਿਆਨੀ)** : **ਨਿਰਮਲ ਪੰਥ ਦੀ ਗੌਰਵ ਗਾਥਾ**
ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ ਸੁਕਦੇਵ ਕੁਟੀਰਤਨ ਬਾਗ ਕਨਹਲ, ਹਰਿਦਵਾਰ, ਉਤਰਾਂਚਲ, 2009.

13. **-ਉਹੀ-** : **ਸੂਰਵੀਰ ਬਚਨ ਕੇ ਬਲੀ**
ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ ਸੁਕਦੇਵ ਕੁਟੀਰਤਨ ਬਾਗ ਕਨਹਲ, ਹਰਿਦਵਾਰ, ਉਤਰਾਂਚਲ, 2009.

14. **ਖਾਲਸਾ, ਨਿਰਮਲ ਸਿੰਘ** : **ਗੁਰਮਤਿ ਸੰਗੀਤ ਦੇ ਅਨਮੋਲ ਰਤਨ**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

15. **ਗੁਰਨਾਮ ਸਿੰਘ (ਡਾ.) (ਮੁੱਖ ਸੰਪਾਦਕ)** : **ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

16. **-ਉਹੀ-** : **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

| | | | |
|---|---|---|---|
| 17. | **-ਉਹੀ-** | : | **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ**<br>ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ 2005. |
| 18. | **-ਉਹੀ-** | : | **ਪੰਜਾਬੀ ਸੰਗੀਤਕਾਰ**<br>ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005. |
| 19. | **ਗੰਧਰਵ, ਸਰਵਣ ਸਿੰਘ (ਸੰਤ)** | : | **ਸੁਰ ਸਿਮਰਨ ਸੰਗੀਤ (ਭਾਗ ਪਹਿਲਾ ਤੋਂ ਸੱਤਵਾਂ)**<br>ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2006. |
| 20. | **ਗੰਧਰਵ, ਸਰਵਣ ਸਿੰਘ (ਸੰਤ)** | : | **ਮਨ ਅਤੇ ਸਰੀਰ ਅਰੋਗ ਕਿਵੇਂ ਰੱਖੀਏ**<br>ਸੰਤ ਸਰਵਣ ਸਿੰਘ ਗੰਧਰਵ, ਪਿੰਡ/ਡਾਕ: ਡੁਮੇਲੀ, ਬਰਾਸਤਾ ਫਗਵਾੜਾ, ਕਪੂਰਥਲਾ |
| 21. | **ਗਰੇਵਾਲ, ਮਨਜੀਤ ਸਿੰਘ** | : | **ਗਿਆਨ ਦਿਵਾਕਰ**<br>ਡੇਰਾ ਸੰਤਗੜ੍ਹ ਹਰਖੋਵਾਲ ਦੇ ਸਮੂਹ ਪ੍ਰਬੰਧਕ ਸੱਜਣ, ਦਸੰਬਰ 2010. |
| 22. | **ਗਰੇਵਾਲ, ਅਮਰਜੀਤ ਸਿੰਘ** | : | **ਵਿਸਮਾਦੁ ਨਾਦ ਗੁਰਮਤਿ ਸੰਗੀਤ ਵਿਸ਼ੇਸ਼ ਅੰਕ**<br>ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ, ਲੁਧਿਆਣਾ |
| 23. | **ਜਸਬੀਰ ਕੌਰ (ਡਾ.) (ਸੰਪਾਦਕ)** | : | **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ**<br>ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005. |
| 24. | **ਜਸਬੀਰ ਕੌਰ (ਡਾ.)** | : | **ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ**<br>ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, ਮਾਰਚ 2006. |

25. **ਜਬਰਜੰਗ ਸਿੰਘ (ਸੰਪਾਦਕ)** : **ਮਸਤੂਆਣਾ ਟਕਸਾਲ ਸ਼ਬਦ ਕੀਰਤਨ ਰਚਨਾਵਲੀ**
ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011.

26. **ਦੇਵਿੰਦਰ ਕੌਰ (ਡਾ.)** : **ਸੰਗੀਤ ਰੂਪ (ਭਾਗ ਇਕ ਤੋਂ ਤਿੰਨ)**
ਸੰਗੀਤਾਂਜਲੀ ਪਬਲਿਕੇਸ਼ਨਜ਼, ਪਟਿਆਲਾ

27. **-ਉਹੀ-** : **ਸੰਸਥਾਗਤ ਸੰਗੀਤ ਸਿੱਖਿਆ**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

28. **ਨਿਝਰ, ਬਖਸ਼ੀਸ਼ ਸਿੰਘ (ਡਾ.)** : **ਡੁਮੇਲੀ ਪਿੰਡ ਦਾ ਇਤਿਹਾਸ**
ਚੋਪੜਾ ਪ੍ਰਿੰਟਿੰਗ ਏਜੰਸੀ, 4 ਸ਼ਿਵਾਜੀ ਪਾਰਕ, ਜਲੰਧਰ

29 **ਨਰੂਲਾ, ਦਰਸ਼ਨ ਸਿੰਘ (ਡਾ.)** : **ਪੰਜਾਬ ਦਾ ਸੰਗੀਤ : ਵਿਰਸਾ ਤੇ ਵਿਕਾਸ**
ਪੰਜਾਬੀ ਰਾਈਟਰਜ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1995.

30. **ਪਦਮ, ਵਰਿੰਦਰ ਕੌਰ (ਡਾ.)** : **ਗੁਰਮਤਿ ਸੰਗੀਤ ਦਾ ਸੰਗੀਤ ਵਿਗਿਆਨ**
ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2005.

31. **ਯਸ਼ਪਾਲ ਸ਼ਰਮਾ (ਡਾ.)** : **ਗਾਇਨ ਕਲਾ**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

32. **ਵੀਰ ਸਿੰਘ (ਭਾਈ)** : **ਵਾਰਾਂ ਭਾਈ ਗੁਰਦਾਸ ਜੀ ਸਟੀਕ**
ਭਾਈ ਵੀਰ ਸਿੰਘ ਸਾਹਿਤ ਸਦਨ, ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ, .1997

## ਹਿੰਦੀ ਪੁਸਤਕਾਂ

33. **ਸੁਨੀਤਾ ਸ਼ਰਮਾ** : **ਭਾਰਤੀਯ ਸੰਗੀਤ ਕਾ ਇਤਿਹਾਸ**
ਸੰਜਯ ਪ੍ਰਕਾਸ਼ਨ, 100/184, ਬਲਾਕ ਏ, ਸੋਮ ਬਜ਼ਾਰ, ਸਾਊਥ ਗਾਮਰੀ, ਦਿਲੀ, 2010.

34. **ਹਰਵਿੰਦਰ ਕੌਰ (ਡਾ.)** : **ਗੁਰਮਤਿ ਸੰਗੀਤ ਕੇ ਮੌਲਿਕ ਸਿਧਾਂਤ**
ਯੂਨੀ ਸਟਾਰ ਬੁਕਸ ਪ੍ਰਾ. ਲਿਮ. ਐਸ.ਸੀ.ਉ.27-26 , ਸੈਕਟਰ 34 ਏ, ਚੰਡੀਗੜ੍ਹ, 2014.

35. **ਗੁਰਨਾਮ ਸਿੰਘ (ਡਾ.)** : **ਗੁਰਮਤਿ ਸੰਗੀਤ ਰਾਗ ਰਤਨਾਵਲੀ**
**ਯਸ਼ਪਾਲ ਸ਼ਰਮਾ (ਡਾ.)** ਸ਼ਬਦ ਨਿਧਿ ਪ੍ਰਕਾਸ਼ਨ, 229/3171, ਤ੍ਰਿਨਗਰ, ਨਵੀ ਦਿਲੀ -35, 1999.

36. **ਚੌਬੇ, ਸੁਸ਼ੀਲ ਕੁਮਾਰ (ਡਾ.)** : **ਸੰਗੀਤ ਕੇ ਘਰਾਣੇਂ ਕੀ ਚਰਚਾ**
ਉਤਰ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਲਖਨਊ, 1977.

37. **ਦੇਵਿੰਦਰ ਕੌਰ (ਡਾ.)** : **ਸੰਗੀਤ ਰੂਪ (ਭਾਗ ਇਕ ਤੋਂ ਤਿੰਨ)**
ਪਰਲ ਬੁੱਕਸ ਪ੍ਰਾਈਵੇਟ ਲਿਮ., ਪਟਿਆਲਾ

38. **ਪੈਂਤਲ, ਗੀਤਾ (ਡਾ.)** : **ਪੰਜਾਬ ਕੀ ਸੰਗੀਤ ਪਰੰਪਰਾ**
ਰਾਧਾ ਪਬਲੀਕੇਸ਼ਨਜ਼, ਨਵੀਂ ਦਿੱਲੀ, 1988.

39. **ਰੇਨੂ ਸਚਦੇਵ** : **ਧਾਰਮਿਕ ਪਰੰਪਰਾਏਂ ਏਵਮ ਹਿੰਦੁਸਤਾਨੀ ਸੰਗੀਤ**
ਰਾਧਾ ਪਬਲੀਕੇਸ਼ਨਜ਼, 4378/4 ਬੀ ਅੰਸਾਰੀ ਰੋਡ, ਦਰਿਆਗੰਜ, ਨਵੀ ਦਿਲੀ, 1999.

40. **ਸ਼ਰਮਾ, ਸੁਨੀਤਾ (ਡਾ.)** : **ਭਾਰਤੀਯ ਸੰਗੀਤ ਕਾ ਇਤਿਹਾਸ**
ਸੰਜਯ ਪ੍ਰਕਾਸ਼ਨ, 184/100, ਬਲਾਕ ਏ, ਸੋਮ ਬਜ਼ਾਰ, ਦਿੱਲੀ, 1996.

41. **ਸ਼ਰਮਾ, ਭਾਰਤੀ (ਡਾ.)** : **ਸੰਗੀਤਕ ਏਵਮ ਧਾਰਮਿਕ ਪਰੰਪਰਾ ਏਕ ਅਵਲੋਕਨ**
ਸੰਜਯ ਪ੍ਰਕਾਸ਼ਨ, 437/4, ਬੀ-209, ਜੇ. ਐਮ. ਡੀ. ਹਾਊਸ, ਅਸਾਰੀ ਰੋਡ, ਦਰਿਆਗੰਜ, ਨਵੀ ਦਿੱਲੀ, 2006.


## English Books


42. **Gurnam Singh (Dr.)** : **Sikh Musicology**
Kanishka Publishers Distributors , New Delhi, 2001.

43. **Gurnam Singh (Dr.)** : **Sikh Sacred Music**
**Gurmat Sangeet**
Gurmat Parkashan, LIG-13, Phase-1, Urban Estate, Patiala, 2008.

44. **Nijjar, Bakhshish Singh (Dr.)** : **History of Village Domeli And Lutera Khurd**

**ਪੰਜਾਬੀ ਕੋਸ਼**

45. **ਹਰਭਜਨ ਸਿੰਘ (ਡਾ.)** : **ਸ੍ਰੀ ਗੁਰੂ ਗ੍ਰੰਥ ਕੋਸ਼**
ਡਾ. ਬਲਵੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਪੰਜਾਬੀ ਯੂਨੀਵਰਸਿਟੀ,

46. **ਗੁਰਨਾਮ ਸਿੰਘ (ਡਾ.) (ਮੁੱਖ ਸੰਪਾਦਕ)** : **ਗੁਰਮਤਿ ਸੰਗੀਤ ਟਰਮੀਨੋਲੋਜੀ**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

47. **ਜੱਗੀ, ਰਤਨ ਸਿੰਘ (ਡਾ.)** : **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

48. **ਜੋਧ ਸਿੰਘ (ਡਾ.)** : **ਸਿੱਖ ਧਰਮ ਵਿਸ਼ਵਕੋਸ਼**
ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

49. **ਨਾਭਾ, ਕਾਨ੍ਹ ਸਿੰਘ (ਭਾਈ)** : **ਗੁਰਸ਼ਬਦ ਰਤਨਾਕਰ ਮਹਾਨ ਕੋਸ਼**
ਨੈਸ਼ਨਲ ਬੁਕ ਸ਼ਾਪ ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਂਕ ਦਿੱਲੀ, 2012.

50. **ਪੰਜਾਬੀ-ਅੰਗਰੇਜ਼ੀ ਕੋਸ਼** : **ਪਬਲੀਕੇਸ਼ਨ ਬਿਊਰੋ,**
ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

51. **ਪੰਜਾਬੀ ਕੋਸ਼** : **ਪਬਲੀਕੇਸ਼ਨ ਬਿਊਰੋ,**
ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

52. **ਵੀਰ ਸਿੰਘ ਜੀ (ਭਾਈ)** : **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**
ਸਿੰਘ ਬ੍ਰਦਰਜ਼ ਅੰਮ੍ਰਿਤਸਰ, ਅਪ੍ਰੈਲ 2003.

## ਅੰਗਰੇਜ਼ੀ ਕੋਸ਼

| | | | |
|---|---|---|---|
| 53. | **Gurnam Singh (Dr.) (Editor-In-Chief)** | : | **Gurmat Sangit Terminology** Publication Bureau, Punjabi University, Patiala, 2012. |
| 54. | **Harbans Singh (Editor-in-chief)** | : | **The Encyclopaedia of Sikhism** Punjabi University, Patiala, 2002. |

## ਪੰਜਾਬੀ ਪੱਤ੍ਰਿਕਾਵਾਂ

| | | | |
|---|---|---|---|
| 55. | **ਅੰਮ੍ਰਿਤ ਕੀਰਤਨ** | : | **ਡਾ. ਜਾਗੀਰ ਸਿੰਘ (ਸੰਪਾਦਕ)** ਅਕਤੂਬਰ 1998, ਅਪ੍ਰੈਲ 1999, ਮਈ 1999, ਜੂਨ 1999, ਜੁਲਾਈ 1999, ਸਤੰਬਰ 1999, ਨਵੰਬਰ 1999, ਜਨਵਰੀ 2000, ਮਾਰਚ 2000, 422, ਸੈਕਟਰ 15-ਏ, ਚੰਡੀਗੜ੍ਹ |
| 56. | **ਸਮਾਜਿਕ ਵਿਗਿਆਨ ਪੱਤਰ** | : | **ਗੁਰਮਤਿ ਸੰਗੀਤ: ਵਿਸ਼ੇਸ਼ ਅੰਕ** ਅੰਕ 51, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2003. |
| 57. | **ਸਮਾਜਿਕ ਵਿਗਿਆਨ ਪੱਤਰ** | : | **ਸੰਗੀਤਕ ਸਾਜ਼ ਵਿਸ਼ੇਸ਼ ਅੰਕ** ਅੰਕ 57, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2009. |
| 58. | **ਸਮਾਜਿਕ ਵਿਗਿਆਨ ਪੱਤਰ** | : | **ਸੰਗੀਤਕ ਗਾਇਨ ਸ਼ੈਲੀਆਂ** ਅੰਕ 58, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2010. |
| 59. | **ਸਮਾਜਿਕ ਵਿਗਿਆਨ ਪੱਤਰ** | : | **ਭਾਰਤੀ ਸੰਗੀਤ ਦੇ ਪ੍ਰਮੁਖ ਸੰਗੀਤਕਾਰ ਵਿਸ਼ੇਸ਼ ਅੰਕ** ਭਾਗ ਪਹਿਲਾ, ਅੰਕ 59, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2011. |

60. **ਸਮਾਜਿਕ ਵਿਗਿਆਨ ਪੱਤਰ** : **ਭਾਰਤੀ ਸੰਗੀਤ ਦੇ ਪ੍ਰਮੁਖ ਸੰਗੀਤਕਾਰ ਵਿਸ਼ੇਸ਼ ਅੰਕ** ਭਾਗ ਦੂਜਾ, ਅੰਕ 60, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2012.

61. **ਡਿਪਲੋਮਾ ਇਨ ਗੁਰਮਤਿ ਸੰਗਤਿ** : ਅਕਾਦਮਿਕ ਸੈਸ਼ਨ (1997-98) ਪਰਚਾ ਪਹਿਲਾ, ਅਕਾਦਮਿਕ ਸੈਸ਼ਨ (2005-06) ਪਰਚਾ ਦੂਜਾ ਅਤੇ ਤੀਜਾ, ਪੱਤਰ ਵਿਹਾਰ ਸਿਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

62. **ਨਿਊਜ਼ ਡਾਇਰੀ** : **ਸੈਸ਼ਨ 2016-17** ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ, ਜਿਲਾ ਕਪੂਰਥਲਾ

## ਹਿੰਦੀ ਪੱਤ੍ਰਿਕਾਵਾਂ

63. **ਸੰਗੀਤ** : **ਗੁਰਮਤਿ ਸੰਗੀਤ ਅੰਕ** ਸੰਗੀਤ ਕਾਰਆਲਯ ਹਾਥਰਸ, ਯੂ.ਪੀ., ਫਰਵਰੀ 1997.

64. **-ਉਹੀ-** : **ਭਗਤੀ ਸੰਗੀਤ ਅੰਕ** ਸੰਗੀਤ ਕਾਰਆਲਯ ਹਾਥਰਸ, ਯੂ.ਪੀ., 1970.

## ਆਨ ਲਾਈਨ

65. **ਭਾਈ ਰਣਧੀਰ ਸਿੰਘ ਆਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ** : **ਗੁਰਮਤਿ ਸੰਗੀਤ ਵਿਭਾਗ,** ਪੰਜਾਬੀ ਯੂਨੀਵਰਸਿਟੀ, ਪਟਿਆਲਾ।

66. www.punjabiuniversitypatiala.ac.in

67. <http://www.searchgurbani.com> I granth

68. <http://www.searchgurbani.c>gurmatsangeetpup.com

69. <http://www.searchgurbani.com>

## ਸਮਾਚਾਰ ਪੱਤਰ

| | | | |
|---|---|---|---|
| 70. | **ਰੋਜਾਨਾ 'ਅਜੀਤ'** | : | **ਡਾ. ਗੁਰਨਾਮ ਸਿੰਘ**<br>ਗੁਰਮਤਿ ਸੰਗੀਤ ਪਰੰਪਰਾ-92 (11 ਅਕਤੂਬਰ 2012)<br>ਗੁਰਮਤਿ ਸੰਗੀਤ ਪਰੰਪਰਾ-96 ( 9ਅਕਤੂਬਰ 2012)<br>ਗੁਰਮਤਿ ਸੰਗੀਤ ਪਰੰਪਰਾ-110 ( 15ਜਨਵਰੀ (2013)<br>ਗੁਰਮਤਿ ਸੰਗੀਤ ਪਰੰਪਰਾ-133 (16 ਜੁਲਾਈ 2013)<br>ਨਹਿਰੂ ਗਾਰਡਨ ਰੋਡ, ਜਲੰਧਰ। |

## ਸਾਖਿਆਕਾਰ

| | | | |
|---|---|---|---|
| 71. | **ਅਸ਼ਵਨੀ ਕੁਮਾਰ** | : | ਮਿਤੀ 27.09.2015 ਨੂੰ ਪਿੰਡ ਸੁਜੋਂ, ਨਜ਼ਦੀਕ ਗੜ੍ਹਸ਼ੰਕਰ, ਜਿਲਾ ਹੁਸ਼ਿਆਰਪੁਰ |
| 72. | **ਸੱਜਣ ਸਿੰਘ, ਭਾਈ** | : | ਮਿਤੀ 1.12.2013 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਬਾਬਾ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ। |
| 73. | **ਸ. ਹਰਤਾਜ ਸਿੰਘ** | : | ਮਿਤੀ 07.12.2013 ਨੂੰ ਪਿੰਡ ਰਿਹਾਣਾਂ ਜੱਟਾਂ, ਜਿਲਾ ਕਪੂਰਥਲਾ |
| 74. | **ਸ. ਜਾਗਰ ਸਿੰਘ** | : | ਮਿਤੀ 27.09.2015 ਨੂੰ ਪਿੰਡ ਸੁਜੋਂ, ਨਜ਼ਦੀਕ ਗੜ੍ਹਸ਼ੰਕਰ, ਜਿਲਾ ਹੁਸ਼ਿਆਰਪੁਰ |
| 75. | **ਸਾ. ਸਰਵਣ ਸਿੰਘ** | : | ਮਿਤੀ 27.09.2015 ਨੂੰ ਪਿੰਡ ਸੁਜੋਂ, ਨਜ਼ਦੀਕ ਗੜ੍ਹਸ਼ੰਕਰ, ਜਿਲਾ ਹੁਸ਼ਿਆਰਪੁਰ |
| 76. | **ਸ. ਅਮਰੀਕ ਸਿੰਘ** | : | ਮਿਤੀ 27.09.2015 ਨੂੰ ਪਿੰਡ ਸੁਜੋਂ, ਨਜ਼ਦੀਕ ਗੜ੍ਹਸ਼ੰਕਰ, ਜਿਲਾ ਹੁਸ਼ਿਆਰਪੁਰ |
| 77. | **ਸ. ਪ੍ਰੀਤਮ ਸਿੰਘ** | : | ਮਿਤੀ 27.09.2015 ਨੂੰ ਪਿੰਡ ਜੈਜੋਂ, ਨਜ਼ਦੀਕ ਮਾਹਿਲਪੁਰ, ਹੁਸ਼ਿਆਰਪੁਰ |
| 78. | **ਹਰਖੋਵਾਲ, ਜਗਜੀਤ ਸਿੰਘ (ਸੰਤ)** | : | ਮਿਤੀ 09.01.2015 ਨੂੰ ਗੁਰਦੁਆਰਾ ਸੁਲਤਾਨਪੁਰ ਲੋਧੀ, ਜਿਲਾ ਕਪੂਰਥਲਾ |
| 79. | **ਕ੍ਰਿਸ਼ਨਾ ਦੇਵੀ, ਮਾਤਾ** | : | ਮਿਤੀ 31.08.2015 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |
| 80. | **ਕੁਰਸ਼ਾਦਾ ਬੇਗਮ, ਮਾਤਾ** | : | ਮਿਤੀ 27.09.2015 ਨੂੰ ਪਿੰਡ ਜੈਜੋਂ, ਨਜ਼ਦੀਕ ਮਾਹਿਲਪੁਰ, ਹੁਸ਼ਿਆਰਪੁਰ |

| | | | |
|---|---|---|---|
| 81. | **ਕਿਰਪਾਲ ਕੌਰ, (ਡਾ.)** | : | ਮਿਤੀ 06.08.2014 ਨੂੰ ਸਿਖ ਇਨਕਲੇਵ, ਹੁਸ਼ਿਆਰਪੁਰ |
| 82. | **ਗੁਲਜ਼ਾਰ ਚੰਦ, ਮਾਸਟਰ** | : | ਮਿਤੀ 27.09.2015 ਨੂੰ ਪਿੰਡ ਸੁਜੋਂ, ਨਜ਼ਦੀਕ ਗੜਸ਼ੰਕਰ, ਜਿਲਾ ਹੁਸ਼ਿਆਰਪੁਰ |
| 83. | **ਜੁਝਾਰ ਸਿੰਘ (ਪ੍ਰੋ.)** | : | ਮਿਤੀ 10.09.2014 ਨੂੰ ਮਾਡਲ ਟਾਊਨ ਹੁਸ਼ਿਆਰਪੁਰ |
| 84. | **ਜੰਮੂ, ਸ. ਜੋਧ ਸਿੰਘ** | : | ਮਿਤੀ 05.05.2017 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਪਿੰਡ ਡੁਮੇਲੀ, ਜਿਲਾ ਕਪੂਰਥਲਾ |
| 85. | **ਡੁਮੇਲੀ, ਪਰਮਜੀਤ ਸਿੰਘ (ਭਾਈ)** | : | ਮਿਤੀ 10.03.2014 ਨੂੰ ਉਨ੍ਹਾਂ ਦੇ ਨਿਵਾਸ ਸਥਾਨ ਪਿੰਡ ਡੁਮੇਲੀ, ਜਿਲਾ ਕਪੂਰਥਲਾ |
| 86. | **ਡੁਮੇਲੀ, ਸ. ਅਵਤਾਰ ਸਿੰਘ** | : | ਮਿਤੀ 16.08.2015 ਅਤੇ 29.08.2015 ਨੂੰ ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਜਿਲਾ ਕਪੂਰਥਲਾ |
| 87. | **ਡੁਮੇਲੀ, ਸ. ਪ੍ਰੀਤਮ ਸਿੰਘ** | : | ਮਿਤੀ 29.08.2015 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |
| 88. | **ਡੁਮੇਲੀ, ਸ. ਨਿਰਮਲ ਸਿੰਘ** | : | ਮਿਤੀ 02.08.2015 ਅਤੇ 12.08.2015 ਨੂੰ ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਜਿਲਾ ਕਪੂਰਥਲਾ |
| 89. | **ਡੁਮੇਲੀ, ਤਰਲੋਚਨ ਸਿੰਘ (ਭਾਈ)** | : | ਮਿਤੀ 10.09.2015 ਨੂੰ ਗੁਰਦੁਆਰਾ ਬਾਬਾ ਰਾਣਾ, ਪਿੰਡ ਡੁਮੇਲੀ, ਜਿਲਾ ਕਪੂਰਥਲਾ |
| 90. | **ਡੁਮੇਲੀ, ਸ. ਗੁਰਮੋਹਨ ਸਿੰਘ** | : | ਮਿਤੀ 14.09.2014 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |
| 91 | **ਨਸੀਬ ਕੌਰ, ਮਾਤਾ** | : | ਮਿਤੀ 27.09.2015 ਨੂੰ ਪਿੰਡ ਜੈਜੋਂ, ਨਜ਼ਦੀਕ ਮਾਹਿਲਪੁਰ, ਹੁਸ਼ਿਆਰਪੁਰ |
| 92. | **ਪ੍ਰੀਤਮ ਸਿੰਘ, ਸੰਤ** | : | ਮਿਤੀ 29.09.2015 ਅਤੇ 31.01.2017 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |
| 93. | **ਫੌਜੀ, ਸੰਤੋਖ ਸਿੰਘ** | : | ਮਿਤੀ 11.03.2014 ਨੂੰ ਉਨ੍ਹਾਂ ਦੇ ਨਿਵਾਸ ਸਥਾਨ, ਪਿੰਡ ਡੁਮੇਲੀ, ਜਿਲਾ ਕਪੂਰਥਲਾ |
| 94. | **ਬਲਵੀਰ ਸਿੰਘ, ਮਹੰਤ** | : | ਮਿਤੀ 15.12.2013, 16.08.2015 ਅਤੇ 31.01.2017 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |

| | | | |
|---|---|---|---|
| 95. | **ਬੈਂਸ, ਸੁਰਿੰਦਰ ਕੌਰ (ਪ੍ਰੋ.)** | : | ਮਿਤੀ 10.10.2014 ਨੂੰ ਮਕਾਨ ਨੰ. 338, ਸਾਹਮਣੇ ਸੈਕਟਰੀਏਟ, ਚੰਗੀਗੜ੍ਹ ਰੋਡ, ਹੁਸ਼ਿਆਰਪੁਰ |
| 96. | **ਬਲਦੇਵ ਕ੍ਰਿਸ਼ਨ, ਘੁਮਿਆਰ** | : | ਮਿਤੀ 27.09.2015 ਨੂੰ ਪਿੰਡ ਜੈਜੋਂ, ਨਜ਼ਦੀਕ ਮਾਹਿਲਪੁਰ, ਹੁਸ਼ਿਆਰਪੁਰ |
| 97. | **ਮਨਜੀਤ ਸਿੰਘ (ਸੰਤ)** | : | ਮਿਤੀ 11.02.2013 ਨੂੰ ਗੁਰਦੁਆਰਾ ਬਾਬਾ ਰਾਣਾ, ਡੁਮੇਲੀ, ਜਿਲਾ ਕਪੂਰਥਲਾ |
| 98. | **ਮੱਖਣ ਸਿੰਘ, ਨੰਬਰਦਾਰ** | : | ਮਿਤੀ 27.09.2015 ਨੂੰ ਪਿੰਡ ਜੈਜੋਂ, ਨਜ਼ਦੀਕ ਮਾਹਿਲਪੁਰ, ਹੁਸ਼ਿਆਰਪੁਰ |
| 99. | **ਰਸੂਲਪੁਰ, ਗੁਰਨਾਮ ਸਿੰਘ (ਡਾ.)** | : | ਮਿਤੀ 13.08.2017 ਨੂੰ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ, ਜਿਲਾ ਕਪੂਰਥਲਾ |
| 100. | **ਰਮੇਸ਼ ਕੁਮਾਰ** | : | ਮਿਤੀ 27.09.2015 ਨੂੰ ਪਿੰਡ ਜੈਜੋਂ, ਨਜ਼ਦੀਕ ਮਾਹਿਲਪੁਰ, ਹੁਸ਼ਿਆਰਪੁਰ |
| 101. | **ਲੁਟੇਰਾ, ਮਹਿੰਦਰ ਸਿੰਘ** | : | ਮਿਤੀ 25.09.2015 ਨੂੰ ਉਨ੍ਹਾਂ ਦੇ ਨਿਵਾਸ ਸਥਾਨ, ਪਿੰਡ ਲੁਟੇਰਾ, ਜਿਲਾ ਜਲੰਧਰ |
| 102. | **ਵਾਰੀਆ, ਸ. ਦਰਸ਼ਨ ਸਿੰਘ** | : | ਮਿਤੀ 12.08.2015 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |
| 103. | **ਵਾਰੀਆ, ਸ. ਹਰਭਜਨ ਸਿੰਘ** | : | ਮਿਤੀ 05.08.2015 ਨੂੰ ਡੁਮੇਲੀ ਟਕਸਾਲ (ਗੁਰਦੁਆਰਾ ਸੰਤ ਦਲੀਪ ਸਿੰਘ ਜੀ ਕੁਟੀਆ), ਡੁਮੇਲੀ, ਜਿਲਾ ਕਪੂਰਥਲਾ |

# ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ:
# ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ

**ਗੁਰਮਤਿ ਸੰਗੀਤ ਵਿਸ਼ੇ ਵਿਚ ਪੀਐਚ.ਡੀ.** ਦੀ ਉਪਾਧੀ ਲਈ ਪ੍ਰਸਤੁਤ

ਖੋਜ ਪ੍ਰਬੰਧ


ਨਿਗਰਾਨ

**ਡਾ. ਦੇਵਿੰਦਰ ਕੌਰ**

ਸਾਬਕਾ ਪ੍ਰੋਫੈਸਰ ਅਤੇ ਮੁਖੀ,

ਸੰਗੀਤ ਵਾਦਨ ਵਿਭਾਗ,

ਸਰਕਾਰੀ ਕਾਲਜ ਲੜਕੀਆਂ,

ਪਟਿਆਲਾ।

ਖੋਜਾਰਥੀ

**ਰਣਜੀਤ ਸਿੰਘ**



(Established Under Punjab Act No. 35 of 1961)

ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨਵੰਬਰ, 2017

# ਉਪਸੰਹਾਰ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਅਨੇਕ ਟਕਸਾਲਾਂ ਨੇ ਆਪਣਾ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿਚੋਂ ਗੁਰਮਤਿ ਸੰਗੀਤ ਦੀ ਡ਼ੁਮੇਲੀ ਟਕਸਾਲ ਦੀ ਵੀ ਅਹਿਮ ਭੂਮਿਕਾ ਹੈ। ਇਸ ਟਕਸਾਲ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਤੋਂ ਪਹਿਲਾ 'ਟਕਸਾਲ' ਸ਼ਬਦ ਨੂੰ ਪ੍ਰਭਾਸ਼ਿਤ ਕਰਨਾ ਜਰੂਰੀ ਹੋ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇਂ ਟਕਸਾਲ' ਨੂੰ 'ਟਕੇ ਬਣਾਉਣ ਵਾਲਾ ਘਰ' ਦੱਸਿਆ ਹੈ। ਜਿਥੇ ਰੁਪਏ, ਪੈਸੇ, ਸਿਕੇ ਤਿਆਰ ਕੀਤੇ ਜਾਂਦੇ ਹਨ ਜਾਂ ਜਿਥੇ ਵਿਦਿਆ ਸਿਖਾਈ ਜਾਂਦੀ ਹੈ। ਟਕਸਾਲ ਦੀ ਪਰਿਭਾਸ਼ਾ ਡਾ. ਗੁਰਨਾਮ ਸਿੰਘ, ਡਾ. ਜਸਬੀਰ ਕੌਰ ਅਤੇ ਡਾ. ਸੁਸ਼ੀਲ ਕੁਮਾਰ ਚੌਬੇ ਨੇ ਵੀ ਦਿਤੀ ਹੈ ਜਿਸ ਤੋਂ ਟਕਸਾਲ ਸ਼ਬਦ ਦੇ ਅਰਥ ਸਪਸ਼ਟ ਹੋ ਜਾਂਦੇ ਹਨ।

ਪ੍ਰਾਚੀਨ ਕਾਲ ਤੋਂ ਹੀ ਧਰਮ ਅਤੇ ਸੰਗੀਤ ਦੋਵੇਂ ਇਕੋ ਸਿਕੇ ਦੇ ਦੋ ਪਾਸੇ ਰਹੇ ਹਨ। ਧਰਮ ਦੇ ਪਰਚਾਰ ਲਈ ਹਮੇਸ਼ਾਂ ਸੰਗੀਤ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਸਿੱਖ ਗੁਰੂ ਸਹਿਬਾਨ ਨੇਂ ਵੀ ਆਪਣੀ ਵਿਚਾਰਧਾਰਾ ਨੂੰ ਪਰਚਾਰਨ ਲਈ ਗੁਰਬਾਣੀ ਦੀ ਰਚਨਾ ਕੀਤੀ ਅਤੇ ਉਸਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਕੀਰਤਨ (ਸੰਗੀਤ) ਦਾ ਸਹਾਰਾ ਲਿਆ। ਗੁਰਬਾਣੀ ਦੇ ਪਰਚਾਰ ਅਤੇ ਪਰਸਾਰ ਲਈ ਸ੍ਰੀ ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਕੀਰਤਨ ਕੇਂਦਰ ਸਥਾਪਿਤ ਕੀਤੇ। ਗੁਰੂ ਕਾਲ ਤੋਂ ਬਾਅਦ ਵੱਖ-ਵੱਖ ਟਕਸਾਲਾਂ ਨੇ ਇਸ ਮਾਰਗ ਤੇ ਚਲਦੇ ਹੋਏ ਕੀਰਤਨ ਅਤੇ ਸਿਖਲਾਈ ਦੀ ਪਰੰਪਰਾ ਨੂੰ ਅੱਗੇ ਵਧਾਇਆ। ਜਿਸ ਦੇ ਸਿੱਟੇ ਵਜੋਂ ਮੱਧਕਾਲ ਵਿਚ ਅਰੰਭ ਹੋਈ ਗੁਰਬਾਣੀ ਕੀਰਤਨ ਦੀ ਪਰੰਪਰਾ ਨੇ ਅੱਜ ਵਿਸ਼ਾਲ ਰੂਪ ਧਾਰਨ ਕਰ ਲਿਆ ਹੈ। ਇਥੇ ਸੰਖੇਪ ਰੂਪ ਵਿਚ ਇਸ ਦਾ ਵਰਣਨ ਕੀਤਾ ਜਾ ਰਿਹਾ ਹੈ।

ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਨੇਂ ਸਭ ਤੋਂ ਪਹਿਲਾ ਕੀਰਤਨ ਕੇਂਦਰ ਕਰਤਾਰਪੁਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜਦ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤਾਂ ਭਾਈ ਮਰਦਾਨਾ (ਮਰਦਾਨਾ ਰਬਾਬੀ) ਰਬਾਬ ਵਜਾ ਕੇ ਉਨ੍ਹਾਂ ਦਾ ਸਾਥ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 19 ਰਾਗਾਂ ਵਿਚ 976 ਸ਼ਬਦ ਦਰਜ ਹਨ। ਸ੍ਰੀ ਗੁਰੂ ਅੰਗਦ ਦੇਵ ਜੀ (1504-1552) ਨੇਂ ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਦੂਸਰਾ ਕੀਰਤਨ ਕੇਂਦਰ ਖਡੂਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ 9 ਰਾਗਾਂ ਵਿਚ 63 ਸਲੋਕਾਂ ਦੀ ਰਚਨਾਂ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ (1479-1574) ਨੇਂ ਤੀਸਰਾ ਕੀਰਤਨ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 17 ਰਾਗਾਂ ਵਿਚ 907 ਸ਼ਬਦ ਦਰਜ ਹਨ। ਆਪ ਨੇ ਗੁਰਬਾਣੀ ਕੀਰਤਨ ਨਾਲ ਸੰਗਤ ਕਰਨ ਲਈ

'ਸਰੰਦਾ' ਨਾਮਕ ਇਕ ਸੰਗੀਤ ਸਾਜ਼ ਦਾ ਆਵਿਸ਼ਕਾਰ ਵੀ ਕੀਤਾ। ਇਸੇ ਤਰ੍ਹਾਂ ਚੌਥੇ ਗੁਰੂ ਰਾਮਦਾਸ ਜੀ (1534-1584) ਨੇ ਰਾਮਦਾਸਪੁਰਾ/ ਚੱਕ ਗੁਰੂ ਦੀ ਨੀਂਹ ਰੱਖੀ, ਜੋ ਸ੍ਰੀ ਅੰਮ੍ਰਿਤਸਰ ਨਾਮ ਨਾਲ ਪ੍ਰਸਿਧ ਹੋਇਆ। ਇਸ ਸਮੇਂ ਭਾਈ ਸੱਤਾ ਤੇ ਬਲਵੰਡ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਲਈ ਯਤਨਸ਼ੀਲ ਰਹੇ। ਗੁਰੂ ਰਾਮਦਾਸ ਜੀ ਦੇ ਸਮੇਂ ਹੀ ਪੜਤਾਲ ਗਾਇਨ ਸ਼ੈਲੀ ਹੋਂਦ ਵਿਚ ਆਈ, ਜੋ ਸੰਗੀਤ ਜਗਤ ਦੀ ਕਿਸੇ ਹੋਰ ਪਰੰਪਰਾ ਵਿਚ ਉਪਲਬਧ ਨਹੀਂ। ਆਪ ਜੀ ਨੇਂ 19 ਪੜਤਾਲਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਆਪ ਜੀ ਨੇ 31 ਰਾਗਾਂ ਵਿਚ 679 ਪਦਾਂ ਦੀ ਰਚਨਾ ਕੀਤੀ। ਪੰਜਵੇ ਗੁਰੂ ਅਰਜਨ ਦੇਵ ਜੀ (1563-1606) ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 31 ਰਾਗਾਂ ਵਿਚ 2216 ਸ਼ਬਦ ਦਰਜ ਹਨ। ਆਪ ਜੀ ਨੇ 36 ਪੜਤਾਲਾਂ ਦੀ ਰਚਨਾ ਵੀ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਆਪ ਦੇ ਸਮੇਂ ਮੁੱਖ ਕੀਰਤਨਕਾਰ ਭਾਈ ਸੱਤਾ ਅਤੇ ਬਲਵੰਡ ਕਿਸੇ ਗੱਲ ਤੋਂ ਨਰਾਜ਼ ਹੋ ਗਏ। ਇਸ ਉਪਰੰਤ ਆਪ ਨੇ ਸਮੂਹ ਸੰਗਤ ਵਿਚ ਵਿਧੀਵਤ ਰੂਪ ਵਿਚ ਕੀਰਤਨ ਦੀ ਪਰੰਪਰਾ ਚਲਾਈ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ (1666-1708) ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਕੀਰਤਨ ਕੇਂਦਰ ਸਥਾਪਿਤ ਕਰਕੇ ਗੁਰਮਤਿ ਲਹਿਰ ਨੂੰ ਪ੍ਰਚੰਡ ਕੀਤਾ।

ਸਿਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਬਹੁਤ ਸਾਰੇ ਗੁਰਦੁਆਰਿਆਂ, ਡੇਰਿਆਂ ਵਿਚ ਸੰਤਾਂ ਮਹਾਤਮਾਵਾਂ ਨੇ ਕੀਰਤਨ ਜਾਂ ਗੁਰਮਤਿ ਸੰਗੀਤ ਦੀ ਸਿਖਿਆ ਦਾ ਨਿਯਮਤ ਰੂਪ ਵਿਚ ਪ੍ਰਬੰਧ ਕੀਤਾ। ਅਜਿਹੇ ਡੇਰਿਆਂ ਜਾਂ ਸਥਾਨਾਂ ਨੂੰ ਹੀ 'ਟਕਸਾਲ' ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਟਕਸਾਲ ਉਸ ਜਗਾ (ਸਥਾਨ) ਨੂੰ ਕਿਹਾ ਜਾਂਦਾ ਹੈ, ਜਿਥੇ ਸਿੱਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜਾਂ, ਰਹਿਣ-ਸਹਿਣ, ਇਤਿਹਾਸ ਸਬੰਧੀ ਪੂਰਨ ਤੌਰ ਤੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤ ਅਨੁਸਾਰ, ਗੁਰਬਾਣੀ ਗਾਇਨ ਦੇ ਮਹਾਨ ਗਿਆਤਾ ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਗਾਇਨ ਦੀ ਸਿਖਿਆ ਦਿੰਦੇ ਹਨ। ਟਕਸਾਲਾਂ ਵਿਚ ਜਿਥੇ ਸਿਖਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਕੀਰਤਨ ਕਰਨ ਦੀ ਮਰਿਯਾਦਾ, ਨਿਰਧਾਰਿਤ ਰਾਗਾਂ ਦੀ ਸਿਖਿਆ, ਸਮੇਂ ਮੁਤਾਬਿਕ ਕੀਰਤਨ ਕਰਨ ਦੀ ਵਿਧੀ ਸਿਖਾਈ ਜਾਂਦੀ ਹੈ, ਉਥੇ ਤੰਤੀ ਸਾਜ਼ਾਂ ਤੋਂ ਇਲਾਵਾ ਹੋਰ ਦੂਸਰੇ ਸਾਜ਼ ਵਜਾਉਣ ਦੀ ਸਿਖਿਆ ਵੀ ਦਿਤੀ ਜਾਂਦੀ ਹੈ। ਇਨ੍ਹਾਂ ਟਕਸਾਲਾਂ, ਡੇਰਿਆਂ, ਸੰਸਥਾਵਾਂ ਨੇਂ ਕੀਰਤਨ ਪਰੰਪਰਾ ਦੀ ਨਿਯਮਾਂ ਅਨੁਸਾਰ ਸਿਖਲਾਈ ਵਿਚ, ਗੁਰਮਤਿ ਸੰਗੀਤ ਦੀ ਇਸ ਪਰੰਪਰਾ ਨੂੰ ਜੀਵਤ ਰੱਖਣ ਅਤੇ ਹੋਰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਟਕਸਾਲਾਂ ਦੇ ਨਾਮ ਇਸ ਪ੍ਰਕਾਰ ਹਨ- ਦਮਦਮਾ ਸਾਹਿਬ ਦੀ ਟਕਸਾਲ, ਮਸਤੂਆਣਾ

ਟਕਸਾਲ, ਬੁੱਢਾਜੋੜ ਟਕਸਾਲ, ਦਮਦਮੀ ਟਕਸਾਲ, ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਦੋਧਰਪੁਰ ਟਕਸਾਲ, ਹਰਗਨਾ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ; ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰਮਤਿ ਵਿਦਿਆਲਾ ਰਕਾਬਗੰਜ, ਦਿੱਲੀ; ਸੂਰਮਾ ਆਸ਼ਰਮ, ਅੰਮ੍ਰਿਤਸਰ; ਜਵੱਦੀ ਟਕਸਾਲ, ਲੁਧਿਆਣਾ; ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ; ਗੁਰਮਤਿ ਸੰਗੀਤ ਸੁਸਾਇਟੀ, ਪਟਿਆਲਾ; ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ; ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀ ਦਿੱਲੀ; ਗੁਰਮਤਿ ਮਿਸ਼ਨਰੀ ਸੰਸਥਾਵਾਂ ਆਦਿ।

ਗੁਰਮਤਿ ਸੰਗੀਤ ਦੀਆਂ ਉਪਰੋਕਤ ਟਕਸਾਲਾਂ ਵਿਚੋਂ ਡੁਮੇਲੀ ਦੀ ਟਕਸਾਲ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਡੁਮੇਲੀ ਟਕਸਾਲ ਦੇ ਯੋਗਦਾਨ ਦਾ ਅਧਿਐਨ ਕਰਨ ਤੋਂ ਪਹਿਲਾਂ ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਕਿਹੋ ਜਿਹੀ ਹੈ, ਇਸ ਬਾਰੇ ਜਾਣਕਾਰੀ ਜਰੂਰੀ ਹੈ।

ਜਿਲਾ ਕਪੂਰਥਲਾ ਦੀ ਤਹਿਸੀਲ ਫਗਵਾੜਾ ਅਧੀਨ ਪੈਂਦਾ ਪਿੰਡ ਡੁਮੇਲੀ ਹੁਸ਼ਿਆਰਪੁਰ-ਫਗਵਾੜਾ ਸੜਕ ਤੇ ਸਥਿਤ ਪਿੰਡ ਰਿਹਾਣਾ ਜੱਟਾਂ ਤੋਂ ਬਿਲਕੁਲ ਲਹਿੰਦੇ ਪਾਸੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਪਿੰਡ ਦੀ ਇਤਿਹਾਸ ਬਾਰੇ ਕਈ ਦੰਦ ਕਥਾਵਾਂ ਸੁਣਨ ਨੂੰ ਮਿਲਦੀਆਂ ਹਨ। ਕਿਸੇ ਸਮੇਂ ਬਿਆਸ ਅਤੇ ਸਤਲੁਜ ਦਰਿਆ ਇਥੇ ਇਕੱਠੇ ਵਗਦੇ ਹੁੰਦੇ ਸਨ। ਦੋ ਦਰਿਆਵਾਂ ਦੇ ਮੇਲ ਕਾਰਨ, ਦੋ-ਮੇਲ ਤੋਂ ਇਸ ਪਿੰਡ ਦਾ ਨਾਮ 'ਦੋ-ਮੇਲੀ' ਪੈ ਗਿਆ, ਜੋ ਬਾਅਦ ਵਿਚ ਵਿਗੜ ਕੇ 'ਡੁਮੇਲੀ' ਬਣ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਜਦ ਦੋਵੇਂ ਦਰਿਆ ਅਲੱਗ-ਅਲੱਗ ਵਗਣ ਲੱਗੇ ਤਾਂ ਇਥੇ ਇਕ ਬਹੁਤ ਵੱਡਾ ਸਾਰਾ ਡੁੰਮ ਪੈ ਗਿਆ। ਇਸ ਡੁੰਮ ਤੋਂ ਹੀ ਇਸ ਪਿੰਡ ਦਾ ਨਾਮਕਰਨ ਹੌਲੀ-ਹੌਲੀ ਡੁਮੇਲੀ ਹੋ ਗਿਆ।

ਪੁਰਾਤਨ ਸਾਖੀਆਂ ਵਿਚ ਛੇਵੇਂ ਸਿੱਖ ਗੁਰੂ ਸਾਹਿਬਾਨ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਸਬੰਧ ਵੀ ਇਸ ਪਿੰਡ ਨਾਲ ਜੁੜਦਾ ਹੈ। ਕਿਹਾ ਜਾਂਦਾ ਹੈ ਕਿ ਕਿਸੇ ਤਪੱਸਵੀ ਦੀ ਦਿੱਤੀ ਬਦ-ਦੁਆ ਕਾਰਨ ਪਿੰਡ ਵਿਚ ਆਪੇ ਹੀ ਅੱਗ ਲੱਗਦੀ ਰਹੀ ਤੇ ਭਾਰੀ ਨੁਕਸਾਨ ਹੁੰਦਾ ਰਹਿੰਦਾ ਸੀ। ਸਿਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗਲ ਫੌਜਾਂ ਦਾ ਟਾਕਰਾ ਕਰਦੇ ਹੋਏ ਸੰਨ 1646 ਵਿਚ ਬਿਆਸ ਦਰਿਆ ਲੰਘ ਕੇ ਗਰਨਾਂ ਸਾਹਿਬ ਬੋਦਲਾਂ, ਡਰੋਲੀ ਕਲਾਂ ਤੋਂ ਹੁੰਦੇ ਹੋਏ ਡੁਮੇਲੀ ਪੁੱਜੇ। ਉਸ ਸਮੇਂ ਮੁਗਲ ਫੌਜਾਂ ਗੁਰੂ ਜੀ ਦਾ ਪਿੱਛਾ ਕਰ ਰਹੀਆਂ ਸਨ। ਗੁਰੂ ਜੀ ਨੂੰ ਮੁਸ਼ਕਲ ਵਿਚ ਦੇਖਦਿਆਂ ਡੁਮੇਲੀ ਦੇ ਲੋਕਾਂ ਨੇਂ ਉਨ੍ਹਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਇਕ ਪੁਰਾਣੇ ਜਿਹੇ ਕੋਠੇ ਅੰਦਰ ਰਹਿਣ ਲਈ ਜਗਾ ਦੇ ਦਿਤੀ। ਪਿੰਡ ਵਾਸੀਆਂ ਨੇ ਨਾਲ ਦੇ ਸਿੰਘਾਂ ਨੂੰ ਇਕ-ਇਕ, ਦੋ-ਦੋ ਕਰਕੇ ਪਿੰਡ ਦੇ ਸਾਰੇ ਘਰਾਂ ਵਿਚ ਰੱਖ ਲਿਆ। ਮੁਗਲ ਫੌਜਾਂ ਪਿੰਡ ਵਿਚ ਸ਼ਾਂਤੀ ਦਾ

ਪਸਾਰਾ ਦੇਖ ਕੇ ਅੱਗੇ ਲੰਘ ਗਈਆਂ। ਉਧਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਇਕ ਸੱਪ ਨੇਂ ਡੰਗ ਮਾਰ ਦਿਤਾ। ਦੰਦ ਕਥਾ ਅਨੁਸਾਰ ਡੰਗ ਮਾਰਨ ਉਪਰੰਤ ਸੱਪ ਦੀ ਮੌਤ ਹੋ ਗਈ ਸੀ। ਇਸ ਘਟਨਾ ਉਪਰੰਤ ਗੁਰੂ ਜੀ ਨੇਂ ਵਰ ਦਿਤਾ ਕਿ ਡੁਮੇਲੀ ਪਿੰਡ ਦੀ ਹੱਦ ਅੰਦਰ ਜੇਕਰ ਕਿਸੇ ਦੇ ਸੱਪ ਡੰਗ ਮਾਰਿਆ ਕਰੇਗਾ ਤਾਂ ਉਸ ਦੀ ਜਹਿਰ ਨਹੀਂ ਚੜ੍ਹਿਆ ਕਰੇਗੀ। ਗੁਰੂ ਜੀ ਦੁਆਰਾ ਪਿੰਡ ਵਾਸੀਆਂ ਨੂੰ ਦਿਤਾ ਇਹ ਵਰ ਅੱਜ ਵੀ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਮੁਗਲ ਫੌਜਾਂ ਗੁਰੂ ਜੀ ਦਾ ਪਿਛਾ ਕਰਦੀਆਂ-ਕਰਦੀਆਂ ਡੁਮੇਲੀ ਪਿੰਡ ਨੂੰ ਛੱਡ ਕੇ ਅੱਗੇ ਨਿਕਲ ਗਈਆਂ। ਪਿੰਡ ਵਾਸੀਆਂ ਵਲੋਂ ਦਿਤੇ ਯੋਗਦਾਨ ਕਾਰਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਬਹੁਤ ਖ਼ੁਸ਼ ਹੋਏ। ਕਿਹਾ ਜਾਂਦਾ ਹੈ ਕਿ ਪਿੰਡ ਵਾਸੀਆਂ ਦੀ ਫਰਿਆਦ ਤੇ ਗੁਰੂ ਸਾਹਿਬ ਨੇ ਇਕ ਤਪੱਸਵੀ ਦੇ ਦਿੱਤੇ ਸਰਾਪ ਤੋਂ ਕੋਈ ਨੁਕਸਾਨ ਦਾ ਹੋਣ ਲਈ ਇਕ ਥੰਮ ਧਰਤੀ ਵਿਚ ਗੱਡਿਆ, ਜੋ ਅੱਜ ਵੀ ਮੌਜੂਦ ਹੈ। ਇਸ ਅਸਥਾਨ ਤੇ ਅੱਜਕਲ 'ਗੁਰਦੁਆਰਾ ਥੰਮ ਜੀ ਸਾਹਿਬ' ਸਸ਼ੋਭਿਤ ਹੈ। ਇਸ ਘਟਨਾ ਦੇ ਨਾਲ ਹੀ ਗੁਰੂ ਜੀ ਨੇਂ ਪਿੰਡ ਵਾਸੀਆਂ ਨੂੰ ਕਿਸੇ ਵੀ ਬਾਹਰੀ ਆਫ਼ਤ ਦਾ ਇਕਮੁੱਠ ਹੋ ਕੇ ਟਾਕਰਾ ਕਰਨ ਦਾ ਵਰ ਦਿੱਤਾ।

ਜਿਲਾ ਕਪੂਰਥਲਾ ਦੇ ਇਸ ਇਤਿਹਾਸਿਕ ਪਿੰਡ ਡੁਮੇਲੀ ਦੇ ਪਿਛੋਕੜ ਬਾਰੇ ਭਾਵੇਂ ਵੱਖਰੀ ਖੋਜ ਦੀ ਜਰੂਰਤ ਹੈ, ਪਰੰਤੂ ਇਹ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਕਿ ਡੁਮੇਲੀ ਪਿੰਡ ਵਿਚ ਮਹਾਨ ਸੰਤ-ਮਹਾਂਪੁਰਖ, ਮਹਾਂਦਾਨੀ, ਸਿਆਸੀ, ਸੇਵਾਦਾਰ, ਲੋਕ ਸੇਵਕ ਅਤੇ ਲਿਖਾਰੀ ਸਮੇਂ-ਸਮੇਂ ਤੇ ਹੋਏ ਹਨ, ਜਿਸ ਕਾਰਨ ਲੱਗਭਗ ਹਰ ਖੇਤਰ ਵਿਚ ਡੁਮੇਲੀ ਦੇ ਵਾਸੀਆਂ ਦਾ ਯੋਗਦਾਨ ਰਿਹਾ ਹੈ। ਡੁਮੇਲੀ ਪਿੰਡ ਵਿਚ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ, ਬਾਬਾ ਰਾਣਾ, ਸੰਤ ਕਪੂਰ ਸਿੰਘ ਜੀ, ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ, ਸੰਤ ਮਨਜੀਤ ਸਿੰਘ, ਚੌਧਰੀ ਬਿਅੰਤ ਸਿੰਘ, ਠੇਕੇਦਾਰ ਖੇਮ ਸਿੰਘ ਭੋਗਲ, ਸਰਦਾਰ ਮੇਲਾ ਸਿੰਘ ਭੋਗਲ, ਸਰਦਾਰ ਪ੍ਰੀਤਮ ਸਿੰਘ ਭੋਗਲ, ਐਡਵੋਕੇਟ ਭਰਪੂਰ ਸਿੰਘ ਭੋਗਲ, ਮਾਸਟਰ ਸਾਧੂ ਰਾਮ ਗੰਗੜ, ਡਾ. ਬਖ਼ਸ਼ੀਸ਼ ਸਿੰਘ ਨਿਝਰ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਜਿਥੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਅਨੇਕਾਂ ਟਕਸਾਲਾਂ ਕਾਰਜਸ਼ੀਲ ਰਹੀਆਂ ਹਨ, ਉਥੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੇਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਜਿਸ ਤੇ ਵੱਖਰੇ ਤੌਰ ਤੇ ਕੋਈ ਖੋਜ ਕਾਰਜ ਨਹੀਂ ਹੋਇਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਡੁਮੇਲੀ ਟਕਸਾਲ ਦੇ ਇਸ ਯੋਗਦਾਨ ਸਬੰਧੀ ਅਧਿਐਨ ਕਰਨ ਹਿਤ ਖੋਜ ਕਾਰਜ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਇਤਿਹਾਸਿਕ ਸਰਵੇਖਣ** ਵਿਚ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਦੀ ਪਰਿਭਾਸ਼ਾ, ਉਸਦਾ ਅਰੰਭ ਅਤੇ ਵਿਕਾਸ ਬਾਰੇ ਵਿਸਥਾਰ ਸਹਿਤ

ਵਰਣਨ ਕੀਤਾ ਗਿਆ ਹੈ। ਇਸ ਉਪਰੰਤ ਟਕਸਾਲ ਦੀ ਪਰਿਭਾਸ਼ਾ ਦਿੰਦਿਆਂ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ। ਇਸ ਉਪਰੰਤ ਡੁਮੇਲੀ ਪਿੰਡ ਦੇ ਇਤਿਹਾਸ ਅਤੇ ਭੂਗੋਲਿਕ ਸਥਿਤੀ ਤੇ ਚਾਨਣਾ ਪਾਉਂਦਿਆਂ ਡੁਮੇਲੀ ਪਿੰਡ ਦੇ ਥੇਹਾਂ, ਤਪੱਸਵੀ ਦੇ ਦਿਤੇ ਸਰਾਪ ਅਤੇ ਗੁਰੂ ਹਰਗੋਬਿੰਦ ਜੀ ਦੇ ਦਿਤੇ ਵਰਾਂ ਦਾ ਵਰਣਨ ਕੀਤਾ ਗਿਆ। ਡੁਮੇਲੀ ਵਾਸੀਆਂ ਨੇ ਵਿਦਿਆ ਦੇ ਖੇਤਰ ਵਿਚ, ਜੈਤੋਂ ਦੇ ਮੋਰਚੇ ਵਿਚ, ਕਿਸਾਨ ਮੋਰਚੇ ਵਿਚ, ਜਿੰਮੀਦਾਰਾ ਮੋਰਚਾ ਲਹੌਰ ਵਿਚ, ਬੱਬਰ ਅਕਾਲੀ ਲਹਿਰ ਵਿਚ ਅਤੇ ਵਿਦੇਸ਼ਾਂ ਵਿਚ ਵਿਸ਼ੇਸ਼ ਯੋਗਦਾਨ ਦਿਤਾ ਹੈ ਜਿਸ ਦਾ ਸੰਖੇਪ ਵਰਣਨ ਇਸ ਅਧਿਆਇ ਵਿਚ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡੁਮੇਲੀ ਪਿੰਡ ਦੇ ਪਰਮੁੱਖ ਮਹਾਂਪੁਰਖਾਂ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ।

ਦੂਸਰੇ ਅਧਿਆਇ **ਡੁਮੇਲੀ ਟਕਸਾਲ: ਪਰਮੁਖ ਕਾਰਜ ਕਰਤਾ** ਦੇ ਅਰੰਭ ਵਿਚ ਸਭ ਤੋਂ ਪਹਿਲਾਂ ਸੰਤ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਡੁਮੇਲੀ ਟਕਸਾਲ ਦੇ ਪਰਮੁੱਖ ਕਾਰਜ ਕਰਤਾਵਾਂ ਸੰਤ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ ,ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਲਈ ਇਸ ਦੂਸਰੇ ਅਧਿਆਇ ਵਿਚ ਉਕਤ ਮਹਾਨ ਸ਼ਖਸ਼ੀਅਤਾਂ ਦੇ ਜੀਵਨ, ਕਾਰਜਕਾਲ ਅਤੇ ਯੋਗਦਾਨ ਸਬੰਧੀ ਸੰਖੇਪ ਜਾਣਕਾਰੀ ਦਿਤੀ ਗਈ ਹੈ।

ਤੀਸਰੇ ਅਧਿਆਇ **ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ** ਅਨੁਸਾਰ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਸ ਲਈ ਉਨ੍ਹਾਂ ਦੇ ਗੁਰਮਤਿ ਸੰਗੀਤ ਨੂੰ ਪ੍ਰਚਾਰਨ, ਪ੍ਰਸਾਰਨ, ਸਿਖਿਆ, ਪੁਸਤਕ ਪ੍ਰਕਾਸ਼ਨ ਅਤੇ ਲੋਕ ਭਲਾਈ ਦੇ ਕਾਰਜਾਂ ਆਦਿ ਨੂੰ ਇਕ ਜਗਾ ਤੇ ਸੰਜੋਣ ਲਈ ਇਕ ਵੱਖਰੇ ਅਧਿਆਇ ਦੀ ਜਰੂਰਤ ਮਹਿਸੂਸ ਕੀਤੀ ਗਈ। ਇਸ ਲਈ ਇਸ ਤੀਸਰੇ ਅਧਿਆਇ ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਜੀਵਨ ਚਰਿਤਰ, ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ, ਸੰਗੀਤ ਸਿਖਿਆ, ਗੁਰਬਾਣੀ ਪਰਚਾਰ (ਦੇਸ਼ ਅਤੇ ਵਿਦੇਸ਼ਾਂ ਵਿਚ), ਰਚਨਾ ਕਾਰਜ ਅਰਥਾਤ ਪ੍ਰਕਾਸ਼ਿਤ ਸਮੱਗਰੀ, ਸਨਮਾਨ, ਸ਼ਗਿਰਦ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕਾਰਜਾਂ ਸਮੇਤ ਹੋਰ ਸਬੰਧਿਤ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

ਚੌਥੇ ਅਧਿਆਇ **ਡੁਮੇਲੀ ਟਕਸਾਲ: ਪ੍ਰਤਿਨਿਧ ਸ਼ਬਦ ਕੀਰਤਨ ਰਚਨਾਵਾਂ** ਵਿਚ ਡੁਮੇਲੀ ਟਕਸਾਲ ਨਾਲ ਸਬੰਧਿਤ ਵਿਦਵਾਨਾਂ ਦੀਆਂ ਬੰਦਿਸ਼ਾਂ, ਭਾਵੇਂ ਉਹ ਪ੍ਰਕਾਸ਼ਿਤ ਨਾਂ ਹੋਈਆਂ ਹੋਣ, ਪਰੰਤੂ ਮੌਖਿਕ ਰੂਪ ਵਿਚ ਜਾਂ ਕੀਰਤਨ ਰੂਪ ਵਿਚ ਪ੍ਰਚੱਲਿਤ ਹੋਣ- ਜਿਥੋਂ ਤੱਕ ਸੰਭਵ ਹੋ ਸਕਿਆ, ਉਨ੍ਹਾਂ ਗੁਰਬਾਣੀ ਦੇ

ਸ਼ਬਦਾਂ ਦੀਆਂ ਬੰਦਸ਼ਾਂ ਨੂੰ ਪ੍ਰਾਪਤ ਕਰਕੇ ਇਥੇ ਸੰਜੋਣ ਦਾ ਯਤਨ ਕੀਤਾ ਗਿਆ ਹੈ। ਇਸ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ 'ਸੁਰ ਸਿਮਰਨ ਸੰਗੀਤ' ਨਾਮ ਦੀ ਪੁਸਤਕ ਸੱਤ ਭਾਗਾਂ ਵਿਚ ਲਿਖ ਕੇ ਉਸ ਵਿਚ ਇਕ ਹਜ਼ਾਰ ਦੇ ਲਗਭਗ ਸ਼ਬਦ ਰਚਨਾਵਾਂ ਨੂੰ ਲਿਪੀਬੱਧ ਕੀਤਾ ਹੈ, ਜੋ ਕਿ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤਾ ਗਿਆ ਮਹਾਨ ਕਾਰਜ ਹੈ। ਇਸ ਅਧਿਆਇ ਵਿਚ ਮੁੱਖ ਰੂਪ ਵਿਚ ਸੰਤ ਸਰਵਣ ਸਿੰਘ ਗੰਧਰਵ ਦੀਆਂ ਗੁਰਮਤਿ ਸੰਗੀਤ ਦੀਆਂ ਪ੍ਰਚਲਿਤ ਬੰਦਿਸ਼ਾਂ (ਸੁਰਸਿਮਰਨ ਸੰਗੀਤ ਪੁਸਤਕ ਦੇ ਸੱਤ ਭਾਗਾਂ ਵਿਚ ਪ੍ਰਕਾਸ਼ਿਤ) ਦਾ ਅਧਿਐਨ ਕੀਤਾ ਗਿਆ ਹੈ।

ਪੰਜਵੇ ਅਧਿਆਇ **ਡੁਮੇਲੀ ਟਕਸਾਲ: ਵਰਤਮਾਨ ਰੂਪ ਰੇਖਾ ਅਤੇ ਵਿਸ਼ਲੇਸ਼ਣ** ਵਿਚ ਡੁਮੇਲੀ ਟਕਸਾਲ ਦੀ ਵਰਤਮਾਨ ਸਥਿਤੀ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਵਰਤਮਾਨ ਵਿਚ ਡੁਮੇਲੀ ਟਕਸਾਲ ਦਾ ਨਿਤਨੇਮ, ਟਕਸਾਲ ਵਿਚ ਕੀਰਤਨ ਦੀ ਸਿਖਲਾਈ ਅਤੇ ਡੁਮੇਲੀ ਟਕਸਾਲ ਦੀ ਕਾਰਜ ਵਿਧੀ ਸਬੰਧੀ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਰੂਪ ਵਿਚ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਵਲੋਂ ਡੁਮੇਲੀ ਪਿੰਡ ਵਿਚ ਸਥਾਪਿਤ ਕੀਤੇ ਗਏ 'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ (ਕਪੂਰਥਲਾ) ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆ ਸੰਸਥਾ ਵਿਚ ਪੜਾਏ ਜਾਂਦੇ ਵਿਸ਼ਿਆਂ, ਕਾਲਜ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਵੀ ਦਿਤੀ ਗਈ ਹੈ। ਇਸ ਅਧਿਆਇ ਦੇ ਅੰਤ ਵਿਚ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਵਿਸ਼ਲੇਸ਼ਣਾਤਮਕ ਅਧਿਐਨ** ਕਰਕੇ ਇਸ ਟਕਸਾਲ ਨੂੰ ਗੁਰਮਤਿ ਸੰਗੀਤ ਦੀ ਇਕ ਮਹੱਤਵਪੂਰਨ ਟਕਸਾਲ ਸਿਧ ਕੀਤਾ ਗਿਆ ਹੈ।

ਖੋਜ ਵਿਸ਼ੇ '**ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ**' ਦਾ ਅਧਿਐਨ ਕਰਦਿਆਂ ਆਪਣੀ ਸਮਰੱਥਾ ਅਨੁਸਾਰ ਉਪਲੱਬਧ ਸਾਰੇ ਸਰੋਤਾਂ ਤੋਂ ਸਮੱਗਰੀ ਦਾ ਸੰਕਲਨ ਕੀਤਾ ਗਿਆ ਹੈ। ਆਪਣਾ ਖੋਜ ਪ੍ਰਬੰਧ ਪੇਸ਼ ਕਰਨ ਉਪਰੰਤ ਵੀ ਜੇਕਰ ਖੋਜਾਰਥੀ ਨੂੰ ਹੋਰ ਮਹੱਤਵ ਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ, ਤਾਂ ਉਸ ਨੂੰ ਵੀ ਬਾਅਦ ਵਿਚ ਆਪਣੇ ਖੋਜ ਪ੍ਰਬੰਧ ਵਿਚ ਸ਼ਾਮਿਲ ਕਰ ਲਿਆ ਜਾਵੇਗਾ।

ਮੇਰੇ ਇਸ ਖੋਜ ਪ੍ਰਬੰਧ ਤੋਂ ਸੇਧ ਲੈ ਕੇ ਭਵਿਖ ਵਿਚ ਜੇਕਰ ਖੋਜਾਰਥੀ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੂੰ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਕਰਨ ਵਿਚ ਹੋਰ ਚੰਗੀ ਤਰ੍ਹਾਂ ਉਭਾਰ ਕੇ ਕਾਰਜ ਨੂੰ ਅੱਗੇ ਵਧਾ ਸਕਣ ਜਾਂ ਕੋਈ ਹੋਰ ਮਹੱਤਵਪੂਰਨ ਜਾਣਕਾਰੀ ਦੇ ਸਕਣ, ਤਾਂ ਮੇਰਾ ਇਹ ਕਾਰਜ ਸਹੀ ਅਰਥਾਂ ਵਿਚ ਸਾਰਥਕ ਹੋਵੇਗਾ।

# ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ ਰਿਸਰਚ

ਪੀਐਚ.ਡੀ. ਦੀ ਡਿਗਰੀ ਲਈ ਖੋਜ ਪ੍ਰਬੰਧ

**SUMMARY OF THESIS**

**2017**


ਨਿਗਰਾਨ

ਡਾ. ਦੇਵਿੰਦਰ ਕੌਰ
ਸਾਬਕਾ ਪ੍ਰੋਫ਼ੈਸਰ ਅਤੇ ਮੁਖੀ,
ਸੰਗੀਤ ਵਾਦਨ ਵਿਭਾਗ,
ਸਰਕਾਰੀ ਕਾਲਜ ਲੜਕੀਆਂ,
ਪਟਿਆਲਾ।

ਖੋਜਾਰਥੀ

ਰਣਜੀਤ ਸਿੰਘ


**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# SUMMARY OF THESIS

## ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ

ਪੰਦਰਵੀ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਹੀ ਗੁਰਮਤਿ ਸੰਗੀਤ ਦੀ ਅਰੰਭਤਾ ਮੰਨੀ ਜਾਂਦੀ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿਚ ਹੁੰਦਾ ਹੈ। ਇਸ ਗ੍ਰੰਥ ਦੇ ਸੰਗੀਤਕ ਸੰਕਲਨ ਅਤੇ ਇਸ ਵਿਚ ਦਰਜ ਬਾਣੀ ਦੇ ਗਾਇਨ ਤੋਂ, ਇਕ ਮਹਾਨ ਸੰਗੀਤ ਪਰੰਪਰਾ ਦਾ ਜਨਮ ਹੋਇਆ ਹੈ। ਜਿਸ ਨੂੰ 'ਗੁਰਮਤਿ ਸੰਗੀਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਪੁਰਾਤਨ ਕਾਲ ਤੋਂ ਹੀ ਧਰਮ ਅਤੇ ਸੰਗੀਤ ਦੋਵੇਂ ਨਾਲ-ਨਾਲ ਚਲਦੇ ਰਹੇ ਹਨ। ਧਰਮ ਦੇ ਪਰਚਾਰ ਲਈ ਸੰਗੀਤ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਸਿੱਖ ਗੁਰੂ ਸਹਿਬਾਨ ਨੇਂ ਮੱਧਕਾਲ ਵਿਚ ਆਪਣੀ ਵਿਚਾਰਧਾਰਾ ਨੂੰ ਪਰਚਾਰਨ ਲਈ ਗੁਰਬਾਣੀ ਦੀ ਰਚਨਾ ਕੀਤੀ ਅਤੇ ਉਸਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਕੀਰਤਨ (ਸੰਗੀਤ) ਨੂੰ ਆਪਣਾ ਮਾਧਿਅਮ ਬਣਾਇਆ। ਗੁਰੂ ਸਾਹਿਬਾਨ ਨੇ ਬਾਣੀ ਦੇ ਪਰਚਾਰ, ਪਰਸਾਰ ਅਤੇ ਸਿਖਿਆ ਦੇ ਲਈ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ।

ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਪਹਿਲੇ ਗੁਰੂ **ਸ੍ਰੀ ਗੁਰੂ ਨਾਨਕ ਦੇਵ ਜੀ** (1469 ਤੋਂ 1539) ਨੇਂ ਸਭ ਤੋਂ ਪਹਿਲਾ ਕੀਰਤਨ ਕੇਂਦਰ ਕਰਤਾਰਪੁਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜਦ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤਾਂ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਰਬਾਬ ਤੇ ਸੰਗਤ ਕਰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 19 ਰਾਗਾਂ ਵਿਚ 976 ਸ਼ਬਦ ਦਰਜ ਹਨ। ਇਸੇ ਪਰੰਪਰਾ ਨੂੰ **ਸ੍ਰੀ ਗੁਰੂ ਅੰਗਦ ਦੇਵ ਜੀ** (1504-1552) ਨੇਂ ਅੱਗੇ ਵਧਾਉਂਦਿਆਂ ਦੂਸਰਾ ਕੀਰਤਨ ਕੇਂਦਰ ਖਡੂਰ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ 9 ਰਾਗਾਂ ਵਿਚ 63 ਸਲੋਕਾਂ ਦੀ ਰਚਨਾਂ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਤੀਸਰੇ ਪਾਤਸ਼ਾਹ **ਸ੍ਰੀ ਗੁਰੂ ਅਮਰਦਾਸ ਜੀ** (1479-1574) ਨੇਂ ਤੀਸਰਾ ਕੀਰਤਨ ਕੇਂਦਰ

ਗੋਇੰਦਵਾਲ ਸਾਹਿਬ ਵਿਖੇ ਸਥਾਪਿਤ ਕੀਤਾ। ਆਪ ਜੀ ਨੇਂ ਵੀ 17 ਰਾਗਾਂ ਵਿਚ 907 ਸ਼ਬਦਾਂ ਦੀ ਰਚਨਾਂ ਕੀਤੀ। ਗੁਰਬਾਣੀ ਕੀਰਤਨ ਨਾਲ ਸੰਗਤ ਕਰਨ ਲਈ 'ਸਰੰਦਾ' ਨਾਮਕ ਇਕ ਸੰਗੀਤ ਸਾਜ਼ ਦਾ ਆਵਿਸ਼ਕਾਰਕ ਵੀ ਆਪ ਜੀ ਨੂੰ ਮੰਨਿਆ ਜਾਂਦਾ ਹੈ। ਗੁਰੂ ਅਮਰਦਾਸ ਜੀ ਤੋਂ ਬਾਅਦ **ਗੁਰੂ ਰਾਮਦਾਸ ਜੀ** (1534-1584) ਨੇ ਰਾਮਦਾਸਪੁਰਾ/ ਚੱਕ ਗੁਰੂ ਦੀ ਨੀਂਹ ਰੱਖੀ, ਜੋ ਸ੍ਰੀ ਅੰਮ੍ਰਿਤਸਰ ਨਾਮ ਨਾਲ ਪ੍ਰਸਿਧ ਹੋਇਆ। ਇਸ ਸਮੇਂ ਭਾਈ ਸੱਤਾ ਤੇ ਬਲਵੰਡ ਗੁਰੂ ਘਰ ਦੇ ਪ੍ਰਸਿਧ ਕੀਰਤਨੀਏ ਹੋਏ ਹਨ, ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਗੁਰੂ ਰਾਮਦਾਸ ਜੀ ਦੇ ਸਮੇਂ ਹੀ ਪੜਤਾਲ ਗਾਇਨ ਸ਼ੈਲੀ ਹੋਂਦ ਵਿਚ ਆਈ, ਜੋ ਸੰਗੀਤ ਜਗਤ ਦੀ ਕਿਸੇ ਹੋਰ ਪਰੰਪਰਾ ਵਿਚ ਉਪਲਬਧ ਨਹੀਂ। ਆਪ ਜੀ ਨੇਂ 19 ਪੜਤਾਲਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਆਪ ਜੀ ਨੇ 31 ਰਾਗਾਂ ਵਿਚ 679 ਪਦਾਂ ਦੀ ਰਚਨਾਂ ਕੀਤੀ। ਇਸੇ ਤਰ੍ਹਾਂ **ਗੁਰੂ ਅਰਜਨ ਦੇਵ ਜੀ** (1563-1606) ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕੀਤਾ ਅਤੇ 31 ਰਾਗਾਂ ਵਿਚ 2216 ਸ਼ਬਦਾਂ ਦੀ ਰਚਨਾਂ ਕੀਤੀ। ਆਪ ਜੀ ਦੁਆਰਾ ਰਚਿਤ 36 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਆਪ ਦੇ ਸਮੇਂ ਮੁੱਖ ਕੀਰਤਨਕਾਰ ਭਾਈ ਸੱਤਾ ਅਤੇ ਬਲਵੰਡ ਜੀ ਦੀ ਨਰਾਜ਼ਗੀ ਉਪਰੰਤ ਆਪ ਨੇ ਸਮੂਹ ਸੰਗਤ ਵਿਚ ਵਿਧੀਵਤ ਰੂਪ ਵਿਚ ਕੀਰਤਨ ਦੀ ਪਰੰਪਰਾ ਚਲਾਈ। ਇਸੇ ਤਰਾਂ **ਸ੍ਰੀ ਗੁਰੂ ਗੋਬਿੰਦ ਸਿੰਘ ਜੀ** (1666-1708) ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕਰਕੇ ਗੁਰਬਾਣੀ ਦਾ ਪਰਚਾਰ ਅਤੇ ਪਰਸਾਰ ਕੀਤਾ।

ਇਸ ਤਰ੍ਹਾਂ ਦਸਾਂ ਪਾਤਸ਼ਾਹੀਆਂ ਨੇ ਕੀਰਤਨ ਕੇਂਦਰਾਂ ਦੇ ਮਾਧਿਅਮ ਰਾਂਹੀ ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਸਰਬ ਲੋਕਾਈ ਤੱਕ ਕੀਤਾ। ਗੁਰੂ ਕਾਲ ਜਾਂ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਬਹੁਤ ਸਾਰੇ ਗੁਰਦੁਆਰਿਆਂ, ਡੇਰਿਆਂ ਅਤੇ ਸੰਸਥਾਵਾਂ ਵਿਚ ਸੰਤਾਂ ਮਹਾਤਮਾਵਾਂ ਨੇ ਕੀਰਤਨ ਜਾਂ ਗੁਰਮਤਿ ਸੰਗੀਤ ਦੀ ਸਿਖਿਆ ਦਾ ਨਿਯਮਤ ਰੂਪ ਵਿਚ ਪ੍ਰਬੰਧ ਕੀਤਾ ਹੋਇਆ ਸੀ। ਅਜਿਹੇ ਡੇਰਿਆਂ ਜਾਂ ਸਥਾਨਾਂ ਨੂੰ ਹੀ 'ਟਕਸਾਲ' ਕਿਹਾ ਜਾਂਦਾ ਹੈ। **ਭਾਈ ਕਾਨ੍ਹ ਸਿੰਘ ਨਾਭਾ** ਨੇਂ 'ਟਕਸਾਲ' ਨੂੰ 'ਟਕੇ ਬਣਾਉਣ ਵਾਲਾ ਘਰ' ਦੱਸਿਆ ਹੈ। ਜਿਥੇ

ਰੁਪਏ, ਪੈਸੇ, ਸਿਕੇ ਤਿਆਰ ਕੀਤੇ ਜਾਂਦੇ ਹਨ ਜਾਂ ਜਿਥੇ ਵਿਦਿਆ ਸਿਖਾਈ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਟਕਸਾਲ ਉਸ ਜਗਾ (ਸਥਾਨ) ਨੂੰ ਕਿਹਾ ਜਾਂਦਾ ਹੈ, ਜਿਥੇ ਸਿੱਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜਾਂ, ਰਹਿਣ-ਸਹਿਣ ਅਤੇ ਇਤਿਹਾਸ ਸਬੰਧੀ ਪੂਰਨ ਤੌਰ ਤੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤ ਅਨੁਸਾਰ, ਗੁਰਬਾਣੀ ਗਾਇਨ ਦੇ ਮਹਾਨ ਗਿਆਤਾ ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਗਾਇਨ ਦੀ ਸਿਖਿਆ ਦਿੰਦੇ ਹਨ। ਟਕਸਾਲਾਂ ਵਿਚ ਜਿਥੇ ਸਿਖਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਕੀਰਤਨ ਕਰਨ ਦੀ ਮਰਿਯਾਦਾ, ਨਿਰਧਾਰਿਤ ਰਾਗਾਂ ਦੀ ਸਿਖਿਆ, ਸਮੇਂ ਮੁਤਾਬਿਕ ਕੀਰਤਨ ਕਰਨ ਦੀ ਵਿਧੀ ਸਿਖਾਈ ਜਾਂਦੀ ਹੈ, ਉਥੇ ਤੰਤੀ ਸਾਜ਼ਾਂ ਤੋਂ ਇਲਾਵਾ ਹੋਰ ਦੂਸਰੇ ਸਾਜ਼ ਵਜਾਉਣ ਦੀ ਸਿੱਖਿਆ ਵੀ ਦਿਤੀ ਜਾਂਦੀ ਹੈ। ਇਨ੍ਹਾਂ ਟਕਸਾਲਾਂ, ਡੇਰਿਆਂ, ਸੰਸਥਾਵਾਂ ਨੇਂ ਕੀਰਤਨ ਪਰੰਪਰਾ ਦੀ ਨਿਯਮਾਂ ਅਨੁਸਾਰ ਸਿਖਲਾਈ ਵਿਚ, ਗੁਰਮਤਿ ਸੰਗੀਤ ਦੀ ਇਸ ਪਰੰਪਰਾ ਨੂੰ ਜੀਵਤ ਰੱਖਣ ਅਤੇ ਹੋਰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚੋ ਕੁਝ ਪ੍ਰਮੁੱਖ ਟਕਸਾਲਾਂ ਦੇ ਨਾਮ ਇਸ ਪ੍ਰਕਾਰ ਹਨ- ਦਮਦਮਾ ਸਾਹਿਬ ਦੀ ਟਕਸਾਲ, ਮਸਤੂਆਣਾ ਟਕਸਾਲ, ਬੁੱਢਾਜੋੜ ਟਕਸਾਲ, ਦਮਦਮੀ ਟਕਸਾਲ, ਸੇਵਾ ਪੰਥੀ ਟਕਸਾਲ, ਸਿੰਘਾ ਵਾਲਾ ਟਕਸਾਲ, ਦੋਧਰਪੁਰ ਟਕਸਾਲ, ਹਰਗਨਾ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ; ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰਮਤਿ ਵਿਦਿਆਲਾ ਰਕਾਬਗੰਜ, ਦਿੱਲੀ; ਸੂਰਮਾ ਆਸ਼ਰਮ, ਅੰਮ੍ਰਿਤਸਰ; ਜਵੱਦੀ ਟਕਸਾਲ, ਲੁਧਿਆਣਾ; ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ; ਗੁਰਮਤਿ ਸੰਗੀਤ ਸੁਸਾਇਟੀ, ਪਟਿਆਲਾ; ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ; ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀ ਦਿੱਲੀ; ਗੁਰਮਤਿ ਮਿਸ਼ਨਰੀ ਸੰਸਥਾਵਾ ਆਦਿ।

ਗੁਰਮਤਿ ਸੰਗੀਤ ਦੀਆਂ ਉਪਰ ਦਿਤੀਆਂ ਟਕਸਾਲਾਂ ਦੀ ਲੜੀ ਵਿਚੋਂ ਡੁਮੇਲੀ ਦੀ ਟਕਸਾਲ ਦਾ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਮਹੱਤਵਪੂਰਨ ਯੋਗਦਾਨ ਹੈ। ਡੁਮੇਲੀ ਦੀ ਟਕਸਾਲ ਦਾ

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਪਾਏ ਯੋਗਦਾਨ ਦਾ ਅਧਿਐਨ ਕਰਨ ਤੋਂ ਪਹਿਲਾਂ ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਬਾਰੇ ਜਾਣਕਾਰੀ ਜਰੂਰੀ ਹੈ।

ਜਿਲਾ ਕਪੂਰਥਲਾ ਦਾ ਪਿੰਡ ਡੁਮੇਲੀ ਹੁਸ਼ਿਆਰਪੁਰ-ਫਗਵਾੜਾ ਸੜਕ ਤੇ ਸਥਿਤ ਪਿੰਡ ਰਿਹਾਣਾ ਜੱਟਾਂ ਤੋਂ ਬਿਲਕੁਲ ਲਹਿੰਦੇ ਪਾਸੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਬਿਆਸ ਅਤੇ ਸਤਲੁਜ ਦਰਿਆ ਇਥੇ ਇਕੱਠੇ ਵਗਦੇ ਹੁੰਦੇ ਸਨ। ਦੋ ਦਰਿਆਵਾਂ ਦੇ ਮੇਲ ਕਾਰਨ, ਦੋ-ਮੇਲ ਤੋਂ ਇਸ ਪਿੰਡ ਦਾ ਨਾਮ 'ਦੋ-ਮੇਲੀ' ਪੈ ਗਿਆ, ਜੋ ਬਾਅਦ ਵਿਚ ਵਿਗੜ ਕੇ 'ਡੁਮੇਲੀ' ਬਣ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਜਦ ਦੋਵੇਂ ਦਰਿਆ ਅਲੱਗ-ਅਲੱਗ ਵਗਣ ਲੱਗੇ ਤਾਂ ਇਥੇ ਇਕ ਬਹੁਤ ਵੱਡਾ ਸਾਰਾ ਡੁੰਮ ਪੈ ਗਿਆ। ਇਸ ਡੁੰਮ ਤੋਂ ਹੀ ਇਸ ਪਿੰਡ ਦਾ ਨਾਮ ਹੌਲੀ-ਹੌਲੀ ਡੁਮੇਲੀ ਪੈ ਗਿਆ।

ਡੁਮੇਲੀ ਨਾਲ ਸਬੰਧਿਤ, ਛੇਵੇਂ ਸਿੱਖ ਗੁਰੂ ਸਾਹਿਬਾਨ ਦੇ ਸਬੰਧ ਵਿਚ ਵੀ ਇਕ ਘਟਨਾ ਦਾ ਉਲੇਖ ਸਾਖੀਆਂ ਵਿਚ ਮਿਲਦਾ ਹੈ। ਉਹ ਇਹ ਕਿ ਬਹੁਤ ਸਾਲਾਂ ਤੱਕ ਕਿਸੇ ਤਪੱਸਵੀ ਦੀ ਦਿੱਤੀ ਬਦ-ਦੁਆ ਕਾਰਨ ਪਿੰਡ ਵਿਚ ਆਪੇ ਹੀ ਅੱਗ ਲੱਗਦੀ ਰਹੀ ਤੇ ਭਾਰੀ ਨੁਕਸਾਨ ਹੁੰਦਾ ਰਿਹਾ। ਸੰਨ 1646 ਵਿਚ ਸਿਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗਲ ਫੌਜਾਂ ਦਾ ਟਾਕਰਾ ਕਰਦੇ ਹੋਏ ਬਿਆਸ ਦਰਿਆ ਲੰਘ ਕੇ ਗਰਨਾਂ ਸਾਹਿਬ ਬੋਦਲਾਂ, ਡਰੋਲੀ ਕਲਾਂ ਤੋਂ ਹੁੰਦੇ ਹੋਏ ਡੁਮੇਲੀ ਪੁੱਜੇ। ਉਸ ਸਮੇਂ ਮੁਗਲ ਫੌਜਾਂ ਗੁਰੂ ਜੀ ਦਾ ਪਿੱਛਾ ਕਰ ਰਹੀਆਂ ਸਨ। ਡੁਮੇਲੀ ਦੇ ਲੋਕਾਂ ਨੇਂ ਗੁਰੂ ਜੀ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਇਕ ਪੁਰਾਣੇ ਜਿਹੇ ਕੋਠੇ ਅੰਦਰ ਸ਼ਰਨ ਦਿਤੀ। ਨਾਲ ਦੇ ਸਿੰਘਾਂ ਨੂੰ ਇਕ-ਇਕ, ਦੋ-ਦੋ ਕਰਕੇ ਪਿੰਡ ਦੇ ਸਾਰੇ ਘਰਾਂ ਵਿਚ ਰੱਖ ਲਿਆ। ਮੁਗਲ ਫੌਜਾਂ ਪਿੰਡ ਵਿਚ ਸ਼ਾਂਤੀ ਦੇਖ ਕੇ ਅੱਗੇ ਲੰਘ ਗਈਆਂ। ਉਧਰ ਪੁਰਾਣੇ ਕੋਠੇ ਵਿਚ ਬੈਠੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਇਕ ਸੱਪ ਨੇਂ ਡੰਗ ਮਾਰ ਦਿਤਾ। ਦੰਦ ਕਥਾ ਅਨੁਸਾਰ ਡੰਗ ਮਾਰਨ ਉਪਰੰਤ ਸੱਪ ਦੀ ਮੌਤ ਹੋ ਗਈ ਸੀ। ਇਸ ਘਟਨਾ ਉਪਰੰਤ ਗੁਰੂ ਜੀ ਨੇਂ ਵਰ ਦਿਤਾ ਕਿ ਡੁਮੇਲੀ ਪਿੰਡ ਦੀ ਹੱਦ ਅੰਦਰ ਜੇਕਰ ਕਿਸੇ ਦੇ ਸੱਪ ਡੰਗ ਮਾਰਿਆ ਕਰੇਗਾ ਤਾਂ ਉਸ ਦੀ ਜਹਿਰ ਨਹੀਂ ਚੜ੍ਹਿਆ ਕਰੇਗੀ। ਉਧਰ ਮੁਗਲ ਫੌਜਾਂ ਗੁਰੂ ਜੀ ਦਾ ਪਿਛਾ

ਕਰਦੀਆਂ-ਕਰਦੀਆਂ ਅੱਗੇ ਨਿਕਲ ਗਈਆਂ। ਪਿੰਡ ਵਾਸੀਆਂ ਵਲੋਂ ਦਿਤੇ ਯੋਗਦਾਨ ਕਾਰਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਬਹੁਤ ਖ਼ੁਸ਼ ਹੋਏ। ਕਿਹਾ ਜਾਂਦਾ ਹੈ ਕਿ ਪਿੰਡ ਵਾਸੀਆਂ ਦੀ ਫਰਿਆਦ ਤੇ ਗੁਰੂ ਸਾਹਿਬ ਨੇ ਤਪੱਸਵੀ ਦੇ ਦਿੱਤੇ ਸਰਾਪ ਤੋਂ ਕੋਈ ਨੁਕਸਾਨ ਦਾ ਹੋਣ ਲਈ ਇਕ ਥੰਮ ਧਰਤੀ ਵਿਚ ਗੱਡਿਆ, ਜੋ ਅੱਜ ਵੀ ਮੌਜੂਦ ਹੈ। ਇਸ ਘਟਨਾ ਦੇ ਨਾਲ ਹੀ ਗੁਰੂ ਜੀ ਨੇਂ ਪਿੰਡ ਵਾਸੀਆਂ ਨੂੰ ਕਿਸੇ ਵੀ ਬਾਹਰੀ ਆਫ਼ਤ ਦਾ ਇਕਮੁੱਠ ਹੋ ਕੇ ਟਾਕਰਾ ਕਰਨ ਦਾ ਵਰ ਦਿੱਤਾ ਜੋ ਹੁਣ ਤੱਕ ਸੱਚ ਜਾਪਦਾ ਹੈ।

ਡੁਮੇਲੀ ਪਿੰਡ ਵਿਚ ਸਮੇਂ-ਸਮੇਂ ਤੇ ਮਹਾਨ ਸੰਤ-ਮਹਾਂਪੁਰਖ, ਮਹਾਂਦਾਨੀ, ਸਿਆਸੀ, ਸੇਵਾਦਾਰ, ਲੋਕ ਸੇਵਕ ਅਤੇ ਲਿਖਾਰੀ ਹੋਏ ਹਨ, ਜਿਸ ਕਾਰਨ ਲੱਗਭਗ ਹਰ ਖੇਤਰ ਵਿਚ ਡੁਮੇਲੀ ਪਿੰਡ ਦਾ ਯੋਗਦਾਨ ਰਿਹਾ ਹੈ। ਡੁਮੇਲੀ ਪਿੰਡ ਵਿਚੋਂ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਜੀ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ ਜੀ, ਬਾਬਾ ਰਾਣਾ, ਸੰਤ ਕਪੂਰ ਸਿੰਘ ਜੀ, ਬਾਬਾ ਮਸਤ ਜੀ, ਚੌਧਰੀ ਬਿਅੰਤ ਸਿੰਘ, ਠੇਕੇਦਾਰ ਖੇਮ ਸਿੰਘ ਭੋਗਲ, ਸਰਦਾਰ ਮੇਲਾ ਸਿੰਘ ਭੋਗਲ, ਸਰਦਾਰ ਪ੍ਰੀਤਮ ਸਿੰਘ ਭੋਗਲ, ਐਡਵੋਕੇਟ ਭਰਪੂਰ ਸਿੰਘ ਭੋਗਲ, ਮਾਸਟਰ ਸਾਧੂ ਰਾਮ ਗੰਗੜ, ਡਾ. ਬਖ਼ਸ਼ੀਸ਼ ਸਿੰਘ ਨਿਝਰ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ।

ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਜਿਥੇ ਅਨੇਕ ਟਕਸਾਲਾਂ ਕਾਰਜਸ਼ੀਲ ਰਹੀਆਂ ਹਨ, ਉਥੇ ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਨੇਂ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਉਘਾ ਯੋਗਦਾਨ ਪਾਇਆ ਹੈ। ਜਿਸ ਤੇ ਵੱਖਰੇ ਤੌਰ ਤੇ ਕੋਈ ਅਧਿਐਨ ਨਹੀਂ ਹੋਇਆ। ਡੁਮੇਲੀ ਟਕਸਾਲ ਦੇ ਇਸ ਯੋਗਦਾਨ ਸਬੰਧੀ ਅਧਿਐਨ ਕਰਨ ਅਤੇ ਉਸਨੂੰ ਰੋਸ਼ਨੀ ਵਿਚ ਲਿਆਉਣ ਦੀ ਜਰੂਰਤ ਹੈ। ਇਸ ਲਈ ਮੈਂ ਆਪਣਾ ਵਿਸ਼ਾ '**ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ**' ਚੁਣਿਆ ਹੈ।

ਮੈਂ ਆਪਣੇ ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿੱਚ ਵੰਡ ਕੇ ਖੋਜ ਕਾਰਜ ਕੀਤਾ ਹੈ।

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਇਤਿਹਾਸਿਕ ਸਰਵੇਖਣ** ਦੇ ਅੰਤਰਗਤ ਸਭ ਤੋਂ ਪਹਿਲਾ ਗੁਰਮਤਿ ਸੰਗੀਤ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਉਸ ਉਪਰੰਤ ਇਸ ਦੇ ਅਰੰਭ ਅਤੇ

ਵਿਕਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਤੀ ਗਈ ਹੈ। ਇਸ ਉਪਰੰਤ ਟਕਸਾਲ ਦੀ ਪਰਿਭਾਸ਼ਾ ਦਿੰਦਿਆ ਡੁਮੇਲੀ ਪਿੰਡ ਦੇ ਇਤਿਹਾਸ ਅਤੇ ਭੂਗੋਲਿਕ ਸਥਿਤੀ, ਵੱਖ-ਵੱਖ ਖੇਤਰਾਂ ਵਿਚ ਡੁਮੇਲੀ ਵਾਸੀਆਂ ਦਾ ਯੋਗਦਾਨ, ਡੁਮੇਲੀ ਪਿੰਡ ਦੇ ਪ੍ਰਮੁੱਖ ਮਹਾਂਪੁਰਖ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ।

ਦੂਸਰੇ ਅਧਿਆਇ **ਡੁਮੇਲੀ ਟਕਸਾਲ: ਪਰਮੁਖ ਕਾਰਜ ਕਰਤਾ** ਦੇ ਅਰੰਭ ਵਿਚ ਸਭ ਤੋਂ ਪਹਿਲਾਂ ਸੰਤ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਡੁਮੇਲੀ ਟਕਸਾਲ ਦੇ ਪਰਮੁਖ ਕਾਰਜ ਕਰਤਾਵਾਂ ਸੰਤ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ ,ਬਾਬਾ ਮਸਤ ਜੀ, ਸੰਤ ਪ੍ਰੀਤਮ ਸਿੰਘ, ਸੰਤ ਰਾਮ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਲਈ ਇਸ ਦੂਸਰੇ ਅਧਿਆਇ ਵਿਚ ਉਕਤ ਮਹਾਨ ਸ਼ਖਸ਼ੀਅਤਾਂ ਦੇ ਜੀਵਨ, ਕਾਰਜਕਾਲ ਅਤੇ ਯੋਗਦਾਨ ਸਬੰਧੀ ਸੰਖੇਪ ਜਾਣਕਾਰੀ ਦਿਤੀ ਗਈ ਹੈ।

ਤੀਸਰੇ ਅਧਿਆਇ **ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ** ਵਿਚ ਉਨ੍ਹਾਂ ਦੀ ਭੂਮਿਕਾ ਨੂੰ ਉਭਾਰਿਆ ਗਿਆ ਹੈ। ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਵਿਚ ਸੰਤ ਸਰਵਣ ਸਿੰਘ ਗੰਧਰਵ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲਈ ਉਨ੍ਹਾਂ ਦੇ ਗੁਰਮਤਿ ਸੰਗੀਤ ਨੂੰ ਪ੍ਰਚਾਰਨ, ਪ੍ਰਸਾਰਨ, ਸਿਖਿਆ, ਪੁਸਤਕ ਪ੍ਰਕਾਸ਼ਨ ਆਦਿ ਸੰਪੂਰਨ ਕਾਰਜਾਂ ਨੂੰ ਇਕ ਜਗਾ ਤੇ ਸੰਜੋਣ ਲਈ ਇਕ ਵੱਖਰੇ ਅਧਿਆਇ ਦੀ ਜਰੂਰਤ ਮਹਿਸੂਸ ਕੀਤੀ ਗਈ। ਇਸ ਲਈ ਇਸ ਅਧਿਆਇ ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਜੀਵਨ ਚਰਿਤਰ, ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ, ਸੰਗੀਤ ਸਿਖਿਆ, ਗੁਰਬਾਣੀ ਪਰਚਾਰ (ਦੇਸ਼ ਅਤੇ ਵਿਦੇਸ਼ਾਂ ਵਿਚ), ਰਚਨਾ ਕਾਰਜ ਅਰਥਾਤ ਪ੍ਰਕਾਸ਼ਿਤ ਸਮੱਗਰੀ, ਸਨਮਾਨ, ਸ਼ਗਿਰਦ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਲੋਕ ਭਲਾਈ ਦੇ ਕਾਰਜਾਂ ਸਮੇਤ ਹੋਰ ਸਬੰਧਿਤ ਜਾਣਕਾਰੀ ਦਿਤੀ ਗਈ ਹੈ।

ਚੌਥੇ ਅਧਿਆਇ **ਡੁਮੇਲੀ ਟਕਸਾਲ: ਪ੍ਰਤਿਨਿਧ ਸ਼ਬਦ ਕੀਤਰਨ ਰਚਨਾਵਾਂ** ਵਿਚ ਡੁਮੇਲੀ ਟਕਸਾਲ ਨਾਲ ਸਬੰਧਿਤ ਵਿਦਵਾਨਾਂ ਦੀਆਂ ਬੰਦਿਸ਼ਾਂ, ਭਾਵੇਂ ਉਹ ਪ੍ਰਕਾਸ਼ਿਤ ਨਹੀ ਹੋਈਆਂ, ਪਰੰਤੂ ਮੌਖਿਕ ਰੂਪ ਵਿਚ ਜਾਂ

ਕੀਰਤਨ ਰੂਪ ਵਿਚ ਪ੍ਰਚੱਲਿਤ ਹਨ- ਜਿਥੋਂ ਤੱਕ ਸੰਭਵ ਹੋ ਸਕਿਆ, ਉਨ੍ਹਾਂ ਗੁਰਬਾਣੀ ਦੇ ਸ਼ਬਦਾਂ ਦੀਆਂ ਬੰਦਸ਼ਾਂ ਨੂੰ ਪ੍ਰਾਪਤ ਕਰਕੇ ਇਥੇ ਸੰਜੋਣ ਦਾ ਯਤਨ ਕੀਤਾ ਹੈ। ਮੁੱਖ ਰੂਪ ਵਿਚ ਸੰਤ ਸਰਵਣ ਸਿੰਘ ਗੰਧਰਵ ਦੀਆਂ ਗੁਰਮਤਿ ਸੰਗੀਤ ਦੀਆਂ ਪ੍ਰਚਲਿਤ ਬੰਦਿਸ਼ਾਂ (ਸੁਰ ਸਿਮਰਨ ਸੰਗੀਤ ਪੁਸਤਕ ਦੇ ਸੱਤ ਭਾਗਾਂ ਵਿਚ ਪ੍ਰਕਾਸ਼ਿਤ) ਦਾ ਅਧਿਐਨ ਕਰਕੇ, ਉਨ੍ਹਾਂ ਵਿਚੋਂ ਕੁਝ ਚੋਣਵੀਆਂ ਰਚਨਾਵਾਂ ਨੂੰ ਆਪਣੇ ਖੋਜ ਪ੍ਰਬੰਧ ਵਿਚ ਸ਼ਾਮਿਲ ਕੀਤਾ ਗਿਆ ਹੈ।

ਪੰਜਵੇ ਅਧਿਆਇ **ਡੁਮੇਲੀ ਟਕਸਾਲ: ਵਰਤਮਾਨ ਰੂਪ ਰੇਖਾ ਅਤੇ ਵਿਸ਼ਲੇਸ਼ਣ** ਵਿਚ ਡੁਮੇਲੀ ਟਕਸਾਲ ਦੇ ਵਰਤਮਾਨ ਰੂਪ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ ਡੁਮੇਲੀ ਟਕਸਾਲ ਦੀ ਕਾਰਜ ਵਿਧੀ, ਵਰਤਮਾਨ ਵਿਚ ਡੁਮੇਲੀ ਟਕਸਾਲ ਦਾ ਨਿਤਨੇਮ, ਟਕਸਾਲ ਵਿਚ ਕੀਰਤਨ ਦੀ ਸਿਖਲਾਈ ਸਬੰਧੀ ਵਿਸਤਾਰ ਸਹਿਤ ਜਾਣਕਾਰੀ ਦਿਤੀ ਹੈ। ਇਸ ਤੋਂ ਇਲਾਵਾ ਡੁਮੇਲੀ ਟਕਸਾਲ ਦੇ ਪ੍ਰਮੁੱਖ ਕਾਰਜ ਕਰਤਾ ਸੰਤ ਸਰਵਣ ਸਿੰਘ ਗੰਧਰਵ ਵਲੋਂ ਸਥਾਪਿਤ ਕੀਤੇ ਗਏ 'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ (ਕਪੂਰਥਲਾ) ਬਾਰੇ ਜਾਣਕਾਰੀ ਦਿੰਦਿਆ ਸੰਸਥਾ ਵਿਚ ਪੜ੍ਹਾਏ ਜਾਂਦੇ ਵਿਸ਼ਿਆਂ ਅਤੇ ਕਾਲਜ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਦਿਤੀ ਗਈ ਹੈ। ਖੋਜ ਪ੍ਰਬੰਧ ਦੇ ਅੰਤ ਵਿਚ **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ** ਦੇ ਤਹਿਤ ਗੁਰਮਤਿ ਸੰਗੀਤ ਦੀਆਂ ਕਾਰਜਰੱਤ ਪਰਮੁਖ ਟਕਸਾਲਾਂ ਦੇ ਸੰਦਰਭ ਵਿਚ ਡੁਮੇਲੀ ਟਕਸਾਲ ਨੂੰ ਵਾਚਿਆ ਗਿਆ ਹੈ। ਜਿਸ ਦੇ ਸਿਟੇ ਵਜੋਂ, ਡੁਮੇਲੀ ਟਕਸਾਲ ਦੀ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਅਹਿਮ ਭੂਮਿਕਾ ਨੂੰ ਸਿਧ ਕਰਦੇ ਹੋਏ, ਕਿਸੇ ਸਿੱਟੇ ਤੇ ਪਹੁੰਚਿਆ ਗਿਆ ਹੈ।

**ਨਿਗਰਾਨ** **ਖੋਜਾਰਥੀ**

ਡਾ. ਦੇਵਿੰਦਰ ਕੌਰ ਰਣਜੀਤ ਸਿੰਘ

# ABSTRACT

# GURMAT SANGEET DI DOMELI TAKSAL: VISHLESHNATMIK ADHIAN


## NAME OF STUDENT: RANJIT SINGH

## NAME OF SUPERVISOR: DR. DEVINDER KAUR

## DEPARTMENT: GURMAT SANGEET

## FACULTY: ARTS AND CULTURE



## REGISTRATION NO: 4360/ RESEARCH, DATED 11.01.2013



'Gurbani Sangeet', popularly known as Gurmat Sangeet has fully flourished today. Domeli Taksal has too contributed towards its popularity. Before doing the analytical study of the contribution of Domeli Taksal in Gumat Sangeet, it is important to know the meaning and the role of word Taksal. Bhai Kahan Singh Nabha has defined Taksal as the place where paisa, rupee or a coin are prepared or a place where education has been imparted.

In the ancient times religion and music were considered as the two sides of a coin. Religion was propagated with the help of music. In the medivial period, sikh guru sahib preached religious ideas through Gunbani (Gurmat) Sangeet. The sikh Gurus established the centre of Kirtan at Kartarpur Sahib, khadoor Sahib, Goindwal Sahib, Sri Amritsar Sahib and Anandpur Sahib. After the Sikh Guru's period many Gurdwaras and Deras were established by the religiors priests for teaching Gurmat Sangeet systematically. These kinds of religious places are called Taksal. In other words, we can say that it is a place where Sikhs were taught about their culture, language, rituals, lifestyle, dressing-up, food and historical background of Sikh religion.

In Doeli (near Phagwara) many great personalities like renowned religious, priests, donors, politicians, social helpers and writers born. Among those the names of Beant Singh, Thekedar Khem Singh Bhogal, Brahm Giani Sant Dalip Singh, Sarwan Singh Gandharav, Harbans Singh, Baba Rana and many more are worth mentioning.

## The origion and development of Domeli Taksal

Domeli Taksal came into existence from the time of Sant Baba Dalip Singh (1883-1949). He was the follower of peace with the unique quilities of revolutionary saint. Gurmat Sangeet in Domeli Taksal was initiated by him. Saint Dalip Singh was won such religious priest who spent his whole life in propagating gurbani among the people and taking care of orphan children. After him, his two disciples Sant Sarwan Singh Gandharav and Sant Harbans Singh propagated Gurbani in the traditional way.

Sant Sarwan Singh Gandharav was a well learned musician who always sang Gurbani according to Ragas and that is why he was known as Sant Raga Singh. He falourished the name of Domeli Taksal of Gurmat Sangeet all of the world. He also published the book 'Sur Simran Sangeet' in seven parts.

Sant Harbans Singh, the other deciple of Baba Dalip Singh, was popularly known as Giani Ji. Like his Guru he also propagated the name of Domeli Taksal all

over the world. Till today Domeli Taksal is playing a significant role under the patronage of Sant Pritam Singh.

We can say that Domeli Taksal has played a significant role in the popularization of Gurmat sangeet theoretically and practically. But no research has been conducted on Domeli Taksal till now. Therefore, I have chosen this topic and during my field work many religious forums Kirtan Institutions and other archaeological sources helped me a lot for data collection. I have also conducted many interviews with V.I.Ps of Domeli. After collecting, studying, analyzing the data, I have divided my thesis into five main chepters to give qualitative approach to my topic-GURMAT SANGEET DI DOMELI TAKSAL: VISHLESHNATMIK ADHIAN.

| | |
|---|---|
| **Name of Supervisor** | **Name of student** |
| **Dr. Devinder Kaur** | **Ranjit SIngh** |

# ਅਬਸਟ੍ਰੈਕਟ

| | | |
|---|---|---|
| ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ | : | ਵਿਸ਼ਲੇਸ਼ਣਾਤਮਕ ਅਧਿਐਨ |
| ਖੋਜਾਰਥੀ ਦਾ ਨਾਂ | : | ਰਣਜੀਤ ਸਿੰਘ |
| ਨਿਗਰਾਨ ਦਾ ਨਾਂ | : | ਡਾ. ਦੇਵਿੰਦਰ ਕੌਰ |
| ਵਿਭਾਗ ਦਾ ਨਾਂ | : | ਗੁਰਮਤਿ ਸੰਗੀਤ ਵਿਭਾਗ |
| ਫੈਕਲਟੀ | : | ਆਰਟਸ ਐਂਡ ਕਲਚਰ |
| ਰਜਿਸਟ੍ਰੇਸ਼ਨ ਨੰਬਰ | : | 4360/ਰਿਸਰਚ |
| | | ਮਿਤੀ: 11.01.2013 |

ਨਿਗਰਾਨ
ਡਾ. ਦੇਵਿੰਦਰ ਕੌਰ

ਖੋਜਾਰਥੀ
ਰਣਜੀਤ ਸਿੰਘ

## ਅਬਸਟ੍ਰੈਕਟ


### ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ

'ਗੁਰਮਤਿ ਸੰਗੀਤ' ਦੇ ਪਰਚਾਰ ਅਤੇ ਪਰਸਾਰ ਵਿੱਚ ਡੁਮੇਲੀ ਟਕਸਾਲ ਦਾ ਬੜਾ ਯੋਗਦਾਨ ਹੈ। ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਤੋਂ ਪਹਿਲਾਂ 'ਟਕਸਾਲ' ਸ਼ਬਦ ਨੂੰ ਪ੍ਰਭਾਸ਼ਿਤ ਕਰਨਾ ਜਰੂਰੀ ਹੋ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਟਕਸਾਲ' ਨੂੰ 'ਟਕੇ ਬਣਾਉਣ ਵਾਲਾ ਘਰ' ਦੱਸਿਆ ਹੈ। ਜਿਥੇ ਰੁਪਏ, ਪੈਸੇ, ਸਿੱਕੇ ਤਿਆਰ ਕੀਤੇ ਜਾਂਦੇ ਹਨ ਜਾਂ ਜਿਥੇ ਵਿੱਦਿਆ ਸਿਖਾਈ ਜਾਂਦੀ ਹੈ।

ਧੁਰਕੀ ਬਾਣੀ ਦਾ ਪਰਚਾਰ ਅਤੇ ਪਰਸਾਰ ਕਰਨ ਲਈ ਸਿਖ ਗੁਰੂ ਸਾਹਿਬਾਨਾਂ ਨੇ ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ ਕੇਂਦਰ ਸਥਾਪਿਤ ਕੀਤੇ।

ਗੁਰੂ ਕਾਲ ਤੋਂ ਬਾਅਦ ਬਹੁਤ ਸਾਰੇ ਗੁਰਦੁਆਰਿਆਂ ਅਤੇ ਡੇਰਿਆਂ ਵਿੱਚ ਸੰਤਾਂ ਮਹਾਤਮਾਵਾਂ ਨੇ ਗੁਰਮਤਿ ਸੰਗੀਤ ਦੀ ਸਿਖਿਆ ਦਾ ਨਿਯਮਤ ਰੂਪ ਵਿੱਚ ਪ੍ਰਬੰਧ ਕੀਤਾ ਹੋਇਆ ਸੀ। ਅਜਿਹੇ ਡੇਰਿਆਂ ਜਾਂ ਸਥਾਨਾਂ ਨੂੰ ਹੀ 'ਟਕਸਾਲ' ਕਿਹਾ ਜਾਂਦਾ ਹੈ । ਦੂਸਰੇ ਸ਼ਬਦਾਂ ਵਿੱਚ ਟਕਸਾਲ ਉਸ ਜਗ੍ਹਾ ਜਾਂ ਸਥਾਨ ਨੂੰ ਕਿਹਾ ਜਾਂਦਾ ਹੈ, ਜਿਥੇ ਸਿਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜਾਂ, ਰਹਿਣ-ਸਹਿਣ, ਪਹਿਨਣ-ਖਾਣ, ਇਤਿਹਾਸ ਸਬੰਧੀ ਪੂਰਨ ਤੌਰ 'ਤੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ।

ਡੁਮੇਲੀ ਪਿੰਡ ਵਿਚ ਮਹਾਨ ਸੰਤ-ਮਹਾਂਪੁਰਖ, ਮਹਾਂਦਾਨੀ, ਸਿਆਸੀ, ਸੇਵਾਦਾਰ, ਲੋਕ ਸੇਵਕ ਅਤੇ ਲਿਖਾਰੀ ਹੋਏ ਹਨ, ਜਿਨ੍ਹਾਂ ਵਿਚੋਂ ਚੌਧਰੀ ਬਿਅੰਤ ਸਿੰਘ, ਠੇਕੇਦਾਰ ਖੇਮ ਸਿੰਘ ਭੋਗਲ, ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਸੰਤ ਹਰਬੰਸ ਸਿੰਘ, ਬਾਬਾ ਰਾਣਾ ਸਮੇਤ ਹੋਰ ਸ਼ਖ਼ਸੀਅਤਾਂ ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਬ੍ਰਹਮ ਗਿਆਨੀ ਸੰਤ ਦਲੀਪ ਸਿੰਘ ਇਥੋਂ ਦੇ ਮਹਾਨ ਸੰਤ ਹੋਏ ਹਨ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਗੁਰਬਾਣੀ ਦਾ ਪਰਚਾਰ ਅਤੇ ਬੇਸਹਾਰਾ ਬੱਚਿਆਂ ਦੀ ਸਾਂਭ-ਸੰਭਾਲ ਉਤੇ ਲਗਾ ਦਿੱਤੀ ।

### ਡੁਮੇਲੀ ਟਕਸਾਲ ਦਾ ਆਰੰਭ ਅਤੇ ਵਿਕਾਸ

ਡੁਮੇਲੀ ਟਕਸਾਲ ਦਾ ਅਰੰਭ ਸੰਤ ਬਾਬਾ ਦਲੀਪ ਸਿੰਘ (1883-1949) ਤੋਂ ਮੰਨਿਆਂ ਜਾਂਦਾ ਹੈ। ਆਪ ਸ਼ਾਂਤੀ ਦੇ ਪੁਜਾਰੀ, ਨਵੇਕਲੇ ਗੁਣਾਂ ਦੇ ਧਾਰਨੀ ਅਤੇ ਕ੍ਰਾਂਤੀਕਾਰੀ ਸੰਤ ਮਹਾਂਪੁਰਖ ਸਨ। ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਆਪ ਦੇ ਦੋ ਪ੍ਰਮੁੱਖ ਸ਼ਿਸ਼ ਸਨ। ਇਨ੍ਹਾਂ ਦੋਨਾਂ ਪ੍ਰਮੁੱਖ ਸ਼ਿਸ਼ਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਵਿਚ ਵਡਮੁਲਾ ਯੋਗਦਾਨ ਪਾਇਆ।

**ਸੰਤ ਸਰਵਣ ਸਿੰਘ** ਗੰਧਰਵ ਸੰਗੀਤ ਦੇ ਪੂਰਨ ਗਿਆਤਾ ਸਨ। ਗੁਰਬਾਣੀ ਗਾਇਨ ਵਿਚ ਨਿਪੁੰਨ ਹੋਣ ਕਰਕੇ ਆਪ ਜੀ ਨੂੰ 'ਸੰਤ ਰਾਗਾ ਸਿੰਘ' ਵੀ ਕਿਹਾ ਜਾਂਦਾ ਸੀ । ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ ਦਾ ਨਾਮ ਆਪ ਨੇ ਦੁਨੀਆਂ ਭਰ ਵਿਚ ਧਰੂੰ-ਤਾਰੇ ਵਾਂਗ ਚਮਕਾ ਦਿੱਤਾ। ਇਸ ਤਰ੍ਹਾਂ ਆਪ 32 ਪ੍ਰਕਾਰ ਦੇ ਸਾਜ਼ ਵਜਾਉਣ ਵਿਚ ਮੁਹਾਰਤ ਰੱਖਦੇ ਸਨ। ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਦੇਸ਼-ਵਿਦੇਸ਼ ਵਿਚ ਤੰਤੀ ਸਾਜ਼ਾਂ ਨਾਲ ਰਾਗਮਈ ਕੀਰਤਨ ਕਰਕੇ

ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ, ਉਥੇ 'ਸੁਰ ਸਿਮਰਨ ਸੰਗੀਤ' ਪੁਸਤਕ (ਸੱਤ ਭਾਗਾਂ ਵਿਚ) ਪ੍ਰਕਾਸ਼ਿਤ ਕਰਕੇ ਗੁਰਮਤਿ ਸੰਗੀਤ ਪ੍ਰਤੀ ਵਡਮੁੱਲੀ ਸੇਵਾ ਕੀਤੀ।

ਸੰਤ ਦਲੀਪ ਸਿੰਘ ਦੇ ਦੂਸਰੇ ਸ਼ਿਸ਼ **ਸੰਤ ਹਰਬੰਸ ਸਿੰਘ** ਨੇ ਵੀ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਵਿਚ ਵਡਮੁਲਾ ਯੋਗਦਾਨ ਪਾਇਆ। ਗੂੜ ਗਿਆਨੀ ਹੋਣ ਕਰਕੇ ਲੋਕ ਆਪ ਜੀ ਨੂੰ 'ਗਿਆਨੀ ਜੀ' ਕਹਿ ਕੇ ਪੁਕਾਰਦੇ ਸਨ। ਅੱਜਕਲ ਸੰਤ ਪ੍ਰੀਤਮ ਸਿੰਘ ਇਸ ਟਕਸਾਲ ਦੇ ਕਰਤਾ ਧਰਤਾ ਹਨ ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਡੁਮੇਲੀ ਟਕਸਾਲ ਨੇ ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਵਿਵਹਾਰਕ ਦੋਵਾਂ ਪੱਖਾਂ ਤੋਂ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਹੈ। ਜੇਕਰ ਉਕਤ ਕਾਰਜ ਦੇ ਸੰਦਰਭ ਵਿਚ ਦੇਖੀਏ ਤਾਂ ਅਜੇ ਤੱਕ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਡੁਮੇਲੀ ਟਕਸਾਲ ਦੇ ਯੋਗਦਾਨ ਬਾਰੇ ਕੋਈ ਖੋਜ ਕਾਰਜ ਨਹੀਂ ਹੋਇਆ । ਇਸੇ ਉਦੇਸ਼ ਨਾਲ ਉਪਰੋਕਤ ਵਿਸ਼ੇ ਦੀ ਚੋਣ ਕੀਤੀ ਗਈ ਹੈ। ਉਪਰੋਕਤ ਖੋਜ ਕਾਰਜ ਕਰਦਿਆਂ ਮੁੱਖ ਸੰਗ੍ਰਹਿਲਿਆਂ, ਕੀਰਤਨ ਸੰਸਥਾਵਾਂ ਅਤੇ ਹੋਰ ਸਰੋਤਾਂ ਤੋਂ ਸਮੱਗਰੀ ਦਾ ਸੰਕਲਨ ਕੀਤਾ ਗਿਆ ਹੈ। ਗੁਰਮਤਿ ਸੰਗੀਤ ਨਾਲ ਸਬੰਧਿਤ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਸਾਖਿਤਾਕਾਰ (Interview) ਕਰਕੇ ਅਤੇ ਅਕਾਦਮਿਕ ਅਦਾਰਿਆਂ ਤੋਂ ਪ੍ਰਾਪਤ ਸਮੱਗਰੀ ਦਾ ਸੰਗ੍ਰਹਿ, ਅਧਿਐਨ, ਵਿਸ਼ਲੇਸ਼ਣ ਅਤੇ ਮੁਲਾਂਕਣ ਉਪਰੰਤ ਹੀ ਕਿਸੇ ਸਿੱਟੇ 'ਤੇ ਪਹੁੰਚਿਆ ਗਿਆ ਹੈ।

ਨਿਗਰਾਨ | ਖੋਜਾਰਥੀ

ਡਾ. ਦੇਵਿੰਦਰ ਕੌਰ | ਰਣਜੀਤ ਸਿੰਘ

## ਸਰਟੀਫਿਕੇਟ

ਤਸਦੀਕਕੀਤਾਜਾਂਦਾਹੈਕਿਖੋਜਾਰਥੀਰਣਜੀਤਸਿੰਘਪੁੱਤਰ ਸ. ਅਮਰਜੀਤਸਿੰਘਵਾਸੀਮਕਾਨਨੰ. 1070/1ਏ, ਦੇਵਨਗਰ, ਹੁਸ਼ਿਆਰਪੁਰਦਾਰਹਿਣਵਾਲਾਹੈ। ਇਹਖੋਜਾਰਥੀਮੇਰੀਨਿਗਰਾਨੀਹੇਠਗੁਰਮਤਿਸੰਗੀਤਵਿਭਾਗਤੋਂ ਪੀਐਚ.ਡੀ. ਕਰਰਿਹਾਹੈ। ਮੈਂਬਿਆਨਕਰਦੀਹਾਂਕਿਇਸਦੇਹੇਠਲਿਖੇਖੋਜਪੱਤਰਵੱਖ-ਵੱਖReputed Journal ਵਿਚਪ੍ਰਕਾਸ਼ਿਤਹੋਏਹਨ। ਇਨ੍ਹਾਂReputed Journal ਅਤੇਪ੍ਰਕਾਸ਼ਿਤਹੋਏਖੋਜਪੱਤਰਾਂਦਾਵੇਰਵਾਨਿਮਨਲਿਖਤਹੈ।

| **ਕ੍ਰਮ ਅੰਕ** | **ਰਿਸਰਚਪੇਪਰਦਾਨਾਂ** | **ਜਨਰਲਦਾਨਾਂ** | **ਪ੍ਰਕਾਸ਼ਿਤਹੋਣ ਦਾਸਮਾਂ** | **ISSN-No.** |
|---|---|---|---|---|
| 1. | ਗੁਰਮਤਿਸੰਗੀਤਦਾਆਰੰਭਅਤੇਵਿਕਾਸ: ਇਕਅਧਿਐਨ (1469 ਈ. ਤੋਂ 1606 ਈ. ਤੱਕ) | Research link | ਅਪ੍ਰੈਲ, 2016 | ISSN-No. 0973-1628 |
| 2. | ਗੁਰਮਤਿਸੰਗੀਤਦਾਵਿਕਾਸ: ਵਿਸ਼ਲੇਸ਼ਣਾਤਮਕਅਧਿਐਨ (1606 ਈ. ਤੋਂ 1708 ਈ. ਤੱਕ) | Research link | ਮਈ, 2016 | ISSN-No. 0973-1628 |
| 3. | ਸੰਤਸਰਵਣਸਿੰਘਗੰਧਰਵਦਾਜੀਵਨਤੇ ਸਾਹਿਤਕਦੇਣ:ਵਿਸ਼ਲੇਸ਼ਣਾਤਮਕਅਧਿਐਨ | Pallvan | ਅਗਸਤ, 2015 | ISSN-No. 2278-3768 |
| 4. | ਲੈਅ-ਸਵਰਔਰਸੰਗੀਤ | ਅਵਿਨਵਇਮ ਰੋਜ਼ | ਜੂਨ, 2014 | ISSN-No. 2321-1105 |
| 5. | Plagiarism in the Digital Era | Edu World | Jan-Dec. 2017 | ISSN-No. 2319-7129 |
| 6. | ICT in Teacher Education: Utmost Need of the Hour | Education Times | Jan-Dec. 2017 | ISSN-No. 2319-8265 |

ਨਿਗਰਾਨ

**ਡਾ. ਦੇਵਿੰਦਰਕੌਰ**
ਸਾਬਕਾਪ੍ਰੋਫੈਸਰਅਤੇਮੁਖੀ,
ਸੰਗੀਤਵਾਦਨਵਿਭਾਗ,
ਸਰਕਾਰੀਕਾਲਜਲੜਕੀਆਂ,ਪਟਿਆਲਾ।

# ਘੋਸ਼ਣਾ ਪੱਤਰ

ਮੈਂ **ਰਣਜੀਤ ਸਿੰਘ** ਇਹ ਬਿਆਨ ਕਰਦਾ ਹਾਂ ਕਿ ਮੇਰੇ ਵਲੋਂ '**ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਵਿਸ਼ਲੇਸ਼ਣਾਤਮਕ ਅਧਿਐਨ**' ਵਿਸ਼ੇ ਉਤੇ ਪੀਐਚ.ਡੀ. ਦੀ ਡਿਗਰੀ ਲਈ ਖੋਜ ਪ੍ਰਬੰਧ ਪੇਸ਼ ਕੀਤਾ ਜਾ ਰਿਹਾ ਹੈ। ਇਹ ਖੋਜ ਪ੍ਰਬੰਧ ਪ੍ਰਮਾਣਿਕ ਰੂਪ ਵਿਚ ਮੇਰੀ ਮੌਲਿਕ ਕਿਰਤ ਹੈ। ਇਸ ਵਿਸ਼ੇ ਤੇ ਪਹਿਲਾਂ ਕਿਸੇ ਵੀ ਯੂਨੀਵਰਸਿਟੀ ਵਲੋਂ ਕੋਈ ਖੋਜ ਕਾਰਜ ਨਹੀਂ ਹੋਇਆ।

ਮਿਤੀ: 3.11.2017

ਰਣਜੀਤ ਸਿੰਘ

**ਰਣਜੀਤ ਸਿੰਘ**

**(ਖੋਜਾਰਥੀ)**

# ਧੰਨਵਾਦ

ਕਿਸੇ ਵੀ ਕੰਮ ਨੂੰ ਸ਼ੁਰੂ ਕਰਨਾ ਅਸਾਨ ਹੈ ਪਰੰਤੂ ਉਸ ਨੂੰ ਪ੍ਰਭਾਵਸ਼ਾਲੀ ਬਣਾਉਣ ਅਤੇ ਸਹੀ ਰੂਪ ਵਿਚ ਨੇਪਰੇ ਚਾੜ੍ਹਨਾ ਔਖਾ ਹੈ। ਜੇਕਰ ਇਹ ਕਿਹਾ ਜਾਵੇ ਕਿ ਸੂਝਵਾਨ ਸ਼ਖ਼ਸੀਅਤਾ ਤੋਂ ਬਿਨ੍ਹਾਂ ਕਿਸੇ ਕੰਮ ਨੂੰ ਨੇਪਰੇ ਚਾੜ੍ਹਨਾ ਔਖਾ ਹੀ ਨਹੀਂ, ਅਸੰਭਵ ਹੈ ਤਾਂ ਕੋਈ ਅਤਕਥਨੀ ਨਹੀ ਹੋਵੇਗੀ। ਮੇਰੇ ਇਸ ਖੋਜ ਪ੍ਰਬੰਧ ਨੂੰ ਪੂਰਾ ਕਰਨ ਲਈ ਕਈ ਸੂਝਵਾਨ ਸਖ਼ਸ਼ੀਅਤਾਂ ਨੇ ਸਹਿਯੋਗ ਦਿਤਾ ਹੈ। ਇਨ੍ਹਾਂ ਦੇ ਸਹਿਯੋਗ ਤੋਂ ਬਿਨ੍ਹਾਂ ਇਹ ਕਾਰਜ ਸਹੀ ਰੂਪ ਵਿਚ ਪੂਰਾ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਮੈਂ ਇਨ੍ਹਾਂ ਦਾ ਦਿਲੋਂ ਧੰਨਵਾਦ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ।

1. ਖੋਜ ਕਾਰਜ ਕਰਨ ਲਈ ਖੋਜ ਨਿਗਰਾਨ ਦਾ ਸਥਾਨ ਬੜਾ ਮਹੱਤਵਪੂਰਨ ਅਤੇ ਸਤਿਕਾਰ ਵਾਲਾ ਹੁੰਦਾ ਹੈ। ਖੋਜ ਨਿਗਰਾਨ ਦੇ ਆਸ਼ੀਰਵਾਦ ਤੋਂ ਬਿਨ੍ਹਾਂ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਕਲਪਨਾ ਵੀ ਨਹੀ ਕੀਤੀ ਜਾ ਸਕਦੀ ਕਿਉਂਕਿ ਕਿਸੇ ਵੀ ਖੋਜ ਕਾਰਜ ਵਿਚ ਸਹੀ ਸੇਧ ਦੇਣ ਵਾਲਾ ਖੋਜ ਨਿਗਰਾਨ ਹੀ ਹੁੰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਮੈਂ ਆਪਣੇ ਖੋਜ ਨਿਗਰਾਨ ਡਾ. ਦੇਵਿੰਦਰ ਕੌਰ ਜੀ ਸਾਬਕਾ ਪ੍ਰੋਫ਼ੈਸਰ ਅਤੇ ਮੁਖੀ, ਸੰਗੀਤ ਵਾਦਨ ਵਿਭਾਗ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਬਤੌਰ ਖੋਜ ਨਿਗਰਾਨ ਆਪਣੇ ਵਡਮੁੱਲੇ ਸੁਝਾਵਾਂ ਅਤੇ ਉਸਾਰੂ ਟਿਪਣੀਆਂ ਨਾਲ ਮੇਰੀ ਸੋਚ ਨੂੰ ਖੋਜਾਤਮਿਕ ਬਣਾਇਆ ਅਤੇ ਮੈਨੂੰ ਖੋਜ ਦ੍ਰਿਸ਼ਟੀ ਪ੍ਰਦਾਨ ਕੀਤੀ। ਸਮੇਂ-ਸਮੇਂ ਤੇ ਆਪਣੀ ਨਿਜੀ ਲਾਇਬ੍ਰੇਰੀ ਵਿਚੋਂ ਪੁਸਤਕਾਂ ਮੁਹੱਈਆ ਕਰਕੇ ਜਿਥੇ ਮੇਰੇ ਕੰਮ ਨੂੰ ਸੌਖਾ ਕੀਤਾ, ਉਥੇ ਮੇਰੇ ਉਤਸ਼ਾਹ ਨੂੰ ਵੀ ਵਧਾਇਆ। ਉਨ੍ਹਾਂ ਨੇ ਆਪਣੇ ਖੋਜਾਤਮਿਕ ਕਾਰਜਾਂ ਅਤੇ ਸਿਹਤ ਨੂੰ ਅਣਗੌਲਿਆ ਕਰਕੇ, ਮੇਰੇ ਇਸ ਖੋਜ ਪ੍ਰਬੰਧ ਨੂੰ ਸਹੀ ਰੂਪ ਵਿਚ ਨੇਪਰੇ ਚਾੜ੍ਹਨ ਲਈ ਜਿਸ ਤਰ੍ਹਾਂ ਮੈਨੂੰ ਦਿਨ ਰਾਤ ਮਿਹਨਤ ਕਰਵਾਈ, ਉਸ ਲਈ ਮੈਂ ਉਨ੍ਹਾਂ ਦਾ ਸਦਾ ਦਿਲ ਦੀਆਂ ਗਹਿਰਾਈਆਂ ਵਿਚੋਂ ਧੰਨਵਾਦੀ ਰਹਾਂਗਾ। ਮੈਂ ਆਪਣਾ ਇਹ ਖੋਜ ਕਾਰਜ ਉਨ੍ਹਾਂ ਦੀ ਯੋਗ ਅਗਵਾਈ ਸਦਕਾ ਹੀ ਨੇਪਰੇ ਚਾੜ੍ਹ ਸਕਿਆਂ ਹਾਂ।
2. ਡਾ. ਗੁਰਨਾਮ ਸਿੰਘ ਜੀ, ਮੁਖੀ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਗੁਰਮਤਿ ਸੰਗੀਤ ਵਿਭਾਗ ਵਿਚ ਪੀਐਚ.ਡੀ. ਕਰਨ ਦੀ ਮੈਨੂੰ ਆਗਿਆ ਦਿਤੀ। ਉਨ੍ਹਾਂ ਦੇ ਸਹਿਯੋਗ ਤੇ ਪ੍ਰੇਰਨਾ ਸਦਕਾ ਹੀ ਮੈਨੂੰ ਖੋਜ ਕਾਰਜ ਕਰਨ ਦਾ ਮੌਕਾ ਮਿਲਿਆ ਹੈ। ਇਸ ਦੇ ਨਾਲ ਹੀ ਮੈਂ ਵਿਭਾਗ ਦੇ ਪ੍ਰੋਫ਼ੈਸਰ ਸਾਹਿਬਾਨ, ਦਫਤਰੀ ਅਮਲਾ, ਦਰਜਾ ਤਿੰਨ ਅਤੇ ਦਰਜਾ ਚਾਰ ਮੁਲਾਜ਼ਮਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਖੋਜ ਕਾਰਜ ਦੌਰਾਨ ਮੇਰੀ ਹਰ ਪੱਖ ਤੋਂ ਸਹਾਇਤਾ ਕੀਤੀ।

3. ਇਸ ਦੇ ਨਾਲ ਹੀ ਦੇਸ਼ ਦੀ ਸਿਰਮੌਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਧੰਨਵਾਦ ਕਰਨਾ ਮੇਰਾ ਮੌਲਿਕ ਕਰਤਵ ਹੈ ਜਿਸ ਨੇ ਮੈਨੂੰ ਖੋਜ ਕਾਰਜ ਕਰਨ ਲਈ ਰਜਿਸਟਰਡ ਕੀਤਾ ਅਤੇ ਮੈਨੂੰ ਖੋਜ ਪ੍ਰਬੰਧ ਪੂਰਾ ਕਰਨ ਦਾ ਸੁਅਵਸਰ ਪ੍ਰਦਾਨ ਕੀਤਾ।
4. ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਰ ਸਬੰਧਿਤ ਵਿਭਾਗਾਂ ਦੇ ਪ੍ਰੋਫ਼ੈਸਰ ਸਾਹਿਬਾਨ ਅਤੇ ਸਮੂਹ ਦਫਤਰੀ ਅਮਲੇ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨਾਂ ਨੇ ਮੈਨੂੰ ਮੇਰੇ ਖੋਜ ਕਾਰਜ ਦੌਰਾਨ ਪੇਸ਼ ਆਈ ਹਰ ਸਮੱਸਿਆ ਦਾ ਹੱਲ ਬੜੀ ਹੀ ਸੂਝਬੂਝਤਾ ਨਾਲ ਕੀਤਾ।
5. ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰਮੁੱਖ ਲਾਇਬ੍ਰੇਰੀ (ਭਾਈ ਕਾਨ੍ਹ ਸਿੰਘ ਨਾਭਾ) ਦੇ ਸਮੂਹ ਸਟਾਫ਼, ਗੁਰਮਤਿ ਸੰਗੀਤ ਵਿਭਾਗ ਦੀ ਭਾਈ ਰਣਧੀਰ ਸਿੰਘ ਯਾਦਗਾਰੀ ਲਾਇਬ੍ਰੇਰੀ ਦੇ ਸਟਾਫ਼ ਮੈਬਰਾਂ ਅਤੇ ਆਪਣੇ ਕਾਲਜ 'ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੂਮੇਲੀ ਦੇ ਪ੍ਰਿੰਸੀਪਲ ਅਤੇ ਲਾਇਬ੍ਰੇਰੀ ਦੇ ਸਟਾਫ ਮੈਬਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਲੋੜੀਦੀਆਂ ਪੁਸਤਕਾਂ ਮੁਹੱਈਆਂ ਕਰਕੇ ਮੈਨੂੰ ਪੂਰਨ ਸਹਿਯੋਗ ਦਿਤਾ।
6. ਮੈਂ ਉਨ੍ਹਾਂ ਸਾਰੀਆਂ ਉਘੀਆਂ ਸ਼ਖ਼ਸੀਅਤਾਂ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀਆਂ ਖੋਜ ਸਮੱਸਿਆਵਾਂ ਦੇ ਹੱਲ ਲਈ ਮੈਨੂੰ ਆਪਣਾ ਕੀਮਤੀ ਸਮਾਂ ਦੇ ਕੇ ਸਹੀ ਸੂਚਨਾ ਪ੍ਰਦਾਨ ਕੀਤੀ।
7. ਮੈਂ ਆਪਣੇ ਸਵਰਗਵਾਸੀ ਮਾਤਾ ਪਿਤਾ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਖੋਜ ਕਾਰਜ ਕਰਨ ਦੇ ਮੈਨੂੰ ਲਾਇਕ ਬਣਾਇਆ ਅਤੇ ਜਿਨ੍ਹਾਂ ਦੀਆਂ ਅਸੀਸਾਂ ਸਦਕਾ ਮੈਂ ਅੱਜ ਇਹ ਖੋਜ ਕਾਰਜ ਸੰਪੂਰਨ ਕਰਨ ਦੇ ਕਾਬਿਲ ਹੋਇਆ ਹਾਂ।
8. ਇਸ ਦੇ ਨਾਲ ਹੀ ਮੈਂ ਆਪਣੀ ਧਰਮ ਸੁਪਤਨੀ ਸ੍ਰੀਮਤੀ ਹਰਵਿੰਦਰ ਕੌਰ (ਐਸੋਸੀਏਟ ਪ੍ਰੋਫ਼ੈਸਰ) ਦਾ ਧੰਨਵਾਦ ਕਰਦਾ ਹਾਂ, ਜੋ ਇਸ ਸਮੇਂ ਆਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੀਐਚ.ਡੀ. ਕਰ ਰਹੇ ਹਨ ਅਤੇ ਜਿਨ੍ਹਾਂ ਨੇ ਆਪਣੇ ਖੋਜ ਕਾਰਜ ਵਿਚੋਂ ਸਮਾਂ ਕੱਢ ਕੇ ਮੇਰੇ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪੂਰਾ ਸਹਿਯੋਗ ਦਿਤਾ।
9. ਮੈਂ ਆਪਣੀ ਬੇਟੀ ਹਸਮੀਤ ਕੌਰ ਧਨੋਆ ਅਤੇ ਬੇਟੇ ਗੁਰਮਨ ਸਿੰਘ ਧਨੋਆ ਦਾ ਸਦਾ ਰਿਣੀ ਰਹਾਂਗਾ ਜਿਨ੍ਹਾਂ ਨੇ ਬਚਪਨ ਦੀ ਅਵਸਥਾ ਵਿਚ ਹੁੰਦਿਆ ਵੀ ਮੇਰੇ ਖੋਜ ਕਾਰਜ ਨੂੰ ਪ੍ਰਭਾਵਿਤ ਨਹੀ ਕੀਤਾ ਸਗੋਂ ਇਸ ਨੂੰ ਸੰਪੂਰਨ ਕਰਨ ਲਈ ਸਹਿਯੋਗ ਦਿਤਾ।
10. ਭਾਂਵੇ ਮੈਂ ਆਪਣਾ ਸਾਰਾ ਥੀਸਿਜ਼ ਆਪ ਟਾਈਪ ਕੀਤਾ ਹੈ, ਪਰ ਫਿਰ ਵੀ ਮੈਂ ਆਪਣੇ ਉਨ੍ਹਾਂ ਸਾਥੀਆਂ ਅਤੇ ਦੋਸਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕੰਪਿਊਟਰ 'ਤੇ ਆਉਣ ਵਾਲੀ ਹਰ ਮੁਸ਼ਕਲ ਦਾ ਹੱਲ ਖਿੜੇ ਮੱਥੇ ਕਰਕੇ, ਮੇਰੇ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਅਹਿਮ ਭੂਮਿਕਾ ਨਿਭਾਈ।

11. ਧੰਨਵਾਦੀ ਸ਼ਬਦਾਂ ਦੇ ਅਖੀਰ ਵਿਚ ਮੈਂ ਉਸ ਅਕਾਲ ਪੁਰਖ ਪ੍ਰਮਾਤਮਾ ਦਾ ਧੰਨਵਾਦ ਕਰਨਾ ਕਦੇ ਵੀ ਨਹੀ ਭੁੱਲ ਸਕਦਾ, ਜਿਸ ਦੀ ਅਪਾਰ ਕ੍ਰਿਪਾ ਨਾਲ ਮੈਨੂੰ ਖੋਜ ਬਿਰਤੀ ਪ੍ਰਾਪਤ ਹੋਈ ਅਤੇ ਜਿਸ ਨੇ ਮੇਰੇ ਖੋਜ ਕਾਰਜ ਦੌਰਾਨ ਮੈਨੂੰ ਆਪਣੀ ਰਾਹ ਤੋਂ ਭਟਕਣ ਨਹੀ ਦਿਤਾ ਅਤੇ ਮੈਨੂੰ ਮੁੜ-ਮੁੜ ਖੋਜ ਕਰਨ ਦਾ ਬੱਲ ਪ੍ਰਦਾਨ ਕੀਤਾ। ਉਸ ਪਰਮ ਪਿਤਾ ਪ੍ਰਮਾਤਮਾ ਦੇ ਅਸ਼ੀਰਵਾਦ ਨਾਲ ਹੀ ਕਿਸੇ ਕੰਮ ਨੂੰ ਸਫਲਤਾ ਪੂਰਵਕ ਨੇਪਰੇ ਚਾੜਿਆ ਜਾ ਸਕਦਾ ਹੈ, ਇਸ ਲਈ ਉਸ ਦਾ ਕੋਟਿ-ਕੋਟਿ ਧੰਨਵਾਦ।

ਰਣਜੀਤ ਸਿੰਘ

ਰਣਜੀਤ ਸਿੰਘ
(ਖੋਜਾਰਥੀ)

# ਤਤਕਰਾ


| | | | ਪੰਨਾ ਨੰ: |
|---|---|---|---|
| ਭੂਮਿਕਾ | | | i-ix |
| **ਪਹਿਲਾ ਅਧਿਆਇ** | | | |
| **ਗੁਰਮਤਿ ਸੰਗੀਤ ਦੀ ਡੁਮੇਲੀ ਟਕਸਾਲ: ਇਤਿਹਾਸਿਕ ਸਰਵੇਖਣ** | | | **1-42** |
| 1.1 | ਗੁਰਮਤਿ ਸੰਗੀਤ | | 1 |
| 1.2 | ਗੁਰਮਤਿ ਸੰਗੀਤ ਦਾ ਆਰੰਭ ਅਤੇ ਵਿਕਾਸ | | 4 |
| 1.3 | ਟਕਸਾਲ | | 23 |
| 1.4 | ਡੁਮੇਲੀ ਪਿੰਡ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸ | | 29 |
| | 1.4.1 | ਡੁਮੇਲੀ ਪਿੰਡ ਦਾ ਥੇਹ | 30 |
| | 1.4.2 | ਡੁਮੇਲੀ ਅਤੇ ਮੂਸਾਪੁਰ ਦੇ ਵਿਚਕਾਰ ਵਾਲਾ ਥੇਹ | 30 |
| | 1.4.3 | ਜਾਗੋਆਣੇ ਦਾ ਥੇਹ | 31 |
| | 1.4.4 | ਤਪੱਸਵੀ (ਇਕ ਸੰਤ) ਦਾ ਡੁਮੇਲੀ ਵਾਸੀਆਂ ਨੂੰ ਸਰਾਪ | 32 |
| | 1.4.5 | ਸ੍ਰੀ ਗੁਰੂ ਹਰਗੋਬਿੰਦ ਜੀ ਦਾ ਡੁਮੇਲੀ ਪਿੰਡ ਵਿੱਚ ਆਉਣਾ | 33 |
| | 1.4.6 | ਡੁਮੇਲੀ ਵਾਸੀਆਂ ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵਰ | 34 |
| 1.5 | ਵੱਖ-ਵੱਖ ਖੇਤਰਾਂ ਵਿਚ ਡੁਮੇਲੀ ਵਾਸੀਆਂ ਦਾ ਯੋਗਦਾਨ | | 35 |
| | 1.5.1 | ਵਿਦਿਆ ਅਤੇ ਹੋਰ ਖੇਤਰਾਂ ਵਿਚ | 35 |
| | 1.5.2 | ਜੈਤੋਂ ਦੇ ਮੋਰਚੇ ਵਿਚ | 35 |
| | 1.5.3 | ਕਿਸਾਨ ਮੋਰਚੇ ਵਿਚ | 36 |
| | 1.5.4 | ਜਿੰਮੀਦਾਰਾ ਮੋਰਚਾ ਲਾਹੌਰ ਵਿਚ | 36 |
| | 1.5.5 | ਬੱਬਰ ਅਕਾਲੀ ਲਹਿਰ ਵਿਚ | 37 |
| | 1.5.6 | ਡੁਮੇਲੀ ਵਾਸੀ ਵਿਦੇਸ਼ਾਂ ਵਿਚ | 38 |
| 1.6 | ਡੁਮੇਲੀ ਦੇ ਪਰਮੁਖ ਮਹਾਂਪੁਰਖ ਅਤੇ ਹੋਰ ਮਹਾਨ ਸ਼ਖ਼ਸੀਅਤਾਂ | | 38 |
| | 1.6.1 | ਬਾਬਾ ਨਾਂਗਾ ਜੀ | 38 |
| | 1.6.2 | ਸੰਤ ਕਪੂਰ ਸਿੰਘ | 39 |
| | 1.6.3 | ਸੰਤ ਮਨਜੀਤ ਸਿੰਘ | 39 |
| | 1.6.4 | ਚੌਧਰੀ ਬਿਅੰਤ ਸਿੰਘ | 40 |

1.6.5 ਠੇਕੇਦਾਰ ਖੇਮ ਸਿੰਘ ਭੋਗਲ 40

1.6.6 ਸ. ਮੇਲਾ ਸਿੰਘ ਭੋਗਲ 40

1.6.7 ਸ. ਪ੍ਰੀਤਮ ਸਿੰਘ ਭੋਗਲ 40

1.6.8 ਮਾਸਟਰ ਸਾਧੂ ਰਾਮ ਗੰਗੜ 41

1.6.9 ਡਾ. ਬਖ਼ਸ਼ੀਸ਼ ਸਿੰਘ ਨਿਜਰ 41

1.6.10 ਜੈਲਦਾਰ ਪਰਮਜੀਤ ਸਿੰਘ ਡੁਮੇਲੀ 41

**ਦੂਸਰਾ ਅਧਿਆਇ**

**ਡੁਮੇਲੀ ਟਕਸਾਲ: ਪਰਮੁਖ ਕਾਰਜ ਕਰਤਾ** **43-93**

2.1 ਸੰਤ ਸ਼ਬਦ ਦੀ ਪਰਿਭਾਸ਼ਾ 43

2.2 ਬ੍ਰਹਮ ਗਿਆਨੀ ਸੰਤ ਦਲੀਪ ਸਿੰਘ 47

2.2.1 ਆਰੰਭਿਕ ਜੀਵਨ 47

2.2.2 ਸੰਤ ਦਲੀਪ ਸਿੰਘ ਦੀ ਸ਼ਖ਼ਸੀਅਤ ਦੇ ਭਿੰਨ-ਭਿੰਨ ਪੱਖ 48

2.2.3 ਗੁਰਬਾਣੀ ਦੇ ਪਰਚਾਰ ਹਿਤ ਉਤਸਾਹਿਤ ਕਰਨਾ 56

2.2.4 ਸੰਤ ਦਲੀਪ ਸਿੰਘ ਦਾ ਅੰਤਿਮ ਸਮਾਂ 57

2.3 ਸੰਤ ਸਰਵਣ ਸਿੰਘ ਗੰਧਰਵ 59

2.3.1 ਆਰਭਿੰਕ ਜੀਵਨ 59

2.3.2 ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ 60

2.3.3 ਸੰਗੀਤ ਸਿਖਿਆ 60

2.3.4 ਗੁਰਬਾਣੀ ਪਰਚਾਰ 63

2.3.5 ਪੁਸਤਕ ਪ੍ਰਕਾਸ਼ਨ 64

2.3.6 ਸਨਮਾਨ 66

2.3.7 ਸ਼ਗਿਰਦ 67

2.3.8 ਸੰਤ ਸਰਵਣ ਸਿੰਘ ਗੰਧਰਵ ਦੇ ਲੋਕ ਭਲਾਈ ਹਿਤ ਕਾਰਜ 68

2.3.9 ਸਵਰਗਵਾਸ 69

2.4 ਸੰਤ ਹਰਬੰਸ ਸਿੰਘ 70

2.4.1 ਆਰੰਭਿਕ ਜੀਵਨ 70

| | | |
|---|---|---|
| 2.4.2 | ਸੰਤ ਹਰਬੰਸ ਸਿੰਘ ਦੇ ਜੀਵਨ ਵਿਚ ਧਾਰਮਿਕ ਮੋੜ | 72 |
| 2.4.3 | ਹਿਕਮਤ ਅਤੇ ਲੰਗਰ ਦੀ ਸੇਵਾ | 74 |
| 2.4.4 | ਕਥਾਵਾਚਕ ਅਤੇ ਕੀਰਤਨਕਾਰ-ਸੰਤ ਹਰਬੰਸ ਸਿੰਘ | 76 |
| 2.4.5 | ਪੰਥ ਦਰਦੀ ਅਤੇ ਪੰਥਕ ਕਵੀ-ਸੰਤ ਹਰਬੰਸ ਸਿੰਘ | 77 |
| 2.4.6 | ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ | 78 |
| 2.4.7 | ਸੰਤ ਹਰਬੰਸ ਸਿੰਘ ਦੀ ਸ਼ਖ਼ਸੀਅਤ ਦੇ ਹੋਰ ਪੱਖ | 80 |
| 2.4.8 | ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਹਰਬੰਸ ਸਿੰਘ ਵਿਚਕਾਰ ਮਤਭੇਦ | 82 |
| 2.4.9 | ਸਵਰਗਵਾਸ | 83 |
| 2.4.10 | ਸੰਤ ਹਰਬੰਸ ਸਿੰਘ ਦੇ ਸਵਰਗਵਾਸ ਹੋਣ ਉਪਰੰਤ ਡੇਰੇ ਦੀ ਸਥਿਤੀ | 85 |
| 2.5 | ਬਾਬਾ ਮਸਤ ਜੀ | 86 |
| 2.5.1 | ਆਰੰਭਿਕ ਜੀਵਨ | 87 |
| 2.5.2 | ਬਾਬਾ ਮਸਤ ਜੀ ਦੀ ਸ਼ਖ਼ਸੀਅਤ ਦੇ ਭਿੰਨ-ਭਿੰਨ ਪੱਖ | 88 |
| 2.5.3 | ਬਾਬਾ ਮਸਤ ਜੀ-ਅੰਤਿਮ ਸਮਾਂ | 91 |

**ਤੀਸਰਾ ਅਧਿਆਇ**

| | | |
|---|---|---|
| | **ਡੁਮੇਲੀ ਟਕਸਾਲ: ਸੰਤ ਸਰਵਣ ਸਿੰਘ ਗੰਧਰਵ ਦਾ ਯੋਗਦਾਨ** | **94-134** |
| 3.1 | ਜੀਵਨ ਚਰਿਤਰ | 94 |
| 3.1.1 | ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ | 95 |
| 3.1.2 | ਸੰਗੀਤ ਸਿਖਿਆ | 96 |
| 3.2 | ਗੁਰਬਾਣੀ ਪਰਚਾਰ | 108 |
| 3.2.1 | ਗੁਰਬਾਣੀ ਪਰਚਾਰ (ਦੇਸ਼ ਵਿਚ) | 108 |
| 3.2.1.1 | ਅਸਾਮ ਦੀ ਯਾਤਰਾ | 108 |
| 3.2.2 | ਗੁਰਬਾਣੀ ਪਰਚਾਰ (ਵਿਦੇਸ਼ ਵਿਚ) | 110 |
| 3.2.2.1 | ਇੰਗਲੈਂਡ ਦੀ ਯਾਤਰਾ | 110 |
| 3.2.2.2 | ਅਮਰੀਕਾ ਦੀ ਯਾਤਰਾ | 113 |

| | | |
|---|---|---|
| 3.2.2.3 | ਕਨੇਡਾ ਦੀ ਯਾਤਰਾ | 117 |
| 3.2.2.4 | ਇੰਗਲੈਂਡ ਦੀ ਦੂਸਰੀ ਯਾਤਰਾ | 120 |
| 3.2.2.5 | ਇੰਗਲੈਂਡ ਦੀ ਤੀਸਰੀ ਯਾਤਰਾ | 122 |
| 3.3 | ਪੁਸਤਕ ਪ੍ਰਕਾਸ਼ਨ | 123 |
| 3.4 | ਸਨਮਾਨ | 128 |
| 3.5 | ਸ਼ਗਿਰਦ | 129 |
| 3.6 | ਲੋਕ ਭਲਾਈ ਦੇ ਕਾਰਜ | 130 |
| 3.6.1 | ਕਾਲਜ ਦੀ ਸਥਾਪਨਾ | 130 |
| 3.6.2 | ਡਿਸਪੈਂਸਰੀ ਤੇ ਪਸ਼ੂ ਹਸਪਤਾਲ ਦੀ ਸਥਾਪਨਾ | 130 |
| 3.6.3 | ਸੰਗੀਤ ਵਿਦਿਆਲਾ ਡੁਮੇਲੀ ਅਤੇ ਸ੍ਰੀ ਅਨੰਦਪੁਰ ਸਾਹਿਬ | 131 |
| 3.6.4 | ਮਾਇਕ ਸਹਾਇਤਾ | 133 |
| 3.7 | ਸੰਤ ਸਰਵਣ ਸਿੰਘ ਗੰਧਰਵ-ਅੰਤਿਮ ਸਮਾਂ | 133 |

**ਚੌਥਾ ਅਧਿਆਇ**

| | | |
|---|---|---|
| **ਡੁਮੇਲੀ ਟਕਸਾਲ: ਪ੍ਰਤਿਨਿਧ ਸ਼ਬਦ ਕੀਰਤਨ ਰਚਨਾਵਾਂ** | | **135-197** |
| 4.1 | ਸੁਰ ਸਿਮਰਨ ਸੰਗੀਤ-ਭਾਗ ਪਹਿਲਾ (ਬੰਦਸ਼ਾਂ) | 136 |
| 4.1.1 | ਸ਼ਬਦ- ਬਿਲਾਵਲੁ ਮਹਲਾ ੫ (ਪੰਨਾ ੮੦੬) | 137 |
| 4.1.2 | ਸ਼ਬਦ- ਆਸਾ ਘਰੁ ੫ ਮਹਲਾ ੧ (ਪੰਨਾ ੩੫੯) | 138 |
| 4.1.3 | ਸ਼ਬਦ- ਸਵਈਏ ਮਹਲੇ ਚਉਥੇ ਕੇ ੪ (ਪੰਨਾ ੧੪੦੩-੦੪) | 139 |
| 4.1.4 | ਸ਼ਬਦ- ਗਉੜੀ ਸ੍ਰੀ ਕਬੀਰ ਜੀ (ਪੰਨਾ ੩੨੩) | 140 |
| 4.1.5 | ਸ਼ਬਦ- ਭੈਰਉ ਮਹਲਾ ੫ (ਪੰਨਾ ੧੧੩੬) | 141 |
| 4.1.6 | ਸ਼ਬਦ- ਗੂਜਰੀ ਮਹਲਾ ੫ (ਪੰਨਾ-੪੯੮) | 142 |
| 4.1.7 | ਸ਼ਬਦ- ਆਸਾ ਮਹਲਾ ੫ (ਪੰਨਾ-੩੭੮) | 143 |
| 4.2 | ਸੁਰ ਸਿਮਰਨ ਸੰਗੀਤ – ਭਾਗ ਦੂਜਾ (ਬੰਦਸ਼ਾਂ) | 144 |
| 4.2.1 | ਆਸਾ ਦੀ ਵਾਰ ੧ੴ ਸਤਿਗੁਰ ਪ੍ਰਸਾਦਿ॥ | 146 |
| 4.2.2 | ਆਸਾ ਦੀ ਵਾਰ | 147 |
| 4.2.3 | ਪਉੜੀ-ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ | 148 |

4.2.4 ਛੰਤ-ਹਰ ਪ੍ਰੇਮ ਬਾਣੀ ਮਨੁ ਮਾਰਿਆ 149

4.2.5 ਸ਼ਬਦ- ਆਸਾ ਮਹਲਾ ਪ (ਪੰਨਾ ੩੮੮) 150

4.2.6 ਸ਼ਬਦ- ਆਸਾ ਮਹਲਾ ਪ (ਪੰਨਾ ੩੮੭) 151

4.2.7 ਸ਼ਬਦ- ਰਾਗ ਆਸਾ ਮਹਲਾ ਪ ਘਰੁ ੧੩ (ਪੰਨਾ ੪੦੬) 152

4.2.8 ਵਾਰ ਭਾਈ ਗੁਰਦਾਸ ਜੀ 153

4.2.9 ਸ਼ਬਦ- ਕਾਨੜਾ ਮਹਲਾ ਪ (ਪੰਨਾ ੧੨੯੯) 154

4.3 ਸੁਰ ਸਿਮਰਨ ਸੰਗੀਤ-ਭਾਗ ਤੀਸਰਾ (ਬੰਦਸ਼ਾਂ) 155

4.3.1 ਸ਼ਬਦ- ਸਲੋਕ ਮਹਲਾ ੩ (ਪੰਨਾ ੮੩) 156

4.3.2 ਸ਼ਬਦ- ਬਿਲਾਵਲੁ ਮਹਲਾ ਪ (ਪੰਨਾ ੮੨੯) 157

4.3.3 ਸ਼ਬਦ- ਜੈਤਸਰੀ ਮਹਲਾ ਪ (ਪੰਨਾ ੭੦੦) 158

4.3.4 ਸ਼ਬਦ- ਧਨਾਸਰੀ ਮਹਲਾ ੪ ਘਰ ਪ ਦੁਪਦੇ (ਪੰਨਾ ੬੬੮) 159

4.3.5 ਸ਼ਬਦ- ਬਸੰਤ ਮਹਲਾ ਪ ਘਰੁ ੧ ਇਕ ਤੁਕੇ (ਪੰਨਾ ੧੧੮੪) 160

4.3.6 ਸ਼ਬਦ- ਗਉੜੀ ਪੂਰਵੀ ਮਹਲਾ ਪ (ਪੰਨਾ ੨੦੭) 161

4.4 ਸੁਰ ਸਿਮਰਨ ਸੰਗੀਤ-ਭਾਗ ਚੌਥਾ (ਬੰਦਸ਼ਾਂ) 162

4.4.1 ਸ਼ਬਦ- ਗਉੜੀ ਮਹਲਾ ਪ (ਪੰਨਾ ੧੮੭) 164

4.4.2 ਸ਼ਬਦ- ਸਲੋਕ ਕਬੀਰ ਜੀ (ਪੰਨਾ ੧੩੬ਪ) 165

4.4.3 ਸ਼ਬਦ- ਰਾਗੁ ਗੌਂਡ ਬਾਣੀ ਭਗਤਾ ਕੀ॥ ਕਬੀਰ ਜੀ ਘਰੁ ੧ (ਪੰਨਾ ੮੭੦) 166

4.4.4 ਸ਼ਬਦ- ਰਾਮਕਲੀ ਮਹਲਾ ਪ (ਪੰਨਾ ੮੮੬-੮੭) 167

4.4.5 ਸ਼ਬਦ- ਕਾਫ਼ੀ ਨਟ, ਸਵੈਯਾ (ਸਰਬ ਲੋਹ ਗ੍ਰੰਥ 'ਚੋਂ) 168

4.4.6 ਸ਼ਬਦ –ਕੇਦਾਰਾ ਮਹਲਾ ੪, ਘਰੁ ੧ (ਪੰਨਾ ੧੧੧੮) 169

4.4.7 ਸ਼ਬਦ- ਕੇਦਾਰਾ ਕਬੀਰ ਜੀ (ਪੰਨਾ ੧੧੨੪) 170

4.5 ਸੁਰ ਸਿਮਰਨ ਸੰਗੀਤ-ਭਾਗ ਪੰਜਵਾਂ (ਬੰਦਸ਼ਾਂ) 171

4.5.1 ਸ਼ਬਦ-ਪ੍ਰਭਾਤੀ ਮਹਲਾ ਪ ਵਿਭਾਸ (ਪੰਨਾ ੧੩੩੭) 173

4.5.2 ਸ਼ਬਦ-ਕਾਨੜਾ ਮਹਲਾ ਪ (ਪੰਨਾ ੧੩੦੩) 174

4.5.3 ਸ਼ਬਦ- ਸਾਰਗ ਛੰਤ ਮਹਲਾ ਪ (ਪੰਨਾ 1੨੩੬) 175

4.5.4 ਸ਼ਬਦ-ਮਲਾਰ ਮਹਲਾ ੫, ਪੜਤਾਲ (ਪੰਨਾ ੧੨੭੩) 176

4.5.5 ਸ਼ਬਦ- ਕਾਨੜਾ ਮਹਲਾ ੫ (ਪੰਨਾ ੧੩੦੧) 177

4.5.6 ਸ਼ਬਦ- ਬਿਸਨ ਪਦ ਰਾਗ ਕਲਿਆਣ (ਸਰਬ ਲੋਹ ਗ੍ਰੰਥ 'ਚੋਂ) 178

4.6 ਸੁਰ ਸਿਮਰਨ ਸੰਗੀਤ-ਭਾਗ ਛੇਵਾਂ (ਬੰਦਸ਼ਾਂ) 179

4.6.1 ਸ਼ਬਦ-ਰਾਗ ਸਿਰੀ ਰਾਗੁ ਮਹਲਾ ਪਹਿਲਾ ੧ ਘਰ (ਪੰਨਾ ੧੪) 180

4.6.2 ਸ਼ਬਦ-ਮਾਝ ਮਹਲਾ ੫ (ਪੰਨਾ ੧੦੫) 181

4.6.3 ਸ਼ਬਦ-ਰਾਗੁ ਆਸਾ ਮਹਲਾ ੫ ਘਰ ੧ ਆਸਾਵਰੀ (ਪੰਨਾ ੪੦੯) 182

4.6.4 ਸ਼ਬਦ-ਗੂਜਰੀ ਮਹਲਾ ੪ (ਪੰਨਾ ੪੯੨-੯੩) 183

4.6.5 ਸ਼ਬਦ-ਦੇਵਗੰਧਾਰੀ ਮਹਲਾ ੫ (ਪੰਨਾ ੫੩੨) 184

4.6.6 ਸ਼ਬਦ-ਸੋਰਠਿ ਮਹਲਾ ੫ ਘਰ ੨ ਚਉਪਦੇ (ਪੰਨਾ ੬੧੧-੧੨) 185

4.6.7 ਸ਼ਬਦ-ਸੂਹੀ ਲਲਿਤ ਕਬੀਰ ਜੀਉ (ਪੰਨਾ ੭੯੩) 186

4.7 ਸੁਰ ਸਿਮਰਨ ਸੰਗੀਤ-ਭਾਗ ਸੱਤਵਾਂ (ਬੰਦਸ਼ਾਂ) 188

4.7.1 ਸ਼ਬਦ-ਗਉੜੀ ਕਬੀਰ ਜੀ (ਪੰਨਾ ੩੩੬-੩੭) 189

4.7.2 ਸ਼ਬਦ- ਬਿਲਾਵਲੁ ਮਹਲਾ ੫ (ਪੰਨਾ ੮੦੭) 190

4.7.3 ਤਰਾਨਾ- ਰਾਗ ਰਸ ਰੰਜਨੀ 191

4.7.4 ਸ਼ਬਦ-ਬਿਲਾਵਲੁ ਮਹਲਾ ੫ (ਪੰਨਾ ੮੦੪-੦੫) 192

4.7.5 ਸ਼ਬਦ-ਬਿਲਾਵਲੁ ਮਹਲਾ ੧ (ਪੰਨਾ ੭੯੫) 193

4.7.6 ਸ਼ਬਦ-ਬਿਲਾਵਲੁ ਮਹਲਾ ੫ (ਪੰਨਾ ੮੩੭) 194

4.7.7 ਸ਼ਬਦ-ਸਵਈਏ ਮਹਲੇ ਚਉਥੇ ਕੇ (ਪੰਨਾ ੧੪੦੬) 195

**ਪੰਜਵਾਂ ਅਧਿਆਇ**

**ਡੁਮੇਲੀ ਟਕਸਾਲ: ਵਰਤਮਾਨ ਰੂਪ ਰੇਖਾ ਅਤੇ ਵਿਸ਼ਲੇਸ਼ਣ** **198-216**

5.1 ਡੁਮੇਲੀ ਟਕਸਾਲ ਦਾ ਵਰਤਮਾਨ ਰੂਪ 199

5.2 ਡੁਮੇਲੀ ਟਕਸਾਲ ਦੀ ਕਾਰਜ ਵਿਧੀ ਅਤੇ ਕੀਰਤਨ ਪਰੰਪਰਾ 200

5.2.1 ਵਰਤਮਾਨ ਵਿਚ ਡੁਮੇਲੀ ਟਕਸਾਲ ਦਾ ਨਿਤਨੇਮ 200

5.2.2 ਡੁਮੇਲੀ ਟਕਸਾਲ ਵਿਚ ਕੀਰਤਨ ਦੀ ਸਿਲਖਾਈ 201

5.3. ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ) 203


5.3.1 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ) ਵਿਚ ਪੜ੍ਹਾਏ ਜਾਂਦੇ ਵਿਸ਼ੇ 203

5.3.2 ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ) ਦੀਆਂ ਗਤੀਵਿਧੀਆਂ 203

5.4 ਅਲੋਚਨਾਤਮਿਕ ਵਿਸ਼ਲੇਸ਼ਣ 208

**ਉਪਸੰਹਾਰ** **217-222**

**ਪੁਸਤਕ ਸੂਚੀ** **223-233**


INTERNATIONAL LEVEL
ISSN - 0973-1628
सिंहस्थ
कुंभ महापर्व 2016
विक्रम संवत 2073
22 अप्रैल - 21 मई, 2016
श्रद्धालुओं के स्वागत को तैयार उज्जैन
आस्था और भक्ति का
क्षिप्रा के तट पर अमृत का मेला
146
Issue - 146, Vol-XV (3), May - 2016
www.researchlink.co
आस्था के जन-सैलाब को
श्रद्धा सहित समर्पित....
Mob. 98554-53539
Prof. Ranjit Singh
1070 / 1A, Dev Nagar,
St. No.1, Near Saini Sabha, Bahadurpur,
Hoshiarpur (Punjab)
Hoshiarpur (Punjab)
17 / 146
W
An International Registered and Referred Monthly Journal
RESEARCH
Link
Kala, Samaj Vigyan awam Vanijya
Impact Factor 2.782
2015
CIRCULATION

Since March 2002
An International, Registered & Referred Monthly Journal :
Research Paper
Research Link - 146, Vol - XV (3), May - 2016, Page No. 11-13
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਗੁਰਮਤਿ ਸੰਗੀਤ ਦਾ ਵਿਕਾਸ: ਵਿਸ਼ਲੇਸ਼ਣਾਤਮਕ ਅਧਿਐਨ (1606 ਈ. ਤੋਂ 1708 ਈ. ਤੱਕ)

*ਇਸ ਖੋਜ ਪੱਤਰ ਵਿਚ ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ (1606 ਈ. ਤੋਂ 1708 ਈ. ਤੱਕ) ਦਾ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਅਰੰਭ ਹੋਈ ਇਸ ਮਹਾਨ ਸੰਗੀਤ ਪਰੰਪਰਾ ਵਿਚ ਪਹਿਲੇ ਪੰਜ ਗੁਰੂ ਸਾਹਿਬਾਨਾਂ ਨੇ ਵੱਖ-ਵੱਖ ਰਾਗਾਂ ਵਿਚ ਅਨੇਕਾਂ ਸ਼ਬਦਾਂ ਦੀ ਰਚਨਾ ਕਰਕੇ ਆਪਣਾ ਵਡਮੁੱਲਾ ਯੋਗਦਾਨ ਪਾਇਆ। ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਬਣਾਇਆ। ਇਨ੍ਹਾਂ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਧੁਨੀਆਂ ਦੇ ਸਿਰਲੇਖਾਂ ਅਨੁਸਾਰ ਵਾਰਾਂ ਦਾ ਗਾਇਨ ਕੀਤਾ ਜਾਣ ਲੱਗਾ। ਹਰਿ ਰਾਇ ਜੀ (ਸੱਤਵੇਂ ਗੁਰੂ) ਨੇ ਭਾਵੇਂ ਬਾਣੀ ਦੀ ਰਚਨਾ ਨਹੀਂ ਕੀਤੀ ਪਰ ਫਿਰ ਵੀ ਆਪ ਨੇ ਗੁਰਮਤਿ ਸੰਗੀਤ ਦੇ ਪਰਚਾਰ-ਪਰਸਾਰ ਲਈ ਵਡਮੁੱਲਾ ਯੋਗਦਾਨ ਪਾਇਆ। ਅੱਠਵੇ ਪਾਤਿਸ਼ਾਹ ਗੁਰੂ ਹਰਿ ਕ੍ਰਿਸਨ ਜੀ ਨੇ ਵੀ ਆਪਣੇ ਪੂਰਵਲੇ ਗੁਰੂ ਸਹਿਬਾਨਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਗੁਰਮਤਿ ਸੰਗੀਤ ਦੇ ਪਰਚਾਰ ਨੂੰ ਜਾਰੀ ਰੱਖਿਆ। ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਕੀਰਤਨ ਕੇਂਦਰ ਬਣਾ ਕੇ 118 ਸ਼ਬਦਾਂ ਦੀ ਰਚਨਾ ਕੀਤੀ ਅਤੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਇਸੇ ਤਰ੍ਹਾਂ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗੁਰਮਤਿ ਸੰਗੀਤ ਦੇ ਪਰਚਾਰ ਅਤੇ ਪਰਸਾਰ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਇਸ ਤਰ੍ਹਾਂ ਜੇਕਰ ਇਹ ਕਹਿ ਲਿਆ ਜਾਵੇ ਕਿ ਗੁਰੂ ਨਾਨਕ ਦੇਵ ਜੀ ਦੀ ਅਰੰਭੀ ਇਸ ਮਹਾਨ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ, ਗੁਰੂ ਹਰਿ ਕ੍ਰਿਸਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜ਼ਿਕਰਯੋਗ ਯੋਗਦਾਨ ਪਾਇਆ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਇਸ ਪ੍ਰਕਾਰ 1606 ਈ. ਤੋਂ 1708 ਈ. ਤੱਕ ਗੁਰਮਤਿ ਸੰਗੀਤ ਦਾ ਵਿਕਾਸ ਨਿਰੰਤਰ ਜਾਰੀ ਰਿਹਾ।* <u>*ਕੁੰਜੀਵਤ ਸ਼ਬਦ*</u> *: ਗੁਰੂ, ਰਾਗ, ਗੁਰਮਤਿ ਸੰਗੀਤ, ਕੀਰਤਨ ਕੇਂਦਰ।*

**ਰਣਜੀਤ ਸਿੰਘ**

ਗੁਰਮਤਿ ਸੰਗੀਤ ਦੇ ਵਿਕਾਸ (1606 ਈ. ਤੋ 1708 ਈ. ਤੱਕ) ਦਾ ਅਧਿਐਨ ਕਰਨ ਤੋਂ ਪਹਿਲਾਂ ਗੁਰਮਤਿ ਸੰਗੀਤ ਨੂੰ ਪਰਿਭਾਸ਼ਿਤ ਕਰਨਾ ਜਰੂਰੀ ਹੈ। ਇਹ ਸਮਾਂ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਲੈ ਕੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਹੈ। ਸਧਾਰਣ ਭਾਸ਼ਾ ਵਿਚ ਗੁਰੂ ਦੀ ਮਤ ਦੇ ਅਨੁਸਾਰੀ ਸੰਗੀਤ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇਸ ਸਬੰਧੀ ਵੱਖ-ਵੱਖ ਵਿਦਵਾਨਾਂ ਅਤੇ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਇਸ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਗੁਰਮਤ ਦਾ ਅਰਥ ਹੈ ਸਤਿਗੁਰ ਦਾ ਸਿਧਾਂਤ, ਗੁਰੂ ਦਾ ਥਾਪਿਆ ਧਰਮ ਨਿਯਮ। ਗੁਰਮਤਿ ਦਾ ਅਰਥ ਹੈ ਗੁਰੂ ਦੀ ਰਾਇ, ਸਤਿਗੁਰੂ ਦੀ ਇਛਾ, ਗੁਰੂ ਦੀ ਨਸੀਹਤ, ਗੁਰਮਤ ਦਵਾਰਾ।"(1) ਉਨ੍ਹਾਂ ਅਨੁਸਾਰ, "ਸੰਗੀਤ ਦਾ ਅਰਥ ਹੈ ਨ੍ਰਿਤਯ, ਗਾਯਨ ਅਤੇ ਬਜਾਉਣਾ, ਇੰਨਾਂ ਤਿੰਨਾਂ ਦਾ ਸਮੁਦਾਯ, ਇੰਨ੍ਹਾਂ ਤੇਹਾਂ ਦਾ ਜਿਸ ਵਿਚ ਵਰਣਨ ਹੋਵੇ, ਉਹ ਗ੍ਰੰਥ।"(2)

ਡਾ. ਗੁਰਨਾਮ ਸਿੰਘ ਅਨੁਸਾਰ, "ਸਿੱਖ ਗੁਰੂ ਸਾਹਿਬਾਨ ਦੁਆਰਾ ਮਰਿਆਦਤ ਸ਼ਬਦ ਕੀਰਤਨ ਪਰੰਪਰਾ ਜੋ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਸਿਧਾਂਤ ਦੀ ਅਨੁਸਾਰੀ ਹੈ।"(3)

ਸੰਤ ਸਰਵਣ ਸਿੰਘ ਗੰਧਰਵ ਅਨੁਸਾਰ, "ਗੁਰੂ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਕੀਰਤਨੀਏ ਜਦ ਤੰਤੀ ਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਦਾ ਸੁਰ-ਤਾਲ ਬੱਧ ਆਸਾ-ਵਾਦ ਪੂਰਣ ਅਖੰਡ-ਕੀਰਤਨ ਕਰਦੇ ਹਨ ਅਤੇ ਜਿਸ ਵਿਚ ਰਹਾਉ ਅਤੇ ਪਦਾਂ ਦੇ ਅੰਕਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਅਤੇ ਜੋ ਪ੍ਰਾਣੀ ਮਾਤਰ ਨੂੰ ਨਾਮ ਸਿਮਰਨ ਦੁਆਰਾ ਸਹਿਜ ਅਵਸਥਾ ਵਿਚ ਉਸ ਪਰਮਾਤਮਾਂ ਦੇ ਨਾਲ ਜੋੜਦਾ ਹੈ, ਉਸ ਨੂੰ ਗੁਰਮਤਿ ਸੰਗੀਤ ਜਾਂ ਗੁਰਬਾਣੀ ਸੰਗੀਤ ਦੀ ਸੰਗਿਆ ਦਿਤੀ ਜਾ ਸਕਦੀ ਹੈ।"(4)

ਡਾ. ਦੇਵਿੰਦਰ ਕੌਰ ਅਨੁਸਾਰ, "ਸੰਗੀਤ ਦੇ ਖੇਤਰ ਵਿਚ 'ਗੁਰਮਤਿ ਸੰਗੀਤ' ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿਚ ਆਪਣਾ ਵਿਸ਼ੇਸ਼ ਸਥਾਨ ਰਖਦੀ ਹੈ। ਭਾਰਤੀ ਸੰਗੀਤ ਤੋਂ ਇਸ ਦੀਆਂ ਵਿਸ਼ੇਸ਼ਤਾਵਾਂ ਕੁਝ ਭਿੰਨ ਹਨ, ਜਿਸ ਕਾਰਨ ਇਸਦਾ ਆਪਣਾ ਅਲੱਗ ਸਵਰੂਪ ਹੈ। ਗੁਰਮਤਿ ਸੰਗੀਤ ਦੇ ਅੰਤਰਗਤ, ਸਿਖਾਂ ਦੇ ਧਾਰਮਿਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਅੰਕਿਤ ਬਾਣੀ ਦਾ ਗਾਇਨ, ਉਸਦੇ ਨਿਰਧਾਰਿਤ ਰਾਗਾਂ ਵਿਚ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੇਯ ਰੂਪ (ਜਿਸਨੂੰ ਗਾਇਆ ਜਾ ਸਕੇ) ਵਿਚ ਹੈ। ਇਸ ਵਿਚ ਸੰਗੀਤ ਨੂੰ ਮਹੱਤਵ ਪੂਰਣ ਸਥਾਨ ਮਿਲਿਆ ਹੈ। ਇਸ ਗ੍ਰੰਥ ਦੇ ਸੰਗੀਤਕ ਸੰਕਲਨ ਅਤੇ ਇਸ ਵਿਚ ਦਰਜ ਬਾਣੀ ਦੇ ਗਾਇਨ ਤੋਂ, ਇਕ ਮਹਾਨ ਸੰਗੀਤ ਪਰੰਪਰਾ ਦਾ ਜਨਮ ਹੋਇਆ ਹੈ। ਜਿਸ ਨੂੰ ਅੱਜ 'ਗੁਰਮਤਿ ਸੰਗੀਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।"(5)

ਉਪਰੋਕਤ ਵਰਣਨ ਤੋ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਇਕ

*ਅਸਿਸਟੈਂਟ ਪ੍ਰੋਫੈਸਰ, ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ, ਜਿਲਾ ਕਪੂਰਥਲਾ (ਪੰਜਾਬ)*

ਪ੍ਰਫੁਲਿਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੋ ਚੁਕਾ ਹੈ। ਭਾਰਤੀ ਸੰਗੀਤ ਤੋਂ ਇਸ **ਦੀਆਂ** ਵਿਸ਼ੇਸ਼ਤਾਵਾਂ ਕੁਝ ਅਲੱਗ ਹੋਣ ਕਾਰਨ ਇਹ ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਮਹਾਨ ਸੰਗੀਤ ਪਰੰਪਰਾ ਅਧੀਨ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿਚ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਰੰਭੀ ਇਸ ਮਹਾਨ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਜੀ (1595-1644) ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਆਪ ਦਾ ਜਨਮ 14 ਜੂਨ 1595 ਈ. ਨੂੰ ਵਡਾਲੀ ਪਿੰਡ ਵਿਚ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਹੋਇਆ।'[6] ਢਾਡੀ ਗਾਇਨ ਪ੍ਰਥਾ ਦਾ ਅਰੰਭ ਆਪ ਜੀ ਦੇ ਸਮੇਂ ਵਿਚ ਹੀ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌਂ ਵਾਰਾਂ ਤੇ ਧੁਨੀਆਂ ਦੇ ਵਿਵਹਾਰਿਕ ਪ੍ਰਚਲਨ ਵਿਚ ਆਪ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਡਾ. ਗੁਰਨਾਮ ਸਿੰਘ ਅਨੁਸਾਰ, "ਆਪ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਦੇ ਸਿਰਲੇਖਾਂ ਅਨੁਸਾਰ ਵਾਰਾਂ ਦਾ ਗਾਇਨ ਕੀਤਾ ਜਾਣ ਲੱਗਾ। ਇਨ੍ਹਾਂ ਦੇ ਦਰਬਾਰ ਵਿਚ ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁਲਾ, ਭਾਈ ਬਨਵਾਲੀ ਅਤੇ ਪਰਸ ਰਾਮ ਜੀ ਆਦਿ ਕੀਰਤਨਕਾਰ/ਗਾਇਕ ਹੋਏ। ਜਿਥੇ ਭਾਈ ਬਾਬਕ ਅਤੇ ਉਹਨਾਂ ਦੇ ਸਾਥੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਕਰਦੇ ਉਥੇ ਸ਼ਾਮ ਸਮੇਂ ਭਾਈ ਛਬੀਲਾ ਅਤੇ ਭਾਈ ਅਬਦੁਲਾ ਜੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਦੇ।

***ਨੱਥ ਢੱਡ ਬਜਾਇਆ ਅਬਦੁੱਲਾ ਹਥ ਰਬਾਬ***
***ਅਬਦੁੱਲਾ ਢਾਢੀ ਜਸ ਸੁਨਾਇ।"*** [7]

ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕਰਨ ਲਈ ਆਪ ਜੀ ਨੇ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਬਣਾਇਆ। ਇਸ ਪ੍ਰਕਾਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਇਸ ਮਹਾਨ ਸੰਗੀਤ ਪਰੰਪਰਾ ਦੇ ਵਿਕਾਸ ਲਈ ਵਡਮੁੱਲਾ ਯੋਗਦਾਨ ਰਿਹਾ ਹੈ।

ਗੁਰੂ ਹਰਿ ਰਾਇ ਜੀ (1630-1661) ਸਤਵੇਂ ਗੁਰੂ ਨੇ ਵੀ ਇਸ ਪਰੰਪਰਾ ਨੂੰ ਜਾਰੀ ਰੱਖਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਆਪ ਦਾ ਜਨਮ 26 ਫਰਵਰੀ 1630 ਈ. ਨੂੰ ਬਾਬਾ ਗੁਰਦਿਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਘਰ ਹੋਇਆ।'[8] ਡਾ. ਗੁਰਨਾਮ ਸਿੰਘ ਅਨੁਸਾਰ, "ਆਪ ਦੇ ਸਮੇਂ ਭਗਤ ਭਗਵਾਨ, ਫੇਰੂ ਅਤੇ ਗੌਡਾ ਦੇ ਨਾਮ ਵਿਸ਼ੇਸ਼ ਹਨ ਜਿਨਾਂ ਦੁਆਰਾ ਕੀਰਤਨ ਦੁਆਰਾ ਗੁਰਮਤਿ ਸੰਗੀਤ ਦਾ ਪਰਚਾਰ ਦੂਰ-ਦੂਰ ਤੱਕ ਹੋਇਆ।"[9] ਆਪ ਜੀ ਸਮੇਂ ਸਵੇਰੇ ਸ਼ਾਮ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ ਸੀ।

ਗੁਰੂ ਹਰਿ ਕ੍ਰਿਸਨ ਜੀ (1656-1664) ਅੱਠਵੇਂ ਗੁਰੂ ਸਭ ਗੁਰੂ ਸਾਹਿਬਾਨ ਤੋਂ ਛੋਟੀ ਉਮਰ ਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਆਪ ਜੀ ਦਾ ਜਨਮ 7 ਜੁਲਾਈ 1656 ਈ. ਨੂੰ ਕੀਰਤਪੁਰ ਵਿਚ ਸ੍ਰੀ ਗੁਰੂ ਹਰਿ ਰਾਇ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਤੋਂ ਹੋਇਆ। ਆਪ ਜੀ ਨੇ 2 ਸਾਲ, 5 ਮਹੀਨੇ, 26 ਦਿਨ ਗੁਰਿਆਈ ਕੀਤੀ। 7 ਵਰ੍ਹੇ, 8 ਮਹੀਨੇ, 26 ਦਿਨ ਦੀ ਆਯੂ ਵਿਚ ਹੀ ਆਪ ਸਵਰਗ ਸਿਧਾਰ ਗਏ।'[10] ਆਪ ਜੀ ਨੇ ਵੀ ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਲਈ ਮਹੱਤਵਪੂਰਨ ਯੋਗਦਾਨ ਪਾਇਆ।

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ (1621-1675) ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਅਤੇ ਪਰਸਾਰ ਕੀਤਾ। 'ਆਪ ਦਾ ਜਨਮ 1 ਅਪਰੈਲ 1621 ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਛੇਵੇ ਗੁਰੂ ਅਤੇ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ।'[11] ਆਪ ਜੀ ਨੇ ਗੰਭੀਰ ਪ੍ਰਕ੍ਰਿਤੀ ਵਾਲੀਆਂ ਗਾਇਨ ਸ਼ੈਲੀਆਂ ਜਿਵੇ ਕਿ ਪਦੇ, ਅਸ਼ਟਪਦੀਆਂ ਆਦਿ ਦੇ ਮਾਧਿਅਮ ਰਾਹੀਂ ਗੁਰਬਾਣੀ ਦੀ ਰਚਨਾ ਕੀਤੀ। ਡਾ. ਦੇਵਿੰਦਰ ਕੌਰ ਅਨੁਸਾਰ, "ਆਪ ਨੇ 118 ਸ਼ਬਦਾਂ ਦੀ ਰਚਨਾ ਇਨ੍ਹਾਂ ਰਾਗਾਂ ਵਿਚ ਕੀਤੀ: ਰਾਗ ਗਉੜੀ, ਆਸਾ, ਬਿਹਾਗੜਾ, ਸੋਰਠਿ, ਦੇਵ ਗੰਧਾਰੀ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਬਸੰਤ, ਸਾਰੰਗ ਅਤੇ ਜੈਜੈਵੰਤੀ।"[12]

ਗੁਰੂ ਗੋਬਿੰਦ ਸਿੰਘ ਜੀ (1666-1708) ਦਸਮ ਪਾਤਸ਼ਾਹ ਨੇ ਵੀ ਗੁਰਮਤਿ ਸੰਗੀਤ ਦੇ ਪ੍ਰਵਾਹ ਨੂੰ ਜਾਰੀ ਰੱਖਿਆ। 'ਇਨ੍ਹਾਂ ਦਾ ਜਨਮ 22 ਦਸੰਬਰ 1666 ਈ. ਨੂੰ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਦੇ ਘਰ ਪਟਨਾ ਸ਼ਹਿਰ ਵਿਖੇ ਹੋਇਆ।'[13] ਆਪ ਮਹਾਨ ਕਵੀ, ਸੰਤ ਸਿਪਾਹੀ ਅਤੇ ਸੂਰਵੀਰ ਯੋਧਾ ਸਨ। ਯੋਗੇਂਦਰ ਪਾਲ ਸ਼ਰਮਾ ਅਤੇ ਡਾ. ਬਚਿੱਤਰ ਸਿੰਘ ਅਨੁਸਾਰ, "ਦਮਦਮਾ ਸਾਹਿਬ ਵਿਚ ਕੁਝ ਸਮਾਂ ਰਹਿ ਕੇ ਇਨ੍ਹਾਂ ਨੇ ਭਾਈ ਮਨੀ ਸਿੰਘ ਤੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਾਈ। ਦਸਮ ਗ੍ਰੰਥ 1428 ਪੰਨਿਆਂ ਦਾ ਵਿਸ਼ਾਲ ਆਕਾਰੀ ਗ੍ਰੰਥ ਹੈ ਜਿਸਦੇ ਵਰਤਮਾਨ ਰੂਪ ਵਿਚ ਨਿਮਨਲਿਖਤ ਕਰਮ ਨਾਲ ਬਾਣੀਆਂ ਸੰਗ੍ਰਹਿਤ ਹਨ: ਜਾਪਿ ਸਾਹਿਬ, ਅਕਾਲ ਉਸਤਤਿ, ਬਚਿੱਤਰ ਨਾਟਕ, ਚੰਡੀ ਚਰਿੱਤਰ (ਆਪਨੀ ਕਥਾ), ਵਾਰ ਸ੍ਰੀ ਭਗਾਉਤੀ ਜੀ ਕੀ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦਰਾਵਤਾਰ, ਸ਼ਬਦ ਹਜਾਰੇ, ਸਵੈਯੇ, ਖਾਲਸਾ ਮਹਿਮਾ, ਸ਼ਾਸਤਰ-ਨਾਮ-ਮਾਲਾ, ਚਰਿਤਰੋਂ ਪਾਖਿਆਨ, ਜ਼ਫਰਨਾਮਾ ਅਤੇ ਹਦਾਇਤਾਂ।"[14] ਇਨਾਂ ਰਚਨਾਵਾਂ ਦੇਂ ਅਧਿਐਨ ਤੋਂ ਸ਼ਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਉਚ ਕੋਟੀ ਦੇ ਵਿਦਵਾਨ ਸਨ। ਡਾ. ਗੁਰਨਾਮ ਸਿੰਘ ਅਨੁਸਾਰ, " ਭਾਰਤੀ ਸ਼ਾਸਤਰੀ ਸੰਗੀਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਦੇਣ ਹੈ। ਆਪ ਨੇ ਇਕ ਨਵੀਨ ਸ਼ੈਲੀ 'ਖਿਆਲ' ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ ਜੋ ਅਧੁਨਿਕ ਸਮੇਂ ਵਿਚ ਸੰਗੀਤ ਜਗਤ ਵਿਚ ਖਿਆਲ ਗਾਇਨ ਦੇ ਨਾਮ ਨਾਲ ਪਰਸਿਧ ਹੈ। ਆਪ ਦੁਆਰਾ ਰਚਿਤ ਸ਼ਬਦ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' ਖਿਆਲ ਪਾਤਸ਼ਾਹੀ 10 ਦੇ ਅੰਤਰਗਤ ਦਰਜ ਹੈ।[15] ਇਹ ਇਕ ਉਤਮ ਸੰਗੀਤ ਰਚਨਾ ਦੇ ਨਾਲ ਨਾਲ ਕਾਵਿ ਦਾ ਵੀ ਉਤਰਰਿਸ਼ਟ ਰੂਪ ਹੈ।" ਗੁਰੂ ਜੀ ਆਪ ਮਹਾਨ ਕਵੀ ਸਨ। ਡਾ. ਦੇਵਿੰਦਰ ਕੌਰ ਅਨੁਸਾਰ, "ਇਨ੍ਹਾਂ ਦੇ ਦਰਬਾਰ ਵਿਚ ਵੀ 52 ਕਵੀ ਸਨ। ਗੁਰੂ ਗੋਬਿੰਦ ਸਿੰਘ ਦੀਆਂ ਆਪਣੀਆਂ ਅਤੇ 52 ਕਵੀਆਂ ਦੀਆਂ ਰਚਨਾਵਾਂ ਦਾ 'ਦਸਮ ਗ੍ਰੰਥ' ਦੇ ਰੂਪ ਵਿਚ ਸੰਕਲਨ ਕੀਤਾ ਗਿਆ। ਇਸ ਗ੍ਰੰਥ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਨੇ ਕੀਤਾ। ਰਾਜਨੀਤਿਕ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਇਸ ਦੀ ਇਕ ਉਦਹਰਣ ਇਸ ਪ੍ਰਕਾਰ ਹੈ:

***ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ***
***ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸ਼ਚੈ ਕਰਿ ਅਪਨੀ***
***ਜੀਤ ਕਰੋਂ।"*** [16]

ਯੋਗੇਂਦਰ ਪਾਲ ਸ਼ਰਮਾ ਅਤੇ ਡਾ. ਬਚਿੱਤਰ ਸਿੰਘ ਅਨੁਸਾਰ, "ਦਸਮ ਗ੍ਰੰਥ ਪੜ੍ਹਕੇ ਸਹਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਵਿਚ ਭਾਰਤੀ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਸਿੰਙੀ, ਤੰਤੀ, ਰਾਗਰਸਾਲੁ, ਤਾਨ ਤਰੰਗ, ਤਾਲ, ਗੀਤ, ਆਦਿ ਸ਼ਬਦ ਗੂੜੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ' ਸਬੰਧੀ ਜਾਣਕਾਰੀ ਨੂੰ ਹੀ ਨਹੀਂ ਦਿਖਾਉਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।"[16] ਡਾ. ਗੁਰਨਾਮ ਸਿੰਘ ਅਨੁਸਾਰ "ਆਪ ਨੇ ਗੁਰਮਤਿ ਸੰਗੀਤ ਦੇ ਪਰਚਾਰ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ ਕੇਂਦਰ ਸਥਾਨ ਵਜੋਂ ਸਥਾਪਿਤ ਕੀਤਾ, ਜੋ ਕੀਰਤਨ ਕੇਂਦਰ ਦੇ ਨਾਲ ਨਾਲ ਸਿਖ

ਸ਼ਕਤੀ ਕੇਂਦਰ ਦਾ ਪ੍ਰਤੀਕ ਵੀ ਸੀ। ਇਥੇ ਸਵੇਰੇ ਸ਼ਾਮ ਕੀਰਤਨ ਦਾ ਗਾਇਨ ਨਿਰੰਤਰ ਹੁੰਦਾ ਸੀ। ਪਰਸਿੱਧ ਰਬਾਬੀ ਭਾਈ ਮੱਦੂ ਅਤੇ ਸਦੂ ਦੋਵੇਂ ਭਰਾ ਆਸਾ ਦੀ ਵਾਰ ਦਾ ਗਾਇਨ ਕਰਦੇ।"[18] ਡਾ. ਡੀ. ਐਸ. ਨਰੂਲਾ ਅਨੁਸਾਰ, "ਇਨ੍ਹਾਂ ਦੇ ਛੇ ਰਾਗਾਂ ਵਿਚ 10 ਸ਼ਬਦ/ਪਦ ਉਪਲੱਬਧ ਹਨ। ਸ਼ਬਦਾਂ ਤੋਂ ਇਲਾਵਾ ਇਹਨਾਂ ਦੀਆਂ ਅਨੇਕ ਰਚਨਾਵਾਂ ਲੋਕ ਪ੍ਰਿਅ ਸਨ। ਜਿਵੇਂ ਚੰਡੀ ਦੀ ਵਾਰ, ਜ਼ਫਰਨਾਮਾ, ਅਕਾਲ ਉਸਤਤਿ, ਤੇ ਜਾਪ ਸਹਿਬ ਆਦਿ।"[19]

ਬੀਬੀ ਜਸਵੀਰ ਕੌਰ ਖਾਲਸਾ ਅਨੁਸਾਰ, "ਗੁਰੂ ਸਹਿਬਾਨ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤਾਂ 'ਜਿਵੇਂ ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੈਣੀ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਧੰਨਾ, ਭਗਤ ਫਰੀਦ, ਭਗਤ ਜੈ ਦੇਵ, ਭਗਤ ਭੀਖਨ, ਭਗਤ ਸੈਣ, ਭਗਤ ਪੀਪਾ, ਭਗਤ ਸਦਨਾ, ਭਗਤ ਰਾਮਾਨੰਦ, ਭਗਤ ਪਰਮਾਨੰਦ, ਭਗਤ ਸੂਰਦਾਸ ਆਦਿ, 11 ਭੱਟਾਂ ਜਿਵੇਂ ਕਲਸਹਾਰ, ਨਲ੍ਹ, ਕੀਰਤੰ, ਭੱਟ ਮੱਥਰਾ, ਗਯੰਤ, ਤਿਖਾ, ਜਾਲਪ, ਸਲ੍ਹ, ਭਲ, ਬਲ੍ਹ, ਹਰਿਬੰਸ ਅਤੇ 4 ਗੁਰੂ ਸਾਹਿਬਾਨ ਦੇ ਸਿੱਖਾਂ ਜਿਵੇਂ ਬਾਬਾ ਸੁੰਦਰ ਜੀ, ਸਤਾ ਤੇ ਬਲਵੰਡ, ਭਾਈ ਮਰਦਾਨਾ ਦੀ ਬਾਣੀ ਦਰਜ ਹੈ।"[20] ਇਸ ਬਾਣੀ ਦਾ ਗਾਇਨ ਵੀ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਕੀਤਾ ਜਾਂਦਾ ਹੈ।

ਉਪਰੋਕਤ ਵਿਸਥਾਰ ਤੋਂ ਸਪਸ਼ਟ ਹੈ ਕਿ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਅਰੰਭ ਹੋਈ ਗੁਰਮਤਿ ਸੰਗੀਤ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨ ਨੇ ਵੀ ਜਾਰੀ ਰੱਖਿਆ। ਉਨ੍ਹਾਂ ਨੇ ਇਸ ਪਰੰਪਰਾ ਦੇ ਪਰਚਾਰ ਅਤੇ ਪਰਸਾਰ ਲਈ ਅਨੇਕਾਂ ਨਵੀਨ ਰਾਗਾਂ, ਸਾਜ਼ਾਂ, ਕੀਰਤਨ ਕੇਂਦਰਾਂ ਅਤੇ ਗਾਇਨ ਸ਼ੈਲੀਆਂ ਦਾ ਆਵਿਸ਼ਕਾਰ ਕੀਤਾ। ਜਿਸ ਕਾਰਨ ਗੁਰਮਤਿ ਸੰਗੀਤ ਪਰੰਪਰਾ ਹਿੰਦੁਸਤਾਨੀ ਸਗੀਤ ਤੋਂ ਅਲੱਗ ਪਹਿਚਾਨ ਰੱਖਦੀ ਹੈ। ਅੱਜ ਇਹ ਇਤਨੀ ਪ੍ਰਫੁਲਿਤ ਰੂਪ ਵਿਚ ਹੈ ਕਿ ਇਸ ਦਾ ਵਿਧੀਵਤ ਅਕਾਦਮਿਕ ਅਧਿਐਨ ਵੀ ਹੋ ਰਿਹਾ ਹੈ, ਜੋ ਕਿ ਸਿਖਿਆ ਦੇ ਉਚ ਸਤਰ (ਪੀਐਚ.ਡੀ) ਤੱਕ ਅਧਿਐਨ ਦਾ ਵਿਸ਼ਾ ਬਣ ਚੁਕਿਆ ਹੈ। ਗੁਰਮਤਿ ਸੰਗੀਤ ਪਰੰਪਰਾ ਨੇ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਨੂੰ ਵੀ ਪ੍ਰਫੁਲਤ ਕਰਨ ਅਤੇ ਵਿਕਸਤ ਕਰਨ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।

**ਹਵਾਲੇ :**


*(1) ਕਾਨ੍ਹ ਸਿੰਘ ਨਾਭਾ (ਭਾਈ) : ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 957.*

*(2) ਕਾਨ੍ਹ ਸਿੰਘ ਨਾਭਾ (ਭਾਈ) : ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਪਹਿਲੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਾਲ 2009, ਪੰਨਾ 557.*

*(3) ਘੁਰਨਓਮ ਸ਼ਨਿਗਹ (ਧਰ.) : ਘੁਰਮਓਟ ਸ਼ਓਨਗਟਿ ਠਣਰ-ਮਨਿੱਲੋਗੇ, ਫੁਬਲਚਿਓਟੱਨਿ ਭੁਰਏਉ ਫਬਿ.ੁਨਿ. ਫਓਟਓਿਲਓ, ਫਓਗਏ 91.*

*(4) ਗੰਧਰਵ, ਸੰਤ ਸਰਵਣ ਸਿੰਘ : ਸੁਰ ਸਿਮਰਨ ਸੰਗੀਤ (ਭਾਗ ਛੇਵਾਂ), ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਜਨਵਰੀ 2006, ਪੰਨਾ 23.*

*(5) ਦੇਵਿੰਦਰ ਕੌਰ (ਡਾ.) : ਸੰਗੀਤ ਰੂਪ (ਭਾਗ-1), ਸੰਗੀਤਾਂਜਲੀ ਪਬਲਿਕੇਸ਼ਨਜ਼, ਪਟਿਆਲਾ, ਪੰਨਾ 148.*

*(6) ਕਾਨ੍ਹ ਸਿੰਘ ਨਾਭਾ, (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 612.*

*(7) ਗੁਰਨਾਮ ਸਿੰਘ (ਡਾ.): ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 42.*

*(8) ਕਾਨ੍ਹ ਸਿੰਘ ਨਾਭਾ, (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 616.*

*(9) ਗੁਰਨਾਮ ਸਿੰਘ (ਡਾ.) : ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਦੂਜਾ, ਪੱਤਰ ਵਿਹਾਰ ਸਿਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 14.*

*(10) ਕਾਨ੍ਹ ਸਿੰਘ ਨਾਭਾ, (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 612.*

*(11) ਕਾਨ੍ਹ ਸਿੰਘ ਨਾਭਾ, (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਤੀਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 1361.*

*(12) ਦੇਵਿੰਦਰ ਕੌਰ (ਡਾ.) : ਸੰਗੀਤ ਰੂਪ (ਭਾਗ-1), ਸੰਗੀਤਾਂਜਲੀ ਪਬਲਿਕੇਸ਼ਨਜ਼, ਪਟਿਆਲਾ, ਪੰਨਾ 153.*

*(13) ਕਾਨ੍ਹ ਸਿੰਘ ਨਾਭਾ, (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 989.*

*(14) ਸ਼ਰਮਾ, ਯੋਗੇਂਦਰ ਪਾਲ, ਬਚਿੱਤਰ ਸਿੰਘ (ਡਾ.) : ਅੰਮ੍ਰਿਤ ਕੀਰਤਨ, ਅੰਮ੍ਰਿਤ ਕੀਰਤਨ ਟ੍ਰਸਟ ਚੰਡੀਗੜ੍ਹ, ਜਨਵਰੀ 2000, ਪੰਨਾ 5.*

*(15) ਗੁਰਨਾਮ ਸਿੰਘ (ਡਾ.) : ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 44.*

*(16) ਦੇਵਿੰਦਰ ਕੌਰ (ਡਾ.) : ਸੰਗੀਤ ਰੂਪ (ਭਾਗ-1), ਸੰਗੀਤਾਂਜਲੀ ਪਬਲਿਕੇਸ਼ਨਜ਼, ਪਟਿਆਲਾ, ਪੰਨਾ 154.*

*(17) ਸ਼ਰਮਾ, ਯੋਗੇਂਦਰ ਪਾਲ, ਬਚਿੱਤਰ ਸਿੰਘ (ਡਾ.) : ਅੰਮ੍ਰਿਤ ਕੀਰਤਨ, ਅੰਮ੍ਰਿਤ ਕੀਰਤਨ ਟ੍ਰਸਟ ਚੰਡੀਗੜ੍ਹ, ਜਨਵਰੀ 2000, ਪੰਨਾ 7.*

*(18) ਗੁਰਨਾਮ ਸਿੰਘ (ਡਾ.) : ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 43.*

*(19) ਨਰੂਲਾ, ਡੀ. ਐਸ. (ਡਾ.) : ਗੁਰਮਤਿ ਸੰਗੀਤ : ਵਿਭਿੰਨ ਪਰਿਪੇਖ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 44.*

*(20) ਖਾਲਸਾ, ਬੀਬੀ ਜਸਬੀਰ ਕੌਰ : ਡਿਪਲੋਮਾ ਇਨ ਗੁਰਮਤਿ ਸੰਗੀਤ, ਅਕਾਦਮਿਕ ਸੈਸ਼ਨ 2005-06, ਪਰਚਾ ਤੀਜਾ, ਪੱਤਰ ਵਿਹਾਰ ਸਿਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 86-87.*

Vol. 4 August 2015 ISSN: 2278-3768

National Level

# Pallvan

A Research Journal of Humanities and Social Sciences

**KAMLA NEHRU COLLEGE FOR WOMEN, PHAGWARA**

Accredited 'A' Grade by NAAC CGPA 3.55/4.00 (Cycle-II)
College with Potential for Excellence by U.G.C.

# ਸੰਤ ਸਰਵਣ ਸਿੰਘ ਗੰਧਰਵ ਦਾ ਜੀਵਨ ਤੇ ਸਾਹਿਤਕ ਦੇਣ: ਵਿਸ਼ਲੇਸ਼ਣਾਤਮਕ ਅਧਿਐਨ

**ਰਣਜੀਤ ਸਿੰਘ**
ਖੋਜਾਰਥੀ-ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਅਤੇ ਅਸਿਸਟੈਂਟ ਪ੍ਰੋਫੈਸਰ
ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ (ਕਪੂਰਥਲਾ)

## ਸਾਰ-ਅੰਸ਼

ਗੁਰਮਤਿ ਸੰਗੀਤ ਦੇ ਖੇਤਰ ਵਿਚ ਅਨੇਕਾਂ ਗੁਰੂਆਂ, ਮਹਾਂਪੁਰਖਾਂ, ਰਾਗੀਆਂ ਤੇ ਢਾਡੀਆਂ ਨੇ ਜ਼ਿਕਰਯੋਗ ਕੰਮ ਕੀਤਾ ਹੈ। ਇਨ੍ਹਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ ਡੁਮੇਲੀ ਵਾਲਿਆਂ ਦਾ ਨਾਂ ਵੀ ਵਿਸ਼ੇਸ਼ ਤੌਰ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। 1926 ਈ. ਵਿਚ ਫਗਵਾੜੇ ਦੇ ਨੇੜਲੇ ਪਿੰਡ ਭੁਲਾਰਾਈ ਵਿਚ ਜਨਮੇਂ ਸੰਤ ਸਰਵਣ ਸਿੰਘ ਗੰਧਰਵ ਦਾ ਪਿਛੋਕੜ ਗੁਰਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ। ਅੱਠ ਸਾਲ ਦੀ ਉਮਰ ਵਿਚ ਆਪ ਦੀ ਮਾਤਾ ਦਾ ਦੇਹਾਂਤ ਹੋ ਗਿਆ। ਇਸ ਉਪਰੰਤ ਨੌਂ ਸਾਲ ਦੀ ਉਮਰ ਵਿਚ ਆਪ ਨੂੰ ਚੇਚਕ ਦੀ ਬਿਮਾਰੀ ਨੇ ਐਸਾ ਘੇਰਿਆ ਕਿ ਆਪ ਦੀਆਂ ਦੋਵੇਂ ਅੱਖਾਂ ਦੀ ਜੋਤ ਸਦਾ ਲਈ ਜਾਂਦੀ ਰਹੀ। ਪਰਿਵਾਰ ਨੂੰ ਇਨ੍ਹਾਂ ਦੀ ਚਿੰਤਾ ਸਤਾਉਣ ਲੱਗੀ। ਆਪ ਦੇ ਦਾਦਾ ਸ. ਹਰਨਾਮ ਸਿੰਘ ਨੇ ਇਨ੍ਹਾਂ ਨੂੰ ਡੁਮੇਲੀ ਦੇ ਸੰਤ ਬਾਬਾ ਦਲੀਪ ਸਿੰਘ ਕੋਲ ਛੱਡਣ ਦਾ ਫੈਸਲਾ ਕੀਤਾ। ਸੰਤ ਬਾਬਾ ਦਲੀਪ ਸਿੰਘ ਦੀ ਸ਼ਰਨ ਵਿਚ ਰਹਿ ਕੇ ਇਨ੍ਹਾਂ ਨੇ ਸ਼ੁਧ ਗੁਰਬਾਣੀ ਪੜ੍ਹਨ, ਗਾਇਨ ਕਰਨ ਤੇ ਹਿਕਮਤ ਦੀ ਸਿਖਿਆ ਲਈ। ਵੱਖ-ਵੱਖ ਸੰਗੀਤਕ ਗੁਰੂਆਂ ਕੋਲੋਂ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਰਾਗਾਂ ਸਬੰਧੀ ਸਿਖਿਆ ਲਈ। ਗਵਾਲੀਅਰ ਵਿਖੇ ਪੰਡਿਤ ਭਾਤਖੰਡੇ ਸੰਗੀਤ ਅਕੈਡਮੀ ਵਿਖੇ ਪੜ੍ਹ ਕੇ ਸੰਗੀਤ ਦਾ ਭਰਪੂਰ ਗਿਆਨ ਇਕੱਤਰ ਕੀਤਾ। ਇਸੇ ਤਰ੍ਹਾਂ ਪੰਡਿਤ ਰਵੀ ਸ਼ੰਕਰ ਕੋਲ ਰਹਿ ਕੇ ਸਿਤਾਰ ਵਾਦਨ ਦੀ ਸਿਖਿਆ ਲਈ। ਅਨੇਕਾਂ ਗੁਰੂਆਂ ਕੋਲੋਂ ਸਿਖਿਆ ਲੈ ਕੇ ਡੁਮੇਲੀ ਵਿਖੇ ਰਹਿ ਕੇ ਨੇਤਰਹੀਨ, ਅਨਾਥ, ਅੰਗਹੀਨ, ਅਤੇ ਬੇਸਹਾਰੇ ਬੱਚਿਆਂ ਨੂੰ ਕੀਰਤਨ ਦੀ ਸਿਖਿਆ ਦੇਣ ਲੱਗੇ। ਇਥੇ ਰਹਿ ਕੇ ਇਨ੍ਹਾਂ ਨੇ 'ਸੁਰ ਸਿਮਰਨ ਸੰਗੀਤ' ਪੁਸਤਕ ਸੱਤ ਭਾਗਾਂ ਵਿਚ ਪ੍ਰਕਾਸ਼ਿਤ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਇਕ ਵਡਮੁੱਲਾ ਕਾਰਜ ਕੀਤਾ। ਸੰਤ ਸਰਵਣ ਸਿੰਘ ਗੰਧਰਵ ਦੁਆਰਾ ਲਿਖੀ ਇਹ ਪੁਸਤਕ ਸੰਗੀਤ ਪ੍ਰੇਮੀਆਂ ਤੇ ਖੋਜਾਰਥੀਆਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੀ ਹੈ। ਸੰਤ ਸਰਵਣ ਸਿੰਘ ਗੰਧਰਵ 'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ ਤਿਆਰ ਕਰਵਾ ਕੇ ਅਤੇ ਸੱਤਵਾਂ ਭਾਗ ਪੂਰਾ ਲਿਖਵਾਉਣ ਉਪਰੰਤ, ਇਸਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ 9 ਫਰਵਰੀ 1992 ਨੂੰ ਸੱਚਖੰਡ ਜਾ ਵਿਰਾਜੇ। ਉਨ੍ਹਾਂ ਦੇ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੀ ਹੋਣਹਾਰ ਸ਼ਗਿਰਦ ਬੀਬੀ ਇੰਦਰਜੀਤ ਕੌਰ ਨੇ ਇਨਾਂ ਅੰਕਾਂ ਨੂੰ ਛਪਵਾਉਣ ਦੀ ਸੇਵਾ ਨਿਭਾਈ।

**ਕੁੰਜੀਵਤ ਸ਼ਬਦ:** ਗੁਰਮੀਤ ਸੰਗੀਤ, ਸੁਰ ਸਿਮਰਨ ਸੰਗੀਤ, ਰਾਗ, ਗੁਰਬਾਣੀ, ਸੁਰ ਸਾਧਨਾ।

---

ਗੁਰਮਤਿ ਸੰਗੀਤ ਦੇ ਪਰਚਾਰ ਤੇ ਪਰਸਾਰ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ, ਉਨ੍ਹਾਂ ਵਿਚੋ ਸੰਤ ਸਰਵਣ ਸਿੰਘ ਗੰਧਰਵ ਡੁਮੇਲੀ ਵਾਲਿਆ ਦਾ ਨਾਮ ਵਿਸ਼ੇਸ਼ ਤੌਰ ਤੇ ਜਿਕਰਯੋਗ ਹੈ। ਗੁਰਬਾਣੀ ਸੰਗੀਤ ਵਿਚ ਨਿਪੁੰਨ ਹੋਣ ਕਰਕੇ ਅਤੇ ਰਾਗਾਂ ਵਿਚ ਕੀਰਤਨ ਕਰਨ ਕਾਰਣ ਆਪ ਨੂੰ 'ਸੰਤ ਰਾਗਾ ਸਿੰਘ' ਵੀ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਡੁਮੇਲੀ

ਟਕਸਾਲ ਦਾ ਨਾਮ ਇਨ੍ਹਾਂ ਨੇਂ ਦੁਨੀਆਂ ਭਰ ਵਿਚ ਚਮਕਾਇਆ। ਸੂਰਮੇ ਸਿੰਘ ਹੋਣ ਦੇ ਬਾਵਜੂਦ ਜਿਥੇ ਆਪ ਨੇ ਦੇਸ਼-ਵਿਦੇਸ਼ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਕੇ ਨਾਮਣਾ ਖੱਟਿਆ, ਉਥੇ 'ਸੁਰ ਸਿਮਰਨ ਸੰਗੀਤ' ਪੁਸਤਕ ਸੱਤ ਭਾਗਾਂ ਵਿਚ ਪ੍ਰਕਾਸ਼ਿਤ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ।

**ਜੀਵਨ ਚਰਿਤਰ**

ਸੰਤ ਸਰਵਣ ਸਿੰਘ ਗੰਧਰਵ ਦਾ ਜਨਮ ਪੰਜਾਬ ਦੇ ਜਿਲਾ ਕਪੂਰਥਲਾ ਦੀ ਤਹਿਸੀਲ ਫਗਵਾੜਾ ਦੇ ਪਿੰਡ ਭੁਲਾਰਾਈ ਵਿਖੇ ਸੰਨ 1926 ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ. ਅਮਰ ਸਿੰਘ ਅਤੇ ਮਾਤਾ ਦਾ ਨਾਮ ਸ਼ਾਮ ਕੌਰ ਸੀ। ਸ. ਅਮਰ ਸਿੰਘ ਅਤੇ ਬੀਬੀ ਸ਼ਾਮ ਕੌਰ ਦੋਵੇਂ ਪੂਰਨ ਗੁਰਸਿੱਖ ਸਨ।

**ਸੇਵਕ ਸਿੰਘ ਉਪਲ** ਅਨੁਸਾਰ "ਇਸ ਗੁਰਸਿਖ ਜੋੜੇ ਦੇ ਤਿੰਨ ਬੱਚੇ ਹੋਏ ਪਰ ਤਿੰਨੇ ਹੀ ਬਹੁਤ ਛੋਟੀ ਆਯੂ ਵਿਚ ਮਰ ਗਏ। ਬੀਬੀ ਸ਼ਾਮ ਕੌਰ ਨੇ ਆਪਣੀ ਉਲਾਦ ਦੀ ਖਾਤਰ ਬਾਰਾਂ ਮੱਸਿਆ ਸ੍ਰੀ ਛਿਹਰਟਾ ਸਾਹਿਬ ਇਸ਼ਨਾਨ ਕੀਤਾ ਤੇ ਗੁਰੂ ਸਾਹਿਬ ਕੋਲ ਆਪਣੀ ਉਲਾਦ ਦੀ ਸੁਰੱਖਿਆ ਮੰਗੀ। ਪਹਿਲਾਂ ਬੀਬੀ ਸ਼ਾਮ ਕੌਰ ਦੀ ਕੁੱਖੋਂ ਬੱਚੀ ਨੇ ਜਨਮ ਲਿਆ, ਉਸ ਦਾ ਨਾਮ ਅਜੀਤ ਕੌਰ ਹੈ। ਅਜੀਤ ਕੌਰ ਤੋਂ ਮਗਰੋਂ ਸਰਦਾਰ ਅਮਰ ਸਿੰਘ ਤੇ ਬੀਬੀ ਸ਼ਾਮ ਕੌਰ ਦੇ ਗ੍ਰਹਿ ਵਿਖੇ ਬਾਲਕ ਸਰਵਣ ਸਿੰਘ ਨੇ ਜਨਮ ਲਿਆ। ਇਹ ਬਾਲਕ ਜਨਮ ਤੋਂ ਹੀ ਅਨੋਖੀ ਪ੍ਰਤਿਭਾ ਦਾ ਮਾਲਕ ਸੀ। ਬਹੁਤ ਚੇਤੰਨ ਸੀ। ਗੁਰਸਿਖੀ ਨਾਲ ਪਿਆਰ ਵਿਰਸੇ ਤੋਂ ਮਿਲਿਆ ਸੀ। ਇਨ੍ਹਾਂ ਦੇ ਜਨਮ ਤੋਂ ਢਾਈ ਸਾਲ ਮਗਰੋਂ ਸਰਦਾਰ ਅਮਰ ਸਿੰਘ ਦੇ ਘਰ ਇਕ ਹੋਰ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਸ. ਤਰਲੋਚਨ ਸਿੰਘ ਹੈ"।

ਗੁਰਸਿਖ ਪਰਿਵਾਰ ਵਿਚ ਜਨਮ ਲੈਣ ਕਾਰਨ ਬਾਲਕ ਸਰਵਣ ਸਿੰਘ ਨੇਂ ਛੋਟੀ ਉਮਰ ਵਿਚ ਹੀ ਪਾਠ ਕਰਨਾ ਅਤੇ ਕੀਰਤਨ ਕਰਨ ਦੀ ਸਿਖਿਆ ਲੈਣੀ ਅਰੰਭ ਕਰ ਦਿਤੀ। ਵੱਖ-ਵੱਖ ਮਹਾਂਪੁਰਸ਼ਾਂ ਅਤੇ ਸੰਗੀਤਕ ਗੁਰੂਆਂ ਦੇ ਅਸ਼ੀਰਵਾਦ ਨਾਲ ਉਹ ਗੁਰਬਾਣੀ ਅਤੇ ਗੁਰਮਤਿ ਸੰਗੀਤ ਦੇ ਪੂਰਨ ਗਿਆਤਾ ਬਣ ਗਏ।

**ਸੇਵਕ ਸਿੰਘ ਉਪਲ** ਅਨੁਸਾਰ "ਬਾਲਕ ਸਰਵਣ ਸਿੰਘ ਜਮਾਂਦਰੂ ਹੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਆਪ ਬਚਪਨ ਵਿਚ ਹੀ ਗੁਰਦੁਆਰੇ ਜਾ ਕੇ ਸੇਵਾ ਕਰਨ ਲਗ ਪਏ ਸਨ। ਆਪ ਨਿਤਨੇਮ ਨਾਲ ਗੁਰਦੁਆਰੇ ਜਾਂਦੇ ਸਨ। ਕੀਰਤਨ ਤੇ ਗੁਰਵਾਕ ਸੁਣਦੇ ਸਨ। ਆਪ ਉਥੇ ਸੰਤ ਸੁੰਦਰ ਦਾਸ ਦੀ ਸੰਗਤ ਵਿਚ ਬੈਠ ਕੇ ਉਨ੍ਹਾਂ ਦੇ ਬਚਨ ਸੁਣਿਆਂ ਕਰਦੇ ਸਨ। ਸੰਤ ਜੀ ਨੇ ਆਪ ਜੀ ਦੀ ਧਾਰਮਿਕ ਰੁਚੀ ਵੇਖ ਕੇ ਆਪ ਨੂੰ ਉਚੇਚੇ ਪਿਆਰ ਨਾਲ ਕਥਾ ਸੁਣਾਉਣੀ ਅਰੰਭ ਕਰ ਦਿਤੀ ਸੀ। ਇਉਂ ਬਚਪਨ ਵਿਚ ਹੀ ਬਾਲਕ ਸਰਵਣ ਸਿੰਘ ਨੂੰ ਸੰਤਾਂ ਤੇ ਗੁਰੂ ਘਰ ਨਾਲ ਅਟੁੱਟ ਪਿਆਰ ਹੋ ਗਿਆ ਸੀ"।

ਸੰਤ ਸਰਵਣ ਸਿੰਘ ਅਜੇ ਅੱਠ ਸਾਲ ਦੇ ਹੀ ਸਨ ਕਿ ਆਪ ਜੀ ਦੀ ਮਾਤਾ ਸ਼ਾਮ ਕੌਰ ਦਾ ਸਾਇਆ ਸਿਰ ਤੋਂ ਉਠ ਗਿਆ। ਮਾਤਾ ਜੀ ਦੇ ਅਕਾਲ-ਚਲਾਣੇ ਤੋਂ ਬਾਅਦ ਆਪ ਦੇ ਪਾਲਣ ਪੋਸ਼ਣ ਦੀ ਸਾਰੀ ਜਿੰਮੇਵਾਰੀ ਆਪ ਦੇ ਦਾਦਾ ਸ. ਹਰਨਾਮ ਸਿੰਘ ਦੇ ਮੋਢਿਆ ਤੇ ਆ ਗਈ। ਇਨ੍ਹਾਂ ਦੇ ਦਾਦਾ ਹਰਨਾਮ ਸਿੰਘ ਕਿੱਤੇ ਵਜੋਂ ਰਾਜਗਿਰੀ ਕਰਦੇ ਸਨ ਅਤੇ ਨਾਲ ਹੀ ਸ਼ਾਹੂਕਾਰੇ ਦਾ ਕੰਮ ਵੀ ਕਰਦੇ ਸਨ। ਉਹ ਪੱਕੇ ਨਿਤਨੇਮੀ ਅਤੇ ਗੁਰੁ ਘਰ ਵਿਚ ਅਟੱਲ ਵਿਸ਼ਵਾਸ਼ ਰੱਖਣ ਵਾਲੇ ਵਿਅਕਤੀ ਸਨ। ਇਸ ਤਰ੍ਹਾਂ ਬਾਬੇ ਦੀ ਗੁਰਸਿੱਖੀ ਦਾ ਰੰਗ ਬਾਲਕ ਸਰਵਣ ਤੇ ਚੜ੍ਹਨਾ ਸੁਭਾਵਿਕ ਹੀ ਸੀ।

ਨੌਂ ਸਾਲ ਦੀ ਉਮਰ ਵਿਚ ਆਪ ਨੂੰ ਚੇਚਕ ਦੀ ਭਿਆਨਕ ਬਿਮਾਰੀ ਨੇ ਘੇਰ ਲਿਆ। ਚੇਚਕ ਦੀ ਬਿਮਾਰੀ ਨੇਂ ਬਾਲਕ ਸਰਵਣ ਦੀਆਂ ਅੱਖਾਂ ਦੀ ਜੋਤ ਸਦਾ ਸਦਾ ਲਈ ਖਤਮ ਕਰ ਦਿਤੀ। ਆਪ ਦੇ ਘਰਦਿਆਂ ਨੂੰ ਦਿਨ-ਰਾਤ ਆਪ ਦੀ ਚਿੰਤਾ ਸਤਾਉਣ ਲੱਗੀ। ਜਦੋਂ ਕਿਸੇ ਕੋਲੋਂ ਅੰਮ੍ਰਿਤਸਰ ਸਥਿਤ ਅੰਧ ਵਿਦਿਆਲੇ ਬਾਰੇ ਪਤਾ ਲੱਗਿਆ ਤਾਂ ਸ. ਹਰਨਾਮ ਸਿੰਘ ਬਾਲਕ ਸਰਵਣ ਨੂੰ ਨਾਲ ਲੈ ਕੇ ਅੰਮ੍ਰਿਤਸਰ ਸਥਿਤ ਅੰਧ ਵਿਦਿਆਲੇ ਪੁੱਜੇ। ਉਥੋਂ ਦੇ ਪ੍ਰਬੰਧਕਾਂ ਨੇਂ ਬਾਲਕ ਸਰਵਣ ਨੂੰ ਕੇਸ ਰੱਖੇ ਹੋਣ ਕਾਰਣ ਵਿਦਿਆਲੇ ਵਿਚ ਦਾਖਲ ਕਰਨ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਕਿਹਾ ਕਿ ਇਸ ਬਾਲਕ ਨੂੰ ਤਾਂ ਹੀ ਦਾਖਲਾ ਦਿਤਾ ਜਾ ਸਕਦਾ ਹੈ ਜੇਕਰ ਇਸ ਦੇ ਕੇਸ ਕੱਟ ਦਿਤੇ ਜਾਣ। ਗੁਰਸਿਖ ਪਰਿਵਾਰ ਨੇ ਇਹ ਸ਼ਰਤ ਮੰਨਣ ਤੋਂ ਸਾਫ ਇਨਕਾਰ ਕਰ ਦਿਤਾ। ਇਸ ਉਪਰੰਤ

ਆਪ ਦੇ ਦਾਦਾ ਆਪ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਲੈ ਆਏ ਤੇ ਬਾਲਕ ਦੀ ਤੰਦਰੁਸਤੀ ਦੀ ਅਰਦਾਸ ਕੀਤੀ। ਇਸ ਉਪਰੰਤ ਦਾਦਾ ਸ. ਹਰਨਾਮ ਸਿੰਘ ਬਾਲਕ ਸਰਵਣ ਸਿੰਘ ਨੂੰ ਨਾਲ ਲੈ ਕੇ ਆਪਣੇ ਪਿੰਡ ਭੁਲਾਰਾਈ ਆ ਗਏ।

**ਡੁਮੇਲੀ ਟਕਸਾਲ ਨਾਲ ਸਬੰਧ ਸਥਾਪਿਤ**

ਬਾਲਕ ਸਰਵਣ ਦੀ ਵੱਡੀ ਭੈਣ ਤੇ ਬਾਬਾ ਹਰਨਾਮ ਸਿੰਘ ਦੀ ਪੋਤਰੀ ਅਜੀਤ ਕੌਰ ਡੁਮੇਲੀ ਦੇ ਲਾਗਲੇ ਪਿੰਡ ਵਿਚ ਵਿਆਹੀ ਹੋਈ ਸੀ। ਇੰਨ੍ਹਾਂ ਪਿੰਡਾਂ ਵਿਚ ਬ੍ਰਹਮ ਗਿਆਨੀ ਸੰਤ ਬਾਬਾ ਦਲੀਪ ਸਿੰਘ ਦੀ ਬੜੀ ਮਾਨਤਾ ਸੀ। ਸੰਤ ਬਾਬਾ ਦਲੀਪ ਸਿੰਘ ਨੇਤਰਹੀਨ, ਅਨਾਥ, ਅੰਗਹੀਨ, ਅਤੇ ਬੇਸਹਾਰੇ ਬੱਚਿਆਂ ਨੂੰ ਬਹੁਤ ਮਿਹਨਤ ਨਾਲ ਗੁਰਬਾਣੀ ਦਾ ਪਾਠ ਕਰਨਾ, ਕੀਰਤਨ ਕਰਨਾ ਅਤੇ ਹਿਕਮਤ ਸਿਖਾਉਂਦੇ ਸਨ। ਅਜੀਤ ਕੌਰ ਦੇ ਕਹਿਣ ਤੇ ਅਤੇ ਸੰਤ ਬਾਬਾ ਦਲੀਪ ਸਿੰਘ ਦੇ ਇਨ੍ਹਾਂ ਗੁਣਾਂ ਕਰਕੇ (1935 ਈ. ਨੂੰ) ਬਾਬਾ ਹਰਨਾਮ ਸਿੰਘ ਨੇਂ ਆਪਣੇ ਪੋਤਰੇ ਸਰਵਣ ਸਿੰਘ ਨੂੰ ਨੌਂ ਸਾਲ ਦੀ ਉਮਰ ਵਿਚ ਆਪ ਕੋਲ ਛੱਡਣ ਦਾ ਫੈਸਲਾ ਕੀਤਾ।

ਡਾ. ਬਖ਼ਸ਼ੀਸ਼ ਸਿੰਘ ਨਿਜਰ ਅਨੁਸਾਰ "Sant Sarwan Singh was the disciple of Sant Baba Dalip Singh ji. He was blind and only about ten years old when his parents left him at the dera (Gurdwara). Sant Baba Dalip Singh brought him up like a true father and gave him instruction appealing to the temperament of the child. Since Sarwan Singh was a child of sharp memory, he achieved two M.A. in music. He grew into a school of music and further trained many of his disciples in music. Sant Sarwan Singh, popularly known as Gandharv, was the founder of Sant Baba Dalip Singh Memorial Khalsa College Domeli."

**ਪੁਸਤਕ ਪ੍ਰਕਾਸ਼ਨ**

ਸੰਤ ਸਰਵਣ ਸਿੰਘ ਗੰਧਰਵ ਨੇ ਜਿਥੇ ਦੇਸ਼-ਵਿਦੇਸ਼ ਵਿਚ ਤੰਤੀ ਸਾਜਾਂ ਨਾਲ ਰਾਗਮਈ ਕੀਰਤਨ ਕਰਕੇ ਗੁਰਮਤਿ ਸੰਗੀਤ ਦਾ ਪਰਚਾਰ ਤੇ ਪਰਸਾਰ ਕੀਤਾ, ਉਥੇ 'ਸੁਰ ਸਿਮਰਨ ਸੰਗੀਤ' ਪੁਸਤਕ (ਸੱਤ ਭਾਗਾਂ ਵਿਚ) ਪ੍ਰਕਾਸ਼ਿਤ ਕਰਕੇ ਗੁਰਬਾਣੀ ਸੰਗੀਤ ਪ੍ਰਤੀ ਵਡਮੁੱਲੀ ਸੇਵਾ ਕੀਤੀ। ਇਨ੍ਹਾਂ ਸੱਤ ਭਾਗਾਂ ਵਿਚ ਜਿਥੇ ਭਾਰਤੀ ਸੰਗੀਤ ਸਬੰਧੀ ਜਾਣਕਾਰੀ ਉਪਲਬਧ ਕਰਵਾਈ ਗਈ ਹੈ, ਉਥੇ ਗੁਰਮਤਿ ਸੰਗੀਤ ਦਾ ਅਥਾਹ ਖਜ਼ਾਨਾ ਮੌਜੂਦ ਹੈ।

"ਸੁਰ ਸਿਮਰਨ ਸੰਗੀਤ ਦੇ ਪਹਿਲੇ ਭਾਗ ਵਿਚ ਸੰਗੀਤ ਦੇ ਸਿਧਾਂਤ ਬਾਰੇ ਸੁਰ ਸਾਧਨਾ, ਸੰਗੀਤ ਦੀ ਪਰਿਭਾਸ਼ਾ, ਸੰਗੀਤ ਪੱਧਤੀਆਂ, ਭਾਤਖੰਡੇ ਸੁਰ ਲਿਪੀ ਪੱਧਤੀ, ਸ਼ਰੁਤੀ, ਸਪਤਕ, ਥਾਟ, ਰਾਗ, ਤਾਲ ਦਾ ਮਹੱਤਵ ਆਦਿ ਮਹੱਤਵਪੂਰਨ ਪੱਖਾਂ ਸਬੰਧੀ ਸਿਧਾਂਤਿਕ ਚਰਚਾ ਹੈ। ਪੁਸਤਕ ਵਿਚ 36 ਬੰਦਸ਼ਾਂ, 19 ਰਾਗਾਂ ਤੇ 7 ਤਾਲਾਂ ਵਿਚ ਦਰਜ ਹਨ। ਇਸ ਵਿਚ ਦਰਜ 6 ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰ, 5 ਗੁਰਮਤਿ ਸੰਗੀਤ ਦੀ ਨਿਰਧਾਰਤ ਰਾਗਾਂ ਦੀ ਧਾਰਾ ਅਨੁਸਾਰ ਅਤੇ 25 ਸ਼ਬਦ ਰੀਤ ਧਾਰਾ ਦੇ ਅਨੁਸਾਰ ਰਚੀਆਂ ਗਈਆਂ ਹਨ।

'ਸੁਰ ਸਿਮਰਨ ਸੰਗੀਤ' ਦੇ ਦੂਜੇ ਭਾਗ ਵਿਚ ਸੰਗੀਤ ਦੇ ਸਿਧਾਂਤ ਦੇ ਵਿਭਿੰਨ ਪਹਿਲੂਆਂ ਸਬੰਧੀ ਵਿਚਾਰ ਦੇ ਨਾਲ-ਨਾਲ ਹੋਰ ਵਿਸ਼ਿਆਂ ਸਬੰਧੀ ਨਿਬੰਧ ਸੰਕਲਿਤ ਹਨ। ਪੁਸਤਕ ਦੇ ਇਸ ਭਾਗ ਵਿਚ 36 ਸ਼ਬਦ ਕੀਰਤਨ ਰਚਨਾਵਾਂ ਨੂੰ 11 ਰਾਗਾਂ ਅਧੀਨ ਸੁਰਲਿਪੀਬੱਧ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 9 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਅਤੇ 27 ਸ਼ਬਦ ਰੀਤ ਧਾਰਾ ਅਨੁਸਾਰੀ ਹਨ। ਇਸ ਪੁਸਤਕ ਵਿਚ ਆਸਾ ਦੀ ਵਾਰ ਵੀ ਸੁਰਲਿਪੀਬੱਧ ਕੀਤੀ ਗਈ ਹੈ।

'ਸੁਰ ਸਿਮਰਨ ਸੰਗੀਤ' ਦੇ ਤੀਜੇ ਭਾਗ ਵਿਚ ਲੇਖਕ ਨੇ ਸੰਗੀਤ ਦੇ ਸਿਧਾਂਤਾਂ ਸਬੰਧੀ ਵਿਚਾਰ ਕਰਦਿਆਂ ਜਾਤੀ, ਸੁਰ

ਸੰਵਾਦ, ਪੱਛਮੀ ਸੰਗੀਤ ਵਿਚ ਸੁਰ ਸੰਵਾਦ, ਗ੍ਰਾਮ, ਮੂਰਛਨਾ ਵਰਗੇ ਵਿਸ਼ਿਆਂ ਸਬੰਧੀ ਖੋਜ ਭਰਪੂਰ ਲੇਖਨ ਕੀਤਾ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ 59 ਸ਼ਬਦ ਕੀਰਤਨ ਰਚਨਾਵਾਂ ਨੂੰ 26 ਰਾਗਾਂ ਦੇ ਅੰਤਰਗਤ 16 ਤਾਲਾਂ ਵਿਚ ਤਾਲਬੱਧ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਖਿਆਲ ਅੰਗ ਅਤੇ ਸ਼ਬਦ ਰੀਤ ਪਰੰਪਰਾ ਅਨੁਸਾਰ ਰਚਿਤ ਸ਼ਬਦ ਰਚਨਾਵਾਂ ਵਿਸ਼ੇਸ਼ ਹਨ। **'ਸੁਰ ਸਿਮਰਨ ਸੰਗੀਤ' ਪੁਸਤਕ ਦਾ ਚੌਥਾ ਭਾਗ**, ਜੋ ਕਿ 1985 ਵਿਚ ਪ੍ਰਕਾਸ਼ਿਤ ਹੋਇਆ, ਵਿਚ ਤਾਲ ਸਬੰਧਿਤ ਵਿਭਿੰਨ ਵਿਸ਼ਿਆਂ ਦੀ ਸਿਧਾਂਤਿਕ ਅਤੇ ਵਿਹਾਰਿਕ ਜਾਣਕਾਰੀ ਤੋਂ ਇਲਾਵਾ ਇਸ ਵਿਚ 197 ਸ਼ਬਦ ਕੀਰਤਨ ਰਚਨਾਵਾਂ ਨੂੰ 83 ਰਾਗਾਂ ਅਧੀਨ ਦਰਜ ਕੀਤਾ ਗਿਆ ਹੈ। ਨਿਰਧਾਰਿਤ ਰਾਗਾਂ ਵਿਚ ਰਚਿਤ ਰਚਨਾਵਾਂ ਤੋਂ ਬਿਨਾਂ ਧਰੁਪਦ, ਖਿਆਲ ਅਤੇ ਪੜਤਾਲ ਸ਼ੈਲੀ ਵਿਚ ਅੰਕਿਤ ਵੱਖ-ਵੱਖ ਰਚਨਾਵਾਂ ਇਸ ਚੌਥੇ ਭਾਗ ਦਾ ਵਿਸ਼ੇਸ਼ ਹਿੱਸਾ ਹਨ।

**'ਸੁਰ ਸਿਮਰਨ ਸੰਗੀਤ' ਪੁਸਤਕ ਦਾ ਪੰਜਵਾਂ ਭਾਗ** 1987 ਵਿਚ ਪ੍ਰਕਾਸ਼ਿਤ ਹੋਇਆ। ਇਸ ਪੁਸਤਕ ਦੇ ਅੰਤਰਗਤ ਨਿਬੱਧ ਗਾਨ, ਮਾਰਗੀ ਅਤੇ ਦੇਸੀ ਸੰਗੀਤ, ਲੋਕ ਗਾਇਨ ਸ਼ੈਲੀਆਂ, ਗੁਰਮਤਿ ਸੰਗੀਤ ਪੱਧਤੀ, ਕਰਨਾਟਕ ਸੰਗੀਤ ਪੱਧਤੀ, ਸਬੰਧੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਸ ਪੁਸਤਕ ਦੇ ਅੰਤਰਗਤ ਪ੍ਰਚਲਿਤ ਅਤੇ ਅਪ੍ਰਚਲਿਤ 114 ਰਾਗਾਂ ਅਧੀਨ 15 ਤਾਲਾਂ ਸਹਿਤ 261 ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ। ਧਰੁਪਦ, ਧਮਾਰ, ਖਿਆਲ ਅਤੇ ਪੜਤਾਲ ਸ਼ੈਲੀ ਇਨ੍ਹਾਂ ਰਚਨਾਵਾਂ ਦਾ ਵਿਸ਼ੇਸ਼ ਹਿੱਸਾ ਹਨ। **'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ** 1990 ਵਿਚ ਪ੍ਰਕਾਸ਼ਿਤ ਹੋਇਆ। ਇਸ ਭਾਗ ਦੇ ਅੰਤਰਗਤ 321 ਸ਼ਬਦ ਕੀਰਤਨ ਰਚਨਾਵਾਂ ਨੂੰ 100 ਰਾਗਾਂ ਅਤੇ 16 ਵੱਖ-ਵੱਖ ਤਾਲਾਂ ਅਧੀਨ ਦਰਜ ਕੀਤਾ ਗਿਆ ਹੈ। ਇਸ ਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਨਾਲ-ਨਾਲ ਹੋਰ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਸਬੰਧੀ ਸਿਧਾਂਤਕ ਤੇ ਕਿਰਿਆਤਮਕ ਜਾਣਕਾਰੀ ਦਿਤੀ ਗਈ ਹੈ। ਬਾਕੀ ਸ਼ੈਲੀਆਂ ਤੋਂ ਬਿਨ੍ਹਾਂ ਵੱਖ-ਵੱਖ ਰਾਗਾਂ ਵਿਚ ਗੁਲਦਸਤੇ ਇਨ੍ਹਾਂ ਰਚਨਾਵਾਂ ਦਾ ਵਿਲੱਖਣ ਹਿੱਸਾ ਹਨ। **'ਸੁਰ ਸਿਮਰਨ ਸੰਗੀਤ' ਪੁਸਤਕ ਦਾ ਸੱਤਵਾਂ ਭਾਗ** 1994 ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ 67 ਸ਼ਬਦ ਕੀਰਤਨ ਰਚਨਾਵਾਂ ਨੂੰ 38 ਰਾਗਾਂ ਤੇ 8 ਤਾਲਾਂ ਅਧੀਨ ਤਾਲਬੱਧ ਕੀਤਾ ਗਿਆ ਹੈ। ਇਸ ਪੁਸਤਕ ਦੇ ਅੰਤਰਗਤ ਸੰਗੀਤ ਦੇ ਸਿਧਾਂਤਕ ਵਿਸ਼ਿਆਂ ਅਧੀਨ ਸੰਗੀਤ ਪੱਧਤੀਆਂ, ਰਾਗ ਵਰਗੀਕਰਨ, ਭਰਤ ਦੀ ਸਾਰਣਾ ਚਤੁਸ਼ਟਈ, ਸ਼ਾਰੰਗਦੇਵ ਦੀ ਸਾਰਣਾ ਪ੍ਰਕਿਰਿਆ, ਸੁਰ ਸਥਾਪਨਾ ਪ੍ਰਕਿਰਿਆ ਤੇ ਪ੍ਰਕਰਣ ਆਦਿ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ"।

**ਸ. ਹਰਤਾਜ ਸਿੰਘ** (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਅਨੁਸਾਰ 'ਬੰਦਿਸ਼ ਨੂੰ ਲਿਖਣ ਤੋਂ ਪਹਿਲਾਂ ਸੰਤ ਜੀ ਇਸ ਨੂੰ ਚੰਗੀ ਤਰਾਂ ਹਰਮੋਨੀਅਮ ਤੇ ਕੱਢਦੇ ਸਨ। ਇਸ ਉਪਰੰਤ ਤਸੱਲੀ ਹੋਣ ਤੇ ਉਹੀ ਬੰਦਿਸ਼ ਬੀਬੀ ਇੰਦਰਜੀਤ ਕੌਰ ਕੋਲੋਂ ਲਿਖਵਾਉਂਦੇ। ਇਸ ਉਪਰੰਤ ਇਹ ਲਿਖੀਆਂ ਬੰਦਸ਼ਾਂ ਛਪਣ ਲਈ ਪ੍ਰੈਸ ਨੂੰ ਭੇਜੀਆਂ ਜਾਂਦੀਆਂ ਸਨ। ਇਸ ਤਰ੍ਹਾਂ ਵਾਰ-ਵਾਰ ਤਰੁਟੀਆਂ ਦੂਰ ਕਰਕੇ ਇਹ ਪੁਸਤਕ 'ਸੁਰ ਸਿਮਰਨ ਸੰਗੀਤ' (ਸੱਤ ਭਾਗ) ਹੋਂਦ ਵਿਚ ਆਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਸਤਕਾਂ ਵਿਚ ਦਰਜ ਸਾਰੀਆਂ ਬੰਦਸ਼ਾਂ ਸੰਤ ਸਰਵਣ ਸਿੰਘ ਗੰਧਰਵ ਦੀਆਂ ਆਪਣੀਆਂ ਹਨ ਤੇ ਇਹ ਸਾਰੀਆਂ ਹੀ ਉਨ੍ਹਾਂ ਨੂੰ ਜ਼ੁਬਾਨੀ ਯਾਦ ਵੀ ਹੁੰਦੀਆਂ ਸਨ'।

ਸੰਤ ਸਰਵਣ ਸਿੰਘ ਗੰਧਰਵ ਦੀ ਪੁਸਤਕ ਲੜੀ 'ਸੁਰ ਸਿਮਰਨ ਸੰਗੀਤ' ਦੀ ਪ੍ਰਸੰਸ਼ਾ ਵਿਚ **ਦਰਸ਼ਨ ਸਿੰਘ ਖਾਲਸਾ** (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ) ਅਨੁਸਾਰ- "ਸੰਤ ਸਰਵਣ ਸਿੰਘ ਗੰਧਰਵ (ਡਬਲ ਐਮ.ਏ.) ਡੁਮੇਲੀ ਵਾਲਿਆਂ ਦੀ ਰਚਿਤ ਪੁਸਤਕ ਸੁਰ ਸਿਮਰਨ ਸੰਗੀਤ ਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ। ਸੰਤ ਜੀ ਨੇ ਅਤੀ ਕੋਮਲ ਅਤੇ ਸੂਖਮ ਵਿਸ਼ੇ ਨੂੰ ਵਿਦਵਤਾ ਨਾਲ ਪਾਠਕਾਂ ਸਾਹਮਣੇ ਰੱਖਣ ਦਾ ਸਫਲ ਉਪਰਾਲਾ ਕੀਤਾ ਹੈ। ਸੰਤ ਜੀ ਨੇ 7 ਭਾਗਾਂ ਵਿਚ 'ਸੁਰ ਸਿਮਰਨ ਸੰਗੀਤ' ਪੁਸਤਕ ਰਚਿਤ ਕੀਤੀ ਹੈ। ਇਹ ਪੁਸਤਕ ਬੜੀ ਲਾਹੇਬੰਦ ਤੇ ਉਪਮਾ ਯੋਗ ਹੈ। ਅੱਜ ਤੱਕ ਪੰਜਾਬੀ ਭਾਸ਼ਾ ਵਿਚ ਜਿੰਨੀਆਂ ਵੀ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ, ਮੇਰੀ ਆਪਣੀ ਚੋਣ ਤੋਂ ਪਤਾ ਲੱਗਾ ਹੈ ਕਿ ਇਹ ਪੁਸਤਕ ਸਭ ਪੁਸਤਕਾਂ ਨਾਲੋਂ ਜ਼ਿਆਦਾ ਖੋਜ ਭਰੀ ਹੈ, ਗੁਰਮਤਿ ਸੰਗੀਤ ਦੇ ਆਧਾਰ ਤੇ ਖੋਜ ਕਰ ਕੇ ਬਣਾਈ ਗਈ ਹੈ। ਇਸਦੇ ਪਹਿਲੇ, ਦੂਜੇ, ਤੀਜੇ, ਚੌਥੇ, ਪੰਜਵੇਂ ਭਾਗ ਵਿਚ ਭਾਤਖੰਡੇ ਸੁਰ ਲਿਪੀ ਦੇ ਚਿੰਨ੍ਹ, ਆਸਾ ਦੀ ਵਾਰ, ਸ੍ਰੀ ਰਾਗ ਅਤੇ ਗਉੜੀ ਰਾਗ ਬਾਰੇ ਖੋਲ ਕੇ ਜਾਣਕਾਰੀ ਦਿਤੀ

ਗਈ ਹੈ। ਇਹ ਹੀ ਨਹੀਂ ਬਲਕਿ ਇਹਨਾਂ ਵਿਚ ਸੰਗੀਤ ਦੇ ਸ਼ਾਸਤ੍ਰੀਯ ਅਤੇ ਅਮਲੀ ਵਿਸ਼ੇ ਸੰਬੰਧੀ ਜਾਣਕਾਰੀ ਬਹੁਤ ਅੱਛੇ ਢੰਗ ਨਾਲ ਅੰਕਿਤ ਕੀਤੀ ਗਈ ਹੈ। ਸੰਗੀਤ ਦੇ ਵਿਦਿਆਰਥੀ ਅਤੇ ਕੀਰਤਨ ਸਿੱਖਣ ਦੇ ਚਾਹਵਾਨ ਸੱਜਣਾਂ ਲਈ ਇਹ ਕੀਰਤਨ ਸਿੱਖਣ ਦੀ ਪੁਸਤਕ ਬਹੁਤ ਲਾਭਦਾਇਕ ਹੈ। ਅਜਿਹੀ ਪੁਸਤਕ ਰਾਹੀਂ ਸੰਤ ਜੀ ਨੇ ਸਿੱਖ ਪੰਥ ਹੀ ਨਹੀਂ, ਬਲਕਿ ਸਮੁੱਚੇ ਜਗਤ ਦੀ ਵੱਡੀ ਸੇਵਾ ਕੀਤੀ ਹੈ। ਸੰਸਾਰ ਦੇ ਮਸ਼ਹੂਰ ਸੰਗੀਤਕਾਰਾਂ ਵਿੱਚੋਂ ਸੰਤ ਸਰਵਣ ਸਿੰਘ ਗੰਧਰਵ (ਡਬਲ ਐਮ.ਏ.) ਜੀ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਅੰਕਿਤ ਹੋਵੇਗਾ ਅਤੇ ਸੰਤ ਜੀ ਸੂਰਜ ਦੀ ਰੋਸ਼ਨੀ ਵਾਂਗ ਸੰਗੀਤ ਰਾਹੀਂ ਆਪਣੇ ਗਿਆਨ ਦਾ ਪਸਾਰਾ ਦੁਨੀਆਂ ਦੇ ਹਰੇਕ ਖੇਤਰ ਵਿਚ ਕਰਨਗੇ। ਜਿਵੇਂ ਸੂਰਜ ਦੀਆਂ ਕਿਰਨਾਂ ਹਨੇਰੇ ਨੂੰ ਦੂਰ ਕਰਦੀਆਂ ਹਨ, ਫੁੱਲਾਂ ਨੂੰ ਭਿੰਨ-ਭਿੰਨ ਰੰਗ ਪ੍ਰਦਾਨ ਕਰਦੀਆਂ ਹਨ ਅਤੇ ਇਹਨਾਂ ਵਿਚ ਖੁਸ਼ਬੂ ਪਾਉਂਦੀਆਂ ਹਨ ਅਤੇ ਅਨੇਕਾਂ ਬਿਮਾਰੀਆਂ ਦੂਰ ਕਰਦੀਆਂ ਹੋਈਆਂ ਪ੍ਰਕਿਰਤੀ ਨੂੰ ਵਧਾਉਣ ਵਿਚ ਸਹਾਇਕ ਹੁੰਦੀਆਂ ਹਨ, ਉਸੀ ਪ੍ਰਕਾਰ ਮਹਾਨ ਸੰਗੀਤਕਾਰ ਸੰਤ ਸਰਵਣ ਸਿੰਘ ਗੰਧਰਵ (ਡਬਲ ਐਮ.ਏ.) ਡੁਮੇਲੀ ਵਾਲਿਆਂ ਨੇ ਆਪਣੀ ਇਸ ਮਹਾਨ ਕਲਾ ਦੁਆਰਾ ਸੰਗੀਤ ਦੇ ਖੇਤਰ ਵਿਚ ਇਕ ਅਜਿਹੀ ਜੋਤ ਜਗਾ ਦਿੱਤੀ ਹੈ ਜਿਹੜੀ ਰਹਿੰਦੀ ਦੁਨੀਆਂ ਤੀਕ ਜਗਦੀ ਰਹੇਗੀ। ਸੰਤ ਜੀ ਦਾ ਆਪਣਾ ਜੀਵਨ ਬੜਾ ਸੱਚਾ ਤੇ ਸੁੱਚਾ ਹੈ। ਸੰਤ ਜੀ ਨੇ ਆਪਣਾ ਸਾਰਾ ਜੀਵਨ ਪਰਉਪਕਾਰ ਤੇ ਹੀ ਲਾਇਆ ਹੈ"।

ਸੰਤ ਸਰਵਣ ਸਿੰਘ ਗੰਧਰਵ ਦੁਆਰਾ ਲਿਖੀਆਂ ਬੰਦਸ਼ਾਂ ਨੂੰ ਗਾਉਣਾ ਆਮ ਗਾਇਕ ਦੇ ਵਸ ਦੀ ਗੱਲ ਨਹੀਂ ਹੈ। ਜਿਹੜਾ ਗਾਇਕ ਰੋਜ਼ਾਨਾ ਅਭਿਆਸ ਅਤੇ ਸੁਰ ਲਗਾਉਣ ਦੀ ਪੂਰਨ ਜਾਣਕਾਰੀ ਰੱਖਦਾ ਹੈ ਉਹੀ ਇਨਾਂ ਬੰਦਸ਼ਾਂ ਨੂੰ ਗਾ ਸਕਣ ਦਾ ਹੌਂਸਲਾ ਕਰ ਸਕਦਾ ਹੈ।

ਡਾ. ਗੁਰਨਾਮ ਸਿੰਘ ਅਨੁਸਾਰ "ਆਪ ਨੇ ਆਪਣੀਆਂ ਪੁਸਤਕਾਂ ਵਿਚ ਪ੍ਰਯੋਗ ਕੀਤੇ ਗਏ ਰਾਗਾਂ, ਰਾਗ ਪ੍ਰਕਾਰਾਂ, ਮਿਸ਼ਰਤ ਰਾਗਾਂ, ਵਿਭਿੰਨ ਰਾਗ ਸਰੂਪਾਂ ਦੀਆਂ ਅਦਭੁੱਦ ਬੰਦਸ਼ਾਂ ਤਿਆਰ ਕੀਤੀਆਂ ਹਨ। ਇਹਨਾਂ ਦੇ ਰਾਗ ਸਰੂਪਾਂ ਅਤੇ ਸ਼ਾਸਤਰ ਵਿਖਿਆਨ ਵਿਚਲੀ ਮੌਲਿਕਤਾ ਸੰਗੀਤ ਦੀ ਨਿਵੇਕਲੇ ਰਾਹ ਰੁਸ਼ਨਾਉਂਦੀ ਹੈ। ਗੰਧਰਵ ਸਾਹਿਬ ਕੋਲ ਬਾਣੀ, ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੀ ਸੂਖਮ ਸੂਝ ਸੀ ਅਤੇ ਇਨ੍ਹਾਂ ਤਿੰਨਾਂ ਵਿਚ ਸੰਤੁਲਨ ਰੱਖ ਸਕਣ ਨੂੰ ਆਪ ਨੇ ਆਪਣਾ ਆਦਰਸ਼ ਬਣਾਇਆ ਹੈ। ਕਿਸੇ ਹੱਦ ਤੱਕ ਇਹ ਬੰਦਸ਼ਾਂ ਸਾਧਾਰਣ ਗਾਇਕ ਦੇ ਵਸੋਂ ਬਾਹਰ ਦੀ ਵਸਤ ਵੀ ਹਨ ਕਿਉਂਕਿ ਇਹਨਾਂ ਦੇ ਗਾਇਨ ਲਈ ਸੰਗੀਤ ਦੀ ਪੂਰਨ ਸੂਝ, ਰਿਆਜ਼ ਤੇ ਆਵਾਜ਼ ਦੀ ਆਵਸ਼ੱਕਤਾ ਹੈ। ਜਿਥੇ ਕਿਤੇ ਵੀ ਰਾਗਾਂ ਦੇ ਸਰੂਪਾਂ ਦੇ ਸਬੰਧੀ ਵਖਰੇਵੇ ਤੇ ਭਿੰਨਤਾ ਪਾਈ ਜਾਂਦੀ ਹੈ ਉਥੇ ਸੰਤ ਸਰਵਣ ਸਿੰਘ ਦਾ ਮੱਤ ਸਪੱਸ਼ਟ ਤੇ ਨਿਰਛਲ ਹੈ। ਇਹ ਉਨ੍ਹਾਂ ਦੀ ਲਿਖਤ ਦਾ ਵਡੇਰਾ ਗੁਣ ਹੈ"।

ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ 'ਸੁਰ ਸਿਮਰਨ ਸੰਗੀਤ' (ਸੱਤ ਭਾਗਾਂ) ਵਿਚ ਜਿਥੇ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਨਾਲ ਸਬੰਧਿਤ ਵਿਸ਼ਾਲ ਸਮੱਗਰੀ ਦਾ ਸੰਕਲਨ ਕੀਤਾ ਹੈ ਉਥੇ ਅਨੇਕ ਵਿਸ਼ੇਸ਼ ਰਾਗ ਪ੍ਰਯੋਗ ਵਿਚ ਲਿਆਂਦੇ ਹਨ।

ਡਾ. ਗੁਰਨਾਮ ਸਿੰਘ ਅਨੁਸਾਰ ਇਹ ਰਾਗ ਇਸ ਪ੍ਰਕਾਰ ਹਨ-'ਅਨੰਦਪੁਰੀ ਕਾਨੜਾ, ਅਨੰਦੀ ਕੇਦਾਰ, ਆਡੰਬਰੀ ਕੇਦਾਰ, ਆੜਾਨਾ ਕਾਨੜਾ, ਔੜਵ ਤੁਖਾਰੀ, ਇਮਨ ਕਲਿਆਣ, ਸੰਗਮ ਕੇਦਾਰ, ਸਰਵਣ ਸਾਰੰਗ, ਸਰਵਣ ਕਾਨੜਾ, ਸਰਵਣ ਗੌਂਡ, ਸਰਵਣ ਟੋਡੀ, ਸਰਵਣ ਭੈਰਉ, ਸਰਵਣ ਮਲ੍ਹਾਰ, ਸਰਵਨ, ਸਾਰੰਗ ਗੌਂਡ, ਸਾਰੰਗ ਗੌਲ, ਸਾਰੰਗਾ ਸਾਰੰਗ, ਸਾਵਨੀ ਨਟ, ਸਿੰਘ ਸਰਵਣ ਕੇਦਾਰ, ਸਿੰਘ ਸਰਵਣ ਨਾਟ, ਸਿੰਧੂ ਬਹਾਰ, ਸੂਹਾ ਬਿਲਾਵਲ, ਸੋਰਠਿ ਮਾਝ, ਸ਼ਿਆਮ ਕਾਨੜਾ, ਸ਼ੁੱਧ ਗਉੜੀ, ਹੰਸ ਕਲਿਆਣ, ਹੰਸ ਨਟ, ਹਮੀਰ ਨਟ, ਹੋਲੀ, ਕਬੀਰ ਭੈਰਉ, ਕਮਲ ਰੰਜਨੀ, ਕਾਨੜਾ ਬਹਾਰ, ਕਾਨੜਾ ਮਲ੍ਹਾਰ, ਕਾਫੀ ਸੂਹੀ, ਕਾਫੀ ਕਾਨੜਾ, ਕੇਦਾਰ ਬਹਾਰ, ਕੇਦਾਰ ਮਲਾਰ, ਖਵਾਜਾ ਕਲਿਆਣ, ਗੰਧਰਵ ਸੂਹੀ, ਗੰਧਰਵ ਗੌਂਡ, ਗੰਧਰਵ ਬਿਹਾਗ, ਗੰਧਾਰੀ ਟੋਡੀ, ਗੁੰਜੀ ਕਾਨੜਾ, ਗੁਰਦੇਵ ਸਾਰੰਗ, ਗੁਰਦੇਵ ਮਲ੍ਹਾਰ, ਚੰਦ੍ਰਿਕਾ ਗੌਂਡ, ਛਾਇਆ ਮਲ੍ਹਾਰ, ਜਯੰਤ ਕਾਨੜਾ, ਜਲਧਰ ਕਲਿਆਣ, ਜਲਧਰ ਮਲ੍ਹਾਰ, ਜੈਜ ਬਿਲਾਵਲ, ਜੈ ਜੈ ਵੰਤੀ ਟੋਡੀ, ਜੋਗ ਮਲ੍ਹਾਰ, ਤਿਲੰਗ ਜੋਗ, ਦਖਿਣੀ ਸੂਹੀ, ਦੁਰਗਾ ਕਲਿਆਣ, ਨਟ ਕਲਿਆਣ, ਨਟ ਕੇਦਾਰ, ਨਾਰਾਇਣ ਗੌਂਡ, ਪੰਚ ਕਲਿਆਣ, ਪੰਤ ਗੌਂਡ, ਪ੍ਰਭਾਤ ਕਿਰਣ, ਬਸੰਤ ਕਲਿਆਣ, ਬਸੰਤ ਕੇਦਾਰ, ਬਸੰਤ ਟੋਡੀ, ਬਰਸਾਤੀ ਮਲਾਰ, ਬੀਹੜ ਭੈਰਉ, ਮਹੀਂਦਰ ਭੈਰਉ, ਮਧੁਪ ਕਲਿਆਣ, ਮਧੂ ਮਲਾਰ, ਮਾਝ ਖਮਾਜੀ, ਮਾਰੂ

ਤਿਲੰਗ, ਮਾਲਗੁੰਜੀ ਕਾਨੜਾ, ਮਾਲਤੀ ਬਸੰਤ, ਮੁਲਤਾਨੀ ਧਨਾਸਰੀ, ਮੋਹਨ ਕਲਿਆਣ, ਮੋਟਕੀ ਟੋਡੀ, ਯਸ਼ ਰੰਜਨੀ, ਯਮਨੀ ਮਾਝ, ਰੰਜਨੀ, ਰਾਗੇ ਸ੍ਰੀ ਕਾਨੜਾ, ਰਾਗੇ ਸ੍ਰੀ ਬਹਾਰ, ਰਾਜ ਕਲਿਆਣ, ਰੇਵਤੀ ਕਾਨੜਾ, ਲਹਿਦਾ, ਲੱਛਾ ਸਾਖਾ ਬਿਲਾਵਲ, ਲਲਿਤ ਕਲੀ, ਵਡਹੰਸ ਸਾਰੰਗ, ਵੇਣੀ ਕੇਦਾਰ ਆਦਿ'।

**ਸੰਤ ਹਰਚੰਦ ਸਿੰਘ ਲੌਂਗੋਵਾਲ** ਅਨੁਸਾਰ "ਹਜ਼ਾਰਾਂ ਸੰਗੀਤ ਦੇ ਵਿਦਿਆਰਥੀਆਂ ਨੇ ਸੁਰ ਸਿਮਰਨ ਸੰਗੀਤ ਰਾਹੀਂ ਗੁਰਬਾਣੀ ਦੇ ਕੀਰਤਨ ਦੀ ਅਮੋਲਕ ਦਾਤ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਉਹ ਸੰਤ ਸਰਵਣ ਸਿੰਘ ਜੀ, ਡਬਲ ਐਮ.ਏ. ਗੰਧਰਵ ਡੁਮੇਲੀ ਵਾਲਿਆਂ ਦੇ ਮਹਾਨ ਉਦਮ ਸਦਕਾ ਰਾਗ ਵਿਦਿਆ ਵਿਚ ਪ੍ਰਵੀਨ ਹੋ ਕੇ ਕੀਰਤਨ ਰਾਹੀਂ ਸਿੱਖੀ ਦੀ ਸੇਵਾ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦੇਸ-ਪਰਦੇਸ ਦੇ ਗੁਰਧਾਮਾਂ ਵਿਚ ਕੀਰਤਨ ਕਰਨ ਵਾਲੇ ਅਨੇਕ ਰਾਗੀ ਸਿੰਘਾਂ ਨੇ ਇਸ ਅਮੋਲਕ ਸੰਗੀਤ ਗ੍ਰੰਥ ਰਾਹੀਂ ਲਾਭ ਉਠਾਇਆ ਹੈ"।

**ਪ੍ਰੋ. ਜਗਜੀਤ ਕੌਰ** ਅਨੁਸਾਰ "ਸੰਤ ਸਰਵਣ ਸਿੰਘ ਜੀ 'ਗੰਧਰਵ' ਦੁਆਰਾ ਲਿਖਿਤ ਸੁਰ ਸਿਮਰਨ ਸੰਗੀਤ ਗੁਰਮਤਿ ਸੰਗੀਤ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਇਨ੍ਹਾਂ ਪੁਸਤਕਾਂ ਵਿਚ ਆਪ ਨੇ ਗੁਰਮਤਿ ਸੰਗੀਤ ਨੂੰ ਪੂਰਨ ਤੌਰ ਤੇ ਭਾਰਤੀ ਸੰਗੀਤ ਨਾਲ ਜੋੜਨ ਤੇ ਭਾਰਤੀ ਸੰਗੀਤ ਦੇ ਸੰਦਰਭ ਵਿਚ ਪ੍ਰਸਤੁਤ ਕਰਨ ਦੀ ਵਿਧਾ ਨੂੰ ਦ੍ਰਿੜਾਇਆ ਹੈ। ਇਸ ਕਾਰਜ ਦੇ ਅੰਤਰਗਤ ਆਪ ਨੇ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਭਿੰਨ-ਭਿੰਨ ਰਾਗਾਂ, ਭਿੰਨ-ਭਿੰਨ ਤਾਲਾਂ ਤੇ ਭਿੰਨ-ਭਿੰਨ ਗਾਇਨ ਸ਼ੈਲੀਆਂ ਵਿਚ ਮੌਲਿਕ ਬੰਦਸ਼ਾਂ ਦੀ ਰਚਨਾਂ ਕਰਕੇ ਉਨ੍ਹਾਂ ਨੂੰ ਸੁਰ ਲਿਪੀ ਬੱਧ ਕੀਤਾ ਹੈ। ਗੰਧਰਵ ਸਾਹਿਬ ਦੀ ਕਲਮ ਸੰਗੀਤ ਦੇ ਵਿਸਤਾਰਾਂ ਸਮੇਂ ਨਾਂ ਰੁਕੀ ਹੈ ਨਾਂ ਅਟਕੀ ਹੈ। ਰਾਗਾਂ ਦੇ ਪਰਿਚਯ, ਇਨ੍ਹਾਂ ਦੇ ਵੱਖ-ਵੱਖ ਪ੍ਰਕਾਰ, ਰਾਗਾਂ ਵਿਚ ਭਿੰਨ-ਭਿੰਨ ਬੰਦਸ਼ਾਂ, ਤਾਲਾਂ ਦਾ ਵਿਸਤਾਰ, ਸੰਗੀਤ ਸਿਧਾਤਾਂ ਦੀ ਵਿਆਖਿਆ, ਭਿੰਨ-ਭਿੰਨ ਸੰਗੀਤ ਮੱਤਾਂ ਦਾ ਬੇਟੋਕ ਬੇਅਟਕ ਵਰਣਨ ਆਪ ਦੇ ਹਿਸੇ ਹੀ ਆਇਆ ਹੈ। 'ਸੁਰ ਸਿਮਰਨ ਸੰਗੀਤ' ਨਾਮਕ ਪੁਸਤਕਾਂ ਨੂੰ ਗੁਰਮਤਿ ਸੰਗੀਤ ਪ੍ਰਤੀ ਹੀ ਨਹੀਂ ਸਗੋਂ ਭਾਰਤੀ ਸੰਗੀਤ ਲਈ ਵੀ ਵਡਮੁੱਲਾ ਯੋਗਦਾਨ ਹੈ। ਪੰਜਾਬੀ ਭਾਸ਼ਾ ਵਿਚ ਕਿਸੇ ਇਕ ਵਿਅਕਤੀ ਦੁਆਰਾ ਰਚਿਤ ਤੇ ਪ੍ਰਕਾਸ਼ਿਤ ਇਹ ਕਾਰਜ ਆਪਣੇ ਆਪ ਵਿਚ ਇਕ ਨਿਵੇਕਲਾ ਮਿਸਾਲ ਹੈ"।

ਸੰਤ ਸਰਵਣ ਸਿੰਘ ਜੀ ਗੰਧਰਵ 'ਸੁਰ ਸਿਮਰਨ ਸੰਗੀਤ' ਪੁਸਤਕ ਦਾ ਛੇਵਾਂ ਭਾਗ ਤਿਆਰ ਕਰਵਾ ਕੇ ਅਤੇ ਸੱਤਵਾਂ ਭਾਗ ਪੂਰਾ ਲਿਖਵਾਉਣ ਉਪਰੰਤ, ਇਸਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ 9 ਫਰਵਰੀ 1992 ਨੂੰ ਸੱਚਖੰਡ ਜਾ ਵਿਰਾਜੇ। ਉਨ੍ਹਾਂ ਦੇ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੀ ਹੋਣਹਾਰ ਸ਼ਗਿਰਦ ਬੀਬੀ ਇੰਦਰਜੀਤ ਕੌਰ ਨੇ ਇਨਾਂ ਅੰਕਾਂ ਨੂੰ ਛਪਵਾਉਣ ਦੀ ਸੇਵਾ ਨਿਭਾਈ।

## ਹਵਾਲੇ ਅਤੇ ਟਿੱਪਣੀਆਂ


- ਸੇਵਕ ਸਿੰਘਉਪਲ, ਵਦੇਸ਼ ਫੇਰੀ, ਮਿਤੀਹੀਨ, ਪੰਨਾ 8-9.
- ਸੇਵਕ ਸਿੰਘ ਉਪਲ, ਵਦੇਸ਼ ਫੇਰੀ, ਮਿਤੀਹੀਨ, ਪੰਨਾ 11-12.
- Dr. Bakhshish Singh Nijjar, History of Village Domeli and Lutera Khurd. Page 36.
- ਡਾ. ਗੁਰਨਾਮ ਸਿੰਘ, ਰੋਜ਼ਾਨਾ 'ਅਜੀਤ' ਜਲੰਧਰ, ਧਰਮ ਤੇ ਵਿਰਸਾ ਅੰਕ, ਗੁਰਮਤਿ ਸੰਗੀਤ ਪ੍ਰੰਪਰਾ-133,ਮਿਤੀ 16 ਜੁਲਾਈ 2013, ਪੰਨਾ 8.
- ਸ. ਹਰਤਾਜ ਸਿੰਘ (ਸਾਥੀ ਰਾਗੀ ਸੰਤ ਸਰਵਣ ਸਿੰਘ ਗੰਧਰਵ) ਨਾਲ ਕੀਤੀ ਇੰਟਰਵਿਊ ਦੇ ਅਧਾਰਿਤ, ਮਿਤੀ 7.12.2013, ਰਿਹਾਣਾ ਜੱਟਾਂ (ਕਪੂਰਥਲਾ)
- ਜਥੇਦਾਰ ਦਰਸ਼ਨ ਸਿੰਘ ਖਾਲਸਾ, ਸੁਰ ਸਿਮਰਨ ਸੰਗੀਤ (ਭਾਗ ਪੰਜਵਾਂ), ਜਨਵਰੀ 2006, ਪੰਨਾ 13-14.
- ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪੰਨਾ 194.
- Dr.Gurnam Singh, Gurmat Sangit Terminology, 2012.
- ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰ ਸਿਮਰਨ ਸੰਗੀਤ (ਭਾਗ ਤੀਸਰਾ), ਜਨਵਰੀ 2006, ਪੰਨਾ 14.
- ਪ੍ਰੋ. ਜਗਜੀਤ ਕੌਰ, ਵਿਸਮਾਦੁ ਨਾਦ, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 96.

National Level.

प्रेम-प्रोत्साहन-प्रतिभा का प्रतीक

# अभिनव इमरोज़

Abhinav Imroz

वर्ष-3, अंक-6, जून, 2014

मासिक पत्रिका रु. 50/-



## कविता

धरती के वक्ष पर पैर जमाये
खड़े हैं परन विहीन वृक्ष
आसमान में छाये हैं
लाल रेत के बादल
रेगिस्तान् के जहाज ने भी
टेक दिये हैं अपने धुटने,
पानी की तलाश में भटकते
पक्षियों के बेजान जिस्म
पड़े हैं यहाँ–वहाँ,
थकी हुई आँखों को
तलाश है इक किनारे की....
कभी तो खत्म होगा रेत का यह सफर
और दिखेगी
हरी मलमली चादर
नीला आसमान
और नीला पानी....

चित्रकार : व्यापक पण्ड्या
(09.11.2009)
574, मंगल ज्योत सोसाइटी,
संतरामपुर–389260 गुजरात





## कविता

हरे, पीले और बैंजनी
से कुछ रंग घुल–मिल गये हैं
कागज़ के बेजान टुकड़े पर
झलकने लगे हैं
न जाने कितने ही अक्स इन रंगों में....
नीले पर पीले रंग ने चलाया है जादू
और सरसराने लगी है घास
कुछ वैसे ही जैसे
दो बिल्कुल अनजान राही
जाने अनजाने टकरा जाते हैं
कॉफी हाउस में, गोलगप्पे के ठेले पर
फेस बुक में या व्हॉट्स एप पर....
अनायास ही खुलता है
रंगों का तिलस्मी ख़ज़ाना
कछ समय तक अकड़–अकड़ कर
चलती रेखाएँ
धीरे–धीरे एक–दूसरे को रंगने लगती हैं
अपने–अपने रंग में
और दूर क्षितिज पर बजती हैं घंटियाँ
रंगों के इस अदभुत मिलन को देखकर.....



डॉ. मालिनी गौतम
मो. : 09427078711

जीवनदायिनी भी है और पूजनीय भी है– यह बात हल–बैल वाले किसान से लेकर सीमाओं पर पहरा देते जाँबाज़ सैनिकों तक कौन नहीं जानता या मानता? ऐसी परमपूज्य वत्सला, वसुन्धरा के नमन और पूजन से बड़ी और कौन सी अर्चना हो सकती है? इसीलिए, इस गूँजते गरजते शंखनाद जैसे गीत में भूमि को 'बहुबल धारिणीं, नमामि तारिणीं, रिपुदल वारिणीं....' जैसे अलंकारों से सुशोभित किया गया है।

कभी–कभी सोचता हूँ कि आज के छिछले, खोखले और भ्रष्ट नेताओं में भला कितने ऐसे होंगे जिन्हें यह पूरा गीत कंठस्थ होगा? और यदि वह इसका प्रयास भी करें तो अधिकांश के चेहरों पर हवाइयाँ उड़ने लगेंगी, उनके गले सूख जायेंगे, जबड़े ऐंठ जायेंगे और मुँह से झाग निकलने लगेंगे। आश्चर्य है कि इन्हीं में से कुछ ऊँचे–ऊँचे पद हथियाने का स्वप्न भी संजो रहे हैं।

आज बहुत याद आ रहे हैं आज़ादी के वे सैकड़ों सरफिरे (?), दीवाने, मस्ताने और परवाने (करतार सिंह, चाफेकर बन्धु, अनंत कन्हरे, अशफाक, बिस्मिल, आज़ाद, भगत सिंह, राजगुरु व सुखदेव प्रभृति) जिन्होंने 15 से 25 वर्ष की कच्ची आयु में हँसते–गाते छाती पर गोली खाई या फाँसी का फंदा चूमा, 'वन्दे मातरम्' का गगनफाड़ उद्घोष किया और पंच–भूतों में विलीन हो गए। काश! यह दीवानगी फिर से लौटे।

**वन्दे मातरम्!**

सम्पर्क : 'विश्राम' सी–255, मियाँवाली कॉलोनी, गुरुग्राम–122001 (हरियाणा)
मो. : 09482222842

लेख

# लय-स्वर और संगीत

एक डच मनोचिकित्सक जूस्ट मीरलो का विचार है कि लय का आकर्षण मनुष्य को माता के गर्भ में ही प्राप्त हो जाता है : "लय वह प्रथम ऐंद्रिक अनुभव है जो लोगों को, उनके जन्म से भी पूर्व, अपने में निमग्न करता है। अपनी माँ के गर्भ में बच्चा जिस दुनिया में रहता है वह पूर्णतः लयात्मक है। उसकी श्रवणेन्द्रिय काम करने को तैयार होती है और वह अपने मातृ–हृदय की धड़कन तथा स्वयं अपने हृदय की धड़कन को ताल–परिवर्तन–युक्त दो–एक की सह–स्वरता में सुनता रहता है। मातृ–हृदय एक मिनट में 80 बार धड़कता है और शिशु–हृदय 160 बार।" .....मानवीय अभिव्यक्ति जितनी ही अधिक लोगों को शिशु–जीवन की (यहाँ तक कि गर्भ–स्थित जीवन की भी) याद दिलाती है उतनी ही अधिक संक्रामक वह अभिव्यक्ति बन जाती है। Dr. Joost Meerlo; Rhythm inthe womb; London : World Digest, October, 1959,

साभार : परिवेश मन और साहित्य, डॉ. त्रिलोक तुलसी, पृ. 293



प्रो० रणजीत सिंह धनोआ

शिशु के प्रथम रुदन की अस्पष्ट ध्वनि ही परिष्कृत होकर स्वर लहरी बनती है, संगीत प्रकृति का प्रथम उपहार है। लय और ताल शिशु कोख से ही लेकर आता है, इसीलिए लय और ताल का मनुष्य के लिए एक रहस्यपूर्ण आकर्षण है। मनुष्य ही क्यों, बहुत से पशु भी लय पर मोहित हैं। बीन के संकेतों पर झूमते हुए साँप, घटाओं की पुकार पर नाचते हुए मोर, संगीत के आवाहन पर दौड़े चले आते हिरन– यह सब लय के आकर्षण को ही प्रगट करते हैं। अतः कह सकते हैं कि लय का आकर्षण मनुष्य को विरासत में मिला है। उसके जैविक स्वभाव का एक अंग है– बहुत कुछ उसकी सहज प्रकृति है। लयबद्ध अभिव्यक्ति भावाभिव्यक्ति

का स्वाभाविक ढंग है। भावावेश में चीखना या तरह–तरह की आवाज़ें निकालना स्वाभाविक है– कला इन चीखों को नियन्त्रित करके, उन्हें विशेष ढंग से संयोजित करके, संगीत बना देती है।

गाँव और कबीले तो मानव–सभ्यता के उद्भव काल से ही नृत्य और संगीत में रमे हुए थे। मानव ने आदिकाल से ही लय की प्रवृत्ति को लोकसंगीत से परिभाषित कर लिया था और जब सभ्यता विकसित हुई, लय भी क्रमबद्ध और शिल्पबद्ध हुई और यह कला और संस्कृति का एक अहम हिस्सा बनकर शास्त्रीय संगीत की श्रेणी में आ गई।

संगीत कला की आत्मा है। संगीत में प्रतिरूप के लिए कोई स्थान नहीं है, इसलिए वह पूर्णतया अमूर्त कला है– वाद्य संगीत में केवल नाद है, कोई प्रतिरूप नहीं, कोई विचार नहीं : शास्त्रीय गायन में भी एक–आध पंक्ति को ही बार–बार दोहराया जाता है, उसके शाब्दिक अर्थ महत्त्व नहीं रखते और तराना गाते समय तो यह पंक्ति भी छोड़ दी जाती है। प्रत्येक कला, संगीत की स्थिति में पहुँचने की कामना करती है– प्रतिरूप को पूर्णतया छोड़कर मात्र रूप बन जाना चाहती है।

संगीत में भी, जहाँ यह प्रतिरूप अप्रासंगिक है, इस की उपेक्षा बाधक भी बन सकती है। शास्त्रीय संगीत में भी गायक को एक–आध पंक्ति बार–बार दोहरानी पड़ती है। यह पंक्ति बीज–रूप में प्रतिरूप है। साधरणतया गायक इस पर ध्यान नहीं देता और इसे तरह–तरह से वह दुहराता रहता है– उसके लिए महत्त्व इसी बात का है कि वह लय और ताल की दृष्टि से चूक न करे। किन्तु प्रतिरूप की यह उपेक्षा कभी–कभी संगीत के आस्वादन में बाधा भी बन सकती है। एक संगीत–सम्मेलन में एक उस्ताद राग पटदीप गा रहे थे। बोल थे– "पिया नहीं आये।" बड़े जोर–शोर से वे गलेबाज़ी के करतब दिखा रहे थे– "पिया नहीं आये, पिया नहीं आये।" तभी एक सज्जन उठ खड़े हुए और बड़ी नम्रता से बोले– "उस्ताद जी, यदि इस समय पिया आ भी गये तो आपकी शंकल देख कर लौट जायेंगे।"

प्रतिरूप का अत्यधिक हस्तक्षेप संगीत के कलात्मक आस्वादन में कैसे बाधा बन सकता है, इसका एक रोचक उदाहरण देखें– किस्सा 1945 के हरवल्लभ संगीत–सम्मेलन मेले का है। उन दिनों देश में आज़ाद हिन्द फ़ौज के मुकदमे के कारण एक उग्र राजनीतिक वातावरण बना हुआ था। जालन्धर के इस विख्यात समारोह में संगीत–प्रेमी दत्तचित्त होकर प्रसिद्ध संगीतकारों की कला का आस्वादन कर रहे थे। तभी एक स्थानीय गायक ने मंच पर एक देशप्रेम का गीत गा दिया। उसके बोल कुछ इस प्रकार के थे :–

**साडा इक्को सुभाष है वीर काफ़ी,**
**बिल्ले मोड़ बिलैत असीं बाड़ देणे।**

(हमारा एक ही सुभाष है वीर काफ़ी; बिल्ली आँखों वाले अंग्रेजों को मोड़ कर विलायत में हम धकेल देंगे।)

**ऐ हिन्दी मत अफ़सोस कर जाति तेरी खुशहाल है,**
**अभी तो गोदी में जवाहर लाल जैसा लाल है।**

बस फिर क्या था। सारे श्रोता उत्तेजित हो उठे। 'जय हिन्दी', 'नेता जी ज़िन्दाबाद', 'जवाहरलाल की जय' प्रभृति नारों से पाण्डाल गूँज उठा। उसके बाद बड़े–बड़े कलाकार मंच पर आये किन्तु फीके पड़ गये। कोई भी जम न सका। अमूर्त संगीत कला प्रतिरूपों की परिधि में नहीं बाँधी जा सकती।

संगीत के ऐतिहासिक पहलू पर नज़र डालें तो लोकसंगीत एवं शास्त्रीय संगीत का अपना–अपना महत्त्व है। वैदिक काल से ही 'लोक' शब्द का प्रयोग होता आया है। भरत के नाट्यशास्त्र, महाराजा अशोक के शिलालेख, ऋग्वेद, भगवद्गीता और रामायण आदि ग्रन्थों में भी 'लोक' शब्द का विशेष प्रयोग हुआ है। लोककला, लोकसंगीत और लोकसाहित्य आदि शब्दों में 'लोक' शब्द का प्रयोग होने के कारण इसे विशेष महत्त्व मिला है।

हज़ारों वर्ष पहले जब मानव सभ्यता के विकासात्मक दौर से गुज़र रहा था उस समय भी उसके हृदय में प्रकृति और जीवन सौन्दर्य के प्रति विशेष लगाव और आकर्षण था। अपने भीतरी भावों को प्रकट करने के लिये वह लालायित रहता। समाज के विकास के साथ–साथ उसने संगीत और सामूहिक नृत्य के महत्त्व को पहचाना। इस प्रकार समाज में राष्ट्रप्रेम, वीरपूजा, सामाजिक व धार्मिक उत्सवों आदि में नृत्य करने और गाने की प्रथा का आरम्भ हुआ। मनुष्य के स्वभाव का यह स्वाभाविक प्रकटीकरण ही लोकसंगीत के रूप में सामने आया।

लोकसंगीत मनुष्य के दुःख–सुख, मौलिकता और दिन–प्रतिदिन के अनुभवों के साथ जुड़ा हुआ है। यह शास्त्रीय संगीत से कहीं अधिक प्राचीन है।

किसी भी देश, कबीले अथवा जाति का कोई मनुष्य, जब अपने हृदय के भावों को प्रकट करना चाहता है जब उसके सुर और लय मिल कर संगीत उत्पन्न करते हैं। वही लोकसंगीत है।

लोकसंगीत और शास्त्रीय संगीत दोनों ही वैदिक काल से, साथ–साथ चले आ रहे हैं। शास्त्रीय संगीत, शास्त्र नियमबद्ध होता है जबकि लोकसंगीत नियमों से मुक्त होता है। लोकसंगीत में सुनिश्चित ज्ञान अनिवार्य नहीं है। जो धुन या गीत लोगों में बहुत प्रसिद्ध हो जाये और आम आदमी की भावनाओं को प्रगट करे चाहे कोई चीखो–पुकार ही क्यों न हो वह परिष्कृत एवं विशिष्टीकृत होकर लोकसंगीत बन जाती है। लोकसंगीत प्राकृतिक कला है। इसे सीखने के लिये किसी विशेष अभ्यास अथवा विशेष गुरु की आवश्यकता नहीं। इसकी गाने–बजाने की विधि सरल होने के कारण, हर व्यक्ति इसे अपने–अपने तरीके से गा–बजा लेता है। लोकसंगीत में शब्दों का महत्त्व शास्त्रीय संगीत के मुकाबले ज़्यादा है। लोकसंगीत में शब्दों में लय अपने आप ही निकल पड़ती है, इसी कारण इसे सहायक वाद्य–यन्त्रों की भी आवश्यकता नहीं पड़ती। जहाँ लोकसंगीत में ताल और लय की प्रधानता होती है वहाँ शास्त्रीय संगीत में सुर, राग और ताल पर विशेष ध्यान दिया जाता है। लोकसंगीत प्रस्तुत करने के लिये किसी विशेष तैयारी की ज़रूरत नहीं होती। गाँव के किसी नुक्कड़, गली, चौपाल, खेत, कुएँ का थाँवला, दुकान अथवा किसी भी स्थान पर इसका सफल प्रदर्शन किया जा सकता है जबकि शास्त्रीय संगीत के लिये विशेष तैयारी की आवश्यकता होती है। बहुत से वाद्य–यन्त्र ऐसे हैं कि जब वे शास्त्रीय संगीत के साथ बजते हैं तो उनकी समझ मुश्किल से आती है पर जब वे ही वाद्य–यन्त्र लोकसंगीत .के साथ बजते हैं तो वे बहुत आनन्द प्रदान करते हैं जैसे फरोदस्त ताल, दीपचन्दी ताल, मिरज़े की चाल आदि।

यद्यपि आज के सामाजिक रीति–रिवाज़ों और फोकी नैतिकता के कारण, लोकसंगीत भी प्रभावित हुए बिना नहीं रह सका पर फिर भी ग्रामीण लोगों और खासकर आदिवासी लोगों ने इस संगीत को सम्भाल कर रखा है। हर वर्ग के घरों में, खुशी–ग़मी के मौकों पर गाये जाने वाले संगीत में यह मौजूद होता है।

चाहे अज्ञानता के कारण अथवा किसी स्वरलिपि पद्धति के न होने के कारण, लोकसंगीत की असंख्य धुनें बच नहीं सकीं। और वे लुप्त हो गई हैं परन्तु आजकल लोकसंगीत और लोक वाद्य–यन्त्रों को बचाने की अनथक कोशिश हो रही है। प्राचीन लोकगीतों की स्वरलिपियाँ तैयार की जा रही हैं। लोक साज़ों के मौलिक स्वरूप को सुरक्षित रखने के लिये प्रदर्शनियाँ लग रही हैं। इसलिये पंजाबी विश्वविद्यालय पटियाला के संगीत विभाग के अध्यक्ष डॉ. गुरनाम सिंह द्वारा किये गये अथवा किये जा रहे कार्य श्लाघनीय हैं। अंत में यही कहा जा सकता है कि लोकसंगीत का, मनुष्य जाति के साथ युगों–युगों से सम्बन्ध है। जब तक मनुष्य जाति रहेगी तब तक लोकसंगीत का सम्बन्ध इसके साथ बना रहेगा।

भारतीय संगीत के इतिहास को जानने के लिये विद्वानों ने इसे तीन भागों में बाँटा है–

1. अति प्राचीन काल (3000 ई.पू. से 1000 ई.पू. तक)
2. प्राचीन काल (1000 ई.पू. से 800 ई.पू. तक)
3. मध्य काल (800 ई.पू. से 1800 ई. तक)
4. आधुनिक काल (1800 ई. से अब तक)

पंडित विष्णु दिगम्बर प्लुस्कर और विष्णु नारायण भातखण्डे की सर्वजनीन शिक्षा–प्रणाली को, प्रजातान्त्रिक युग में एक नया जीवन मिला। संगीत को, स्कूल और कॉलेजों में एक विशेष विषय के रूप में शामिल किया गया। निर्धारित पाठ्यक्रम के अनुसार इसकी शिक्षा आरम्भ हुई। शिक्षा संस्थाओं में मिडल क्लास से लेकर पी–एच.डी. तक, इस विषय की शिक्षा दी जाने लगी है। हमारे देश में संगीत शिक्षा का प्रचार और प्रसार बहुत तेज़ी से हुआ है। संगीत कला कुछ विशेष लोगों की न होकर, आम लोगों की सम्पत्ति बन गई है।

व्यावहारिक दृष्टिकोण से देखें तो संगीत मनोरंजन करने के साथ–साथ रोज़गार का भी बढ़िया साधन बन गया है। आज के ज़माने में संगीत कला का ज्ञाता कम से कम रोज़गार से तो वंचित नहीं रह सकता। वह बड़े

आराम से अपनी तथा अपने परिवार की रोटी का जुगाड़ कर सकता है। वह प्राईवेट संगीत अकादमी खोलकर जहाँ आम लोगों में इस अनमोल कला को बाँटता है वहीं मासिक फीस लेकर अपना परिवार चला सकता है। संगीत विषय की पढ़ाई करके स्कूलों में संगीत का अध्यापक बनकर अपनी सेवाएँ प्रदान कर सकता है। आजकल तो विवाह, शादियों में और खुशी–ग़मी के मौकों पर संगीतकार, कार्यक्रम पेश करके अच्छा पैसा कमा रहे हैं। आजकल तो कैसेट और सी.डी. का भी ज़माना है। कई कलाकार अपनी मधुर आवाज़ को रिकार्ड करवाकर काफ़ी पैसा कमा रहे हैं। नये–नये चैनलों ने भी इन कलाकारों को स्थापित करने में अहम भूमिका निभाई है। जो भी गीत, लोकगीत, शब्द, भजन इन चैनलों पर हिट हो जाता है, उसके कैसेट या सी.डी. धड़ाधड़ बिक जाते हैं। इसलिये कहा जा सकता है कि संगीत कला मनोरंजन के साथ–साथ रोज़गार का भी बढ़िया साधन बन गया है।

पर आज स्थिति यह है कि कुछ संस्थाओं को छोड़कर बाकी संस्थाएं इस विषय से वंचित हैं। यदि इस विषय को स्कूल स्तर से लेकर विश्वविद्यालय स्तर तक सभी संस्थाओं में लागू कर दिया जाये तो संगीत के विद्यार्थियों को दूरदराज़ के स्कूलों और कॉलिजों में जाने के लिये परेशान नहीं होना पड़ेगा। साथ ही बढ़ती बेरोज़गारी भी कम होगी। इसके साथ जहाँ संगीत–शिक्षा का प्रसार होगा वहीं जो विद्यार्थी संगीत की एम.ए. करने के बाद नैट का टैस्ट पास कर लेते हैं, पर उन्हें नौकरी नहीं मिलती, वे इन कॉलेजों में अध्यापक के रूप में अपनी सेवाएँ प्रदान कर सकते हैं।

इसके अतिरिक्त यहाँ उन कलाकारों का ज़िक्र करना भी उचित होगा जिनकी शैक्षिक योग्यता कम है पर संगीत की योग्यता बहुत ज़्यादा है। ये कलाकार कुछ खास मौकों पर अपने संगीत के कार्यक्रम पेश करके अपने तथा अपने परिवार का पेट तो पालते ही हैं, साथ ही वे अपने संगीत के ग्रुप के लोगों को भी रोज़गार देते हैं। यहाँ यह बताना ज़रूरी है कि यदि ये कलाकार किसी प्राईवेट संगीत अकादमी या किसी उस्ताद से संगीत की शिक्षा लेकर उच्च कोटि के कलाकार बन सकते हैं तो स्कूल, कॉलेजों और यूनिवर्सिटियों में शिक्षा देकर और भी गुणी कलाकार पैदा किये जा सकते हैं। उपरोक्त चर्चा से यह बात स्पष्ट हो जाती है कि सभी शैक्षिक संस्थाओं में, संगीत विषय लागू करना अत्यन्त आवश्यक हो गया है।

"अंत में हम इस निष्कर्ष पर पहुँचते हैं कि कला के द्वारा नियन्त्रित होकर यह लय जब मनुष्य के अंगों को परिचालित करती है तो वे नाच उठते हैं; जब उसके स्वर को साधती है तो वह संगीत बन जाता है और जब उसकी वाणी में फूट पड़ती है तो उसे कविता बना देती है। शरीर और स्वर मनुष्य को पहले मिले हैं, वाणी बाद में, अतः कह सकते हैं कि इन तीनों बहिन–भाइयों में नृत्य सबसे बड़ा है और कविता सब से छोटी। कविता एक नन्हीं गुड़िया–सी बालिका थी; नृत्य और संगीत उसे तरह–तरह से उछाल कर खेला करते थे। दिन गुज़रते गये। बच्चे बड़े हुए। अपनी–अपनी राह पर चले। प्रत्येक का अपना–अपना अलग संसार बना; अपना–अपना व्यक्तित्व उभरा। वह एक पंक्ति की नन्ही–सी गुड़िया जिसे तोड़–मरोड़ कर नृत्य और संगीत उछालते थे, अब कविता–कामिनी बन गई है।"[1]

"कला के आँगन में नृत्य, संगीत और कविता एक साथ खेलते थे, कभी अलग नहीं होते थे। वास्तव में ये तीनों बहिन–भाई हैं, एक ही माता 'लय' की संतान हैं। बच्चे अलग हो गये तो क्या? हैं तो वे एक ही माँ की संतान। आज भी उनके चेहरों की बनावट को, उनके नाक–नक्शे को देखकर साफ़ पता चलता है कि ये बहिन–भाई हैं। उनका प्यार आज भी घटा नहीं है; एक दूसरे के यहाँ आना–जाना है, उपहारों का पारस्परिक आदान–प्रदान है। नृत्य के पाँव में आज भी संगीत के नूपुर बजते हैं; संगीत के अधरों पर आज भी कविता के बोल थिरकते हैं। और कविता? उसकी तो नस–नस में ही जैसे नृत्य और संगीत समा गये हैं– उसके शब्द नाचते हैं, उसके अक्षर गाते हैं। इसी से कविता को छन्दोबद्ध रचना कहते हैं; शब्दों को इस क्रम से सँवारना और उन्हें छंदों में इस ढंग से बाँटना कि 'लय' की उत्पत्ति हो सके–यही छंद–विधान है।"[2]

1– परिवेश मन और साहित्य, पृष्ठ 215

2– वही, पृष्ठ 216

असिस्टेंट प्रोफेसर एवं अध्यक्ष, संगीत विभाग,
सन्त बाबा दलीप सिंह मैमोरियल, खालसा कॉलेज,
ढुमेली (कपूरथला), मो : 09855453539

Vol. VI
Number-1

NATIONL LEVEL

ISSN 2319-8265
Jan. -Dec.2017

# EDUCATION TIMES

## A Peer Reviewed Journal of Education & Humanities

APH PUBLISHING CORPORATION

# ICT in Teacher Education: Utmost Need of the Hour

Ranjit Singh*

**ABSTRACT**

ICT has converted the world into a global village. With the changes at globalize world, our education system should be ready to meet the challenges of internet era. Teacher training programme in India cannot be continued in old traditional way. ICT based new teaching- learning practices need to be included in B.Ed. and M.Ed. programs to match this digital era. Inclusion of information technology revolutionizes the way of teaching and learning in the effective way. Use of ICT within teacher training programmes around the world is being approached in a number of ways with varying degrees of success. Teacher training programs are expected to produce such teachers who are competent in various skills like teaching skills along with other required skills such as information skills, technological skills, communication skills and socialization skills so that ample employment opportunities await them with open arms. New technology standards for pre-service and practicing teachers include the ability to appropriately select and integrate into instruction technology resources and basic proficiency in the use of technology tools to meet the requirements of globalization. To realize this vision, teacher education should respond to the profound global changes taking place in the world today.

## INTRODUCTION

Education plays a pivotal role in development of nation. The purpose of education is to teach the students art of living on all aspects of life like emotional, physical and value based. A good education system can change the picture of nation. With the changes at globalize world, our education system should be ready to meet the challenges of internet era. The present scenario of teacher education is assumed as traditional dull, stereotyped and passive which is unable to meet the basic requirements of this technological era. Teacher education is a programme that is related to the development of teacher proficiency and competence that would enable and empower the teacher to meet the requirements of the profession and face the challenges therein. Teacher education can be considered in three phases: Pre-service, Induction and In-service. The three phases are considered as parts of a continuous process. Emerging challenges for teacher education programme to meet the challenges of globalization are Curriculum changes, quality work continuous professional up gradation of teacher educators, decision making and institutions need to be networked. Competencies to be incorporated in teacher education programme to meet the international standards are ICT inclusion and development of communication technologies. To realize this vision, teacher education should respond to the profound global changes taking place in the world today. Use of ICT within teacher training programmes around the world is being approached in a number of ways with varying degrees of success. These approaches were subsequently merged and refined into four primary approaches. Teacher education programme leads the way to prepare competent teachers for global society of tomorrow.

The key component of the entire fabric of an education system is the teacher and the major ingredient for intellectual excellence is the competency level of the teachers.

Education system in any society does not depend so much on any other factor as on the teacher. With such changes the role of teacher is also changing. Teachers are considered torch bearers for the society. The ability and capability of teacher depend upon the quality of teacher education system.

*Assistant Professor, SBDSM Khalsa College, Domeli, Kapurthala (Punjab).

Like all other professions, ICT is also affecting teacher education. Therefore, there is need to critical evaluate the globalization impact as relates to education and the existence and position of education in this era of a global world

## Present Position of Teacher Education

The present scenario of teacher education is assumed as traditional dull, stereotyped and passive which is unable to meet the basic requirements of this technological era. At present the pre service teacher education system is having sufficient problems like lack of capabilities, facilities, infrastructure, short duration of the course, insufficient time for teaching practice and defective curriculum. Various academic, authoritative agencies and Education commissions, the UGC, the NCTE make policies and recommendations time to time to accomplish the various objectives of teacher education program.

Teacher education is a programme that is related to the development of teacher proficiency and competence that would enable and empower the teacher to meet the requirements of the profession and face the challenges therein. According to Goods Dictionary of Education Teacher education means, —all the formal and non-formal activities and experiences that help to qualify a person to assume responsibilities of a member of the educational profession or to discharge his responsibilities more effectively. Teacher education is formal and informal activities and experiences that help to qualify a person to assume the responsibility as a member of the educational profession or to discharge his responsibility most effectively.

## Nature of Teacher Education

1. Teacher education is a continuous process and its pre-service and in-service components are complimentary to each other. According to the International Encyclopedia of Teaching and Teacher education (1987), —Teacher education can be considered in three phases: Pre-service, Induction and In-service. The three phases are considered as parts of a continuous process.
2. Teacher education is based on the theory that —Teachers are made, not born in contrary to the assumption, —Teachers are born, not made
3. Teacher education is broad and comprehensive. Besides pre-service and in-service programmes for teachers, it is meant to be involved in various community programmes and extension activities.
4. It is ever-evolving and dynamic. In order to prepare teachers who are competent to face the challenges of the dynamic society, Teacher education has to keep abreast of recent developments and trends.
5. The crux of the entire process of teacher education lies in its curriculum, design, structure, organization and transaction modes, as well as the extent of its appropriateness.
6. As in other professional education programmes the teacher education curriculum has a knowledge base which is sensitive to the needs of field applications and comprises meaningful, conceptual blending of theoretical understanding available in several cognate disciplines.
7. Teacher education has become differentiated into stage-specific programmes. This suggests that the knowledge base is adequately specialized and diversified across stages, which should be utilized for developing effective processes of preparing entrant teachers for the functions which a teacher is expected to perform at each stage.
8. It is a system that involves an interdependence of its Inputs, Processes and Outputs.

## Competencies to be Incorporated in Teacher Education Programme to Meet The International Standards

Teaching competency constitutes a crucial and dynamic element in the system of specialized training for school teaching. Accelerating technological change, rapidly accumulating knowledge, increasing global competition and rising workforce capabilities around the workforce capabilities around the world make 21st century skills essentials. Following are the skills which allow student educators to prepare for new knowledge learn new technology and facilitate rapid process information.

- Creativity and intellectual curiosity.
- Critical thinking and systematic thinking.
- Engage in problem solving and ensure security and safety.
- Information and media literacy skills.
- Interpersonal and collaborative skills.
- Problem identification, formulation and solution.
- Self-direction and social responsibility.
- Understand the computational modeling.

These skills are incorporated into teacher education curriculum with the help of ICT for promoting the student educators skills.

## Primary Approaches of Information and Communication Technology in Teacher Education

Use of ICT within teacher training programmes around the world is being approached in a number of ways with varying degrees of success. These approaches were subsequently merged and refined into four primary approaches. These approaches are required to develop awareness in student educators.

1. Student educators are expected to be skilled users of ICT in their day to day activities, provide knowledge about hardware and software and their use in educational process.
2. The approach of ICT pedagogy approach is useful to the extent that the skills enhance ICT literacy skills and pedagogy allows student educators to further develop and maintain their skills in the context of designing classroom-based resources.
3. Through ICT subject specified approach student educators learn how ICT is embedded into one's own subject area.
4. ICT practice driven approach provides exposure to use of ICT in practical aspects of teacher training emphasizing student educators at various levels on developing lessons, assignments and any other practical works.

Teachers have a crucial role to play in preparing the learners not only face the future with confidence but to build it with purpose and responsibility. The importance of the role of the teacher as an agent of change, promoting understanding and tolerance, has never been more obvious, it is likely to become in the twenty first century.

In this internet era, the pace of change is not going to slowdown, rather it is accelerating. Due to globalization, world is at turning point, stepping into a new era. To make pace with challenges of this digitized era, teachers have to prepare themselves for complex demands of new education system. Education system is on the threshold of major transition. Teacher education programme leads the way to prepare competent teachers for global society of tomorrow. New technology standards for pre service and practicing teachers include the ability to appropriately select and integrate into instruction technology resources and basic proficiency in the use of technology tools to meet the requirements of globalization. Education for new millennium can help us to achieve the fundamental goal of the United Nations Programs on Education for all and Education for Life by inculcating ICT excellence and developing competencies among future teachers of our nation to overcome the challenges of globalization.

## REFERENCES


- Kiprop, J. M. & Verma, N.(2013). Teacher education and globalization: Implications and concerns in 21st century. *Educational Quest, 4(1),*13-18.
- Singh, K. R.(2012).Challenges in teacher education. *Edutracks,11(8),*11.
- Matriano, E.(2001).Impact of global changes on teacher education for culture of peace. *Miracle of Teaching, 1(1),*17-19.
- Singh,V.(2010).Critical issues concerning teacher education in India. *Edutracks, 9(9),* 5-7.

Vol. VI
Number-1

ISSN 2319-7129
Jan.-Dec. 2017

NATIONAL LEVEL

# EDU WORLD

## A Peer Reviewed/Refereed Journal of Education and Management

APH PUBLISHING CORPORATION

# Plagiarism in the Digital Era

Ranjit Singh*

**ABSTRACT**

Plagiarism is stealing another man's language, ideas and thought to present it as one's own original work. It is theft of another person writings or ideas. It could be intentional, unintentional, incidental and pre-planned. Now we can access information in many innovative and numerous ways. Plagiarism has taken the highly educated professionals, researchers and even teachers in its cruel clutches. Plagiarism needs to be potentially explored and exposed to all, so as to lock it up universally. The students and researchers should be taught research methods in a formal way. Further at some level they should be specifically taught the ethics of research and writing. Various software like TURNITIN, JPLAG, JISC PLAGIARISM ADVISORY SERVICE, COPYCATCH GOLD and EDUTIE.COM are anti- plagiarism tools to check the extent of plagiarism. The system gives details of overlapping pieces of the text. But such a system has many inherent limitations. For quality research work, emphasis should be on preventing plagiarism in one way or other.

## INTRODUCTION

Plagiarism is not a new word or phenomenon. It is as old as writing but until the advent of mass produced writing. The term plagiarism is usually used to refer to the theft of words or ideas without acknowledging the actual author. The modern concept of plagiarism as immoral emerged in Europe only in 18th century. In previous centuries, it was not considered immoral or restricted to present some other man's ideas and copying the model teachers. At that time any efforts for new inventions were avoided. New morals and standards have been set and enforced in the field of academics and journalism where plagiarism is now considered dishonesty or breach of research ethics.

Plagiarism is stealing another man's language, ideas and thought to present it as one's own original work. It is theft of another person writings or ideas. Generally Plagiarism is not considered a legal term, it is known as the violations of copyright law. It can be considered as infringement of copyright law as it is the theft of someone else intellectual property. Proliferation of information on internet made easy to access information and presents it as original product and it helped plagiarism to spread like disease among academicians and journalists. In mid 90, number of paper mills cropped the idea of selling dissertations, theses and required papers.

The term plagiarism was came from the English word "Plagiary" meaning 'one who wrongfully takes another's words or ideas' and derived from the Latin word "Plagarius" meaning 'kidnapper.'

According to the unabridged *Oxford English Dictionary*, the word has its roots in the classical Latin word *Plagirus* which means a person who abducts the child.

According to the Collin dictionary of English language (hanks, 1979) Plagiarism is 'act of Plagiarising' where means to steal the suitable ideas, passages etc., from other person's writing and represent these ideas as his own ideas.

*Assistant Professor, S.B.D.S.M. Khalsa College, Domeli, Kapurthala (Punjab).

Association of American Historians describe Plagiarism as 'the misuse of the writings of another author...including the limited borrowing, without attribution, of another's distinctive and significant research findings, hypotheses, theories... or interpretations' (Fialkoff, 1993).

It could be intentional, unintentional, incidental and pre-planned. Now we can access information in many innovative and numerous ways. One can access huge information with just a click of a mouse due to ICT. Sometimes plagiarism can be done intentionally. Some of the Plagiarism happens due to ignorance and lack of awareness.

## TYPES OF PLAGIARISM

Academic and journalistic plagiarism is not new, it is very ancient phenomenon. However internet and open access to e resources had flourished the idea of plagiarism to greater extent. Plagiarism is of various types depending upon the extent of cut, copy or paste.

1. **Intentional plagiarism:** The act of copying is called as intentional plagiarism. Intentional plagiarism occurs when one misuses the work of another author by posing to be original author of specific work without giving proper credit or citation for his personal motives.
   - Downloading free access articles from the commercial websites or internet paper mills and utilizing Copying articles from the internet databases and presenting it as own
   - Copying words or sentences or even paragraph from previously published articles
   - Quoting only a part of the quote and pertaining that the remaining as his own.
   - Taking material from various sources by cut –copy- paste without giving full citation of actual source
   - Getting readymade material from the internet vendors
2. **Unintentional Plagiarism:** The act of accidental copying relates to unintentional plagiarism. Researchers, academicians and even the research scientists are using this type of plagiarism unintentionally without citing the actual constructer of academic work.

Unintentional plagiarism includes:

- Improper citation of a source
- Copying whole sentence and replacing or substituting few words
- Paraphrasing without giving citation
- Summarizing without citation
- Missing out punctuation in citation
- Giving an inappropriate or improper or incorrect information about the source of a quotation

## PLAGIARISM CAN BE COMMITTED IN VARIOUS WAYS:

- **Plagiarism of Source:** Plagiarism of source is committed if an author uses the citation of one source without acknowledging that the citation came from that source.
- **Self Plagiarism** When a person repeatedly publishes the same material in different sources or Medias without referencing it is called self-plagiarism. The saying "old wine in new bottles" fits better to this type of plagiarism. Repeating ones thoughts and ideas fully or partially without proper referencing, is called self plagiarism. This type of plagiarism includes the repetition of one's own work or writing in many articles or journals without giving reference to prior writing. Self plagiarism is like recycling of old writing or work and making others to understand as it is his new work. So duplicating ones own work again and again in different publications without acknowledging or proper citing the prior work is self plagiarism.

 ISSN : 2319-7129

- **Source Citation:** Source citation is ignored when a person quotes the name of the source but the full information of the source is not provided in the references or the wrong references are provided. Source Misinformation, where a person either gives a wrong source, or does not provide adequate information about the same, thus making it difficult/impossible to trace.

Expert Plagiarist is the one who perfectly cites all the sources in his/her work, but actually the text is the paraphrased version of the original work. This type of work is very difficult to spot and it seems very much like an original piece of work. Proper citation is thus a requirement, which includes not only the name of the original author, but also the location of the source. It is common among university researchers to rephrase or republish his own work in different journals, newspapers to disseminate work to wide regions to get publicity or to fulfill monetary aspects.

## WHY THE HAVOC OF PLAGIARISM IN THE INFORMATION ERA

Plagiarism has taken the highly educated professionals, researchers and even teachers in its cruel clutches. The various reasons why people plagiarize are

- Ambition to win the race of life by showing more articles, journals in one's credit.
- Less time for reading and analyzing.
- Lack of art of writing.
- Lack of knowledge of the basic concept of subject.
- Lack of self confidence.
- Lack of awareness among the students to acknowledge the original work and quoting the references properly.
- Lack of proper learning and teaching.
- Lack of motivation by the teachers.

Plagiarism is an offensive act and one should try to avoid it. Better research work should be generated by learning the proper skills of writing and acknowledging the original sources. Plagiarism is very common in educational sector or academia, often to minimum extent, where authors do plagiarism by editing the original text and replacing the original words with the synonymous words or terms.

## NEED OF EXPOSURE OF PLAGIARISM IN EDUCATIONAL SET UP

Plagiarism needs to be potentially explored and exposed to all, so as to lock it up universally. The students and researchers should be taught research methods in a formal way. Further at some level they should be specifically taught the ethics of research and writing. For plagiarism not only the students, but research, teachers and professors and equally involved due to some reasons like lack of proper teaching and learning, lack of motivation and less time of research. Here, are various ways by which the plagiarism can be controlled in effective manner:

1. Plagiarism should be discussed in classrooms by exemplify the live examples like stealing of musical tunes and plagiarism in film industry. So that students can understand plagiarism in interesting way. Demonstration of helpful resources like Purdue Owl or APA references should be given in classrooms.
2. Assignments and projects should be individualized to bring improvements. Students should not be pressurized for grades so that they should avoid cheating for making their assignment effective. Every one has his own creative idea and that idea can do wonders, this slogan should be promoted in classrooms. In this way plagiarism can be stopped a lot.
3. Proper training in writing skills should be provided from the school level. Regular instruction should be given on How to write an essay, article and How to paraphrase. Language labs should be set up in schools and colleges for the better command of students over language.

4. Researchers should be trained in citing and acknowledging references. APA citation or Purdue labs should be consulted for this purpose.
5. Motivating the students, researchers and readers to do the subjective study of the topics, So that they can understand the basic concepts and avoid plagiarism while writing.
6. Ample time should be given to students and other learned faculty for research.
7. Helping the students to be self confident and helping them to be trust worthy can be fruitful for better research. In this way they can avoid plagiarism.
8. There is need of some reformations in education system and policies. In our education system, ability of a student is judged from the scoring grades in examinations and that is mostly based on cramming. Ability of the student should be judged from his creativity and practical experience.
9. Honesty and integrity should be maintained while researching. Pure research should be awarded to snub plagiarism.
10. UGC regulations like submitting of one copy of Ph.D thesis at INFLIBNET and checking of Thesis by competent authorities should be strictly followed by universities and research institutions. Defaulters should be blacklisted to avoid plagiarism.
11. UGC is revising and implementing new policies regarding API scores for promotions and increments from time to time. Online research workshops and courses can be beneficial for the in-service faculties. Provisions of regular workshops and soft skill training courses should be arranged for teaching and research faculties in universities and colleges.

## TECHNOLOGICAL TOOLS FOR CHECKING PLAGIARISM

With the advancement of technology, it is easy to detect plagiarism. Various software like TURNITIN, JPLAG, JISC PLAGIARISM ADVISORY SERVICE, COPYCATCH GOLD and EDUTIE.COM are anti-plagiarism tools to check the extent of plagiarism. The system gives details of overlapping pieces of the text. But such a system has many inherent limitations. First of all, it will not be able to detect patches of texts copied from sources not included in the master database. Then of course it will not know anything copied from print sources. Cleverly paraphrased works also go undetected in such type of detection.

## CONCLUSION

In this digital era, Electronic Theses and Dissertation Depositaries such as Shodhganga, Shodhgangotri, Vidyanidhi and Proquest are providing huge amount of MPhil./Ph.D. Theses. For quality research work, emphasis should be on preventing plagiarism in one way or other. On one way explosion of information on internet in digital form is making plagiarism easy and on the other way even the M.Phil./Ph.D. Theses available in print form which are not uploaded in digital form on Electronic Theses and Dissertation Depositaries are posing a big threat to produce quality research by researchers. Basically plagiarism is yet a less known term for our researchers. So a campaign should be started at all levels of education especially at post graduation levels to aware the students by educating them about ill effects of plagiarism.

## REFERENCES


- Balley, J. "Expanding plagiarism policies for doctoral theses in India." Web.
- Kaur,H. "Plague of Plagiarism and Ways to Control this Disease" *Information Technology Tools and Techniques in Social Science Research* 2 (2014)748-756.Print.
- Satija, M.P. "Plagiarism: A Tempting Snake." *University News* 49(2011):4-8.Print.
- Tripathi, R. "Plagiarism: A Plague." *7th International Caliber* (2009). Retrieved from www.inflibnet.ac.in